# THE CONCEPT OF STATE AS REFLECTED IN SIKH SCRIPTURES AND HISTORICAL WRITINGS

## (ਸਿਖ ਧਰਮ-ਗ੍ਰੰਥਾਂ ਅਤੇ ਇਤਿਹਾਸਕ ਲਿਖਤਾਂ ਵਿਚ ਪ੍ਰਤੀਬਿੰਬਤ ਰਾਜ ਦਾ ਸੰਕਲਪ)

THESIS

SUBMITTED TO THE PANJAB UNIVERSITY CHANDIGARH

FOR THE DEGREE OF

**DOCTOR OF PHILOSOPHY**

IN THE FACULTY OF ARTS


**JASPAL SINGH**

***DEPARTMENT OF POLITICAL SCIENCE***

***SRI GURU TEGH BAHADUR KHALSA***

***POST-GRADUATE (EVE) COLLEGE***

***(UNIVERSITY OF DELHI)***


***1988***

ਸਮਰਪਿਤ

ਅਪਣੇ ਸਤਿਕਾਰਯੋਗ ਪਿਤਾ
ਗਿਆਨੀ ਤੀਰਥ ਸਿੰਘ ਜੀ ਨੂੰ
ਜਿਹਨਾਂ ਪਾਸੋਂ ਮੈਨੂੰ ਸਿਖ ਸਾਹਿਤ
ਦੀ ਮੁੱਢਲੀ ਸਿਖਿਆ ਪ੍ਰਾਪਤ ਹੋਈ।

## ਵਿਸ਼ੇ ਸੂਚੀ


ਭੂਮਿਕਾ 5

ਅਧਿਆਇ ਪਹਿਲਾ: ਮੂਲ ਸਾਮਿਗ੍ਰੀ ਸੰਕਲਨ 12 - 73
- ਸਿਖ ਧਰਮ - ਗ੍ਰੰਥ 13
- ਸਿਖ ਇਤਿਹਾਸਕ ਲਿਖਤਾਂ 32

ਅਧਿਆਇ ਦੂਜਾ : ਰਾਜ ਦਾ ਸੰਕਲਪ - ਰਾਜਨੀਤਿਕ ਵਿਚਾਰਧਾਰਾ 74-127
- ਰਾਜਨੀਤਿਕ ਚਿੰਤਨ ਦੀ ਪਰੰਪਰਾ ਵਿਚ ਰਾਜ ਦਾ ਸੰਕਲਪ 75
- ਭਾਰਤੀ ਪਰੰਪਰਾ ਵਿਚ ਰਾਜ ਦਾ ਸੰਕਲਪ 114

ਅਧਿਆਇ ਤੀਜਾ: : ਰਾਜ ਦੇ ਸਿਖ ਸੰਕਲਪ ਦਾ ਆਧਾਰ - ਮੀਰੀ-ਪੀਰੀ ਦਾ ਸੰਕਲਪ 128 -209
- ਗੁਰੂ ਸਾਹਿਬਾਨ ਦਾ ਤੱਤਕਾਲੀਨ ਰਾਜ ਬਾਰੇ ਪ੍ਰਤੀਕਰਮ ਅਤੇ ਮੀਰੀ-ਪੀਰੀ ਦਾ ਸੰਜੁਗਤ ਨਿਭਾਓ 134
- ਭਗਤਾਂ ਦੀ ਬਾਣੀ ਵਿਚ ਮੀਰੀ-ਪੀਰੀ ਦਾ ਸੁਮੇਲ 158
- ਭੱਟਾਂ ਅਤੇ ਗੁਰੂ ਦਰਬਾਰ ਦੇ ਹੋਰ ਵਿਦਵਾਨਾਂ ਦੀ ਬਾਣੀ ਵਿਚ ਗੁਰੂਆਂ ਦੀ ਮੀਰੀ-ਪੀਰੀ ਦੀ ਦੂਵੱਲੀ ਸ਼ਖਸੀਅਤ ਦਾ ਚਿਤ੍ਰਣ 161
- ਈਸਾਈਅਤ ਵਿਚ ਧਰਮ ਤੇ ਰਾਜ 167
- ਇਸਲਾਮ ਵਿਚ ਧਰਮ ਤੇ ਰਾਜ 183
- ਪੁਰਾਤਨ ਭਾਰਤੀ ਪਰੰਪਰਾ ਵਿਚ ਧਰਮ ਤੇ ਰਾਜ 192
- ਸਿਖ ਚਿੰਤਨ ਵਿਚ ਮੀਰੀ-ਪੀਰੀ ਦੇ ਸੰਜੋਗ ਦਾ ਸਿਧਾਂਤ 197

ਅਧਿਆਇ ਚੌਥਾ : ਗੁਰੂ ਪਰੰਪਰਾ ਨਾਲ ਜੁੜਿਆ ਵਿਕਲਪਿਕ ਰਾਜ ਦਾ ਸੰਕਲਪ 210 - 301
1) ਸਤੇ ਬਲਵੰਡ ਦੀ ਵਾਰ 211
- ਗੁਰੂ ਜੋਤਿ ਦਾ ਦੈਵੀ ਸਿਧਾਂਤ 212

- ਗੁਰੂ ਪਰੰਪਰਾ ਵਿਚ ਉਤਰਾਧਿਕਾਰ ਦਾ ਸਿਧਾਂਤ 216
- ਗੁਰੂ ਪਰੰਪਰਾ ਵਿਚ ਨਿਰੰਤਰਤਾ 218
- ਗੁਰੂ ਪਰੰਪਰਾ ਨਾਲ ਸਬੰਧਤ ਰਾਜਸੀ ਸੰਕਲਪ 221
  (ਸੱਚਾ ਪਾਤਸ਼ਾਹ, ਦਰਬਾਰ, ਉਮਤਿ, ਹੁਕਮ, ਪ੍ਰਾਕਰਮ, ਅਤੇ ਲੰਗਰ ਦਾ ਸੰਕਲਪ)
- ਗੁਰੂ ਪਰੰਪਰਾ ਨਾਲ ਸਬੰਧਤ ਰਾਜ ਦੇ ਚਿਹਨ 228

2) ਭੱਟਾਂ ਦੇ ਸਵੱਯੇ 231

- ਗੁਰੂਆਂ ਦੀ ਦੁਵੱਲੀ ਸ਼ਖਸੀਅਤ 232
- ਗੁਰੂਆਂ ਦੀ ਰਾਜਿਆਂ ਦੇ ਰੂਪ ਵਿਚ ਪ੍ਰਸੰਸਾ 235
- ਗੁਰੂ ਪਰੰਪਰਾ ਨਾਲ ਜੁੜੇ ਰਾਜ ਦੇ ਚਿਹਨ 237
- ਗੁਰੂਆਂ ਨੂੰ ਭਾਰਤੀ ਅਵਤਾਰਵਾਦੀ ਪਰੰਪਰਾ ਨਾਲ ਜੋੜਨਾ 240
- ਸੰਸਥਾਗਤ ਗੁਰਤਾ ਅਤੇ ਉਤਰਾਧਿਕਾਰ 245

3) ਵਾਰਾਂ ਭਾਈ ਗੁਰਦਾਸ 252

- ਤੱਤਕਾਲੀਨ ਰਾਜਸੀ ਅਤੇ ਸਮਾਜੀ ਸਥਿਤੀ ਅਤੇ ਗੁਰੂਆਂ ਦੀ ਪ੍ਰਤੀਕ੍ਰਿਆ 252
- ਗੁਰੂ ਪਰੰਪਰਾ ਵਿਚ ਰਾਜਸੀ ਚਿਹਨ ਅਤੇ ਰਾਜਸੀ ਗੁਣ 260
- ਸੱਚੇ ਪਾਤਸ਼ਾਹ ਦਾ ਸੰਕਲਪ 263
- ਸੰਸਥਾਗਤ ਗੁਰੂ ਪਰੰਪਰਾ 270
- ਗੁਰਮੁਖ ਪੰਥ ਦੀ ਸਿਰਜਨਾ 274

4) ਇਤਿਹਾਸਕ ਲਿਖਤਾਂ ਵਿਚ ਗੁਰੂ ਪਰੰਪਰਾ ਨਾਲ ਜੁੜਿਆ ਵਿਕਲਪਿਕ ਰਾਜ 278

ਅਧਿਆਇ ਪੰਜਵਾਂ : ਸਿਖ ਰਾਜਨੀਤਿਕ ਸੰਸਥਾਵਾਂ 302-380

- ਖਾਲਸਾ ਪੰਥ 303
- ਅਕਾਲ ਤਖਤ 334
- ਗੁਰਮਤਾ 351

ਅਧਿਆਇ ਛੇਵਾਂ : ਰਾਜ ਦਾ ਸਿਖ ਸੰਕਲਪ : ਮੂਲ ਸਿਧਾਂਤ 381-449

1) ਰਾਜ ਦੀ ਉਤਪਤੀ 381

- ਦੈਵੀ ਉਤਪਤੀ ਦਾ ਸਿਧਾਂਤ 383
- ਰਾਜ ਦੀ ਉਤਪਤੀ ਦਾ ਸਿਖ ਸਿਧਾਂਤ 387
- ਗੁਰਬਾਣੀ ਵਿਚ ਰਬ-ਰਾਜੇ ਦਾ ਸੰਕਲਪ 387
- ਰਬ-ਰਾਜੇ ਦਾ ਦਰਬਾਰ 390
- ਰਾਜਾ ਰਾਮ ਦਾ ਸੰਕਲਪ 394
- ਦੁਨਿਆਵੀ ਰਾਜ ਦੇ ਰਚਨਾਕਾਰ ਦੇ ਰੂਪ ਵਿਚ ਰਬ 399
- ਰਾਜ ਸਬੰਧੀ ਰਬ ਦੀਆਂ ਅਥਾਹ ਸ਼ਕਤੀਆਂ 404

2) ਰਾਜ ਦੀ ਪ੍ਰਕ੍ਰਿਤੀ 410

- ਰਬ ਤੋਂ ਟੁਟਾ ਦੁਨਿਆਵੀ ਰਾਜ ਕੂੜਾ ਤੇ ਨਾਸ਼ਵਾਨ 412
- ਦੁਨਿਆਵੀ ਰਾਜ ਤ੍ਰਿਸ਼ਨਾ ਅਤੇ ਅਹੰਕਾਰ ਪੈਦਾ ਕਰਨ ਵਾਲਾ 415
- ਸੰਸਾਰ ਰਚਨਾ ਬਾਰੇ ਸਿਖ ਸਮਨਵਿਤ ਦ੍ਰਿਸ਼ਟੀਕੋਣ 422
- ਸਿਖ ਸਿਧਾਂਤ ਦਾ ਰਾਜ ਲੋਕ ਹਿਤ ਦਾ ਮੁਦੱਈ 427
- ਲੋਕ ਪ੍ਰਵਾਨਗੀ ਵਿਚ ਰਬੀ ਪ੍ਰਵਾਨਗੀ 428

3) ਰਾਜ ਦੇ ਪ੍ਰਕਾਰਜ 430

- ਰਾਜਨੀਤਕ ਪ੍ਰਕਾਰਜ 433
- ਸਮਾਜਿਕ ਅਤੇ ਆਰਥਿਕ ਪ੍ਰਕਾਰਜ 436
- ਨਿਆਇਕ ਪ੍ਰਕਾਰਜ 442

ਅਧਿਆਇ ਸਤਵਾਂ : ਰਾਜ ਦਾ ਸਿਖ ਸੰਕਲਪ : ਮੂਲ ਤੱਤ-ਗੁਣ 450-496

1) ਰਾਜ ਦੇ ਸਿਖ ਸੰਕਲਪ ਦੇ ਤੱਤ 450

- ਸਤੇ ਬਲਵੰਡ ਦੀ ਵਾਰ ਦਾ 'ਨਾਨਕ ਰਾਜ' 450
- ਬੀਸਾਵਲੀਨਾਮੇ ਦਾ 'ਰਾਜ ਗੁਰੂ ਅਮਰਦਾਸ ਜੀ ਦਾ' 451
- ਗੁਰੂ ਅਰਜਨ ਦੇਵ ਦਾ 'ਹਲੇਮੀ ਰਾਜ' 452

2) ਰਾਜ ਦੇ ਸਿਖ ਸੰਕਲਪ ਦੇ ਗੁਣ 456

- ਗੁਣੀ ਰਾਜੇ ਦਾ ਸੰਕਲਪ 457

| | | | | |
|---|---|---|---|---|
| | - | ਰਾਜ ਵਿਚ ਧਰਮ ਦਾ ਅੰਸ਼ | | 463 |
| | - | ਰਾਜ ਵਿਵਸਥਾ ਦਾ ਸਰੂਪ | | 466 |
| | - | ਰਾਜ ਦੀ ਪ੍ਰਭੁਸੱਤਾ | | 468 |
| | - | ਟੈਕਸ ਵਿਵਸਥਾ | | 471 |
| | - | ਰਾਜ ਵਿਚ ਨੈਤਿਕ ਕਦਰਾਂ - ਕੀਮਤਾਂ | | 473 |
| | - | ਸ਼ਕਤੀ, ਸ਼ਸਤ੍ਰ ਅਤੇ ਯੁਧ ਦਾ ਸੰਕਲਪ | | 476 |
| | - | ਗਿਆਨਵਾਨ ਪ੍ਰਜਾ ਦਾ ਸੰਕਲਪ | | 484 |
| | - | ਸਮਾਨਤਾ ਅਤੇ ਸੁਤੰਤ੍ਰਤਾ | | 487 |
| | - | ਅੰਤਰਰਾਸ਼ਟਰੀ ਸੱਦਭਾਵ ਅਤੇ ਭਾਈਚਾਰਾ | | 492 |
| ਨਿਸ਼ਕਰਸ਼ | - | - | - | 497 - 507 |
| ਪੁਸਤਕ ਸੂਚੀ | - | - | - | 508 - 516 |

## ਭੂਮਿਕਾ

'ਸਿਖ ਧਰਮ ਗ੍ਰੰਥਾਂ ਅਤੇ ਇਤਿਹਾਸਕ ਲਿਖਤਾਂ ਵਿਚ ਪ੍ਰਤੀਬਿੰਬਤ ਰਾਜ ਦਾ ਸੰਕਲਪ' ਇਕ ਮਹੱਤਵਪੂਰਣ ਵਿਸ਼ਾ ਹੈ। ਸਿਖ ਸਾਹਿਤ ਦੇ ਬਹੁਤ ਸਾਰੇ ਪਹਿਲੂਆਂ ਦਾ ਅਧਿਐਨ ਹੁੰਦਾ ਰਿਹਾ ਹੈ ਅਤੇ ਕੁਝ ਵਿਦਵਾਨਾਂ ਦਾ ਧਿਆਨ ਗੁਰੂ ਸਾਹਿਬਾਨ ਦੇ ਰਾਜਨੀਤਿਕ ਵਿਚਾਰਾਂ ਵਲ ਵੀ ਆਕਰਸ਼ਿਤ ਹੋਇਆ ਹੈ, ਪਰ ਸਿਖੀ ਦੇ ਪ੍ਰਾਥਮਿਕ ਧਾਰਮਿਕ ਅਤੇ ਇਤਿਹਾਸਕ ਸ੍ਰੋਤਾਂ ਵਿਚ ਪ੍ਰਤੀਬਿੰਬਤ ਰਾਜ ਦੇ ਸੰਕਲਪ ਉਪਰ ਕੋਈ ਵਿਸ਼ੇਸ਼ ਲਿਖਤ ਸਾਹਮਣੇ ਨਹੀਂ ਆਈ। ਅਸਲ ਵਿਚ ਰਾਜ ਦਾ ਸੰਕਲਪ, ਪ੍ਰਤੱਖ ਤੌਰ ਤੇ ਰਾਜਨੀਤੀ ਸ਼ਾਸਤਰ ਦਾ ਵਿਸ਼ਾ ਹੈ ਅਤੇ ਰਾਜਨੀਤਿਕ ਚਿੰਤਨ ਨਾਲ ਹੀ ਸਿਧੇ ਰੂਪ ਵਿਚ ਸਬੰਧਤ ਪ੍ਰਸ਼ਨ ਹੈ। ਧਰਮ ਚਿੰਤਨ ਵਿਚੋਂ ਇਸ ਰਾਜਨੀਤਿਕ ਵਿਸ਼ੇ ਬਾਰੇ ਜਾਣਕਾਰੀ ਅਤੇ ਦ੍ਰਿਸ਼ਟੀ ਪ੍ਰਾਪਤ ਕਰਨੀ ਸਹਿਜ ਨਹੀਂ। ਮੈਂ ਆਪਣੇ ਸੋਧ-ਪ੍ਰਬੰਧ ਵਿਚ ਇਸੇ ਅਉਖੇ ਮੰਜਰ ਨੂੰ ਪ੍ਰਾਪਤ ਕਰਨ ਦਾ ਜਤਨ ਕੀਤਾ ਹੈ।

ਇਥੇ ਪ੍ਰਸਤੁਤ ਸੋਧ-ਪ੍ਰਬੰਧ ਦੇ ਸਬੰਧ ਵਿਚ ਕੁਝ ਮਹੱਤਵਪੂਰਣ ਨੁਕਤਿਆਂ ਉਪਰੋਂ ਪਰਦਾ ਉਘੇੜਨਾ ਆਵਸ਼ਕ ਹੈ। ਮੇਰੀ ਪਹਿਲੀ ਮਾਨਤਾ ਇਹ ਹੈ ਕਿ ਕਿਸੇ ਵਿਸ਼ੇ ਬਾਰੇ ਸਿਖ ਨਜ਼ਰੀਆ ਉਸਾਰਨ ਲਈ ਸਿਖ ਧਰਮ-ਗ੍ਰੰਥਾਂ ਅਤੇ ਇਤਿਹਾਸਕ ਲਿਖਤਾਂ ਦਾ ਅਧਿਐਨ ਆਵਸ਼ਕ ਹੈ। ਧਰਮ-ਗ੍ਰੰਥ ਸਿਖੀ ਦੇ ਬੁਨਿਆਦੀ ਸਿਧਾਂਤਾਂ ਦਾ ਪ੍ਰਤੀਪਾਦਨ ਕਰਨ ਵਾਲੇ ਪ੍ਰਾਥਮਿਕ ਸ੍ਰੋਤ ਹਨ ਅਤੇ ਇਤਿਹਾਸਕ ਲਿਖਤਾਂ, ਇਹਨਾਂ ਧਰਮ-ਗ੍ਰੰਥਾਂ ਦੇ ਸਿਧਾਂਤਾਂ ਅਨੁਸਾਰ ਜੀਵਣ ਜੀਉਣ ਵਾਲੇ ਸਿਖ ਪੰਥ ਦੇ, ਸਮੇਂ ਅਤੇ ਸਥਿਤੀ ਤੋਂ ਪ੍ਰਭਾਵਿਤ, ਇਤਿਹਾਸ-ਪ੍ਰਵਾਹ ਦਾ ਲੇਖਾ-ਜੋਖਾ ਪ੍ਰਸਤੁਤ ਕਰਨ ਵਾਲੇ ਇਤਿਹਾਸਕ ਦਸਤਾਵੇਜ਼ ਹਨ। ਧਰਮ ਗ੍ਰੰਥਾਂ ਅਤੇ ਇਤਿਹਾਸਕ ਲਿਖਤਾਂ ਦੋਹਾਂ ਦਾ ਸਮੁੱਚਾ ਅਧਿਐਨ ਹੀ ਸਿਖ ਚਿੰਤਨ ਹੈ ਅਤੇ ਇਸੇ ਅਧਿਐਨ ਵਿਚੋਂ ਸਿਖ ਸੰਕਲਪਾਂ ਦੀ ਉਸਾਰੀ ਹੁੰਦੀ ਹੈ।

ਮੇਰਾ ਇਹ ਨਿਸਚਿਤ ਮਤ ਹੈ ਕਿ ਸਿਖ ਚਿੰਤਨ ਇਕ ਸੰਪੂਰਣ ਧਰਮ-ਚਿੰਤਨ ਹੈ ਅਤੇ ਸਿਖ ਚਿੰਤਨ ਅਨੁਸਾਰ ਧਰਮ ਦਾ ਕਾਰਜ ਖੇਤਰ ਅਸੀਮ ਹੈ। ਪਾਰਲੌਕਿਕ ਅਤੇ ਇਹਲੌਕਿਕ

ਦੋਵੇਂ ਖੇਤਰਾਂ ਦੀਆਂ ਬਣਤਰਾਂ ਸਿਖ ਧਰਮ-ਚਿੰਤਨ ਦੇ ਘੇਰੇ ਵਿਚ ਹਨ। ਰਾਜ ਵੀ ਸਿਖ ਧਰਮ-ਚਿੰਤਨ ਦਾ ਇਕ ਕੇਂਦਰੀ ਵਿਸ਼ਾ ਹੈ। ਗੁਰੂ ਨਾਨਕ ਦੇਵ ਜੀ ਮੱਧਕਾਲ ਦੇ ਪਹਿਲੇ ਧਰਮ-ਆਗੂ ਹਨ, ਜਿਨ੍ਹਾਂ ਨੇ ਭਗਤੀ ਪਰੰਪਰਾ ਦੀ ਸਾਂਝੀ ਵਿਚਾਰਧਾਰਾ ਦੇ ਨਾਲ ਨਾਲ ਰਾਜ ਅਤੇ ਸਮਾਜ ਪ੍ਰਤੀ ਪੂਰੀ ਜਾਗਰੂਕਤਾ ਦਾ ਪ੍ਰਗਟਾਵਾ ਕੀਤਾ ਹੈ। ਗੁਰੂ ਨਾਨਕ ਦੇਵ ਜੀ ਤੋਂ ਬਾਅਦ ਪੂਰੀ ਗੁਰੂ ਪਰੰਪਰਾ ਨੇ ਇਸ ਵਿਲਖਣ ਗੁਣ ਨੂੰ ਅਪਣਾਈ ਰਖਿਆ। ਸ਼ੁਰੂ ਵਿਚ ਗੁਰੂ ਪਰੰਪਰਾ ਦਾ ਤੱਤ-ਕਾਲੀਨ ਨਿਰੰਕੁਸ਼ ਰਾਜ ਬਾਰੇ ਪ੍ਰਤੀਕਰਮ ਬਾਣੀ ਰੂਪ ਵਿਚ ਅਭਿਵਿਅਕਤ ਹੁੰਦਾ ਰਿਹਾ ਹੈ ਪਰ ਸਮਾਂ ਪਾ ਕੇ ਜਦੋਂ ਪਰਿਸਥਿਤੀਆਂ ਨੇ ਆਵਸ਼ਕ ਬਣਾ ਦਿਤਾ ਤਾਂ ਗੁਰੂ ਪਰੰਪਰਾ ਦਾ ਪ੍ਰਤੀਕਰਮ ਹਥਿਆਰਬੰਦ ਘੋਲ ਵਿਚ ਬਦਲ ਗਿਆ।

ਮੇਰੀ ਇਹ ਵੀ ਸਪਸ਼ਟ ਮਾਨਤਾ ਹੈ ਕਿ ਜਦੋਂ ਗੁਰੂ ਪਰੰਪਰਾ ਤੱਤਕਾਲੀਨ ਰਾਜ ਦਾ ਨਿਰਭੈ ਹੋ ਕੇ ਖੰਡਨ ਕਰਦੀ ਹੈ ਓਦੋਂ ਉਸਦੇ ਅੰਤਹਕਰਣ ਵਿਚ ਇਕ ਸੁਚੱਜੇ ਰਾਜ ਦਾ ਸੰਕਲਪ ਮੌਜੂਦ ਹੁੰਦਾ ਹੈ। ਜਦੋ ਗੁਰੂ ਨਾਨਕ ਦੇਵ ਜੀ ਨੇ ਤੱਤਕਾਲੀਨ ਹਿੰਦੁਸਤਾਨ ਦੀ ਲੋਧੀ ਹਕੂਮਤ ਬਾਰੇ ਜਾਂ ਵਿਦੇਸ਼ੀ ਹਮਲਾਵਰ ਬਾਬਰ ਦੇ ਹਮਲੇ ਬਾਰੇ ਅਪਣਾ ਪ੍ਰਤੀਕਰਮ ਬਾਣੀ ਵਿਚ ਦਰਜ ਕੀਤਾ ਸੀ ਉਦੋਂ ਉਹਨਾਂ ਦੇ ਅੰਤਹਕਰਣ ਵਿਚ ਰਾਜ ਦਾ ਇਕ ਨਿਸਚਿਤ ਸੰਕਲਪ ਮੌਜੂਦ ਸੀ। ਇਸੇ ਪ੍ਰਕਾਰ ਜਦੋਂ ਗੁਰੂ ਹਰਗੋਬਿੰਦ ਸਾਹਿਬ ਨੇ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਹਥਿਆਰਬੰਦ ਘੋਲ ਦੀ ਆਰੰਭਤਾ ਕੀਤੀ, ਅਤੇ ਗੁਰੂ ਗੋਬਿੰਦ ਸਿੰਘ ਨੇ ਤੱਤਕਾਲੀਨ ਰਾਜ ਵਿਰੁਧ ਐਲਾਨਿ-ਜੰਗ ਕੀਤਾ ਤੇ ਖਾਲਸਾ ਪੰਥ ਦੀ ਸਿਰਜਨਾ ਕੀਤੀ, ਉਦੋਂ ਵੀ ਉਹਨਾਂ ਦੇ ਜ਼ਹਿਨ ਵਿਚ ਇਕ ਸੁਚੱਜੇ ਰਾਜ ਦੀ ਸੰਕਲਪਨਾ ਮੌਜੂਦ ਸੀ। ਕਹਿਣ ਤੋਂ ਭਾਵ ਹੈ ਕਿ ਗੁਰੂ ਪਰੰਪਰਾ ਦੇ ਪ੍ਰਤੀਕਰਮ ਪਿਛੇ ਰਾਜ ਪ੍ਰਤੀ ਇਕ ਸੰਪੂਰਣ ਸੋਚ ਕਾਰਜਸ਼ੀਲ ਸੀ। ਅਸਲ ਵਿਚ, ਜਦੋ ਵਿਹਾਰ ਵਿਚ ਗੁਰੂ ਪਰੰਪਰਾ ਤੱਤਕਾਲੀਨ ਰਾਜ ਦਾ ਖੰਡਨ ਕਰ ਰਹੀ ਹੁੰਦੀ ਹੈ ਓਦੋਂ ਸਿਧਾਂਤ ਰੂਪ ਵਿਚ ਉਸਦੇ ਹਿਰਦੇ ਵਿਚ ਇਕ ਸੁਚੱਜੇ ਰਾਜ ਦਾ ਸੰਕਲਪ ਸਮਾਇਆ ਹੁੰਦਾ ਹੈ। ਸਪਸ਼ਟ ਹੈ ਕਿ ਇਹ ਪ੍ਰਤੀਕਰਮ ਨਿਰਾ ਨਾਂਹ - ਮੁਖ ਨਹੀਂ ਸਗੋਂ ਉਸ ਵਿਚ ਹਾਂ-ਮੁੱਖ ਅਤੇ ਰਚਨਾਤਮਕ ਤੱਤ ਸ਼ਾਮਲ ਹਨ। ਇਕ ਹੋਰ ਨੁੱਕਤਾ ਧਿਆਨਯੋਗ ਹੈ ਕਿ ਜਿਥੇ

ਕਿਤੇ ਵੀ ਗੁਰਬਾਣੀ ਤੱਤਕਾਲੀਨ ਰਾਜ ਦਾ ਖੰਡਨ ਕਰਦੀ ਹੈ ਉਥੇ ਅਧਿਆਤਮਕ ਚੇਤਨਾ ਦਾ ਸੁਰ ਲਾਜਮੀ ਤੌਰ ਤੇ ਹਾਜਰ ਰਹਿੰਦਾ ਹੈ। ਇਸ ਤਰ੍ਹਾਂ ਸਿਖ ਚਿੰਤਨ ਦਾ ਰਾਜ ਸੰਕਲਪ ਦੋ ਵਖਰੀਆਂ ਦਿਸ਼ਾਵਾਂ ਤੋਂ ਪ੍ਰੇਰਣਾ ਗ੍ਰਹਿਣ ਕਰਦਾ ਹੈ:-

1) ਤੱਤਕਾਲੀਨ ਨਿਰੰਕੁਸ਼ ਰਾਜ ਦੇ ਨਾਂਹ - ਮੁਖ ਸਰੂਪ ਤੋਂ।

2) ਸਰਬਕਾਲੀਨ ਅਨੰਦਮਈ ਅਧਿਆਤਮ ਦੇ ਹਾਂ-ਮੁਖ ਸਰੂਪ ਤੋਂ।

ਇਕ ਮਹੱਤਵਪੂਰਣ ਨੁਕਤਾ ਇਹ ਵੀ ਹੈ ਕਿ ਧਰਮ ਗ੍ਰੰਥਾਂ ਅਤੇ ਇਤਿਹਾਸਕ ਲਿਖਤਾਂ ਦੀ ਬਣਤਰ ਅਤੇ ਬੁਣਤੀ 'ਵਿਕਲਪਿਕ' ਹੈ ਅਤੇ ਉਹਨਾਂ ਵਿਚੋਂ ਬਹੁਤ ਸਾਰੇ ਵਿਕਲਪਿਕ ਸੰਕਲਪਾਂ ਦੀ ਸਿਰਜਣਾ ਹੋ ਰਹੀ ਹੈ। ਪਰ ਹੋਰ ਵੀ ਮਹੱਤਵਪੂਰਣ ਤਥ ਇਹ ਹੈ ਕਿ ਇਹ ਵਿਕਲਪਿਕ ਸਿਰਜਣਾਵਾਂ ਇਹਲੌਕਿਕ ਇਤਿਹਾਸਕ ਯਥਾਰਥ ਨਾਲ ਟੱਕਰ ਲੈਣ ਦਾ ਹੀ ਇਕ ਸਾਧਨ ਸਨ। ਉਦਾਹਰਣ ਵਜੋਂ 'ਸੱਚਾ ਪਾਤਸ਼ਾਹ' ਇਕ ਵਿਕਲਪਿਕ ਸਿਰਜਣਾ ਹੈ ਜਿਹੜੀ ਕੂੜੇ ਬਾਦਸ਼ਾਹ ਦੀ ਬਾਦਸ਼ਾਹੀ ਨਾਲ ਨਿਬੜਣ ਦੇ ਜਤਨ ਵਿਚ ਉਭਰੀ ਹੈ। ਉਸ ਸਮੇਂ ਦੀ ਨਿਮਾਣੀ ਅਤੇ ਨਿਤਾਣੀ ਲੋਕਾਈ ਨੂੰ 'ਸੱਚਾ ਪਾਤਸ਼ਾਹ' ਦੇ ਵਿਕਲਪ ਦਾ ਬੜਾ ਸਹਾਰਾ ਸੀ। ਇਸੇ ਨੇ ਉਹਨਾਂ ਨੂੰ ਆਪਣੇ ਸਮੇਂ ਦੇ ਕਠੋਰ ਯਥਾਰਥ ਨੂੰ ਸਹਿਣ ਦੇ, ਬਾਅਦ ਵਿਚ ਇਸ ਨਾਲ ਜੂਝਣ ਦੇ, ਅਤੇ ਉਸਤੋਂ ਵੀ ਬਾਅਦ ਇਕ ਸੁਚੱਜੇ ਰਾਜ ਦਾ ਸੰਕਲਪ ਸਿਰਜਣ ਦੇ ਯੋਗ ਬਣਾਇਆ।

ਆਪਣੇ ਖੋਜ-ਕਾਰਜ ਦੇ ਸਬੰਧ ਇਕ ਹੋਰ ਤੱਥ ਨੂੰ ਸਪਸ਼ਟ ਕਰਨਾ ਜ਼ਰੂਰੀ ਸਮਝਦਾ ਹਾਂ ਕਿ ਮੇਰੇ ਅਧਿਐਨ ਦੀ ਦ੍ਰਿਸ਼ਟੀ ਸਿਧਾਂਤਕ ਹੈ ਅਤੇ ਮੇਰਾ ਨਿਰੋਲ ਮਕਸਦ ਸਿਖ ਧਰਮ ਗ੍ਰੰਥਾਂ ਅਤੇ ਇਤਿਹਾਸਕ ਲਿਖਤਾਂ ਉਪਰ ਆਧਾਰਿਤ ਰਾਜ ਦੇ ਸੰਕਲਪ ਦੀ ਬਣਤਰ ਨਿਸਚਿਤ ਕਰਨਾ ਹੈ। ਇਤਿਹਾਸ ਦੀ ਵਿਆਖਿਆ ਅਤੇ ਵਿਸ਼ਲੇਸ਼ਣ ਮੇਰਾ ਵਿਸ਼ਾ ਨਹੀਂ। ਇਤਿਹਾਸਕ ਲਿਖਤਾਂ ਦਾ ਅਧਿਐਨ ਵੀ ਮੈਂ ਸਿਧਾਂਤਕ ਦ੍ਰਿਸ਼ਟੀਬਿੰਦੂ ਤੋਂ ਸੰਕਲਪ ਦੀ ਉਸਾਰੀ ਲਈ ਕੀਤਾ ਹੈ। ਜਿਥੇ ਕਿਤੇ ਵੀ ਇਤਿਹਾਸਕ ਘਟਨਾ ਦਾ ਜ਼ਿਕਰ ਹੈ ਉਹ ਸਿਧਾਂਤ ਅਤੇ ਸੰਕਲਪ ਦੀ ਪ੍ਰੋੜ੍ਹਤਾ ਲਈ ਹੈ।

ਅਪਣੇ ਅਧਿਐਨ ਨੂੰ ਵਿਵਸਥਿਤ ਰੂਪ ਦੇਣ ਲਈ ਅਤੇ ਵਿਸ਼ੇ ਨੂੰ ਸਪਸ਼ਟਤਾ ਪ੍ਰਦਾਨ ਕਰਨ ਲਈ, ਸੋਧ-ਪ੍ਰਬੰਧ ਨੂੰ ਮੈਂ ਸਤ ਅਧਿਆਵਾਂ ਵਿਚ ਵੰਡਿਆ ਹੈ। ਪਹਿਲੇ ਅਧਿਆਇ 'ਮੂਲ ਸਾਮਿਗ੍ਰੀ ਸੰਕਲਨ', ਵਿਚ ਅਧਿਐਨ ਦੀ ਮੂਲ ਸਾਮਿਗ੍ਰੀ ਦਾ ਸੰਕਲਨ ਪ੍ਰਸਤੁਤ ਕੀਤਾ ਗਿਆ ਹੈ ਅਤੇ ਸਿਖ ਪਰੰਪਰਾ ਦੀਆਂ ਪ੍ਰਾਥਮਿਕ ਸ੍ਰੋਤਾਂ ਨੂੰ ਦੋ ਹਿੱਸਿਆਂ ਵਿਚ ਵਰਗੀਕ੍ਰਿਤ ਕੀਤਾ ਗਿਆ ਹੈ -(1) ਸਿਖ ਧਰਮ ਗ੍ਰੰਥ, (2) ਇਤਿਹਾਸਕ ਲਿਖਤਾਂ। ਉਪਰੰਤ ਹਰ ਧਰਮ ਗ੍ਰੰਥ ਅਤੇ ਇਤਿਹਾਸਕ ਲਿਖਤ ਦੇ ਲੇਖਨ, ਸੰਪਾਦਨ, ਵਿਸ਼ਾ ਵਸਤੂ, ਸਾਹਿਤਕ ਗੁਣ, ਮਹੱਤਵ ਆਦਿ ਬਾਰੇ ਉਚਿਤ ਜਾਣਕਾਰੀ ਉਪਲਬਧ ਕਰਾਈ ਗਈ ਹੈ।

ਰਾਜ ਦਾ ਸੰਕਲਪ, ਪ੍ਰਤੱਖ ਤੌਰ ਤੇ ਰਾਜਨੀਤੀ ਸ਼ਾਸਤਰ ਦਾ ਵਿਸ਼ਾ ਹੈ, ਇਸ ਲਈ ਇਸ ਸੰਕਲਪ ਬਾਰੇ ਰਾਜਨੀਤਿਕ ਵਿਚਾਰਧਾਰਾ ਦਾ ਪੱਖ ਪ੍ਰਸਤੁਤ ਕਰਨਾ ਅਤਿ ਅਵਸ਼ਕ ਹੈ। ਇਸੇ ਤੱਥ ਨੂੰ ਧਿਆਨ ਵਿਚ ਰਖਦਿਆਂ, ਦੂਜਾ ਅਧਿਆਇ ਪੂਰੀ ਤਰ੍ਹਾਂ ਰਾਜਨੀਤੀ ਸ਼ਾਸਤਰ ਉਪਰ ਆਧਾਰਿਤ ਹੈ। ਇਸ ਅਧਿਆਇ ਵਿਚ ਰਾਜਨੀਤਿਕ ਵਿਚਾਰਧਾਰਾ ਦੇ ਪ੍ਰਾਚੀਨ ਯੂਨਾਨੀ ਚਿੰਤਨ ਤੋਂ ਲੈ ਕੇ ਅਧੁਨਿਕ ਚਿੰਤਨ ਤਕ ਦੇ ਵੱਖ ਵੱਖ ਰਾਜਨੀਤਿਕ ਵਿਚਾਰਕਾਂ ਦੁਆਰਾ ਪ੍ਰਤੀਪਾਦਿਤ ਰਾਜ ਦੇ ਸੰਕਲਪਾਂ ਨੂੰ ਪ੍ਰਸਤੁਤ ਕੀਤਾ ਗਿਆ ਹੈ।ਨਾਲ ਹੀ ਪ੍ਰਾਚੀਨ ਭਾਰਤੀ ਚਿੰਤਨ ਦੇ ਅਧਾਰ ਤੇ ਉਜਾਗਰ ਹੋ ਰਹੇ ਰਾਜ ਦੇ ਭਾਰਤੀ ਸੰਕਲਪ ਦਾ ਵੀ ਵਰਣਨ ਕੀਤਾ ਗਿਆ ਹੈ।

ਤੀਜੇ ਅਧਿਆਇ ਵਿਚ ਸਿਖ ਚਿੰਤਨ ਦੇ ਮੀਰੀ-ਪੀਰੀ ਦੇ ਸੰਜੋਗ ਦੇ ਸਿਧਾਂਤ ਦਾ ਵਿਸਤ੍ਰਿਤ ਵਰਣਨ ਹੈ। ਇਸ ਅਧਿਆਇ ਵਿਚ ਗੁਰੂਆਂ ਦੀ ਬਾਣੀ, ਭਗਤਾਂ ਤੇ ਭੱਟਾਂ ਦੀ ਬਾਣੀ, ਅਤੇ ਇਤਿਹਾਸਕ ਲਿਖਤਾਂ ਦੀ ਪੂਰੀ ਪੜਚੋਲ ਕਰਕੇ ਇਸ ਸਿਖ ਸਿਧਾਂਤ ਨੂੰ ਉਸਾਰਨ ਦਾ ਜਤਨ ਕੀਤਾ ਗਿਆ ਹੈ ਅਤੇ ਫਿਰ ਈਸਾਈਅਤ, ਇਸਲਾਮ ਅਤੇ ਭਾਰਤੀ ਪਰੰਪਰਾ ਦੇ ਧਰਮ ਤੇ ਰਾਜ ਦੇ ਸੁਮੇਲ ਦੇ ਸਿਧਾਂਤਾਂ ਨਾਲ ਤੁਲਨਾ ਕਰਕੇ, ਮੀਰੀ ਪੀਰੀ ਦੇ ਸੰਜੋਗ ਦੇ ਸਿਧਾਂਤ ਦੀ ਵਿਆਖਿਆ ਕੀਤੀ ਗਈ ਹੈ। ਅਮਲ ਵਿਚ ਇਹੋ ਵਿਲਖਣ ਸਿਖ ਸਿਧਾਂਤ ਰਾਜ ਦੇ ਸਿਖ ਸੰਕਲਪ ਦਾ ਆਧਾਰ ਹੈ।

ਚੌਥੇ ਅਧਿਆਇ ਵਿਚ ਗੁਰੂ ਪਰੰਪਰਾ ਨਾਲ ਜੁੜਦੇ ਜਾ ਰਹੇ ਵਿਕਲਪਿਕ ਰਾਜ ਦੇ ਸੰਕਲਪ ਦਾ ਵਰਣਨ ਹੈ। ਗੁਰੂ ਪਰੰਪਰਾ ਇਕ ਕੁਲ ਦੀ ਤਰ੍ਹਾਂ ਕਾਰਜਸ਼ੀਲ ਸੀ ਅਤੇ ਉਸ ਨੇ ਰਾਜਸੀ ਗੁਣਾਂ, ਚਿਹਨਾਂ ਅਤੇ ਸੰਕਲਪਾਂ ਨੂੰ ਚੇਤੰਨ ਰੂਪ ਵਿਚ ਅਪਣਾ ਲਿਆ ਸੀ। ਇਸ ਤੱਥ ਨੂੰ ਉਜਾਗਰ ਕਰਨ ਲਈ ਪ੍ਰਸਤੁਤ ਅਧਿਆਇ ਨੂੰ ਚਾਰ ਭਾਗਾਂ ਵਿਚ ਵੰਡਿਆ ਗਿਆ ਹੈ - (1) ਸਤੇ ਬਲਵੰਡ ਦੀ ਵਾਰ, (2) ਭੱਟਾਂ ਦੇ ਸਵੱਯੇ, (3) ਵਾਰਾਂ ਭਾਈ ਗੁਰਦਾਸ ; (4) ਇਤਿਹਾਸਕ ਲਿਖਤਾਂ। ਇਹਨਾਂ ਚੌਹਾਂ ਸਿਰਲੇਖਾਂ ਹੇਠ ਪ੍ਰਸਤੁਤ ਵਿਸਤਾਰ ਵਿਚੋਂ ਐਸੇ ਸਪਸ਼ਟ ਪਰਮਾਣ ਪ੍ਰਾਪਤ ਹੁੰਦੇ ਹਨ ਜਿਹਨਾਂ ਦੇ ਆਧਾਰ ਗੁਰੂ ਪਰੰਪਰਾ ਵਿਚ ਵਿਕਲਪਿਕ ਰਾਜ ਵਜੋ ਸਥਾਪਿਤ ਹੁੰਦੀ ਹੈ।

ਪੰਜਵੇਂ ਅਧਿਆਇ ਵਿਚ ਗੁਰੂ ਪਰੰਪਰਾ ਦੇ ਵਿਕਲਪਿਕ ਰਾਜ ਦੇ ਸੰਕਲਪ ਨਾਲ ਸਿਖ ਪਰੰਪਰਾ ਵਿਚ ਉਦਿਤ ਹੋ ਰਹੀਆਂ ਰਾਜਨੀਤਿਕ ਸੰਸਥਾਵਾਂ ਦਾ ਵਰਣਨ ਹੈ। ਇਹਨਾਂ ਰਾਜਨੀਤਿਕ ਸੰਸਥਾਵਾਂ ਵਿਚੋਂ ਤਿੰਨ ਪ੍ਰਮੁਖ ਹਨ -(1) ਖਾਲਸਾ ਪੰਥ; (2) ਅਕਾਲਤਖਤ ; (3) ਗੁਰਮਤਾ। ਰਾਜ ਦੇ ਸਿਖ ਸੰਕਲਪ ਦੀ ਨੁਹਾਰ ਨਿਸਚਿਤ ਕਰਨ ਵਾਲੀਆਂ ਅਤੇ ਸਿਧਾਂਤ ਤੇ ਵਿਹਾਰ ਦੀ ਏਕਤਾ ਪ੍ਰਦਰਸ਼ਿਤ ਕਰਨ ਵਾਲੀਆਂ ਇਹਨਾਂ ਰਾਜਨੀਤਿਕ ਸੰਸਥਾਵਾਂ ਦੇ ਵਿਕਾਸ; ਬਣਤਰ; ਮੰਤਵ ਅਤੇ ਮਹੱਤਵ ਦੀ ਵਿਸਤ੍ਰਤ ਜਾਣਕਾਰੀ ਇਸ ਅਧਿਆਇ ਵਿਚ ਉਪਲਬਧ ਹੈ।

ਰਾਜ ਦੇ ਸਿਖ ਸੰਕਲਪ ਦੇ ਮੂਲ ਸਿਧਾਂਤਾਂ ਦਾ ਵਰਣਨ ਛੇਵੇਂ ਅਧਿਆਇ ਵਿਚ ਹੈ। ਰਾਜ ਦੀ ਉਤਪਤੀ ਕਿਵੇਂ ਹੋਈ; ਰਾਜ ਦੀ ਪ੍ਰਕ੍ਰਿਤੀ ਕੀ ਹੈ; ਅਤੇ ਰਾਜ ਦੇ ਪ੍ਰਕਾਰਜ ਕੀ ਹਨ? -ਆਦਿ ਰਾਜ ਸਬੰਧੀ ਮੂਲ ਸਿਧਾਂਤਕ ਪ੍ਰਸ਼ਨਾਂ ਦੇ ਉਤਰ ਇਸ ਅਧਿਆਇ ਵਿਚ ਉਪਲਬਧ ਕਰਾਏ ਗਏ ਹਨ। ਭਾਵੇਂ ਇਹ ਸਾਰੇ ਪ੍ਰਸ਼ਨ ਸਿੱਧੇ ਰੂਪ ਵਿਚ ਰਾਜਨੀਤੀ ਸ਼ਾਸਤਰ ਨਾਲ ਸਬੰਧਤ ਹਨ, ਪਰ ਅਸੀਂ ਸਿਖ ਧਰਮ ਗ੍ਰੰਥਾਂ ਅਤੇ ਇਤਿਹਾਸਕ ਲਿਖਤਾਂ ਵਿਚੋਂ ਇਹਨਾਂ ਪ੍ਰਸ਼ਨਾਂ ਦੇ ਉਤਰ ਭਾਲ ਕੇ ਰਾਜ ਦੇ ਸਿਖ ਸੰਕਲਪ ਦੇ ਪ੍ਰਮੁਖ ਸਿਧਾਂਤਾਂ ਦਾ ਪ੍ਰਤੀਪਾਦਨ ਕੀਤਾ ਹੈ।

ਸਤਵੇਂ ਅਧਿਆਇ ਦਾ ਸਿਰਲੇਖ 'ਰਾਜ ਦਾ ਸਿਖ ਸੰਕਲਪ:ਤੱਤ-ਗੁਣ' ਹੈ। ਇਸ ਅਧਿਆਇ ਵਿਚ ਸਿਖ ਚਿੰਤਨ ਵਿਚੋਂ ਰਾਜ ਦੇ ਤਿੰਨ ਮਾਡਲਾਂ ਦੀ ਚੋਣ ਕਰਕੇ, ਉਹਨਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ ਅਤੇ ਇਹਨਾਂ ਮਾਡਲਾਂ ਨੂੰ ਅਧਾਰ ਬਣਾ ਕੇ ਰਾਜ ਦੇ ਸਿਖ ਸੰਕਲਪ ਦੇ ਪ੍ਰਮੁਖ ਤੱਤਾਂ ਨੂੰ ਉਭਾਰਨ ਦਾ ਜਤਨ ਕੀਤਾ ਗਿਆ ਹੈ। ਨਾਲ ਹੀ ਰਾਜ ਦੇ ਸਿਖ ਸੰਕਲਪ ਦੇ ਪ੍ਰਮੁਖ ਗੁਣਾਂ ਅਤੇ ਉਸ ਨਾਲ ਜੁੜੇ ਉਪ-ਸੰਕਲਪਾਂ ਦੀ ਵਿਆਖਿਆ ਪ੍ਰਸਤੁਤ ਕੀਤੀ ਗਈ ਹੈ।

ਅੰਤ ਵਿਚ ਸਾਰੇ ਸੋਧ - ਪ੍ਰਬੰਧ ਦੇ ਨਿਸ਼ਕਰਸ਼ ਦਾ ਸੰਖਿਪਤ ਵਰਣਨ ਕੀਤਾ ਗਿਆ ਹੈ।

ਪ੍ਰਸਤੁਤ ਸ਼ੋਧ-ਪ੍ਰਬੰਧ ਲਈ ਮੈਨੂੰ ਆਪਣੇ ਸੁਪਰਵਾਈਜ਼ਰਾਂ ਡਾ:ਹਰਨਾਮ ਸਿੰਘ ਸ਼ਾਨ ਸਾਬਕਾ ਚੇਅਰਮੈਨ, ਡਿਪਾਰਟਮੈਂਟ ਆਫ ਗੁਰੂ ਨਾਨਕ ਸਿੱਖ ਸਟੱਡੀਜ਼, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਅਤੇ ਡਾ:ਹਰਿਭਜਨ ਸਿੰਘ ਪ੍ਰੋਫੈਸਰ ਏਮੈਰੀਟਸ, ਦਿਲੀ ਯੂਨੀਵਰਸਿਟੀ ਦੀ ਪ੍ਰੇਰਣਾ-ਦਾਇਕ ਅਗੁਵਾਈ ਅਤੇ ਅਕਾਦਮਿਕ ਰਹਿਨੁਮਾਈ ਪ੍ਰਾਪਤ ਹੋਈ ਹੈ, ਜਿਸ ਲਈ ਮੈਂ ਉਹਨਾਂ ਦਾ ਅਤਿਅੰਤ ਧੰਨਵਾਦੀ ਹਾਂ। ਵਿਸ਼ੇਸ਼ ਤੌਰ ਤੇ, ਡਾ:ਹਰਿਭਜਨ ਸਿੰਘ ਨੇ ਜਿਸ ਤਰ੍ਹਾਂ ਨਿਗਰਾਨ ਤੋਂ ਅਲਾਵਾ ਇਕ ਸੁਹਿਰਦ ਮਿੱਤਰ ਦੇ ਰੂਪ ਵਿਚ ਇਸ ਖੋਜ ਕਾਰਜ ਨੂੰ ਸੰਪੂਰਣ ਕਰਨ ਵਿਚ ਸਹਾਇਤਾ ਕੀਤੀ ਹੈ, ਉਸਦਾ ਮੈਨੂੰ ਪੂਰਾ ਅਹਿਸਾਸ ਹੈ।

ਡਾ:ਦਰਸ਼ਨ ਸਿੰਘ ਚੇਅਰਮੈਨ, ਡਿਪਾਰਟਮੈਂਟ ਆਫ ਗੁਰੂ ਨਾਨਕ ਸਿਖ ਸਟੱਡੀਜ਼ ਦਾ ਵੀ ਮੈਂ ਤਹਿ ਦਿਲੋਂ ਧੰਨਵਾਦ ਕਰਦਾ ਹਾਂ, ਜਿਹਨਾਂ ਨੇ ਮੈਨੂੰ ਉਤਸ਼ਾਹ ਤੇ ਪ੍ਰੇਰਣਾ ਦਿਤੀ ਅਤੇ ਸਮੇਂ ਸਮੇਂ ਅਹਿਮ ਮੁਸ਼ਕਲਾਂ ਦਾ ਹੱਲ ਲੱਭਣ ਵਿਚ ਮੇਰੀ ਭਰਵੀਂ ਮਦਦ ਕੀਤੀ।

ਇਸ ਤੋਂ ਅਲਾਵਾ ਮੈਂ ਆਪਣੇ ਕਾਲਜ ਦੇ ਪ੍ਰਿੰਸੀਪਲ ਸ:ਸੁਰਜੀਤ ਸਿੰਘ ਰੰਧਾਵਾ ਦਾ ਧੰਨਵਾਦ ਕਰਕੇ ਆਪਣੇ ਫਰਜ਼ ਦੀ ਅਦਾਇਗੀ ਕਰਨਾ ਚਾਹੁੰਦਾ ਹਾਂ, ਜਿਹਨਾਂ ਨੇ ਅਕਾਦਮਿਕ ਛੁਟੀ ਦੀ ਪ੍ਰਵਾਨਗੀ ਦੇ ਕੇ ਇਸ ਕਾਰਜ ਵਿਚ ਮੇਰੀ ਸਹਾਇਤਾ ਕੀਤੀ ਹੈ। ਆਪਣੇ ਵਿਦਵਾਨ ਸਾਥੀਆਂ ਡਾ:ਹਰਜਿੰਦਰ ਸਿੰਘ, ਡਾ:ਭੁਪਿੰਦਰ ਸਿੰਘ ਅਤੇ ਡਾ:ਮਨਜੀਤ ਸਿੰਘ ਵਲੋਂ ਮਿਲੀ

ਪ੍ਰੇਰਨਾ ਅਤੇ ਸਹਿਯੋਗ ਲਈ ਦਿਲੀ ਸਨੇਹ ਦਾ ਪ੍ਰਗਟਾਵਾ ਕਰਨਾ ਮੇਰੀ ਤੀਬਰ ਇਛਾ ਹੈ। ਡਾ: ਤੇਜਿੰਦਰਪਾਲ ਕੌਰ ਅਤੇ ਡਾ: ਸੁਰੇਸ਼ ਚੰਦ੍ਰ ਤ੍ਰਿਪਾਠੀ ਨਾਲ ਹੋਏ ਅਕਾਦਮਿਕ ਵਿਚਾਰ ਵਟਾਂਦਰਿਆਂ ਦਾ ਸ਼ੁਕਰਾਨਾਪੂਰਣ ਅਹਿਸਾਸ ਵੀ ਮੇਰੇ ਮਨ ਵਿਚ ਹੈ। ਆਪਣੇ ਕਾਲਜ ਦੀ ਲਾਇਬ੍ਰੇਰੀਅਨ ਮਿਸਿਜ਼ ਕੰਵਲ ਅਤੇ ਉਹਨਾਂ ਦੇ ਸਮੁੱਚੇ ਸਟਾਫ ਦਾ ਵੀ ਮੈਂ ਧੰਨਵਾਦੀ ਹਾਂ ਜਿਹਨਾਂ ਨੇ ਹਰ ਪੁਸਤਕ ਨੂੰ ਉਪਲਬਧ ਕਰਾਕੇ ਮੇਰੇ ਖੋਜ ਕਾਰਜ ਦੀ ਸੰਪੂਰਣਤਾ ਵਿਚ ਹਿੱਸਾ ਪਾਇਆ ਹੈ। ਅੰਤ ਵਿਚ ਆਪਣੀ ਪਤਨੀ ਜਗਜੀਤ ਕੌਰ ਦੇ ਨਿਰੰਤਰ ਸਹਿਯੋਗ ਨੂੰ ਵੀ ਲਿਖਿਤ ਰੂਪ ਵਿਚ ਮੰਨਣਾ ਉਚਿਤ ਸਮਝਦਾ ਹਾਂ ਜਿਸ ਕਰਕੇ ਇਹ ਸੋਧ-ਪ੍ਰਬੰਧ ਆਸਾਨੀ ਨਾਲ ਨੇਪਰੇ ਚੜ੍ਹ ਸਕਿਆ ਹੈ।

ਜਸਪਾਲ ਸਿੰਘ

ਰਾਜਨੀਤੀ ਵਿਭਾਗ
ਸ੍ਰੀ ਗੁਰੂ ਤੇਗ ਬਹਾਦੁਰ ਖਾਲਸਾ
ਪੋਸਟ ਗ੍ਰੈਜੂਏਟ (ਈਵਨਿੰਗ) ਕਾਲਜ
(ਦਿਲੀ ਯੂਨੀਵਰਸਿਟੀ)

# ਅਧਿਆਇ ਪਹਿਲਾ

## ਮੂਲ ਸਾਮਿਗ੍ਰੀ ਸੰਕਲਨ

ਸਿੱਖ ਦ੍ਰਿਸ਼ਟੀਕੋਣ ਤੋਂ ਕਿਸੇ ਵਿਸ਼ੇ ਦੀ ਤਹਿ ਤਕ ਪਹੁੰਚਣ ਲਈ ਸਿੱਖ ਧਰਮ ਦੀ ਮੂਲ ਸਾਮਿਗ੍ਰੀ ਅਰਥਾਤ ਸਿੱਖ ਪਰੰਪਰਾ ਦੀਆਂ ਮੌਲਿਕ ਸਾਹਿਤਕ ਰਚਨਾਵਾਂ ਦਾ ਅਧਿਐਨ ਅਤਿ ਆਵਸ਼ਕ ਹੈ। ਇਸੇ ਲਈ ਪ੍ਰਸਤਾਵਿਤ ਖੋਜ ਪ੍ਰਬੰਧ ਵਿਚ ਸਿੱਖ ਧਰਮ ਦੇ ਸਾਹਿਤਕ ਵਿਰਸੇ ਦੇ ਅਧਿਐਨ ਨੂੰ ਹੀ ਆਧਾਰ ਬਣਾਇਆ ਗਿਆ ਹੈ। ਜਿਸ ਤਰ੍ਹਾਂ ਕਿ ਸਾਡੇ ਸ਼ੋਧ - ਪ੍ਰਬੰਧ ਦੇ ਸਿਰਲੇਖ ਤੋਂ ਸਪਸ਼ਟ ਸੰਕੇਤ ਮਿਲਦਾ ਹੈ. ਅਸੀਂ ਆਪਣੇ ਖੋਜ-ਕਾਰਜ ਲਈ ਸਿੱਖ ਸਾਹਿਤ ਨੂੰ ਦੋ ਭਾਗਾਂ ਵਿਚ ਵੰਡਿਆ ਹੈ:-

1- ਸਿੱਖ ਧਰਮ ਗ੍ਰੰਥ

2- ਸਿੱਖ ਇਤਿਹਾਸਕ ਲਿਖਤਾਂ

ਸਿੱਖ ਧਰਮ ਗ੍ਰੰਥਾਂ ਦੀ ਪਰੰਪਰਾ ਵਿਚ ਤਿੰਨ ਪ੍ਰਮੁੱਖ ਗ੍ਰੰਥ ਹਨ:-

1- ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ

2- ਸ੍ਰੀ ਦਸਮ ਗ੍ਰੰਥ ਸਾਹਿਬ

3- ਵਾਰਾਂ ਭਾਈ ਗੁਰਦਾਸ ਜੀ

ਜਿਹਨਾਂ ਇਤਿਹਾਸਕ ਲਿਖਤਾਂ ਨੂੰ ਮੂਲ ਸਾਮਿਗ੍ਰੀ ਵਜੋਂ ਅਸੀਂ ਆਪਣੇ ਅਧਿਐਨ ਦੇ ਘੇਰੇ ਵਿਚ ਲਿਆਂਦਾ ਹੈ ਉਹ ਇਸ ਪ੍ਰਕਾਰ ਹਨ:-

1- ਸ੍ਰੀ ਗੁਰ ਸੋਭਾ- ਕਵਿ ਸੈਨਾਪਤਿ

2- ਸ੍ਰੀ ਗੁਰ ਬਿਲਾਸ ਪਾਤਸ਼ਾਹੀ 6 - ਕਵਿ ਸੋਹਨ ਜੀ

3- ਸ੍ਰੀ ਗੁਰ ਬਿਲਾਸ ਪਾਤਸ਼ਾਹੀ 10 - ਕੁਇਰ ਸਿੰਘ ਕਲਾਲ

4- ਪ੍ਰੇਮ ਸੁਮਾਰਗ ਗ੍ਰੰਥ -(ਸੰਪਾਦਕ - ਰਣਧੀਰ ਸਿੰਘ)

5- ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ - ਕੇਸਰ ਸਿੰਘ ਛਿੱਬਰ

6- ਸ੍ਰੀ ਗੁਰ ਪੰਥ ਪ੍ਰਕਾਸ਼ - ਭਾਈ ਰਤਨ ਸਿੰਘ ਭੰਗੂ

7- ਸ੍ਰੀ ਗੁਰ ਪੰਥ ਪ੍ਰਕਾਸ਼ - ਗਿਆਨੀ ਗਿਆਨ ਸਿੰਘ

1- ਸਿਖ ਧਰਮ ਗ੍ਰੰਥ

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖਾਂ ਦਾ ਮੁਢਲਾ ਧਰਮ ਗ੍ਰੰਥ ਹੈ ਅਤੇ ਸਾਡੇ ਸ਼ੋਧ-ਪ੍ਰਬੰਧ ਦਾ ਵੱਡਾ ਹਿੱਸਾ ਮੂਲ ਰੂਪ ਵਿਚ ਇਸੇ ਧਰਮ ਗ੍ਰੰਥ ਦੀ ਬਾਣੀ ਦੀ ਬੁਨਿਆਦ ਤੇ ਉਸਰਿਆ ਹੋਇਆ ਹੈ। ਦਸਮ ਗ੍ਰੰਥ ਸਿੱਖ ਪਰੰਪਰਾ ਵਿਚ ਮਾਨਤਾ ਪ੍ਰਾਪਤ ਦੂਜਾ ਧਰਮ ਗ੍ਰੰਥ ਹੈ। ਭਾਵੇਂ ਇਸ ਵਿਚਲੀ ਬਾਣੀ ਬਾਰੇ ਕਾਫ਼ੀ ਵਾਦ ਵਿਵਾਦ ਰਿਹਾ ਹੈ, ਪਰ ਇਸ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਮੁਖਾਰਬਿੰਦ ਤੋਂ ਉਚਾਰੀ ਗਈ ਬਾਣੀ ਸ਼ਾਮਲ ਹੈ ਇਸ ਲਈ ਇਸ ਨੂੰ ਅਸੀਂ ਧਰਮ ਗ੍ਰੰਥਾਂ ਦੀ ਸ਼੍ਰੇਣੀ ਵਿਚ ਰਖਿਆ ਹੈ। ਜਿਥੋਂ ਤਕ ਭਾਈ ਗੁਰਦਾਸ ਦੀਆਂ ਵਾਰਾਂ ਦਾ ਸਬੰਧ ਹੈ, ਕਿਉਂਕਿ ਇਹ ਰਚਨਾ ਗੁਰਬਾਣੀ ਅਤੇਗੁਰਮਤਿ-ਸਿਧਾਂਤ ਦੀ ਪ੍ਰਮਾਣਿਕ ਵਿਆਖਿਆ ਮੰਨੀ ਜਾਂਦੀ ਹੈ। ਇਸ ਲਈ ਇਸ ਦਾ ਵੀ ਅਸੀਂ ਧਰਮਗ੍ਰੰਥ ਦੇ ਰੂਪ ਵਿਚ ਅਧਿਐਨ ਕੀਤਾ ਹੈ। ਇਥੇ ਅਸੀਂ ਤਿੰਨਾਂ ਧਰਮ ਗ੍ਰੰਥਾਂ ਦੇ ਰਚਨਾਕਾਰ, ਲੇਖਨ, ਸੰਪਾਦਨ, ਵਿਸ਼ਾ-ਵਸਤੂ, ਭਾਸ਼ਾ, ਮਹੱਤਵ ਅਤੇ ਹੋਰ ਪਹਿਲੂਆਂ ਤੇ ਚਰਚਾ ਕਰ ਰਹੇ ਹਾਂ।

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ[1]

ਇਲਾਹੀ ਬਾਣੀ ਦਾ ਸੰਗ੍ਰਹਿ ਪ੍ਰਸਤੁਤ ਕਰਨ ਵਾਲਾ, ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਸਿੱਖ ਧਰਮ ਦੇ ਪੈਰੋਕਾਰਾਂ ਲਈ ਗੁਰੂ - ਪਦ ਤੇ ਬਿਰਾਜਮਾਨ ਮਹਾਨ ਧਰਮ ਗ੍ਰੰਥ ਹੈ। ਸਿੱਖ ਮਤ ਦਾ ਇਹ ਇਕ ਵਿਲੱਖਣ ਗੁਣ ਹੈ ਕਿ ਉਸ ਵਿਚ ਮਨੁੱਖੀ ਜਾਮੇ ਵਿਚ ਦਸ ਗੁਰੂਆਂ ਦੀ

---

1- ਗੁਰੂ ਅਰਜਨ ਦੇਵ (ਸੰਪਾਦਕ); ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ;(1604)

ਪਰੰਪਰਾ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਦੀ ਪਦਵੀ ਤੇ ਸੁਸ਼ੋਭਿਤ ਕੀਤਾ ਗਿਆ ਅਤੇ ਸਾਰੇ ਸਿੱਖ ਪੰਥ ਨੇ ਅਪਣੇ ਆਪ ਨੂੰ ਉਸਦੀ ਸੱਤਾ ਸਾਹਮਣੇ ਸਮਰਪਿਤ ਕੀਤਾ। ਵਿਸ਼ਵ ਦਾ ਇਹ ਇਕੋ ਇਕ ਧਰਮ ਗ੍ਰੰਥ ਹੈ, ਜਿਸ ਵਿਚ ਸੱਤਾ ਦਾ ਸਮਾਵੇਸ਼ ਹੈ ਅਤੇ ਜਿਸ ਨੂੰ ਗੁਰੂ-ਪਦ ਪ੍ਰਾਪਤ ਹੈ।

ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਦੇਣ ਬਾਰੇ ਕੇਸਰ ਸਿੰਘ ਛਿੱਬਰ ਦੇ ਬੰਸਾਵਲੀਨਾਮੇ ਵਿਚੋਂ ਸਪਸ਼ਟ ਗਵਾਹੀ ਮਿਲਦੀ ਹੈ। ਉਸ ਅਨੁਸਾਰ ਜਦੋਂ ਗੁਰੂ ਗੋਬਿੰਦ ਸਿੰਘ ਦੇ ਸਨਮੁਖ ਸਿੱਖ ਸੰਗਤਾਂ ਦੀ ਅਗਵਾਈ ਕਰਨ ਦਾ ਪ੍ਰਸ਼ਨ ਆਇਆ ਤਾਂ ਉਹਨਾਂ ਨੇ ਬਚਨ ਕੀਤਾ ਕਿ ਗੁਰੂ ਗ੍ਰੰਥ ਹੀ ਗੁਰੂ ਹੈ ਅਤੇ ਉਸੇ ਨੇ ਸਿੱਖਾਂ ਦੀ ਅਗਵਾਈ ਕਰਨੀ ਹੈ:-

ਗਰੀਬ ਨਿਵਾਜ਼ ਸਿਖ ਸੰਗਤਿ ਹੈ ਤੇਰੀ ਇਸਦਾ ਕੀ ਹਵਾਲੁ।
ਬਚਨੁ ਕੀਤਾ ਗ੍ਰੰਥ ਹੈ ਗੁਰੂ ਲੜ ਪਕੜੋ ਅਕਾਲ।[1]

ਹੋਰ ਵੀ ਐਸੇ ਉਦਾਹਰਣ ਬੰਸਾਵਲੀਨਾਮੇ ਵਿਚੋਂ ਮਿਲਦੇ ਹਨ ਜਿਹਨਾਂ ਵਿਚ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਪਦ ਦੇਣ ਦੀ ਗੱਲ ਕੀਤੀ ਗਈ ਹੈ :-

1- ਅਗੇ ਗੁਰਿਆਈ ਦਾ ਟਿਕਾ ਗੁਰੂ ਗ੍ਰੰਥ ਸਾਹਿਬ ਨੂੰ ਦੇ ਗਏ।
ਪੂਜਾ ਅਸਥਾਨ ਸ੍ਰੀ ਅੰਮ੍ਰਿਤਸਰ ਜੀ ਭਏ।[2]

2- ਦਸਵਾ ਪਾਤਸ਼ਾਹ ਗਦੀ ਗੁਰਿਆਈ ਦੀ ਗ੍ਰੰਥ ਸਾਹਿਬ ਨੂੰ ਦੇ ਹੈ ਗਇਆ।
ਅਜ ਪ੍ਰਤਖ ਗੁਰੂ ਅਸਾਡਾ ਗ੍ਰੰਥ ਸਾਹਿਬ ਹੈ ਸੋਈ ਗਇਆ ਜੋ ਗ੍ਰੰਥੋਂ ਗਇਆ।[3]

ਕੁਇਰ ਸਿੰਘ ਕਲਾਲ ਦਾ 'ਗੁਰ ਬਿਲਾਸ ਪਾਤਸ਼ਾਹੀ 10' ਪਹਿਲਾ ਇਤਿਹਾਸਕ

---

1- ਛਿਬਰ ਕੇਸਰ ਸਿੰਘ, ਬੰਸਾਵਲੀਨਾਮਾ, ਪੰਨਾ 163

2- ਓਹੀ, ਪੰਨਾ 198

3- ਓਹੀ, ਪੰਨਾ 215

ਗ੍ਰੰਥ ਹੈ ਜਿਸ ਵਿਚ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਪਦ ਦੇਣ ਦਾ ਜ਼ਿਕਰ ਕੀਤਾ ਗਇਆ ਹੈ। ਇਸ ਸਬੰਧ ਵਿਚ ਕੁਇਰ ਸਿੰਘ ਕਲਾਲ ਦਾ ਕਥਨ ਹੈ:-

ਤਬ ਪੁਨਿ ਆਪ ਉਠੇ ਸਭ ਸੰਗਾ।ਪੈਸੇ ਪਾਂਚ ਨਾਲੀਏਰੁ ਸੁ ਅੰਗਾ।
ਲੈ ਕੈ ਤਾਂਹਿ ਅਰਪ ਕੀ ਬੰਦਨ। ਪ੍ਰਦੱਖਨ ਕਰਤੇ ਮਨ ਰੰਗਨ।
ਕਹਾ ਜੋਇ ਬਚ ਕੀਨਾ ਚਾਹੈ। ਪਾਠ ਕਰ ਗੁਰ ਕੋ ਸੁਖ ਪਾਏ।
ਯਾ ਸਮ ਔਰ ਕੋਈ ਗੁਰੂ ਨਾਹੀ।ਬਿਨਾ ਕਹਨ ਸਚੁ ਬਾਕ ਭਲਾਹੀ।[1]

ਭਾਈ ਕਾਨ੍ਹ ਸਿੰਘ ਨਾਭਾ ਨੇ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਦੀ ਗੱਦੀ ਮਿਲਣ ਦੇ ਸਬੰਧ ਵਿਚ ਸਪਸ਼ਟ ਕੀਤਾ ਹੈ ਕਿ "ਗ੍ਰੰਥ ਸਾਹਿਬ ਨਾਲ 'ਗੁਰੂ' ਸ਼ਬਦ ਸੰਮਤ 1765 (ਸੰਨ 1708 ਈ) ਤੋਂ ਲਾਉਣਾ ਆਰੰਭ ਹੋਇਆ, ਜਿਸ ਵੇਲੇ ਅਬਿਚਲ ਨਗਰ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਤਾ ਸਿੱਖ ਧਰਮ ਦੇ ਅਧਾਰ ਰੂਪ ਗ੍ਰੰਥ ਨੂੰ ਦਿੱਤੀ।[2]"

ਗੁਰੂ ਗ੍ਰੰਥ ਸਾਹਿਬ ਦੇ ਇਸ ਵਿਸ਼ੇਸ਼ ਦਰਜੇ ਕਾਰਣ ਹੀ, ਉਸ ਦੀ ਸੇਵਾ ਸੰਭਾਲ ਲਈ ਉਚੇਚੀ ਮਰਿਆਦਾ ਉਲੀਕੀ ਗਈ। ਗੁਰੂ ਗ੍ਰੰਥ ਸਾਹਿਬ ਨੂੰ ਉਚੇਰੇ ਤਖ਼ਤ ਉਤੇ ਪ੍ਰਕਾਸ਼ਮਾਨ ਕਰਨਾ, ਉਪਰ ਚੰਦੋਆ ਤਾਨਣਾ, ਚਵਰ ਕਰਨਾ ਅਤੇ ਸੁੰਦਰ ਪੋਸ਼ਾਕਾ ਪਹਿਨਾਉਣਾ ਇਸ ਵਿਸ਼ੇਸ਼ ਮਰਿਆਦਾ ਦੇ ਅੰਗ ਹਨ। ਫਿਰ ਅੰਮ੍ਰਿਤ ਵੇਲੇ ਪ੍ਰਕਾਸ਼ ਕਰਨ ਅਤੇ ਰਾਤ ਨੂੰ ਸੁਖਾਸਨ ਕਰਨ ਲਈ ਵਿਸ਼ੇਸ਼ ਵਿਧੀ ਅਪਣਾਉਣਾ, ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਦੀਵਾਨ ਲਾਉਣਾ, ਕੀਰਤਨ ਗਾਇਨ ਕਰਨਾ, ਅਰਦਾਸ ਕਰਨੀ ਅਤੇ ਗੁਰੂ ਗ੍ਰੰਥ ਸਾਹਿਬ ਵਿਚੋਂ ਹੁਕਮ ਲੈਣਾ, ਧਰਮ ਗ੍ਰੰਥਾਂ ਦੀ ਪਰੰਪਰਾ ਵਿਚ ਗੁਰੂ ਗ੍ਰੰਥ ਸਾਹਿਬ ਦੀ ਵਿਲਖਣਤਾ ਦਰਸਾਉਂਦਾ ਹੈ। ਗੁਰੂ ਗ੍ਰੰਥ ਸਾਹਿਬ ਨਾਲ ਸੰਬੰਧਿਤ ਇਸ ਸਾਰੀ ਵਿਸ਼ੇਸ਼ ਮਰਿਆਦਾ ਵਿਚੋਂ ਰਾਜਸੀ ਗੁਣਾਂ ਦੀ ਝਲਕ ਨਜ਼ਰ ਆਉਂਦੀ

---

1- ਕੁਇਰ ਸਿੰਘ, ਗੁਰ ਬਿਲਾਸ ਪਾਤਸ਼ਾਹੀ 10, ਪੰਨਾ 284

2- ਨਾਭਾ ਭਾਈ ਕਾਨ੍ਹ ਸਿੰਘ, ਮਹਾਨ ਕੋਸ਼, ਪੰਨਾ 437

ਹੈ। ਇਸ ਮਰਿਆਦਾ ਨਾਲ ਗੁਰੂ ਗ੍ਰੰਥ ਸਾਹਿਬ ਵਿਚ ਸਮਾਈ ਹੋਈ ਸੱਤਾ ਦਾ ਵੀ ਪ੍ਰਤੱਖ ਪ੍ਰਗਟਾਵਾ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਰਚਨਾ, ਸੰਪਾਦਨ ਅਤੇ ਪਹਿਲੇ ਪ੍ਰਕਾਸ਼ ਬਾਰੇ ਭਾਈ ਕਾਨ੍ਹ ਸਿੰਘ ਦਾ ਕਥਨ ਹੈ ਕਿ:

> "ਸਾਰੇ ਧਰਮ ਗ੍ਰੰਥਾਂ ਦਾ ਸਵਾਮੀ, ਸਿੱਖ ਧਰਮ ਦਾ ਮਹਾਂਮਾਨਯ ਪੁਸਤਕ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਹਿਲੇ ਸਤਿਗੁਰਾਂ ਦੀ ਬਾਣੀ ਏਕੱਤਰ ਕਰਕੇ ਸੰਮਤ 1660(ਸੰਨ 1603 ਈ) ਵਿਚ, ਇਹ ਰਾਮਸਰ ਦੇ ਕਿਨਾਰੇ( ਅੰਮ੍ਰਿਤਸਰ) ਭਾਈ ਗੁਰਦਾਸ ਜੀ ਤੋਂ ਲਿਖਾਉਣ ਅਰੰਭਿਆ। ਆਪਣੀ ਰਚਨਾ ਅਤੇ ਭਗਤ ਆਦਿਕਾਂ ਦੀ ਬਾਣੀ ਸ਼ਾਮਿਲ ਕਰਕੇ ਸੰਮਤ 1661 (ਸੰਨ 1604 ਈ.) ਵਿਚ ਸਮਾਪਤ ਕੀਤਾ, ਇਸੇ ਸਾਲ ਭਾਦੋਂ ਸੁਦੀ 1 ਨੂੰ ਹਰਿਮੰਦਰ ਵਿਚ ਗੁਰਮਤ ਦੇ ਪ੍ਰਚਾਰ ਲਈ ਅਸਥਾਪਨ ਕਰਕੇ ਬਾਬਾ ਬੁੱਢਾ ਜੀ ਨੂੰ ਗ੍ਰੰਥੀ ਥਾਪਿਆ।[1]"

ਅਸਲ ਵਿਚ ਗੁਰੂ ਅਰਜਨ ਦੇਵ ਤੋਂ ਪਹਿਲਾਂ ਦੇ ਸਾਰੇ ਗੁਰੂ ਸਾਹਿਬਾਨ, ਆਪਣੇ ਆਪਣੇ ਸਮੇਂ, ਬਾਣੀ ਸਿਰਜਨ ਦੇ ਨਾਲ ਨਾਲ ਬਾਣੀ ਨੂੰ ਇਕੱਤਰ ਕਰਨ ਲਈ ਭਰਪੂਰ ਯਤਨ ਕਰਦੇ ਰਹੇ। ਇਹ ਕਾਰਜ ਗੁਰੂ ਨਾਨਕ ਦੇਵ ਜੀ ਤੋਂ ਹੀ ਸ਼ੁਰੂ ਹੋ ਗਿਆ ਸੀ। ਗੁਰੂ ਨਾਨਕ ਦੇਵ ਜੀ ਹਰ ਸਮੇਂ ਆਪਣੇ ਪਾਸ ਇਕ ਕਿਤਾਬ ਰਖਦੇ ਸਨ ਅਤੇ ਇਸ ਕਿਤਾਬ ਵਿਚ ਹੀ ਰਬੀ ਕਲਾਮ ਅਤੇ ਸੰਤਾਂ ਭਗਤਾਂ ਦੀ ਬਾਣੀ ਦਾ ਸੰਗ੍ਰਹਿ ਕਰਦੇ ਸਨ। ਗੁਰਗੱਦੀ ਦੇਣ ਸਮੇਂ ਹਰ ਗੁਰੂ ਆਪਣੇ ਉਤਰਾਧਿਕਾਰੀ ਗੁਰੂ ਨੂੰ ਇਹ ਬਾਣੀ ਸੰਗ੍ਰਹਿ ਸੌਂਪਦਾ ਸੀ ਅਤੇ ਇਸੇ ਪ੍ਰਕਾਰ ਬਾਣੀ ਇਕੱਤ੍ਰ ਹੁੰਦੀ ਹੋਈ ਗੁਰੂ ਅਰਜਨ ਦੇਵ ਪਾਸ ਪਹੁੰਚ ਗਈ।[2] ਅਖ਼ੀਰ

---

1- ਨਾਭਾ, ਭਾਈ ਕਾਨ੍ਹ ਸਿੰਘ; ਮਹਾਨ ਕੋਸ਼; ਪੰਨਾ 436

2- ਗਿਲ ਮਹਿੰਦਰ ਕੌਰ; ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਕਲਾ; ਪੰਨਾ 13

ਵਿਚ ਗੁਰੂ ਅਰਜਨ ਦੇਵ ਜੀ ਨੇ ਆਪਣੇ ਪੂਰਬਵਰਤੀ ਗੁਰੂਆਂ ਅਤੇ ਭਗਤਾਂ ਦੀ ਬਾਣੀ ਨੂੰ ਵਿਵਸਥਿਤ ਕਰਕੇ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸੰਪਾਦਿਤ ਕਰ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇਤਿਹਾਸ ਅਧਿਐਨ ਕਰਨ ਤੋਂ ਦੋ ਪ੍ਰਸਿੱਧ ਬੀੜਾਂ ਦੇ ਲਿਖੇ ਜਾਣ ਦਾ ਪਤਾ ਲਗਦਾ ਹੈ। ਪਹਿਲੀ ਬੀੜ ਉਹ ਹੈ, ਜਿਹੜੀ ਗੁਰੂ ਅਰਜਨ ਦੇਵ ਜੀ ਨੇ ਬਾਣੀ ਇਕੱਤਰ ਕਰਕੇ ਭਾਈ ਗੁਰਦਾਸ ਪਾਸੋਂ ਲਿਖਵਾਈ ਸੀ। ਇਸ ਨੂੰ ਭਾਈ ਗੁਰਦਾਸ ਵਾਲੀ ਬੀੜ ਵੀ ਕਿਹਾ ਜਾਂਦਾ ਹੈ। ਦੂਜੀ ਬੀੜ ਉਹ ਹੈ ਜਿਹੜੀ ਗੁਰੂ ਗੋਬਿੰਦ ਸਿੰਘ ਨੇ ਦਮਦਮਾ ਸਾਹਿਬ ਵਿਖੇ ਤਿਆਰ ਕਰਵਾਈ। ਇਹ ਦਮਦਮੇ ਵਾਲੀ ਬੀੜ ਦੇ ਨਾਂ ਨਾਲ ਪ੍ਰਸਿੱਧ ਹੈ। ਇਕ ਤੀਜੀ, ਭਾਈ ਬੰਨੋ ਵਾਲੀ ਬੀੜ ਦਾ ਜ਼ਿਕਰ ਵੀ ਕਈ ਵਾਰ ਕੀਤਾ ਜਾਂਦਾ ਹੈ। ਇਹ ਬੀੜ ਗੁਰੂ ਅਰਜਨ ਦੇਵ ਜੀ ਦੁਆਰਾ ਤਿਆਰ ਕੀਤੀ ਗਈ ਬੀੜ ਦਾ ਅਨਅਧਿਕ੍ਰਿਤ ਉਤਾਰਾ ਹੈ, ਜਿਸ ਵਿਚ ਉਤਾਰਾ ਕਰਨ ਵਾਲੇ ਨੇ ਆਪਣੀ ਇੱਛਾ ਅਨੁਸਾਰ ਕੁਝ ਵਾਧੂ ਬਾਣੀ ਦਰਜ ਕੀਤੀ ਹੋਈ ਹੈ। ਗੁਰਿਆਈ ਦੀ ਗੱਦੀ, ਗੁਰੂ ਅਰਜਨ ਦੇਵ ਦੀ ਸੰਪਾਦਿਤ ਗੁਰੂ ਗ੍ਰੰਥ ਸਾਹਿਬ ਦੀ ਬੀੜ ਵਿਚ, ਗੁਰੂ ਤੇਗ਼ ਬਹਾਦਰ ਦੇ ਸ਼ਬਦ ਅਤੇ ਸਲੋਕਾਂ ਨੂੰ ਜੋੜ ਕੇ, ਗੁਰੂ ਗੋਬਿੰਦ ਸਿੰਘ ਜੀ ਦੁਆਰਾ ਨਵੇਂ ਸਿਰਿਉਂ ਲਿਖਵਾਈ ਗਈ ਬੀੜ ਨੂੰ ਦਿੱਤੀ ਗਈ ਸੀ।

ਗੁਰੂ ਗ੍ਰੰਥ ਸਾਹਿਬ ਵਿਚ ਛੇ ਗੁਰੂ ਸਾਹਿਬਾਨ - ਗੁਰੂ ਨਾਨਕ ਦੇਵ, ਗੁਰੂ ਅੰਗਦ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ ਅਤੇ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਦਾ ਸੰਕਲਨ ਹੈ। ਭਾਈ ਕਾਨ੍ਹ ਸਿੰਘ ਨਾਭਾ ਦਾ ਵਿਚਾਰ ਵਖਰਾ ਹੈ। ਉਹਨਾਂ ਅਨੁਸਾਰ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਇਕ ਸਲੋਕ ਵੀ ਸ਼ਾਮਲ ਹੈ ਅਤੇ ਇਸ ਪ੍ਰਕਾਰ ਸਤ ਗੁਰੂ ਸਾਹਿਬਾਨ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਹੈ।[1] ਪਰ ਪ੍ਰੋ:ਸਾਹਿਬ ਸਿੰਘ ਅਨੁਸਾਰ ਜਿਹਨਾਂ ਗੁਰੂਆਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ

---

1- ਨਾਭਾ,ਭਾਈ ਕਾਨ੍ਹ ਸਿੰਘ; ਮਹਾਨ ਕੋਸ਼; ਪੰਨਾ 437

ਸ਼ਾਮਲ ਹੈ ਉਹਨਾਂ ਦੀ ਗਿਣਤੀ ਛੇ ਹੀ ਹੈ।[1] ਪ੍ਰੋ:ਗੁਰਬਚਨ ਸਿੰਘ ਤਾਲਿਬ ਵੀ ਇਸ ਗਲ ਨਾਲ ਸਹਿਮਤ ਹਨ ਕਿ ਗੁਰੂ ਗ੍ਰੰਥ ਸਾਹਿਬ ਵਿਚ ਛੇ ਗੁਰੂਆਂ ਦੀ ਬਾਣੀ ਹੀ ਉਪਲਬਧ ਹੈ।[2] ਗੁਰੂ ਸਾਹਿਬਾਨ ਦੀ ਬਾਣੀ ਦੇ ਨਾਲ ਪੰਦਰਾਂ ਭਗਤਾਂ - ਕਬੀਰ, ਫਰੀਦ, ਨਾਮਦੇਵ, ਰਵਿਦਾਸ, ਰਾਮਾਨੰਦ, ਜੈ ਦੇਵ, ਤ੍ਰਿਲੋਚਨ, ਧੰਨਾ, ਸੈਣ, ਪੀਪਾ, ਭੀਖਨ, ਸਧਨਾ, ਸੂਰਦਾਸ, ਪਰਮਾਨੰਦ ਅਤੇ ਬੇਣੀ ਦੀ ਬਾਣੀ ਵੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ।[3] ਇਸ ਤੋਂ ਇਲਾਵਾ ਸੁੰਦਰ ਦਾ ਰਾਮਕਲੀ ਸੱਦ, ਸਤਾ ਅਤੇ ਬਲਵੰਡ ਦੀ ਵਾਰ ਅਤੇ ਭੱਟਾਂ ਦੇ ਸਵੈਯੇ ਵੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤੇ ਗਏ ਹਨ। ਗੁਰੂ ਗ੍ਰੰਥ ਦਾ ਬਹੁਤ ਥੋੜਾ ਹਿੱਸਾ ਛੱਡ ਕੇ, ਬਾਕੀ ਬਾਣੀ ਰਾਗਾਂ ਵਿਚ ਰਚੀ ਗਈ ਹੈ ਅਤੇ ਕੁਲ ਰਾਗਾਂ ਦੀ ਗਿਣਤੀ 31 ਹੈ। ਡਾ:ਮਹਿੰਦਰ ਕੌਰ ਗਿੱਲ ਨੇ ਗੁਰੂ ਗਰੰਥ ਸਾਹਿਬ ਦੀ ਬਾਣੀ ਨੂੰ ਤਿੰਨ ਭਾਗਾਂ ਵਿਚ ਵੰਡਿਆ ਹੈ -(ੳ) ਨਿਤਨੇਮ ਦੀ ਬਾਣੀਆਂ (1 ਤੋਂ 13 ਪੰਨੇ ਤਕ); (ਅ) ਰਾਗ-ਬੱਧ ਬਾਣੀ (14 ਤੋਂ 1352 ਪੰਨੇ ਤੱਕ) ਅਤੇ (ੲ) ਰਾਗ ਮੁਕਤ ਬਾਣੀ (1352 ਤੋਂ 1430 ਪੰਨੇ ਤੱਕ)।[4]

ਭਗਤਾਂ ਦੀ ਬਾਣੀ ਨੂੰ ਗੁਰੂ ਸਾਹਿਬਾਨ ਦੀ ਬਾਣੀ ਦੇ ਤੁਲ ਰਖਣਾ ਗੁਰੂ ਗ੍ਰੰਥ ਸਾਹਿਬ ਦਾ ਵਿਲਖਣ ਗੁਣ ਹੈ। ਪਰ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਕਰਦਿਆਂ ਇਸ ਗੱਲ ਦਾ ਵਿਸ਼ੇਸ਼ ਧਿਆਨ ਰਖਿਆ ਕਿ ਕੇਵਲ ਉਹਨਾਂ ਭਗਤਾਂ ਦੀ ਬਾਣੀ ਹੀ ਸ਼ਾਮਲ ਕੀਤੀ ਜਾਵੇ, ਜਿਹਨਾਂ ਦੀ ਬਾਣੀ, ਗੁਰੂਆਂ ਦੀ ਵਿਚਾਰਧਾਰਾ ਨਾਲ

---

1- ਪ੍ਰੋ:ਸਾਹਿਬ ਸਿੰਘ; ਆਦਿ ਬੀੜ ਬਾਰੇ, ਪੰਨਾ 140

2- Talib, Gurbachan Singh, Selections from the Holy Granth, P-3-4.

3- ਪ੍ਰੋ:ਸਾਹਿਬ ਸਿੰਘ, ਆਦਿ ਬੀੜ ਬਾਰੇ; ਪੰਨਾ 152

4- ਗਿੱਲ, ਮਹਿੰਦਰ ਕੌਰ, ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਕਲਾ;ਪੰਨਾ 23

ਮੇਲ ਖਾਂਦੀ ਹੈ। ਲੋਹਲਿਨ ਅਨੁਸਾਰ ਗੁਰੂ ਅਰਜਨ ਦੇਵ ਜੀ ਨੇ ਉਹਨਾਂ ਭਗਤਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਨਹੀਂ ਕੀਤਾ ਜਿਹਨਾਂ ਦੀ ਬਾਣੀ ਵਿਚ ਆਪਣੀ ਪੂਜਾ ਕਰਾਉਣ, ਇਸਤਰੀ ਦਾ ਅਪਮਾਨ ਕਰਨ, ਮਨੁੱਖ ਪਾਸੋਂ ਰਬੀ ਸੰਦੇਸ਼ ਛੁਪਾਉਣ ਅਤੇ ਜੀਵਨ ਤੇ ਉਸਦੇ ਸੰਘਰਸ਼ ਨੂੰ ਤਿਰਸਕਾਰਨ ਦੀ ਗੱਲ ਕੀਤੀ ਗਈ ਹੈ।[1] ਅਸਲ ਵਿਚ ਭਗਤਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕਰਕੇ ਗੁਰੂ ਅਰਜਨ ਦੇਵ ਜੀ ਨੇ ਸਿਖ ਮੱਤ ਨੂੰ ਇਕ ਸਰਵਭੌਮਿਕ ਧਰਮ ਦਾ ਸਰੂਪ ਪ੍ਰਦਾਨ ਕੀਤਾ ਹੈ।[2] ਪ੍ਰੋ: ਤਾਲਿਬ ਅਨੁਸਾਰ ਵਖ ਵਖ ਜਾਤੀਆਂ ਅਤੇ ਧਰਮਾਂ ਵਿਚ ਵਿਸ਼ਵਾਸ ਰਖਣ ਵਾਲੇ ਭਗਤਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕਰਕੇ ਗੁਰੂ ਸਾਹਿਬ ਨੇ ਜਾਤੀਵਾਦ ਨੂੰ ਖ਼ਤਮ ਕਰਨ ਅਤੇ ਲੋਕਾਂ ਵਿਚ ਸਹਿਨਸ਼ੀਲਤਾ ਦੀ ਭਾਵਨਾ ਪੈਦਾ ਕਰਨ ਦੀ ਕੋਸ਼ਿਸ਼ ਕੀਤੀ। ਗੁਰੂ ਗ੍ਰੰਥ ਸਾਹਿਬ ਅਸਲ ਵਿਚ

- - - - - - - - - - - - - - - - - - - - - - - - - - -

1. It is said that the guru rejected hymns of self deification; those derogatory to women; those which advised the concealing of God's message from man; and those disparaging life and its struggles.
-Loehlin, C.M., The Sikhs and their scriptures-P-35

2. The token presense of the bhagats seems to indicate Guru Arjan's desire to present Sikhism as the catholic faith.
-Cole, W. Owen and Sambhi, Piara Singh, the Sikhs-their Religious Beliefs and Practices, P-52.

ਭਾਰਤੀ ਲੁਕਾਈ ਲਈ 'ਲੋਕਾਂ ਦੀ ਬਾਈਬਲ' ਦੀ ਤਰ੍ਹਾਂ ਹੈ ਉਹ ਉਚੀ ਅਧਿਆਤਮਕ ਅਤੇ ਨੈਤਿਕ ਸਿਖਿਆ ਦਾ ਖ਼ਜ਼ਾਨਾ ਹੈ।[1]

ਭਾਸ਼ਾ ਦੀ ਦ੍ਰਿਸ਼ਟੀ ਤੋਂ ਗੁਰੂ ਗ੍ਰੰਥ ਸਾਹਿਬ ਲੋਕਭਾਸ਼ਾ ਵਿਚ ਰਚਿਆ ਗਿਆ ਗ੍ਰੰਥ ਹੈ। ਬਾਣੀਕਾਰਾਂ ਦਾ ਮੁਖ ਉਦੇਸ਼ ਆਪਣੇ ਸੰਦੇਸ਼ ਨੂੰ ਆਮ ਜਨਤਾ ਤਕ ਪਹੁੰਚਾਉਣਾ ਸੀ ਅਤੇ ਇਸੇ ਲਈ ਉਹਨਾਂ ਨੇ ਜਨ-ਸਾਧਾਰਣ ਦੀ ਆਮ ਬੋਲਚਾਲ ਦੀ ਭਾਸ਼ਾ ਨੂੰ ਹੀ ਬਾਣੀ-ਸੰਦੇਸ਼ ਪਹੁੰਚਾਉਣ ਦਾ ਮਾਧਿਅਮ ਬਣਾਇਆ। ਸੀ.ਐਚ.ਲੋਹਲਿਨ ਅਨੁਸਾਰ ਗੁਰੂ ਗ੍ਰੰਥ ਸਾਹਿਬ ਵਿਚ ਛੇ ਭਾਸ਼ਾਵਾਂ ਦਾ ਪ੍ਰਯੋਗ ਕੀਤਾ ਗਿਆ ਹੈ ਅਤੇ ਉਪ-ਭਾਸ਼ਾਵਾਂ ਅਨਗਿਣਤ ਹਨ।[2] ਡਾ: ਮਹਿੰਦਰ ਕੌਰ ਗਿੱਲ ਅਨੁਸਾਰ "ਪੰਜਾਬ ਵਿਚ ਲਗਪਗ ਪੰਜ ਸਦੀਆਂ (12 ਤੋਂ 17) ਦੇ ਦੌਰਾਨ ਜਿੰਨੀਆਂ ਵੀ ਭਾਸ਼ਾਵਾਂ ਅਤੇ ਉਪ-ਭਾਸ਼ਾਵਾਂ ਬੋਲੀਆਂ ਜਾਂਦੀਆਂ ਰਹੀਆਂ ਹਨ, ਉਨ੍ਹਾਂ ਸਾਰੀਆਂ ਦਾ ਅਸਲੀ ਰੂਪ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਿਦਮਾਨ ਹੈ।"[3] ਗੁਰੂ ਗ੍ਰੰਥ

- - - - - - - - - - - - - - - - - - - - - - - - - - -

1- This was a sure way to melt caste and other prejudices and to instil an attitude of tolerance among the people. As a matter of fact, the Granth was intended to be a kind of Peoples Bible for the Indian humanity, a treasure house of lofty spiritual and moral teaching.

-Talib, Gurbachan Singh, Selections from the Holy Granth P-4.

2- Loehlin, C.H., The Sikhs and their scriptures, P-35.

3- ਗਿਲ, ਮਹਿੰਦਰ ਕੌਰ; ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਕਲਾ; ਪੰਨਾ-15

ਸਾਹਿਬ ਦੀ ਬਾਣੀ ਭਾਵੇਂ ਵਖ ਵਖ ਭਾਸ਼ਾਵਾਂ ਅਤੇ ਉਪਭਾਸ਼ਾਵਾਂ ਵਿਚ ਹੈ ਪਰ ਸਾਰੀ ਬਾਣੀ ਨੂੰ ਇਕੋ ਲਿਪੀ-'ਗੁਰਮੁਖੀ' ਵਿਚ ਅੰਕਿਤ ਕੀਤਾ ਗਿਆ ਹੈ। ਏਦਾਂ ਭਾਰਤੀ ਭਾਸ਼ਾਵਾਂ ਦੀ ਅਨੇਕਤਾ ਲਿਪੀ ਦੀ ਏਕਤਾ ਵਿਚ ਢਲ ਗਈ। ਵਖ ਵਖ ਭਾਸ਼ਾਵਾਂ ਵਿਚ ਰਚੀ ਗਈ ਬਾਣੀ ਨੂੰ ਇਕੋ ਲਿਪੀ ਦੇ ਸਾਂਚੇ ਵਿਚ ਉਤਾਰਨਾ ਗੁਰੂ ਸਾਹਿਬਾਨ ਦੁਆਰਾ ਦਰਸਾਏ ਗਏ ਸਿੱਖੀ ਮਾਰਗ ਦੇ ਵਿਆਪਕ ਦ੍ਰਿਸ਼ਟੀਕੋਣ ਦਾ ਪ੍ਰਤੀਕ ਸੀ ਅਤੇ ਉਸ ਦੀ ਉਦਾਰਤਾ ਦੇ ਅਨੁਰੂਪ ਸੀ। ਗੁਰੂ ਅਰਜਨ ਦੇਵ ਜੀ ਦੁਆਰਾ ਇਕ ਸਮਾਨ ਲਿਪੀ ਦਾ ਪ੍ਰਯੋਗ, ਉਹਨਾਂ ਦੇ ਸਰਵਭੌਮਿਕ ਨਜ਼ਰੀਏ (Catholicity ) ਨੂੰ ਸਥਾਪਿਤ ਕਰਦਾ ਹੈ।[1]

ਗੁਰੂ ਗ੍ਰੰਥ ਸਾਹਿਬ ਦਾ ਮੁਖ ਵਿਸ਼ਾ ਅਧਿਆਤਮਕ ਹੈ ਅਤੇ ਉਸ ਵਿਚ ਸੰਕਲਿਤ ਬਾਣੀ ਵਿਚ ਅਧਿਆਤਮ ਗਿਆਨ ਦੀ ਗਲ ਬਹੁਤੀ ਹੈ। ਮਨੁੱਖ ਨੂੰ ਪਰਮਾਰਥ, ਪਰਉਪਕਾਰ, ਸਿਮਰਨ, ਧਰਮ, ਨੈਤਿਕਤਾ, ਸੇਵਾ, ਸੰਤੋਖ ਅਤੇ ਰਬੀ ਗੁਣਾਂ ਦੇ ਧਾਰਣੀ ਹੋਣ ਦਾ ਉਪਦੇਸ਼ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਪ੍ਰਮੁਖ ਵਿਸ਼ਾ ਹੈ। ਪਰ ਇਸ ਦਾ ਇਹ ਅਰਥ ਬਿਲਕੁਲ ਨਹੀਂ ਕਿ ਗੁਰੂ ਗ੍ਰੰਥ ਸਾਹਿਬ ਦਾ ਵਿਸ਼ਾ ਵਸਤੂ ਅਧਿਆਤਮਿਕਤਾ ਤਕ ਹੀ ਸੀਮਿਤ ਹੈ; ਬਲਕਿ ਉਸ ਵਿਚ ਦੁਨਿਆਵੀ ਖੇਤਰ ਨਾਲ ਸਬੰਧਤ ਵਿਸ਼ਿਆਂ ਪ੍ਰਤੀ ਪੂਰੀ ਜਾਗਰੂਕਤਾ ਦਾ ਪ੍ਰਗਟਾਵਾ ਕੀਤਾ ਗਿਆ ਹੈ।

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਆਪਣੇ ਸਮਕਾਲੀ ਰਾਜਨੀਤਕ ਪਰਿਸਥਿਤੀਆਂ ਅਤੇ ਰਾਜ ਵਿਵਸਥਾ ਪ੍ਰਤੀ ਵੀ ਪੂਰੀ ਤਰ੍ਹਾਂ ਜਾਗਰੂਕ ਹੈ ਅਤੇ ਉਸ ਪ੍ਰਤੀ ਇਕ ਨਿਸ਼ਚਿਤ ਦ੍ਰਿਸ਼ਟੀਕੋਣ

---

1- "The use of a Uniform Script by Guru Arjan despite the variety of languages and dialects may have been another way of asserting catholicity".
-Cole, W. Owen and Sambhi, Piara Singh, the Sikhs-Their Religious Beliefs and Practices. P-52

ਰਖਦੀ ਹੈ। ਬਾਣੀ ਵਿਚੋਂ ਰਾਜ ਦੇ ਸੰਕਲਪ ਦੀ ਵਿਆਖਿਆ ਕਰਨ ਲਈ ਬਹੁਤ ਸਾਰੀ ਸਾਮਿਗ੍ਰੀ ਉਪਲਬਧ ਹੈ ਅਤੇ ਇਸ ਸਾਮਿਗ੍ਰੀ ਦੇ ਅਧਾਰ ਉਤੇ ਇਕ ਸੁਚੱਜੇ ਰਾਜ ਦੀ ਸਥਾਪਨਾ ਦੀ ਕਲਪਨਾ ਨੂੰ ਸਾਕਾਰ ਰੂਪ ਦਿੱਤਾ ਜਾ ਸਕਦਾ ਹੈ। ਪਰ ਇਥੇ ਇਸ ਸਚਾਈ ਨੂੰ ਵੀ ਧਿਆਨ ਵਿਚ ਰਖਣਾ ਉਚਿਤ ਹੋਵੇਗਾ ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਮੂਲ ਰੂਪ ਅਧਿਆਤਮਕ ਹੈ ਅਤੇ ਅਪ੍ਰਤੱਖ ਰੂਪ ਵਿਚ ਹੀ ਰਾਜ ਬਾਰੇ ਉਸ ਵਿਚੋਂ ਸਾਮਿਗ੍ਰੀ ਪ੍ਰਾਪਤ ਹੁੰਦੀ ਹੈ।

ਉਪਰੋਕਤ ਵਿਸਤਾਰ ਦੇ ਅਧਾਰ ਤੇ ਸਪਸ਼ਟ ਹੈ ਕਿ ਗੁਰੂ ਗ੍ਰੰਥ ਸਾਹਿਬ, ਗੁਰੂ ਪਦ ਉਤੇ ਸੁਸ਼ੋਭਿਤ, ਵਿਸ਼ਵ ਦਾ ਵਿਲੱਖਣ ਧਰਮ ਗ੍ਰੰਥ ਹੈ। ਇਸ ਗ੍ਰੰਥ ਨਾਲ ਜਿਥੇ ਇਕ ਪਾਸੇ ਸਿੱਖ ਧਰਮ ਦੇ ਵਿਆਪਕ ਤੇ ਉਦਾਰ ਦ੍ਰਿਸ਼ਟੀਕੋਣ ਦਾ ਪ੍ਰਗਟਾਵਾ ਹੁੰਦਾ ਹੈ ਉਥੇ ਦੂਜੇ ਪਾਸੇ ਸਿੱਖ ਪੰਥ ਦੀ ਨਵੇਕਲੀ ਹੋਂਦ ਦੀ ਸਥਾਪਨਾ ਦਾ ਅਹਿਸਾਸ ਵੀ ਉਜਾਗਰ ਹੁੰਦਾ ਹੈ। ਇਸ ਮਹਾਨ ਗ੍ਰੰਥ ਵਿਚੋਂ ਪ੍ਰਾਪਤ ਸਾਮਿਗ੍ਰੀ ਸਮਕਾਲੀ ਰਾਜ ਪ੍ਰਤੀ ਵਿਚਾਰਸ਼ੀਲ ਹੈ ਅਤੇ ਇਕ ਸੁਚੱਜੇ ਰਾਜ ਦਾ ਸੰਕਲਪ ਉਸਾਰਨ ਵਿਚ ਬਹੁਤ ਸਹਾਇਕ ਹੈ। ਅਸੀਂ ਆਪਣੇ ਖੋਜ-ਪ੍ਰਬੰਧ ਵਿਚ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚੋਂ ਵਿਸ਼ੇਸ਼ ਸਹਾਇਤਾ ਅਤੇ ਦਿਸ਼ਾ ਪ੍ਰਾਪਤ ਕੀਤੀ ਹੈ।

## ਸ੍ਰੀ ਦਸਮ ਗ੍ਰੰਥ ਸਾਹਿਬ ਜੀ[1]

'ਦਸਮ ਗ੍ਰੰਥ ਦੀ ਬਾਣੀ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਜੀ ਦੀ ਵਡਮੁੱਲੀ ਦੇਣ ਹੈ। ਅਸਲ ਵਿਚ ਸਾਹਿਤ ਰਚਨਾ, ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ-ਮੰਤਵ ਦਾ ਇਕ

---

1- ਸ੍ਰੀ ਦਸਮ ਗ੍ਰੰਥ ਸਾਹਿਬ ਜੀ,(ਦੋ ਸੈਂਚੀਆਂ) ਅੰਮ੍ਰਿਤਸਰ, ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੋ: ਬਜ਼ਾਰ ਮਾਈ ਸੇਵਾਂ, 1970

ਜ਼ਰੂਰੀ ਹਿੱਸਾ ਸੀ ਅਤੇ ਉਹਨਾਂ ਨੇ ਆਪਣਾ ਸੰਘਰਸ਼ਮਈ ਜੀਵਨ, ਹੋਰ ਰੁਝੇਵਿਆਂ ਦੇ ਬਾਵਜੂਦ ਸਾਹਿਤ ਨੂੰ ਸਮਰਪਿਤ ਕੀਤਾ ਹੋਇਆ ਸੀ। 19 ਸਾਲ ਦੀ ਆਯੂ ਵਿਚ ਗੁਰੂ ਸਾਹਿਬ ਨੇ ਪਾਉਂਟਾ ਸਾਹਿਬ ਨੂੰ ਸਾਹਿਤਕ ਕੇਂਦਰ ਦੇ ਰੂਪ ਵਿਚ ਸਥਾਪਿਤ ਕੀਤਾ ਅਤੇ ਸਾਹਿਤ ਸਿਰਜਣਾ ਦਾ ਕਾਰਜ ਅਰੰਭਿਆ। 1685 ਈ. ਤੋਂ 1689 ਈ. ਤੱਕ, ਚਾਰ ਸਾਲ ਪਾਉਂਟਾ ਸਾਹਿਬ ਸਾਹਿਤ ਦੇ ਪ੍ਰੇਮੀ ਕਵੀਆਂ ਲਿਖਾਰੀਆਂ ਅਤੇ ਹੋਰ ਰਚਨਾਕਾਰਾਂ ਲਈ ਪ੍ਰੇਰਣਾ ਸਰੋਤ ਬਣਿਆ ਰਿਹਾ। ਪਾਉਂਟਾ ਸਾਹਿਬ ਤੋਂ ਬਾਅਦ ਅਨੰਦਪੁਰ ਦੀ ਧਰਤੀ ਸਾਹਿਤਕ ਕੇਂਦਰ ਬਣ ਗਈ। 1689 ਈ. ਤੋਂ 1699 ਈ. ਤੱਕ ਗੁਰੂ ਸਾਹਿਬ ਦੀ ਸਰਪ੍ਰਸਤੀ ਹੇਠਾਂ ਅਨੰਦਪੁਰ ਦੇ ਮੁਕਾਮ ਤੇ ਵਿਦਵਾਨ ਲਿਖਾਰੀਆਂ ਅਤੇ ਕਵੀਆਂ ਵਲੋਂ ਸਾਹਿਤ ਸਿਰਜਨਾ ਦਾ ਕਾਰਜ ਨਿਰੰਤਰ ਚਲਦਾ ਰਿਹਾ। ਸਾਹਿਤ ਸਿਰਜਨਾ ਦੀ ਇਸ ਵਿਸ਼ਾਲ ਯੋਜਨਾ ਨੂੰ ਦੇਖ ਕੇ ਸਾਰੇ ਭਾਰਤ ਚੋਂ ਵਖ ਵਖ ਭਾਸ਼ਾਵਾਂ ਦੇ ਬਹੁਤ ਸਾਰੇ ਵਿਦਵਾਨ ਗੁਰੂ ਘਰ ਨਾਲ ਸਿੱਧੇ ਰੂਪ ਵਿਚ ਸਬੰਧਤ ਹੋ ਗਏ, ਅਤੇ ਦਰਬਾਰੀ ਕਵੀ ਅਤੇ ਲਿਖਾਰੀ ਅਖਵਾਉਣ ਲਗ ਪਏ। ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਦੀਆਂ ਸਾਹਿਤਕ ਗਤੀਵਿਧੀਆਂ ਦਾ ਜ਼ਿਕਰ ਕਰਦਿਆਂ ਸ੍ਰ: ਲਾਲ ਸਿੰਘ ਨੇ ਦਸਿਆ ਹੈ ਕਿ "ਗੁਰੂ ਦੇ ਦਰਬਾਰ ਵਿਚ 52 ਕਵੀ ਤੇ 36 ਲਿਖਾਰੀ ਲਗਾਤਾਰ ਸਾਹਿਤਕ ਕਾਰਜਾਂ ਵਿਚ ਜੁਟੇ ਰਹਿੰਦੇ ਸਨ ਅਤੇ 4 ਲਿਖਾਰੀ ਨਿਰੋਲ ਗੁਰੂ ਸਾਹਿਬ ਦੀ ਰਚਨਾ ਨੂੰ ਸਵੱਛ ਰੂਪ ਵਿਚ ਲਿਖਣ ਦੇ ਆਹਰ ਵਿਚ ਲਗੇ ਰਹਿੰਦੇ ਸਨ। ਇਨ੍ਹਾਂ ਤੋਂ ਬਿਨਾਂ ਅਣਗਿਣਤ ਸ਼ਰਧਾਵਾਨ ਲੇਖਕ ਗੁਰੂ ਦਰਬਾਰ ਤੋਂ ਪ੍ਰੇਰਨਾ ਲੈਂਦੇ ਅਤੇ ਗੁਰੂ ਦੇ ਚਰਨ ਪਰਸ ਕੇ ਆਪੋ ਆਪਣੀਆਂ ਰਚਨਾਵਾਂ ਇਨ੍ਹਾਂ ਦੀ ਭੇਟਾ ਕਰਦੇ ਸਨ।"[1]

ਦਸਮ ਗ੍ਰੰਥ ਦੀ ਬਾਣੀ ਦਾ ਸੰਕਲਨ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਭਾਈ ਮਨੀ ਸਿੰਘ ਨੇ ਕੀਤਾ। ਭਾਈ ਮਨੀ ਸਿੰਘ ਨੇ ਜਿਥੋਂ ਵੀ ਸਿੱਖਾਂ ਪਾਸੋਂ ਬਾਣੀ ਮਿਲਣ ਦੀ ਸੰਭਾਵਨਾ ਸੀ, ਵਿਸ਼ੇਸ਼ ਉਪਰਾਲੇ ਕਰਕੇ ਬਾਣੀ ਇਕੱਤਰ ਕੀਤੀ ਅਤੇ

---

1- ਲਾਲ ਸਿੰਘ (ਸੰਪਾਦਕ) ਚੋਣਵੀਂ ਬਾਣੀ ਦਸਮ ਗ੍ਰੰਥ, ਪੰਨਾ 34

ਉਸ ਨੂੰ ਦਸਮ ਗ੍ਰੰਥ ਦਾ ਰੂਪ ਦਿੱਤਾ। ਭਾਈ ਕਾਨ੍ਹ ਸਿੰਘ ਜੀ ਨੇ ਮਹਾਨ ਕੋਸ਼ ਵਿਚ ਇਸ ਤਥ ਦੀ ਪ੍ਰੋੜ੍ਹਤਾ ਕਰਦਿਆਂ ਦਸਿਆ ਹੈ ਕਿ ਭਾਈ ਮਨੀ ਸਿੰਘ ਨੇ "ਜਿਥੋਂ ਕਿਥੋਂ ਵਡੇ ਜਤਨ ਨਾਲ ਦਸਮ ਸਤਿਗੁਰੂ ਦੀ ਉਪਦੇਸ਼ਮਈ ਬਾਣੀ ਅਤੇ ਸੰਸਕ੍ਰਿਤ ਗ੍ਰੰਥਾਂ ਦੇ ਅਨੁਵਾਦ ਏਕਤ੍ਰ ਕਰਕੇ ਇਕ ਜਿਲਦ-'ਦਸਵੇਂ ਪਾਤਸ਼ਾਹ ਕਾ ਗ੍ਰੰਥ' ਨਾਮ ਕਰਕੇ ਲਿਖੀ।"[1] ਦਸਮ ਗ੍ਰੰਥ ਦੀ ਬੀੜ ਦੇ ਤਿਆਰ ਹੋਣ ਦਾ ਸਮਾਂ ਦਸਮ ਪਾਤਸ਼ਾਹ ਦੇ ਜੋਤੀ ਜੋਤਿ ਸਮਾਉਣ(1708 ਈ) ਤੋਂ ਬਾਅਦ ਅਤੇਭਾਈ ਮਨੀ ਸਿੰਘ ਦੀ ਸ਼ਹਾਦਤ(1737 ਈ.) ਤੋਂ ਪਹਿਲਾਂ ਦਾ ਨਿਸ਼ਚਿਤ ਕੀਤਾ ਜਾ ਸਕਦਾ ਹੈ। ਸੀ ਐਚ ਲੋਹਲਿਨ ਅਨੁਸਾਰ ਦਸਮ ਗ੍ਰੰਥ ਦਾ ਸੰਕਲਨ ਭਾਈ ਮਨੀ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਤੋਂ 26ਸਾਲ ਬਾਅਦ ਕੀਤਾ।[2]

ਦੋ ਸੈਂਚੀਆਂ ਵਿਚ ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਅੰਮ੍ਰਿਤਸਰ ਦੁਆਰਾ ਪ੍ਰਕਾਸ਼ਿਤ ਦਸਮ ਗ੍ਰੰਥ ਦੇ ਵਰਤਮਾਨ ਰੂਪ ਵਿਚ ਸੰਕਲਿਤ ਬਾਣੀਆਂ ਦਾ ਕ੍ਰਮ ਇਸ ਪ੍ਰਕਾਰ ਹੈ -(1) ਜਾਪ, (2) ਅਕਾਲ ਉਸਤਤਿ,(3) ਬਚਿਤ੍ਰ ਨਾਟਕ,(4) ਚੰਡੀ ਚਰਿਤ੍ਰ, (5) ਚੰਡੀ ਚਰਿਤ੍ਰ ਦੂਜਾ, (6) ਵਾਰ ਸ੍ਰੀ ਭਗਉਤੀ ਜੀ ਕੀ, (7) ਗਿਆਨ ਪ੍ਰਬੋਧ, (8) ਚੌਬੀਸ ਅਵਤਾਰ, (9) ਬ੍ਰਹਮ ਅਵਤਾਰ, (10) ਰੁਦ੍ਰ ਅਵਤਾਰ,(11) ਸ਼ਬਦ ਹਜ਼ਾਰੇ,(12) ਸਵੈਯੇ (33), (13) ਖਾਲਸਾ ਮਹਿਮਾ, (14) ਸ਼ਸਤ੍ਰ ਨਾਮ-ਮਾਲਾ, (15) ਚਰਿਤ੍ਰੋਪਾਖਿਆਨ, (16) ਜ਼ਫਰਨਾਮਾ ਅਤੇ ਹਕਾਇਤਾਂ। ਅਸੀਂ ਦਸਮ ਗ੍ਰੰਥ ਦੇ ਇਸੇ ਪ੍ਰਕਾਸ਼ਿਤ ਰੂਪ ਨੂੰ ਆਧਾਰ ਬਣਾਇਆ ਹੈ।

ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਨਿਗਰਾਨੀ ਹੇਠਾਂ ਤਿੰਨ ਭਾਗਾਂ ਵਿਚ ਦਸਮ ਗ੍ਰੰਥ ਦਾ ਸ਼ਬਦਾਰਥ ਤਿਆਰ ਕਰਨ ਦਾ ਕਾਰਜ ਵੀ 1967 ਤੋਂ ਆਰੰਭ ਹੈ। ਹੁਣ ਤਕ ਪਹਿਲੀਆਂ ਦੋ ਪੋਥੀਆਂ ਪ੍ਰਕਾਸ਼ਤ ਹੋ ਚੁੱਕੀਆਂ ਹਨ ਅਤੇ ਤੀਜੀ ਪੋਥੀ ਅਜੇ ਪ੍ਰਕਾਸ਼ਨ ਅਧੀਨ ਹੈ। ਬਾਣੀ ਦੇ ਅਧਿਐਨ ਨੂੰ ਸੁਖੇਨ ਬਣਾਉਣ ਵਿਚ

---

1- ਨਾਭਾ,ਭਾਈ ਕਾਨ੍ਹ ਸਿੰਘ, '<u>ਮਹਾਨ ਕੋਸ਼</u>'; ਪੰਨਾ 616

2- Leohlin, C.H. the Sikhs and their scriptures, P-41

ਵਿਚ ਇਹ ਸ਼ਬਦਾਰਥ ਬਹੁਤ ਸਹਾਇਕ ਸਿੱਧ ਹੋ ਰਿਹਾ ਹੈ। ਪਰ ਇਸ 'ਸ਼ਬਦਾਰਥ ਦਸਮ ਗ੍ਰੰਥ ਸਾਹਿਬ' ਵਿਚ ਬਾਣੀਆਂ ਦਾ ਕ੍ਰਮ ਪਹਿਲਾਂ ਪ੍ਰਕਾਸ਼ਿਤ ਦਸਮ ਗ੍ਰੰਥ ਤੋਂ ਬਦਲਿਆ ਹੋਇਆ ਹੈ।[1]

ਦਸਮ ਗ੍ਰੰਥ ਵਿਚ ਸੰਕਲਿਤ ਬਾਣੀ ਦੀ ਪ੍ਰਮਾਣਿਕਤਾ ਕਾਫ਼ੀ ਵਾਦ-ਵਿਵਾਦ ਦਾ ਵਿਸ਼ਾ ਬਣੀ ਰਹੀ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਭਾਈ ਮਨੀ ਸਿੰਘ ਦੀ ਸ਼ਹਾਦਤ ਤੋਂ ਬਾਅਦ ਦਸਮ ਗ੍ਰੰਥ ਦੀ ਬੀੜ ਨੂੰ ਸਿਖਾਂ ਦੀ ਕਾਸ਼ੀ, ਦਮਦਮਾ ਸਾਹਿਬ ਵਿਖੇ ਭੇਜਿਆ ਗਿਆ ਅਤੇ ਸਿੱਖ ਪੰਥ ਨੇ ਇਸ ਗ੍ਰੰਥ ਪ੍ਰਤੀ ਸਪਸ਼ਟ ਅਤੇ ਨਿਰਣਾਇਕ ਦ੍ਰਿਸ਼ਟੀਕੋਣ ਅਪਨਾਉਣ ਲਈ ਲੰਮੀ ਚਰਚਾ ਕੀਤੀ। ਕੁਝ ਦਾ ਵਿਚਾਰ ਸੀ ਕਿ ਦਸਮ ਗ੍ਰੰਥ ਦੀ ਸਾਰੀ ਬਾਣੀ ਨੂੰ ਇਕੋ ਜਿਲਦ ਵਿਚ ਇਕਤ੍ਰ ਰਖਿਆ ਜਾਵੇ ਅਤੇ ਕੁਝ ਦਾ ਵਿਚਾਰ ਸੀ ਕਿ ਬੀੜ ਦੀਆਂ ਅਲਗ ਅਲਗ ਪੋਥੀਆਂ ਬਣਾ ਦਿੱਤੀਆਂ ਜਾਣ। ਇਕ ਵਿਚਾਰ ਇਹ ਵੀ ਸਾਹਮਣੇ ਆਇਆ ਕਿ ਗੁਰੂ ਗੋਬਿੰਦ ਸਿੰਘ ਦੀ ਸ੍ਰੀ ਮੁਖਵਾਕ ਰਚਨਾ ਨੂੰ ਇਕ ਜਿਲਦ ਵਿਚ ਸੰਕਲਿਤ ਕਰਨਾ ਚਾਹੀਦਾ ਹੈ ਅਤੇ ਬਾਕੀ ਬਾਣੀ ਨੂੰ ਦੂਜੀ ਜਿਲਦ ਵਿਚ ਇਕਤ੍ਰ ਕਰ ਦੇਣਾ ਚਾਹੀਦਾ ਹੈ। ਪਰ ਅੰਤ ਵਿਚ ਪੰਥ ਨੇ ਦਸਮ ਗ੍ਰੰਥ ਦੀ ਬੀੜ ਨੂੰ ਭਾਈ ਮਨੀ ਸਿੰਘ ਜੀ ਦੁਆਰਾ ਲਿਖੇ ਕ੍ਰਮ ਅਨੁਸਾਰ ਹੀ ਕਾਇਮ ਰਖਣ ਦਾ ਫੈਸਲਾ ਕੀਤਾ।[2] ਸ੍ਰ:ਲਾਲ ਸਿੰਘ ਨੇ ਦਸਮ ਗ੍ਰੰਥ ਦੀ ਪ੍ਰਮਾਣਿਕਤਾ ਦੇ ਸਬੰਧ ਵਿਚ ਆਪਣੀ ਸਪਸ਼ਟ ਰਾਇ ਦਿੱਤੀ ਹੈ। ਉਹਨਾਂ ਅਨੁਸਾਰ "ਅਜੇਹੀ ਹਾਲਤ ਵਿਚ 'ਦਸਮ ਗ੍ਰੰਥ' ਦੀ ਪ੍ਰਮਾਣਿਕਤਾ ਭਾਵੇਂ 'ਗੁਰੂ ਗ੍ਰੰਥ ਸਾਹਿਬ' ਦੇ ਤੁਲ ਸਮਝਣੀ ਤਾਂ ਸੰਭਵ ਨਹੀਂ, ਪਰ ਇਸ ਦੀ ਲਿਖਤ ਹਜ਼ੂਰੀਏ ਸਿੱਖ ਭਾਈ ਮਨੀ ਸਿੰਘ ਦੇ ਹਥੋਂ ਹੋਣ ਕਰਕੇ ਅਤੇ ਉਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਤਿੰਨ ਅੰਮ੍ਰਿਤ ਬਾਣੀਆਂ

---

1- ਭਾਈ ਰਣਧੀਰ ਸਿੰਘ,(ਸੰਪਾਦਕ)ਸ਼ਬਦਾਰਥ ਦਸਮ ਗ੍ਰੰਥ ਸਾਹਿਬ,'ਪੰਜਾਬੀ ਯੂਨੀਵਰਸਿਟੀ,ਪਟਿਆਲਾ(ਪੋਥੀ ਪਹਿਲੀ ਅਤੇ ਦੂਜੀ) ਦੂਜਾ ਸੰਸਕਰਣ(1985 ਤੇ 1982)

2- ਨਾਭਾ, ਭਾਈ ਕਾਨ੍ਹ ਸਿੰਘ, ਮਹਾਨ ਕੋਸ਼, ਪੰਨਾ 616

-ਜਾਪੁ ਸਾਹਿਬ, ਸੁਧਾ ਸਵੈਯੇ ਤੇ ਚੌਪਈ ਦਰਜ ਹੋਣ ਕਾਰਣ ਇਸ ਦੀ ਵਡਿਆਈ ਨੂੰ ਛੁਟਿਆਇਆ ਵੀ ਨਹੀਂ ਜਾ ਸਕਦਾ। ਉਪਰੋਕਤ ਤਿੰਨੇ ਬਾਣੀਆਂ ਅੰਮ੍ਰਿਤ ਪ੍ਰਚਾਰ ਦੀਆਂ ਬਾਣੀਆਂ ਹੋਣ ਤੋਂ ਇਲਾਵਾ ਸਿੱਖਾਂ ਦੇ ਨਿਤਨੇਮ ਦਾ ਵੀ ਅੰਗ ਹਨ। ਜਾਪੁ ਸਾਹਿਬ ਤੇ ਸਵੈਯੇ ਅੰਮ੍ਰਿਤ ਵੇਲੇ ਅਤੇ ਚੌਪਈ ਪਾਤਸ਼ਾਹੀ 10 ਸ਼ਾਮ ਨੂੰ ਰਹਿਰਾਸ ਨਾਲ ਪੜ੍ਹੀ ਜਾਂਦੀ ਹੈ। ਇਨ੍ਹਾਂ ਬਾਣੀਆਂ ਦੀ ਪ੍ਰਮਾਣਿਕਤਾ ਉਤੇ ਰੰਚਕ ਮਾਤਰ ਵੀ ਸੰਦੇਹ ਦੀ ਗੁੰਜਾਇਸ਼ ਨਹੀਂ - ਕਿਉਂਕਿ ਅਣਗਿਣਤ ਗੁਰੂ ਦੇ ਸਿੱਖ ਸਨੇ ਬਸਨੇ ਇਨ੍ਹਾਂ ਬਾਣੀਆਂ ਨੂੰ ਆਪਣੇ ਕੰਠ ਵਿਚ ਪਰੋ ਕੇ ਸੰਭਾਲੀ ਆ ਰਹੇ ਹਨ।"[1] ਪ੍ਰੋ: ਪਿਆਰਾ ਸਿੰਘ ਪਦਮ ਸਾਰੇ ਦਸਮ ਗ੍ਰੰਥ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਮੰਨਦੇ ਹਨ ਅਤੇ ਦਸਦੇ ਹਨ ਕਿ "ਦਸਮ ਗ੍ਰੰਥ ਇਕ ਪੁਸਤਕ ਨਹੀਂ ਬਲਕਿ ਦਸਮੇਸ਼ ਜੀ ਦੁਆਰਾ ਰਚਿਤ ਹਿੰਦੀ, ਫਾਰਸੀ ਤੇ ਪੰਜਾਬੀ ਦੀਆਂ ਅਨੇਕ ਰਚਨਾਵਾਂ ਦਾ ਸੰਗ੍ਰਹਿ ਹੈ। ਇਸ ਨੂੰ ਅਸੀਂ 'ਗੁਰੂ ਗੋਬਿੰਦ ਸਿੰਘ ਗ੍ਰੰਥਾਵਲੀ' ਕਹਿ ਸਕਦੇ ਹਾਂ।"[2] ਸ: ਰਣਧੀਰ ਸਿੰਘ ਅਨੁਸਾਰ ਵੀ ਸਮੁੱਚਾ ਦਸਮ ਗ੍ਰੰਥ ਗੁਰੂ ਗੋਬਿੰਦ ਸਿੰਘ ਦੁਆਰਾ ਰਚਿਆ ਗਿਆ ਹੈ। ਉਹਨਾਂ ਦੀ ਲਿਖਤ ਇਸ ਪ੍ਰਕਾਰ ਹੈ - ਸਹੀ ਗਲ ਤਾਂ ਇਹੋ ਹੈ, ਕਿ ਸਤਿਗੁਰਾਂ ਨੇ 'ਬਚਿਤ੍ਰ ਨਾਟਕ' ਤੇ ਗਿਆਨ ਪ੍ਰਬੋਧ ਦੋਵੇਂ ਗ੍ਰੰਥ, ਜਿਨ੍ਹਾਂ ਦੇ ਸਮੁੱਚੇ ਸੰਚੇ ਦਾ ਨਾਮ 'ਦਸਵੇਂ ਪਾਤਿਸ਼ਾਹ ਦਾ ਗ੍ਰੰਥ' ਪ੍ਰਸਿੱਧ ਹੋ ਗਿਆ ਹੈ; ਸਿੱਖਾਂ ਨੂੰ 'ਸੂਰੇ-ਸੰਤ' ਤੇ 'ਰਸਕ ਬੈਰਾਗੀ' ਪੂਰਨ ਪੁਰਖ (ਮੁਕੰਮਲ ਇਨਸਾਨ) ਬਣਾਉਣ ਲਈ, ਖੁਦ ਅਣਥਕ ਖੇਚਲ ਕਰਕੇ ਰਚੇ ਹਨ। ਕਿਸੇ ਹੋਰ ਦਰਬਾਰੀ ਕਵੀ ਯਾ ਕਵੀਆਂ - ਦਾ ਇਨ੍ਹਾਂ ਨਾਲ ਕੋਈ ਲਾਗਾ-ਦੇਗਾ ਨਹੀਂ।"[3]

---

1- ਲਾਲ ਸਿੰਘ (ਸੰਪਾਦਕ); ਚੋਣਵੀਂ ਬਾਣੀ ਦਸਮ ਗ੍ਰੰਥ, ਪੰਨਾ 36

2- ਪਦਮ, ਪ੍ਰੋ: ਪਿਆਰਾ ਸਿੰਘ; ਦਸਮ ਗ੍ਰੰਥ ਦਰਸ਼ਨ, ਪੰਨਾ 12

3- ਰਣਧੀਰ ਸਿੰਘ; ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਬਦਿ-ਮੂਰਤਿ-ਦਸਵੇਂ ਪਾਤਿਸ਼ਾਹ ਕੇ ਗ੍ਰੰਥ ਦਾ ਇਤਿਹਾਸ, ਪੰਨਾ 74-75

ਪਰ ਡਾ: ਰਤਨ ਸਿੰਘ ਜੱਗੀ ਨੇ ਆਪਣੇ ਖੋਜ ਪ੍ਰਬੰਧ ਵਿਚ ਬਹੁਤ ਸਾਰੇ ਵਿਸ਼ਲੇਸ਼ਣਾਤਮਕ ਅਧਿਐਨ ਤੋਂ ਬਾਅਦ ਇਹ ਸਿੱਟਾ ਕਢਿਆ ਹੈ ਕਿ ਦਸਮ ਗ੍ਰੰਥ ਵਿਚ ਸੰਕਲਿਤ ਸਾਰੀ ਬਾਣੀ ਗੁਰੂ ਗੋਬਿੰਦ ਸਿੰਘ ਜੀ ਦੀ ਨਹੀਂ। ਉਹਨਾ ਦਾ ਵਿਚਾਰ ਇਸ ਪ੍ਰਕਾਰ ਹੈ:-

> "ਜਾਪੁ, ਅਕਾਲ ਉਸਤਤਿ (201 ਤੋਂ 230 ਛੰਦ ਛਡ ਕੇ) ਸਵੈਯੇ (33), ਜ਼ਫਰਨਾਮਾ ਆਦਿ ਦਸਮ ਗੁਰੂ ਦੀਆਂ ਪ੍ਰਮਾਣਿਕ ਰਚਨਾਵਾਂ ਹਨ। ਸ਼ਬਦ ਹਜ਼ਾਰੇ, ਖਾਲਸਾ ਮਹਿਮਾ ਅਤੇ ਗਿਆਨ ਪ੍ਰਬੋਧ ਦਾ ਸਰੂਪ ਕੁਝ ਸੰਦਿਗਧ ਹੈ ਪਰ ਪੌਰਾਣਿਕ ਕ੍ਰਿਤੀਆਂ - ਅਪਨੀ ਕਥਾ, ਚੰਡੀ ਚਰਿਤ੍ਰ 'ਉਕਤਿ ਬਿਲਾਸ', ਚੰਡੀ ਚਰਿਤ੍ਰ ਦੂਜਾ, ਚੌਬੀਸ ਅਵਤਾਰ, ਬ੍ਰਹਮਾ ਅਵਤਾਰ, ਰੁਦ੍ਰ ਅਵਤਾਰ, ਵਾਰ ਦੁਰਗਾ ਕੀ, ਚਰਿਤ੍ਰੋਪਾਖਿਆਨ ਅਤੇ ਸ਼ਸਤ੍ਰਨਾਮ-ਮਾਲਾ ਦਸਮ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਨਹੀਂ ਹਨ।[1]"

ਸੀ.ਐਚ.ਲੋਹਲਿਨ ਅਨੁਸਾਰ ਦਸਮ ਗ੍ਰੰਥ ਵਿਚ ਜਾਪ ਸਾਹਿਬ, ਅਕਾਲ ਉਸਤਤਿ, ਬਚਿਤ੍ਰ ਨਾਟਕ, ਚੰਡੀ ਦੀ ਵਾਰ, ਗਿਆਨ ਪ੍ਰਬੋਧ, ਸ਼ਬਦ ਹਜਾਰੇ ਤੇ ਸਵੈਯੇ ਅਤੇ ਜ਼ਫ਼ਰਨਾਮਾ ਗੁਰੂ ਗੋਬਿੰਦ ਸਿੰਘ ਜੀ ਦੀਆਂ ਆਪਣੀਆਂ ਰਚਨਾਵਾਂ ਹਨ ਅਤੇ ਬਾਕੀ ਗ੍ਰੰਥ ਵਿਚ ਉਹਨਾਂ ਦੀ ਸਰਪ੍ਰਸਤੀ ਹੇਠਾਂ ਦਰਬਾਰੀ ਕਵੀਆਂ ਅਤੇ ਅਨੁਵਾਦਕਾਂ ਦੀਆਂ ਰਚਨਾਵਾਂ ਦਾ ਸੰਕਲਨ ਹੈ।[2]

ਦਸਮ ਗ੍ਰੰਥ ਦੀ ਪਰਮਾਣਿਕਤਾ ਬਾਰੇ ਵਿਦਵਾਨਾਂ ਦੇ ਵਾਦ ਵਿਵਾਦ ਨੂੰ ਇਥੇ ਸੰਕੇਤ ਮਾਤਰ ਪ੍ਰਸਤੁਤ ਕੀਤਾ ਗਿਆ ਹੈ। ਸਾਡਾ ਇਸ ਵਾਦ ਵਿਵਾਦ ਵਿਚ ਪੈਣਾ ਨਾ ਉਚਿਤ ਹੈ ਅਤੇ ਨਾ ਹੀ ਲੋੜੀਂਦਾ। ਅਸੀਂ ਦਸਮ ਗ੍ਰੰਥ ਨੂੰ ਇਕ ਅਹਿਮ ਧਰਮ ਗ੍ਰੰਥ ਮੰਨਦੇ ਹਾਂ ਅਤੇ ਉਸ ਦੀ ਉਚੇਰੀ ਧਾਰਮਕ ਅਤੇ ਸਾਹਿਤਕ ਮਹੱਤਤਾ ਦੇ ਮੁਦਈ ਹਾਂ। ਦਸਵੇਂ ਗੁਰੂ ਦੇ ਨਾਮ ਨਾਲ ਸਬੰਧਿਤ ਹੋਣ ਕਾਰਨ ਇਕ ਸਿੱਟਾ ਤਾਂ ਸਪਸ਼ਟ ਉਭਰਦਾ ਹੈ ਕਿ ਇਸ ਨੂੰ

---

1- ਜੱਗੀ, ਰਤਨ ਸਿੰਘ; <u>ਦਸਮ ਗ੍ਰੰਥ ਦਾ ਕਰਤ੍ਰਿਤਵ</u>, ਪੰਨਾ 195

2- Loehlin, C.H., The Sikhs and their scriptures, P.40-41

ਗੁਰੂ ਸਾਹਿਬ ਦੀ ਸਰਪ੍ਰਸਤੀ ਹਾਸਿਲ ਹੈ। ਇਸੇ ਕਾਰਨ, ਇਸ ਗ੍ਰੰਥ ਦੇ ਮਹੱਤਵ ਨੂੰ ਨਕਾਰਿਆ ਨਹੀਂ ਜਾ ਸਕਦਾ।

## ਵਾਰਾਂ ਭਾਈ ਗੁਰਦਾਸ[1]

'ਵਾਰਾਂ ਭਾਈ ਗੁਰਦਾਸ' ਗੁਰਮਤ ਅਤੇ ਪੰਜਾਬੀ ਸਾਹਿਤ ਦੀ ਅਨਮੋਲ ਕ੍ਰਿਤ ਹੈ। ਆਪਣੇ ਸਮਕਾਲੀ ਰਾਜਸੀ ਢਾਂਚੇ ਅਤੇ ਸਮਾਜੀ ਬਣਤਰ ਨੂੰ ਦ੍ਰਿਸ਼ਟੀ ਵਿਚ ਰਖਦਿਆਂ, ਗੁਰੂ ਪਰੰਪਰਾ, ਗੁਰ ਇਤਿਹਾਸ ਅਤੇ ਗੁਰਮਤ ਦੇ ਸਿਧਾਂਤਾਂ ਦੀ ਵਿਆਖਿਆ ਨੂੰ ਜਿਸ ਤਰ੍ਹਾਂ ਵਾਰਾਂ ਦੀ ਕਾਵਿਕ ਬੰਦਸ਼ ਵਿਚ ਭਾਈ ਗੁਰਦਾਸ ਜੀ ਨੇ ਪ੍ਰਸਤੁਤ ਕੀਤਾ ਹੈ, ਉਸਦੀ ਤੁਲਨਾ ਕਿਸੇ ਹੋਰ ਰਚਨਾ ਨਾਲ ਨਹੀਂ ਕੀਤੀ ਜਾਸਕਦੀ। ਇਹਨਾਂ ਵਾਰਾਂ ਨੇ ਭਾਈ ਗੁਰਦਾਸ ਜੀ ਨੂੰ ਪੰਜਾਬੀ ਕਾਵਿ ਅਤੇ ਗੁਰਮਤ ਸਾਹਿਤ ਦੇ ਇਤਿਹਾਸ ਵਿਚ ਅਦੁਤੀ ਸਥਾਨ ਦਿਵਾਇਆ ਹੈ।

ਗੁਰਬਾਣੀ ਦੇ ਵਿਆਖਿਆਕਾਰ ਭਾਈ ਗੁਰਦਾਸ ਜੀ ਦੇ ਜਨਮ ਅਤੇ ਮੁਢਲੇ ਜੀਵਨ ਬਾਰੇ ਸਿਖ ਇਤਿਹਾਸ ਤੋਂ ਕੋਈ ਠੋਸ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ। ਆਪਣੀ ਰਚਨਾਵਾਂ ਵਿਚ ਵੀ ਭਾਈ ਸਾਹਿਬ ਨੇ ਆਪਣੇ ਬਾਰੇ ਕਿਤੇ ਕੋਈ ਜ਼ਿਕਰ ਨਹੀਂ ਕੀਤਾ। ਪ੍ਰਮਾਣਿਕ ਜਾਣਕਾਰੀ ਦੀ ਅਣਹੋਂਦ ਵਿਚ ਵਿਦਵਾਨਾਂ ਨੇ ਇਸ ਪਾਸੇ ਆਪਣੇ ਆਪਣੇ ਅਨੁਮਾਨਾਂ ਦੇ ਆਧਾਰ ਤੇ ਜੋ ਵੀ ਸਿੱਟੇ ਕਢੇ ਹਨ ਉਹਨਾਂ ਨੂੰ ਅੰਤਿਮ ਨਹੀਂ ਮੰਨਿਆ ਜਾ ਸਕਦਾ। ਪਰ ਫਿਰ ਵੀ ਇਕ ਤੱਥ, ਜਿਸ ਉਤੇ ਸਾਰੇ ਵਿਦਵਾਨ ਸਹਿਮਤ ਹਨ ਉਹ ਇਹ ਹੈ ਕਿ ਭਾਈ ਗੁਰਦਾਸ

---

1- ਭਾਈ ਵੀਰ ਸਿੰਘ (ਸੰਪਾਦਕ), ਵਾਰਾਂ ਭਾਈ ਗੁਰਦਾਸ (ਟੀਕਾਕਾਰ ਗਿਆਨੀ ਹਜਾਰਾ ਸਿੰਘ ਪੰਡਿਤ) (ਅੰਮ੍ਰਿਤਸਰ, ਖਾਲਸਾ ਸਮਾਚਾਰ, ਹਾਲ ਬਾਜਾਰ 1972)

ਜੀ ਗੁਰੂ ਅਮਰਦਾਸ ਜੀ ਦੇ ਭਤੀਜੇ ਅਤੇ ਗੁਰੂ ਅਰਜਨ ਦੇਵ ਜੀ ਦੇ ਰਿਸ਼ਤੇ ਵਿਚੋਂ ਮਾਮੇ ਲਗਦੇ ਸਨ ਅਤੇ ਉਹ ਤੀਜੇ ਗੁਰੂ, ਅਮਰਦਾਸ ਜੀ ਤੋਂ ਲੈ ਕੇ ਛੇਵੇਂ ਗੁਰੂ ਹਰਿਗੋਬਿੰਦ ਜੀ ਤੱਕ ਉਘੇ ਪ੍ਰਬੰਧਕ ਅਤੇ ਸਾਹਿਤਕਾਰ ਦੇ ਨਾਤੇ ਗੁਰੂ ਘਰ ਵਿਚ ਮਹੱਤਵਪੂਰਣ ਭੂਮਿਕਾ ਨਿਭਾਉਂਦੇ ਰਹੇ ਹਨ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ "ਭਾਈ ਗੁਰਦਾਸ ਜੀ ਸਤਿਗੁਰੂ ਦੇ ਸੱਚੇ ਸਿੱਖਾਂ, ਬੀਬੀ ਭਾਨੀ ਜੀ ਦੇ ਨੇੜਿਓਂ ਭਾਈ ਸਨ। ਇਨ੍ਹਾਂ ਨੇ ਚੌਥੇ ਸਤਿਗੁਰਾਂ ਤੋਂ 1636 (ਸੰਮਤ) ਵਿਚ ਸਿੱਖ ਧਰਮ ਧਾਰਣ ਕੀਤਾ ਅਤੇ ਗੁਰਬਾਣੀ ਦਾ ਸਿਧਾਂਤ ਪੰਜਵੇਂ ਸਤਿਗੁਰਾਂ ਤੋਂ ਸਮਝਿਆ। ਸਿਖ ਮਤ ਦੇ ਪ੍ਰਚਾਰਕ ਹੋ ਕੇ ਇਨ੍ਹਾਂ ਨੇ ਧਰਮ ਦੇ ਨਿਯਮ ਚੰਗੀ ਤਰ੍ਹਾਂ ਫੈਲਾਏ। ਲਾਹੌਰ, ਆਗਰਾ, ਕਾਸ਼ੀ ਆਦਿਕ ਅਸਥਾਨਾਂ ਵਿਚ ਸਿੱਖ ਧਰਮ ਦਾ ਪ੍ਰਚਾਰ ਕਰਦੇ ਰਹੇ।[1]" ਗੁਰੂ ਸਾਹਿਬਾਨ ਭਾਈ ਗੁਰਦਾਸ ਜੀ ਦੀ ਵਿਦਵਤਾ ਤੋਂ ਬਹੁਤ ਪ੍ਰਭਾਵਤ ਸਨ। ਇਸੇ ਲਈ ਜਦੋਂ ਅਕਬਰ ਬਾਦਸ਼ਾਹ ਨੇ 1578 ਈ. ਵਿਚ 'ਸਰਬ ਧਰਮ ਸੰਮੇਲਨ' ਆਯੋਜਿਤ ਕਰਨ ਲਈ ਵਖ ਵਖ ਮਜ਼ਹਬਾਂ ਤੇ ਫਿਰਕਿਆਂ ਦੇ ਨੁਮਾਇੰਦਿਆਂ ਨੂੰ ਸੱਦਾ ਘੱਲਿਆ, ਤਾਂ ਗੁਰੂ ਰਾਮਦਾਸ ਜੀ ਨੇ ਭਾਈ ਗੁਰਦਾਸ ਜੀ ਨੂੰ ਅਪਣਾ ਪ੍ਰਤੀਨਿਧ ਥਾਪ ਕੇ ਸਮਾਗਮ ਵਿਚ ਹਿੱਸਾ ਲੈਣ ਲਈ ਆਗਰੇ ਭੇਜਿਆ। 'ਦੀਨਿ ਇਲਾਹੀ' ਇਸੇ ਸਰਬ ਧਰਮ ਸੰਮੇਲਨ ਦੀ ਪ੍ਰਾਪਤੀ ਸੀ।[2]

ਭਾਈ ਗੁਰਦਾਸ ਦੀਆਂ ਵਾਰਾਂ ਦੀ ਗਿਣਤੀ ਬਾਰੇ ਵਿਦਵਾਨ ਇਕ ਰਾਇ ਨਹੀਂ ਹਨ। ਭਾਈ ਵੀਰ ਸਿੰਘ ਦੁਆਰਾ ਸੰਪਾਦਿਤ ਵਾਰ-ਸੰਗ੍ਰਹਿ ਵਿਚ ਵਾਰਾਂ ਦੀ ਗਿਣਤੀ 41 ਹੈ। ਪਰ ਇਸੇ ਵਾਰ ਸੰਗ੍ਰਹਿ ਵਿਚ ਸੰਪਾਦਕ ਨੇ ਸਪਸ਼ਟ ਕੀਤਾ ਹੈ ਕਿ 41ਵੀਂ ਵਾਰ ਕਿਸੇ ਹੋਰ 'ਭਾਈ ਗੁਰਦਾਸ ਸਿੰਘ' ਨਾਮੀ ਕਵੀ ਦੀ ਰਚਨਾ ਹੈ ਜੋ ਦਸਮੇਸ਼ ਜੀ ਤੋਂ ਬਹੁਤ ਚਿਰ

---

1- ਨਾਭਾ, ਭਾਈ ਕਾਨ੍ਹ ਸਿੰਘ; ਮਹਾਨ ਕੋਸ਼' ਪੰਨਾ-416

2- ਰਣਧੀਰ ਸਿੰਘ, ਭਾਈ ਗੁਰਦਾਸ ਭੱਲੇ ਦਾ ਸੰਖੇਪ ਜੀਵਨ-ਲੇਖ, ਭਾਈ ਗੁਰਦਾਸ ਜੀਵਨ ਤੇ ਰਚਨਾ (ਪਟਿਆਲਾ, ਭਾਸ਼ਾ ਵਿਭਾਗ, ਪੰਜਾਬ, 1983) ਪੰਨਾ 5

ਪਿਛੋਂ ਹੋਇਆ ਹੈ।[1] ਭਾਈ ਕਾਨ੍ਹ ਸਿੰਘ ਨਾਭਾ ਨੇ ਵੀ ਵਾਰਾਂ ਦੀ ਗਿਣਤੀ 40 ਮੰਨੀ ਹੈ ਅਤੇ ਸਪਸ਼ਟ ਕੀਤਾ ਹੈ ਕਿ 41ਵੀਂ ਵਾਰ ਕਿਸੇ ਪ੍ਰੇਮੀ ਸਿੱਖ ਕਵੀ ਨੇ ਜੋੜੀ ਹੈ।[2] ਪਰ ਡਾ:ਗੁਰਬਖਸ਼ ਸਿੰਘ ਸਾਂਤ ਨੇ ਆਪਣੀ ਖੋਜ ਵਿਚ ਡਾ:ਤਾਰਨ ਸਿੰਘ, ਪ੍ਰੋ:ਪਿਆਰਾ ਸਿੰਘ ਪਦਮ, ਡਾ:ਗੋਪਾਲ ਸਿੰਘ, ਪ੍ਰਿੰ:ਤੇਜਾ ਸਿੰਘ ਅਤੇ ਡਾ:ਮੋਹਨ ਸਿੰਘ ਦੀਵਾਨਾ ਆਦਿ ਵਿਦਵਾਨਾਂ ਦੇ ਵਿਚਾਰਾਂ ਦੀ ਵਿਆਖਿਆ ਕਰਕੇ ਇਹ ਸਿੱਟਾ ਕਢਿਆ ਹੈ ਕਿ ਭਾਈ ਸਾਹਿਬ ਦੀਆਂ ਵਾਰਾਂ ਦੀ ਗਿਣਤੀ 39 ਹੈ। ਉਹਨਾਂ ਅਨੁਸਾਰ ਜਿਸ ਤਰ੍ਹਾਂ 41ਵੀਂ ਵਾਰ ਦੀ ਰਚਨਾ ਕਿਸੇ ਹੋਰ ਕਵੀ ਨੇ ਕੀਤੀ ਹੈ ਜਿਸ ਨੂੰ ਭਾਈ ਗੁਰਦਾਸ ਦੂਜਾ ਕਿਹਾ ਜਾਂਦਾ ਹੈ, ਉਸੇ ਤਰ੍ਹਾਂ 40ਵੀਂ ਵਾਰ ਵੀ ਕਿਸੇ ਹੋਰ ਕਵੀ ਦੁਆਰਾ ਬਾਅਦ ਵਿਚ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਜੋੜੀ ਗਈ ਹੈ।[3]

ਭਾਈ ਸਾਹਿਬ ਦੇ ਵਾਰ ਸੰਗ੍ਰਹਿ ਦਾ ਵਿਸ਼ਾ-ਵਸਤ ਗੁਰੂ ਘਰ, ਗੁਰਮਤ ਅਤੇ ਗੁਰਬਾਣੀ ਉਤੇ ਅਧਾਰਿਤ ਹੈ। ਗੁਰੂ ਘਰ ਵਿਚ ਵਾਪਰਨ ਵਾਲੀ ਘਟਨਾ ਭਾਈ ਸਾਹਿਬ ਦੀਆਂ ਰਚਨਾਵਾਂ ਦੇ ਵਿਸ਼ੇ ਵਸਤੂ ਦਾ ਹਿੱਸਾ ਬਣ ਜਾਂਦਾ ਹੈ। ਵਾਰਾਂ ਦੇ ਅਧਿਐਨ ਤੋਂ ਭਾਈ ਗੁਰਦਾਸ ਜੀ ਦੀ ਗੁਰੂ ਘਰ ਨਾਲ ਸਾਂਝ ਦਾ ਅਨੁਭਵ ਸਹਿਜੇ ਹੀ ਹੋ ਜਾਂਦਾ ਹੈ। ਡਾ: ਗੁਰਬਖਸ਼ ਸਿੰਘ ਸਾਂਤ ਨੇ ਆਪਣੀ ਪੁਸਤਕ ਵਿਚ, ਵਿਸ਼ੇ ਦੇ ਪਖੋਂ ਭਾਈ ਗੁਰਦਾਸ ਦੀਆਂ ਵਾਰਾਂ ਦੇ ਤਿੰਨ ਭਾਗ ਕਰਨਾ ਉਚਿਤ ਮੰਨਿਆ ਹੈ। "ਪਹਿਲੀਆਂ 19 ਵਾਰਾਂ ਦਾ ਵਿਸ਼ਾ ਪਾਰਬ੍ਰਹਮ, ਜਗਤ ਉਤਪਤੀ, ਗੁਰੂ ਦੀ ਵਿਸ਼ੇਸ਼ਤਾ ਅਤੇ ਗੁਰਮੁਖ ਦਾ ਆਦਰਸ਼ਕ ਆਚਰਨ ਹੈ।

---

1- <u>ਵਾਰਾਂ ਭਾਈ ਗੁਰਦਾਸ</u>, ਪੰਨਾ 662

2- ਨਾਭਾ, ਭਾਈ ਕਾਨ੍ਹ ਸਿੰਘ; <u>ਮਹਾਨ ਕੋਸ਼</u>; ਪੰਨਾ 416

3- ਸਾਂਤ , ਗੁਰਬਖਸ਼ ਸਿੰਘ, ਭਾਈ ਗੁਰਦਾਸ ਦੀਆਂ ਵਾਰਾਂ ਦਾ ਆਲੋਚਨਾਤਮਕ ਅਧਿਐਨ ਪੰਨਾ 23-26.

ਅਗਲੀਆਂ ਦਸ ਵਾਰਾਂ ਵਿਚ ਗੁਰਸਿਖ ਦੀ ਵਿਸ਼ੇਸ਼ਤਾ ਅਤੇ ਬਾਕੀ ਧਰਮਾਂ ਤੋਂ ਇਸ ਦੀ ਵਿਲੱਖਣਤਾ ਪ੍ਰਗਟ ਕੀਤੀ ਗਈ ਹੈ। ਮਗਰਲੀਆਂ ਨੌ ਵਾਰਾਂ ਵਿਚ ਗੁਰਸਿੱਖੀ ਦੇ ਵਿਰੋਧੀਆਂ ਦੇ ਘਟੀਆ ਆਚਾਰ ਦਾ ਚਿਤਰ ਮਿਲਦਾ ਹੈ। ਅਖੀਰਲੀ ਵਾਰ ਮੁੰਦਾਵਣੀ ਸਮਾਨ ਹੈ।"[1] ਪਰ ਇਹ ਵਰਗੀਕਰਣ ਆਪਣੇ ਆਪ ਵਿਚ ਅਧੂਰਾ ਹੈ। ਸਮਕਾਲੀ ਭਾਰਤ ਦੀ ਰਾਜਸੀ ਅਤੇ ਸਮਾਜੀ ਬਣਤਰ ਅਤੇ ਉਸ ਪ੍ਰਤੀ ਗੁਰੂ ਸਾਹਿਬਾਨ ਦੇ ਪ੍ਰਤੀਕਰਮ ਸਬੰਧੀ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਜੋ ਸਾਮਿਗ੍ਰੀ ਹੈ ਉਸ ਨੂੰ ਉਪਰੋਕਤ ਵਰਗੀਕਰਣ ਵਿਚ ਕੋਈ ਥਾਂ ਨਹੀਂ ਦਿੱਤੀ ਗਈ। ਅਸੀਂ ਇਹ ਮੰਨਦੇ ਹਾਂ ਕਿ ਗੁਰੂ ਪਰੰਪਰਾ ਅਤੇ ਉਸਦਾ ਸਮਕਾਲੀ ਭਾਰਤ ਦੇ ਰਾਜਸੀ ਅਤੇ ਸਮਾਜੀ ਜੀਵਨ ਦੇ ਇਤਿਹਾਸਕ ਦੌਰ ਵਿਚ ਪ੍ਰਤੀਕਰਮ, ਅਤੇ ਗੁਰੂ ਸਾਹਿਬਾਨ ਦੁਆਰਾ ਉਸਾਰੇ ਗਏ ਸਿੱਖੀ ਦੇ ਮੁਢਲੇ ਸਿਧਾਂਤਾਂ ਤੇ ਅਸੂਲਾਂ ਦੀ ਗੁਰਬਾਣੀ ਦੇ ਆਧਾਰ ਤੇ ਵਿਆਖਿਆ ਭਾਈ ਗੁਰਦਾਸ ਦੀਆਂ ਵਾਰਾਂ ਦਾ ਮੁਖ ਵਿਸ਼ਾ ਹੈ।

ਭਾਈ ਗੁਰਦਾਸ ਦੀਆਂ ਵਾਰਾਂ ਦੀ ਬੋਲੀ ਪੰਜਾਬੀ ਹੈ। ਪਰ ਬੋਲੀ ਦੇ ਸਬੰਧ ਵਿਚ ਦੋ ਤਥ ਵਿਸ਼ੇਸ਼ ਧਿਆਨਯੋਗ ਹਨ। ਇਕ ਤਾਂ ਭਾਈ ਸਾਹਿਬ ਦੀਆਂ ਵਾਰਾਂ ਦੀ ਪੰਜਾਬੀ ਸਾਹਿਤਕ ਹੋਣ ਦੇ ਬਾਵਜੂਦ, ਸੌਖੀ, ਸਪਸ਼ਟ ਅਤੇ ਠੇਠ ਹੈ। ਦੂਜਾ, ਉਹਨਾਂ ਦੀਆਂ ਵਾਰਾਂ ਦੀ ਬੋਲੀ ਬੇਸ਼ਕ ਪੰਜਾਬੀ ਹੈ ਪਰ ਉਹਨਾਂ ਦੇ ਸ਼ਬਦ-ਭੰਡਾਰ ਵਿਚ ਪੰਜਾਬੀ ਦੇ ਸ਼ਬਦਾਂ ਦੇ ਨਾਲ ਨਾਲ ਬ੍ਰਿਜ ਭਾਸ਼ਾ, ਸੰਸਕ੍ਰਿਤ ਅਤੇ ਫਾਰਸੀ ਦੇ ਸ਼ਬਦਾਂ ਦੀ ਭਰਮਾਰ ਹੈ। ਇਸ ਤੋਂ ਇਲਾਵਾ, ਇਕ ਹੋਰ ਤਥ ਮਹਤਵਪੂਰਣ ਹੈ ਕਿ ਭਾਈ ਗੁਰਦਾਸ ਜੀ ਨੇ ਵਾਰਾਂ ਦੀ ਰਚਨਾ ਕਰਦਿਆਂ ਆਪਣੇ ਵਿਸ਼ੇ-ਵਸਤੂ ਦੇ ਪ੍ਰਗਟਾਵੇ ਲਈ ਬਹੁਤੀਆਂ ਥਾਂਵਾਂ ਤੇ ਪ੍ਰਕ੍ਰਿਤੀ ਤੋਂ ਉਦਾਹਰਣਾਂ ਦਾ ਪ੍ਰਯੋਗ ਕੀਤਾ ਹੈ। ਕਾਵਿ-ਕਲਾ ਦੀ ਦ੍ਰਿਸ਼ਟੀ ਨਾਲ, ਅਲੰਕਾਰਾਂ, ਮੁਹਾਵਰਿਆਂ, ਪ੍ਰਤੀਕਾਂ ਅਤੇ ਦ੍ਰਿਸ਼ਟਾਂਤਾਂ ਦੀ ਵਰਤੋਂ ਨੇ ਉਹਨਾਂ ਦੇ ਵਾਰ ਸਾਹਿਤ ਨੂੰ ਪੰਜਾਬੀ ਕਾਵਿ-ਕਲਾ ਦੀ ਇਕ ਉਤਮ ਕ੍ਰਿਤ ਬਣਾ ਦਿੱਤਾ ਹੈ।

---

1- ਸਾਂਤ, ਗੁਰਬਖਸ਼ ਸਿੰਘ, ਭਾਈ ਗੁਰਦਾਸ ਦੀਆਂ ਵਾਰਾਂ ਦਾ ਆਲੋਚਨਾਤਮਕ ਅਧਿਐਨ-ਪੰ: 70

ਭਾਈ ਕਾਨ੍ਹ ਸਿੰਘ ਨਾਭਾ ਨੇ ਭਾਈ ਗੁਰਦਾਸ ਜੀ ਦੀਆਂ ਰਚਨਾਵਾਂ ਸਲਾਹੁੰਦਿਆਂ ਲਿਖਿਆ ਹੈ ਕਿ " ਇਹ ਆਖਣਾ ਅਤਿਉਕਤੀ ਨਹੀਂ ਕਿ ਸਿਖੀ ਦਾ ਰਹਿਤਨਾਮਾ ਭਾਈ ਸਾਹਿਬ ਦੀ ਬਾਣੀ ਤੋਂ ਵਧ ਕੇ ਹੋਰ ਕੋਈ ਨਹੀਂ। ਸ੍ਰੀ ਗੁਰੂ ਅਰਜਨ ਸਾਹਿਬ ਦਾ ਬਚਨ ਹੈ ਕਿ ਭਾਈ ਗੁਰਦਾਸ ਦੀ ਬਾਣੀ ਪੜ੍ਹਨ ਤੋਂ ਸਿੱਖੀ ਪ੍ਰਾਪਤ ਹੁੰਦੀ ਹੈ।[1]" ਇਹ ਵੀ ਆਮ ਪ੍ਰਚਲਿਤ ਧਾਰਣਾ ਹੈ ਕਿ ਭਾਈ ਗੁਰਦਾਸ ਜੀ ਦੀ ਕਾਵਿ-ਪ੍ਰਤਿਭਾ ਨੂੰ ਸਨਮਾਨ ਦਿੰਦਿਆਂ ਗੁਰੂ ਅਰਜਨ ਦੇਵ ਜੀ ਨੇ ਉਹਨਾਂ ਦੀਆਂ ਰਚਨਾਵਾਂ ਨੂੰ ਗੁਰਬਾਣੀ ਦੀ ਕੁੰਜੀ ਦਾ ਦਰਜਾ ਦਿਤਾ ਹੈ।

ਸਾਡੇ ਖੋਜ ਕਾਰਜ ਲਈ ਭਾਈ ਸਾਹਿਬ ਦੀਆਂ ਵਾਰਾਂ ਵਿਚੋਂ ਤੱਤਕਾਲੀਨ ਰਾਜ ਤੇ ਸਮਾਜ ਦੀ ਸਥਿਤੀ ਦਾ ਵਰਣਨ, ਪਹਿਲੇ ਛੇ ਗੁਰੂ ਸਾਹਿਬਾਨ ਦਾ ਉਸ ਬਾਰੇ ਪ੍ਰਤੀਕਰਮ ਅਤੇ ਸਿਖ ਪਰੰਪਰਾਵਾਂ ਅਤੇ ਮਰਿਆਦਾਵਾਂ ਦੀ ਵਿਆਖਿਆ ਖਾਸ ਤੌਰ ਤੇ ਮਹੱਤਵਪੂਰਣ ਹੈ।

## 2- ਇਤਿਹਾਸਕ ਲਿਖਤਾਂ:

ਸਿੱਖ ਪਰੰਪਰਾ ਵਿਚ ਇਤਿਹਾਸਕ ਲਿਖਤਾਂ ਦੀ ਆਪਣੀ ਮਹੱਤਤਾ ਹੈ। ਇਹ ਇਤਿਹਾਸਕ ਲਿਖਤਾਂ ਆਮ ਤੌਰ ਤੇ ਸਿੱਖ ਇਤਿਹਾਸ ਦਾ ਵਿਵਰਣ ਪ੍ਰਸਤੁਤ ਕਰਨ ਵਾਲੀਆਂ ਪ੍ਰਾਥਮਿਕ ਸ੍ਰੋਤ ਹਨ ਅਤੇ ਸਾਡੇ ਖੋਜ ਪ੍ਰਬੰਧ ਦੀ ਮੂਲ ਸਾਮਿਗ੍ਰੀ ਦਾ ਅਹਿਮ ਹਿੱਸਾ ਹਨ। ਇਥੇ ਅਸੀਂ ਇਹਨਾਂ ਇਤਿਹਾਸਕ ਲਿਖਤਾਂ ਨੂੰ ਕਾਲਕ੍ਰਮ ਅਨੁਸਾਰ ਰਖ ਕੇ ਉਹਨਾਂ ਦੇ ਰਚਨਾਕਾਰ, ਵਿਸ਼ਾ-ਵਸਤੂ, ਭਾਸ਼ਾ, ਸਾਹਿਤਕ, ਗੁਣ, ਇਤਿਹਾਸਕ ਮਹੱਤਤਾ ਅਤੇ ਹੋਰ ਪੱਖਾਂ ਬਾਰੇ ਇਕ ਜਾਣਕਾਰੀ ਪ੍ਰਸਤੁਤ ਕਰ ਰਹੇ ਹਾਂ।

---

1- ਨਾਭਾ, ਭਾਈ ਕਾਨ੍ਹ ਸਿੰਘ; ਮਹਾਨ ਕੋਸ਼; ਪੰਨਾ 416

## ਸ੍ਰੀ ਗੁਰੁ ਸੋਭਾ[1]

ਸ੍ਰੀ ਗੁਰੂ ਸੋਭਾ, ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀ 'ਕਵਿ ਸੈਨਾਪਤਿ' ਦੀ ਅਤਿ ਮਹੱਤਵਪੂਰਣ ਇਤਿਹਾਸਕ ਰਚਨਾ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਜੀਵਨੀ ਅਤੇ ਉਹਨਾਂ ਦੇ ਜੀਵਨ ਕਾਲ ਵਿਚ ਵਾਪਰੀਆਂ ਪ੍ਰਮੁਖ ਇਤਿਹਾਸਕ ਘਟਨਾਵਾਂ ਦੀ ਪ੍ਰਥਮ ਜਾਣਕਾਰੀ ਪ੍ਰਸਤੁਤ ਕਰਨ ਵਾਲਾ ਇਹ ਪਹਿਲਾ ਇਤਿਹਾਸਕ ਕਾਵਿ ਹੈ। ਸ੍ਰ:ਸ਼ਮਸ਼ੇਰ ਸਿੰਘ ਅਸ਼ੋਕ ਨੇ ਕਠਿਨ ਸ਼ਬਦਾਂ ਦੇ ਅਰਥਾਂ ਸਮੇਤ ਇਸ ਕਾਵਿ ਗ੍ਰੰਥ ਦਾ ਸੰਪਾਦਨ ਕੀਤਾ ਹੈ।

ਸ੍ਰੀ ਗੁਰ ਸੋਭਾ ਦੇ ਰਚਨਾਕਾਰ, ਕਵਿ ਸੈਨਾਪਤਿ ਦੇ ਜਨਮ ਅਤੇ ਮੁਢਲੇ ਜੀਵਨ ਬਾਰੇ ਕੋਈ ਠੋਸ ਜਾਣਕਾਰੀ ਨਹੀਂ ਮਿਲੀ। ਪਰ ਗੁਰੂ ਗੋਬਿੰਦ ਸਿੰਘ ਦੇ ਦਰਬਾਰੀ ਕਵੀ ਦੇ ਰੂਪ ਵਿਚ ਸੈਨਾਪਤਿ ਨੇ ਆਪਣੀ ਵਿਸ਼ੇਸ਼ ਪਛਾਣ ਸਥਾਪਿਤ ਕੀਤੀ ਹੋਈ ਸੀ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ "ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਬਾਰ ਵਿਚ ਗੁਰਮੁਖੀ ਅਤੇ ਸੰਸਕ੍ਰਿਤ ਦਾ ਚੰਗਾ ਲਿਖਾਰੀ ਕਵਿ ਸੈਨਾਪਤਿ ਸੀ, ਜਿਸ ਦੀ ਗਿਣਤੀ ਗੁਰੂ ਸਾਹਿਬ ਦੇ ਬਵੰਜਾ ਕਵੀਆਂ ਵਿਚ ਆਈ ਹੈ"[2]। ਸ੍ਰ:ਸ਼ਮਸ਼ੇਰ ਸਿੰਘ ਅਸ਼ੋਕ ਦਾ ਵਿਚਾਰ ਹੈ ਕਿ "ਕਵੀ ਸੈਨਾਪਤਿ ਲਾਹੌਰ ਦੇ ਹੋਰ ਕਵੀਆਂ - ਕਵੀ ਅੰਮ੍ਰਿਤ, ਅਣੀ ਰਾਇ ਆਦਿ ਦੇ ਨਾਲ ਹੀ ਸੰਮਤ 1735 ਤੋਂ 1742 ਬਿਕਰਮੀ ਦੇ ਦਰਮਿਆਨੀ ਸਮੇਂ ਵਿਚ ਅਨੰਦਪੁਰ ਪਹੁੰਚ ਕੇ ਗੁਰੂ ਸਾਹਿਬ ਦੀ ਸੇਵਾ ਵਿਚ ਹਾਜ਼ਰ ਹੋਇਆ ਸੀ ਤੇ ਫਿਰ ਇਹ ਸੰਮਤ 1753 ਬਿ:ਤਕ ਲਗ ਭਗ 14-15 ਸਾਲ ਗੁਰੂ ਜੀ ਦੇ ਕਵੀ ਦਰਬਾਰ ਵਿਚ ਹੀ ਰਿਹਾ।"[3]

---

1- ਕਵਿ-ਸੈਨਾਪਤਿ, ਸ੍ਰੀ ਗੁਰੁ ਸੋਭਾ, ਸੰਪਾਦਕ-ਸ਼ਮਸ਼ੇਰ ਸਿੰਘ ਅਸ਼ੋਕ,(ਅੰਮ੍ਰਿਤਸਰ, ਸਿਖ ਹਿਸਟਰੀ ਰਿਸਰਚ ਬੋਰਡ, ਸ਼੍ਰੋਮਣੀ ਗੁ:ਪ੍ਰ:ਕਮੇਟੀ,1967)

2- ਨਾਭਾ,ਭਾਈ ਕਾਨ੍ਹ ਸਿੰਘ, ਗੁਰਮਤ ਮਾਰਤੰਡ (ਭਾਗ ਪਹਿਲਾ) ਪੰਨਾ 79

3- ਕਵਿ ਸੈਨਾਪਤਿ, ਸ੍ਰੀ ਗੁਰੂ ਸੋਭਾ, ਪੰਨਾ 4

ਇਸ ਇਤਿਹਾਸਕ ਕਾਵਿ ਦੇ ਰਚਨਾਕਾਲ ਦੇ ਸਬੰਧ ਵਿਚ ਪਹਿਲੇ ਅਧਿਆਇ ਵਿਚੋਂ ਹੀ ਸਪਸ਼ਟ ਸੰਕੇਤ ਮਿਲ ਜਾਂਦੇ ਹਨ:-

ਸੰਮਤ ਸਤ੍ਰਹ ਸੈ ਭਏ ਬਰਖ ਅਠਾਵਨ ਬੀਤ।
ਭਾਦਵ ਸੁਦ ਪੰਦ੍ਰਸ ਭਈ ਰਚੀ ਕਥਾ ਕਰਿ ਪ੍ਰੀਤ।[1]

ਰਚਨਾਕਾਰ ਕਵੀ ਦਸਦਾ ਹੈ ਕਿ ਉਸ ਨੇ ਸੰਮਤ 1758 ਵਿਚ ਇਸ ਕਾਵਿ - ਸੰਗ੍ਰਹਿ ਦੀ ਰਚਨਾ ਸ਼ੁਰੂ ਕੀਤੀ। ਇਸੇ ਗ੍ਰੰਥ ਦੇ ਅਠਾਰ੍ਹਵੇਂ ਅਧਿਆਇ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਦੀ ਸੰਮਤ 1765 ਦੀ ਘਟਨਾ ਦਾ ਜ਼ਿਕਰ ਇਸ ਪ੍ਰਕਾਰ ਮਿਲਦਾ ਹੈ:-

ਸੰਮਤ ਸਤ੍ਰਹ ਸੈ ਭਏ, ਪੈਂਸਠ ਬਰਖ ਪ੍ਰਮਾਨ।
ਕਤਕ ਸੁਦਿ ਭਈ ਪੰਚਮੀ ਤਿਸ ਕਾਰਨ ਕਰਿ ਜਾਨ।[2]

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ " ਇਹ 'ਗੁਰੁ ਸੋਭਾ' ਗ੍ਰੰਥ ਸੈਨਾਪਤਿ ਦੀ ਰਚਨਾ ਹੈ, ਜੋ ਸੰਮਤ 1768 ਵਿਚ ਤਿਆਰ ਹੋਇਆ ਹੈ।[3]" ਇਹਨਾਂ ਤਥਾਂ ਦੇ ਆਧਾਰ ਤੇ ਇਹ ਮੰਨਿਆ ਜਾ ਸਕਦਾ ਹੈ ਕਿ ਇਸ ਇਤਿਹਾਸਕ ਕਾਵਿ ਦਾ ਰਚਨਾ - ਕਾਲ ਸੰਮਤ 1758 ਤੋਂ 1768 ਤੱਕ ਹੈ। ਇਸ ਬਾਰੇ ਸ੍ਰ:ਸ਼ਮਸ਼ੇਰ ਸਿੰਘ ਅਸ਼ੋਕ ਦੀ ਇਹ ਰਾਇ ਬਹੁਤ ਹੱਦ ਤਕ ਠੀਕ ਪ੍ਰਤੀਤ ਹੁੰਦੀ ਹੈ ਕਿ ਸੰਮਤ 1758 ਵਿਚ ਇਸ ਕਾਵਿ ਸੰਗ੍ਰਹਿ ਦੀ ਰਚਨਾ ਆਰੰਭ ਕੀਤੀ ਗਈ ਅਤੇ ਇਸ ਦੀ ਸਮਾਪਤੀ ਸੰਮਤ 1768 ਬਿ:ਵਿਚ ਹੋਈ।[4]

---

1- ਕਵਿ ਸੈਨਾਪਤਿ; <u>ਸ੍ਰੀ ਗੁਰੂ ਸੋਭਾ</u>, ਪੰਨਾ 10

2- ਓਹੀ ਪੰਨਾ 131

3- ਨਾਭਾ, ਭਾਈ ਕਾਨ੍ਹ ਸਿੰਘ; <u>ਗੁਰਮਤ ਮਾਰਤੰਡ</u> (ਭਾਗ ਪਹਿਲਾ) ਪੰਨਾ 79

4- ਕਵਿ ਸੈਨਾਪਤਿ; ਸ੍ਰੀ ਗੁਰੂ ਸੋਭਾ, ਪੰਨਾ 4

ਸ੍ਰੀ ਗੁਰੂ ਸੋਭਾ ਦੇ ਸੰਪਾਦਕ ਨੇ ਪੁਸਤਕ ਦੇ ਸ਼ੁਰੂ ਵਿਚ, ਮੁਢਲੀ ਜਾਣ ਪਛਾਣ ਕਰਾਉਂਦਿਆਂ ਇਸ ਗ੍ਰੰਥ ਸਬੰਧੀ ਦੋ ਵਿਸ਼ੇਸ਼ ਤਥਾਂ ਦੀ ਜਾਣਕਾਰੀ ਦਿੱਤੀ ਹੈ ਇਕ ਤਾਂ ਇਸ ਗ੍ਰੰਥ ਦੀ ਬੋਲੀ ਬ੍ਰਿਜ ਭਾਸ਼ਾ ਅਤੇ ਪੰਜਾਬੀ ਦਾ ਰਲਗੱਡ ਹੈ ਅਤੇ ਦੂਜਾ ਇਸ ਗ੍ਰੰਥ ਵਿਚ ਇਤਿਹਾਸਕ ਘਟਨਾਵਾਂ ਅਤੇ ਜੰਗਾਂ-ਜੁਧਾਂ ਦੇ ਸੰਨ ਸੰਮਤ ਅਤੇ ਤਿਥਾਂ-ਤਾਰੀਖਾਂ ਆਦਿ ਦੇ ਵੇਰਵੇ ਨਹੀਂ ਦਿਤੇ ਗਏ।[1]

ਸ੍ਰੀ ਗੁਰ ਸੋਭਾ ਗ੍ਰੰਥ ਦਾ ਵਿਸ਼ੇ-ਵਸਤੂ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਵਿਚ ਵਾਪਰੀਆਂ ਪ੍ਰਮੁੱਖ ਇਤਿਹਾਸਕ ਘਟਨਾਵਾਂ ਹਨ। ਵੀਹ ਅਧਿਆਵਾਂ ਵਿਚ ਵੰਡੇ ਗਏ ਇਸ ਗ੍ਰੰਥ ਵਿਚ ਗੁਰੂ ਸਾਹਿਬ ਨਾਲ ਹੋਏ ਬਹੁਤ ਸਾਰੇ ਯੁੱਧਾਂ ਦਾ ਵਿਸਤ੍ਰਿਤ ਵਰਣਨ ਮਿਲਦਾ ਹੈ, ਜਿਨ੍ਹਾਂ ਵਿਚ ਭੰਗਾਣੀ ਦੀ ਜੰਗ, ਨਿਰਮੋਹ ਗੜ੍ਹ ਦਾ ਯੁੱਧ, ਅਨੰਦਪੁਰ ਦਾ ਯੁੱਧ ਚਮਕੌਰ ਦਾ ਯੁੱਧ ਅਤੇ ਮੁਕਤਸਰ ਦਾ ਯੁਧ ਆਦਿ ਪ੍ਰਮੁੱਖ ਹਨ। ਇਸ ਤੋਂ ਇਲਾਵਾ ਕਵਿ ਸੈਨਾਪਤਿ ਨੇ ਪੰਥ ਦੀ ਸਿਰਜਨਾ, ਸਮਾਜ ਸੁਧਾਰ ਦੀ ਮੁਹਿੰਮ, ਅਨੰਦਪੁਰ ਛਡਣਾ, ਜ਼ਫਰਨਾਮਾ ਲਿਖਣਾ, ਦਖਣ ਵਲ ਕੂਚ ਅਤੇ ਗੁਰੂ ਸਾਹਿਬ ਦਾ ਜੋਤੀ ਜੋਤਿ ਸਮਾਉਣਾ ਆਦਿ ਗੁਰ ਇਤਿਹਾਸ ਦੀਆਂ ਮਹੱਤਵ-ਪੂਰਣ ਘਟਨਾਵਾਂ ਨੂੰ ਆਪਣੀ ਲਿਖਤ ਵਿਚ ਉਤਾਰਿਆ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਮਕਾਲੀ ਹੋਣ ਕਾਰਣ, ਕਵਿ ਸੈਨਾਪਤਿ ਦੇ ਇਸ ਗ੍ਰੰਥ ਵਿਚ ਜਿਤਨੀਆਂ ਵੀ ਇਤਿਹਾਸਕ ਘਟਨਾਵਾਂ ਦਾ ਸੰਕਲਨ ਕੀਤਾ ਗਿਆ ਹੈ, ਉਨ੍ਹਾਂ ਦਾ ਮੂਲ ਸ੍ਰੋਤ ਰਚਨਾਕਾਰ ਦੀ ਆਪਣੀ ਜਾਣਕਾਰੀ ਹੈ ਅਤੇ ਇਸ ਲਈ ਇਸ ਕਾਵਿਕ ਗ੍ਰੰਥ ਨੂੰ ਪੂਰੀ ਤਰ੍ਹਾਂ ਮੌਲਿਕ ਰਚਨਾਵਾਂ ਦੀ ਸ਼੍ਰੇਣੀ ਵਿਚ ਰਖਿਆ ਜਾ ਸਕਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਸਮੁਚੇ ਰਾਜਨੀਤਿਕ ਜੀਵਨ ਦਾ ਵਿਵਰਣ ਪ੍ਰਸਤੁਤ ਕਰਨ ਦਾ ਪ੍ਰਯਾਸ ਕਰਨ ਵਾਲੀ ਕਵੀ ਸੈਨਾਪਤੀ ਦੀ ਕਾਵਿ ਕ੍ਰਿਤ ਸਾਡੇ ਖੋਜ ਕਾਰਜ ਵਿਚ ਬਹੁਤ ਹੱਦ ਤਕ ਸਹਾਇਕ ਹੈ।

---

1- ਕਵਿ ਸੈਨਾਪਤਿ, ਸ੍ਰੀ ਗੁਰੁ ਸੋਭਾ, ਪੰਨਾ 5 ਅਤੇ 7

## ਸ੍ਰੀ ਗੁਰ ਬਿਲਾਸ ਪਾਤਸ਼ਾਹੀ 6[1]

'ਸ੍ਰੀ ਗੁਰ ਬਿਲਾਸ ਪਾਤਸ਼ਾਹੀ 6' ਗੁਰੂ ਹਰਿਗੋਬਿੰਦ ਸਾਹਿਬ ਦੇ ਸੰਪੂਰਨ ਜੀਵਨ ਦਾ ਵਿਸਤਾਰ ਸਹਿਤ ਵਰਣਨ ਕਰਨ ਵਾਲਾ ਇਤਿਹਾਸਕ ਕਾਵਿ-ਗ੍ਰੰਥ ਹੈ। ਇਸ ਗ੍ਰੰਥ ਦੇ ਰਚਨਾਕਾਰ "ਕਵਿ ਸੋਹਨ ਜੀ" ਹਨ। ਗਿਆਨੀ ਇੰਦਰ ਸਿੰਘ ਗਿਲ ਨੇ ਇਸ ਗ੍ਰੰਥ ਦਾ ਬੜੀ ਮਿਹਨਤ ਨਾਲ ਸੰਪਾਦਨ ਕਰਕੇ ਇਸ ਨੂੰ ਪ੍ਰਕਾਸ਼ਿਤ ਕਰਾਇਆ ਹੈ। ਇਸ ਗ੍ਰੰਥ ਰਚਨਾ ਦਾ ਪ੍ਰਸੰਗ ਸੋਹਨ ਕਵੀ ਨੇ ਪਹਿਲੇ ਅਧਿਆਇ ਵਿਚ ਹੀ ਵਿਸਤਾਰ ਨਾਲ ਲਿਖ ਦਿੱਤਾ ਹੈ।[2] ਉਸ ਅਨੁਸਾਰ ਇਕ ਵਾਰੀ ਭਾਈ ਮਨੀ ਸਿੰਘ ਜੀ ਗੁਰਧਾਮਾਂ ਦੀ ਯਾਤਰਾ ਕਰਦਿਆਂ ਨਨਕਸਰ ਪਹੁੰਚੇ। ਅਗੇ ਗੁਰੂਘਰ ਦੇ ਕੀਰਤਨੀਏ ਭਾਈ ਗੁਰਦਾਸ ਜੀ ਵਾਰਾਂ ਵਿਚੋਂ, 'ਪੰਜ ਪਿਆਲੇ ਪੰਜ ਪੀਰ, ਛਠਮ ਪੀਰ ਬੈਠਾ ਗੁਰ ਭਾਰੀ' ਵਾਲੀ ਪਉੜੀ ਦਾ ਗਾਇਨ ਕਰ ਰਹੇ ਸਨ। ਕੀਰਤਨ ਦੀ ਸਮਾਪਤੀ ਤੋਂ ਬਾਅਦ, ਇਸੇ ਗੁਰ ਅਸਥਾਨ ਦੀ ਸੇਵਾ-ਸੰਭਾਲ ਕਰਨ ਵਾਲੇ ਭਾਈ ਭਗਤ ਸਿੰਘ ਨੇ, ਭਾਈ ਮਨੀ ਸਿੰਘ ਜੀ ਪਾਸੋਂ ਛੇਵੇਂ ਸਤਿਗੁਰੂ, ਗੁਰੂ ਹਰਗੋਬਿੰਦ ਸਾਹਿਬ ਦੇ ਸੰਪੂਰਨ ਜੀਵਨ ਦੀ ਕਥਾ ਸੁਣਨ ਦੀ ਇੱਛਾ ਪ੍ਰਗਟ ਕੀਤੀ। ਭਾਈ ਮਨੀ ਸਿੰਘ ਜੀ ਨੇ ਬੇਨਤੀ ਨੂੰ ਪ੍ਰਵਾਨ ਕਰ ਲਿਆ ਅਤੇ ਨਿਤਪ੍ਰਤਿ ਗੁਰੂ ਹਰਗੋਬਿੰਦ ਜੀ ਦੀ ਜੀਵਨ-ਕਥਾ ਸੁਣਾਉਣੀ ਸ਼ੁਰੂ ਕਰ ਦਿੱਤੀ। ਭਾਈ ਭਗਤ ਸਿੰਘ ਦੇ ਪਾਸ ਬੈਠ ਕੇ ਇਹ ਕਥਾ ਕਵੀ ਸੋਹਨ ਦੇ ਉਸਤਾਦ ਕਵੀ ਭਾਈ ਧਰਮ ਸਿੰਘ ਨੇ ਵੀ ਸੁਣੀ। ਭਾਈ ਧਰਮ ਸਿੰਘ ਨੇ ਇਹ ਸਾਰੀ ਕਥਾ ਆਪਣੇ ਸ਼ਾਗਿਰਦ ਕਵੀ ਸੋਹਨ ਨੂੰ ਸੁਣਾਈ ਅਤੇ ਉਸ ਨੂੰ ਕਾਵਿ-ਰੂਪ ਦੇਣ ਦਾ ਆਦੇਸ਼ ਦਿੱਤਾ। ਇਸ ਤਰ੍ਹਾਂ ਕਵੀ

- - - - - - - - - - - - - - - - - - - - - - - - - - - - - - - - - -

1- ਕਵਿ ਸੋਹਨ ਜੀ; ਸ੍ਰੀ ਗੁਰ ਬਿਲਾਸ ਪਾਤਸ਼ਾਹੀ 6; ਸੰਪਾਦਕ-ਗਿਆਨੀ ਇੰਦਰ ਸਿੰਘ ਗਿਲ, (ਅੰਮ੍ਰਿਤਸਰ; ਵਜ਼ੀਰ ਹਿੰਦ ਪ੍ਰੈਸ, 1968)

2- ਓਹੀ ਪੰਨਾ 18 - 19

ਸੋਹਨ ਨੇ ਭਾਈ ਧਰਮ ਸਿੰਘ ਦੀ ਸਰਪ੍ਰਸਤੀ ਹੇਠਾਂ ਗੁਰੂ ਹਰਗੋਬਿੰਦ ਸਾਹਿਬ ਦੀ ਜੀਵਨੀ ਨੂੰ ਛੰਦਾਬੰਦੀ ਵਿਚ ਲਿਖਕੇ, ਇਸ ਕਾਵਿ-ਗ੍ਰੰਥ ਦੀ ਸਿਰਜਨਾ ਕੀਤੀ:-

ਮਨੀ ਸਿੰਘ ਜਬ ਹੀ ਕਹੀ ਭਗਤ ਸਿੰਘ ਕੋ ਗਾਥ।
ਧਰਮ ਸਿੰਘ ਜੀ ਕਵ ਗੁਰੂ ਬੈਠ ਤਬੈ ਢਿਗ ਸਾਥ।
ਸੁਨੀ ਜੈਸ ਗੁਰ ਤਸ ਮਮ ਗਾਈ।
ਮੋ ਪਰ ਕਿਰਪਾ ਕੀਨ ਮਹਾਈ।
ਆਇਸ ਕਰੀ ਛੰਦ ਰਚ ਲੀਜੈ।
ਛੰਦ ਬੰਦ ਗੁਰ ਗਾਥਾ ਕੀਜੈ।[1]

ਸੋਹਨ ਕਵੀ ਨੇ ਗੁਰੂ ਹਰਗੋਬਿੰਦ ਜੀ ਦੀ ਜੀਵਨ ਕਥਾ ਨੂੰ ਪੰਦਰਾਂ ਮਹੀਨਿਆਂ ਵਿਚ ਛੰਦਾਬੰਦੀ ਦਾ ਕਾਵਿ ਰੂਪ ਪ੍ਰਦਾਨ ਕਰਕੇ ਮੁਕੰਮਲ ਕੀਤਾ:-

ਮਾਸ ਪੰਚ ਦਸ ਕਵਿਤਾ ਕੀਤੀ।
ਗੁਰ ਪ੍ਰਸਾਦਿ ਅਧਿਕ ਸੁਖ ਲੀਨੀ।[2]

ਭਾਈ ਕਾਨ੍ਹ ਸਿੰਘ ਨਾਭਾ ਇਸ ਗ੍ਰੰਥ ਬਾਰੇ ਵਖਰੀ ਰਾਇ ਰਖਦੇ ਹਨ ਉਹਨਾਂ ਨੇ 'ਮਹਾਨ ਕੋਸ਼' ਵਿਚ ਦਸਿਆ ਹੈ ਕਿ ਗੁਰ ਬਿਲਾਸ ਪਾਤਸ਼ਾਹੀ 6 ਦੇ ਕਰਤਾ ਨੇ ਆਪਣਾ ਨਾਮ ਗੁਪਤ ਰਖਿਆ ਹੈ।[3] ਫਿਰ ਆਪਣੀ ਖੋਜ ਦੇ ਆਧਾਰ ਤੇ 'ਗੁਰਮਤ ਸੁਧਾਕਰ' ਵਿਚ ਇਸ ਗੁਰਬਿਲਾਸ ਬਾਰੇ ਉਹਨਾਂ ਨੇ ਇਹ ਸਿੱਟਾ ਕਢਿਆ ਹੈ ਕਿ "ਅਸਲ ਵਿਚ ਏਸ ਗ੍ਰੰਥ ਦੇ ਕਰਤਾ ਭਾਈ ਗੁਰਮੁਖ ਸਿੰਘ ਅਕਾਲ ਬੁੰਗੀਏ ਤੇ ਭਾਈ ਦਰਬਾਰਾ ਸਿੰਘ ਚੌਕੀ ਵਾਲੇ ਅੰਮ੍ਰਿਤਸਰ ਨਿਵਾਸੀ ਹਨ। ਏਹ ਗ੍ਰੰਥ ਸਾਲ 1890 ਵਿਚ ਅਰੰਭ ਹੋ ਕੇ 1905 ਬਿ:ਵਿਚ

---

1- ਕਵਿ ਸੋਹਨ ਜੀ, ਸ੍ਰੀ ਗੁਰ ਬਿਲਾਸ ਪਾਤਸ਼ਾਹੀ 6, ਪੰਨਾ 491

2- ਓਹੀ, ਪੰਨਾ 492

3- ਨਾਭਾ, ਭਾਈ ਕਾਨ੍ਹ ਸਿੰਘ, 'ਮਹਾਨ ਕੋਸ਼' ; ਪੰਨਾ 421

ਸਮਾਪਤ ਹੋਇਆ ਹੈ।[1]"

ਪਰ ਭਾਈ ਕਾਨ੍ਹ ਸਿੰਘ ਨਾਭਾ ਦੇ ਇਸ ਗ੍ਰੰਥ ਬਾਰੇ ਉਪਰੋਕਤ ਦੋਵੇਂ ਵਿਚਾਰਾਂ ਨਾਲ ਸਹਿਮਤੀ ਨਹੀਂ ਕੀਤੀ ਜਾ ਸਕਦੀ। ਗ੍ਰੰਥ ਦੀ ਰਚਨਾ ਕਰਨ ਵਾਲੇ ਕਵੀ ਦੇ ਨਾਮ ਅਤੇ ਇਸ ਗ੍ਰੰਥ ਦੇ ਲਿਖੇ ਜਾਣ ਦਾ ਸਮਾਂ ਨਿਸਚਿਤ ਕਰਨ ਲਈ ਇਸੇ ਕਾਵਿ-ਗ੍ਰੰਥ ਤੋਂ ਕਿਸੇ ਹਦ ਤਕ ਤਸੱਲੀਬਖਸ਼ ਜਾਣਕਾਰੀ ਮਿਲ ਜਾਂਦੀ ਹੈ। ਜਿਥੋਂ ਤਕ ਨਾਮ ਦਾ ਸਬੰਧ ਹੈ, ਰਚਨਾਕਾਰ ਨੇ ਗ੍ਰੰਥ ਦੇ ਅੰਤਿਮ ਅਧਿਆਇ ਵਿਚ ਆਪਣਾ ਨਾਮ 'ਸੋਹਨ' ਦਸਿਆ ਹੈ:

ਪਰਤੱਖ ਹੋਤ ਗੁਰਦੇਵ ਕੇ ਸੇਵਕ ਸੋਹਨ ਨਾਮ।
ਤਾਤੇ ਜਾਨੋ ਦਾਸ ਕਵਿ ਸੰਤ ਪੂਰ ਮਮ ਕਾਮ।[2]

ਇਸ ਕਾਵਿ-ਗ੍ਰੰਥ ਦੀ ਰਚਨਾ ਕਦੋਂ ਹੋਈ, ਇਸ ਪ੍ਰਸ਼ਨ ਦਾ ਉਤਰ ਵੀ ਗ੍ਰੰਥ ਵਿਚ ਬੜੇ ਸਪਸ਼ਟ ਸ਼ਬਦਾਂ ਵਿਚ ਮਿਲਦਾ ਹੈ। ਲੇਖਕ ਕਵੀ ਨੇ ਦਸਿਆ ਹੈ ਕਿ ਸੰਮਤ 1775 ਬਿ: (ਸੰਨ 1718 ਈ.) ਵਿਚ ਇਸ ਗ੍ਰੰਥ ਦੀ ਰਚਨਾ ਮੁਕੰਮਲ ਹੋਈ:-

ਸਤ੍ਰ ਸੈ ਬੀਤੇ ਤਬੈ ਬਰਖ ਪਚੱਤਰ ਜਾਨ।
ਸਾਵਨ ਮਾਸ ਬਾਈਸ ਦਿਨ ਗਯੋ ਸੁਖਦ ਪਹਿਚਾਨ।
ਸੁਦੀ ਪੱਖ ਦਿਨ ਪੰਚਮੀ ਸ੍ਰੀ ਗੁਰ ਕੇ ਪ੍ਰਸਾਦਿ।
ਪਾਇ ਭੋਗ ਗੁਰ ਗਾਥ ਕਾ ਕਰ ਕਵਿਤਾ ਅਹਿਲਾਦ।[3]

ਇਸ ਗ੍ਰੰਥ ਦੇ ਮੁਢਲੇ ਸਫਿਆਂ ਵਿਚ ਸੰਪਾਦਕ ਗਿਆਨੀ ਇੰਦਰ ਸਿੰਘ ਗਿੱਲ ਨੇ ਵੀ ਭਾਈ ਕਾਨ੍ਹ ਸਿੰਘ ਦੀ ਰਾਇ ਨਾਲ ਆਪਣੀ ਪੂਰੀ ਅਸਹਿਮਤੀ ਦਾ ਪ੍ਰਗਟਾਵਾ ਕੀਤਾ ਹੈ।[4]

- - - - - - - - - - - - - - - - - - - - - - - - - - - - - - -

1- ਨਾਭਾ, ਭਾਈ ਕਾਨ੍ਹ ਸਿੰਘ, ਗੁਰਮਤ ਸੁਧਾਕਰ, ਪੰਨਾ 353

2- ਕਵਿ ਸੋਹਨ ਜੀ, ਸ੍ਰੀ ਗੁਰ ਬਿਲਾਸ ਪਾਤਸ਼ਾਹੀ 6, ਪੰਨਾ 492

3- ਓਹੀ, ਪੰਨਾ 492

4- ਓਹੀ, ਪੰਨਾ 4,5

ਸ੍ਰ:ਸ਼ਮਸ਼ੇਰ ਸਿੰਘ ਅਸ਼ੋਕ ਵੀ ਆਪਣੀ ਖੋਜ ਦੇ ਆਧਾਰ ਤੇ ਸੋਹਨ ਕਵੀ ਨੂੰ ਗ੍ਰੰਥ ਦਾ ਰਚਨਾਕਾਰ ਮੰਨਦੇ ਹਨ ਅਤੇ ਗ੍ਰੰਥ ਦੀ ਰਚਨਾ ਦਾ ਸਾਲ 1775 ਬਿ:ਹੀ ਨਿਸਚਿਤ ਕਰਦੇ[1] ਹਨ।

ਇਸ ਗੁਰ ਬਿਲਾਸ ਦਾ ਵਿਸ਼ਾ-ਵਸਤੂ ਗੁਰੂ ਹਰਗੋਬਿੰਦ ਸਾਹਿਬ ਦਾ ਸੰਪੂਰਨ ਜੀਵਨ ਹੈ। ਕਵੀ ਦੇ ਦਿਲ ਵਿਚ 'ਗੁਰੂ ਹਰਗੋਬਿੰਦ ਜੀ ਪ੍ਰਤੀ ਅਥਾਹ ਸ਼ਰਧਾ ਹੈ ਅਤੇ ਉਹ ਗੁਰੂ ਸਾਹਿਬ ਦੀ ਮਹਿਮਾ ਵਰਨਣ ਕਰਨਾ ਹੀ ਆਪਣੀ ਰਚਨਾ ਦਾ ਮਨੋਰਥ ਮੰਨਦਾ ਹੈ। ਗ੍ਰੰਥ ਦੇ ਪਹਿਲੇ ਅਧਿਆਇ ਵਿਚ ਰਚਨਾਕਾਰ ਦੇ ਵਿਚਾਰ ਬਹੁਤ ਸਪਸ਼ਟ ਹਨ:-

ਹਰਿ ਗੋਬਿੰਦ ਗੁਰ ਜਸੁ ਕਹੋ ਮੋ ਮਨ ਬਢਿਓ ਉਮਾਹ।<br>
ਸਤਿਗੁਰ ਆਪ ਪੂਰਨ ਕਰੈਂ ਮੋਰ ਚਿਤ ਕੀ ਚਾਹ।[2]

ਰਚਨਾਕਾਰ ਨੇ ਗੁਰੂ ਹਰਗੋਬਿੰਦ ਸਾਹਿਬ ਦੇ ਸੰਪੂਰਨ ਜੀਵਨ ਕਾਲ ਦਾ ਕਾਵਿ ਰੂਪ ਵਿਚ ਵਰਣਨ ਕਰਨ ਲਈ, ਗ੍ਰੰਥ ਨੂੰ 21 ਅਧਿਆਵਾਂ ਵਿਚ ਵੰਡਿਆ ਹੈ। ਪਹਿਲੇ ਅਧਿਆਇ ਵਿਚ ਦਸ ਗੁਰੂ ਸਾਹਿਬਾਨ ਦੇ ਮੰਗਲਾਚਰਣ ਤੋਂ ਬਾਅਦ ਗੁਰੂ ਅਰਜਨ ਦੇਵ ਜੀ ਦਾ ਸੰਖੇਪ ਵਰਨਣ ਕੀਤਾ ਗਿਆ ਹੈ ਅਤੇ ਫਿਰ ਗੁਰੂ ਹਰਗੋਬਿੰਦ ਜੀ ਦੇ ਜਨਮ ਤੋਂ ਲੈ ਕੇ ਜੋਤੀ ਜੋਤਿ ਸਮਾਉਣ ਤਕ ਦੀਆਂ ਸਾਰੀਆਂ ਘਟਨਾਵਾਂ ਨੂੰ ਵਖ ਵਖ ਅਧਿਆਵਾਂ ਵਿਚ ਵੰਡ ਕੇ ਰਚਨਾ ਰੂਪ ਦਿੱਤਾ ਹੈ। ਪਰ ਇਥੇ ਇਕ ਤੱਥ ਹੋਰ ਸਪਸ਼ਟ ਕਰਨਾ ਉਚਿਤ ਹੋਵੇਗਾ ਕਿ ਇਸ ਗੁਰ ਬਿਲਾਸ ਦਾ ਵਿਸ਼ਾ-ਵਸਤੂ ਭਾਵੇਂ ਗੁਰੂ ਹਰਗੋਬਿੰਦ ਸਾਹਿਬ ਦੇ ਜੀਵਨ ਕਾਲ ਉਤੇ ਆਧਾਰਿਤ ਹੈ ਪਰ ਫਿਰ ਵੀ ਇਸ ਵਿਚ ਜਿਥੇ ਕਿਤੇ ਲੋੜ ਪਈ ਹੈ, ਰਚਨਾਕਾਰ ਨੇ ਗੁਰੂ ਹਰਗੋਬਿੰਦ ਜੀ ਤੋਂ ਪਹਿਲਾਂ ਦੇ ਗੁਰੂ ਸਾਹਿਬਾਨ ਦੇ ਇਤਿਹਾਸ ਚੋਂ ਵੀ ਟੂਕਾਂ ਦਿਤੀਆਂ ਹਨ।

---

1- ਕਵੀ ਸੋਹਨ ਜੀ, ਸ੍ਰੀ ਗੁਰਬਿਲਾਸ ਪਾਤਸ਼ਾਹੀ 6, ਪੰਨਾ 12

2- ਓਹੀ, ਪੰਨਾ 18

ਇਸ ਕਾਵਿ-ਗ੍ਰੰਥ ਵਿਚ ਕਵੀ ਸੋਹਨ ਕਈ ਥਾਵਾਂ ਤੇ ਕਾਵਿ-ਉਡਾਰੀ ਮਾਰ ਕੇ ਅਤਿ-ਕਥਨੀਆਂ ਕਰ ਜਾਂਦਾ ਹੈ ਅਤੇ ਇਤਿਹਾਸ ਦੇ ਨਾਲ ਨਾਲ ਮਿਥਿਹਾਸ ਦੀ ਵੀ ਸਿਰਜਨਾ ਕਰਦਾ ਹੈ। ਪਰ ਫਿਰ ਵੀ ਇਹ ਕਿਹਾ ਜਾ ਸਕਦਾ ਹੈ ਕਿ ਉਸ ਦੀਆਂ ਰਚਨਾਵਾਂ ਇਤਿਹਾਸਕ ਸੱਚ ਦੇ ਨੇੜੇ ਤੇੜੇ ਹੀ ਉਸਰੀਆਂ ਹਨ।

ਭਾਸ਼ਾ ਦੀ ਦ੍ਰਿਸ਼ਟੀ ਤੋਂ ਇਸ ਕਾਵਿ-ਸੰਗ੍ਰਹਿ ਵਿਚ ਪੁਰਾਤਨ ਕਿਸਮ ਦੀ ਹਿੰਦੀ ਅਤੇ ਬ੍ਰਿਜ ਭਾਸ਼ਾ ਦੀ ਵਰਤੋਂ ਕੀਤੀ ਗਈ ਹੈ। ਰਚਨਾਕਾਰ ਨੇ ਅਲੰਕਾਰਾਂ, ਉਪਮਾਵਾਂ, ਪ੍ਰਤੀਕਾਂ ਅਤੇ ਦ੍ਰਿਸ਼ਟਾਂਤਾਂ ਦੇ ਸਹਾਰੇ ਆਪਣੇ ਕਾਵਿ ਨੂੰ ਸੁੰਦਰਤਾ ਪ੍ਰਦਾਨ ਕਰਨ ਦੀ ਕੋਸ਼ਿਸ਼ ਕੀਤੀ ਹੈ। ਸਾਰੀ ਵਿਆਖਿਆ ਦੇ ਆਧਾਰ ਅਸੀਂ ਕਹਿ ਸਕਦੇ ਹਾਂ ਕਿ ਗਿਆਨੀ ਇੰਦਰ ਸਿੰਘ ਗਿੱਲ ਦੁਆਰਾ ਸੰਪਾਦਤ, ਕਵਿ ਸੋਹਨ ਜੀ ਦਾ ਇਤਿਹਾਸਕ ਕਾਵਿ-ਗ੍ਰੰਥ 'ਗੁਰ ਬਿਲਾਸ ਪਾਤਸ਼ਾਹੀ 6' ਗੁਰੂ ਹਰਗੋਬਿੰਦ ਸਾਹਿਬ ਦੇ ਜੀਵਨ ਇਤਿਹਾਸ ਦਾ ਵਰਨਣ ਕਰਨ ਵਾਲਾ, ਸਿੱਖ ਸਾਹਿਤ ਦਾ ਇਕ ਵਡਮੁੱਲਾ ਸਰਮਾਇਆ ਹੈ।

## ਗੁਰ ਬਿਲਾਸ ਪਾਤਸ਼ਾਹੀ 10[1]

'ਗੁਰ ਬਿਲਾਸ ਪਾਤਸ਼ਾਹੀ 10' ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਨਾਲ ਸਬੰਧਤ ਇਤਿਹਾਸਕ ਕਾਵਿ-ਗ੍ਰੰਥ ਹੈ। ਇਸ ਗ੍ਰੰਥ ਦਾ ਰਚਨਾਕਾਰ ਕੋਇਰ ਸਿੰਘ ਕਲਾਲ ਨਾਮੀ ਗੁਰਸਿਖ ਹੈ ਜਿਸਦੇ ਜਨਮ ਅਤੇ ਬਾਕੀ ਜੀਵਨ ਬਾਰੇ ਬਹੁਤੀ ਸੰਤੋਖਜਨਕ ਜਾਣਕਾਰੀ ਉਪਲਬਧ ਨਹੀਂ। ਪਰ ਕੁਝ ਜਾਣਕਾਰੀ ਇਸੇ ਗ੍ਰੰਥ ਦੇ ਅੰਤਿਮ

---

1- ਕੋਇਰ ਸਿੰਘ; ਗੁਰਬਿਲਾਸ ਪਾਤਸ਼ਾਹੀ 10, ਸੰਪਾਦਕ -ਸ਼ਮਸ਼ੇਰ ਸਿੰਘ ਅਸ਼ੋਕ, (ਪਟਿਆਲਾ, ਪੰਜਾਬੀ ਯੂਨੀਵਰਸਿਟੀ, 1968)

ਅਧਿਆਇ ਵਿਚੋਂ ਪ੍ਰਾਪਤ ਹੁੰਦੀ ਹੈ। ਇਸ ਜਾਣਕਾਰੀ ਦੇ ਆਧਾਰ ਤੇ ਇਹ ਪਤਾ ਲਗਦਾ ਹੈ ਕਿ ਕੋਇਰ ਸਿੰਘ ਕਲਾਲ ਕੰਬੋਆਂ ਦੇ ਇਲਾਕੇ ਦਾ ਰਹਿਣ ਵਾਲਾ ਨਾਮਧਰੀਕ ਸਿੱਖ ਸੀ ਅਤੇ ਸ਼ੁਰੂ ਵਿਚ ਉਸ ਨੇ ਅੰਮ੍ਰਿਤਪਾਨ ਨਹੀਂ ਸੀ ਕੀਤਾ ਹੋਇਆ। ਲੇਖਕ ਨੇ ਇਹ ਵੀ ਦਸਿਆ ਹੈ ਕਿ ਉਹ ਕਿਤੇ ਨੌਕਰੀ ਕਰਦਾ ਸੀ ਅਤੇ ਜਦੋਂ ਉਸ ਨੇ ਨੌਕਰੀ ਛੱਡ ਦਿਤੀ ਤਾਂ ਆਪਣਾ ਸਾਰਾ ਸਮਾਂ ਭਾਈ ਮਨੀ ਸਿੰਘ ਜੀ ਦੀ ਸੰਗਤ ਵਿਚ ਗੁਜ਼ਾਰਨ ਲਗ ਪਿਆ। ਰਚਨਾਕਾਰ ਦੀਆਂ ਆਪਣੀਆਂ ਸਤਰਾਂ ਇਸ ਪ੍ਰਕਾਰ ਹਨ:-

ਕੁਇਰ ਸਿੰਘ ਕਲਾਲ ਅਤਿ ਜੋਈ। ਰਹੈ ਕੰਬੋਅਨ ਐਗਨ ਸੋਈ।
ਨਾਮ ਮਤ੍ਰੀ ਸਿੰਘ ਹੋ ਭਾਈ। ਪੂਰਬ ਖੰਡੇ ਪਾਹੁਲ ਨ ਲਈ।
ਜਬ ਨੌਕਰੀ ਤੇ ਭਈ ਬੈਰਾਗੀ। ਸੁਨਤ ਸਾਖੀਅਨ ਮਨ ਅਨੁਰਾਗੀ।
ਮਨੀ ਸਿੰਘ ਏ ਬਚਨ ਅਲਾਏ। ਸੁਨੋ ਖਾਲਸਾ ਜੀ ਚਿਤ ਲਾਏ।
ਇਹੁ ਧਰਮ ਗ੍ਰੰਥ ਕਥਾ ਮੈਂ ਭਾਖੀ। ਬਡ ਵਿਸਥਾਰ ਸੂਖਮ ਕਰ ਰਾਖੀ।[1]

ਕੋਇਰ ਸਿੰਘ ਕਲਾਲ ਦੀ ਇਹ ਇਤਿਹਾਸਕ ਕ੍ਰਿਤ ਬਹੁਤ ਸਮੇ ਤਕ ਭਾਈ ਮਨੀ ਸਿੰਘ ਦੇ ਗੁਰ ਬਿਲਾਸ ਦੇ ਨਾਂ ਨਾਲ ਮਸ਼ਹੂਰ ਰਹੀ ਹੈ। ਐਸਾ ਇਸ ਲਈ ਹੋਇਆ ਕਿਉਂਕਿ ਭਾਈ ਮਨੀ ਸਿੰਘ ਦਾ ਨਾਮ ਇਸ ਗ੍ਰੰਥ ਵਿਚ ਬਹੁਤ ਥਾਵਾਂ ਤੇ ਆਇਆ ਹੈ। ਅਸਲ ਵਿਚ ਭਾਈ ਮਨੀ ਸਿੰਘ ਜੀ ਦਾ ਸਾਰਾ ਜੀਵਨ ਗੁਰੂ ਘਰ ਨੂੰ ਅਰਪਣ ਸੀ ਤੇ ਉਹਨਾਂ ਨੂੰ ਦਸਵੇਂ ਗੁਰੂ ਸਾਹਿਬ ਦੀ ਪੂਰੀ ਨੇੜਤਾ ਪ੍ਰਾਪਤ ਸੀ। ਕੋਇਰ ਸਿੰਘ ਦੀ ਰਚਨਾਵਾਂ ਦਾ ਮੂਲ ਸ੍ਰੋਤ ਭਾਈ ਮਨੀ ਸਿੰਘ ਦੀ ਕਥਾ ਅਤੇ ਉਹਨਾਂ ਨਾਲ ਵਿਚਾਰ-ਵਟਾਂਦਰਾ ਸੀ। ਭਾਈ ਮਨੀ ਸਿੰਘ ਦੀ ਗਵਾਹੀਆਂ ਕਾਰਨ ਹੀ ਕੋਇਰ ਸਿੰਘ ਕਲਾਲ ਦੀ ਇਸ ਕਾਵਿ-ਰਚਨਾ ਦੀ ਪ੍ਰਮਾਣਿਕਤਾ ਅਤੇ ਮਹੱਤਵ ਵਿਚ ਵਾਧਾ ਹੋਇਆ ਹੈ।

---

1- ਕੋਇਰ ਸਿੰਘ, ਗੁਰਬਿਲਾਸ ਪਾਤਸ਼ਾਹੀ 10, ਪੰਨਾ 295

ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨੀ ਉਤੇ ਆਧਾਰਿਤ 'ਗੁਰਬਿਲਾਸ ਪਾਤਸ਼ਾਹੀ 10' ਦੀ ਰਚਨਾ ਕੋਇਰ ਸਿੰਘ ਕਲਾਲ ਨੇ ਗੁਰੂ ਸਾਹਿਬ ਦੇ ਜੋਤੀ ਜੋਤਿ ਸਮਾਉਣ ਤੋਂ 43 ਸਾਲਾਂ ਬਾਅਦ ਸੰਨ 1751 ਈ. ਵਿਚ ਕੀਤੀ। ਡਾ: ਫੌਜਾ ਸਿੰਘ ਅਨੁਸਾਰ ਇਸੇ ਗੁਰ ਬਿਲਾਸ ਦੀਆਂ ਰਚਨਾਵਾਂ ਨੂੰ ਆਧਾਰ ਬਣਾ ਕੇ ਮਗਰੋਂ ਭਾਈ ਸੁਖਾ ਸਿੰਘ ਨੇ ਇਕ ਹੋਰ ਗੁਰਬਿਲਾਸ ਦੀ ਰਚਨਾ ਸੰਨ 1797 ਈ.ਵਿਚ ਕੀਤੀ।[1]

ਕੋਇਰ ਸਿੰਘ ਦੇ ਗੁਰਬਿਲਾਸ ਦਾ ਵਿਸ਼ਾ-ਵਸਤੂ ਗੁਰੂ ਗੋਬਿੰਦ ਸਿੰਘ ਜੀ ਦਾ ਸਮੁੱਚਾ ਜੀਵਨ ਹੈ। ਰਚਨਾਕਾਰ ਨੇ ਆਪਣੇ ਗ੍ਰੰਥ ਨੂੰ 21 ਅਧਿਆਵਾਂ ਵਿਚ ਵੰਡ ਕੇ ਗੁਰੂ ਸਾਹਿਬ ਦੇ ਸਾਰੇ ਜੀਵਨ ਨੂੰ ਆਪਣੇ ਰਚਨਾ ਦੇ ਘੇਰੇ ਵਿਚ ਲੈਣ ਦੀ ਕੋਸ਼ਿਸ਼ ਕੀਤੀ ਹੈ। ਅਸਲ ਵਿਚ ਇਹ ਪਹਿਲਾ ਇਤਿਹਾਸਕ ਕਾਵਿ-ਗ੍ਰੰਥ ਹੈ ਜਿਸ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਕਾਲ ਦੀਆਂ ਸਾਰੀਆਂ ਮਹੱਤਵਪੂਰਣ ਘਟਨਾਵਾਂ ਦਾ ਵਿਸਤਾਰ ਪ੍ਰਸਤੁਤ ਕੀਤਾ ਗਿਆ ਹੈ। 'ਬਚਿਤ੍ਰ ਨਾਟਕ' ਅਤੇ ਸੈਨਾਪਤੀ ਦੀ 'ਸ੍ਰੀ ਗੁਰੂ ਸੋਭਾ' ਵਿਚ ਵੀ ਗੁਰੂ ਗੋਬਿੰਦ ਸਿੰਘ ਦੇ ਜੀਵਨ ਨਾਲ ਸਬੰਧਤ ਰਚਨਾਵਾਂ ਹਨ, ਪਰ ਇਹਨਾਂ ਰਚਨਾਵਾਂ ਨੇ ਆਪਣੇ ਆਪ ਨੂੰ ਗੁਰੂ ਸਾਹਿਬ ਦੇ ਜੀਵਨ ਦੇ ਕੁਝ ਹਿੱਸਿਆਂ ਦੇ ਪ੍ਰਸਤੁਤੀਕਰਣ ਤਕ ਸੀਮਤ ਰਖਿਆ ਹੈ। ਇਸ ਪ੍ਰਕਾਰ ਇਹ ਮੰਨਿਆਂ ਜਾ ਸਕਦਾ ਹੈ ਕਿ ਗੁਰੂ ਗੋਬਿੰਦ ਸਿੰਘ ਦੇ ਪੂਰੇ ਜੀਵਨ ਕਾਲ ਨੂੰ ਆਪਣੀ ਰਚਨਾ ਵਿਚ ਉਤਾਰਣ ਦੀ ਪਹਿਲੀ ਸਫਲ ਕੋਸ਼ਿਸ਼ ਕੋਇਰ ਸਿੰਘ ਦੇ ਗੁਰਬਿਲਾਸ ਵਿਚ ਹੀ ਕੀਤੀ ਗਈ ਹੈ।

ਬੋਲੀ ਦੇ ਪੱਖੋਂ ਇਸ ਇਤਿਹਾਸਕ ਗ੍ਰੰਥ ਵਿਚ ਬ੍ਰਿਜ ਭਾਸ਼ਾ ਦੀਆਂ ਰਚਨਾਵਾਂ ਦੀ ਪ੍ਰਧਾਨਤਾ ਹੈ ਪਰ ਕਈ ਰਚਨਾਵਾਂ ਠੇਠ ਪੰਜਾਬੀ ਵਿਚ ਵੀ ਹਨ। ਡਾ: ਫੌਜਾ ਸਿੰਘ ਨੇ ਭਾਸ਼ਾ ਬਾਰੇ ਗ੍ਰੰਥ ਦੀ ਭੂਮਿਕਾ ਵਿਚ ਲਿਖਿਆ ਹੈ ਕਿ "ਜਿਥੇ ਬ੍ਰਿਜ ਭਾਸ਼ਾ ਜਾਂ ਹਿੰਦੀ ਦੇ ਕਬਿਤ

---

1- ਕੋਇਰ ਸਿੰਘ, ਗੁਰਬਿਲਾਸ ਪਾਤਸ਼ਾਹੀ 10, ਪੰਨਾ 2

ਸਵੈਯੇ ਆਦਿ ਛੰਦ ਇਸ ਦੀਆਂ ਅਲੰਕਾਰਕ ਖੂਬੀਆਂ ਦਰਸਾਉਂਦੇ ਹਨ, ਉਥੇ ਪੰਜਾਬੀ ਦਾ ਸਿਰਖੰਡੀ ਛੰਦ ਵੀ ਦਸਮ ਗ੍ਰੰਥ ਦੀ 'ਚੰਡੀ ਦੀ ਵਾਰ' ਦਾ ਰਸ ਦੇਂਦਾ ਹੈ।"[1] ਡਾ: ਫੌਜਾ ਸਿੰਘ ਅਨੁਸਾਰ ਛੰਦਾਬਦੀ ਦੇ ਦ੍ਰਿਸ਼ਟੀਕੋਣ ਤੋਂ ਕਵੀ ਕੋਇਰ ਸਿੰਘ ਨੇ ਇਸ ਕਾਵਿ-ਗ੍ਰੰਥ ਵਿਚ ਕੁਲ 29 ਛੰਦ ਵਰਤੇ ਹਨ ਅਤੇ ਕੁਲ ਛੰਦਾਂ ਦੀ ਗਿਣਤੀ 2938 ਹੈ।[2] ਇਸ ਤੋਂ ਅਲਾਵਾ ਕਿਤੇ ਕਿਤੇ ਇਸ ਗ੍ਰੰਥ ਵਿਚ ਆਪਣੀ ਗਲ ਸਮਝਾਉਣ ਲਈ ਰਚਨਾਕਾਰ ਨੇ ਪੰਜਾਬੀ ਵਾਰਤਕ ਦਾ ਪ੍ਰਯੋਗ ਵੀ ਕੀਤਾ ਹੈ।

ਇਸ ਪ੍ਰਕਾਰ ਇਹ ਠੀਕ ਹੈ ਕਿ ਕੋਇਰ ਸਿੰਘ ਦਾ ਗੁਰ ਬਿਲਾਸ ਗੁਰੂ ਗੋਬਿੰਦ ਸਿੰਘ ਦੇ ਸਮੁੱਚੇ ਜੀਵਨ ਦਾ ਵਿਸਤਾਰ ਨਾਲ ਵਰਣਨ ਕਰਨ ਵਾਲੀ ਪਹਿਲੀ ਮਹੱਤਵਪੂਰਣ ਰਚਨਾ ਹੈ, ਪਰ ਇਤਿਹਾਸਕ ਦ੍ਰਿਸ਼ਟੀ ਤੋਂ ਘੋਖਿਆ ਜਾਵੇ ਤਾਂ ਇਸ ਗ੍ਰੰਥ ਵਿਚ ਕੁਝ ਐਸੀਆਂ ਇਤਿਹਾਸਕ ਗਲਤੀਆਂ ਹਨ ਜਿਹਨਾਂ ਕਰਕੇ ਇਸ ਦੀ ਇਤਿਹਾਸ ਦੇ ਪੱਖੋਂ ਪ੍ਰਮਾਣਿਕਤਾ ਨੂੰ ਗਹਿਰਾ ਸਦਮਾ ਪਹੁੰਚਦਾ ਹੈ। ਇਸ ਕਾਵਿ-ਗ੍ਰੰਥ ਦੀ ਭੂਮਿਕਾ ਵਿਚ ਡਾ: ਫੌਜਾ ਸਿੰਘ ਨੇ ਸਾਡਾ ਧਿਆਨ ਉਹਨਾਂ ਇਤਿਹਾਸਕ ਗਲਤੀਆਂ ਵਲ ਦਿਵਾਇਆ ਹੈ। ਗੁਰੂ ਗੋਬਿੰਦ ਸਿੰਘ ਦੇ ਅਵਤਾਰ ਧਾਰਣ, ਖਾਲਸਾ ਪੰਥ ਦੀ ਸਿਰਜਣਾ ਅਤੇ ਗੁਰੂ ਸਾਹਿਬ ਦੇ ਜੋਤੀ ਜੋਤਿ ਸਮਾਉਣ ਦੀਆਂ ਤਾਰੀਖਾਂ ਇਸ ਗ੍ਰੰਥ ਵਿਚ ਗਲਤ ਦਿੱਤੀਆਂ ਗਈਆਂ ਹਨ। ਇਸ ਤੋਂ ਇਲਾਵਾ ਦੇਵੀ-ਪੂਜਾ ਦਾ ਪ੍ਰਸੰਗ, ਬਹਾਦੁਰ ਸ਼ਾਹ ਨਾਲ ਸਫ਼ਰ ਅਤੇ ਕੁਝ ਹੋਰ ਇਤਿਹਾਸਕ ਘਟਨਾਵਾਂ ਬਾਰੇ ਵੀ ਰਚਨਾਕਾਰ ਨੇ ਇਤਿਹਾਸਕ ਪੱਖੋਂ ਭੁਲੇਖਾ ਖਾਧਾ ਹੈ।[3] ਪਰ ਇਹਨਾਂ ਇਤਿਹਾਕ ਭੁੱਲਾਂ ਦੇ ਬਾਵਜੂਦ ਕੋਇਰ ਸਿੰਘ ਕਲਾਲ ਦਾ ਗੁਰ ਬਿਲਾਸ ਦਸਵੇਂ ਗੁਰੂ ਦੇ

- - - - - - - - - - - - - - - - - - - - - - - - - - - - - - - -

1- ਕੋਇਰ ਸਿੰਘ, ਗੁਰ ਬਿਲਾਸ ਪਾਤਸ਼ਾਹੀ 10, ਪੰਨਾ 16/ਸ

2- ਓਹੀ , ਪੰਨਾ 16/ਹ

3- ਓਹੀ , ਪੰਨਾ 11-14

ਸਾਰੇ ਜੀਵਨ ਕਾਲ ਦੇ ਇਤਿਹਾਸ ਨੂੰ ਕਾਵਿਕ ਰੂਪ ਵਿਚ ਪੇਸ਼ ਕਰਨ ਵਾਲਾ ਪਹਿਲਾ ਮਹੱਤਵਪੂਰਣ ਇਤਿਹਾਸਕ ਦਸਤਾਵੇਜ਼ ਹੈ।

## ਪ੍ਰੇਮ ਸੁਮਾਰਗ ਗ੍ਰੰਥ[1]

'ਪ੍ਰੇਮ ਸੁਮਾਰਗ ਗ੍ਰੰਥ' ਇਕ ਨਿਵੇਕਲੇ ਕਿਸਮ ਦਾ ਗ੍ਰੰਥ ਹੈ। ਇਸ ਗ੍ਰੰਥ ਵਿਚ ਇਤਿਹਾਸਕ ਘਟਨਾਵਾਂ ਦਾ ਜ਼ਿਕਰ ਤਾਂ ਨਹੀਂ ਪਰ ਇਹ ਗ੍ਰੰਥ ਸਿਖ ਇਤਿਹਾਸ ਤੋਂ ਪੂਰੀ ਤਰ੍ਹਾਂ ਪ੍ਰਭਾਵਿਤ ਹੈ। ਸਿਖ ਪਰੰਪਰਾ ਵਿਚ ਇਹ ਇਕੋ ਇਕ ਤੇ ਪਹਿਲਾ ਗ੍ਰੰਥ ਹੈ ਜਿਸ ਸਿਖ ਆਚਰਣ, ਸਦਾਚਾਰ ਅਤੇ ਰਹੁ-ਰੀਤੀ ਦੀ ਵਿਸਤਾਰ ਨਾਲ ਵਿਆਖਿਆ ਪ੍ਰਸਤੁਤ ਕੀਤੀ ਗਈ ਹੈ। ਇਹ ਇਤਿਹਾਸ ਗ੍ਰੰਥ ਤਾਂ ਬੇਸ਼ੁਕ ਨਹੀਂ ਪਰ ਇਤਿਹਾਸਕ ਦ੍ਰਿਸ਼ਟੀ ਤੋਂ ਮਹੱਤਵ-ਪੂਰਣ ਅਤੇ ਵਿਲਖਣ ਇਤਿਹਾਸਕ ਲਿਖਤ ਹੈ।

ਸਾਰਥਕ ਜੀਵਨ ਜੀਉਣ ਲਈ ਸਿੱਧ-ਪੱਧਰਾ ਪ੍ਰੇਮ ਦਾ ਮਾਰਗ ਦਰਸਾਉਣ ਵਾਲੇ ਇਸ ਗ੍ਰੰਥ ਵਿਚੋਂ ਜਨਮ ਤੋਂ ਮਰਨ ਤੱਕ, ਇਨਸਾਨ ਜ਼ਿੰਦਗੀ ਦੇ ਹਰ ਪਹਿਲੂ ਦੇ ਸਬੰਧ ਵਿਚ ਮਨੁੱਖ ਨੂੰ ਮਾਰਗ-ਦਰਸ਼ਨ ਮਿਲਦਾ ਹੈ। ਰਬ ਦੇ ਭੈ ਵਿਚ ਵਿਚਰਦਿਆਂ, ਮਨੁੱਖ ਨੂੰ ਸੰਸਾਰ ਦੀ ਸਾਰੀ ਕਾਰ-ਵਿਹਾਰ ਸਰੇਸ਼ਠ ਢੰਗ ਨਾਲ ਨਿਭਾਉਣ ਦੇ ਸਮਰਥ ਕਰਨਾ ਹੀ ਇਸ ਗ੍ਰੰਥ ਦੀ ਸਿਰਜਨਾ ਦਾ ਮੁਖ ਮੰਤਵ ਹੈ। ਇਸ ਗ੍ਰੰਥ ਦਾ ਅਠਵਾਂ ਅਧਿਆਇ ਰਾਜ ਅਤੇ ਰਾਜਨੀਤੀ ਨਾਲ ਸਬੰਧਤ ਹੈ।

ਇਸ ਗ੍ਰੰਥ ਦੇ ਰਚਨਾਕਾਰ ਬਾਰੇ ਕੋਈ ਨਿਰਣਾਇਕ ਜਾਣਕਾਰੀ ਉਪਲੱਬਧ ਨਹੀਂ

---

1- ਰਣਧੀਰ ਸਿੰਘ, ਸੰਪਾਦਕ; ਪ੍ਰੇਮ ਸੁਮਾਰਗ ਗ੍ਰੰਥ; (ਜਲੰਧਰ, ਨਿਊ ਬੁਕ ਕੰਪਨੀ; ਮਾਈ ਹੀਰਾਂ ਗੇਟ, 1965)

ਇਸ ਲਈ ਇਸ ਬਾਰੇ ਅਨੁਮਾਨ ਹੀ ਲਾਏ ਜਾ ਸਕਦੇ ਹਨ। ਗ੍ਰੰਥ ਦੇ ਆਰੰਭ ਵਿਚ 'ਪਾਤਸ਼ਾਹੀ 10' ਲਿਖਿਆ ਮਿਲਦਾ ਹੈ ਜਿਸ ਤੋਂ ਕੁਝ ਲੋਕਾਂ ਨੇ ਇਸ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਮੰਨਣਾ ਸ਼ੁਰੂ ਕਰ ਦਿੱਤਾ। ਪਰ ਇਸੇ ਗ੍ਰੰਥ ਚੋ ਐਸੇ ਸਬੂਤ ਮਿਲਦੇ ਹਨ, ਜਿਹਨਾਂ ਦੇ ਆਧਾਰ ਤੇ ਇਹ ਸਪਸ਼ਟ ਹੁੰਦਾ ਹੈ ਕਿ ਇਸ ਗ੍ਰੰਥ ਦੇ ਰਚਨਾਕਾਰ ਦਸਵੇਂ ਪਾਤਸ਼ਾਹ ਆਪ ਨਹੀਂ ਹੋ ਸਕਦੇ। ਹੇਠਲੀਆਂ ਸਤਰਾਂ ਧਿਆਨ ਦੇਣ ਯੋਗ ਹਨ:-

> "ਸਹੰਸ ਬਾਤ ਕੀ ਇਹ ਏਕੁ ਹੀ ਬਾਤ ਹੈ; ਜੋ ਬਿਰਦ ਜਨ ਸਤਿਗੁਰੂ ਜੀ ਨੇ ਕਹੀ ਹੈ। ਤਬ ਬਿਰਦ ਜਨ ਕੈ ਦਸ ਜਾਮੇ ਇਨ੍ਹਾਂ ਜੀਆਂ ਦੇ ਵਾਸਤੇ ਸਤਿਗੁਰੂ ਪੈਧੇ ਸੇ, ਜੋ ਇਨ ਜੀਆਂ ਦੀ ਪਾਰਗਿਰਾਮੀ ਹੋਵੈ।[1]"

ਇਨ੍ਹਾਂ ਸਤਰਾਂ ਤੋਂ ਸਪਸ਼ਟ ਹੈ ਕਿ ਇਸ ਗ੍ਰੰਥ ਦੀ ਰਚਨਾ ਕਰਨ ਵਾਲੇ ਗੁਰੂ ਗੋਬਿੰਦ ਸਿੰਘ ਜੀ ਆਪ ਨਹੀਂ ਹਨ, ਸਗੋਂ ਕੋਈ ਐਸਾ ਉਹਨਾਂ ਦਾ ਨਿਕਟਵਰਤੀ ਸਿੱਖ ਹੈ ਜਿਸ ਨੇ ਉਹਨਾਂ ਦੇ ਬਚਨਾਂ ਨੂੰ ਰਚਨਾ ਰੂਪ ਦਿੱਤਾ ਹੈ। ਗ੍ਰੰਥ ਦਾ ਪਾਠ ਕਰਨ ਨਾਲ ਕਈ ਵਾਰ ਇਸ ਤਰ੍ਹਾਂ ਵੀ ਪ੍ਰਤੀਤ ਹੁੰਦਾ ਹੈ ਕਿ ਲੇਖਕ ਕਿਸੇ ਛੰਦ-ਬੰਦੀ ਦੀ ਕਾਵਿ-ਰਚਨਾ ਨੂੰ ਵਾਰਤਕ ਰੂਪ ਦੇ ਰਿਹਾ ਹੈ। ਇਸ ਵਿਚ ਕੋਈ ਸੰਦੇਹ ਨਹੀਂ ਹੈ ਕਿ ਰਚਨਾਕਾਰ ਦੀ ਯੋਗਤਾ ਅਤੇ ਵਿਦਵਤਾ ਦਾ ਦਾਇਰਾ ਬਹੁਤ ਵਿਸ਼ਾਲ ਹੈ। ਜੀਵਨ ਦੇ ਹਰ ਪਹਿਲੂ ਦੀ ਪੂਰੀ ਸੋਝੀ ਹੈ ਅਤੇ ਉਸ ਪ੍ਰਤੀ ਸਿੱਖੀ ਦ੍ਰਿਸ਼ਟੀਕੋਣ ਦੀ ਲੇਖਕ ਨੂੰ ਵਿਸਤ੍ਰਿਤ ਜਾਣਕਾਰੀ ਹੈ। ਗ੍ਰੰਥ ਦੇ ਅਧਿਐਨ ਦੇ ਆਧਾਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਇਸ ਗ੍ਰੰਥ ਦਾ ਲਿਖਾਰੀ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਹਜ਼ੂਰ ਰਹਿਣ ਵਾਲਾ ਕੋਈ ਉਘਾ ਵਿਦਵਾਨ ਦਰਬਾਰੀ ਲਿਖਾਰੀ ਹੈ।

---

1- ਰਣਧੀਰ ਸਿੰਘ (ਸੰਪਾਦਕ) ਪ੍ਰੇਮ ਸੁਮਾਰਗ ਗ੍ਰੰਥ, ਪੰਨਾ 2

ਇਸ ਗ੍ਰੰਥ ਦੇ ਰਚਨਾ ਕਾਲ ਬਾਰੇ ਵੀ ਕੋਈ ਠੋਸ ਰਾਇ ਬਣਾਉਣੀ ਕਠਿਨ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਸਬੰਧ ਵਿਚ ਦਸਿਆ ਹੈ ਕਿ "ਇਸ ਪੁਸਤਕ ਦੇ ਆਦਿ 'ਸ੍ਰੀ ਮੁਖਵਾਕ ਪਾਤਸ਼ਾਹੀ 10' ਲਿਖਿਆ ਹੈ। ਪਰ ਇਹ ਕਿਸੇ ਪ੍ਰੇਮੀ ਸਿੱਖ ਦੀ ਰਚਨਾ ਹੈ, ਜੋ (ਸੰਮਤ) 1880 ਅਥਵਾ 85 ਵਿਚ ਲਿਖੀ ਗਈ ਹੈ।"[1] ਪਰ ਇਸ ਗ੍ਰੰਥ ਦੇ ਸੰਪਾਦਕ ਸ੍ਰ: ਰਣਧੀਰ ਸਿੰਘ ਨੇ ਲੰਮੀ ਚਰਚਾ ਕਰਦਿਆਂ ਇਸ ਗ੍ਰੰਥ ਦੇ ਵਿਸ਼ਾ-ਵਸਤੂ ਦਾ ਵਿਸ਼ਲੇਸ਼ਣ ਕਰਕੇ ਇਹ ਸਿੱਟਾ ਕਢਿਆ ਹੈ ਕਿ ਇਸ ਗ੍ਰੰਥ ਦੇ ਰਚਨਾ ਕਾਲ ਬਾਰੇ ਭਾਈ ਕਾਨ੍ਹ ਸਿੰਘ ਨਾਭਾ ਦਾ ਵਿਚਾਰ ਮੰਨਣਯੋਗ ਨਹੀਂ।[2] 1880-85 ਵਿਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਪ੍ਰਬੰਧ ਦੌਰਾਨ ਖਾਲਸੇ ਦਾ ਰਾਜ ਭਾਗ ਪੂਰੇ ਜੋਬਨ ਵਿਚ ਸੀ ਅਤੇ ਐਸੇ ਸਮੇਂ ਸਿੰਘਾਂ ਨੂੰ ਦੁਸ਼ਮਣ ਤੋਂ ਅਪਣਾ ਆਪ ਬਚਾਉਣ ਲਈ ਰਾਹ ਭਾਲਣ ਦੀ ਲੋੜ ਨਹੀਂ ਸੀ ਜੈਸੀ ਕਿ ਇਸ ਗ੍ਰੰਥ ਵਿਚ ਤਾਕੀਦ ਕੀਤੀ ਗਈ ਹੈ:-

"ਜੇ ਇਕ ਸਿਖ ਉਪਰਿ ਆਇ ਬਣੈਗੀ,
ਤਾਂ ਸਭੇ ਇਕੱਠੇ ਜੀਓ ਦੇਣੈ ਨੂੰ ਤਈਆਰ ਹੋਣਾ।"[3]

ਅਸਲ ਵਿਚ ਬੰਦਾ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਮਿਸਲਾਂ ਦੇ ਸਮੇਂ ਤਕ ਖਾਲਸਾ ਪੰਥ ਨੂੰ ਅਤਿ ਬਿਪਤਾ ਦੇ ਦੌਰ ਚੋਂ ਗੁਜ਼ਰਨਾ ਪਿਆ ਸੀ ਅਤੇ ਇਸੇ ਬਿਪਤਾ ਦੇ ਦੌਰ ਵਿਚ ਇਸ ਗ੍ਰੰਥ ਦੀ ਰਚਨਾ ਹੋਈ ਪ੍ਰਤੀਤ ਹੁੰਦੀ ਹੈ। ਸੰਪਾਦਕ ਸ੍ਰ: ਰਣਧੀਰ ਸਿੰਘ ਵੀ ਇਸ ਵਿਚਾਰ ਨਾਲ ਸਹਿਮਤੀ ਪ੍ਰਗਟ ਕਰਦਿਆਂ ਦਸਦੇ ਹਨ ਕਿ "ਇਹ ਉਤਮ ਗ੍ਰੰਥ ਭਾਈ ਮਨੀ ਸਿੰਘ, ਤਾਰੂ ਸਿੰਘ ਤੇ ਤਾਰਾ ਸਿੰਘ ਆਦਿ ਸ਼ਹੀਦ ਸਿੰਘਾਂ ਦੇ ਜੀਵਨ-ਜੋਤਿ ਜਗਾਦੇ ਸਮੇਂ-ਸੰਮਤ ਸਤਾਰਾਂ ਸੈ ਪੈਂਹਠ ਤੇ ਅਠਾਰਾਂ ਸੌ ਸੋਲ੍ਹਾਂ ਬਿਕ੍ਰਮੀ (1708-59 ਈ.)

- - - - - - - - - - - - - - - - - - - - - - - - - - - -

1- ਨਾਭਾ, ਭਾਈ ਕਾਨ੍ਹ ਸਿੰਘ, <u>ਗੁਰਮਤ ਸੁਧਾਕਰ</u>; ਪੰਨਾ 445.

2- ਰਣਧੀਰ ਸਿੰਘ, ਸੰਪਾਦਕ, <u>ਪ੍ਰੇਮ ਸੁਮਾਰਗ ਗ੍ਰੰਥ</u>; ਪੰਨਾ 89-93

3- ਓਹੀ; ਪੰਨਾ 12

ਵਿਚਕਾਰ ਹੀ ਲਿਖਿਆ ਗਿਆ ਸਹੀ ਹੁੰਦਾ ਏ।"[1]

ਪ੍ਰੇਮ ਸੁਮਾਰਗ ਗ੍ਰੰਥ ਦੇ ਵਿਸ਼ਾ-ਵਸਤੂ ਵਿਚ ਮਨੁੱਖੀ ਜੀਵਨ ਦੇ ਸਾਰੇ ਪਹਿਲੂ ਸ਼ਾਮਲ ਹਨ ਅਤੇ ਇਹ ਗ੍ਰੰਥ ਇਕ ਰਹਿਤਨਾਮੇ ਵਾਂਗੂੰ ਖਾਲਸੇ ਦੀ ਹਰ ਪੱਖ ਤੋਂ ਅਗਵਾਈ ਅਤੇ ਨਿਰਦੇਸ਼ਨ ਕਰਦਾ ਹੈ। ਦਸ ਅਧਿਆਵਾਂ ਵਿਚ ਵੰਡੇ ਇਸ ਗ੍ਰੰਥ ਦਾ ਆਰੰਭ 'ਅਕਾਲ ਪੁਰਖ ਵਾਚ' ਨਾਲ ਹੁੰਦਾ ਹੈ ਅਤੇ ਇਸ ਵਿਚ ਕੁਲ 92 ਬਚਨ ਹਨ। ਗ੍ਰੰਥ ਦੇ ਪਹਿਲੇ ਅਧਿਆਇ ਵਿਚ ਉਪਦੇਸ਼ ਬੈਰਾਗੀ ਸਿਮਰਨ ਦੀ ਰਹਿਤ, ਦੂਜੇ ਅਧਿਆਇ ਵਿਚ ਨਾਮਦਾਨ ਸਿਖੀ, ਤੀਜੇ ਅਧਿਆਇ ਵਿਚ -ਜਨਮ, ਚੌਥੇ ਅਧਿਆਇ ਵਿਚ ਸੰਜੋਗ ਬਿਆਹ, ਪੰਜਵੇਂ ਅਧਿਆਇ ਵਿਚ - ਖਾਣੇ ਦੀ ਬਿਧਿ ਜੁਗਤਿ, ਛੇਵੇਂ ਅਧਿਆਇ ਵਿਚ - ਦੇਹੀ ਦੀ ਰਹਿਤ, ਸਤਵੇਂ ਅਧਿਆਇ ਵਿਚ - ਮ੍ਰਿਤਕ ਸਬੰਧੀ ਬਿਧਿ, ਅਠਵੇਂ ਅਧਿਆਇ ਵਿਚ - ਰਾਜਾ ਲੱਛਣ ਮਾਰਗ, ਨੌਵੇਂ ਅਧਿਆਇ ਵਿਚ - ਨਿਆਓ ਕਰਣ ਅਤੇ ਦਸਵੇਂ ਅਧਿਆਇ ਵਿਚ - ਸਹਜ ਜੋਗ ਸਬੰਧੀ ਨਿਰਦੇਸ਼ਨ ਕਰਨ ਵਾਲੀਆਂ ਉਤਮ ਵਿਚਾਰਾਂ ਨੂੰ ਬੜੇ ਰੌਚਕ ਅਤੇ ਪਰੰਪਰਾਗਤ ਢੰਗ ਨਾਲ ਪ੍ਰਸਤੁਤ ਕੀਤਾ ਗਿਆ ਹੈ।

ਗ੍ਰੰਥ ਦੀ ਬੋਲੀ ਬਾਰੇ ਇਸਦਾ ਸੰਪਾਦਨ ਕਰਨ ਵਾਲੇ ਰਣਧੀਰ ਸਿੰਘ ਨੇ ਦਸਿਆ ਹੈ ਕਿ "ਇਸ ਗ੍ਰੰਥ ਦੀ ਬੋਲੀ ਭੀ ਉਹੋ ਹੈ, ਜੋ ਸਤਿਗੁਰਾਂ ਦੇ ਸਮੇਂ ਜਾਂ ਉਸਦੇ ਅਗਲੇ ਪਿਛਲੇ ਠੇੜ ਵਿਚ ਲਿਖੀ ਵਰਤੀ ਜਾਂਦੀ ਸੀ।"[2] ਬੋਲੀ ਦੇ ਆਧਾਰ ਤੇ ਸੰਪਾਦਕ ਨੇ ਇਹ ਸਿੱਟਾ ਕਢਿਆ ਹੈ ਕਿ "ਇਸ ਬੋਲੀ ਤੇ ਤਰਜ਼ਿ ਬਿਆਨ ਦੇ ਮੇਲ-ਜੋਲ ਤੋਂ ਖ਼ਿਆਲ ਹੋ ਸਕਦਾ ਏ ਕਿ ਭਾਈ ਮਨੀ ਸਿੰਘ ਜੀ ਨੇ ਯਾ ਉਨ੍ਹਾਂ ਦੇ ਕਿਸੇ ਹੋਰ ਸੰਗੀ ਸਾਥੀ ਵਿਦਵਾਨ ਨੇ ਹੀ ਭਾਈ ਚਉਪਾ ਸਿੰਘ ਵਾਲੇ, ਯਾ ਹੋਰ ਪੁਰਾਣੇ ਰਹਿਤਨਾਮੇ ਨੂੰ ਸਰਲ ਵਾਰਤਾ ਵਿਚ

- - - - - - - - - - - - - - - - - - - - - - - - - - - - - - -

1- ਰਣਧੀਰ ਸਿੰਘ, (ਸੰਪਾਦਕ,) ਪ੍ਰੇਮ ਸੁਮਾਰਗ ਗ੍ਰੰਥ, ਪੰਨਾ 110

2- ਓਹੀ, ਪੰਨਾ 86-87

ਉਲਥਾਇਆ ਹੋਵੇਗਾ।"[1] ਰਚਨਾਕਾਰ ਦਾ ਸ਼ਬਦ ਭੰਡਾਰ ਵਿਸ਼ਾਲ ਹੈ। ਉਸ ਨੇ ਖ਼ਾਸ ਤੌਰ ਤੇ ਅਰਬੀ ਤੇ ਫਾਰਸੀ ਦੇ ਸ਼ਬਦਾਂ ਦੀ ਖੁਲ੍ਹਕੇ ਵਰਤੋਂ ਕੀਤੀ ਹੈ। ਰਾਜ ਸਬੰਧੀ ਅਧਿਆਇ ਵਿਚ ਰਾਜਨੀਤਕ ਸ਼ਬਦਾਵਲੀ ਦੀ ਭਰਪੂਰ ਵਰਤੋਂ ਕੀਤੀ ਗਈ ਹੈ।

ਇਸ ਗ੍ਰੰਥ ਦਾ ਸੰਪਾਦਨ ਰਿਸਰਚ ਸਕਾਲਰ ਸ੍ਰ: ਰਣਧੀਰ ਸਿੰਘ ਨੇ ਕੀਤਾ ਅਤੇ ਇਸ ਨੂੰ ਪਹਿਲੀ ਵਾਰ 1953 ਵਿਚ ਤੇ ਫਿਰ 1965 ਈ. ਵਿਚ ਪ੍ਰਕਾਸ਼ਿਤ ਕਰਵਾਇਆ। ਖਾਲਸੇ ਦੇ ਜੀਵਨ ਦੀ ਰਹਿਤ ਦਾ ਸਮੁੱਚਾ ਵਿਸਤਾਰ ਪੇਸ਼ ਕਰਨ ਵਾਲਾ ਇਹ 'ਰਹਿਤ ਗ੍ਰੰਥ' ਸਿੱਖ ਸਾਹਿਤ ਦੀ ਪਰੰਪਰਾ ਵਿਚ ਅਦੁਤੀ ਹੈ। ਇਸ ਗ੍ਰੰਥ ਦਾ ਅਠਵਾਂ ਅਧਿਆਇ, ਜਿਹੜਾ ਰਾਜ ਅਤੇ ਰਾਜਨੀਤੀ ਨਾਲ ਸਬੰਧਤ ਹੈ, ਸਾਡੇ ਲਈ ਬਹੁਤ ਮਹੱਤਵਪੂਰਣ ਹੈ।

## ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ[2]

'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ' ਸਿੱਖ ਇਤਿਹਾਸ ਨੂੰ ਕਾਵਿ-ਰੂਪ ਵਿਚ ਪੇਸ਼ ਕਰਨ ਵਾਲਾ ਇਕ ਮਹੱਤਵਪੂਰਣ ਗ੍ਰੰਥ ਹੈ। ਇਸ ਗ੍ਰੰਥ ਵਿਚ ਮੁਖ ਤੌਰ ਤੇ ਦਸ ਗੁਰੂ ਸਾਹਿਬਾਨ ਦੇ ਜੀਵਨ ਇਤਿਹਾਸ ਨੂੰ ਵਰਣਨ ਕਰਨ ਦਾ ਪ੍ਰਯਤਨ ਕੀਤਾ ਗਿਆ ਹੈ। ਰਚਨਾਕਾਰ ਨੇ ਗ੍ਰੰਥ ਦਾ ਨਾਮ ਅਰੰਭ ਵਿਚ 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ' ਦਿੱਤਾ ਹੈ ਅਤੇ ਇਸੇ ਨਾਮ ਨਾਲ ਇਹ ਗ੍ਰੰਥ ਪ੍ਰਸਿਧ ਵੀ ਹੈ। ਪਰ ਆਪਣੀ ਰਚਨਾ ਵਿਚ ਇਕ ਥਾਂ ਤੇ ਲੇਖਕ ਨੇ ਇਸਨੂੰ 'ਕੁਰਸੀਨਾਮਾ' ਵੀ ਕਿਹਾ ਹੈ।"[3] ਅਸਲ ਵਿਚ 'ਕੁਰਸੀਨਾਮਾ'

---

1- ਰਣਧੀਰ ਸਿੰਘ, (ਸੰਪਾਦਕ) ਪ੍ਰੇਮ ਸੁਮਾਰਗ ਗ੍ਰੰਥ, ਪੰਨਾ 88

2- ਛਿਬਰ, ਕੇਸਰ ਸਿੰਘ, ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, ਸੰਪਾਦਕ-ਰਤਨ ਸਿੰਘ ਜੱਗੀ, (ਪਰਖ, ਰਿਸਰਚ ਬੁਲਿਟਨ-II, 1972 ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ)

3- ਓਹੀ, ਪੰਨਾ 226

ਫਾਰਸੀ ਦਾ ਸ਼ਬਦ ਹੈ ਜਿਸਦਾ ਅਰਥ 'ਬੰਸਾਵਲੀਨਾਮਾ' ਹੀ ਹੈ। ਇਸ ਕਾਵਿ-ਗ੍ਰੰਥ ਦਾ ਰਚਨਾਕਾਰ ਕੇਸਰ ਸਿੰਘ ਛਿੱਬਰ ਹੈ।

ਰਚਨਾਕਾਰ ਕਵੀ ਕੇਸਰ ਸਿੰਘ ਛਿੱਬਰ ਨੇ ਆਪਣੀ ਕਾਵਿ-ਰਚਨਾ ਵਿਚ ਆਪਣੇ ਜਨਮ ਬਾਰੇ ਕੁਝ ਨਹੀਂ ਲਿਖਿਆ ਪਰ ਐਸੇ ਸੰਕੇਤ ਉਸਦੀ ਲਿਖਤ ਵਿਚੋਂ ਮਿਲ ਜਾਂਦੇ ਹਨ ਜਿਹਨਾਂ ਦੇ ਆਧਾਰ ਤੇ ਉਸਦੇ ਜਨਮ ਬਾਰੇ ਅਨੁਮਾਨ ਲਾਇਆ ਜਾ ਸਕਦਾ ਹੈ। ਲੇਖਕ ਦਸਦਾ ਹੈ ਕਿ ਉਸ ਨੇ ਇਸ ਗ੍ਰੰਥ ਨੂੰ ਸੰਮਤ 1826 ਵਿਚ ਸੰਪੂਰਨ ਕੀਤਾ ਸੀ:-

"ਸੰਮਤ ਅਠਾਰਾਂ ਸੌ ਛਬੀ ਸੇ ਬੀਤੇ ਭੋਗ ਪੋਥੀ ਦਾ ਪਾਇਆ।"[1]

ਰਚਨਾਕਾਰ ਨੇ ਇਕ ਹੋਰ ਥਾਂ ਤੇ ਇਹ ਦਸਿਆ ਹੈ ਕਿ ਇਸ ਗ੍ਰੰਥ ਦੀ ਰਚਨਾ ਕਰਦਿਆਂ ਉਸ ਨੇ 70 ਸਾਲ ਇਸ ਦੀ ਸੁਧਾਈ ਕੀਤੀ ਹੈ ਅਰਥਾਤ ਇਹ ਗ੍ਰੰਥ ਉਸ ਦੇ 70 ਸਾਲਾਂ ਦੀ ਸੋਚ ਦਾ ਪਰਿਣਾਮ ਹੈ -

"ਸਤਰ ਬਰਸ ਸੋਧ ਮੈਂ ਕੀਤੀ ਤਾਂ ਇਹੁ ਕਥਾ ਬਣਾਈ।"[2]

ਇਸਤਰ੍ਹਾਂ ਜੇ ਸੰਮਤ 1826 ਵਿਚ ਉਸ ਦੀ ਉਮਰ 70 ਸਾਲ ਦੀ ਮੰਨ ਲਈਏ ਤਾਂ ਉਸ ਦਾ ਜਨਮ ਸੰਮਤ 1756 ਦਾ ਬਣਦਾ ਹੈ। ਅਸੀਂ ਇਹ ਸਿੱਟਾ ਕਢ ਸਕਦੇ ਹਾਂ ਕਿ ਉਸ ਦਾ ਜਨਮ ਸੰਮਤ 1756(1699 ਈ.) ਵਿਚ ਜਾਂ ਉਸਤੋਂ ਕੁਝ ਸਾਲ ਪਹਿਲਾਂ ਹੋਇਆ ਹੋਵੇਗਾ। ਡਾ: ਰਤਨ ਸਿੰਘ ਜੱਗੀ ਨੇ ਇਸ ਕਵੀ ਦੇ ਜੀਵਨ ਉਤੇ ਆਪਣੇ ਵਿਚਾਰ ਦਸਦਿਆਂ ਕਿਹਾ ਹੈ ਕਿ "ਗੁਰੂ ਗੋਬਿੰਦ ਸਿੰਘ ਦੇ ਪਰਵਰਤੀ ਕਾਲ ਵਿਚ ਕੇਸਰ ਸਿੰਘ ਅਧਿਕਤਰ

---

1- ਛਿਬਰ, ਕੇਸਰ ਸਿੰਘ, ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, ਪੰਨਾ 245

2- ਉਹੀ, ਪੰਨਾ 245

ਸਿੱਖ ਸੰਗਠਨ ਅਤੇ ਉੱਘੇ ਸਿੱਖ ਆਗੂਆਂ ਦੇ ਸੰਪਰਕ ਵਿਚ ਰਿਹਾ। ਉਸ ਨੇ ਬਹੁਤ ਸਮਾਂ ਮਾਤਾ ਜੀ ਦੇ ਦਰਬਾਰ ਦਿੱਲੀ ਵਿਚ ਅਤੇ ਦਰਬਾਰ ਸਾਹਿਬ ਅੰਮ੍ਰਿਤਸਰ ਬਿਤਾਇਆ। ਜਿਨ੍ਹਾਂ ਉੱਘੇ ਸਿੱਖਾਂ ਦੇ ਸੰਪਰਕ ਵਿਚ ਉਹ ਰਿਹਾ, ਉਨ੍ਹਾਂ ਵਿਚੋਂ ਮਾਮਾ ਕ੍ਰਿਪਾਲ ਸਿੰਘ, ਭਾਈ ਮਨੀ ਸਿੰਘ, ਭਾਈ ਤਾਰਾ ਸਿੰਘ ਆਦਿ ਦੇ ਨਾਂ ਵਿਸ਼ੇਸ਼ ਉਲੇਖਯੋਗ ਹਨ।"[1]

ਇਸ ਗ੍ਰੰਥ ਦਾ ਵਿਸ਼ਾ-ਵਸਤੂ ਦਸ ਗੁਰੂ ਸਾਹਿਬਾਨ ਅਤੇ ਉਨ੍ਹਾਂ ਤੋਂ ਕੁਝ ਸਮੇਂ ਬਾਅਦ ਤਕ ਦਾ ਇਤਿਹਾਸ ਹੈ। ਲੇਖਕ ਨੇ ਇਸ ਸਾਰੇ ਇਤਿਹਾਸ ਨੂੰ ਚੌਦਾਂ ਚਰਣਾਂ ਵਿਚ ਵੰਡਿਆ ਹੈ:-

ਚਉਦਹ ਚਰਨ ਬਨਾਇਕੇ ਰਾਖਹੁ ਪੋਥੀ ਮਾਹਿ।
ਕੋਈ ਦੀਰਘ ਕੋਈ ਲਘੂ ਹੈ ਸਭ ਏਕ ਸਰੀਖੇ ਨਾਹਿ।[2]

ਗ੍ਰੰਥ ਵਿਚ ਕੁਲ ਛੰਦਾਂ ਦੀ ਗਿਣਤੀ 2563 ਹੈ ਅਤੇ ਵਖ ਵਖ ਚਰਣਾਂ ਦਾ ਵਿਸ਼ਾ ਅਤੇ ਛੰਦਾਂ ਦੀ ਗਿਣਤੀ ਇਸ ਤਰ੍ਹਾਂ ਹੈ -(1) ਬਿਰਤਾਂਤ ਗੁਰੂ ਨਾਨਕ ਦੇਵ - 153 ਛੰਦ,(2) ਬ੍ਰਿਤਾਂਤ ਗੁਰੂ ਅੰਗਦ ਦੇਵ - 142 ਛੰਦ,(3) ਬ੍ਰਿਤਾਂਤ ਗੁਰੂ ਅਮਰਦਾਸ - 106 ਛੰਦ, (4)ਬ੍ਰਿਤਾਂਤ ਗੁਰੂ ਰਾਮਦਾਸ - 37 ਛੰਦ,(5) ਬਿਰਤਾਂਤ ਗੁਰੂ ਅਰਜਨ - 142 ਛੰਦ, (6)ਬ੍ਰਿਤਾਂਤ ਗੁਰੂ ਹਰਿਗੋਬਿੰਦ-168 ਛੰਦ,(7) ਬ੍ਰਿਤਾਂਤ ਗੁਰੂ ਹਰਿਰਾਇ - 18 ਛੰਦ, (8)ਬ੍ਰਿਤਾਂਤ ਗੁਰੂ ਹਰਿਕ੍ਰਿਸ਼ਨ -41 ਛੰਦ,(9) ਬ੍ਰਿਤਾਂਤ ਗੁਰੂ ਤੇਗ ਬਹਾਦਰ-166 ਛੰਦ, (10)ਬ੍ਰਿਤਾਂਤ ਗੁਰੂ ਗੋਬਿੰਦ ਸਿੰਘ -737 ਛੰਦ,(11) ਬ੍ਰਿਤਾਂਤ ਬੰਦਾ ਸਿੰਘ - 67 ਛੰਦ, (12) ਬ੍ਰਿਤਾਂਤ ਜੀਤ ਸਿੰਘ - 104 ਛੰਦ, (13)ਬ੍ਰਿਤਾਂਤ ਮਾਤਾ ਸਾਹਿਬ ਦੇਈ-36 ਛੰਦ, (14)ਬ੍ਰਿਤਾਂਤ ਸਮਕਾਲੀ ਸਿੱਖਾਂ ਦੀ ਸਥਿਤੀ ਦਾ - 646 ਛੰਦ।

---

1- ਛਿਬਰ, ਕੇਸਰ ਸਿੰਘ, ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, ਪੰਨਾ ਹ

2- ਓਹੀ, ਪੰਨਾ 1

ਗੁਰੂ ਸਾਹਿਬਾਨ ਦੇ ਇਤਿਹਾਸ ਬਾਰੇ ਇਸ ਗ੍ਰੰਥ ਵਿਚੋਂ ਜੋ ਸਾਮਗ੍ਰੀ ਉਪਲਬਧ ਹੈ ਉਸ ਬਾਰੇ ਦੋ ਤੱਥ ਮਹੱਤਵਪੂਰਣ ਹਨ। ਪਹਿਲਾ, ਇਸ ਗ੍ਰੰਥ ਵਿਚ ਸਾਰੇ ਗੁਰੂ ਸਾਹਿਬਾਨ ਦੀਆਂ ਜੀਵਨੀਆਂ ਦਾ ਵਰਣਨ ਅਧੂਰਾ ਹੈ ਅਤੇ ਕਿਸੇ ਵੀ ਗੁਰੂ ਸਾਹਿਬ ਦਾ ਪੂਰਾ ਜੀਵਨ ਇਤਿਹਾਸ ਇਸ ਵਿਚੋਂ ਪ੍ਰਾਪਤ ਨਹੀਂ ਹੁੰਦਾ। ਦੂਜਾ, ਗੁਰੂ ਇਤਿਹਾਸ ਬਾਰੇ ਜਿਹੜੀ ਵੀ ਜਾਣਕਾਰੀ ਲੇਖਕ ਨੇ ਦਿੱਤੀ ਹੈ, ਉਹ ਬੜੇ ਆਮ ਪੱਧਰ ਦੀ ਹੈ ਅਤੇ ਲੇਖਕ ਨੇ ਕਈ ਮਹੱਤਵਪੂਰਣ ਘਟਨਾਵਾਂ ਦਾ ਯਾ ਤਾਂ ਜ਼ਿਕਰ ਹੀ ਨਹੀਂ ਕੀਤਾ ਜਾਂ ਫਿਰ ਉਹਨਾਂ ਦੇ ਵਿਸਤਾਰ ਤੋਂ ਗੁਰੇਜ਼ ਕੀਤਾ ਹੈ।

ਗ੍ਰੰਥ ਦੀ ਰਚਨਾ ਲਈ ਬਹੁਤੀ ਸਾਮਿਗ੍ਰੀ ਦਾ ਸ੍ਰੋਤ ਬਜ਼ੁਰਗ ਲੋਕਾਂ ਪਾਸੋਂ ਸੁਣੀਆਂ ਕਥਾ ਕਹਾਣੀਆਂ ਹਨ। ਰਚਨਾਕਾਰ ਕਵੀ ਖੁਦ ਇਸ ਹਕੀਕਤ ਦਾ ਅਪਣੀ ਰਚਨਾ ਵਿਚ ਕਈ ਥਾਈਂ ਪ੍ਰਗਟਾਵਾ ਕਰਦਾ ਹੈ ਕਿ ਉਸ ਨੇ ਸੁਣੀਆਂ ਸੁਣਾਈਆਂ ਕਥਾਵਾਂ ਅਤੇ ਸਾਖੀਆਂ ਨੂੰ ਹੀ ਰਚਨਾ ਦਾ ਜਾਮਾ ਪਹਿਨਾਇਆ ਹੈ। ਹੇਠਲੀਆਂ ਸਤਰਾਂ ਦੁਆਰਾ ਕਵੀ ਨੇ ਇਸੇ ਤਥ ਨੂੰ ਦਰਸਾਉਣ ਦਾ ਉਪਰਾਲਾ ਕੀਤਾ ਹੈ:-

(ੳ) ਸਾਤ ਦੀਪ ਕੀ ਅਬ ਸੁਨੋ ਕਹਾਨੀ।
ਜੈਸੇ ਸੁਨੀ ਤੈਸੇ ਕਰੋ ਬਿਖਾਨੀ।[1]

(ਅ) ਜਿਤਨਾ ਕਛੁ ਸੁਨਿਆ ਤਿਤਨਾ ਹੀ ਗਾਇਆ।
ਸੋਈ ਲਿਖ ਇਸ ਪੋਥੀ ਵਿਚਿ ਹੈ ਪਾਇਆ।[2]

(ੲ) ਬੰਦੇ ਸਿਖ ਦੀ ਹਕੀਕਤ ਜਿਤਨੀ ਕੁਛ ਸੁਨ ਪਾਈ।
ਸਿੰਘ ਕੇਸਰ ਛਿਬਰ ਨਾਤੀ ਧਰਮਚੰਦ ਦੇ ਸੋ ਆਖ ਸੁਨਾਈ।[3]

---

1- ਛਿਬਰ, ਕੇਸਰ ਸਿੰਘ, ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, ਪੰਨਾ 2

2- ਓਹੀ, ਪੰਨਾ 7

3- ਓਹੀ, ਪੰਨਾ 177

ਬੰਸਾਵਲੀ ਨਾਮੇ ਦੇ ਪੜ੍ਹਨ ਤੋਂ ਇਕ ਗਲ ਹੋਰ ਸਪਸ਼ਟ ਰੂਪ ਵਿਚ ਉਜਾਗਰ ਹੁੰਦੀ ਹੈ ਕਿ ਕੇਸਰ ਸਿੰਘ ਨੇ ਗ੍ਰੰਥ ਰਚਨਾ ਕਰਨ ਲਈ ਗੁਰੂ ਗ੍ਰੰਥ ਸਾਹਿਬ ਦੀ ਬਾਣੀ, ਦਸਮ ਗ੍ਰੰਥ, ਜਨਮਸਾਖੀਆਂ ਅਤੇ ਹੋਰ ਮਹੱਤਵਪੂਰਣ ਪੁਸਤਕਾਂ ਦਾ ਅਧਿਐਨ ਵੀ ਕੀਤਾ ਸੀ।

ਕੇਸਰ ਸਿੰਘ ਛਿੱਬਰ ਦੀ ਕਵਿਤਾ ਸਿਰਫ਼ ਤੁਕਬੰਦੀ ਹੈ ਅਤੇ ਕਾਵਿ-ਦ੍ਰਿਸ਼ਟੀ ਨਾਲ ਉਸਦੀ ਕਵਿਤਾ ਦੇ ਮਿਆਰ ਨੂੰ ਜਾਚਣਾ ਠੀਕ ਨਹੀਂ ਹੋਵੇਗਾ। ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਰਚਨਾਕਾਰ ਪਾਸ ਸਾਮਗ੍ਰੀ ਤਾਂ ਹੈ ਪਰ ਉਸ ਨੂੰ ਪ੍ਰਸਤੁਤ ਕਰਨ ਲਈ ਕਾਵਿ-ਪ੍ਰਤਿਭਾ ਦੀ ਉਸ ਕੋਲ ਘਾਟ ਹੈ ਅਤੇ ਇਸੇ ਲਈ ਕਈ ਥਾਵਾਂ ਤੇ ਉਸ ਦੇ ਛੰਦ ਟੁਟਦੇ ਹੋਏ ਨਜ਼ਰ ਆਉਂਦੇ ਹਨ। ਕਵੀ ਦੀ ਕਾਵਿ ਰਚਨਾ ਬਾਰੇ ਦੋ ਗੱਲਾਂ ਹੋਰ ਧਿਆਨਯੋਗ ਹਨ। ਇਕ ਤਾਂ ਉਸਨੇ ਜਿਥੇ ਲੋੜ ਪਈ ਹੈ ਗੁਰਬਾਣੀ ਅਤੇ ਦਸਮ ਗ੍ਰੰਥ ਦੀਆਂ ਤੁਕਾਂ ਦਾ ਬੇਝਿਝਕ ਪ੍ਰਯੋਗ ਕੀਤਾ ਹੈ ਅਤੇ ਉਹਨਾਂ ਦੀ ਸਹਾਇਤਾ ਨਾਲ ਆਪਣੇ ਵਿਚਾਰਾਂ ਨੂੰ ਸਪਸ਼ਟਤਾ ਪ੍ਰਦਾਨ ਕਰਨ ਦੀ ਕੋਸ਼ਿਸ਼ ਕੀਤੀ ਹੈ। ਦੂਜਾ, ਉਸਦੀਆਂ ਰਚਨਾਵਾਂ ਵਿਚੋਂ ਉਸਦੀ ਪੌਰਾਣਿਕ ਪਰਵਿਰਤੀ ਦੀ ਝਲਕ ਨਜ਼ਰ ਆਉਂਦੀ ਹੈ। ਗੁਰੂ ਸਾਹਿਬਾਨ ਨੂੰ ਰਚਨਾਕਾਰ ਨੇ ਅਵਤਾਰਵਾਦੀ ਪਰੰਪਰਾ ਨਾਲ ਜੋੜਨ ਦਾ ਪ੍ਰਯਤਨ ਕੀਤਾ ਹੈ। ਉਦਾਹਰਣ ਵਜੋਂ, ਹੇਠਲੀਆਂ ਤੁਕਾਂਵਿਚ ਲੇਖਕ ਗੁਰੂ ਗੋਬਿੰਦ ਸਿੰਘ ਨੂੰ ਵਿਸ਼ਨੂੰ ਦਾ ਅਉਤਾਰ ਮੰਨਦਾ ਹੈ:-

ਵਿਸ਼ਨ ਅਉਤਾਰ ਸਹੀ ਤੂ ਜਗ ਮਹਿ ਆਇਆ।
ਧਰਮ ਪੰਥ ਤੈ ਜਗਤ ਚਲਾਇਆ।
ਜੋ ਜੋ ਪੰਥ ਤਵਨ ਕੇ ਆਏ।
ਧਰਮ ਰਾਇ ਕੇ ਸੋ ਮੂਲ ਨ ਜਾਇ।
ਸਤਿ ਸੰਗਤਿ ਜੋ ਪੰਥ ਪੰਥ ਬਨਸੀ ਤੇਰਾ ।
ਸਦ ਹੀ ਤਾਂ ਮੈ ਬਿਸਨੁ ਬਸੇਰਾ।
ਵਿਸ਼ਨੁ ਅਉਤਾਰ ਤੂੰ ਹੀ ਜਗੁ ਆਇਆ।

ਖੀਰ ਸਮੁੰਦ੍ਰ ਤਿਸ ਆਸਨ ਲਾਇਆ।[1]

ਡਾ: ਰਤਨ ਸਿੰਘ ਜੱਗੀ ਨੇ ਸਿੱਖ ਇਤਿਹਾਸ ਦੇ ਇਸ ਗ੍ਰੰਥ ਦੇ ਸੰਪਾਦਨ ਦਾ ਕਾਰਜ ਕਰਕੇ ਇਸ ਨੂੰ ਇਤਿਹਾਸ ਦੇ ਖੋਜੀਆਂ ਦੀ ਪਹੁੰਚ ਦੇ ਦਾਇਰੇ ਅੰਦਰ ਲੈ ਆਦਾ ਹੈ ਅਤੇ ਇਸ ਦੇ ਅਧਿਐਨ ਨੂੰ ਸੌਖਾ ਬਣਾ ਦਿੱਤਾ ਹੈ। ਗ੍ਰੰਥ ਬਾਰੇ ਆਪਣੀ ਵਿਸਤਾਰ ਨਾਲ ਰਾਇ ਪ੍ਰਗਟਾਉਂਦਿਆਂ ਡਾ: ਜੱਗੀ ਨੇ ਇਸਦੀਆਂ ਮੁਖ ਵਿਸ਼ੇਸ਼ਤਾਵਾਂ ਦਾ ਉਲੇਖ ਕੀਤਾ। ਉਹਨਾਂ ਅਨੁਸਾਰ:-

> "ਇਸ ਪੁਸਤਕ ਦੀ ਸਭ ਤੋਂ ਪ੍ਰਮੁੱਖ ਵਿਸ਼ੇਸ਼ਤਾ ਇਸ ਵਿਚ ਦਿੱਤੇ ਅਤਿ ਅਧਿਕ ਸੰਮਤ ਹਨ। ਇਤਨੇ ਸੰਮਤ ਸਿਖ ਇਤਿਹਾਸ ਨਾਲ ਸੰਬੰਧਿਤ ਕਿਸੇ ਹੋਰ ਪੁਸਤਕ ਵਿਚ ਨਹੀਂ ਮਿਲਦੇ। ਇੰਜ ਪ੍ਰਤੀਤ ਹੁੰਦਾ ਹੈ ਕਿ ਲੇਖਕ ਵਲੋਂ ਇਹ ਪ੍ਰਤੱਖ ਯਤਨ ਕੀਤਾ ਗਿਆ ਹੈ ਕਿ ਕੋਈ ਘਟਨਾ ਸੰਮਤ ਤੋਂ ਬਿਨਾਂ ਨਾ ਰਹੇ। ਉਦਾਹਰਨ ਵਜੋ ਕੇਵਲ ਪਹਿਲੇ ਦੋ ਚਰਣਾਂ ਵਿਚ 44 ਸੰਮਤ ਆਏ ਹਨ।"[2]

ਪਰ ਇਸ ਗ੍ਰੰਥ ਵਿਚ ਦਿਤੇ ਸੰਮਤਾਂ ਬਾਰੇ ਹੋਰ ਇਤਿਹਾਸਕ ਸ੍ਰੋਤਾਂ ਦੀ ਗਵਾਹੀ ਤੋਂ ਬਿਨਾਂ ਸਹੀ ਨਿਰਣੇ ਤੇ ਨਹੀਂ ਪਹੁੰਚਿਆ ਜਾ ਸਕਦਾ। ਡਾ: ਰਤਨ ਸਿੰਘ ਨੇ ਇਸ ਗ੍ਰੰਥ ਬਾਰੇ ਇਕ ਹੋਰ ਬਹੁਤ ਮਹੱਤਵਪੂਰਣ ਵਿਚਾਰ ਦਿੱਤਾ ਹੈ। ਉਸ ਅਨੁਸਾਰ "ਇਤਿਹਾਸ ਤੋਂ ਵਖਰੀ ਸ੍ਰਧਾ ਪ੍ਰਧਾਨ ਢੰਗ ਦੀ ਸਾਮਗ੍ਰੀ ਦੇ ਸਮਾਵੇਸ਼ ਨਾਲ ਇਨ੍ਹਾਂ ਵਿਚ ਇਤਿਹਾਸਕ ਸਭਿਅਤਾ ਦਾ ਪੂਰੀ ਤਰ੍ਹਾਂ ਪਾਲਨ ਨਹੀਂ ਹੋ ਸਕਿਆ ਅਤੇ ਇਤਿਹਾਸਕਤਾ ਤੇ ਪੌਰਾਣਿਕਤਾ ਦਾ ਇਕ ਵਿਲਖਣ ਜਿਹਾ ਸਮਨਵੈ ਇਸ ਪਰੰਪਰਾ ਦੇ ਗ੍ਰੰਥਾਂ ਦੇ ਰੂਪ ਵਿਚ ਸਾਹਮਣੇ ਆਇਆ।[3]

---

1- ਛਿਬਰ, ਕੇਸਰ ਸਿੰਘ, ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, ਪੰਨਾ 120-21

2- ਓਹੀ (ਭੂਮਿਕਾ) ਪੰਨਾ ਗ

3- ਓਹੀ (ਭੂਮਿਕਾ) ਪੰਨਾ ਜ

ਇਹਨਾਂ ਸਾਰੀਆਂ ਵਿਚਾਰਾਂ ਨੂੰ ਧਿਆਨ ਵਿਚ ਰਖਦਿਆਂ ਅਸੀਂ ਇਹ ਸਿੱਟਾ ਕਢ ਸਕਦੇ ਹਾਂ ਕਿ ਭਾਵੇਂ ਇਸ ਗ੍ਰੰਥ ਦੀ ਕਵਿਤਾ ਵਿਚ ਕਾਵਿਕ ਵਿਸ਼ੇਸ਼ਤਾਵਾਂ ਦੀ ਘਾਟ ਹੈ ਅਤੇ ਇਸ ਗ੍ਰੰਥ ਵਿਚ ਅਣ-ਇਤਿਹਾਸਕ ਸਾਮਗ੍ਰੀ ਦਾ ਸਮਾਵੇਸ਼ ਹੈ, ਫਿਰ ਵੀ ਸਿੱਖ ਇਤਿਹਾਸ ਗ੍ਰੰਥਾਂ ਦੀ ਪਰੰਪਰਾ ਵਿਚ ਬੰਸਾਵਲੀਨਾਮਾ ਵਿਸ਼ੇਸ਼ ਮਹੱਤਵ ਰਖਦਾ ਹੈ।

## ਸ੍ਰੀ ਗੁਰੂ ਪੰਥ ਪ੍ਰਕਾਸ਼[1]

'ਸ੍ਰੀ ਗੁਰੂ ਪੰਥ ਪ੍ਰਕਾਸ਼' ਪੰਥ ਦੀ ਕਹਾਣੀ ਪ੍ਰਕਾਸ਼ਮਾਨ ਕਰਨ ਵਾਲਾ ਇਤਿਹਾਸਕ ਕਾਵਿ ਗ੍ਰੰਥ ਹੈ। ਗੁਰੂ ਸਾਹਿਬਾਨ ਦੇ ਇਤਿਹਾਸ ਨਾਲ ਸਬੰਧਤ ਕਈ ਗ੍ਰੰਥ ਇਸ ਤੋਂ ਪਹਿਲਾਂ ਲਿਖੇ ਜਾ ਚੁਕੇ ਸਨ ਪਰ ਖਾਲਸਾ ਪੰਥ ਦਾ ਇਤਿਹਾਸ ਵਰਨਣ ਕਰਨ ਵਾਲਾ ਇਹ ਪਹਿਲਾ ਗ੍ਰੰਥ ਹੈ। ਇਹ ਗ੍ਰੰਥ ਖਾਲਸਾ ਪੰਥ ਦੀ ਉਤਪੱਤੀ ਤੋਂ ਲੈ ਕੇ ਉਸਦੇ ਆਪਣੇ ਉਦੇਸ਼ ਤੱਕ ਪਹੁੰਚਣ ਦੀ ਵਿਧਿਆ ਦੀ ਵਿਆਖਿਆ ਅਤੇ ਇਸ ਸਾਰੇ ਦੌਰ ਦੀਆਂ ਪ੍ਰਮੁੱਖ ਇਤਿਹਾਸਕ ਘਟਨਾਵਾਂ ਦਾ ਵੇਰਵਾ ਪ੍ਰਸਤੁਤ ਕਰਨ ਵਾਲਾ ਇਤਿਹਾਸਕ ਦਸਤਾਵੇਜ਼ ਹੈ।

ਇਸ ਇਤਿਹਾਸਕ ਕਾਵਿ ਗ੍ਰੰਥ ਦੇ ਰਚਨਾਕਾਰ 'ਭਾਈ ਰਤਨ ਸਿੰਘ ਭੰਗੂ ਸ਼ਹੀਦ' ਹਨ। ਭਾਈ ਸਾਹਿਬ ਮਹਾਨ ਸ਼ਹੀਦਾਂ ਦੇ ਖਾਨਦਾਨ ਦੇ ਵਾਰਿਸ ਸਨ। ਦਾਦਕੇ ਅਤੇ ਨਾਨਕੇ ਦੋਹਾਂ ਪਾਸਿਉਂ, ਉਹ ਖਾਲਸਾ ਪੰਥ ਦੀਆਂ ਸੂਰਬੀਰ ਸ਼ਖਸੀਅਤਾਂ ਦੀ ਅੰਸ

---

1- ਭੰਗੂ,ਭਾਈ ਰਤਨ ਸਿੰਘ; 'ਸ੍ਰੀ ਗੁਰੂ ਪੰਥ ਪ੍ਰਕਾਸ਼',ਸੰਪਾਦਕ ਡਾ:ਜੀਤ ਸਿੰਘ ਸੀਤਲ, (ਅੰਮ੍ਰਿਤਸਰ, ਸਿੱਖ ਇਤਿਹਾਸ, ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, 1984)

ਵਿਚੋਂ ਸਨ । ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਤਥ ਦੀ ਗਵਾਹੀ ਭਰਦਿਆਂ ਕਿਹਾ ਹੈ ਕਿ,"ਰਤਨ ਸਿੰਘ ਜੀ ਸਰਦਾਰ ਮਤਾਬ ਸਿੰਘ ਮੀਰਾਂਕੋਟੀਏ ਭੰਗੂ ਦੇ ਪੋਤੇ, ਸਰਦਾਰ ਰਾਇ ਸਿੰਘ ਦੇ ਪੁੱਤਰ ਤਥਾ ਸਰਦਾਰ ਸਿਆਮ ਸਿੰਘ ਕਰੋੜੀਆ ਦੇ ਦੋਹਤੇ ਸਨ।"[1] ਭਾਈ ਰਤਨ ਸਿੰਘ ਭੰਗੂ ਦੇ ਦਾਦਾ ਸਰਦਾਰ ਮਤਾਬ ਸਿੰਘ ਉਹ ਮਹਾਨ ਯੋਧਾ ਸਨ, ਜਿਹਨਾਂ ਨੇ ਸੁਖਾ ਸਿੰਘ ਦੇ ਨਾਲ ਅੰਮ੍ਰਿਤਸਰ ਜਾ ਕੇ ਦਰਬਾਰ ਸਾਹਿਬ ਦੀ ਬੇਅਦਬੀ ਕਰਨ ਵਾਲੇ ਮੱਸੇ ਰੰਗੜ ਦਾ ਸਿਰ ਲਾਹਿਆ ਸੀ ਅਤੇ ਜਿਹਨਾਂ ਨੇ ਅੰਤ ਵਿਚ ਭਾਈ ਤਾਰੂ ਸਿੰਘ ਦੇ ਸਨਮੁੱਖ ਚਰਖੜੀ ਤੇ ਚੜ੍ਹ ਕੇ ਸ਼ਹੀਦੀ ਪ੍ਰਾਪਤ ਕੀਤੀ ਸੀ।[2] ਭੰਗੂ ਜੀ ਦੇ ਨਾਨਾ ਸ੍ਰ: ਸਿਆਮ ਸਿੰਘ, 'ਕਰੋੜੀਆ ਮਿਸਲ' ਦੇ ਮੁਖੀ ਸਨ।

ਭਾਈ ਰਤਨ ਸਿੰਘ ਭੰਗੂ ਦੇ ਜਨਮ ਬਾਰੇ ਕੋਈ ਸਪਸ਼ਟ ਅਤੇ ਪ੍ਰਮਾਣਿਕ ਜਾਣਕਾਰੀ ਉਪਲਬਧ ਨਹੀਂ। ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨ ਕੋਸ਼ ਵਿਚ ਭਾਈ ਰਤਨ ਸਿੰਘ ਦਾ ਦੇਹਾਂਤ ਸੰਮਤ 1903 (ਸੰਨ 1846) ਦਾ ਦੱਸਿਆ ਹੈ[3] ਪਰ ਉਸ ਦੇ ਜਨਮ ਬਾਰੇ ਕੁਝ ਨਹੀਂ ਕਿਹਾ ਗਿਆ। ਡਾ:ਜੀਤ ਸਿੰਘ ਸੀਤਲ ਨੇ ਭਾਈ ਸਾਹਿਬ ਦੇ ਜਨਮ ਬਾਰੇ ਆਪਣੇ ਵਿਚਾਰ ਪ੍ਰਸਤੁਤ ਕਰਦਿਆਂ ਕਿਹਾ ਹੈ ਕਿ " 1807 ਈ ਵਿਚ ਜਦ ਰਤਨ ਸਿੰਘ ਭੰਗੂ ਕਪਤਾਨ ਮਰੇ ਨੂੰ ਲੁਧਿਆਣੇ ਮਿਲਿਆ, ਤਾਂ ਉਹ ਸਿਆਣਾ, ਸਮਝਦਾਰ ਯੁਵਕ ਸੀ, ਜੋ ਇਤਿਹਾਸ ਲਿਖਣ ਤੇ ਛੰਦ-ਬੰਦੀ ਵਿਚ ਨਿਪੁੰਨ ਸੀ। ਘਟੋ ਘਟ ਜੇਕਰ ਉਹ ਉਸ ਸਮੇਂ 20 ਜਾਂ 25 ਸਾਲ ਦਾ ਵੀ ਸੀ, ਤਾਂ ਉਸ ਦਾ ਜਨਮ 1782-1787 ਈ. ਦਾ ਮਿਥਿਆ ਜਾ ਸਕਦਾ ਹੈ। ਅਨੁਮਾਨ ਸਹਿਤ ਕਿਹਾ ਜਾ ਸਕਦਾ

---

1- ਨਾਭਾ,ਭਾਈ ਕਾਨ੍ਹ ਸਿੰਘ; ਮਹਾਨ ਕੋਸ਼; ਪੰਨਾ 794.

2- ਭੰਗੂ,ਰਤਨ ਸਿੰਘ, ਸ੍ਰੀ ਗੁਰੂ ਪੰਥ ਪ੍ਰਕਾਸ਼, ਪੰਨਾ 369

3- ਨਾਭਾ, ਭਾਈ ਕਾਨ੍ਹ ਸਿੰਘ, ਮਹਾਨ ਕੋਸ਼, ਪੰਨਾ 794.

ਹੈ ਕਿ ਰਤਨ ਸਿੰਘ ਭੰਗੂ ਦਾ ਜਨਮ ਅਠ੍ਹਾਰਵੀਂ ਸਦੀ ਈਸਵੀ ਦੇ ਅਠਵੇਂ ਦਹਾਕੇ ਵਿਚ ਹੋਇਆ ਹੋਵੇਗਾ। ਉਸਦਾ ਦੇਹਾਂਤ 1846 ਈ. ਦਾ ਦਿਤਾ ਹੋਇਆ ਹੈ। ਇਸ ਤਰ੍ਹਾਂ ਭੰਗੂ ਦੀ ਕੁਲ ਆਯੂ 66 ਤੋਂ 71 ਸਾਲ ਤੱਕ ਮੰਨੀ ਜਾ ਸਕਦੀ ਹੈ। ਘਟੋ ਘਟ ਉਹ ਸੰਮਤ 1822 (1765 ਈ) ਵਿਚ ਜਨਮ ਧਾਰ ਚੁਕਾ ਸੀ।[1] ਇਸ ਪ੍ਰਕਾਰ ਜੀਤ ਸਿੰਘ ਸੀਤਲ ਨੇ ਰਤਨ ਸਿੰਘ ਭੰਗੂ ਦੇ ਜਨਮ ਬਾਰੇ ਇਕੋ ਥਾਂ ਤੇ ਤਿੰਨ ਵਖਰੇ ਬਿਆਨ ਦਿਤੇ ਹਨ। ਪਹਿਲੇ ਬਿਆਨ ਅਨੁਸਾਰ ਉਸਦਾ ਜਨਮ 1782 ਤੋ 1787 ਤੱਕ ਦਾ ਮਿਥਿਆ ਹੈ, ਦੂਜੇ ਬਿਆਨ ਵਿਚ ਉਸਦਾ ਜਨਮ 18ਵੀਂ ਸਦੀ ਦੇ ਅਠਵੇਂ ਦਹਾਕੇ ਵਿਚ ਦਸਿਆ ਹੈ ਅਤੇ ਤੀਜੇ ਬਿਆਨ ਵਿਚ ਉਸਦੇ ਜਨਮ ਦਾ ਸਾਲ 1765 ਤੋਂ ਪਹਿਲਾਂ ਦਾ ਮੰਨਿਆ ਹੈ। ਜਿਥੋਂ ਤਕ ਤੀਜੇ ਬਿਆਨ ਦਾ ਸਬੰਧ ਹੈ, ਉਸਦਾ ਆਧਾਰ ਉਸ ਨੇ ਰਤਨ ਸਿੰਘ ਭੰਗੂ ਦੀਆਂ ਹੇਠਲੀਆਂ ਸਤਰਾਂ ਨੂੰ ਬਣਾਇਆ ਹੈ:-

ਸਈ ਅਠਾਰਾਂ ਬਾਈਏ ਸਾਲ ਬੀਤੇ ਬਿਕ੍ਰਮ ਸਾਲ ਕ੍ਰਿਪਾਲ।
ਰਤਨ ਸਿੰਘ ਯੋ ਸਾਖੀ ਕਹੀ ਕਿਛ ਸੁਨਿਕੈ ਕਿਛ ਅਨੁਭਵ ਲਹੀ।[2]

ਜੇ ਇਹ ਮੰਨ ਲਈਏ ਕਿ ਸੰਮਤ 1822 ਅਰਥਾਤ ਸੰਨ 1765 ਈ. ਦੀ ਜਿਸ ਘਟਨਾ ਦਾ ਜ਼ਿਕਰ ਇਹਨਾਂ ਸਤਰਾਂ ਵਿਚ ਹੈ, ਲੇਖਕ ਨੇ ਉਸਦਾ ਜ਼ਿਕਰ ਇਕ ਪ੍ਰਤਖ ਦਰਸ਼ੀ ਹੋਣ ਦੇ ਨਾਤੇ ਕੀਤਾ ਹੈ ਤਾਂ ਉਸਦੇ ਜਨਮ ਦਾ ਸਾਲ ਇਸ ਘਟਨਾ ਤੋਂ ਘਟੋ ਘਟ 20 ਜਾਂ 25 ਸਾਲ ਪਹਿਲਾਂ ਦਾ ਮੰਨਣਾ ਪਵੇਗਾ। ਇਸ ਤਰ੍ਹਾਂ ਉਸਦਾ ਜਨਮ 1740 ਜਾਂ 1745 ਈ. ਬਣਦਾ ਹੈ ਜਿਹੜਾ ਕਿਸੇ ਵੀ ਤਰ੍ਹਾਂ ਮੰਨਣਯੋਗ ਨਹੀਂ। ਅਸਲ ਵਿਚ ਭਾਈ ਰਤਨ ਸਿੰਘ ਭੰਗੂ ਦੇ ਜਨਮ ਨੂੰ ਨਿਸਚਿਤ ਕਰਨ ਲਈ ਦੋ ਤਥਾਂ ਨੂੰ ਆਧਾਰ ਬਣਾਉਣਾ ਪਵੇਗਾ। ਪਹਿਲਾ ਇਹ ਕਿ 1807 ਈ. ਵਿਚ ਉਹ ਕਪਤਾਨ ਮਰੇ ਨੂੰ ਲੁਧਿਆਣੇ ਮਿਲਿਆ ਅਤੇ ਉਸ ਸਮੇਂ,

---

1- ਭੰਗੂ,ਭਾਈ ਰਤਨ ਸਿੰਘ, <u>ਸ੍ਰੀ ਗੁਰੁ ਪੰਥ ਪ੍ਰਕਾਸ਼</u>, ਪੰਨਾ 32/ਸ

2- ਓਹੀ, ਪੰਨਾ 525

ਉਮਰ ਦੇ ਪੱਖੋ, ਉਹ ਕਪਤਾਨ ਮਰੇ ਨੂੰ ਖਾਲਸਾ ਪੰਥ ਦੀ ਪੂਰੀ ਇਤਿਹਾਸਕ ਜਾਣਕਾਰੀ ਦੇਣ ਵਿਚ ਸਮਰਥ ਸੀ।[1] ਦੂਜਾ ਇਹ ਕਿ ਉਸਦਾ ਦੇਹਾਂਤ 1846 ਈਸਵੀ ਨੂੰ ਹੋਇਆ ਸੀ।[2] ਇਹਨਾਂ ਤਥਾਂ ਦੇ ਅਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ ਭਾਈ ਸਾਹਿਬ ਦਾ ਜਨਮ 1775 ਤੋਂ 1785 ਈਸਵੀ ਵਿਚਕਾਰ ਹੋਇਆ ਹੋਵੇਗਾ। ਪਰ ਫਿਰ ਵੀ ਇਸ ਬਾਰੇ ਅਸੀਂ ਕੋਈ ਅਟਲ ਦਾਅਵਾ ਨਹੀਂ ਕਰ ਸਕਦੇ।

'ਸ੍ਰੀ ਗੁਰ ਪੰਥ ਪ੍ਰਕਾਸ਼' ਦੀ ਰਚਨਾ ਕਰਨ ਦਾ ਮੰਤਵ ਭਾਈ ਰਤਨ ਸਿੰਘ ਭੰਗੂ ਨੇ ਗ੍ਰੰਥ ਦੇ ਮੁਢਲੇ ਪੰਨਿਆਂ ਵਿਚ ਹੀ ਦਸ ਦਿੱਤਾ ਹੈ। ਉਸ ਅਨੁਸਾਰ ਸਰ ਡੇਵਿਡ ਆਕਟਰ ਲੋਨੀ ਦੇ ਨਿਰਦੇਸ਼ਾਂ ਅਨੁਸਾਰ ਕਪਤਾਨ ਮਰੇ ਸਿੱਖਾਂ ਦੇ ਇਤਿਹਾਸ ਦੀ ਖੋਜ ਵਿਚ ਲਗਾ ਹੋਇਆ ਸੀ ਅਤੇ ਉਸ ਨੇ ਇਕ ਲੇਖਕ 'ਬੂਟੇ ਸ਼ਾਹ' ਨੂੰ ਖਾਲਸੇ ਦਾ ਇਤਿਹਾਸ ਲਿਖਣ ਦੀ ਜ਼ਿੰਮੇਵਾਰੀ ਸੌਂਪੀ ਸੀ। 1807 ਈ. ਵਿਚ ਜਦੋਂ ਭਾਈ ਰਤਨ ਸਿੰਘ ਦੀ ਭੇਟ ਲੁਧਿਆਣੇ ਵਿਚ ਕਪਤਾਨ ਮਰੇ ਨਾਲ ਹੋਈ ਤਾਂ ਉਹਨਾਂ ਨੇ ਆਪਣੀ ਚਿੰਤਾ ਦਾ ਪ੍ਰਗਟਾਵਾ ਕੀਤਾ ਅਤੇ 'ਬੂਟੇ ਸ਼ਾਹ' ਦੀ ਲਿਖਤ ਨੂੰ ਇਕਪਾਸੜ ਦਸਦਿਆਂ ਕਿਹਾ ਕਿ ਇਸ ਲਿਖਤ ਵਿਚ ਖਾਲਸੇ ਦੇ ਇਤਿਹਾਸ ਨੂੰ ਲੁਕਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਭਾਈ ਸਾਹਿਬ ਦੀ ਦਲੀਲ ਦਾ ਕਪਤਾਨ ਮਰੇ ਤੇ ਭਰਵਾਂ ਅਸਰ ਹੋਇਆ ਅਤੇ ਉਸ ਨੇ ਉਹਨਾਂ ਨੂੰ ਖਾਲਸੇ ਦੀ ਉਤਪਤੀ ਬਾਰੇ ਲਿਖਣ ਲਈ ਕਿਹਾ।[3] ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਗ੍ਰੰਥ ਦੀ ਰਚਨਾ ਬਾਰੇ ਦਸਿਆ ਹੈ ਕਿ "ਸਰ ਡੇਵਿਡ ਆਕਟਰਲੋਨੀ( Sir David Ochterlony ) ਦੀ ਪ੍ਰੇਰਣਾ ਕਰਕੇ ਕਪਤਾਨ ਮਰੇ ( Captain Murray )

---

1- ਭੰਗੂ, ਰਤਨ ਸਿੰਘ; ਸ੍ਰੀ ਗੁਰ ਪੰਥ ਪ੍ਰਕਾਸ਼, ਪੰਨਾ 39

2- ਨਾਭਾ, ਭਾਈ ਕਾਨ੍ਹ ਸਿੰਘ, ਮਹਾਨ ਕੋਸ਼, ਪੰਨਾ 794

3- ਭੰਗੂ,ਭਾਈ ਰਤਨ ਸਿੰਘ; ਸ੍ਰੀ ਗੁਰ ਪੰਥ ਪ੍ਰਕਾਸ਼, ਪੰਨਾ 39-41

ਨੇ ਜੋ ਖਾਲਸਾ ਪੰਥ ਦੇ ਹਾਲ ਸਰਦਾਰ ਰਤਨ ਸਿੰਘ ਤੋਂ ਸੰਮਤ 1866 ਵਿਚ ਲੁਧਿਆਣੇ ਦੇ ਮੁਕਾਮ ਲਿਖੇ, ਉਹੀ ਛੰਦ ਰਚਨਾ ਵਿਚ ਰਤਨ ਸਿੰਘ ਨੇ ਗੁਰਸਿੱਖਾਂ ਲਈ ਪੁਸਤਕ ਦੇ ਆਕਾਰ ਵਿਚ ਸੰਮਤ 1898 ਵਿਚ ਪ੍ਰਗਟ ਕੀਤੇ।[1]

ਕਪਤਾਨ ਮਰੇ ਨਾਲ ਆਪਣੀ ਗਲਬਾਤ ਨੂੰ ਭੰਗੂ ਜੀ ਨੇ ਆਪਣੇ ਗ੍ਰੰਥ ਵਿਚ ਅੰਕਿਤ ਕੀਤਾ ਹੈ। ਕਪਤਾਨ ਮਰੇ ਨੇ ਪੁਛਿਆ ਕਿ ਸਿੱਖਾਂ ਨੂੰ ਪਾਤਸ਼ਾਹੀ ਕਿਵੇ ਪ੍ਰਾਪਤ ਹੋਈ ਹੈ:-

ਤੋ ਮਲੀ ਨੇ ਹਮ ਕਹਯੋ ਇਨੀ ਬਾਤ ਬਤਾਹੁ।
ਸਿੰਘਨ ਪਾਯੋ ਰਾਜ ਕਿਮ ਐ ਦੀਨੋ ਕਿਨ ਪਾਤਿਸਾਹੁ।[2]

ਇਸ ਪ੍ਰਸ਼ਨ ਦਾ ਉੱਤਰ ਭਾਈ ਰਤਨ ਸਿੰਘ ਨੇ ਇਸ ਪ੍ਰਕਾਰ ਦਿੱਤਾ ਕਿ ਸਿੰਘਾਂ ਨੂੰ ਪਾਤਸ਼ਾਹੀ ਗੁਰੂ ਨਾਨਕ ਦੇਵ ਸਚੇ ਪਾਤਸ਼ਾਹ ਦੀ ਦੇਣ ਹੈ:-

ਤਿਸੈ ਬਾਤ ਮੈਂ ਐਸੇ ਕਹੀ, ਸਿੰਘਨ ਪਾਤਸ਼ਾਹੀ ਸਾਹਿ ਸਚੈ ਦਈ।
ਮਰੀ ਕਹਯੋ ਸ਼ਾਹ ਸਚੋ ਕੋਇ? ਅਸਾਂ ਕਹਯੋ ਸ਼ਾਹ ਨਾਨਕ ਜੋਇ।[3]

ਇਸ ਤਰਾਂ ਇਹ ਮੰਨਿਆ ਜਾ ਸਕਦਾ ਹੈ ਕਿ ਭਾਈ ਰਤਨ ਸਿੰਘ ਭੰਗੂ ਦੁਆਰਾ ਪੰਥ ਪ੍ਰਕਾਸ਼ ਦੀ ਰਚਨਾ ਦਾ ਮੁਖ ਮੰਤਵ ਕਪਤਾਨ ਮਰੇ ਦੇ ਇਸ ਪ੍ਰਸ਼ਨ ਦਾ ਉਤਰ ਦੇਣਾ ਹੈ ਕਿ ਸਿੰਘਾਂ ਨੂੰ ਪਾਤਸ਼ਾਹੀ ਕਿਵੇਂ ਪ੍ਰਾਪਤ ਹੋਈ। ਇਸ ਗ੍ਰੰਥ ਦਾ ਵਿਸ਼ਾਵਸਤੂ ਵੀ ਖਾਲਸਾ ਪੰਥ ਦੇ ਪਾਤਸ਼ਾਹੀ ਪ੍ਰਾਪਤ ਕਰਨ ਦੀ ਦਾਸਤਾਨ ਹੈ। ਡਾ: ਜੀਤ ਸਿੰਘ ਸੀਤਲ ਦੇ ਸ਼ਬਦਾਂ ਵਿਚ "ਗੁਰੂ ਪੰਥ ਪ੍ਰਕਾਸ਼ ਸਿੱਖ ਪੰਥ ਦੀ ਉਤਪਤੀ ਤੇ ਖਾਲਸੇ ਪੰਥ ਦਾ ਉਥਾਨ ਹੈ। ਗੁਰੂ ਤੇਗ ਬਹਾਦੁਰ ਦੀ ਬੇਮਿਸਾਲ ਸ਼ਹਾਦਤ ਉਪ੍ਰੰਤ ਖਾਲਸੇ ਦੀ ਸਾਜਨਾ, ਸ੍ਰੀ ਕੇਸਗੜ ਅਨੰਦਪੁਰ

---

1- ਨਾਭਾ, ਭਾਈ ਕਾਨ੍ਹ ਸਿੰਘ, <u>ਮਹਾਨ ਕੋਸ਼</u>, ਪੰਨਾ 793-794

2- ਭੰਗੂ, ਭਾਈ ਰਤਨ ਸਿੰਘ, <u>ਸ੍ਰੀ ਗੁਰੂ ਪੰਥ ਪ੍ਰਕਾਸ਼</u>, ਪੰਨਾ 41

3- ਓਹੀ, ਪੰਨਾ 41

ਸਾਹਿਬ ਵਿਖੇ ਅੰਮ੍ਰਿਤ ਸੰਸਕਾਰ ਦੀ ਵਿਆਖਿਆ ਪਿਛੋਂ ਪੰਥ ਪਸਰਨ ਦੀ ਸਾਖੀ ਸ਼ੁਰੂ ਹੋ ਜਾਂਦੀ ਹੈ। ਇਹੀ 'ਗੁਰ ਪੰਥ ਪ੍ਰਕਾਸ਼' ਦਾ ਧੜਕਦਾ ਪਿੰਡਾ ਹੈ ਤੇ ਦਸਮ ਪਾਤਿਸ਼ਾਹ ਦੀ ਬਖਸ਼ੀ ਹੋਈ ਕਲਾ ਦਾ ਪਸਾਰਾ ਹੈ।[1]

ਇਸ ਮਹਾਨ ਗ੍ਰੰਥ ਦੇ ਪ੍ਰਕਾਸ਼ਨ ਬਾਰੇ ਪ੍ਰਾਪਤ ਜਾਣਕਾਰੀ ਅਨੁਸਾਰ ਪਹਿਲੀ ਵਾਰ ਭਾਈ ਵੀਰ ਸਿੰਘ ਜੀ ਨੇ 'ਪ੍ਰਾਚੀਨ ਪੰਥ ਪ੍ਰਕਾਸ਼' ਨਾਮ ਹੇਠਾਂ 1914 ਵਿਚ ਇਸ ਨੂੰ ਪ੍ਰਕਾਸ਼ਿਤ ਕਰਵਾਇਆ ਅਤੇ ਉਸ ਤੋਂ ਬਾਅਦ 1982 ਤੱਕ ਇਸੇ ਦੇ ਚਾਰ ਹੋਰ ਐਡੀਸ਼ਨ ਛਪ ਚੁੱਕੇ ਹਨ। 1984 ਵਿਚ ਡਾ:ਜੀਤ ਸਿੰਘ ਸੀਤਲ ਇਸ ਇਤਿਹਾਸਕ ਗ੍ਰੰਥ ਨੂੰ ਬੜੇ ਸੁਹਣੇ ਢੰਗ ਨਾਲ ਨਵੇਂ ਸਿਰਿਉਂ ਸੰਪਾਦਿਤ ਕਰਕੇ ਇਸਦੇ ਅਧਿਐਨ ਨੂੰ ਸੁਖੈਨ ਬਣਾਇਆ ਹੈ। ਉਹਨਾਂ ਨੇ ਇਸ ਦਾ ਨਾਮ ਵੀ 'ਸ੍ਰੀ ਗੁਰੂ ਪੰਥ ਪ੍ਰਕਾਸ਼' ਰੱਖ ਦਿੱਤਾ ਕਿਉਂਕਿ ਰਚਨਾਕਾਰ ਨੇ ਸ਼ੁਰੂ ਵਿਚ ਇਸ ਗ੍ਰੰਥ ਦਾ ਇਹੋ ਨਾਮ ਅੰਕਿਤ ਕੀਤਾ ਹੈ।

ਇਸ ਪ੍ਰਕਾਰ 'ਸ੍ਰੀ ਗੁਰ ਪੰਥ ਪ੍ਰਕਾਸ਼' ਖਾਲਸਾ ਪੰਥ ਦੀ ਉਤਪਤੀ ਅਤੇ ਉਸਦੇ ਪਾਤਸ਼ਾਹੀ ਪ੍ਰਾਪਤ ਕਰਨ ਤਕ ਦੇ ਇਤਿਹਾਸਕ ਸਫ਼ਰ ਦਾ ਵਿਸਤ੍ਰਿਤ ਵਰਨਣ ਹੈ। ਇਸ ਗ੍ਰੰਥ ਦੇ ਸੰਪਾਦਕ ਡਾ:ਜੀਤ ਸਿੰਘ ਸੀਤਲ ਦੇ ਕਥਨ ਅਨੁਸਾਰ,"ਗੁਰੂ ਪੰਥ ਪ੍ਰਕਾਸ਼,ਗੁਰੂ ਪੰਥ ਦੀ ਅਮਰ ਜੀਤ ਤੇ ਅਟਲ ਵਿਜੈ ਦੀ ਸੱਚੀ ਸਾਖੀ ਹੈ ਜੋ 1675 ਈਸਵੀ ਨੂੰ ਅਰੰਭ ਹੋਕੇ ਜ਼ਾਲਮ ਅਬਦਾਲੀ ਦੀ ਮੌਤ ਤਕ ਦੀ ਦਰਦ-ਭਰੀ ਵਿਥਿਆ ਲਹੂ ਰਤੇ ਸ਼ਬਦਾਂ ਤੇ ਨਾਲ ਸੂਹੇ ਅੱਖਰਾਂ ਦੁਆਰਾ ਬਿਆਨ ਕੀਤੀ ਗਈ ਹੈ।[2] ਰਚਨਾਕਾਰ ਭਾਈ ਰਤਨ ਸਿੰਘ ਨੇ ਗ੍ਰੰਥ ਦੀ ਸਮਾਪਤੀ ਤੋਂ ਪਹਿਲਾਂ ਇਸ ਮਹਾਨ ਇਤਿਹਾਸਕ ਦਸਤਾਵੇਜ਼ ਦੇ ਪੜ੍ਹਨ ਅਤੇ ਸੁਣਨ ਦੇ ਮਹਾਤਮ ਦਾ ਜ਼ਿਕਰ ਇਸ ਪ੍ਰਕਾਰ ਕੀਤਾ ਹੈ:-

---

1- ਭੰਗੂ,ਭਾਈ ਰਤਨ ਸਿੰਘ;ਸ੍ਰੀ ਗੁਰੂ ਪੰਥ ਪ੍ਰਕਾਸ਼, ਪੰਨਾ 28

2- ਓਹੀ; ਪੰਨਾ 29

ੳ) ਜੋ ਕੋਈ ਯਾਕੋ ਸੁਨੈ ਸੁਨਾਵੈ, ਤਾਕੇ ਮਨ ਮੈ ਦ੍ਰਿੜਤਾ ਆਵੈ।
ਜੋ ਮੈ ਸੁਨੀ ਬਡਨ ਤੇ ਆਖੀ, ਸੋ ਲਿਖ ਦੀਨੀ ਯਾ ਮੈਂ ਸਾਖੀ।[1]

ਅ) ਜੋ ਕੋਈ ਯਾਕੋ ਪੜ੍ਹੈਗੋ ਅਰ ਪੁਨ ਸੁਨੈ ਜੁ ਕੋਇ।
ਸ੍ਰੀ ਸਤਿਗੁਰ ਕੀ ਕ੍ਰਿਪਾ ਤੇ ਸਿਖੀ ਪ੍ਰਾਪਤ ਹੋਇ।[2]

ੲ) ਜੋ ਰੁਚ ਸੋ ਯਿਹ ਪੜ੍ਹੈ ਪੜ੍ਹਾਵੈ, ਮਨਸਾ ਬਾਚਾ ਸਕਲ ਫਲ ਪਾਵੈ।
ਸ੍ਰੀ ਗੁਰ ਭਗਤ ਅਧਿਕ ਦ੍ਰਿੜ ਹੋਈ, ਦਾਰਿਦ ਦੂਖ ਰਹੈ ਨ ਕੋਈ।[3]

ਸ) ਗੁਰ ਪੰਥ ਪ੍ਰਕਾਸ਼ ਭਯੋ ਯੇਹ ਪੂਰਣ, ਜਿਮ ਪੰਥ ਭਯੋ ਤਿਮ ਹੀ ਲਿਖ ਦੀਨਾ।
ਜੋ ਯਾ ਸੁਨ ਕੇ ਰਣ ਮੈਂ ਲੜ ਹੈ, ਨਹੀ ਭਾਜ ਸਕੈ ਵਹੁ ਬੁਧਿ ਪ੍ਰਬੀਨਾ।
ਅੰਤ ਕੀ ਬੇਰ ਜੁ ਪ੍ਰਾਨ ਤਜੈ, ਤਉ ਜਾਇ ਮਿਲੈ ਸੁ ਸ਼ਹੀਦਨ ਜੀਨਾ।
ਸ਼ਹੀਦਨ ਮੈਂ ਵਹੁ ਇਉਂ ਮਿਲਹੈ, ਜੈਸੇ ਅੰਭ ਮੈ ਜਾਇ ਕੈ ਅੰਭ ਮਿਲੀਨਾ।[4]

ਅਸੀਂ ਕਹਿ ਸਕਦੇ ਹਾਂ ਕਿ ਭਾਈ ਰਤਨ ਸਿੰਘ ਭੰਗੂ ਦਾ ਪੰਥ ਪ੍ਰਕਾਸ਼ ਛੰਦਾ ਬੰਦੀ ਦੇ ਕਾਵਿਕ ਰੂਪ ਵਿਚ ਖਾਲਸਾ ਪੰਥ ਦਾ ਅਣਖੀਲਾ ਇਤਿਹਾਸ ਦਰਸਾਉਣ ਵਾਲਾ ਸਭ ਤੋਂ ਪੁਰਾਤਨ ਅਤੇ ਪ੍ਰਮਾਣਿਕ ਗ੍ਰੰਥ ਹੈ, ਅਤੇ ਇਹ ਗ੍ਰੰਥ ਭਾਈ ਰਤਨ ਸਿੰਘ ਦੀ 1807 ਈ. ਤੋਂ 1841 ਈ. ਤੱਕ ਦੇ 34 ਸਾਲਾਂ ਦੀ ਅਣਥਕ ਮੇਹਨਤ ਤੇ ਲਗਨ ਦੀ ਦੇਣ ਹੈ।

---

1- ਭੰਗੂ, ਭਾਈ ਰਤਨ ਸਿੰਘ, ਸ੍ਰੀ ਗੁਰੂ ਪੰਥ ਪ੍ਰਕਾਸ਼, ਪੰਨਾ 582

2- ਓਹੀ , ਪੰਨਾ 582

3- ਓਹੀ, ਪੰਨਾ 583

4- ਓਹੀ, ਪੰਨਾ 583

## ਸ੍ਰੀ ਗੁਰੂ ਪੰਥ ਪ੍ਰਕਾਸ਼[1]

ਗਿਆਨੀ ਗਿਆਨ ਸਿੰਘ ਦਾ ਸ੍ਰੀ ਗੁਰੂ ਪੰਥ ਪ੍ਰਕਾਸ਼, ਖਾਲਸਾ ਪੰਥ ਦੇ ਇਤਿਹਾਸਕ ਵਿਰਸੇ ਨੂੰ ਉਜਾਗਰ ਕਰਨ ਵਾਲਾ ਮਹਾਨ ਕਾਵਿ-ਗ੍ਰੰਥ ਹੈ। ਇਸ ਗ੍ਰੰਥ ਵਿਚ ਰਚਨਾਕਾਰ ਨੇ ਲੰਮੀ ਖੋਜ ਤੋਂ ਬਾਅਦ, ਪੁਰਾਤਨ ਅਤੇ ਪ੍ਰਮਾਣਿਕ ਲਿਖਤਾਂ ਦੇ ਅਧਿਐਨ ਦੇ ਆਧਾਰ ਤੇ, ਨਵੀਨ ਢੰਗ ਨਾਲ, ਖਾਲਸਾ ਪੰਥ ਦੇ ਇਤਿਹਾਸ ਨੂੰ ਪ੍ਰਸਤੁਤ ਕਰਨ ਦੀ ਪਹਿਲੀ ਸਫਲ ਕੋਸ਼ਿਸ਼ ਕੀਤੀ ਹੈ। ਅਸਲ ਵਿਚ ਭਾਈ ਰਤਨ ਸਿੰਘ ਭੰਗੂ ਦੇ ਪੰਥ ਪ੍ਰਕਾਸ਼ ਦੀ ਰਚਨਾ ਤੋਂ ਬਾਅਦ ਗਿਆਨੀ ਗਿਆਨ ਸਿੰਘ ਦੁਆਰਾ ਤਿਆਰ ਕੀਤਾ ਪੰਥ ਪ੍ਰਕਾਸ਼ ਵੀ, ਖਾਲਸਾ ਪੰਥ ਦੀਆਂ ਸਿਲਸਿਲੇਵਾਰ ਰਾਜਨੀਤਕ ਪ੍ਰਾਪਤੀਆਂ ਦਾ ਸੰਕਲਨ ਪੇਸ਼ ਕਰਨ ਵਾਲਾ ਇਤਿਹਾਸਕ ਦਸਤਾਵੇਜ਼ ਹੈ।

ਪੰਥ ਪ੍ਰਕਾਸ਼ ਦੇ ਰਚਨਾਕਾਰ ਗਿਆਨੀ ਗਿਆਨੀ ਸਿੰਘ ਜੀ ਲੌਂਗੋਵਾਲ ਦੇ ਰਹਿਣ ਵਾਲੇ ਸਨ।[2] ਲੌਂਗੋਵਾਲ ਅਤੇ ਉਸ ਦੇ ਆਸ ਪਾਸ ਦੇ ਪਿੰਡਾਂ ਦੇ ਲੋਕਾਂ ਨੇ ਦਸਮ ਪਾਤਸ਼ਾਹ ਦੇ ਧਰਮਯੁੱਧ ਵਿਚ ਉਘਾ ਹਿਸਾ ਪਾਇਆ ਸੀ ਅਤੇ ਇਸੇ ਲਈ ਗੁਰੂ ਸਾਹਿਬ ਤੋਂ ਬਾਅਦ ਸਿੱਖ ਇਤਿਹਾਸ ਦੇ ਲੰਮੇ ਦੌਰ ਵਿਚ ਇਥੋਂ ਦੇ ਸਿੱਖਾਂ ਨੂੰ ਜ਼ਾਲਮ ਹਕੂਮਤ ਦੇ ਜ਼ੁਲਮ ਦਾ ਟਾਕਰਾ ਕਰਦਿਆਂ ਬਹੁਤ ਸਾਰੀਆਂ ਸ਼ਹੀਦੀਆਂ ਦੇਣੀਆਂ ਪਈਆਂ ਸਨ।[3] ਗਿਆਨੀ ਗਿਆਨ ਸਿੰਘ ਜੀ ਇਸੇ ਸ਼ਹੀਦਾਂ ਦੀ ਧਰਤੀ ਦੀ ਦੇਣ ਸਨ ਅਤੇ ਉਹਨਾਂ ਦੀ ਆਪਣੀ ਲਿਖਤ ਅਨੁਸਾਰ ਉਨ੍ਹਾਂ ਦਾ ਗੁਰਦੁਆਰਾ ਲੌਂਗੋਵਾਲ ਦੇ ਨੇੜੇ ਬਰਨਾਲਾ ਵਿਖੇ ਸਥਿਤ ਹੈ :-

ਗੁਰਦਵਾਰਾ ਮਮ ਹੈ ਬਰਨਾਲੇ।
ਸੰਤ ਨਿਰਮਲੇ ਸੁਖਦ ਬਿਸਾਲੇ।[4]

---

1- ਗਿਆਨੀ ਗਿਆਨ ਸਿੰਘ, ਸ੍ਰੀ ਗੁਰੂ ਪੰਥ ਪ੍ਰਕਾਸ਼,(ਪਟਿਆਲਾ ਭਾਸ਼ਾ ਵਿਭਾਗ,1970)

2- ਨਾਭਾ,ਭਾਈ ਕਾਨ੍ਹ ਸਿੰਘ, ਮਹਾਨ ਕੋਸ਼,ਪੰਨਾ 974

3- ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼, ਪੰਨਾ 1316-1318

4- ਓਹੀ, ਪੰਨਾ 1318

ਗਿਆਨੀ ਗਿਆਨ ਸਿੰਘ ਜੀ ਮਹਾਨ ਇਤਿਹਾਸਕਾਰ ਅਤੇ ਵਿਦਵਾਨ ਖੋਜੀ ਸਨ। ਅਤੇ ਉਹਨਾਂ ਨੇ ਅਪਣੇ ਵਿਦਿਆ ਗੁਰੂ ਪਾਸੋਂ ਪੂਰੀ ਵਿਦਿਆ ਪ੍ਰਾਪਤ ਕੀਤੀ ਸੀ। ਅਪਣੀ ਰਚਨਾ ਵਿਚ ਉਹਨਾਂ ਨੇ ਅਪਣੇ ਵਿਦਿਆ ਗੁਰੂ ਦਾ ਨਾਮ ਪੰਡਤ ਤਾਰਾ ਸਿੰਘ ਨਰੋਤਮ ਦਸਿਆ ਹੈ:-

ਬਿਦਯਾ ਗੁਰ ਹਮਰੋ ਪੁਰਸੋਤਮ।
ਪੰਡਤ ਤਾਰਾ ਸਿੰਘ ਨਰੋਤਮ।
ਉਨਤੇ ਹਮ ਗਹਿਕੈ ਬ੍ਰਹਮ ਬਿਦਯਾ।
ਹਰਯੋ ਅਗਯਾਨ ਜਾਨ ਪਰ ਸਿੱਧਯਾ।[1]

ਪੰਥ ਪ੍ਰਕਾਸ਼ ਦੀ ਰਚਨਾ ਵੀ ਗਿਆਨੀ ਗਿਆਨ ਸਿੰਘ ਨੇ ਅਪਣੇ ਵਿਦਿਆ ਗੁਰੂ ਦੇ ਆਦੇਸ਼ ਅਨੁਸਾਰ ਕੀਤੀ ਸੀ। ਪੰਥ ਪ੍ਰਕਾਸ਼ ਵਿਚੋਂ ਹੀ ਇਸ ਤਥ ਦੀ ਗਵਾਹੀ ਮਿਲਦੀ ਹੈ:-

ਤਹਿ ਪੰਡਤ ਤਾਰਾ ਮ੍ਰਿਗੇਸੂ।
ਬਿਦਿਆ ਗੁਰ ਮਮ ਰਹਿਤ ਬਿਸੇਸੂ।
ਇਕ ਦਿਨ ਉਨ ਆਗਯਾ ਮੋਹਿ ਦੀਨੀ।
ਤੁਮ ਪੋਥੀ ਇਹ ਰਚੋ ਨਵੀਨੀ।[2]

ਗਿਆਨੀ ਗਿਆਨ ਸਿੰਘ ਜੀ ਨੇ ਜਿਸ ਪੰਥ ਪ੍ਰਕਾਸ਼ ਦੀ ਰਚਨਾ ਕੀਤੀ ਉਸ ਦਾ ਮੁੱਖ ਅਧਾਰ ਭਾਈ ਰਤਨ ਸਿੰਘ ਭੰਗੂ ਦਾ ਪੰਥ ਪ੍ਰਕਾਸ਼ ਹੈ। ਦੋਹਾਂ ਰਚਨਾਵਾਂ ਦੇ ਇਸ ਸਬੰਧ ਨੂੰ ਦ੍ਰਿਸ਼ਟੀ ਵਿਚ ਰਖਦਿਆਂ ਹੀ ਵਿਦਵਾਨਾਂ ਨੇ ਭਾਈ ਰਤਨ ਸਿੰਘ ਭੰਗੂ ਦੀ ਰਚਨਾ ਨੂੰ 'ਪ੍ਰਾਚੀਨ ਪੰਥ ਪ੍ਰਕਾਸ਼' ਅਤੇ ਗਿਆਨੀ ਗਿਆਨ ਸਿੰਘ ਦੀ ਰਚਨਾ ਨੂੰ 'ਨਵੀਨ' ਪੰਥ ਪ੍ਰਕਾਸ਼ ਦਾ ਨਾਮ ਦੇ ਦਿਤਾ। ਗਿਆਨੀ ਗਿਆਨ ਸਿੰਘ ਦੇ ਪੰਥ ਪ੍ਰਕਾਸ਼ ਦੀ ਰਚਨਾ ਬਾਰੇ

---

1- ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼, ਪੰਨਾ 1318

2- ਓਹੀ, ਪੰਨਾ 5

457743

ਭਾਈ ਕਾਨ੍ਹ ਸਿੰਘ ਦਾ ਵਿਸ਼ਵਾਸ ਹੈ ਕਿ "ਸਰਦਾਰ ਰਤਨ ਸਿੰਘ ਜੀ ਦੇ ਪੰਥ ਪ੍ਰਕਾਸ਼ ਦੀ ਕਵਿਤਾ ਛੰਦ ਸ਼ਾਸਤ੍ਰ ਦੇ ਨਿਯਮਾਂ ਅਨੁਸਾਰ ਨਾ ਦੇਖਕੇ, ਲੌਂਗੋਵਾਲ ਨਿਵਾਸੀ ਗਯਾਨੀ ਗਯਾਨ ਸਿੰਘ ਜੀ ਨੇ ਉਸ ਵਿਚ ਬਹੁਤ ਪ੍ਰਸੰਗ ਹੋਰ ਮਿਲਾਕੇ ਸੰਮਤ 1924 ਵਿਚ ਨਵਾਂ ਪੰਥ ਪ੍ਰਕਾਸ਼ ਰਚਿਆ, ਜਿਸਦੀ ਪਹਿਲੀ ਐਡੀਸ਼ਨ 1937 ਵਿਚ ਛਪੀ ਹੈ।"[1] ਗਿਆਨੀ ਜੀ ਨੇ ਆਪਣੇ ਪੰਥ ਪ੍ਰਕਾਸ਼ ਵਿਚ ਵੀ ਇਸ ਹਕੀਕਤ ਦਾ ਜ਼ਿਕਰ ਕਰਦਿਆਂ ਦਸਿਆ ਹੈ ਕਿ ਉਹਨਾਂ ਦੇ ਵਿਦਿਆ ਗੁਰੂ ਨੇ ਭਾਈ ਰਤਨ ਸਿੰਘ ਭੰਗੂ ਦੇ ਪੰਥ ਪ੍ਰਕਾਸ਼ ਵਿਚ ਰਹਿ ਗਈਆਂ ਉਕਾਈਆਂ ਵਲ ਉਹਨਾਂ ਦਾ ਧਿਆਨ ਆਕਰਸ਼ਤ ਕੀਤਾ ਅਤੇ ਉਹਨਾਂ ਨੂੰ ਇਕ ਨਵੇਂ ਗ੍ਰੰਥ ਦੀ ਰਚਨਾ ਕਰਨ ਲਈ ਉਤਸਾਹਿਤ ਕੀਤਾ:-

ਨਾਮ ਗ੍ਰੰਥ ਪੰਥ ਪ੍ਰਕਾਸ਼।<br>
ਜੱਦਪਿ ਰਚਯੋ ਰਤਨ ਸਿੰਘ ਖਾਸ।<br>
ਪਰ ਵਹਿ ਅਤਿ ਢੀਲੀ ਕਵਿਤਾਈ।<br>
ਮਤਲਬ ਥੋਰਾ ਬਹੁ ਫੈਲਾਈ।<br>
ਫਿਰ ਓਨ ਸਾਖੀ ਭਾਖੀ ਥੋਰੀ।<br>
ਚਹੀਏ ਅਧਕੈ ਰਚੋ ਬਹੋਰੀ।<br>
ਤਾਂ ਤੇ ਤੁਮ ਅਬ ਚਾਰੁ ਚਰਿਤ੍ਰ।<br>
ਗੁਰੂ ਖਾਲਸੇ ਕੇਰ ਬਚਿਤ੍ਰ।<br>
ਜੋਓ ਉਸਤੇ ਗੁਪਤ ਰਹਾਏ।<br>
ਤੁਮਕੋ ਚਹੀਏ ਪ੍ਰਗਟ ਦਿਖਾਏ।[2]

- - - - - - - - - - - - - - - - - - - - - - - - - - - - - - -

1- ਨਾਭਾ,ਭਾਈ ਕਾਨ੍ਹ ਸਿੰਘ, ਮਹਾਨ ਕੋਸ਼, ਪੰਨਾ 794

2- ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼, ਪੰਨਾ 5

ਜਿਸ ਤਰ੍ਹਾਂ ਅਸੀਂ ਉਪਰ ਦਸਿਆ ਹੈ ਕਿ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, ਇਸ ਗ੍ਰੰਥ ਦਾ ਪ੍ਰਥਮ ਪ੍ਰਕਾਸ਼ਨ ਸੰਮਤ1937 (1880 ਈ.) ਵਿਚ ਹੋਇਆ। ਇਸ ਗ੍ਰੰਥ ਦੇ ਰਚਨਾਕਾਰ ਦੀ ਆਪਣੀ ਗਵਾਹੀ ਤੋਂ ਵੀ ਉਪਰੋਕਤ ਮਤ ਦਾ ਸਮਰਥਨ ਹੁੰਦਾ ਹੈ:-

ਗ੍ਰੰਥ ਪੰਥ ਪ੍ਰਕਾਸ਼ ਇਹੀਓ।
ਉਨੀ ਸੈ ਰੌਬੀ ਮੈਂ ਥੀਓ।
ਉਨੀ ਸੈ ਸੈਂਤੀ ਮੈਂ ਛਪਿਓ।
ਦਿੱਲੀ ਵਿਚ ਪਹਿਲ ਹੀ ਥਪਿਓ।[1]

ਭਾਸ਼ਾ ਵਿਭਾਗ ਪੰਜਾਬ ਨੇ ਇਸ ਗ੍ਰੰਥ ਨੂੰ 1970 ਈ.ਵਿਚ ਪ੍ਰਕਾਸ਼ਤ ਕੀਤਾ ਅਤੇ ਹੁਣ ਗਿਆਨੀ ਕ੍ਰਿਪਾਲ ਸਿੰਘ ਦੁਆਰਾ ਸੰਪਾਦਿਤ ਇਹ ਇਤਿਹਾਸਕ ਕਾਵਿ ਗ੍ਰੰਥ (1970 ਤੋਂ 1974 ਤੱਕ) ਪੰਜ ਭਾਗਾਂ ਵਿਚ ਪ੍ਰਕਾਸ਼ਿਤ ਹੋ ਚੁੱਕਿਆ ਹੈ।

ਇਸ ਗ੍ਰੰਥ ਰਚਨਾ ਤੋਂ ਪਹਿਲਾਂ ਗਿਆਨੀ ਗਿਆਨ ਸਿੰਘ ਨੇ ਕਪਤਾਨ ਮਰੇ ਵਲੋਂ ਲਿਖਵਾਏ ਗਏ ਬੂਟੇ ਸ਼ਾਹ ਮੌਲਵੀ ਦੇ ਸਿੱਖ ਇਤਹਾਸ ਅਤੇ ਭਾਈ ਰਤਨ ਸਿੰਘ ਭੰਗੂ ਦੇ ਪੰਥ ਪ੍ਰਕਾਸ਼ ਦਾ ਪੂਰਾ ਨਿਰੀਖਣ ਕੀਤਾ। ਇਸ ਤੋਂ ਇਲਾਵਾ ਹੋਰ ਉਪਲਬਧ ਕਿਤਾਬਾਂ ਦਾ ਅਧਿਐਨ ਕਰਕੇ ਅਤੇ ਬਜ਼ੁਰਗਾਂ ਪਾਸੋਂ ਸੁਣੇ ਇਤਿਹਾਸ ਦੇ ਆਧਾਰ ਉਤੇ, ਬਹੁਤ ਸਾਰੀ ਸਾਮਿਗ੍ਰੀ ਇਕਤ੍ਰ ਕਰਕੇ ਗਿਆਨੀ ਜੀ ਨੇ ਇਸ ਪੰਥ ਪ੍ਰਕਾਸ਼ ਦੀ ਰਚਨਾ ਦੀ ਤਿਆਰੀ ਕੀਤੀ:

ਮਰੇ ਸਾਹਿਬ ਜੋਊ ਲਿਖਵਾਇ। ਰਾਖੀ ਦਫਤ੍ਰ ਬੀਚ ਬਨਾਇ।
ਸੋ ਹਮਨੇ ਹੈ ਦੇਓ ਨਿਹਾਰੀ। ਕਥਾ ਚੁਨੀ ਓਨ ਮੇਂ ਸੇ ਸਾਰੀ।
ਔਰ ਕਿਤਾਬੋਂ ਤੇ ਜੋ ਪਾਈ। ਅਰ ਬ੍ਰਿਧਨ ਤੇ ਸੁਨ ਅਧਿਕਾਈ।

---

1- ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼, ਪੰਨਾ 8

ਯ ਬਿਧਿ ਬਹੁ ਬਟੋਰ ਕੈ ਸਾਖੀ। ਏਸ ਗ੍ਰੰਥ ਮਾਂਹਿ ਸਬ ਰਾਖੀ।[1]

ਰਚਨਾਕਾਰ ਨੇ ਫਿਰ ਦੇਸ਼ ਦਿਸਾਂਤਰ ਦੀ ਤੀਰਥ ਯਾਤਰਾ ਦੌਰਾਨ ਇਤਿਹਾਸਕ ਸਾਮਿਗ੍ਰੀ ਇਕਤ੍ਰ ਕਰਕੇ ਇਸ ਗ੍ਰੰਥ ਦੀ ਰਚਨਾ ਦਾ ਕਾਰਜ ਅਰੰਭਿਆ। ਇਸ ਦੀ ਗਵਾਹੀ ਪੰਥ ਪ੍ਰਕਾਸ਼ ਵਿਚੋਂ ਹੀ ਪ੍ਰਾਪਤ ਹੁੰਦੀ ਹੈ:

ਕੀਨ ਰਟਨ ਫਿਰ ਦੇਸ ਦਿਸੰਤ੍ਰ।
ਤੀਰਥ ਚਾਰ ਧਾਮ ਕੇ ਅੰਦਰ।
ਫਿਰ ਸ੍ਰੀ ਅੰਮ੍ਰਿਤਸਰ ਮੈਂ ਰਹਿਕੈ।
ਮਹੰਤ ਹਰਨਾਮ ਸਿੰਘ ਕੇ ਬਹਿ ਕੈ।
ਉਨੀਸੌ ਛਿਤੌਤੀ ਮਾਹੈ।
ਰਚਯੋ ਗ੍ਰੰਥ ਏਹੈ ਮਨ ਚਾਹੈ।[2]

ਇਸ ਪੰਥ ਪ੍ਰਕਾਸ਼ ਦਾ ਵਿਸ਼ਾ-ਵਸਤੂ ਵੀ ਕਾਫੀ ਹੱਦ ਤੱਕ ਰਤਨ ਸਿੰਘ ਭੰਗੂ ਦੇ ਪੰਥ ਪ੍ਰਕਾਸ਼ ਨਾਲ ਮਿਲਦਾ ਜੁਲਦਾ ਹੈ। ਆਰੰਭ ਵਿਚ ਗੁਰੂਆਂ ਦਾ ਇਤਿਹਾਸ ਵਰਣਨ ਕਰਦਿਆਂ ਖਾਲਸਾ ਪੰਥ ਦੀ ਸਿਰਜਨਾ ਸਮੇਤ ਗੁਰੂ ਗੋਬਿੰਦ ਸਿੰਘ ਦੇ ਜੀਵਨ ਕਾਲ ਵਿਚ ਵਾਪਰੀਆਂ ਮੁਖ ਘਟਨਾਵਾਂ ਦਾ ਵਿਸਤਾਰ ਨਾਲ ਜ਼ਿਕਰ ਕੀਤਾ ਗਿਆ ਹੈ। ਗੁਰੂ ਕਾਲ ਤੋਂ ਬਾਅਦ ਬੰਦਾ ਬਹਾਦੁਰ ਦੇ ਪ੍ਰਸੰਗ ਤੋਂ ਲੈ ਕੇ ਮਿਸਲਾਂ ਤਕ ਦੇ ਇਤਿਹਾਸ ਦੀ ਵਿਸਤ੍ਰਿਤ ਜਾਣਕਾਰੀ ਇਸ ਗ੍ਰੰਥ ਵਿਚੋਂ ਪ੍ਰਾਪਤ ਹੁੰਦੀ ਹੈ। ਖਾਲਸਾ ਪੰਥ ਦਾ ਇਤਿਹਾਸ ਦਸਦਿਆਂ ਇਸ ਗ੍ਰੰਥ ਵਿਚ, ਜ਼ਾਲਮ ਹਕੂਮਤ ਦਾ ਵਤੀਰਾ, ਵਿਦੇਸ਼ੀ ਹਮਲਾਵਰਾਂ ਦੀ ਕਾਰਗੁਜ਼ਾਰੀ ਅਤੇ ਖਾਲਸਾ ਪੰਥ ਦੀ ਇਕ ਸੁਤੰਤਰ ਰਾਜਨੀਤਕ ਧਿਰ ਵਜੋਂ ਨਿਭਾਈ ਭੂਮਿਕਾ ਉਤੇ ਵਿਸ਼ੇਸ਼ ਜ਼ੋਰ ਦਿਤਾ ਗਿਆ ਹੈ। ਕਵੀ ਨੇ ਇਸ ਸਾਰੇ ਇਤਿਹਾਸਕ ਦੌਰ ਵਿਚ ਹੋਈਆਂ ਮਹਾਨ ਸ਼ਹਾਦਤਾਂ ਦਾ

---

1- ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼, ਪੰਨਾ 21

2- ਓਹੀ, ਪੰਨਾ 318

ਜ਼ਿਕਰ ਵੀ ਇਸ ਗ੍ਰੰਥ ਵਿਚ ਬੜੇ ਸੰਵੇਦਨਸ਼ੀਲ ਢੰਗ ਨਾਲ ਕੀਤਾ ਹੈ।

ਪੰਥ ਦੇ ਇਤਿਹਾਸ ਨੂੰ ਰੌਸ਼ਨ ਕਰਨ ਵਾਲੇ ਇਸ ਮਹਾਨ ਗ੍ਰੰਥ ਦੀ ਭਾਸ਼ਾ ਸਰਲ ਅਤੇ ਸੁਖੈਨ ਹੈ। ਆਮ ਪਾਠਕ ਲਈ ਇਸ ਗ੍ਰੰਥ ਦਾ ਭਰਪੂਰ ਆਨੰਦ ਮਾਣਨਾ ਔਖਾ ਨਹੀਂ। ਗ੍ਰੰਥ ਰਚਨ ਦਾ ਮੰਤਵ ਦਸਦਿਆਂ ਗਿਆਨੀ ਗਿਆਨ ਸਿੰਘ ਜੀ ਸਪਸ਼ਟ ਕਰਦੇ ਹਨ ਕਿ ਇਸ ਗ੍ਰੰਥ ਦੀ ਰਚਨਾ ਤੋਂ ਪਹਿਲਾਂ ਦੀਆਂ ਇਤਿਹਾਸਕ ਲਿਖਤਾਂ ਦੀ ਭਾਸ਼ਾ ਔਖੀ ਸੀ ਅਤੇ ਆਮ ਵਿਅਕਤੀ ਲਈ ਉਸ ਲਿਖਤ ਦਾ ਪੂਰਾ ਲਾਭ ਉਠਾਉਣਾ ਸੰਭਵ ਨਹੀਂ ਸੀ। ਇਸੇ ਲਈ ਸਰਲ ਅਤੇ ਸੁਗਮ ਭਾਸ਼ਾ ਵਿਚ ਇਸ ਗ੍ਰੰਥ ਦੀ ਰਚਨਾ ਕੀਤੀ ਗਈ:-

ਥੋੜ ਬਹੁਤ ਭੀ ਪੜਾ ਜੁ ਹੋਈ।
ਤਿਸਕੋ ਪੜ ਅਨੰਦ ਲਹਿ ਸੋਈ।
ਤਾਤੇ ਸਰਲ ਸੁਗਮ ਸੁਖਦਾਈ।
ਰਚੋ ਆਪ ਦੋਹਾ ਚੌਪਾਈ।
ਗੂੜ੍ਹ ਅਰਥ ਪਦ ਕੋਇ ਨ ਰਾਖੋ।
ਜੋ ਸਬ ਸਮਝੈਂ ਤੈਸੇ ਭਾਖੋ।[1]

ਹੋਰ ਸਪਸ਼ਟ ਕਰਦਿਆਂ ਗਿਆਨੀ ਜੀ ਦਸਦੇ ਹਨ ਕਿ ਸੁਗਮ ਅਤੇ ਸਰਲ ਭਾਸ਼ਾ ਵਿਚ ਇਸ ਗ੍ਰੰਥ ਦੀ ਰਚਨਾ ਪੰਥ ਦੀ ਆਗਿਆ ਅਨੁਸਾਰ ਕੀਤੀ ਗਈ :-

ਐਸੀ ਆਗਿਆ ਪੰਥ ਕੀ ਮਾਨ ਗਯਾਨ ਸਿੰਘ ਹੇਰ।
ਸੁਗਮ ਸਰਲ ਕਵਿਤਾ ਵਿਖੇ ਰਚਿਓ ਗ੍ਰੰਥ ਇਹੁ ਫੇਰ।[2]

ਇਸ ਤਰ੍ਹਾਂ ਪੰਜਾਬੀ ਵਾਰਤਕ ਦੇ ਮੋਢੀ ਲੇਖਕ ਅਤੇ ਬ੍ਰਿਜ ਭਾਸ਼ਾ ਦੇ ਮਹਾਨ ਕਵੀ ਗਿਆਨੀ ਗਿਆਨ ਸਿੰਘ ਦਾ ਪੰਥ ਪ੍ਰਕਾਸ਼, ਖਾਲਸਾ ਪੰਥ ਦੇ ਇਤਿਹਾਸ ਨੂੰ ਸਰਲ ਅਤੇ ਸੁਗਮ ਭਾਸ਼ਾ ਵਿਚ ਪ੍ਰਸਤੁਤ ਕਰਨ ਵਾਲਾ ਮਹਾਨ ਇਤਿਹਾਸਕ ਕਾਵਿ-ਗ੍ਰੰਥ ਹੈ। ਇਸ ਇਤਿਹਾਸਕ

- - - - - - - - - - - - - - - - - - - - - - - - - - - - - - - - - - - -

1- ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼, ਪੰਨਾ 10

2- ਓਹੀ, ਪੰਨਾ 10

ਲਿਖਤ ਵਿਚੋਂ ਖਾਲਸਾ ਪੰਥ ਦੇ ਰਾਜਨੀਤਕ ਵਿਅਕਤਿੱਤਵ ਦਾ ਨਿਖਾਰ ਸਪਸ਼ਟ ਰੂਪ ਵਿਚ ਨਜ਼ਰ ਆਉਂਦਾ ਹੈ। ਸਿੱਖ ਸਾਹਿਤ ਦੀ ਪਰੰਪਰਾ ਵਿਚ ਇਸ ਗ੍ਰੰਥ ਦਾ ਆਪਣਾ ਮਹੱਤਵ-ਪੂਰਣ ਸਥਾਨ ਹੈ।

ਧਰਮ ਗ੍ਰੰਥਾਂ ਅਤੇ ਇਤਿਹਾਸਕ ਲਿਖਤਾਂ ਤੋਂ ਇਲਾਵਾ ਭਾਈ ਕਾਨ੍ਹ ਸਿੰਘ ਨਾਭਾ ਦੇ 'ਗੁਰਸ਼ਬਦ ਰਤਨਾਕਰ ਮਹਾਨ ਕੋਸ਼' ਨੂੰ ਵੀ ਅਸੀਂ ਪ੍ਰਾਥਮਿਕ ਸ੍ਰੋਤ ਦੇ ਰੂਪ ਵਿਚ ਅਧਿਐਨ ਕੀਤਾ ਹੈ। ਇਹ ਮਹਾਨ ਗ੍ਰੰਥ 'ਸ਼ਬਦ ਕੋਸ਼' ਅਤੇ 'ਹਵਾਲਾ ਗ੍ਰੰਥ' ਦੇ ਰੂਪ ਵਿਚ ਸਾਡੇ ਖੋਜ ਕਾਰਜ ਵਿਚ ਸਹਾਇਕ ਹੈ। ਇਸ ਮਹੱਤਵਪੂਰਣ ਗ੍ਰੰਥ ਦੀ ਅਸੀਂ ਸੰਖੇਪ ਜਾਣਕਾਰੀ ਇਥੇ ਪ੍ਰਸਤੁਤ ਕਰ ਰਹੇ ਹਾਂ।

## ਗੁਰਸ਼ਬਦ ਰਤਨਾਕਰ ਮਹਾਨ ਕੋਸ਼[1]

'ਗੁਰਸ਼ਬਦ ਰਤਨਾਕਰ ਮਹਾਨ ਕੋਸ਼' ਇਸ ਸਦੀ ਦਾ ਸਭ ਤੋਂ ਮਹੱਤਵਪੂਰਣ ਪੰਜਾਬੀ ਦਾ ਸ਼ਬਦ ਕੋਸ਼ ਹੈ। ਸਿੱਖ ਧਰਮ ਦੇ ਸੰਕਲਪ ਤੇ ਸ਼ਬਦਾਵਲੀ, ਸਿੱਖ ਇਤਿਹਾਸ ਨਾਲ ਸਬੰਧਤ ਨਾਵਾਂ ਤੇ ਥਾਵਾਂ ਅਤੇ ਸਿੱਖ ਪਰੰਪਰਾ ਦੇ ਹਰ ਪਹਿਲੂ ਦੀ ਸਮੁੱਚੀ ਜਾਣਕਾਰੀ ਇਸ ਹਵਾਲਾ ਗ੍ਰੰਥ ਵਿਚੋਂ ਪ੍ਰਾਪਤ ਹੁੰਦੀ ਹੈ। ਇਸ ਕੋਸ਼ ਵਿਚੋਂ ਪ੍ਰਾਪਤ ਜਾਣਕਾਰੀ ਦੀ ਪ੍ਰਮਾਣਿਕਤਾ ਉਤੇ ਪੂਰਾ ਵਿਸ਼ਵਾਸ ਕੀਤਾ ਜਾ ਸਕਦਾ ਹੈ। ਸਾਲਾਂ ਬੱਧੀ ਇਤਿਹਾਸ ਅਤੇ ਸਾਹਿਤ ਦੇ ਡੂੰਘੇ ਅਧਿਐਨ ਦੇ ਆਧਾਰ ਤੇ ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਮਹੱਤਵਪੂਰਣ ਗ੍ਰੰਥ ਦੀ ਰਚਨਾ ਕੀਤੀ।

- - - - - - - - - - - - - - - - - - - - - - - - - - - - - -

1- ਨਾਭਾ, ਭਾਈ ਕਾਨ੍ਹ ਸਿੰਘ, ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, (ਪਟਿਆਲਾ, ਭਾਸ਼ਾ ਵਿਭਾਗ, ਪੰਜਾਬ -1981)

ਭਾਈ ਕਾਨ੍ਹ ਸਿੰਘ ਨਾਭਾ ਦਾ ਸਾਰਾ ਜੀਵਨ ਇਕ ਪਾਸੇ ਸਿੱਖ ਧਰਮ ਦੇ ਅਧਿਐਨ ਅਤੇ ਨਵੀਆਂ ਸਾਹਿਤਕ ਰਚਨਾਵਾਂ ਕਰਨ ਲਈ ਸਮਰਪਿਤ ਸੀ ਅਤੇ ਦੂਜੇ ਪਾਸੇ ਨਾਭੇ ਤੇ ਪਟਿਆਲੇ ਦੀਆਂ ਸਾਰੀਆਂ ਰਾਜਨੀਤਕ ਸਰਗਰਮੀਆਂ ਵਿਚ ਵੀ ਉਹਨਾਂ ਦੀ ਅਹਿਮ ਭੂਮਿਕਾ ਸੀ। ਭਾਈ ਸਾਹਿਬ ਦੇ ਜਨਮ ਅਤੇ ਵੰਸ਼ ਬਾਰੇ ਸ੍ਰ: ਸ਼ਮਸ਼ੇਰ ਸਿੰਘ ਅਸ਼ੋਕ ਨੇ ਲਿਖਿਆ ਹੈ:-

"ਭਾਈ ਕਾਨ੍ਹ ਸਿੰਘ ਜੀ ਦਾ ਜਨਮ ਸ਼ੁਕਰਵਾਰ ਭਾਦੋਂ ਵਦੀ 10, ਸੰਮਤ 1918 (ਸੰਨ 1861) ਨੂੰ ਪਿੰਡ ਸਬਜ਼ ਬਨੇਰਾ ਰਿਆਸਤ ਪਟਿਆਲਾ ਵਿਚ ਹੋਇਆ। ਇਨ੍ਹਾਂ ਦੇ ਪਿਤਾ ਭਾਈ ਨਾਰਾਇਣ ਸਿੰਘ ਤੇ ਮਾਤਾ ਹਰਿ ਕੌਰ ਜੀ ਸਨ। ਭਾਈ ਨਾਰਾਇਣ ਸਿੰਘ ਜੋ, 'ਬਾਬਾ' ਦੇ ਲਕਬ ਨਾਲ ਮਸ਼ਹੂਰ ਸਨ, ਉਸ ਸਮੇਂ ਨਾਭੇ ਦੇ ਪ੍ਰਸਿੱਧ ਗੁਰਦੁਆਰਾ ਬਾਬਾ ਅਜਾਪਾਲ ਸਿੰਘ ਦੇ ਮਹੰਤ ਸਨ। ਇਹ ਢਿੱਲੋਂ ਗੋਤ ਦੇ ਜੱਟ ਸਨ। ਬਾਬਾ ਨਾਰਾਇਣ ਸਿੰਘ ਜੀ ਦੇ ਪੜਦਾਦਾ ਬਾਬਾ ਨੌਧ ਸਿੰਘ ਪਿੰਡ ਪਿੱਥੋ (ਰਿਆਸਤ ਨਾਭਾ) ਦੇ ਚੌਧਰੀ ਸਨ, ਜੋ ਕੁਝ ਸਮਾਂ ਮਹਾਰਾਜਾ ਰਣਜੀਤ ਸਿੰਘ ਜੀ ਦੇ ਮੁਸਾਹਿਬ ਵੀ ਰਹੇ। ਉਨ੍ਹਾਂ ਦੇ ਸਪੁਤ੍ਰ ਬਾਬਾ ਸਰੂਪ ਸਿੰਘ ਜੀ ਭਾਈ ਕਾਨ੍ਹ ਸਿੰਘ ਜੀ ਦੇ ਦਾਦਾ ਸਨ।[1]"

ਆਪਣੇ ਪਿਤਾ ਭਾਈ ਨਾਰਾਇਣ ਸਿੰਘ ਜੀ ਪਾਸੋਂ ਹੀ ਭਾਈ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨਾ ਸਿਖਿਆ ਅਤੇ ਬਹੁਤ ਛੋਟੀ ਉਮਰ ਵਿਚ ਹੀ ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦੇ ਅਰਥਾਂ ਨੂੰ ਸਮਝਣ ਦੀ ਪੂਰਨ ਯੋਗਤਾ ਹਾਸਲ ਕਰ ਲਈ ਸੀ। ਗੁਰੂ ਗ੍ਰੰਥ ਸਾਹਿਬ ਦੀ ਸਿਖਿਆ ਤੋਂ ਬਾਅਦ, ਭਾਈ ਕਾਨ੍ਹ ਸਿੰਘ ਨੇ ਸੰਸਕ੍ਰਿਤ ਵਿਆਕਰਣ,

---

1- ਨਾਭਾ, ਭਾਈ ਕਾਨ੍ਹ ਸਿੰਘ, ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ ੲ

ਕਾਵਿ ਰਚਨਾ, ਸੰਗੀਤ ਅਤੇ ਵੇਦਾਂਤ ਦੀ ਸਿਖਿਆ ਪ੍ਰਾਪਤ ਕੀਤੀ। ਵਡੇ ਹੋਣ ਤੇ ਉਹਨਾਂ ਨੇ ਫਾਰਸੀ ਅਤੇ ਅੰਗ੍ਰੇਜ਼ੀ ਭਾਸ਼ਾ ਦੇ ਗਿਆਨ ਵਿਚ ਵੀ ਮਹਾਰਤ ਹਾਸਲ ਕਰ ਲਈ।

ਭਾਈ ਕਾਨ੍ਹ ਸਿੰਘ ਨੇ ਮਹਾਰਾਜ ਹੀਰਾ ਸਿੰਘ ਨਾਭਾ ਪਾਸ ਬਤੌਰ ਮੁਸਾਹਿਬ ਆਪਣੀ ਨੌਕਰੀ ਸ਼ੁਰੂ ਕੀਤੀ ਅਤੇ 1893 ਈ. ਵਿਚ ਆਪ ਮਹਾਰਾਜੇ ਦੇ ਪ੍ਰਾਈਵੇਟ ਸਕੱਤਰ ਬਣ ਗਏ। ਫਿਰ ਆਪ ਸਿੱਟੀ ਮੈਜਿਸਟ੍ਰੇਟ ਦੇ ਰੂਪ ਵਿਚ ਵੱਡੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਰਹੇ ਅਤੇ 1911 ਵਿਚ ਰਿਆਸਤ ਦੇ ਮੀਰ ਮੁਨਸ਼ੀ ( Foreign Minister ) ਦੇ ਅਹੁਦੇ ਤੇ ਨਿਯੁਕਤ ਕੀਤੇ ਗਏ। ਇਸ ਤੋਂ ਬਾਅਦ ਦਾ ਜੀਵਨ ਵੀ ਭਾਈ ਸਾਹਿਬ ਨੇ ਰਾਜਨੀਤਕ ਰੁਝੇਵਿਆਂ ਵਿਚ ਬਤੀਤ ਕੀਤਾ। 1938 ਵਿਚ ਭਾਈ ਕਾਨ੍ਹ ਸਿੰਘ ਤਕਰੀਬਨ 77 ਸਾਲਾਂ ਦੀ ਉਮਰ ਵਿਚ ਚੜ੍ਹਾਈ ਕਰ ਗਏ।

ਮਹਾਨ ਕੋਸ਼ ਦੀ ਸਿਰਜਨਾ ਕਰਨ ਬਾਰੇ ਆਪ ਭਾਈ ਕਾਨ੍ਹ ਸਿੰਘ ਨਾਭਾ ਨੇ ਦਸਿਆ ਹੈ ਕਿ "ਸੰਮਤ 1955 ਵਿਚ ਪੰਡਿਤ ਤਾਰਾ ਸਿੰਘ ਦਾ 'ਗੁਰ ਗਿਰਾਰਥ ਕੋਸ਼' ਅਤੇ ਸੰਮਤ 1957 ਵਿਚ ਭਾਈ ਹਜ਼ਾਰਾ ਸਿੰਘ ਜੀ ਦਾ 'ਸ੍ਰੀ ਗੁਰੂ ਗ੍ਰੰਥ ਕੋਸ਼' ਪੜ੍ਹ ਕੇ ਮੈਨੂੰ ਸੰਕਲਪ ਫੁਰਿਆ ਕਿ ਇਨ੍ਹਾਂ ਕੋਸ਼ਾਂ ਵਿਚ ਜੋ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਹੀਂ ਆਏ, ਉਹ ਸ਼ਾਮਲ ਕਰਕੇ ਅਰ ਅੱਖਰ ਤਥਾ ਮਾਤ੍ਰਾ ਕ੍ਰਮ ਅਨੁਸਾਰ ਸ਼ਬਦ ਜੋੜ ਕੇ ਇਕ ਉਤਮ ਕੋਸ਼ ਲਿਖਿਆ ਜਾਵੇ, ਜਿਸ ਤੋਂ ਵਿਸ਼ੇਸ਼ ਲਾਭ ਹੋ ਸਕੇ। ਇਸ ਮਨੋਰਥ ਦੀ ਸਫਲਤਾ ਲਈ ਮੈਂ ਵਿਚਾਰ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਅਰੰਭਿਆ, ਜਿਸ ਦੀ ਸਮਾਪਤੀ ਪੰਜਾਂ ਵਰ੍ਹਿਆਂ ਵਿਚ ਹੋਈ। ਜਦ ਮੈਂ ਸ਼ਬਦਾਂ ਨੂੰ ਕ੍ਰਮ ਅਨੁਸਾਰ ਜੋੜਨ ਲਗਾ, ਤਾਂ Encyclopedia Britannica ਨੂੰ ਵੇਖ ਕੇ ਚਿਤ ਵਿਚ ਆਈ ਕਿ ਸਿੱਖ ਸਾਹਿਤਯ ਦਾ ਭੀ ਇਕ ਅਜੇਹਾ ਕੋਸ਼ ਹੋਣਾ ਚਾਹੀਏ, ਜਿਸ ਵਿਚ ਸਿੱਖ ਮਤ ਸੰਬੰਧੀ ਗ੍ਰੰਥਾਂ ਦੇ ਸਰਵ ਪ੍ਰਕਾਰ ਦੇ ਸ਼ਬਦਾਂ ਦਾ ਯੋਗਯ ਰੀਤਿ ਨਾਲ ਨਿਰਣਾ ਕੀਤਾ ਹੋਵੇ।"[1]

---

1- ਨਾਭਾ, ਭਾਈ ਕਾਨ੍ਹ ਸਿੰਘ, ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ ੲ

ਭਾਈ ਕਾਨ੍ਹ ਸਿੰਘ ਜੀ ਨੇ ਗੁਰਸ਼ਬਦ ਰਤਨਾਕਰ ਮਹਾਨ ਕੋਸ਼ (Encyclopedia of Sikh Literature ) ਸਨ 1912 ਵਿਚ ਲਿਖਣਾ ਅਰੰਭ ਕੀਤਾ ਅਤੇ 14 ਸਾਲਾਂ ਦੇ ਕਠਿਨ ਪਰਿਸ਼ਰਮ ਨਾਲ 1926 ਈਸਵੀ ਵਿਚ ਇਸ ਗ੍ਰੰਥ ਦੀ ਸਮਾਪਤੀ ਕੀਤੀ। 1930 ਈਸਵੀ ਵਿਚ ਪਟਿਆਲਾ ਦਰਬਾਰ ਵਲੋਂ ਇਸ ਨੂੰ ਪਹਿਲੀ ਵਾਰ ਪ੍ਰਕਾਸ਼ਿਤ ਕਰਵਾਇਆ ਗਿਆ। 1930 ਤੋਂ 1938 ਤੱਕ ਭਾਈ ਕਾਨ੍ਹ ਸਿੰਘ ਨੇ ਇਸ ਕੋਸ਼ ਦੀ ਸੁਧਾਈ ਕਰਕੇ ਹੋਰ ਸ਼ਬਦ ਵੀ ਜੋੜੇ, ਜਿਹਨਾਂ ਨੂੰ ਅੰਤਿਕਾ ਦੇ ਰੂਪ ਵਿਚ ਇਸ ਗ੍ਰੰਥ ਨਾਲ ਜੋੜਿਆ ਗਿਆ ਹੈ। ਭਾਸ਼ਾ ਵਿਭਾਗ, ਪੰਜਾਬ ਨੇ ਇਸ ਮਹਾਨ ਕੋਸ਼ ਨੂੰ ਨਵੇ ਸਿਰਿਉਂ ਪ੍ਰਕਾਸ਼ਿਤ ਕਰਕੇ ਖੋਜੀ ਵਿਦਵਾਨਾਂ ਲਈ ਸਿੱਖ ਸ਼ਬਦਾਵਲੀ ਨੂੰ ਸਹੀ ਅਰਥਾਂ ਵਿਚ ਸਮਝਣਾ ਆਸਾਨ ਬਣਾ ਦਿਤਾ।

ਇਸ ਗ੍ਰੰਥ ਵਿਚ ਸਿਖ ਧਰਮ ਅਤੇ ਸਿੱਖ ਇਤਿਹਾਸ ਨਾਲ ਸੰਬੰਧਤ ਸੰਕਲਪਾਂ ਤੇ ਸ਼ਬਦਾਂ, ਨਾਵਾਂ ਤੇ ਥਾਵਾਂ ਦੀ ਵਿਗਿਆਨਕ ਆਧਾਰ ਤੇ ਵਿਆਖਿਆ ਕੀਤੀ ਗਈ ਹੈ ਅਤੇ ਸਿੱਖ ਸਾਹਿਤ ਨਾਲ ਜੁੜੀ ਸਮੁੱਚੀ ਸ਼ਬਦਾਵਲੀ ਨੂੰ ਵਿਸਤ੍ਰਿਤ ਅਰਥਾਂ ਵਿਚ ਪ੍ਰਸਤੁਤ ਕੀਤਾ ਗਿਆ ਹੈ। ਸ਼ਬਦਾਂ ਦੇ ਸੰਕਲਪਾਂ ਨੂੰ ਪਰਿਭਾਸ਼ਿਤ ਕਰਦਿਆਂ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ, ਭਾਈ ਗੁਰਦਾਸ ਦੀ ਬਾਣੀ ਅਤੇ ਹੋਰ ਇਤਿਹਾਸਕ ਰਚਨਾਵਾਂ ਦੀ ਭਰਪੂਰ ਮਦਦ ਲੈ ਕੇ ਭਾਈ ਕਾਨ੍ਹ ਸਿੰਘ ਨੇ ਆਪਣੀ ਖੋਜ ਨੂੰ ਬਹੁਤ ਹਦ ਤਕ ਪ੍ਰਮਾਣਿਕ ਬਣਾਉਣ ਦਾ ਯਤਨ ਕੀਤਾ ਹੈ। ਇਸ ਕੋਸ਼ ਦੇ ਅਧਿਐਨ ਨਾਲ ਇਕ ਹੋਰ ਗੱਲ ਸਪਸ਼ਟ ਰੂਪ ਵਿਚ ਨਿਖਰ ਕੇ ਸਾਹਮਣੇ ਆਉਂਦੀ ਹੈ ਕਿ ਭਾਈ ਸਾਹਿਬ ਹਰ ਕਿਸਮ ਦੀ ਸੰਕੀਰਣਤਾ ਤੋਂ ਪਰੇ ਸਨ ਅਤੇ ਉਹਨਾਂ ਦਾ ਦ੍ਰਿਸ਼ਟੀਕੋਣ ਵਿਸ਼ਵ-ਵਿਆਪਕ ਸੀ। ਉਹਨਾਂ ਦੇ ਗਿਆਨ ਦਾ ਦਾਇਰਾ ਵੀ ਸਿੱਖ ਧਰਮ ਅਤੇ ਪੰਜਾਬੀ ਸਾਹਿਤ ਤਕ ਸੀਮਤ ਨਹੀਂ ਸੀ ਬਲਕਿ ਦੁਨੀਆਂ ਭਰ ਦੇ ਧਰਮ, ਸਾਹਿਤ ਅਤੇ ਗਿਆਨ ਦੇ ਹੋਰ ਖੇਤਰਾਂ ਦੀ ਉਹਨਾਂ ਨੂੰ ਭਰਪੂਰ ਜਾਣਕਾਰੀ ਹਾਸਲ ਸੀ।

ਮਹਾਨ ਕੋਸ਼ ਵਿਚ ਲਗਭਗ ਸੱਤਰ ਹਜ਼ਾਰ ਸ਼ਬਦਾਂ ਦੀ ਵਿਆਖਿਆ ਦਾ ਸੰਕਲਨ ਕੀਤਾ ਗਿਆ ਹੈ। ਇਹਨਾਂ ਸ਼ਬਦਾਂ ਵਿਚ ਪੰਜਾਬੀ ਤੋਂ ਇਲਾਵਾ ਹਿੰਦੀ, ਸੰਸਕ੍ਰਿਤ ਆਦਿ ਭਾਰਤੀ ਭਾਸ਼ਾਵਾਂ ਅਤੇ ਅਰਬੀ, ਫਾਰਸੀ, ਵਰਗੀਆਂ ਵਿਦੇਸ਼ੀ ਭਾਸ਼ਾਵਾਂ ਦੇ ਸ਼ਬਦ ਵੀ ਸ਼ਾਮਲ ਹਨ। ਵਿਆਖਿਆਕਾਰ ਨੇ ਸ਼ਬਦਾਂ ਦੀ ਵਿਆਖਿਆ ਕਰਨ ਲਗਿਆਂ ਪੁਰਾਤਨ ਭਾਰਤੀ ਦਰਸ਼ਨ ਅਤੇ ਪੱਛਮ ਦੀ ਨਵੀਂ ਸੋਚ ਦੋਹਾਂ ਨੂੰ ਧਿਆਨ ਵਿਚ ਰਖਣ ਦਾ ਪ੍ਰਯਤਨ ਕੀਤਾ ਹੈ ਅਤੇ ਇਕ ਵਿਗਿਆਨਕ ਢੰਗ ਨਾਲ ਇਸ ਮਹਾਨ ਗ੍ਰੰਥ ਦੀ ਸਿਰਜਣਾ ਕੀਤੀ ਹੈ। ਸ੍ਰ: ਸ਼ਮਸ਼ੇਰ ਸਿੰਘ ਅਸ਼ੋਕ ਨੇ ਇਸ ਮਹਾਨ ਕੋਸ਼ ਨੂੰ ਭਾਈ ਕਾਨ੍ਹ ਸਿੰਘ ਦੀ ਸਭ ਤੋਂ ਵੱਡੀ ਜੁਨਰੀ ਕ੍ਰਿਤ ਦਸਿਆ ਹੈ।[1] ਸ੍ਰ:ਤੇਜਾ ਸਿੰਘ ਨੇ ਭਾਈ ਕਾਨ੍ਹ ਸਿੰਘ ਦੇ ਮਹਾਨ ਕੋਸ਼ ਦੀ ਮਹੱਤਤਾ ਪ੍ਰਗਟਾਉਂਦਿਆਂ ਦਸਿਆ ਹੈ:-

> "The present work, Gurshabad Ratnaker is his Magnum Opus. It is a dictionary and Encyclopedia combined of Sikh literature, a magnificient fruit of the author's fifteen years hard and incessant labour."[2]

ਇਸ ਤਰ੍ਹਾਂ ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਭਾਈ ਕਾਨ੍ਹ ਸਿੰਘ ਨਾਭਾ ਦੁਆਰਾ ਰਚਿਆ ਗਿਆ, ਆਪਣੇ ਕਿਸਮ ਦਾ ਇਕੋ ਇਕ ਸ਼ਬਦ ਕੋਸ਼ ਹੈ ਜਿਸ ਵਿਚੋਂ ਸਿੱਖ ਮੱਤ ਨਾਲ ਸਬੰਧਤ ਵਿਸਤ੍ਰਿਤ ਜਾਣਕਾਰੀ ਉਪਲਬਧ ਹੁੰਦੀ ਹੈ। ਆਪਣੇ ਖੋਜ ਦੇ ਕਾਰਜ ਵਿਚ, ਇਕ ਸ਼ਬਦ ਕੋਸ਼ ਦੇ ਰੂਪ ਵਿਚ ਅਸੀਂ ਭਾਈ ਸਾਹਿਬ ਦੇ ਇਸ ਮਹਾਨ ਕੋਸ਼ ਦਾ ਭਰਪੂਰ ਲਾਭ ਉਠਾਇਆ ਹੈ।

- - - - - - - - - - - - - - - - - - - - - - - - - - - - - - - -

1- ਨਾਭਾ,ਭਾਈ ਕਾਨ੍ਹ ਸਿੰਘ,<u>ਗੁਰਸ਼ਬਦ ਰਤਨਾਕਰ ਮਹਾਨ ਕੋਸ਼</u>,ਪੰਨਾ ਖ

2- ਓਹੀ, ਪੰਨਾ ੜ

ਸਾਰੇ ਵਿਸਤਾਰ ਤੋਂ ਇਹ ਸਾਰ ਕਢਿਆ ਜਾ ਸਕਦਾ ਹੈ ਕਿ ਉਪਰ ਚਰਚਿਤ ਧਰਮ ਗ੍ਰੰਥ ਅਤੇ ਇਤਿਹਾਸਕ ਲਿਖਤਾਂ ਸਿੱਖ ਪਰੰਪਰਾ ਦੇ ਮਹੱਤਵਪੂਰਣ ਪ੍ਰਾਥਮਿਕ ਸ੍ਰੋਤ ਹਨ ਅਤੇ ਇਹ ਸਾਰੀਆਂ ਸ੍ਰੋਤਾਂ ਦਾ ਚਰਨਾ ਰੂਪ ਕਾਵਿਕ ਹੈ। ਅਸੀਂ ਆਪਣੇ ਖੋਜ-ਪ੍ਰਬੰਧ ਵਿਚ ਇਹਨਾਂ ਨੂੰ ਮੂਲ ਸਾਮਿਗ੍ਰੀ ਦੇ ਰੂਪ ਵਿਚ ਅਧਿਐਨ ਕੀਤਾ ਹੈ। ਉਪਰੋਕਤ ਪ੍ਰਾਥਮਿਕ ਸ੍ਰੋਤਾਂ ਤੋਂ ਇਲਾਵਾ ਕੁਝ ਹੋਰ ਮਹੱਤਵਪੂਰਣ ਸਹਾਇਕ ਸ੍ਰੋਤਾਂ ਨੂੰ ਵੀ ਅਸੀਂ ਆਪਣੇ ਅਧਿਐਨ ਦੇ ਖੇਤਰ ਵਿਚ ਲਿਆਂਦਾ ਹੈ। ਇਹਨਾਂ ਸ੍ਰੋਤਾਂ ਵਿਚ ਜਨਮਸਾਖੀਆਂ, ਰਹਿਤਨਾਮੇ, ਭਾਈ ਨੰਦ ਲਾਲ ਦੀ ਬਾਣੀ, ਗਿਆਨੀ ਗਿਆਨ ਸਿੰਘ ਦਾ ਤਵਾਰੀਖ ਗੁਰੂ ਖਾਲਸਾ ਅਤੇ ਸ਼ਮਸ਼ੇਰ ਖਾਲਸਾ, ਸਰੂਪ ਦਾਸ ਭੱਲਾ ਦਾ ਮਹਿਮਾ ਪ੍ਰਕਾਸ਼, ਭਾਈ ਕਾਨ੍ਹ ਸਿੰਘ ਨਾਭਾ ਦਾ ਗੁਰਮਤ ਸੁਧਾਕਰ ਅਤੇ ਗੁਰਮਤ ਮਾਰਤੰਡ ਆਦਿ ਪ੍ਰਮੁੱਖ ਹਨ।

ਅੰਤ ਵਿਚ, ਉਪਰ ਜਿਹਨਾਂ ਪ੍ਰਾਥਮਿਕ ਸ੍ਰੋਤਾਂ ਦਾ ਜ਼ਿਕਰ ਕੀਤਾ ਗਿਆ ਹੈ ਉਹਨਾਂ ਵਿਚ ਪ੍ਰਾਪਤੀ ਸਾਮਿਗ੍ਰੀ ਬਾਰੇ ਇਕ ਬੁਨਿਆਦੀ ਨੁਕਤੇ ਦਾ ਜ਼ਿਕਰ ਕਰਨਾ ਇਥੇ ਜ਼ਰੂਰੀ ਹੈ। ਇਹਨਾਂ ਸ੍ਰੋਤਾਂ ਵਿਚ ਲੋਕ ਤੇ ਪਰਲੋਕ ਦਾ ਨਿਖੇੜਾ ਨਾ ਕਰਦਿਆਂ ਉਹਨਾਂ ਨੂੰ ਸੰਯੁਕਤ ਰੂਪ ਵਿਚ ਪ੍ਰਸਤੁਤ ਕੀਤਾ ਹੈ। ਸਿਖ ਧਰਮ ਗ੍ਰੰਥਾਂ ਵਿਚ ਲੋਕ ਵਿਚ ਪਰਲੋਕ ਸਿਰਜਨ ਦੀ ਇੱਛਾ ਅਤੇ ਪਰਲੋਕ ਦੇ ਸੰਕਲਪ ਵਿਚ ਲੋਕ ਦੀ ਅਸਲੀਅਤ ਦੀ ਪਛਾਣ ਮੌਜੂਦ ਹੈ। ਜਿਥੋਂ ਤਕ ਇਤਿਹਾਸਕ ਲਿਖਤਾਂ ਦਾ ਪ੍ਰਸ਼ਨ ਹੈ, ਇਹ ਵੀ ਗੁਰੂ ਸਾਹਿਬਾਨ ਦੀ ਦੁਵੱਲੀ ਸਖਸੀਅਤ ਦਾ ਪ੍ਰਗਟਾਵਾ ਕਰਦੀਆਂ ਹਨ ਅਤੇ ਖਾਲਸਾ ਪੰਥ ਨੂੰ ਇਕ ਰਾਜਨੀਤਕ ਇਕਾਈ ਵਜੋਂ ਸਥਾਪਿਤ ਕਰਦੀਆਂ ਹਨ। ਵੈਸੇ ਤਾਂ ਇਤਿਹਾਸਕ ਲਿਖਤਾਂ ਵਿਚ ਸਾਰੇ ਗੁਰੂ ਸਾਹਿਬਾਨ ਬਾਰੇ ਕੁਝ ਨਾ ਕੁਝ ਸਾਮਿਗ੍ਰੀ ਪ੍ਰਾਪਤ ਹੁੰਦੀ ਹੈ ਪਰ ਵਿਸ਼ੇਸ਼ ਤੌਰ ਤੇ ਇਹਨਾਂ ਲਿਖਤਾਂ ਦਾ ਸਬੰਧ ਉਹਨਾਂ ਗੁਰੂਆਂ ਨਾਲ ਹੈ ਜਿਹਨਾਂ ਨੇ ਆਪਣੀ ਰਾਜਸੀ ਸ਼ਖਸੀਅਤ ਦਾ ਪ੍ਰਤੱਖ ਪ੍ਰਗਟਾਵਾ ਕੀਤਾ ਹੈ। ਕੁਝ ਇਤਿਹਾਸਕ ਲਿਖਤਾਂ ਤਾਂ ਨਿਰੋਲ ਰੂਪ ਵਿਚ, ਪ੍ਰਤੱਖ ਰਾਜਸੀ ਵਿਅਕਤਿਤਵ ਦਾ ਪ੍ਰਗਟਾਵਾ ਕਰਨ ਵਾਲੇ ਗੁਰੂਆਂ ਨਾਲ ਸੰਬੰਧਿਤ ਹਨ ਜਿਸਤਰ੍ਹਾਂ 'ਸ੍ਰੀ ਗੁਰੂ ਸੋਭਾ', 'ਗੁਰ ਬਿਲਾਸ ਪਾਤਸ਼ਾਹੀ 6' ਅਤੇ 'ਗੁਰ ਬਿਲਾਸ ਪਾਤਸ਼ਾਹੀ 10'।

ਇਹ ਤੱਥ ਵੀ ਅਵਸ਼ਕ ਰੂਪ ਵਿਚ ਸਪਸ਼ਟ ਕਰਨ ਦੀ ਲੋੜ ਹੈ ਕਿ ਉਪਰ ਜਿਹਨਾਂ ਪ੍ਰਾਥਮਿਕ ਸ੍ਰੋਤਾਂ ਦਾ ਜ਼ਿਕਰ ਕੀਤਾ ਗਿਆ ਹੈ ਉਹਨਾਂ ਵਿਚਲੀ ਸਾਮਿਗ੍ਰੀ ਦਾ ਵਿਸ਼ਾ-ਵਸਤੂ ਵਿਸਤ੍ਰਿਤ ਹੈ। ਅਸੀਂ ਇਹਨਾਂ ਪ੍ਰਾਥਮਿਕ ਸ੍ਰੋਤਾਂ ਤੋਂ ਪ੍ਰਾਪਤ ਮੂਲ ਸਾਮਿਗ੍ਰੀ ਨੂੰ ਇਕ ਵਿਸ਼ੇਸ਼ ਦ੍ਰਿਸ਼ਟੀ ਬਿੰਦੂ ਤੋਂ ਘੋਖਿਆ ਅਤੇ ਪਰਖਿਆ ਹੈ ਅਤੇ ਅਪਣੇ ਦ੍ਰਿਸ਼ਟੀਕੋਣ ਮੁਤਾਬਕ, ਸਾਮਿਗ੍ਰੀ ਦੀ ਚੋਣ ਕਰਕੇ ਅਪਣੇ ਅਧਿਐਨ ਨੂੰ ਸੀਮਤ ਕੀਤਾ ਹੈ। ਇਕ ਹੋਰ ਹਕੀਕਤ ਵੀ ਇਥੇ ਬਿਆਨ ਕਰਨੀ ਉਚਿਤ ਹੈ ਕਿ ਧਰਮ ਗ੍ਰੰਥਾਂ ਵਿਚੋਂ ਪ੍ਰਾਪਤ ਸਾਮਿਗ੍ਰੀ ਦਾ ਮੂਲ ਰੂਪ ਧਾਰਮਿਕ ਹੈ ਅਤੇ ਇਤਿਹਾਸਕ ਲਿਖਤਾਂ ਵਿਚਲੀ ਸਾਮਿਗ੍ਰੀ ਦਾ ਮੂਲ ਰੂਪ ਇਤਿਹਾਸਕ ਹੈ। ਰਾਜ ਦੇ ਸੰਕਲਪ ਪ੍ਰਤੀ ਇਹਨਾਂ ਪ੍ਰਾਥਮਿਕ ਸ੍ਰੋਤਾਂ ਵਿਚੋਂ ਸਿੱਧੇ ਰੂਪ ਵਿਚ ਪ੍ਰਾਪਤ ਸਾਮਿਗ੍ਰੀ ਨਾਕਾਫੀ ਹੈ। ਇਸ ਲਈ ਰਾਜ ਦੇ ਅਧਿਐਨ ਲਈ ਅਤੇ ਰਾਜ ਦੇ ਸੰਕਲਪ ਦੀ ਉਸਾਰੀ ਲਈ ਇਹਨਾਂ ਸ੍ਰੋਤਾਂ ਵਿਚੋਂ ਪ੍ਰਾਪਤ ਅਪ੍ਰਤੱਖ ਸਾਮਿਗ੍ਰੀ ਕਾਫੀ ਹੱਦ ਤੱਕ ਸਹਾਇਕ ਸਿੱਧ ਹੁੰਦੀ ਹੈ।

## ਅਧਿਆਇ ਦੂਜਾ

## ਰਾਜ ਦਾ ਸੰਕਲਪ - ਰਾਜਨੀਤਕ ਵਿਚਾਰਧਾਰਾ

ਰਾਜ ਮਾਨਵੀ ਸਮਾਜ ਦੀ ਸਭ ਤੋਂ ਮਹੱਤਵਪੂਰਣ ਸੰਸਥਾ ਹੈ ਅਤੇ ਪ੍ਰਾਚੀਨ ਕਾਲ ਤੋਂ ਲੈ ਕੇ ਹੁਣ ਤਕ ਰਾਜਨੀਤੀ ਸ਼ਾਸਤਰ ਦਾ ਕੇਂਦਰੀ ਵਿਸ਼ਾ ਬਣਿਆ ਰਿਹਾ ਹੈ। ਰਾਜ ਦੇ ਹੋਂਦ ਵਿਚ ਆਉਣ ਨਾਲ ਹੀ ਰਾਜ ਦੇ ਸੰਕਲਪ ਦੀ ਵਿਆਖਿਆ ਇਕ ਅਹਿਮ ਸਮੱਸਿਆ ਦੇ ਰੂਪ ਵਿਚ ਉਘੜ ਕੇ ਸਾਹਮਣੇ ਆ ਗਈ। ਵਖ ਵਖ ਰਾਜਨੀਤਕ ਚਿੰਤਕਾਂ, ਦਾਰਸ਼ਨਿਕਾਂ ਅਤੇ ਧਾਰਮਿਕ ਅਦਾਰਿਆਂ ਦਾ ਧਿਆਨ ਸ਼ੁਰੂ ਤੋਂ ਹੀ ਇਸ ਵਿਸ਼ੇ ਵਲ ਆਕਰਸ਼ਿਤ ਹੁੰਦਾ ਰਿਹਾ ਹੈ। ਸਿੱਟੇ ਵਜੋਂ ਰਾਜ ਦੇ ਸੰਕਲਪ ਦੀਆਂ ਅਨਗਿਣਤ ਵਿਆਖਿਆਵਾਂ ਅਤੇ ਰਾਜ ਦੀਆਂ ਪਰਿਭਾਸ਼ਾਵਾਂ ਹੋਂਦ ਵਿਚ ਆ ਗਈਆਂ। ਇਹਨਾਂ ਵਿਆਖਿਆਵਾਂ ਅਤੇ ਪਰਿਭਾਸ਼ਾਵਾਂ ਦੇ ਅੰਤਰਗਤ 'ਰਾਜ ਦੀ ਉਤਪਤੀ', 'ਰਾਜ ਦੀ ਪ੍ਰਕ੍ਰਿਤੀ' ; ' ਰਾਜ ਦੇ ਪ੍ਰਕਾਰਜ' ਅਤੇ ਰਾਜ ਦੇ ਧਰਮ ਤੇ ਅਜਿਹੀਆਂ ਹੋਰ ਸੰਸਥਾਵਾਂ ਨਾਲ ਸੰਬੰਧਾਂ ਉਪਰ ਕਾਫੀ ਰੌਸ਼ਨੀ ਪਾਈ ਗਈ ਹੈ। ਸਮੇਂ ਸਮੇਂ ਪੇਸ਼ ਹੁੰਦੀਆਂ ਰਹੀਆਂ ਇਹਨਾਂ ਵਿਆਖਿਆਵਾਂ ਵਿਚਕਾਰ ਕੁਝ ਬੁਨਿਆਦੀ ਸਮਾਨਤਾਵਾਂ ਅਤੇ ਵਿਰੋਧ ਹਨ ਜਿਹਨਾਂ ਨੂੰ ਸਹਿਜੇ ਹੀ ਪਛਾਣਿਆ ਜਾ ਸਕਦਾ ਹੈ। ਅਸਲ ਵਿਚ, ਇਕ ਆਦਰਸ਼ ਅਤੇ ਚੰਗਾ ਰਾਜ ਕਿਹੋ ਜਿਹਾ ਹੋਣਾ ਚਾਹੀਦਾ ਹੈ? - ਇਸ ਬਾਰੇ ਬਹਿਸ ਵਖ ਵਖ ਦ੍ਰਿਸ਼ਟੀਬਿੰਦੂਆਂ ( Ventage Points ) ਤੋਂ ਹੋਈ ਹੋਣ ਕਾਰਣ ਸਾਰੀਆਂ ਵਿਚਾਰਧਾਰਾਵਾਂ ਕਿਸੇ ਇਕ ਅੰਤਮ ਨਿਰਣੇ ਤੇ ਨਹੀਂ ਪੁਜ ਸਕੀਆਂ। ਪਰ ਫਿਰ ਵੀ ਇਸ ਬਹਿਸ ਦੀ ਆਪਣੀ ਇਕ ਵਿਸ਼ੇਸ਼ ਸਾਰਥਕਤਾ ਹੈ ਅਤੇ ਸਮੁੱਚੇ ਤੌਰ ਤੇ ਇਸ ਬਹਿਸ ਨੇ ਰਾਜ ਸੰਬੰਧੀ ਕੁਝ ਵਰਣਨਯੋਗ ਧਾਰਣਾਵਾਂ ਨੂੰ ਜਨਮ ਦਿੱਤਾ ਹੈ।

ਰਾਜਨੀਤਿਕ ਚਿੰਤਨ ਦੀ ਪਰੰਪਰਾ ਵਿਚ ਰਾਜ ਦਾ ਸੰਕਲਪ:

ਰਾਜਨੀਤਕ ਚਿੰਤਨ ਦੀ ਸ਼ੁਰੂਆਦਿ ਯੂਨਾਨੀ ਦਰਸ਼ਨ ਨਾਲ ਹੁੰਦੀ ਹੈ। ਪਲੈਟੋ ਤੇ ਅਰਸਤੂ ਯੂਨਾਨੀ ਦਰਸ਼ਨ ਦੇ ਪ੍ਰਤੀਕ ਹਨ ਅਤੇ ਉਹਨਾਂ ਦੁਆਰਾ ਪ੍ਰਤੀਪਾਦਿਤ ਰਾਜ ਦੇ ਸੰਕਲਪ ਦੀ ਛਾਪ ਅੱਜ ਤੱਕ ਦੇ ਰਾਜਨੀਤਕ ਚਿੰਤਨ ਉਤੇ ਸਪਸ਼ਟ ਨਜ਼ਰ ਆਉਂਦੀ ਹੈ। ਸਮੁੱਚੇ ਰੂਪ ਵਿਚ ਯੂਨਾਨੀ ਵਿਚਾਰਧਾਰਾ ਰਾਜ ਨੂੰ ਇਕ ਸੁਭਾਵਕ, ਅਨਿਵਾਰਯ ਅਤੇ ਨੈਤਿਕ ਸੰਸਥਾ ਮੰਨਦੀ ਹੈ। ਜਿਸ ਤਰ੍ਹਾਂ ਮਨੁੱਖ ਲਈ ਪਰਿਵਾਰ ਸੁਭਾਵਿਕ ਹੈ, ਉਸੇ ਪ੍ਰਕਾਰ ਉਸ ਲਈ ਰਾਜ ਵੀ ਸੁਭਾਵਕ ਹੈ।

ਪਲੈਟੋ (427-347 ਈ. ਪੂ.) ਅਨੁਸਾਰ ਰਾਜ ਨਾਗਰਿਕਾਂ ਦੇ ਨੈਤਿਕ ਵਿਕਾਸ ਲਈ ਪਰਮ ਆਵਸ਼ਕ ਪ੍ਰਕ੍ਰਿਤਿਕ ਸੰਸਥਾ ਹੈ। ਰਾਜ ਵਿਚ ਰਹਿ ਕੇ ਹੀ ਵਿਅਕਤੀ ਆਪਣੇ ਵਿਅਕਤਿੱਤਵ ਦੇ ਮੁੱਢਲੇ ਗੁਣਾਂ ਦਾ ਪੂਰਣ ਵਿਕਾਸ ਕਰ ਸਕਦਾ ਹੈ। ਪਲੈਟੋ ਨੇ ਐਸੇ ਰਾਜ ਦਾ ਸੰਕਲਪ ਪ੍ਰਸਤੁਤ ਕੀਤਾ ਹੈ ਜਿਸਦੀ ਵਾਗਡੋਰ ਇਕ ਐਸੇ ਗਿਆਨਵਾਨ ਅਤੇ ਦਾਰਸ਼ਨਿਕ ਰਾਜੇ ਦੇ ਹਥ ਵਿਚ ਹੈ ਜਿਹੜਾ ਆਪਣੇ ਵਿਵੇਕ ਨਾਲ ਮਨੁੱਖ ਦੀਆਂ ਪਰਸਪਰ ਵਿਰੋਧੀ ਰੁਚੀਆਂ ਤੇ ਸ਼ਕਤੀਆਂ ਨੂੰ ਇਕੱਠਾ ਕਰਕੇ ਇਕਸੁਰਤਾ ਵਿਚ ਬੰਨ੍ਹ ਸਕਦਾ ਹੈ। ਰਾਜ ਉਤੇ ਚੰਗਾ ਸ਼ਾਸਨ ਉਹੋ ਕਰ ਸਕਦੇ ਹਨ ਜਿਹੜੇ ਰਾਜ ਦੇ ਹਿਤ ਨੂੰ ਪ੍ਰਾਥਮਿਕਤਾ ਦੇਂਦੇ ਹਨ ਅਤੇ ਰਾਜ ਦੇ ਕਲਿਆਣ ਵਿਚ ਆਪਣਾ ਕਲਿਆਣ ਤੇ ਰਾਜ ਦੇ ਬੁਰੇ ਵਿਚ ਆਪਣਾ ਬੁਰਾ ਸਮਝਦੇ ਹਨ।[1]

ਰਾਜ ਦੀ ਜੀਵਤ ਪ੍ਰਾਣੀ ਨਾਲ ਤੁਲਨਾ ਦੇਂਦਿਆਂ, ਪਲੈਟੋ ਨੇ ਵਿਅਕਤੀ ਅਤੇ ਰਾਜ ਦੇ ਸਮਾਨ ਗੁਣਾਂ ਦਾ ਵਰਣਨ ਕੀਤਾ ਹੈ। ਉਸ ਅਨੁਸਾਰ ਜਿਸ ਤਰ੍ਹਾਂ ਵਿਅਕਤੀ ਵਿਚ ਬੁਧੀ (reason )ਸਾਹਸ (spirit ) ਅਤੇ ਭੁਖ (appetite ) ਪ੍ਰਮੁੱਖ ਤਿੰਨ ਗੁਣ ਹਨ ਉਸੇ ਤਰ੍ਹਾਂ ਰਾਜ ਵਿਚ 'ਸ਼ਾਸਕ', 'ਯੋਧਾ' ਅਤੇ 'ਵਪਾਰੀ ਤੇ ਕਿਸਾਨ' ਤਿੰਨ ਵਰਗ

1- Barkar, Ernest, Greek Political Theory, P-195

[1] ਹਨ। ਜਿਸ ਤਰ੍ਹਾਂ ਸ੍ਰੇਸ਼ਟ ਵਿਅਕਤੀ ਉਹ ਹੈ ਜਿਸ ਪਾਸ ਬੁਧੀ ਦਾ ਗੁਣ ਅਧਿਕ ਹੈ ਉਸੇ ਤਰ੍ਹਾਂ ਆਦਰਸ਼ ਰਾਜ ਉਹ ਹੈ ਜਿਸ ਵਿਚ ਵਿਵੇਕਸ਼ੀਲ ਲੋਕੀਂ ਸ਼ਾਸਨ ਕਰਦੇ ਹਨ ਅਤੇ ਬਾਕੀ ਦੋਵੇਂ ਵਰਗ ਆਪਣੇ ਆਪਣੇ ਖੇਤਰ ਦੇ ਕਾਰਜਾਂ ਵਿਚ ਰੁੱਝੇ ਹੋਏ ਹਨ। ਪਲੈਟੋ ਆਦਰਸ਼ ਰਾਜ ਵਿਚ ਇਕ ਦਾਰਸ਼ਨਿਕ ਰਾਜੇ (Philosopher King ) ਦਾ ਸੰਕਲਪ ਕਰਦਾ ਹੈ।

ਪਲੈਟੋ ਦਾ ਆਦਰਸ਼ ਰਾਜ ਨਿਆਂ ਦੇ ਸੰਕਲਪ ਨਾਲ ਜੁੜਿਆ ਹੋਇਆ ਹੈ। ਨਿਆਂ ਦਾ ਬੰਧਨ ਅਸਲ ਵਿਚ ਸਮਾਜ ਨੂੰ ਇਕਠਿਆਂ ਰਖਦਾ ਹੈ ਅਤੇ ਨਿਆਂ ਹੀ ਵਿਅਕਤੀਆਂ ਦੇ ਇਕ ਐਸੇ ਸੰਘ ਦਾ ਨਿਰਮਾਣ ਕਰਦਾ ਹੈ ਜਿਸ ਵਿਚ ਹਰ ਵਿਅਕਤੀ ਨੂੰ ਉਸਦੀ ਯੋਗਤਾ ਅਤੇ ਸਿਖਲਾਈ ਮੁਤਾਬਕ ਕੰਮ ਪ੍ਰਾਪਤ ਹੁੰਦਾ ਹੈ।[2] ਪਲੈਟੋ ਲਈ ਨਿਆਂ ਦਾ ਸੰਕਲਪ ਇਕ ਆਤਮਾ ਦਾ ਗੁਣ ਹੈ ਜਿਹੜਾ ਮਨੁੱਖ ਨੂੰ ਸਵਾਰਥ ਸਿੱਧੀ ਤੋਂ ਮੋੜ ਕੇ ਆਮ ਭਲਾਈ ਨਾਲ ਜੋੜਦਾ ਹੈ। ਇਹ ਨਿਆਂ ਦਾ ਸੰਕਲਪ ਐਸੇ ਰਾਜ ਦੀ ਸਿਰਜਨਾ ਕਰਦਾ ਹੈ ਜਿਸ ਵਿਚ ਰਾਜ ਕਰਨ ਵਾਲਾ ਸਵਾਰਥ ਪੂਰਤੀ ਦੀ ਥਾਂ ਤੇ ਆਮ ਹਿਤ ਲਈ ਕਾਰਜਸ਼ੀਲ ਹੁੰਦਾ ਹੈ। ਅਵਲ ਤਾਂ ਰਾਜੇ ਦਾ ਆਪਣਾ ਕੋਈ ਅਲਗ ਵਿਅਕਤੀਗਤ ਮੰਤਵ ਨਹੀਂ ਹੁੰਦਾ ਪਰ ਜੇ ਹੋਵੇ ਵੀ ਤਾਂ ਉਹ ਉਸ ਨੂੰ ਰਾਜ ਦੇ ਵਿਆਪਕ ਹਿਤ ਲਈ ਕੁਰਬਾਨ ਕਰ ਦੇਂਦਾ ਹੈ।[3]

- - - - - - - - - - - - - - - - - - - - - - - - - - - - - -

1- Barker, Ernest, Greek Political Theory, P-189

2- "The Theory of the State in the 'Republic' culminates in the conception of justice. Justice is the bond which holds a society together, a harmonious union of individuals each of whom has found his life work in accordance with his natural fitness and his training."

- Sabine, George. H, A History of Political Theory, P-64

3- Barker, Ernest, Greek Political Theory, P-171

ਪਲੈਟੋ ਸਾਰੀਆਂ ਸ਼ਕਤੀਆਂ ਦਾ ਸ੍ਰੋਤ ਰਬ ਨੂੰ ਮੰਨਦਾ ਹੈ। ਉਸ ਅਨੁਸਾਰ ਦੁਨੀਆਂ ਦੀ ਸਾਰੀ ਕਾਰ ਵਿਹਾਰ ਉਸਦੇ ਹੁਕਮ ਅੰਦਰ ਹੈ। ਸਾਰੀ ਦੁਨੀਆਂ ਰਬ ਦੁਆਰਾ ਘੜੀ ਇਕ ਯੋਜਨਾ ਅਧੀਨ ਕਾਰਜਸ਼ੀਲ ਹੈ। ਹਰ ਮਨੁੱਖ ਦੀ, ਰੱਬੀ ਹੁਕਮ ਨਾਲ ਨਿਸਚਿਤ, ਆਪਣੀ ਥਾਂ ਹੈ ਅਤੇ ਉਸਦੀ ਆਪਣੀ ਭੂਮਿਕਾ ਹੈ, ਜਿਹੜੀ ਉਸ ਨੇ ਰਬੀ ਯੋਜਨਾ ਵਿਚ ਨਿਭਾਣੀ ਹੈ। ਰਬ ਸਭ ਕੁਝ ਦੇਖਦਾ ਹੈ ਅਤੇ ਹਰ ਇਕ ਨੂੰ ਉਸ ਦੀ ਭੂਮਿਕਾ ਅਨੁਸਾਰ ਪੁਰਸਕ੍ਰਿਤ ਕਰਦਾ ਹੈ। ਰਬ ਦੀ ਦ੍ਰਿਸ਼ਟੀ ਤੋਂ ਕੋਈ ਬਚ ਨਹੀਂ ਸਕਦਾ ਨਾ ਹੀ ਕੋਈ ਉਸਦੇ ਨਿਆਂ ਤੋਂ ਬਚ ਸਕਦਾ ਹੈ। ਰਬੀ ਇੱਛਾ ਅਨੁਸਾਰ ਆਪਣੇ ਨਿਸਚਿਤ ਥਾਂ ਤੇ ਕਾਰਜਸ਼ੀਲ ਹੋ ਕੇ ਮਨੁਖ ਸੁਖ ਦੀ ਪ੍ਰਾਪਤੀ ਕਰਦਾ ਹੈ ਅਤੇ ਉਸਦੀ ਇੱਛਾ ਦੀ ਅਵਹੇਲਨਾ ਕਰਨ ਵਾਲਾ ਦੁਖੀ ਹੁੰਦਾ ਹੈ।[1] ਪਲੈਟੋ ਅਨੁਸਾਰ ਇਕ ਸੱਚਾ ਰਾਜ ਵੀ ਉਹੋ ਹੈ ਜਿਹੜਾ ਰਬ ਦੇ ਧਰਮੀ ਵਿਸ਼ਵਾਸ ਦੀਆਂ

- - - - - - - - - - - - - - - - - - - - - - - - - - - - - - -

1- "He governs all things, great and small. The world is a single scheme, contrived by its mover and ruler so that all works together unto good; each of us has his place, which the King himself has assigned, and each has his part to play in the scheme of the whole: He watches over all and rewards each player according to his part. Nothing escapes His watchfulness: no man can escape His justice: to serve His will in our appointed place is to find happiness, and to desert our place in rebellion against His will is to find misery at the latter end."

- Barker, Ernest, Greek Political Theory, P-425.

ਨੀਹਾਂ ਤੇ ਟਿਕਿਆ ਹੋਇਆ ਹੈ। ਰਬ ਤੋਂ ਮੁਨਕਰ ਰਾਜ ਇਕ ਉਪਦ੍ਰਵ ਦਾ ਰੂਪ ਧਾਰ ਲੈਂਦਾ ਹੈ।[1] ਸੰਸਾਰ ਦੀ ਸਾਰੀ ਕਾਰ ਵਿਹਾਰ ਤੇ ਰਬ ਦੀ ਸਰਵੋਚਤਾ ਸਥਾਪਿਤ ਕਰਦਿਆਂ ਪਲੈਟੋ ਰਾਜ ਨੂੰ ਮਨੁੱਖ ਦੇ ਵਿਅਕਤਿਤਵ ਦੇ ਪੂਰਣ ਵਿਕਾਸ ਲਈ ਇਕ ਅਨਿਵਾਰਯ ਸੁਭਾਵਕ ਸੰਸਥਾ ਮੰਨਦਾ ਹੈ। ਉਸ ਦਾ ਸਿਧਾਂਤ ਰਾਜ ਸੰਬੰਧੀ ਤੱਥਾਂ ਦਾ ਗਿਆਨ ਮਾਤਰ ਨਹੀਂ, ਸਗੋਂ ਇਕ ਇਕਾਗਰ ਵਿਚਾਰ-ਪ੍ਰਬੰਧ ਹੈ। ਪਲੈਟੋ ਦਾ ਸਰੋਕਾਰ 'ਉਤਮ-ਰਾਜ' ਨਾਲ ਨਾ ਹੋ ਕੇ, ਇਕ 'ਆਦਰਸ਼ ਰਾਜ' ਨਾਲ ਸੀ। ਪਲੈਟੋ ਦੇ ਸਿਧਾਂਤ ਨਾਲ ਸਬੰਧਿਤ ਇਹ ਇਕ ਵਰਣਨਯੋਗ ਨੁਕਤਾ ਹੈ, ਕਿ ਇਸ ਵਿਚ 'ਵਿਹਾਰਕ' ਤੇ 'ਆਦਰਸ਼ਕ ਸੱਚ' ਵਿਚਾਲੇ ਨਿਖੇੜਾ ਸਥਾਪਿਤ ਕੀਤਾ ਗਿਆ ਹੈ।[2] ਇਸ ਤਰ੍ਹਾਂ ਸਪਸ਼ਟ ਹੈ ਕਿ ਪਲੈਟੋ ਆਪਣੇ ਇਸ ਸਿਧਾਂਤ-ਚਿੰਤਨ ਰਾਹੀਂ ਇਕ 'ਆਦਰਸ਼ ਰਾਜ' ਦਾ ਸੰਕਲਪ ਸਿਰਜਣ ਵਲ ਰੁਚਿਤ ਹੈ। ਇਹ ਇਕ ਸ਼ਕਤੀਸ਼ਾਲੀ ਸੰਕਲਪ ਹੈ, ਜਿਸ ਨੇ ਮਗਰੋਂ ਹੋਏ ਰਾਜਨੀਤਿਕ ਚਿੰਤਨ ਨੂੰ ਕਾਫੀ ਪ੍ਰਭਾਵਿਤ ਕੀਤਾ ਹੈ।

ਅਰਸਤੂ (384-322 ਈ.ਪੂ.) ਵੀ ਰਾਜ ਨੂੰ ਪ੍ਰਕ੍ਰਿਤਿਕ ਸੰਸਥਾ ਮੰਨਦਾ ਹੈ।[3] ਉਸ ਅਨੁਸਾਰ ਮਨੁੱਖ ਸੁਭਾਵਿਕ ਤੌਰ ਤੇ ਰਾਜਨੀਤਕ ਜੀਵ ਹੈ ਅਤੇ ਰਾਜ ਤੋਂ ਬਾਹਰ ਰਹਿਣ

- - - - - - - - - - - - - - - - - - - - - - - - - - - - -

1- "A true state, Plato believes, can only exist on the foundation of such religious belief and through the acceptance of such articles of religion. Apart from such a belief, and if agnostic principles are allowed free play, the State becomes a chaos."
-Barker, Ernest, Greek Political Theory, P-426

2- Cassirer, Ernst, The Myth of the State, P-69

3- Mulgan, R.G. Aristotle's Political Theory, P-18

ਵਾਲਾ ਮਨੁੱਖ ਜਾਂ ਤਾਂ ਮਾੜਾ ਮਨੁੱਖ ਹੈ ਜਾਂ ਫਿਰ ਮਨੁੱਖਤਾ ਤੋਂ ਉਚਾ ਹੈ।[1] ਰਾਜ ਅਸਲ ਵਿਚ ਵਿਅਕਤੀ ਅਤੇ ਪਰਿਵਾਰ ਤੋਂ ਵੀ ਪਹਿਲਾਂ ਦੀ ਸੁਭਾਵਿਕ ਸੰਸਥਾ ਹੈ ਕਿਉਂਕਿ ਰਾਜ ਇਕ ਸੰਪੂਰਣ ਸੰਸਥਾ ਹੈ ਅਤੇ ਵਿਅਕਤੀ ਤੇ ਪਰਿਵਾਰ ਉਸ ਦੇ ਅੰਗ ਹਨ। ਅਰਸਤੂ ਅਨੁਸਾਰ 'ਸੰਪੂਰਣ' ਦਾ 'ਅੰਸ' ਤੋਂ ਪਹਿਲਾਂ ਹੋਣਾ ਆਵਸ਼ਕ ਹੈ।[2]

ਅਰਸਤੂ ਨਿਆਂ ਨੂੰ ਰਾਜ ਇਕ ਧੁਰਾ ਮੰਨਦਾ ਹੈ। ਉਸ ਦੇ ਵਿਚਾਰ ਵਿਚ ਇਕ ਸੰਪੂਰਣ ਮਨੁੱਖ ਸਾਰੇ ਜੀਵਾਂ ਵਿਚ ਸ੍ਰੇਸ਼ਟ ਹੈ ਪਰ ਜੇ ਮਨੁਖ ਦੇ ਪਾਸ ਨਿਆਂ ਦਾ ਗੁਣ ਨਾ ਹੋਵੇ, ਤਾਂ ਉਹ ਸਭ ਤੋਂ ਨਖਿੱਧ ਜੀਵ ਸਾਬਤ ਹੁੰਦਾ ਹੈ। ਕਿਉਂਕਿ ਹਥਿਆਰਬੰਦ ਅੰਨਿਆਂ ਬਹੁਤਾ ਖਤਰਨਾਕ ਹੈ ਇਸ ਲਈ ਬੁਧੀ ਵਾਲਾ ਮਨੁੱਖ ਨਿਆਂ ਤੋਂ ਸਖਣਾ ਹੋ ਕੇ ਹਦੋਂ ਵੱਧ ਅਪਵਿੱਤ੍ਰ ਅਤੇ ਆਚਾਰਹੀਨ ਹੋ ਜਾਂਦਾ ਹੈ। ਰਾਜ ਵਿਚ ਨਿਆਂ ਮਨੁੱਖਾਂ ਵਿਚ ਆਪਸੀ ਰਿਸ਼ਤਾ ਨਿਰਧਾਰਤ ਕਰਦਾ ਹੈ ਅਤੇ ਨਿਆਂ ਦਾ ਪ੍ਰਸ਼ਾਸਨ ਹੀ ਰਾਜਨੀਤਕ ਸਮਾਜ ਨੂੰ ਵਿਵਸਥਤ

---

1- "Hence it is evident that the state is a creation of nature, and that man is by nature a political animal. And he who by nature and not by mere accident is without a state, is either a bad man or above humanity".
- Aristotle, Politics , P-54

2 "The state is by nature clearly prior to the family and to the individual, since the whole is of necessity prior to the part."
- Aristotle, Politics , P-55

ਕਰਨ ਦਾ ਸਿਧਾਂਤ ਹੈ।[1]"

ਮਨੁੱਖ ਦੀ ਸਮਾਜਿਕ ਪ੍ਰਵਿਰਤੀ ਨੇ ਜਿਸ ਤਰ੍ਹਾਂ ਉਸ ਨੂੰ ਪਰਿਵਾਰ ਵਿਚ ਰਹਿਣ ਲਈ ਪ੍ਰੇਰਿਤ ਕੀਤਾ ਹੈ ਉਸੇ ਤਰ੍ਹਾਂ ਰਾਜ ਵਿਚ ਰਹਿਣਾ ਵੀ ਉਸ ਦੀ ਸੁਭਾਵਕ ਪ੍ਰਵਿਰਤੀ ਹੈ। ਅਰਸਤੂ ਰਾਜ ਨੂੰ ਪਰਿਵਾਰ ਅਤੇ ਪਿੰਡਾਂ ਦਾ ਵਿਕਸਿਤ ਰੂਪ ਮੰਨਦਾ ਹੈ। ਉਸ ਅਨੁਸਾਰ ਰਾਜ ਪਰਿਵਾਰਾਂ ਅਤੇ ਪਿੰਡਾਂ ਦਾ ਸੰਘ ਹੈ ਜਿਸਦਾ ਉਦੇਸ਼ ਪੂਰਣ ਤੇ ਸੰਪੰਨ ਜੀਵਨ ਅਰਥਾਤ ਸੁਖੀ ਤੇ ਪ੍ਰਤਿਸ਼ਠਿਤ ਜੀਵਨ ਦੀ ਪ੍ਰਾਪਤੀ ਹੈ।[2] ਜਦੋਂ ਬਹੁਤ ਸਾਰੇ ਪਿੰਡ ਸੰਪੰਨ ਜੀਵਨ ਲਈ ਇਕ ਪੂਰੇ ਸਮੁਦਾਇ ਦੇ ਰੂਪ ਵਿਚ ਸੰਗਠਿਤ ਹੁੰਦੇ ਹਨ, ਰਾਜ ਹੋਂਦ ਵਿਚ ਆ ਜਾਂਦਾ ਹੈ ਅਤੇ

- - - - - - - - - - - - - - - - - - - - - - - - - - - - - - - -

1- "For man, when perfected, is the best of animals, but, when separated from law and justice, he is the worst of all; since armed injustice is the more dangerous, and he is equipped at birth with arms, meant to be used by intelligence and virtue, which he may use for the worst ends. Wherefore, if he have not virtue, he is the most unholy and the most savage of animals, and the most full of lust and gluttony. But justice is the bond of men in states, for the administration of justice, which is the determination of what is just, is the principle of order in political society."

- Aristotle, politics , P-55

2- "The State is the union of families and villages in a perfect and self sufficing life, by which we mean happy and honourable life."

- Aristotle, Politics, P-144

ਅਤੇ ਚੰਗੇ ਜੀਵਨ ਲਈ ਉਸਦੀ ਹੋਂਦ ਲਗਾਤਾਰ ਕਾਇਮ ਰਹਿੰਦੀ ਹੈ।[1] ਅਸਲ ਵਿਚ ਰਾਜ ਦੀ ਕਾਇਮੀ ਮਨੁੱਖ ਦੇ ਜੀਵਨ ਨੂੰ ਸੁਖੀ ਬਣਾਉਣ ਲਈ ਹੋਈ ਹੈ।[2] ਮਨੁੱਖ ਦੀਆਂ ਸਾਰੀਆਂ ਭੌਤਿਕ ਸਮਾਜਿਕ ਅਤੇ ਮਾਨਵੀ ਆਵਸ਼ਕਤਾਵਾਂ ਦੀ ਪੂਰਤੀ ਰਾਜ ਵਿਚੋਂ ਹੁੰਦੀ ਹੈ।

ਰੋਮਨ ਵਿਚਾਰਕ ਸਿਸੇਰੋ (106-45 ਈ.ਪੂ.) ਰਾਜ ਨਾਲ ਸੰਬੰਧਤ ਤਿੰਨ ਵਿਸ਼ੇਸ਼ ਤਥਾਂ ਦਾ ਜ਼ਿਕਰ ਕਰਦਾ ਹੈ - ਪ੍ਰਾਕ੍ਰਿਤਿਕ ਕਾਨੂੰਨ ਤੇ ਪ੍ਰਾਕ੍ਰਿਤਿਕ ਸਮਤਾ ਵਿਚ ਵਿਸ਼ਵਾਸ ਅਤੇ ਇਹ ਮਾਨਤਾ ਕਿ ਰਾਜ ਇਕ ਸੁਭਾਵਕ ਸੰਸਥਾ ਹੈ। ਸਿਸੇਰੋ ਅਨੁਸਾਰ ਮਨੁੱਖ ਦੁਆਰਾ ਬਣਾਏ ਗਏ ਸਾਰੇ ਕਾਨੂੰਨਾਂ ਦੇ ਪਿਛੋਕੜ ਵਿਚ ਇਕ ਸਰਵੋਚ ਪ੍ਰਾਕ੍ਰਿਤਿਕ ਕਾਨੂੰਨ ਵਿਦਮਾਨ

---

1- "When several villages are united in a single complete community, large enough to be nearly or quite self-sufficing, the state comes into existence, originating in the bare needs of life, and continuing in existence for the sake of a good life."
-Aristotle, Politics, P-53-54

2- "a state exists for the sake of a good life, and not for the sake of life only ; if life only were the object, slaves and brute animals might form a state, but they cannot, for they have no share in happiness or in a life of free choice."
-Aristotle, Politics, P-142.

ਹੈ। ਪ੍ਰਾਕ੍ਰਿਤਿਕ ਸਮਤਾ ਬਾਰੇ ਉਸਦਾ ਵਿਚਾਰ ਹੈ ਕਿ ਮਨੁੱਖਾਂ ਵਿਚਕਾਰ ਪਰਸਪਰ ਭੇਦ ਘਟ ਹੈ ਅਤੇ ਸਮਾਨਤਾ ਅਧਿਕ, ਅਤੇ ਸਾਰੇ ਮਨੁੱਖਾਂ ਨੂੰ ਪ੍ਰਕ੍ਰਿਤੀ ਨੇ ਵਿਵੇਕ ਸ਼ੀਲ ਬਣਾਇਆ ਹੈ ਇਸ ਲਈ ਉਹਨਾਂ ਦੇ ਪ੍ਰਕਾਰ ਵਿਚ ਭੇਦ ਨਹੀਂ ਹੁੰਦਾ ਭਾਵੇਂ ਵਿਵੇਕ ਦੀ ਮਾਤ੍ਰਾ ਘਟ-ਵਧ ਹੋ ਸਕਦੀ ਹੈ। ਰਾਜ ਨੂੰ ਸਿਸੇਰੋ ਸੁਭਾਵਿਕ ਸੰਸਥਾ ਮੰਨਦਾ ਹੈ ਅਤੇ ਉਸਦਾ ਵਿਸ਼ਵਾਸ਼ ਹੈ ਪ੍ਰਾਕ੍ਰਿਤਿਕ ਕਾਨੂੰਨਾਂ ਅਤੇ ਪ੍ਰਾਕ੍ਰਿਤਿਕ ਸਮਤਾ ਵਾਲਾ ਰਾਜ, ਮਨੁੱਖ ਦੀ ਮੂਲ ਸਮਾਜਕ ਪ੍ਰਵਿਰਤੀ ਦੀ ਸੁਭਾਵਿਕ ਉਪਜ ਹੈ।[1] ਮਨੁੱਖ ਲਈ ਰਾਜ ਪ੍ਰਤੀ ਕਾਰਜਸ਼ੀਲ ਹੋਣਾ ਹੀ ਉਸ ਦੇ ਜੀਵਨ ਦਾ ਮੁਖ ਉਦੇਸ਼ ਹੈ ਅਤੇ ਇਸ ਕਾਰਜਸ਼ੀਲਤਾ ਨਾਲ ਹੀ ਮਨੁੱਖੀ ਗੁਣਾਂ ਦਾ ਦੈਵੀ ਪੱਧਰ ਤਕ ਵਿਕਾਸ ਹੁੰਦਾ ਹੈ। ਰਾਜ ਦੇ ਸੰਕਲਪ ਨੂੰ ਸਪਸ਼ਟ ਕਰਦਿਆਂ ਸਿਸੇਰੋ ਦਸਦਾ ਹੈ ਕਿ ਰਾਜ ਇਕ ਨੈਤਿਕ ਸਮੁਦਾਇ ਹੈ, ਉਹਨਾਂ ਵਿਅਕਤੀਆਂ ਦਾ ਇਕ ਸਮੂਹ ਹੈ ਜਿਹੜੇ ਰਾਜ ਅਤੇ ਉਸ ਦੇ ਕਾਨੂੰਨਾਂ ਨੂੰ ਸਾਂਝੇ ਰੂਪ ਅਪਣਾਉਂਦੇ ਹਨ।[2]

ਈਸਾਈ ਧਰਮ ਦੀ ਸਥਾਪਨਾ ਅਤੇ ਈਸਾਈ ਚਰਚ ਦੇ ਵਿਕਾਸ ਨਾਲ ਰਾਜ ਸਬੰਧੀ ਇਕ ਨਵੀਂ ਵਿਚਾਰਧਾਰਾ ਦਾ ਪ੍ਰਤੀਪਾਦਨ ਹੋਇਆ। ਆਪਣੀਆਂ ਪਹਿਲੀਆਂ ਦੋ ਸ਼ਤਾਬਦੀਆਂ ਤਕ ਤਾਂ ਈਸਾਈਅਤ ਇਕ ਨਿਰੋਲ ਅਧਿਆਤਮਕ ਧਰਮ ਬਣਿਆ ਰਿਹਾ। ਪਰ ਜਦੋਂ ਰਾਜ ਨੇ ਈਸਾਈਅਤ ਨੂੰ ਅੰਗੀਕਾਰ ਕਰ ਲਿਆ ਤਾਂ ਚਰਚ ਵਿਚ ਸਿਧਾਂਤਕ ਤੇ ਵਿਹਾਰਕ ਪਰਿਵਰਤਨ ਆਉਣਾ ਸ਼ੁਰੂ ਹੋ ਗਿਆ ਅਤੇ ਉਸ ਨੇ ਇਕ ਸ਼ਕਤੀਸ਼ਾਲੀ ਸੰਗਠਨ ਦਾ ਰੂਪ ਧਾਰਣ ਕਰ ਲਿਆ। ਈਸਾਈਅਤ ਨੇ ਇਕ ਲੋਕ ਵਿਸ਼ਵਾਸ ਨੂੰ ਜਨਮ ਦਿੱਤਾ ਕਿ ਰੋਮ ਦਾ ਸਾਮਰਾਜ ਈਸ਼ਵਰ ਨੇ ਸਥਾਪਿਤ ਕੀਤਾ ਹੈ ਅਤੇ ਸੰਸਾਰ ਵਿਚ ਈਸਾ ਮਸੀਹ ਦੇ ਰਾਜ ਦਾ ਸ਼ਾਸਨ

- - - - - - - - - - - - - - - - - - - - - - - - - - - - - - - - -

1- Gettell, History of Political Thought, P.85-86

2- "The State is a moral community, a group of persons who in common posses the state and its law."
-Sabine George H, A History of Political Theory, P-163

ਕਾਇਮ ਹੋਣ ਵਾਲਾ ਹੈ। ਇਸ ਵਿਸ਼ਵਾਸ ਨੇ ਇਕ ਹੋਰ ਧਾਰਣਾ ਨੂੰ ਵੀ ਪਰਿਪੱਕਤਾ ਪ੍ਰਦਾਨ ਕੀਤੀ ਕਿ ਸੰਗਠਿਤ ਚਰਚ ਅਤੇ ਪੋਪ ਅਧੀਨ ਇਕ ਵਿਸ਼ਵ ਸਾਮਰਾਜ ਦੀ ਸਥਾਪਨਾ ਕਰਨਾ ਆਵਸ਼ਕ ਹੈ।

ਅਸਲ ਵਿਚ ਰੋਮਨ ਸਮਰਾਜ ਦੇ ਸਰਕਾਰੀ ਧਰਮ ਬਨਣ ਤੋਂ ਬਾਅਦ, ਈਸਾਈਅਤ ਨੇ ਅਤੇ ਉਸਦੇ ਚਰਚ ਨੇ ਇਕ ਅਰਧ-ਰਾਜਨੀਤਕ ਢਾਂਚੇ ਦੀ ਸਥਾਪਨਾ ਕਰ ਲਈ। ਚਰਚ, ਰਾਜ ਦੇ ਸਮਾਨ ਅਧਿਕਾਰਾਂ ਅਤੇ ਪ੍ਰਤਿਸ਼ਠਾ ਦਾ ਧਾਰਣੀ ਬਣ ਗਿਆ। ਚਰਚ ਨੇ ਇਹ ਵੀ ਦਾਵਾ ਕਰਨਾ ਸ਼ੁਰੂ ਕਰ ਦਿੱਤਾ ਕਿ ਚਰਚ ਦੇ ਕੁਝ ਅਧਿਕਾਰ ਇਹੋ ਜਿਹੇ ਹਨ ਜਿਹਨਾਂ ਵਿਚ ਰਾਜ ਕਿਸੇ ਕਿਸਮ ਦੀ ਦਖਲ ਅੰਦਾਜ਼ੀ ਨਹੀਂ ਕਰ ਸਕਦਾ। ਇਸ ਪ੍ਰਕਾਰ ਚਰਚ ਅਤੇ ਰਾਜ ਵਿਚਕਾਰ ਅਧਿਕਾਰਾਂ ਅਤੇ ਅਧਿਕਾਰ ਖੇਤਰ ਦੀ ਲੜਾਈ ਆਰੰਭ ਹੋ ਗਈ।

ਰਾਜ ਦੇ ਸੰਕਲਪ ਦੇ ਇਤਿਹਾਸ ਵਿਚ ਈਸਾਈਅਤ ਦੀ ਧਾਰਣਾ ਪ੍ਰਸਤੁਤ ਕਰਨ ਵਾਲੇ ਪਹਿਲੇ ਵਿਚਾਰਕਾਂ ਵਿਚੋਂ ਸੰਤ ਅਗਸਤਾਈਨ (354-430 ਈਸਵੀ) ਪ੍ਰਮੁੱਖ ਹਨ। ਉਹਨਾਂ ਨੇ ਆਪਣੀ ਪੁਸਤਕ 'ਰਬ ਦੇ ਨਗਰ' (City of God ) ਵਿਚ ਸੰਸਾਰ ਤੇ ਰਬੀ ਨਗਰ ਉਸਾਰਨ ਦੀ ਕਲਪਨਾ ਕੀਤੀ ਹੈ। ਚਰਚ ਅਧੀਨ ਸੱਚੇ ਈਸਾਈਆਂ ਦਾ ਸੰਗਠਨ ਸੰਸਾਰ ਵਿਚ ਇਸ ਰਬੀ ਨਗਰ ਦਾ ਨਿਰਮਾਣ ਕਰਦਾ ਹੈ। ਸੰਤ ਅਗਸਤਾਈਨ ਅਨੁਸਾਰ ਮਨੁੱਖ ਦੋ ਨਗਰਾਂ ਦਾ ਨਾਗਰਿਕ ਹੈ। ਇਕ ਆਪਣੇ ਜਨਮ ਦੇ ਨਗਰ ਦਾ ਅਤੇ ਦੂਜਾ ਰਬੀ ਰਾਜ ਦਾ। ਸ਼ਾਂਤੀ ਰਬੀ ਨਗਰ ਵਿਚ ਹੀ ਸੰਭਵ ਹੈ ਅਤੇ ਰਬੀ ਰਾਜ ਹੀ ਨਿਹਚਲ ਹੈ।[1] ਅਸਲ ਵਿਚ ਦੁਨਿਆਵੀ ਰਾਜ, ਰਬੀ ਰਾਜ ਦੇ ਮੁਕਾਬਲੇ ਘਟੀਆ ਹੈ ਅਤੇ ਰੱਬੀ ਰਾਜ ਹੀ ਕਲਿਆਣਕਾਰੀ ਹੈ। ਪਰ ਅਗਸਤਾਈਨ ਦੀ ਇਸ ਧਾਰਣਾਂ ਦੀ ਵਿਸ਼ੇਸ਼ ਗੱਲ ਇਹ ਸੀ ਕਿ ਰਬੀ ਨਗਰ, ਈਸਾਈ ਚਰਚ ਰਾਜ ਹੈ ਜਿਸ ਵਿਚ ਗੈਰ-ਈਸਾਈ ਸ਼ਾਮਿਲ ਨਹੀਂ ਕੀਤੇ ਜਾ

---

1- Sabine, George, H, A History of Political Theory, P.184-185.

ਸਕਦੇ ਅਤੇ ਉਸ ਰਾਜ ਵਿਚ ਸਰਵੋਚ ਸ਼ਕਤੀ ਧਾਰਮਿਕ ਸੰਗਠਨ ਪਾਸ ਹੁੰਦੀ ਹੈ।[1] ਈਸਾਈਅਤ ਦੇ ਹੋਂਦ ਵਿਚ ਆਉਣ ਤੋਂ ਬਾਅਦ ਕੋਈ ਵੀ ਉਹ ਰਾਜ ਨਿਆਂਪੂਰਨ ਨਹੀਂ ਹੋ ਸਕਦਾ ਜਿਹੜਾ ਈਸਾਈਅਤ ਦਾ ਧਾਰਨੀ ਨਹੀਂ ਅਤੇ ਚਰਚ ਵਿਹੂਣੇ ਰਾਜ ਪਾਸੋਂ ਨਿਆਂ ਦੀ ਆਸ ਨਹੀਂ ਰਖੀ ਜਾ ਸਕਦੀ।[2] ਸੰਤ ਅਗਸਤਾਈਨ ਦੇ ਇਸ ਰਬੀ ਨਗਰ ਦੇ ਸੰਕਲਪ ਨੇ ਆਉਣ ਵਾਲੀਆਂ ਕਈ ਸਦੀਆਂ ਤਕ ਰਾਜਨੀਤਕ ਵਿਚਾਰ-ਪ੍ਰਵਾਹ ਨੂੰ ਪ੍ਰਭਾਵਿਤ ਕੀਤਾ।

ਪੰਜਵੀਂ ਸ਼ਤਾਬਦੀ ਦੇ ਅੰਤ ਵਿਚ ਪੋਪ ਜਿਲੇਸ਼ਿਅਸ ਪ੍ਰਥਮ ਨੇ ਸੰਸਾਰਿਕ ਅਤੇ ਅਧਿਆਤਮਕ ਸੱਤਾ ਦੇ ਦੋ ਕਿਰਪਾਨਾਂ ਦੇ ਸਿਧਾਂਤ ਨੂੰ ਆਪਣੀ ਅਧਿਕ੍ਰਿਤ ਸਵੀਕ੍ਰਿਤੀ ਪ੍ਰਦਾਨ ਕੀਤੀ।[3] ਉਸ ਅਨੁਸਾਰ ਅਧਿਆਤਮਕ ਖੇਤਰ ਵਿਚ ਸਮਰਾਟ ਨੂੰ ਆਪਣੀ ਇੱਛਾ ਦਾ ਚਰਚ ਦੇ ਸਨਮੁਖ ਸਮਰਪਣ ਕਰਨਾ ਚਾਹੀਦਾ ਹੈ। ਉਸਦਾ ਵਿਚਾਰ ਸੀ ਕਿ ਚਰਚ ਨਾਲ ਸਬੰਧਤ ਵਿਅਕਤੀ ਚਰਚ ਦੇ ਅਧਿਕਾਰੀਆਂ ਰਾਹੀਂ ਉਸ ਦੇ ਅਧਿਕਾਰ-ਖੇਤਰ ਵਿਚ ਹੋਣੇ ਚਾਹੀਦੇ ਹਨ ਕਿਉਂਕਿ ਇਸੇ ਤਰ੍ਹਾਂ ਚਰਚ ਇਕ ਸਵਤੰਤ੍ਰ ਅਤੇ ਖੁਦਮੁਖਤਿਆਰ ਸੰਸਥਾ ਬਣ ਸਕਦਾ ਹੈ।[4]

- - - - - - - - - - - - - - - - - - - - - - - - - - - - - - - -

1- Gettell, History of Political Thought, P-101.

2- "No state can be just, since the advent of Christianity, unless it is also Christian, and a government considered apart from its relation to the Church would be devoid of justice."
-Sabine, George H, A History of Political Theory, P-186.

3. Ibid, P-188

4. "In doctrinal matters the emperor must subordinate his will to the clergy and must learn rather than presume to teach. It follows that the church, through its own rulers and officials, must have jurisdiction over all ecclesiastics, for obviously in no other way can it be an independent and self-governing institution."
-Sabine George H, A History of Political Theory, P-188.

ਇਸਤਰ੍ਹਾਂ ਪੋਪ ਜਿਲੇਸ਼ਿਅਸ ਚਰਚ ਨੂੰ ਇਕ ਖੁਦਮੁਖਤਿਆਰ ਸੱਤਾ ਧਾਰੀ ਅਤੇ ਅਧਿਆਤਮਕ ਖੇਤਰ ਵਿਚ ਪ੍ਰਭੁਤਾ ਸੰਪੰਨ ਸੰਸਥਾ ਦੇ ਰੂਪ ਵਿਚ ਸਥਾਪਿਤ ਕਰਦਾ ਹੈ।

ਅਧਿਆਤਮਕ ਖੇਤਰ ਦੀ ਪ੍ਰਭੁਤਾ ਨੇ ਚਰਚ ਦੇ ਪੋਪ ਨੂੰ ਬਹੁਤ ਸਾਰੇ ਵਿਸ਼ੇਸ਼ ਅਧਿਕਾਰਾਂ ਦਾ ਧਾਰਣੀ ਬਣਾ ਦਿਤਾ। ਅਨੈਤਿਕ ਕੰਮਾਂ ਲਈ ਦੰਡ ਦੇਣ ਦੇ ਅਧਿਕਾਰ ਪ੍ਰਾਪਤ ਹੋਣ ਨਾਲ, ਪੋਪ ਦਾ ਰਾਜ ਉਤੇ ਅਪ੍ਰਤਖ ਰੂਪ ਵਿਚ ਨਿਯੰਤ੍ਰਣ ਸਥਾਪਿਤ ਹੋ ਗਿਆ। ਇਤਿਹਾਸ ਗਵਾਹ ਹੈ ਕਿ ਚਰਚ ਨੇ ਕਈ ਵਾਰ ਆਪਣੇ ਅਧਿਕਾਰਾਂ ਦੀ ਵਰਤੋਂ ਕਰਕੇ ਰਾਜ ਦੇ ਸਬੰਧ ਵਿਚ ਮਹੱਤਵਪੂਰਣ ਨਿਰਣੇ ਲਏ। ਨੌਵੀਂ ਸ਼ਤਾਬਦੀ ਵਿਚ ਪੋਪ ਨੇ ਲੋਰੇਨ ਦੇ ਰਾਜਾ ਨੂੰ ਬਹਿਸਕ੍ਰਿਤ ਕਰ ਦਿੱਤਾ।[1] ਚਰਚ ਵਲੋਂ ਉਸਤੇ ਦੋਸ਼ ਲਾਇਆ ਗਿਆ ਸੀ ਕਿ ਉਸ ਨੇ ਆਪਣੀ ਪਤਨੀ ਦਾ ਤਿਆਗ ਕਰਕੇ ਕਿਸੇ ਹੋਰ ਨਾਲ ਵਿਆਹ ਕਰਵਾ ਲਿਆ ਹੈ। ਰਾਜੇ ਦੇ ਸਮਰਥਕਾਂ ਵਲੋਂ ਬੜਾ ਸੰਘਰਸ਼ ਹੋਇਆ ਪਰ ਜਿਤ ਚਰਚ ਦੇ ਪੋਪ ਦੀ ਹੀ ਹੋਈ। ਗਿਆਰਵੀਂ ਸ਼ਤਾਬਦੀ ਵਿਚ ਚਰਚ ਨਾਲ ਸਬੰਧਤ ਸਾਰੀਆਂ ਨਿਯੁਕਤੀਆਂ ਦਾ ਅਧਿਕਾਰ ਵੀ ਰਾਜਾ ਪਾਸੋਂ ਖੋਹ ਕੇ ਪੋਪ ਨੇ ਆਪਣੇ ਹਥਾਂ ਵਿਚ ਲੈ ਲਿਆ।[2] ਤੇਰਵੀਂ ਸ਼ਤਾਬਦੀ ਵਿਚ ਚਰਚ ਰਾਜਸੀ ਸ਼ਕਤੀਆਂ ਦੀ ਸਿਖਰ ਤੇ ਪਹੁੰਚ ਗਿਆ। ਇਥੋਂ ਤਕ ਕਿ ਰਾਜੇ ਦੇ ਉਤਰਾਧਿਕਾਰੀ ਦੀ ਚੋਣ ਦੇ ਸਬੰਧ ਵਿਚ ਵਿਵਾਦਾਂ ਦਾ ਨਿਰਣੈ ਵੀ ਪੋਪ ਨੇ ਆਪਣੇ ਹੱਥਾਂ ਵਿਚ ਲੈ ਲਿਆ।[3]

ਬਾਰਵੀਂ ਸ਼ਤਾਬਦੀ ਵਿਚ ਸਾਲਸਬਰੀ ਦੇ ਜਾਨ ਨੇ ਇਕ ਐਸੇ ਆਦਰਸ਼ ਰਾਜ ਦਾ ਸੰਕਲਪ ਦਿੱਤਾ ਜਿਸ ਵਿਚ ਲੌਕਿਕ ਸੱਤਾ, ਅਧਿਆਤਮਕ ਸੱਤਾ ਅਧੀਨ ਹੋਵੇ। ਉਸ ਅਨੁਸਾਰ

- - - - - - - - - - - - - - - - - - - - - - - - - - - - - - - -

1- Gettell, History of Political Thought, P-109

2- Ibid, P-110

3- Ibid, P-110

ਜਿਸ ਰਾਜਾ ਦਾ ਆਚਰਣ ਧਰਮ ਦੇ ਵਿਰੁਧ ਹੋਵੇ, ਉਹ ਅਤਿਆਚਾਰੀ ਹੋ ਜਾਂਦਾ ਹੈ ਅਤੇ ਐਸੇ ਰਾਜਾ ਪਾਸੋਂ ਮੁਕਤੀ ਪ੍ਰਾਪਤ ਕਰਨਾ ਆਵਸ਼ਕ ਹੈ। ਰਾਜ ਹਤਿਆ ਦੇ ਸਿਧਾਂਤ ਵਿਚ 'ਸਾਲਸਬਰੀ ਦੇ ਜਾਨ' ਨੇ ਦਸਿਆ ਹੈ ਕਿ ਧਰਮ ਦੇ ਵਿਰੁਧ ਆਚਰਣ ਕਰਨ ਵਾਲੇ ਰਾਜੇ ਪਾਸੋਂ ਰਾਜ ਨੂੰ ਮੁਕਤ ਕਰਾਉਣ ਲਈ ਪਹਿਲਾ ਤਰੀਕਾ ਤਾਂ ਪ੍ਰਾਰਥਨਾ ਹੀ ਹੈ ਪਰ ਜੇ ਸਫਲਤਾ ਨਾ ਮਿਲੇ ਤਾਂ ਤਲਵਾਰ ਚੁਕਣਾ ਅਤੇ ਰਾਜਾ ਨੂੰ ਖ਼ਤਮ ਕਰਨਾ ਉਚਿਤ ਹੈ।[1] ਕਾਨੂੰਨ ਦੀ ਅਹਿਮੀਅਤ ਬਿਆਨ ਕਰਦਿਆਂ ਉਸਦਾ ਵਿਚਾਰ ਹੈ ਕਾਨੂੰਨ ਦਾ ਰਾਜ ਸਰੇਸ਼ਟ ਹੁੰਦਾ ਹੈ ਪਰ ਵਿਸ਼ੇਸ਼ ਗਲ ਇਹ ਹੈ ਕਿ ਉਸ ਅਨੁਸਾਰ ਕਾਨੂੰਨ ਰਬੀ ਇਛਾ ਦਾ ਪ੍ਰਤੀਕ ਹੈ।[2]

ਸੰਤ ਟਾਮਸ ਐਕਵਿਨਾਸ (1227-1274 ਈ.) ਨੇ ਚਰਚ ਦੇ ਸਿਧਾਂਤਾਂ ਅਤੇ ਵਿਵੇਕਪੂਰਣ ਦਰਸ਼ਨ ਵਿਚਕਾਰ ਇਕ ਸਮਨਵੈ ਸਥਾਪਿਤ ਕਰਨ ਦਾ ਪ੍ਰਯਤਨ ਕੀਤਾ। ਉਸ ਅਨੁਸਾਰ ਲੋਕਤੰਤ੍ਰ ਕੋਲੋਂ ਰਾਜਤੰਤ੍ਰ ਅਧਿਕ ਸਮਾਜ ਦੇ ਹਿਤ ਵਿਚ ਹੈ। ਜਿਸ ਤਰ੍ਹਾਂ ਵਿਸ਼ਵ ਉਤੇ ਇਕ ਰਬ ਅਤੇ ਸਰੀਰ ਉਤੇ ਇਕ ਹਿਰਦੇ ਦਾ ਸ਼ਾਸਨ ਹੈ ਉਸੇ ਪ੍ਰਕਾਰ ਰਾਜ ਵਿਚ ਸ਼ਾਸਕ ਵੀ ਇਕ ਹੀ ਹੋਣਾ ਚਾਹੀਦਾ ਹੈ।[3] ਸਾਲਸਬਰੀ ਦੇ ਜਾਨ ਦੇ 'ਰਾਜ ਹਤਿਆ ਦੇ ਸਿਧਾਂਤ' ਦਾ ਸੰਤ ਟਾਮਸ ਨੇ ਵਿਰੋਧ ਕੀਤਾ ਕਿਉਂਕਿ ਉਸ ਅਨੁਸਾਰ ਇਹ ਸਿਧਾਂਤ ਅਰਾਜਕਤਾ ਨੂੰ ਸ਼ਹਿ ਦੇਂਦਾ ਹੈ। ਪਰ ਅਤਿਆਚਾਰੀ ਰਾਜੇ ਨੂੰ ਹਟਾਉਣ ਦੀ ਉਹ ਹਿਮਾਇਤ ਕਰਦਾ ਹੈ।[4] ਕਾਨੂੰਨ ਬਾਰੇ ਆਪਣੇ ਵਿਚਾਰਾਂ ਵਿਚ ਸੰਤ ਟਾਮਸ ਐਕਵਿਨਾਸ ਚਾਰ ਪ੍ਰਕਾਰ ਦੇ ਕਾਨੂੰਨਾਂ ਦਾ ਜ਼ਿਕਰ ਕਰਦਾ ਹੈ - ਮਾਨਵੀ ਕਾਨੂੰਨ, ਦੈਵੀ ਕਾਨੂੰਨ, ਪ੍ਰਾਕ੍ਰਿਤਿਕ ਕਾਨੂੰਨ ਅਤੇ ਸ਼ਾਸਵਤ ਕਾਨੂੰਨ। ਮਾਨਵੀ ਕਾਨੂੰਨਾਂ ਦਾ ਦਰਜਾ ਸਭ ਤੋਂ ਨਿਮਨ ਅਤੇ ਸ਼ਾਸਵਤ ਕਾਨੂੰਨਾਂ ਦਾ ਸਭ ਤੋਂ ਉਚਾ ਹੈ।[5]

- - - - - - - - - - - - - - - - - - - - - - - - - - - - - - - - - -

1- Gettell, History of Political Thought, P-120

2- Sabine, George H., A History of Political Theory, P-235

3- Gettell, History of Political Theory, P-122.

4- Ibid, P-122

5- Ibid, P-121

ਲੌਕਿਕ ਸੱਤਾ ਦੀ ਤੁਲਨਾ ਵਿਚ ਚਰਚ ਦੀ ਸੱਤਾ ਨੂੰ ਉਹ ਪ੍ਰਮੁਖਤਾ ਦੇਂਦਾ ਹੈ। ਉਸ ਦਾ ਵਿਸ਼ਵਾਸ ਸੀ ਕਿ ਲੌਕਿਕ ਸੱਤਾ ਦੇ ਧਾਰਣੀ ਰਾਜਿਆਂ ਨੂੰ ਰਾਜ ਪ੍ਰਬੰਧ ਇਸਤਰ੍ਹਾਂ ਚਲਾਉਣਾ ਚਾਹੀਦਾ ਹੈ ਕਿ ਉਸ ਨਾਲ ਰਬੀ-ਇੱਛਾ ਪੂਰੀ ਹੋਵੇ। ਰਾਜਾ ਨੂੰ ਚਰਚ ਦੇ ਦੈਵੀ ਕਾਨੂੰਨਾਂ ਦੇ ਅਧੀਨ ਦਸਦਿਆਂ, ਉਹ ਸਪਸ਼ਟ ਕਰਦਾ ਹੈ ਕਿ ਪੋਪ ਲੌਕਿਕ ਅਤੇ ਅਧਿਆਤਮਕ ਦੋਵੇਂ ਸ਼ਕਤੀਆਂ ਦਾ ਧਾਰਣੀ ਹੈ ਅਤੇ ਇਸ ਲਈ ਰਾਜਾ ਨੂੰ ਉਸਦੇ ਹੁਕਮ ਵਿਚ ਵਿਚਰਨਾ ਚਾਹੀਦਾ ਹੈ। ਜਿਹੜਾ ਰਾਜਾ ਪੋਪ ਦੇ ਹੁਕਮ ਦੀ ਉਲੰਘਣਾ ਕਰੇ ਉਸ ਨੂੰ ਬਹਿਸ਼ਕ੍ਰਿਤ ਕਰ ਦੇਣਾ ਚਾਹੀਦਾ ਹੈ ਅਤੇ ਪ੍ਰਜਾ ਨੂੰ ਉਸਦੀ ਆਗਿਆ ਪਾਲਨ ਕਰਨ ਦੇ ਕਰਤੱਵ ਤੋਂ ਮੁਕਤੀ ਮਿਲ ਜਾਣੀ ਚਾਹੀਦੀ ਹੈ।[1]

ਇਟਲੀਅਨ ਵਿਚਾਰਕ ਦਾਂਤੇ (1265-1321 ਈ.) ਨੇ ਪੋਪ ਦੀ ਸਰਵੋਚਤਾ ਦੇ ਸਿੱਧਾਂਤ ਦਾ ਵਿਰੋਧ ਕੀਤਾ ਅਤੇ ਸਪਸ਼ਟ ਕੀਤਾ ਕਿ ਸਮਰਾਟ ਨੂੰ ਦੁਨਿਆਵੀ ਸੱਤਾ ਸਿੱਧੇ ਰੂਪ ਵਿਚ ਰਬ ਪਾਸੋਂ ਪ੍ਰਾਪਤ ਹੋਈ ਹੈ। ਰੱਬ ਅਤੇ ਸਮਰਾਟ ਵਿਚਕਾਰ ਪੋਪ ਦੀ ਵਿਚੋਲਗੀ ਦੇ ਵਿਚਾਰ ਨੂੰ ਦਾਂਤੇ ਨੇ ਰੱਦ ਕਰ ਦਿੱਤਾ।[2] ਦਾਂਤੇ ਦਾ ਮਤ ਸੀ ਕਿ ਮਨੁੱਖ ਸੁਭਾਉ ਅਨੁਸਾਰ ਦੁਪੱਖੀ ਹੈ ਅਤੇ ਉਸ ਨੂੰ ਦੋ ਮਾਰਗ ਦਰਸ਼ਕਾਂ ਦੀ ਆਵਸ਼ਕਤਾ ਹੈ - ਇਕ ਸਮਰਾਟ ਅਤੇ ਦੂਜਾ ਪੋਪ। ਪਰ ਇਹ ਸਪਸ਼ਟ ਹੈ ਕਿ ਲੌਕਿਕ ਜੀਵਨ ਦੇ ਸਾਰੇ ਮਾਮਲਿਆਂ ਵਿਚ ਸਮਰਾਟ ਦੀ ਸੱਤਾ ਸਰਵੋਚ ਹੈ ਅਤੇ ਪੋਪ ਨੂੰ ਦੁਨਿਆਵੀ ਸੱਤਾ ਵਿਚ ਹਿੱਸਾ ਮੰਗਣ ਦਾ ਕੋਈ ਅਧਿਕਾਰ ਨਹੀਂ ਹੈ।[3] ਦਾਂਤੇ ਨੇ ਸਾਰੇ ਵਿਸ਼ਵ ਦੀ ਇਕ ਰਾਜ ਦੇ ਰੂਪ ਵਿਚ ਕਲਪਨਾ ਕੀਤੀ ਹੈ ਅਤੇ ਸਾਰੇ ਵਿਸ਼ਵ ਉਤੇ ਇਕ ਸ਼ਾਸਕ ਦਾ ਰਾਜ ਸਥਾਪਿਤ ਕਰਨ ਦੀ ਆਵਸ਼ਕਤਾ ਤੇ ਜ਼ੋਰ ਦਿੱਤਾ ਹੈ। ਦਾਂਤੇ ਅਨੁਸਾਰ ਇਕ ਰਾਜੇ ਅਧੀਨ ਰਾਜਤੰਤ੍ਰੀ ਸ਼ਾਸਨ ਹੀ ਰੱਬੀ ਇੱਛਾ ਅਨੁਸਾਰ ਸਰਵੋਤਮ

- - - - - - - - - - - - - - - - - - - - - - - - - - - - - - - - -

1- Gettell, History of Political Theory, P-122.

2- Sabine, George H, A History of Political Theory, P-246.

3- Gettell, History of Political Thought, P-127.

ਵਿਵਸਥਾ ਹੈ ਅਤੇ ਇਸੇ ਵਿਵਸਥਾ ਨਾਲ ਮਨੁੱਖੀ ਹਿਤਾਂ ਦੀ ਰਖਿਆ ਸੰਭਵ ਹੋ ਸਕਦੀ ਹੈ।[1]

ਨਿਕੋਲੋ ਮੈਕਿਆਵਿਲੀ (1469-1527 ਈ.) ਦੇ ਵਿਚਾਰਾਂ ਨੇ ਰਾਜ ਦੇ ਸੰਕਲਪ ਦੇ ਵਿਚਾਰਧਾਰਕ ਪ੍ਰਵਾਹ ਵਿਚ ਇਕ ਨਵੇਂ ਅਧਿਆਇ ਦੀ ਸ਼ੁਰੂਆਤ ਕੀਤੀ। ਆਪਣੇ ਪੂਰਵਗਾਮੀ ਵਿਦਵਾਨਾਂ ਨਾਲ ਮੈਕਿਆਵਿਲੀ ਦਾ ਮਤਭੇਦ ਇਹ ਸੀ ਕਿ ਉਹ ਧਰਮ ਅਤੇ ਨੈਤਿਕਤਾ ਸਬੰਧੀ ਉਹਨਾਂ ਦੀ ਧਾਰਣਾ ਦੇ ਹਕ ਵਿਚ ਨਹੀਂ ਸੀ। ਉਸ ਅਨੁਸਾਰ ਧਰਮ ਤੇ ਨੈਤਿਕਤਾ ਦਾ ਰਾਜ ਨਾਲ ਕੋਈ ਸਬੰਧ ਨਹੀਂ।[2] ਰਾਜ ਨੂੰ ਆਪਣੀ ਸੁਰੱਖਿਆ ਅਤੇ ਲਾਭ ਲਈ ਕਾਰਜਸ਼ੀਲ ਹੁੰਦਿਆਂ ਨੈਤਿਕ ਅਤੇ ਧਾਰਮਿਕ ਬੰਧਨਾਂ ਤੋਂ ਪੂਰੀ ਤਰ੍ਹਾਂ ਮੁਕਤ ਹੋਣਾ ਚਾਹੀਦਾ ਹੈ।[3] ਮੈਕਿਆਵਿਲੀ ਨੂੰ ਇਨ੍ਹਾਂ ਵਿਚਾਰਾਂ ਕਰਕੇ ਆਧੁਨਿਕ ਯੁਗ ਦਾ ਪ੍ਰਥਮ ਯਥਾਰਥਵਾਦੀ ਵੀ ਕਿਹਾ ਜਾਂਦਾ ਹੈ।[4]

ਮੈਕਿਆਵਿਲੀ ਰਾਜ ਦਾ ਅਤਿ-ਸਮਰਥਕ ਹੈ ਅਤੇ ਉਹ ਰਾਜ ਦੀ ਸਰਵੋਚ ਸ਼ਕਤੀ ਨੂੰ ਕਾਇਮ ਰਖਣ ਲਈ ਰਾਜ ਸੱਤਾ ਵਲੋਂ ਧਰਮ ਤੇ ਨੈਤਿਕਤਾ ਵਿਰੁਧ ਆਚਰਣ ਨੂੰ ਉਚਿਤ

- - - - - - - - - - - - - - - - - - - - - - - - - - - - - - - - - - - - - - -

1- Doctor, Adi H, Issues in Political Theory, P-29

2- Dunning, William Archibald, A History of Political Theories, Part I, P-297-298.

3- "The Prince must appear all sincerity, all uprightness, all humanity, all religion; but he must have his mind so disciplined that, when it is necessary to save the state, he can act regardless of these."
-Dunning, William Archibald, A History of Political Theories, Part-I, P-299

4- Gattell, History of Political Thought, P-144

ਠਹਿਰਾਉਂਦਾ ਹੈ।[1] ਉਸ ਅਨੁਸਾਰ ਰਾਜ ਦੀ ਸੱਤਾ ਦੇ ਧਾਰਣੀ ਕੋਲ ਆਪਣੇ ਬਚਨਾਂ ਤੋਂ ਫਿਰਨ ਦੀ ਸਮਰਥਾ ਅਤਿ ਆਵਸ਼ਕ ਹੈ। ਰਾਜਸੱਤਾ ਕਾਇਮ ਰਖਣ ਲਈ ਆਪਣੇ ਬਚਨ ਤੋਂ ਮੁੱਕਰ ਜਾਣਾ ਜਾਂ ਵਿਸ਼ਵਾਸ਼ ਤੋੜ ਦੇਣਾ ਰਾਜ ਲਈ ਅਨੁਚਿਤ ਨਹੀਂ।[2] ਆਪਣੀ ਪੁਸਤਕ 'ਦੀ ਪ੍ਰਿੰਸ' ਵਿਚ ਮੈਕਿਆਵਲੀ ਨੇ ਬੜੇ ਵਿਲਖਣ ਢੰਗ ਨਾਲ ਰਾਜ ਸੱਤਾ ਦੇ ਧਾਰਣੀ 'ਪ੍ਰਿੰਸ' ਦੀਆਂ ਵਿਸ਼ੇਸ਼ਤਾਵਾਂ ਦਸੀਆਂ ਹਨ। ਉਸਦਾ ਕਥਨ ਹੈ ਕਿ ਰਾਜ ਚਲਾਉਣ ਦੇ ਦੋ ਤਰੀਕੇ ਹਨ। ਇਕ ਤਰੀਕਾ ਮਨੁੱਖੀ ਬਿਰਤੀ ਵਾਲੇ ਲੋਕਾਂ ਲਈ ਹੈ ਜਿਹੜਾ ਕਨੂੰਨ ਅਨੁਸਾਰ ਹੈ ਅਤੇ ਦੂਜਾ ਤਰੀਕਾ ਪਸ਼ੂ ਬਿਰਤੀ ਵਾਲੇ ਲੋਕਾਂ ਲਈ ਹੈ ਜਿਸ ਵਿਚ ਸ਼ਕਤੀ ਦਾ ਪ੍ਰਯੋਗ ਆਵਸ਼ਕ ਹੈ। ਪਰ ਕਨੂੰਨ ਵਾਲਾ ਤਰੀਕਾ ਬਹੁਤਾ ਕਾਰਗਰ ਸਾਬਤ ਨਹੀਂ ਹੁੰਦਾ ਇਸ ਲਈ ਪ੍ਰਿੰਸ ਨੂੰ ਪਸ਼ੂ ਬਿਰਤੀ ਦਾ ਪੂਰਾ ਗਿਆਨ ਹੋਣਾ ਚਾਹੀਦਾ ਹੈ। ਉਦਾਹਰਣ ਵਜੋਂ ਉਹ ਕਹਿੰਦਾ ਹੈ ਕਿ ਸ਼ੇਰ ਬਹੁਤ ਸ਼ਕਤੀ-ਸ਼ਾਲੀ ਹੈ, ਪਰ ਉਸ ਲਈ, ਉਸ ਨੂੰ ਫਸਾਉਣ ਵਾਲੇ ਪਿੰਜਰੇ ਤੋਂ ਬਚਣਾ ਅਸੰਭਵ ਹੈ ਅਤੇ

- - - - - - - - - - - - - - - - - - - - - - - - - - - - - -

1- "Machiavelli was 'Statist' in the sixteenth and Seventeenth century sense of the word; and for 'reason of state' he preached in hisPrince, the doctrine, that Prince may go to work against religion and morals in order to establish the absolute executive sovereignty which is the supreme end of the state, or the rather supreme means to its end of unity and order."
-Barker, Ernest, Principles of Social and Political Theory, P-15.

2- "A prince should always be ready to break hisword, it will serve his advantage, for since men are wicked and will not keep faith with you, you are not bound to keep faith with them."
-Bluhm, William T. Theories of the Political System, P-264

ਲੋਮੜੀ ਬਹੁਤ ਸ਼ਾਤਰ ਹੈ ਪਰ ਉਸ ਲਈ ਭੇੜੀਏ ਤੋਂ ਜਾਨ ਬਚਾਉਣਾ ਕਠਿਨ ਹੈ। ਮੈਕਿਆਵਿਲੀ ਅਨੁਸਾਰ ਰਾਜ ਕਰਨ ਵਾਲੇ ਪ੍ਰਿੰਸ ਨੂੰ, ਪਿੰਜਰੇ ਨੂੰ ਪਛਾਣਨ ਲਈ ਲੋਮੜੀ ਵਰਗਾ ਅਤੇ ਭੇੜੀਏ ਨੂੰ ਡਰਾਉਣ ਲਈ ਸ਼ੇਰ ਵਰਗਾ ਹੋਣਾ ਚਾਹੀਦਾ ਹੈ।[1] ਇਸ ਰੋਚਕ ਉਦਾਹਰਨ ਨਾਲ ਮੈਕਿਆਵਿਲੀ 'ਪ੍ਰਿੰਸ' ਨੂੰ ਪਸ਼ੂ ਬਿਰਤੀ ਲੋਕਾਂ ਨਾਲ ਨਿਭਣ ਲਈ ਲੋਮੜੀ ਦੀ ਸ਼ਾਤਰਤਾ ਅਤੇ ਸ਼ੇਰ ਦੇ ਸਾਹਸ ਦੋਹਾਂ ਦਾ ਧਾਰਣੀ ਤਸਵਰ ਕਰਦਾ ਹੈ। ਪ੍ਰਿੰਸ, ਇਸ ਸ਼ਾਤਰਤਾ ਤੇ ਸਾਹਸ ਦਾ ਉਚਿਤ ਥਾਂ ਤੇ ਪ੍ਰਯੋਗ ਕਰਦਾ ਹੈ।

ਅਸਲ ਵਿਚ ਮੈਕਿਆਵਿਲੀ ਦੇ ਮਤ ਅਨੁਸਾਰ ਰਾਜ ਇਕ ਮਾਨਵੀ ਸੰਸਥਾ ਹੈ ਜਿਸ ਦੀ ਆਵਸ਼ੁਕਤਾਵਾਂ ਪੂਰੀਆਂ ਕਰਨ ਲਈ ਧਰਮ ਅਤੇ ਨੈਤਿਕਤਾ ਦਾ ਤਿਆਗ ਕੀਤਾ ਜਾ ਸਕਦਾ ਹੈ। ਉਸਦਾ ਵਿਸ਼ਵਾਸ ਹੈ ਕਿ ਰਾਜ ਨੂੰ ਆਪਣੇ ਖੇਤਰ ਦਾ ਵਿਸਤਾਰ ਕਰਨਾ ਚਾਹੀਦਾ ਹੈ;

- - - - - - - - - - - - - - - - - - - - - - - - - - - - - - - - -

1- "You must know, then, that there are two methods of fighting, the one by law, the other by force: the first method in that of men, the second of beasts; but as the first method is often insufficient, one must have recourse to the second. It is therefore necessary for a prince to know well how to use both the beast and the man....A prince being thusobliged to know well how to act as a beast must imitate the fox and the lion, for the lion cannot protect himself from traps, and the fox cannot defend himself from wolves. One must therefore be a fox to recognize traps, and a lion to frighten wolves."

-Ebenstein, William, Modern Political Thought, P-287

ਨਹੀਂ ਤਾਂ ਉਸ ਦਾ ਨਾਸ਼ ਨਿਸਚਿਤ ਹੈ।[1] ਰਾਜਨੀਤੀ ਨੂੰ ਮੈਕਿਆਵਲੀ ਇਕ ਵਿਹਾਰਕ ਕਲਾ ਦਸਦਾ ਹੈ ਅਤੇ ਸ਼ਕਤੀ ਨੂੰ ਉਸਦਾ ਮੁਖ ਉਦੇਸ਼ ਮੰਨਦਾ ਹੈ। ਇਹ ਕਿਹਾ ਜਾਂਦਾ ਹੈ ਕਿ ਮੈਕਿਆਵਲੀ ਨੇ ਰਾਜਨੀਤਿਕ ਸਿਧਾਂਤਾਂ ਅਤੇ ਵਿਹਾਰ ਵਿਚਕਾਰ ਇਕ ਸੰਯੋਗ ਸਥਾਪਿਤ ਕੀਤਾ।[2]

'ਸੁਧਾਰਵਾਦੀ' ਮਾਰਟਿਨ ਲੂਥਰ (1483-1546 ਈ.) ਨੇ ਰਾਜ ਸੱਤਾ ਅਤੇ ਧਾਰਮਿਕ ਸੱਤਾ ਨੂੰ ਇਕ ਦੂਜੇ ਤੋਂ ਵਖਰਾ ਮੰਨਿਆ ਹੈ ਅਤੇ ਰਾਜ ਸਬੰਧੀ ਆਪਣੇ ਚਿੰਤਨ ਵਿਚ ਰਾਜ ਸੱਤਾ ਨੂੰ ਧਾਰਮਿਕ ਸੱਤਾ ਤੋਂ ਅਧਿਕ ਮਹੱਤਵ ਦਿੱਤਾ ਹੈ। ਚਰਚ ਦੇ ਆਗੂਆਂ ਦਾ ਉਸ ਨੇ ਵਿਰੋਧ ਕੀਤਾ ਹੈ, ਅਤੇ ਚਰਚ ਦੀ ਕਾਨੂੰਨ ਵਿਵਸਥਾ ਨੂੰ ਮਹਿਜ ਧਰਮ ਆਗੂਆਂ ਦੁਆਰਾ ਲੌਕਿਕ ਸ਼ਕਤੀਆਂ ਪ੍ਰਾਪਤ ਕਰਨ ਅਤੇ ਸੰਪਤੀ ਅਰਜਿਤ ਕਰਨ ਦਾ ਸਾਧਨ ਮਾਤਰ ਮੰਨਿਆ ਹੈ। ਲੂਥਰ ਅਨੁਸਾਰ ਰਾਜ ਅਥਾਹ ਸ਼ਕਤੀਆਂ ਦਾ ਮਾਲਕ ਹੈ ਅਤੇ ਉਸਦੀਆਂ ਸ਼ਕਤੀਆਂ ਨੂੰ ਦੈਵੀ ਸਵੀਕ੍ਰਿਤੀ ਹਾਸਲ ਹੈ। ਵਿਅਕਤੀ ਲਈ ਰਾਜ ਦੀ ਆਗਿਆ ਦਾ ਪਾਲਨ ਕਰਨਾ ਪਰਮ ਆਵਸ਼ਕ ਹੈ।[3] ਮਾਰਟਿਨ ਲੂਥਰ ਦਾ ਮਤ ਸੀ ਕਿ ਰਾਜਾ ਸਿਰਫ਼ ਰਬ ਪ੍ਰਤੀ ਉਤਰਦਾਈ ਹੈ ਇਸ ਲਈ ਰਾਜਾ ਦਾ ਵਿਰੋਧ ਕਰਨਾ ਪਾਪ ਹੈ।[4] ਲੂਥਰ ਦੇ ਇਹਨਾਂ ਵਿਚਾਰਾਂ ਨੇ ਰਾਜ ਦੇ ਸਰੂਪ ਨੂੰ ਨਿਰੰਕੁਸ਼ ਬਣਾ ਦਿਤਾ ਅਤੇ ਇਕ ਸਮਾਂ ਐਸਾ ਆਇਆ ਕਿ ਉਸ ਨੂੰ

---

1- "a state must expand or perish."
-Gettell, History of Political thought, P-146.

2- Ibid, P-146

3- Baradat, Leon P, Political Ideologies-Their origins and impact, P-42

4- Sabine, George H, A History of Political Theory, P-336

ਆਪਣੇ ਵਿਚਾਰਾਂ ਵਿਚ ਸੰਸ਼ੋਧਨ ਕਰਕੇ ਇਹ ਕਹਿਣਾ ਪਿਆ ਕਿ ਜੇ ਰਾਜਾ ਕਨੂੰਨਾਂ ਵਿਰੁਧ ਆਚਰਣ ਕਰੇ ਤਾਂ ਪ੍ਰਜਾ ਨੂੰ ਉਸਦੀ ਆਗਿਆ ਪਾਲਨ ਕਰਨ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ।[1] ਫਿਰ ਵੀ ਮਾਰਟਿਨ ਲੂਥਰ ਰਾਜਾ ਦੇ ਦੈਵੀ ਅਧਿਕਾਰਾਂ ਦੇ ਸਿਧਾਂਤ ਦਾ ਅਤਿਸਮਰਥਕ ਮੰਨਿਆ ਜਾਂਦਾ ਹੈ।

ਫਰਾਂਸ ਦੇ ਜਾਂ ਬੋਦਾਂ (1530-1596 ਈ.) ਨੇ ਪਹਿਲੀ ਵਾਰ ਰਾਜ ਦੀ ਪ੍ਰਭੁਸੱਤਾ ਦੀ ਕਨੂੰਨੀ ਵਿਆਖਿਆ ਕਰਕੇ ਇਕ ਸੰਪੂਰਣ ਪ੍ਰਭੁਤਾ-ਸੰਪੰਨ ਰਾਜ ਦਾ ਸੰਕਲਪ ਪ੍ਰਸਤੁਤ ਕੀਤਾ। ਰਾਜ ਸਮਾਜਿਕ ਸੰਗਠਨ ਦਾ ਅੰਤਿਮ ਰੂਪ ਹੈ ਅਤੇ ਸਰਵੋਚ ਸੱਤਾ ਦਾ ਧਾਰਣੀ ਹੈ। ਹਰ ਨਾਗਰਿਕ ਰਾਜ ਦੀ ਸੱਤਾ ਅਧੀਨ ਹੈ। ਰਾਜ ਦੀ ਅਧੀਨਤਾ ਹੀ ਨਾਗਰਿਕਤਾ ਦੀ ਕਸੌਟੀ ਹੈ ਅਤੇ ਰਾਜ ਦੀ ਮੁੱਖ ਵਿਸ਼ੇਸ਼ਤਾ ਇਹੋ ਹੈ ਸਾਰੇ ਨਾਗਰਿਕ ਸਮਾਨ ਰੂਪ ਵਿਚ ਰਾਜ ਦੀ ਪ੍ਰਭੁਤਾ ਸੰਪੰਨ ਸਰਵੋਚ ਸ਼ਕਤੀ ਨੂੰ ਸਵੀਕਾਰ ਕਰਦੇ ਹਨ।[2]

ਬੋਦਾਂ ਅਨੁਸਾਰ ਰਾਜ ਦੀ ਉਤਪਤੀ ਪਰਿਵਾਰ ਤੋਂ ਹੋਈ ਹੈ ਅਤੇ ਰਾਜ ਵਿਚ ਰਾਜ ਦੇ ਮੁਖੀ ਦੇ ਉਹੋ ਅਧਿਕਾਰ ਹੁੰਦੇ ਹਨ ਜਿਹੜੇ ਪਰਿਵਾਰ ਵਿਚ ਪਰਿਵਾਰ ਦੇ ਮੁਖੀ ਪਾਸ ਹੁੰਦੇ ਹਨ। ਇਕ ਪਰਿਵਾਰ ਵਿਚ,ਪਰਿਵਾਰ ਦਾ ਮੁਖ ਸੰਪਤੀ ਦਾ ਮਾਲਕ ਹੁੰਦਾ ਹੈ ਅਤੇ ਪਰਿਵਾਰ ਦੇ ਮੈਂਬਰਾਂ ਉਪਰ ਸੱਤਾ ਦਾ ਧਾਰਣੀ ਹੁੰਦਾ ਹੈ। ਰਾਜ ਵਿਚ ਵੀ ਰਾਜੇ ਪਾਸ ਇਹੋ ਦੋ ਅਧਿਕਾਰ ਆਵਸ਼ਕ ਰੂਪ ਵਿਚ ਹੁੰਦੇ ਹਨ। ਸੰਪਤੀ ਦਾ ਅਧਿਕਾਰ ਅਤੇ ਪ੍ਰਜਾ ਉਪਰ ਸਰਵੋਚ ਸੱਤਾ।[3] ਬੋਦਾਂ ਨੇ ਰਾਜ ਦੀ ਪ੍ਰਭੁਸੱਤਾ ਉਤੇ ਵਿਸ਼ੇਸ਼ ਜ਼ੋਰ ਦਿੱਤਾ ਹੈ ਅਤੇ ਰਾਜਨੀਤਕ ਚਿੰਤਨ ਦੇ ਇਤਿਹਾਸ ਵਿਚ ਪ੍ਰਭੁਸਤਾ ਦੇ ਸਿਧਾਂਤ ਨੂੰ ਜੋੜ ਕੇ ਉਸ ਨੂੰ ਰਾਜ ਦੇ ਸੰਕਲਪ ਦਾ ਅਨਿਖੜਵਾਂ ਅੰਗ ਬਣਾ ਦਿਤਾ। ਜਾਂ ਬੋਦਾਂ ਪ੍ਰਭੁਸਤਾ ਨੂੰ ਪਰਿਭਾਸ਼ਿਤ ਕਰਦਿਆਂ ਦਸਦਾ ਹੈ ਕਿ ਪ੍ਰਭੁਸਤਾ ਆਪਣੇ ਨਾਗਰਿਕਾਂ ਅਤੇ ਪ੍ਰਜਾ ਉਪਰ ਸਰਵੋਚ ਸ਼ਕਤੀ ਹੈ ਜਿਹੜੀ ਕਨੂੰਨ ਦੀ

---

1- Gettell, History of Political Thought, P-156

2- Ibid, P-185

3- Doctor, Adi H, Issues in Political Theory, P-114.

ਪਾਬੰਦ ਨਹੀਂ।[1] ਅਰਨੈਸਟ ਬਾਰਕਰ ਨੇ ਬੋਦਾਂ ਦੇ ਰਾਜ ਸਬੰਧੀ ਵਿਚਾਰਾਂ ਦੀਆਂ ਤਿੰਨ ਵਿਸ਼ੇਸ਼ਤਾਵਾਂ ਦਸੀਆਂ ਹਨ - ਪਹਿਲਾ ਪਰਿਵਾਰ ਦੀ ਬਣਤਰ ਵਿਚ ਪਰਿਵਾਰ ਦਾ ਮੁਖੀ ਸੰਪਤੀ ਦਾ ਮਾਲਕ ਹੁੰਦਾ ਹੈ ਅਤੇ ਪਰਿਵਾਰ ਦੇ ਮੈਂਬਰਾਂ ਉਪਰ ਉਸਦੀ ਸੱਤਾ ਹੁੰਦੀ ਹੈ; ਦੂਜਾ ਪਰਿਵਾਰ ਰਾਜ ਦੀ ਉਤਪਤੀ ਅਤੇ ਸ੍ਰੋਤ ਹੈ; ਤੀਜਾ ਰਾਜਾ ਪਾਸ ਉਹੋ ਅਧਿਕਾਰ ਹਨ ਜਿਹੜੇ ਪਰਿਵਾਰ ਵਿਚ ਪਰਿਵਾਰ ਦੇ ਮੁਖੀ ਪਾਸ ਹਨ। ਇਸ ਤਰ੍ਹਾਂ ਰਾਜ ਪਰਿਵਾਰ ਦਾ ਹੀ ਵਿਸਤ੍ਰਿਤ ਰੂਪ ਹੈ।[2]

'ਸਮਝੌਤਾਵਾਦੀ ਵਿਚਾਰਕ' ਟਾਮਸ ਹਾਬਸ (1588-1679 ਈ.) ਨੇ ਰਾਜ ਸਬੰਧੀ ਆਪਣਾ ਵਿਚਾਰ ਪ੍ਰਸਤੁਤ ਕਰਦਿਆਂ ਸਭ ਤੋਂ ਪਹਿਲਾਂ ਪ੍ਰਾਕ੍ਰਿਤਿਕ ਅਵਸਥਾ ਦਾ ਵਰਣਨ ਕੀਤਾ ਹੈ। ਉਸ ਅਨੁਸਾਰ ਪ੍ਰਕ੍ਰਿਤੀ ਨੇ ਮਨੁੱਖਾਂ ਵਿਚ ਸਮਾਨਤਾ ਕਾਇਮ ਰਖਣ ਦੀ ਪੂਰੀ ਕੋਸ਼ਸ਼ ਕੀਤੀ ਹੈ ਅਤੇ ਇਹ ਸਮਾਨਤਾ ਇਹੋ ਜਿਹੀ ਹੈ ਕਿ ਕੋਈ ਵੀ ਇਕ ਮਨੁੱਖ ਦੂਜੇ ਮਨੁੱਖ ਕੋਲੋਂ ਵਧ ਹਕ ਮੰਗਣ ਦਾ ਦਾਅਵਾ ਨਹੀਂ ਕਰ ਸਕਦਾ। ਲੋਕਾਂ ਵਿਚਕਾਰ ਭਿੰਨਤਾ ਇਤਨੀ ਘਟ ਹੈ ਕਿ ਦੁਰਬਲ ਤੋ ਦੁਰਬਲ ਵਿਅਕਤੀ ਵਿਚ ਵੀ ਇਤਨੀ ਸ਼ਕਤੀ ਹੁੰਦੀ ਹੈ ਉਹ ਵੱਧ ਤੋ ਵੱਧ ਸ਼ਕਤੀਸ਼ਾਲੀ ਵਿਅਕਤੀ ਦੀ ਹਤਿਆ ਕਰ ਸਕਦਾ ਹੈ।[3] ਇਸ ਪ੍ਰਾਕ੍ਰਿਤਿਕ ਅਵਸਥਾ ਵਿਚ ਲੋਕਾਂ ਦੀ ਮੁੱਖ ਕਠਿਨਾਈ ਇਹ ਸੀ ਕਿ ਉਹਨਾਂ ਵਿਚਕਾਰ ਆਪਸੀ ਈਰਖਾ, ਇਕ ਦੂਜੇ ਤੋਂ ਭੈ ਅਤੇ ਵੈਭਵ ਦੀ ਇੱਛਾ ਕਾਰਨ ਝਗੜੇ ਚਲਦੇ ਰਹਿੰਦੇ ਸਨ ਅਤੇ ਹਰ ਇਕ ਵਿਅਕਤੀ ਹਰ ਦੂਜੇ ਵਿਅਕਤੀ ਨਾਲ ਨਿਰੰਤਰ ਯੁਧ ਵਿਚ ਲਗਿਆ ਰਹਿੰਦਾ ਸੀ।[4] ਹਾਬਸ ਦੀ ਪੁਸਤਕ 'ਲਿਵਿਆਥਨ' ਅਨੁਸਾਰ ਇਸ ਨਿਰੰਤਰ ਯੁਧ ਦੀ ਸਥਿਤੀ ਵਿਚ ਮਨੁੱਖ ਦਾ ਜੀਵਨ ਇਕੱਲਾ

---

1- Quinton, Anthony, Political Philosophy, P-67.

2- Ernest, Barker, Principles of Social and Political Theory, P-187.

3- Ebenstein, William, Modern Political Thought, P-291.

4- Ibid, P-292.

ਦਰਿਦ੍ਰਤਾ ਪੂਰਣ, ਗੰਦਾ, ਪਸ਼ੂ ਵਰਗਾ ਅਤੇ ਛੋਟਾ ਸੀ।[1] ਪਰ ਵਿਅਕਤੀ ਵਿਚ ਦੋ ਗੁਣ ਮੌਜੂਦ ਸਨ - ਵਿਵੇਕ ਅਤੇ ਹਿੰਸਾਤਮਕ ਮੌਤ ਦਾ ਡਰ।[2] ਇਹਨਾਂ ਦੋਹਾਂ ਗੁਣਾਂ ਨੇ ਹੀ ਪ੍ਰਕ੍ਰਿਤਿਕ ਅਵਸਥਾ ਦਾ ਅੰਤ ਕਰਕੇ ਰਾਜ ਸਥਾਪਿਤ ਕਰਨ ਲਈ ਮਨੁੱਖ ਨੂੰ ਪ੍ਰੇਰਿਤ ਕੀਤਾ। ਹਾਬਸ ਦਾ ਮਤ ਹੈ ਕਿ ਰਾਜ ਦੀ ਕਾਇਮੀ ਲਈ ਲੋਕੀਂ ਆਪਸ ਵਿਚ ਇਕ ਦੂਜੇ ਨਾਲ ਸਮਝੌਤਾ ਕਰਦੇ ਹਨ ਅਤੇ ਇਕ ਐਸੀ ਪ੍ਰਭੁਤਾ ਸੰਪੰਨ ਸ਼ਕਤੀ ਦੀ ਸਥਾਪਨਾ ਹੁੰਦੀ ਹੈ ਜਿਸ ਨੂੰ ਸੰਪੂਰਣ ਸੱਤਾ ਸੌਂਪੀ ਜਾ ਸਕਦੀ ਹੈ। ਇਸ ਤਰ੍ਹਾਂ ਲੋਕੀਂ ਆਪਸ ਵਿਚ ਸਮਝੌਤਾ ਕਰਕੇ ਰਾਜ ਸੱਤਾ ਇਕ ਵਿਅਕਤੀ ਜਾਂ ਇਕ ਵਿਅਕਤੀ-ਸਮੂਹ ਨੂੰ ਸਉਂਪਦੇ ਹਨ।

ਪਰ ਜਿਸ ਵਿਅਕਤੀ ਜਾਂ ਵਿਅਕਤੀ ਸਮੂਹ ਨੂੰ ਸੱਤਾ ਪ੍ਰਾਪਤ ਹੈ ਉਹ ਸਮਝੌਤੇ ਵਿਚ ਧਿਰ ਨਹੀਂ, ਸਗੋਂ ਸਮਝੌਤੇ ਦਾ ਪਰਿਣਾਮ ਹੈ। ਇਸ ਲਈ ਉਹ ਅਸੀਮ ਸ਼ਕਤੀਆਂ ਦਾ ਮਾਲਕ ਬਣ ਜਾਂਦਾ ਹੈ। ਹਾਬਸ ਨਿਰੰਕੁਸ਼ ਰਾਜਤੰਤ੍ਰੀ ਵਿਵਸਥਾ ਦਾ ਹਾਮੀ ਹੈ ਅਤੇ ਉਸ ਦੇ ਵਿਚਾਰ ਵਿਚ ਇਸ ਵਿਵਸਥਾ ਨਾਲ ਹੀ ਰਾਜ ਦਾ ਮੰਤਵ ਪ੍ਰਾਪਤ ਹੋ ਸਕਦਾ ਹੈ। ਲੋਕਾਂ ਨੂੰ ਰਾਜੇ ਦਾ ਵਿਰੋਧ ਕਰਨ ਦਾ ਅਧਿਕਾਰ ਬਿਲਕੁਲ ਨਹੀਂ। ਇਥੋਂ ਤਕ ਕਿ ਅਤਿਆਚਾਰੀ ਰਾਜੇ ਦਾ ਵਿਰੋਧ ਵੀ ਨਹੀਂ ਕਰਨਾ ਚਾਹੀਦਾ ਕਿਉਂਕਿ ਹਾਬਸ ਅਨੁਸਾਰ ਉਸ ਨੂੰ ਦੰਡ ਦੇਣ ਦਾ ਕੰਮ ਈਸ਼ਵਰ ਦਾ ਹੈ।[3] ਇਸ ਤਰ੍ਹਾਂ ਹਾਬਸ ਇਕ ਨਿਰੰਕੁਸ਼ ਰਾਜਤੰਤ੍ਰੀ ਰਾਜ ਦਾ ਸੰਕਲਪ ਪ੍ਰਸਤੁਤ ਕਰਦਾ ਹੈ।

ਸਮਝੌਤਾਵਾਦੀ, ਅੰਗ੍ਰੇਜ਼ ਵਿਦਵਾਨ ਜਾਨ ਲਾਕ (1632-1704 ਈ.) ਅਨੁਸਾਰ ਪ੍ਰਕ੍ਰਿਤੀ ਦੀ ਆਦ ਅਵਸਥਾ ਸ਼ਾਂਤੀ ਅਤੇ ਵਿਵੇਕ ਦੀ ਅਵਸਥਾ ਸੀ। ਮਨੁੱਖ ਪ੍ਰਾਕ੍ਰਿਤਿਕ ਕਾਨੂੰਨਾਂ

---

1- "Life of man, solitary,poor,nasty,brutish and short".
-Ebenstein,William,Modern Political Thought,P-298.

2- Gettel, History of Political Thought,P-218

3- Ibid, P,218-219.

ਅਨੁਸਾਰ ਆਪਣਾ ਜੀਵਨ ਬਿਤਾਉਂਦੇ ਸਨ ਅਤੇ ਉਹਨਾਂ ਪਾਸ ਜੀਵਨ, ਸਵਤੰਤ੍ਰਤਾ ਤੇ ਸੰਪਤੀ ਦੇ ਪ੍ਰਕ੍ਰਿਤਿਕ ਅਧਿਕਾਰ ਮੌਜੂਦ ਸਨ।[1] ਇਸ ਅਵਸਥਾ ਵਿਚ ਮਨੁੱਖ ਦੀ ਵੱਡੀ ਸਮਸਿਆ ਇਹ ਸੀ ਕਿ ਉਸਦੇ ਪ੍ਰਾਕ੍ਰਿਤਿਕ ਅਧਿਕਾਰਾਂ ਦੀ ਰਖਿਆ ਅਤੇ ਉਸ ਨਾਲ ਸਬੰਧਤ ਵਿਵਾਦਾਂ ਦਾ ਨਿਪਟਾਰਾ ਕਰਨ ਵਾਲੀ ਸਰਵੋਚ ਸੱਤਾ ਦੀ ਅਣਹੋਂਦ ਸੀ। ਇਸ ਡਰ ਅਤੇ ਖਤਰੇ ਦੀ ਸਥਿਤੀ ਤੋਂ ਛੁਟਕਾਰਾ ਪਾਉਣ ਲਈ ਵਿਅਕਤੀਆਂ ਨੇ ਸਮਾਜਿਕ ਸਮਝੌਤੇ ਨਾਲ ਇਕ ਰਾਜਨੀਤਿਕ ਵਿਵਸਥਾ ਦਾ ਨਿਰਮਾਣ ਕਰ ਲਿਆ। ਸਾਰੇ ਲੋਕਾਂ ਨੇ ਪ੍ਰਕ੍ਰਿਤਿਕ ਅਵਸਥਾ ਦੇ ਆਪਣੇ ਅਧਿਕਾਰਾਂ ਦਾ ਤਿਆਗ ਕਰ ਦਿੱਤਾ ਅਤੇ ਉਸਦੇ ਬਦਲੇ ਰਾਜ ਸੱਤਾ ਪਾਸੋਂ ਉਹਨਾਂ ਨੂੰ ਜੀਵਨ, ਸਵਤੰਤ੍ਰਤਾ ਤੇ ਸੰਪਤੀ ਦੇ ਅਧਿਕਾਰਾਂ ਦੀ ਸੁਰਖਿਆ ਪ੍ਰਾਪਤ ਹੋ ਗਈ।[2]

ਲਾਕ ਦੇ ਸਮਾਜਿਕ ਸਮਝੌਤੇ ਵਿਚ ਸੱਤਾ ਇਕ ਵਿਅਕਤੀ ਜਾਂ ਸਮੂਹ ਨੂੰ ਨਹੀਂ ਬਲਕਿ ਸੰਪੂਰਣ ਸਮਾਜ ਨੂੰ ਸਉਂਪੀ ਗਈ ਅਤੇ ਇਸ ਪ੍ਰਕਾਰ ਇਕ ਪ੍ਰਜਾਤਾਂਤ੍ਰਿਕ ਸੰਪ੍ਰਭੁਤਾ ਦਾ ਸੰਕਲਪ ਉਜਾਗਰ ਹੋਇਆ।[3] ਲਾਕ ਦੇ ਇਸ ਰਾਜ ਸੰਕਲਪ ਵਿਚ ਪ੍ਰਜਾ ਨੂੰ ਵਿਦ੍ਰੋਹ ਦਾ ਅਧਿਕਾਰ ਵੀ ਪ੍ਰਾਪਤ ਹੈ ਪਰ ਇਹ ਵਿਦ੍ਰੋਹ ਅਤਿ ਗੰਭੀਰ ਸਥਿਤੀ ਵਿਚ ਬਹੁਸੰਖਿਆ ਦੁਆਰਾ ਕੀਤਾ ਜਾ ਸਕਦਾ ਹੈ।[4]

ਫਰਾਂਸ ਦੇ ਵਿਚਾਰਕ ਰੂਸੋ (1712-1778 ਈ.) ਨੇ ਵੀ ਰਾਜ ਦਾ ਸਮਝੌਤਾਵਾਦੀ ਸੰਕਲਪ ਪ੍ਰਸਤੁਤ ਕਰਦਿਆਂ ਪ੍ਰਾਕ੍ਰਿਤਿਕ ਅਵਸਥਾ ਦਾ ਜ਼ਿਕਰ ਕੀਤਾ ਹੈ। ਉਸ ਅਨੁਸਾਰ ਪ੍ਰਾਕ੍ਰਿਤਿਕ ਅਵਸਥਾ ਵਿਚ ਮਨੁੱਖ ਸੁਖੀ, ਸੰਤੁਸ਼ਟ ਅਤੇ ਨਿਸ਼ਪਾਪ ਸੀ। ਰੂਸੋ ਦੇ ਵਿਚਾਰ ਵਿਚ ਇਹ ਸਵਾਲ ਮਹੱਤਵਪੂਰਣ ਹੈ ਕਿ ਮਨੁੱਖ ਸਵਤੰਤ੍ਰ ਪੈਦਾ ਹੋਇਆ ਹੈ ਪਰ ਹਰ ਪਾਸੇ ਉਸ ਨੂੰ ਬੰਧਨਾਂ

---

1- Social Contract: Essays by Locke Hume and Rousseau, P-5,6

2- Ibid, P.73

3- Bluhm, William T, Theories of the Political system, P-342

4- Gettell, History of Political Thought, P-225

ਵਿਚ ਜਕੜ ਦਿੱਤਾ ਗਿਆ ਹੈ।[1] ਅਸਲ ਵਿਚ ਸ਼ਾਂਤੀਪੂਰਣ ਪ੍ਰਾਕ੍ਰਿਤਿਕ ਅਵਸਥਾ ਵਿਚ ਸਭਿਅਤਾ ਦੀ ਉਨਤੀ ਨਾਲ ਬੁਰਾਈਆਂ ਪੈਦਾ ਹੋ ਗਈਆਂ ਅਤੇ ਨਿਜੀ ਸੰਪਤੀ ਦੀ ਹੋੜ ਨੇ ਅਮੀਰ ਅਤੇ ਗਰੀਬ ਵਿਚਕਾਰ ਭੇਦ ਪੈਦਾ ਕਰਕੇ ਇਸ ਅਵਸਥਾ ਨੂੰ ਖੇਰੂੰ ਖੇਰੂੰ ਕਰ ਦਿੱਤਾ।[2] ਮਨੁੱਖ ਨੇ ਪ੍ਰਾਕ੍ਰਿਤਿਕ ਅਵਸਥਾ ਦਾ ਅੰਤ ਕਰਕੇ ਰਾਜ ਵਿਵਸਥਾ ਕਾਇਮ ਕਰਨਲਈ ਸਮਾਜਿਕ ਸਮਝੌਤੇ ਦਾ ਰਾਹ ਅਪਨਾਇਆ। ਇਸ ਸਮਝੌਤੇ ਵਿਚ ਹਰ ਇਕ ਵਿਅਕਤੀ ਆਪਣੇ ਸਾਰੇ ਅਧਿਕਾਰ ਸਮੁੱਚੇ ਸਮਾਜ ਨੂੰ ਅਰਪਿਤ ਕਰਦਾ ਹੈ ਅਤੇ ਇਸ ਤਰ੍ਹਾਂ ਹਰ ਵਿਅਕਤੀ ਦੀ ਇੱਛਾ, ਆਮ ਇੱਛਾ ਵਿਚ ਵਿਲੀਨ ਹੋ ਜਾਂਦੀ ਹੈ। ਇਹ ਆਮ ਇੱਛਾ ਸਮਾਜ ਦੇ ਸਾਰੇ ਮੈਂਬਰਾਂ ਦੇ ਔਸਤ ਹਿਤ ਦੇ ਅਨੁਕੂਲ ਹੁੰਦੀ ਹੈ। ਰੂਸੋ ਦੇ ਸਮਾਜਿਕ ਸਮਝੌਤੇ ਨਾਲ ਰਾਜ ਸੱਤਾ ਸਾਰੇ ਸਮਾਜ ਨੂੰ ਪ੍ਰਾਪਤ ਹੁੰਦੀ ਹੈ ਅਤੇ ਹਰ ਮਨੁੱਖ ਇਸ ਸੱਤਾ ਦਾ ਹਿੱਸੇਦਾਰ ਹੁੰਦਾ ਹੈ। ਇਸ ਸਮਝੌਤੇ ਵਿਚੋਂ ਇਹ ਦੋ ਤਥ ਉਜਾਗਰ ਹੁੰਦੇ ਹਨ -ਇਕ, ਹਰ ਮਨੁੱਖ ਸਾਰਿਆਂ ਦੇ ਸਨਮੁਖ ਆਪਣਾ ਆਪ ਸਮਰਪਿਤ ਕਰਦਾ ਹੈ ਅਤੇ ਦੂਜਾ ਉਹ ਆਪਣਾ ਆਪ ਕਿਸੇ ਨੂੰ ਸਮਰਪਿਤ ਨਹੀਂ ਕਰਦਾ।[3] ਇਸ ਤਰ੍ਹਾਂ ਰੂਸੋ ਇਕ ਐਸੇ ਰਾਜ ਦਾ ਸੰਕਲਪ ਦੇਂਦਾ ਹੈ ਜਿਸ

- - - - - - - - - - - - - - - - - - - - - - - - - - - - - - - -

1- "Man is born free, and he is everywhere in chains."
-Rousseau, The Social contract, P-49.

2- Gettell, History of Political thought, P-253.

3- "But for Rousseau the sovereign is the whole community of which the individual is himself a constituent part and over whose activities he has the same degree of control as all the rest of his fellow citizens. The contract is really, in Russeau's opinion, between two aspects of the individual. Each, giving himself to all, gives himself to nobody. Men are at one and same time, a passive body of subjects and an active body of sovereigns."
-Pickles, Dorothy, Introduction to Politics, P.69-70.

ਵਿਚ ਰਾਜ ਸੱਤਾ ਲੋਗਾਂ ਵਿਚ ਸਮਾਈ ਹੋਈ ਹੈ।

ਜਰਮਨ ਦੇ 'ਵਿਚਾਰਵਾਦੀ ਵਿਚਾਰਕ' ਹੀਗਲ (1770-1831 ਈ.) ਦਾ ਮੱਤ ਸੀ ਕਿ ਰਾਜ ਸਭ ਤੋਂ ਉਚੀ ਸੰਸਥਾ ਹੈ ਕਿਉਂਕਿ ਰਾਜ ਹੀ ਬਾਕੀ ਸਾਰੀਆਂ ਸੰਸਥਾਵਾਂ ਦੀ ਰਖਿਆ ਅਤੇ ਉਹਨਾਂ ਉਤੇ ਨਿਯੰਤ੍ਰਣ ਕਰਦਾ ਹੈ। ਵਿਅਕਤੀ ਦਾ ਜੀਵਨ ਵੀ ਅਸਲ ਵਿਚ ਰਾਜ ਹੀ ਸੰਭਵ ਹੈ, ਰਾਜ ਤੋਂ ਬਾਹਰ ਉਸਦਾ ਕੋਈ ਵਾਸਤਵਿਕ ਅਸਤਿੱਤਵ ਨਹੀਂ। ਹੀਗਲ ਦੇ ਸ਼ਬਦਾਂ ਵਿਚ ਰਾਜ, ਧਰਤੀ ਉਤੇ ਦੈਵੀ ਸੰਕਲਪ ਦਾ ਅਸਤਿਤਵ ਹੈ।[1] ਉਸ ਨੇ ਇਕ ਹੋਰ ਥਾਂ ਤੇ ਰਾਜ ਨੂੰ ਨੈਤਿਕ ਸੰਕਲਪ ਦੀ ਵਾਸਤਵਿਕਤਾ ਮੰਨਿਆ ਹੈ।[2] ਹੀਗਲ ਨੇ ਰਾਜ ਨੂੰ ਇਕ ਵਾਸਤਵਿਕ ਵਿਅਕਤੀ ਦੇ ਰੂਪ ਵਿਚ ਪ੍ਰਸਤੁੱਤ ਕੀਤਾ ਕਰਦਿਆਂ ਉਸਦੀ ਇੱਛਾ ਨੂੰ ਪੂਰਣ ਵਿਵੇਕ ਦੀ ਅਭਿਵਿਅਕਤੀ ਦਸਿਆ ਹੈ। ਉਹ ਲੋਕਤੰਤ੍ਰ ਦੇ ਮੁਕਾਬਲੇ ਸੰਵਿਧਾਨਕ ਰਾਜਤੰਤ੍ਰ ਨੂੰ ਨਿਸਚਿਤ ਰੂਪ ਵਿਚ ਸਰੇਸ਼ਟ ਮੰਨਦਾ ਹੈ। ਹੀਗਲ ਅਨੁਸਾਰ ਸੰਪ੍ਰਭੁਤਾ ਰਾਜ ਦੇ ਕਾਨੂੰਨੀ ਵਿਅਕਤਿਤਵ ਵਿਚ ਨਿਵਾਸ ਕਰਦੀ ਹੈ ਨਾ ਕਿ ਨਾਗਰਿਕਾਂ ਦੇ ਸਮੂਹ ਜਾਂ ਜਨਤਾ ਵਿਚ। ਰਾਜਾ ਹੀ ਰਾਜ ਦੇ ਵਿਅਕਤਿਤਵ ਦਾ ਧਾਰਣੀ ਅਤੇ ਉਸਦਾ ਮੂਰਤ ਰੂਪ ਹੈ।[3] ਹੀਗਲ ਨੇ ਵਿਕਾਸ ਦੇ ਦਵੰਦਵਾਦ ਦਾ ਸਿਧਾਂਤ ਵੀ ਦਿੱਤਾ। ਇਸ ਸਿਧਾਂਤ ਅਨੁਸਾਰ ਵਿਕਾਸ ਦਵੰਦਾਤਮਕ ਪ੍ਰਕ੍ਰਿਆ ਨਾਲ ਹੁੰਦਾ ਹੈ ਅਤੇ ਇਸ ਪ੍ਰਕ੍ਰਿਆ ਦੇ ਤਿੰਨ ਚਰਣ ਹਨ - ਵਾਦ, ਪ੍ਰਤੀਵਾਦ ਅਤੇ ਸੰਵਾਦ। ਪ੍ਰਤੀਵਾਦ, ਵਾਦ ਦੇ ਵਿਰੋਧ ਵਿਚ ਉਤਪੰਨ ਹੁੰਦਾ ਹੈ। ਅਤੇ ਦੋਹਾਂ ਦੇ ਸਮਨਵੈ ਨਾਲ ਸੰਵਾਦ ਦੀ ਉਤਪਤੀ

- - - - - - - - - - - - - - - - - - - - - - - - - - - - - - - -

1- "The state is the Divine Idea as it existes on earth." Hegel.

-Ebenstein, William, Modern Political Thought, P-335

2- "The State is the actuality of the ethical Idea." Hegel.

-Ebenstein, William, Modern Political Thought, P-341.

3- Gettel, History of Political Thought, P-360.

ਹੁੰਦੀ ਹੈ। ਇਹ ਸੰਵਾਦ ਫਿਰ ਵਾਦ ਦਾ ਰੂਪ ਧਾਰਣ ਕਰ ਲੈਂਦਾ ਹੈ ਅਤੇ ਵਿਕਾਸ ਦੀ ਪ੍ਰਕ੍ਰਿਆ ਇਸ ਤਰ੍ਹਾਂ ਨਿਰੰਤਰ ਚਲਦੀ ਰਹਿੰਦੀ ਹੈ।[1] ਰਾਜ ਦਾ ਵਿਕਾਸ ਇਸੇ ਸਿਧਾਂਤ ਅਨੁਸਾਰ ਹੁੰਦਾ ਹੈ। ਪਰਿਵਾਰ ਵਾਦ ਹੈ, ਉਸਦਾ ਪ੍ਰਤੀਵਾਦ, ਵਿਵਸਥਿਤ ਸਮਾਜ ਅਤੇ ਇਹਨਾਂ ਦੇ ਸਮਨਵੈ ਨਾਲ ਰਾਜ ਸੰਵਾਦ ਰੂਪ ਵਿਚ ਉਭਰ ਕੇ ਸਾਹਮਣੇ ਆਇਆ।

ਵਿਅਕਤੀਵਾਦੀ, ਉਦਾਰਵਾਦੀ ਅਤੇ ਉਪਯੋਗਤਾਵਾਦੀ ਵਿਚਾਰਧਾਰਾ ਦੀ ਰਾਜਨੀਤਿਕ ਚਿੰਤਨ ਵਿਚ ਕਾਫੀ ਲੰਮੀ ਪਰੰਪਰਾ ਰਹੀ ਹੈ। ਇਹ ਤਿੰਨੇ ਵਿਚਾਰਧਾਰਾਵਾਂ ਇਕ ਦੂਜੇ ਨਾਲ ਜੁੜੀਆਂ ਹੋਈਆਂ ਹਨ ਅਤੇ ਇਹਨਾਂ ਵਿਚਾਰਧਾਰਾਵਾਂ ਨਾਲ ਸਬੰਧਤ ਵਿਚਾਰਕ ਵੀ ਇਕ ਦੂਜੇ ਨੂੰ ਪ੍ਰਭਾਵਿਤ ਕਰਦੇ ਹਨ। ਇਸ ਪਰੰਪਰਾ ਦੇ ਪ੍ਰਥਮ ਵਿਚਾਰਕ ਐਡਮ ਸਮਿਥ (1723 - 1790 ਈ.) ਨੇ 'ਆਰਥਿਕ ਵਿਅਕਤੀਵਾਦ' ਦਾ ਸਿਧਾਂਤ ਦੇ ਕੇ ਰਾਜ ਦੇ ਕਾਰਜ ਖੇਤਰ ਨੂੰ ਨਿਯੰਤ੍ਰਿਤ ਕਰਨ ਦਾ ਵਿਚਾਰ ਦਿੱਤਾ।[2] ਉਸ ਅਨੁਸਾਰ ਸਵਾਰਥ, ਸਮਾਜਕ ਜੀਵਨ ਦੀ ਮੂਲ ਪ੍ਰੇਰਨਾ ਹੁੰਦੀ ਹੈ। ਸਵਾਰਥ ਨਾਲ ਪ੍ਰੇਰਿਤ ਹੋ ਕੇ ਮਨੁੱਖ ਪ੍ਰਗਤੀ ਲਈ ਕੰਮ ਕਰਦਾ ਹੈ ਅਤੇ ਇਸਤਰ੍ਹਾਂ ਇਕ ਐਸੀ ਪ੍ਰਾਕ੍ਰਿਤਿਕ ਅਵਸਥਾ ਦਾ ਉਦੈ ਹੋਣਾ ਸੰਭਵ ਹੋ ਜਾਂਦਾ ਹੈ ਜਿਸ ਵਿਚ ਵਿਅਕਤੀ ਅਤੇ ਰਾਜ ਦੋਹਾਂ ਦਾ ਕਲਿਆਣ ਹੋਵੇ।[3] ਸਮਿਥ ਅਨੁਸਾਰ ਰਾਜ ਦਾ ਕਾਰਜ ਵਿਦੇਸ਼ੀ ਆਕ੍ਰਮਣਾਂ ਤੋਂ ਰਖਿਆ ਕਰਨਾ, ਨਿਆਂ ਸਥਾਪਿਤ ਕਰਨਾ ਅਤੇ ਕੁਝ ਸਾਰਵਜਨਿਕ ਸੰਸਥਾਵਾਂ ਚਲਾਉਣ ਤਕ ਸੀਮਤ ਹੋਣਾ ਚਾਹੀਦਾ ਹੈ। ਪਰ ਕੁਝ ਵਿਸ਼ੇਸ਼ ਪਰਿਸਥਿਤੀਆਂ ਵਿਚ ਰਾਜ ਅਪਣੀ ਅਹਸਤਛੇਪ ਕਰਨ ਦੀ ਨੀਤੀ ਨੂੰ ਤਿਆਗ ਸਕਦਾ ਹੈ।[4]

- - - - - - - - - - - - - - - - - - - - - - - - - - - - - - -

1- Baradat, Leon P-Political Ideologies, P-157

2- Ibid, P-298

3- Pickles, Dorothy, Introduction to Politics, P-73.

4- Gettell, History of Political Thought, P-272.

'ਉਪਯੋਗਤਾਵਾਦੀ ਵਿਚਾਰਧਾਰਾ' ਕਾਫ਼ੀ ਹੱਦ ਤਕ ਵਿਵਹਾਰਕ ਹੈ ਅਤੇ ਇਸ ਅਨੁਸਾਰ ਕਿਸੇ ਵੀ ਸੰਸਥਾ ਨੂੰ ਉਪਯੋਗਤਾ ਦੇ ਆਧਾਰ ਤੇ ਆਂਕਣਾ ਚਾਹੀਦਾ ਹੈ। ਰਾਜ ਦਾ ਅਸਤਿਤਵ ਵੀ ਇਸ ਲਈ ਹੈ ਕਿ ਉਸਦੀ ਮਨੁੱਖੀ ਸਮਾਜੀ-ਜੀਵਨ ਵਿਚ ਆਪਣੀ ਉਪਯੋਗਤਾ ਹੈ। ਇਸ ਵਿਚਾਰਧਾਰਾ ਦੇ ਮੁਖ ਵਿਚਾਰਕ ਜੇਰੇਮੀ ਬੈਂਥਮ, ਜੇਮਸ ਮਿਲ, ਅਤੇ ਜਾਨ ਸਟੂਅਰਟ ਮਿਲ ਹਨ। ਇਹਨਾਂ ਵਿਚਾਰਕਾਂ ਨੂੰ ਉਦਾਰਵਾਦੀ ਵੀ ਕਿਹਾ ਜਾਂਦਾ ਹੈ।

ਇੰਗਲੈਂਡ ਦੇ ਉਪਯੋਗਤਾਵਾਦੀ ਵਿਚਾਰਧਾਰਾ ਦੇ ਆਗੂ ਬੈਂਥਮ (1748-1832 ਈ) ਅਨੁਸਾਰ ਰਾਜ ਇਕ ਉਪਯੋਗੀ ਸੰਸਥਾ ਹੈ ਅਤੇ ਉਸਦਾ ਮੁਖ ਕਰਤੱਵ ਆਪਣੀ ਪ੍ਰਜਾ ਨੂੰ ਸੁਖ ਉਪਲਬਧ ਕਰਾਉਣਾ ਹੈ। ਵਿਅਕਤੀ ਰਾਜ ਦੀ ਆਗਿਆ ਪਾਲਨ ਇਸ ਲਈ ਕਰਦਾ ਹੈ ਕਿਉਂਕਿ ਇਹ ਉਸਦੇ ਭਲੇ ਵਿਚ ਹੈ ਅਤੇ ਕੋਈ ਵੀ ਹੋਰ ਸੰਸਥਾ ਉਸਦੀ ਰਾਜਾ ਤੋਂ ਵੱਧ ਭਲਾਈ ਨਹੀਂ ਕਰ ਸਕਦੀ।[1] ਰਾਜਾ ਦਾ ਮੁਖ ਮੰਤਵ, ਬੈਂਥਮ ਅਨੁਸਾਰ ਵਧ ਤੋਂ ਵਧ ਲੋਕਾਂ ਨੂੰ ਵਧ ਤੋਂ ਵਧ ਸੁਖੀ ਬਣਾਉਣਾ ਹੈ।[2] ਰਾਜਾ, ਅਗਰ ਆਪਣੇ ਮੰਤਵ ਦੀ ਪੂਰਤੀ ਵਿਚ ਅਸਫਲ ਹੁੰਦਾ ਹੈ ਤਾਂ ਉਸਦਾ ਵਿਰੋਧ ਕਰਨਾ ਮਨੁੱਖ ਦਾ ਨੈਤਿਕ ਕਰਤੱਵ ਬਣ ਜਾਂਦਾ ਹੈ ਅਤੇ ਐਸੇ ਰਾਜਾ ਨੂੰ ਬਦਲਣਾ ਆਵਸ਼ਕ ਹੋ ਜਾਂਦਾ ਹੈ।[3] ਬੈਂਥਮ ਦਾ ਰਾਜ ਦਾ ਸੰਕਲਪ ਜਿਸ ਉਪਯੋਗਤਾਵਾਦੀ ਸਿਧਾਂਤ ਉਤੇ ਟਿਕਿਆ ਹੈ ਉਸ ਅਨੁਸਾਰ ਮਨੁੱਖ ਦੇ ਦੋ ਪ੍ਰਭੁਤਾਸੰਪੰਨ ਸੁਆਮੀ ਹਨ - ਪੀੜਾ ਤੇ ਅਨੰਦ। ਇਹਨਾਂ ਨੂੰ ਧਿਆਨ ਵਿਚ ਰਖਦਿਆਂ ਹੀ ਮਨੁੱਖ ਨਿਰਧਾਰਤ ਕਰਦਾ ਹੈ ਕਿ ਕੀ ਚੰਗਾ ਹੈ ਅਤੇ ਕੀ ਮਾੜਾ ਹੈ। ਬੈਂਥਮ ਅਨੁਸਾਰ ਰਾਜ ਨੂੰ ਮਨੁੱਖ ਨੇ ਇਕ ਅਨੰਦ ਪ੍ਰਦਾਨ ਕਰਨ ਵਾਲੀ ਉਪਯੋਗੀ ਸੰਸਥਾ ਦੇ ਰੂਪ ਵਿਚ ਸਵੀਕਾਰ ਕੀਤਾ ਹੈ।[4]

---

1- Pickles, Dorothy, Introduction to Politics, P-77

2- "The Greatest happiness of the greatest number."
-Barker, Ernest, Principles of Social and Political Theory, P-124

3- Gettell, History of Political Theory, P-311.

4- Ibid, P-311

ਬੈਂਥਮ ਦਾ ਪੈਰੋਕਾਰ ਜੇਮਸ ਮਿਲ (1773-1836 ਈ.) ਇਸ ਤਥ ਨਾਲ ਸਹਿਮਤ ਸੀ ਕਿ ਨੈਤਿਕ ਅਤੇ ਅਨੈਤਿਕ ਕਾਰਜਾਂ ਵਿਚਕਾਰ ਅਸਲੀ ਭੇਦ ਉਸਦੀ ਉਪਯੋਗਿਤਾ ਵਿਚ ਹੈ ਅਤੇ ਕਾਨੂੰਨ ਦਾ ਕੰਮ ਇਹ ਹੈ ਸਮਾਜ ਦਾ ਦਬਾਅ ਪਾ ਕੇ ਵਿਅਕਤੀਆਂ ਪਾਸੋਂ ਐਸੇ ਕੰਮ ਕਰਵਾਏ ਜਿਹਨਾਂ ਨਾਲ ਆਮ ਕਲਿਆਣ ਸੰਭਵ ਹੋਵੇ ਅਤੇ ਉਹਨਾਂ ਕਾਰਜਾਂ ਨੂੰ ਰੋਕੇ ਜਿਹਨਾਂ ਨਾਲ ਸੁਖ ਦਾ ਨਾਸ਼ ਹੁੰਦਾ ਹੋਵੇ।[1] ਜੇਮਸ ਮਿਲ ਦਾ ਵਿਸ਼ਵਾਸ ਸੀ ਕਿ ਹਰ ਵਿਅਕਤੀ ਆਪਣੇ ਸੁਖ ਦੀ ਪ੍ਰਾਪਤੀ ਲਈ ਦੂਜੇ ਦੇ ਸੁਖ ਦੀ ਰਾਹ ਵਿਚ ਰੁਕਾਵਟ ਪਾਉਣ ਲਗ ਪੈਂਦਾ ਹੈ। ਇਹਨਾਂ ਰੁਕਾਵਟਾਂ ਨੂੰ ਹਟਾਉਣ ਲਈ ਰਾਜ ਦੀ ਆਵਸ਼ਕਤਾ ਹੁੰਦੀ ਹੈ। ਜੇਮਸ ਮਿਲ ਰਾਜ ਦੀ ਆਵਸ਼ਕਤਾ ਪ੍ਰਤੀ ਪੂਰੀ ਤਰ੍ਹਾਂ ਜਾਗਰੂਕ ਹੈ ਪਰ ਉਸਦੀ ਸ਼ਕਤੀ ਦੇ ਅਤਿ-ਵਿਸਤਾਰ ਪ੍ਰਤੀ ਚਿੰਤਾ ਵੀ ਪ੍ਰਗਟਾਉਂਦਾ ਹੈ। ਇਸੇ ਲਈ ਉਹ ਰਾਜ ਸੱਤਾ ਸਮਾਜ ਦੀ ਸਭ ਤੋਂ ਬੇਹਤਰ ਪ੍ਰਤੀ-ਨਿਧ ਸੰਗਠਨ ਨੂੰ ਹੋਣ ਦਾ ਹਾਮੀ ਹੈ।[2]

ਜਾਨ ਸਟੂਅਰਟ ਮਿਲ (1806-1873ਈ.) ਨੇ ਉਪਯੋਗਤਾਵਾਦ ਦੇ ਰਾਜ ਸਿਧਾਂਤ ਨੂੰ ਨਿਸ਼ਚਿਤ ਰੂਪ ਪ੍ਰਦਾਨ ਕੀਤਾ। ਬੈਂਥਮ ਅਤੇ ਜੇਮਸ ਮਿਲ ਦੀ ਧਾਰਣਾ ਸੀ ਕਿ ਅਨੰਦ ਵਿਚ ਸਿਰਫ਼ ਮਾਤਰਾਂ ਦਾ ਅੰਤਰ ਹੁੰਦਾ, ਗੁਣਾਤਮਕ ਅੰਤਰ ਨਹੀਂ। ਪਰ ਜਾਨ ਸਟੂਅਰਟ ਮਿਲ ਨੇ ਅਨੰਦ ਦੇ ਗੁਣਾਤਮਕ ਅੰਤਰ ਉਤੇ ਜ਼ੋਰ ਦਿੱਤਾ। ਉਸ ਅਨੁਸਾਰ ਕੁਝ ਪ੍ਰਕਾਰ ਦੇ ਅਨੰਦ ਉਚ ਕੋਟੀ ਦੇ ਅਤੇ ਕੁਝ ਪ੍ਰਕਾਰ ਦੇ ਅਨੰਦ ਨਿਮਨ ਕੋਟੀ ਦੇ ਹੁੰਦੇ ਹਨ। ਮਿਲ ਨੇ ਸੁਖ ਦੀ ਸਵਾਰਥੀ ਧਾਰਣਾ ਦਾ ਵਿਰੋਧ ਕੀਤਾ ਅਤੇ ਵਿਅਕਤੀ ਨੂੰ ਸਮਾਜਿਕ ਕਲਿਆਣ ਲਈ ਤੇ ਆਮ ਸੁਖ ਲਈ ਕਾਰਜਸ਼ੀਲ ਹੋਣ ਲਈ ਪ੍ਰੇਰਿਤ ਕੀਤਾ।[3]

---

1- Gettell, History of Political Thought, P-314

2- Ibid, P-314

3- Pickles, Dorothy, Introduction to Politics, P-77 & 80

ਮਿਲ ਦਾ ਵਿਚਾਰ ਸੀ ਮਨੁੱਖੀ ਜੀਵਨ ਵਿਚ ਰਾਜ ਦੀ ਦਖਲਅੰਦਾਜ਼ੀ ਘਟ ਤੋਂ ਘੱਟ ਹੋਣੀ ਚਾਹੀਦੀ ਹੈ।[1] ਮਨੁੱਖ ਦੀ ਸੁਤੰਤ੍ਰਤਾ ਤੇ ਜ਼ੋਰ ਦੇਂਦਿਆਂ ਉਸਦਾ ਕਥਨ ਹੈ ਕਿ ਰਾਜ ਦੀ ਯੋਗਤਾ ਉਹਨਾਂ ਵਿਅਕਤੀਆਂ ਦੀ ਯੋਗਤਾ ਅਨੁਸਾਰ ਹੀ ਆਂਕੀ ਜਾਂਦੀ ਹੈ, ਜਿਹੜੇ ਸੰਗਠਿਤ ਰੂਪ ਵਿਚ ਉਸਦੀ ਰਚਨਾ ਕਰਦੇ ਹਨ।[2] ਰਾਜ ਨੂੰ ਮਨੁੱਖੀ ਅਤੇ ਸਮਾਜੀ ਜੀਵਨ ਵਿਚ ਉਸੇ ਵੇਲੇ ਦਖਲ ਦੇਣਾ ਚਾਹੀਦਾ ਹੈ ਜਦੋਂ ਸੰਪੂਰਣ ਸਮਾਜ ਦੇ ਕਲਿਆਣ ਲਈ ਐਸਾ ਆਵਸ਼ਕ ਹੋ ਜਾਵੇ। ਪਰ ਮਿਲ ਨੇ ਬਾਅਦ ਦੇ ਸਾਲਾਂ ਵਿਚ ਆਪਣੇ ਵਿਚਾਰਾਂ ਵਿਚ ਪਰਿਵਰਤਨ ਲਿਆਂਦਾ ਅਤੇ ਉਸ ਨੇ ਐਸੇ ਆਦਰਸ਼ ਦੀ ਕਲਪਨਾ ਸ਼ੁਰੂ ਕਰ ਦਿੱਤੀ ਜਿਸ ਵਿਚ ਸਮਾਜਵਾਦ ਦੀ ਝਲਕ ਨਜ਼ਰ ਆਉਂਦੀ ਹੈ।[3] ਇਸ ਤਰ੍ਹਾਂ ਮਿਲ ਨੇ ਸਮਾਜਿਕ ਕਲਿਆਣ ਅਤੇ ਵਿਅਕਤੀ ਦੀ ਸੁਤੰਤ੍ਰਤਾ ਵਿਚਕਾਰ ਸਮਨਵੈ ਸਥਾਪਿਤ ਕਰਨ ਦੀ ਕੋਸ਼ਿਸ਼ ਕੀਤੀ।

ਹਰਬਰਟ ਸਪੈਂਸਰ (1820 - 1903 ਈ.) ਨੇ ਜਾਨ ਸਟੂਅਰਟ ਮਿਲ ਦੇ ਸਕਾਰਾਤਮਕ ਉਦਾਰਵਾਦੀ ਵਿਚਾਰਾਂ ਦਾ ਰੁਖ ਫਿਰ ਮੋੜ ਦਿੱਤਾ ਅਤੇ 'ਪੂਰਣ ਵਿਅਕਤੀਵਾਦ' ਦਾ ਸਿਧਾਂਤ ਪ੍ਰਸਤੁਤ ਕੀਤਾ।[4] ਉਸ ਨੇ ਜੀਵ ਵਿਗਿਆਨ ਵਿਚੋਂ 'ਡਾਰਵਿਨ ਦੇ ਵਿਕਾਸ ਦੇ ਸਿਧਾਂਤ' ਨੂੰ ਸਮਾਜ ਉਤੇ ਲਾਗੂ ਕੀਤਾ ਅਤੇ ਇਸ ਸਿਧਾਂਤ ਅਨੁਸਾਰ ਗਰੀਬ ਅਤੇ ਪਿਛੜੇ ਲੋਕਾਂ ਨੂੰ ਹਰ ਕਿਸਮ ਦੀ ਸਹਾਇਤਾ ਦੇਣ ਤੋਂ ਰਾਜ ਨੂੰ ਵਰਜਿਤ ਕੀਤਾ। ਸਪੈਂਸਰ ਅਨੁਸਾਰ ਉੱਨਤੀ ਉਹਨਾਂ ਲੋਕਾਂ ਪਾਸੋਂ ਮੁਕਤੀ ਪ੍ਰਾਪਤ ਕਰਨ ਵਿਚ ਹੀ ਹੈ ਜਿਹੜੇ ਅਸਤਿੱਤਵ ਲਈ

- - - - - - - - - - - - - - - - - - - - - - - - - - - - -

1- Joad, C.E.M., Introduction to Modern Political Theory, P-27

2- "The worth of a state, in the long run, is the worth of the individuals composing it." John Stuart Mill. - Man and the State, The Political Philosophers, P-261

3- Gettell, History of Political Thought, P-319.

4- Ibid, P-345

ਸੰਘਰਸ਼ ਵਿਚ ਪਛੜ ਜਾਂਦੇ ਹਨ।[1] ਇਸ ਤਰ੍ਹਾਂ ਦੇ ਵਿਅਕਤੀਵਾਦੀ ਵਿਚਾਰਾਂ ਨੇ ਇਕ ਐਸੇ ਰਾਜ ਦਾ ਸੰਕਲਪ ਦਿੱਤਾ ਜਿਸ ਵਿਚ ਰਾਜ ਦੇ ਕਾਰਜ ਬਹੁਤ ਸੀਮਤ ਜਾਂ ਇਉਂ ਕਿਹਾ ਜਾਵੇ ਕਿ ਸਿਰਫ਼ ਨਕਾਰਾਤਮਕ ਹਨ।

ਅੰਗ੍ਰੇਜ਼ ਵਿਦਵਾਨ ਟੀ.ਐਚ.ਗ੍ਰੀਨ (1836-1882 ਈ.) ਨੇ ਰਾਜ ਦੇ ਉਦਾਰਵਾਦੀ ਸੰਕਲਪ ਨੂੰ ਨਵੀਂ ਦਿਸ਼ਾ ਪ੍ਰਦਾਨ ਕਰਦਿਆਂ ਆਪਣਾ ਮਹੱਤਵਪੂਰਣ ਯੋਗਦਾਨ ਪਾਇਆ। ਅਸਲ ਵਿਚ ਪੂਰਣ ਵਿਅਕਤੀਵਾਦੀ ਦ੍ਰਿਸ਼ਟੀਕੋਣ ਨੇ ਵਿਕਅਤੀ ਦੀ ਸੁਤੰਤ੍ਰਤਾ ਦੇ ਨਕਾਰਾਤਮਕ ਪਹਿਲੂ ਨੂੰ ਸ਼ਕਤੀਸ਼ਾਲੀ ਬਣਾ ਦਿੱਤਾ ਸੀ ਅਤੇ ਨਤੀਜੇ ਵਜੋ ਰਾਜ ਦੀ ਹੋਂਦ ਹੀ ਖਤਰੇ ਵਿਚ ਪੈ ਗਈ ਸੀ। ਟੀ.ਐਚ.ਗ੍ਰੀਨ ਨੇ ਨਕਾਰਾਤਮਕ ਸਵਤੰਤ੍ਰਤਾ ਦਾ ਖੰਡਨ ਕਰਕੇ ਲੋਕਤਾਂਤ੍ਰਿਕ ਸੁਤੰਤ੍ਰਤਾ ਅਤੇ ਸਮਾਜਕ ਹਿਤ ਵਿਚਕਾਰ ਸਮਨਵੈ ਸਥਾਪਿਤ ਕੀਤਾ। ਉਸ ਨੇ ਐਸੇ ਰਾਜ ਦਾ ਵੀ ਵਿਰੋਧ ਕੀਤਾ, ਜਿਸ ਵਿਚ ਕੁਝ ਲੋਕਾਂ ਦੀ ਸਵਤੰਤ੍ਰਤਾ ਕਾਇਮ ਰਖਣ ਵਾਸਤੇ ਬਾਕੀਆਂ ਨੂੰ ਦਰਿਦ੍ਰਤਾ ਦਾ ਜੀਵਨ ਜੀਉਣਾ ਪਵੇ। ਉਸ ਅਨੁਸਾਰ ਭੌਤਿਕ ਦਰਿਦ੍ਰਤਾ ਨਾਲ ਨੈਤਿਕ ਪਤਨ ਹੁੰਦਾ ਹੈ ਅਤੇ ਅਧਿਕਾਰਾਂ ਤੋਂ ਵੰਚਿਤ ਨਾਗਰਿਕ ਨਾ ਤਾਂ ਸਮਾਜਿਕ ਫਰਜ ਨਿਭਾ ਸਕਦੇ ਹਨ ਅਤੇ ਨਾਂ ਹੀ ਆਮ ਕਲਿਆਣ ਵਿਚ ਯੋਗ ਦੇ ਸਕਦੇ ਹਨ।[2] ਗ੍ਰੀਨ ਦਾ ਮਤ ਸੀ ਕਿ ਰਾਜ ਵਿਚ ਹੀ ਮਨੁੱਖ ਦਾ ਵਿਅਕਤਿੱਤਵ ਵਿਕਸਿਤ ਹੋ ਸਕਦਾ ਹੈ ਅਤੇ ਰਾਜ ਵਿਚ ਸਕਾਰਾਤਮਕ ਤੇ ਸਾਰਥਕ ਸੁਤੰਤ੍ਰਤਾ ਨਾਲ ਹੀ ਮਨੁੱਖ ਸਮਾਜ ਕਲਿਆਣ ਵਿਚ ਹਿੱਸਾ ਪਾ ਸਕਦਾ ਹੈ।

- - - - - - - - - - - - - - - - - - - - - - - - - - - - - - - - -

1- "Arguing from the darwinian phrase, 'the survival of the fittest', Spencer is thus led to denounce all forms of State relief to poor and all collective effort on behalf of the distressed. Progress consists for him in the elimination ofthose who fall behind in the struggle for existence."

-Joad, C.E.M., Introduction to Modern Political Theory, P-30

2- Gettell, History of Political Thought, P-346

ਗ੍ਰੀਨ ਦੇ ਇਹਨਾਂ ਵਿਚਾਰਾਂ ਕਰਕੇ ਉਸ ਨੂੰ ਵਿਚਾਰਵਾਦੀ ਵਿਚਾਰਕ ਕਿਹਾ ਜਾਣ ਲਗ ਪਿਆ। ਪਰ ਇਥੇ ਇਹ ਤਥ ਜ਼ਰੂਰੀ ਦਸਣ ਵਾਲਾ ਹੈ ਕਿ ਗ੍ਰੀਨ ਨੇ ਜਰਮਨ ਵਿਚਾਰ-ਵਾਦੀ ਹੀਗਲ ਦੇ ਸੱਤਾਵਾਦੀ ਤੱਤਾਂ ਨੂੰ ਸੀਗੀਕਾਰ ਨਹੀਂ ਕੀਤਾ। ਅਸਲ ਵਿਚ ਹੀਗਲ ਨੇ ਨਾਗਰਿਕਾਂ ਨੂੰ ਦੋਸ਼ੀ ਠਹਿਰਾਇਆ ਹੈ ਅਤੇ ਗ੍ਰੀਨ ਨੇ ਰਾਜ ਵਿਚ ਦੋਸ਼ ਕਢਿਆ ਹੈ।[1]

ਇਸ ਤਰ੍ਹਾਂ ਇਹ ਸਪਸ਼ਟ ਹੈ ਕਿ ਸ਼ੁਰੂਆਤ ਵਿਚ ਉਦਾਰਵਾਦੀ ਵਿਦਵਾਨ ਰਾਜ ਨੂੰ ਆਵਸ਼ਕ ਬੁਰਾਈ (Neccessary Evil ) ਮੰਨਦੇ ਸਨ ਅਤੇ ਰਾਜ ਦੇ ਸਿਰਫ਼ ਨਕਾਰਾਤਮਕ ਕਾਰਜਾਂ (Negative Functions ) ਦੇ ਹਾਮੀ ਸਨ। ਇਹਨਾਂ ਵਿਚਾਰਕਾਂ ਨੇ ਰਾਜ ਨੂੰ 'ਪੁਲਿਸ ਰਾਜ' (Police State ) ਬਣਾ ਦਿੱਤਾ ਸੀ।[2] ਪਰ ਸਮਾਂ ਪਾ ਕੇ ਉਦਾਰਵਾਦੀਆਂ ਨੇ ਸਕਾਰਾਤਮਕ ਰਵੱਈਆ ਅਪਣਾ ਲਿਆ ਅਤੇ ਰਾਜ ਨੂੰ ਮਨੁੱਖ ਲਈ ਲਾਭਕਾਰੀ ਅਤੇ ਉਪਯੋਗੀ ਸੰਸਥਾ ਮੰਨਣਾ ਆਰੰਭ ਕਰ ਦਿੱਤਾ। ਰਾਜ ਦੇ ਕਾਰਜਾਂ ਬਾਰੇ ਵੀ ਇਹਨਾਂ ਉਦਾਰਵਾਦੀਆਂ ਨੇ ਆਪਣਾ ਦ੍ਰਿਸ਼ਟੀਕੋਣ ਬਦਲ ਲਿਆ ਅਤੇ ਕਿਸੇ ਹੱਦ ਤਕ ਕਲਿਆਣਕਾਰੀ ਰਾਜ (welfare state ) ਦੇ ਸੰਕਲਪ ਦੇ ਨੇੜੇ ਤੇੜੇ ਪੁਜ ਗਏ। ਪਰ ਉਦਾਰਵਾਦੀਆਂ ਦਾ ਬੁਨਿਆਦੀ ਜ਼ੋਰ ਹਮੇਸ਼ਾਂ ਵਿਅਕਤੀ ਦੀ ਸੁਤੰਤ੍ਰਤਾ ਉਤੇ ਕੇਂਦ੍ਰਿਤ ਰਿਹਾ ਹੈ।

- - - - - - - - - - - - - - - - - - - - - - - - - - - - - - - - -

1- "Where Hegel had seemed to conclude that citizen was not being pure citizen, Green decided that the state wasnot being a true state."
-Pickles, Dorothy, Introduction to Politics, P-74.

3. Sankhder, M.M. Theory of welfare state, in Bains, J.S. and Jain, R.B. (Editors), Contemporary Political Thought, P-7

ਵਿਅਕਤੀਵਾਦੀ, ਉਦਾਰਵਾਦੀ, ਅਤੇ ਉਪਯੋਗਤਾਵਾਦੀ ਵਿਚਾਰਧਾਰਾ ਦੇ ਵਿਰੋਧ ਵਿਚ ਉਭਰਨ ਵਾਲੀ ਰਾਜ ਬਾਰੇ 'ਮਾਰਕਸਵਾਦੀ ਵਿਚਾਰਧਾਰਾ' ਦਾ ਰਾਜਨੀਤਿਕ ਚਿੰਤਨ ਦੇ ਇਤਿਹਾਸ ਵਿਚ ਆਪਣਾ ਸਥਾਨ ਹੈ। ਇਸ ਵਿਚਾਰਧਾਰਾ ਨੇ ਪੂਰੇ ਵਿਸ਼ਵ ਨੂੰ ਕਿਸੇ ਨ ਕਿਸੇ ਰੂਪ ਵਿਚ ਅਸਰ-ਅੰਦਾਜ਼ ਕੀਤਾ ਹੈ। ਮਾਰਕਸਵਾਦੀ ਵਿਚਾਰਧਾਰਾ ਦਾ ਮੋਢੀ ਕਾਰਲ ਮਾਰਕਸ (1818 - 1883 ਈ.) ਪੂਰੇ ਮਾਨਵੀ ਵਿਕਾਸ ਨੂੰ ਭੌਤਿਕਵਾਦੀ ਦ੍ਰਿਸ਼ਟੀਕੋਣ ਤੋਂ ਦੇਖਦਾ ਹੈ ਅਤੇ ਇਸੇ ਆਧਾਰ ਉਤੇ ਰਾਜ ਤੇ ਸਮਾਜ ਦੇ ਭੂਤ, ਵਰਤਮਾਨ ਤੇ ਭਵਿੱਖ ਦਾ ਵਿਸ਼ਲੇਸ਼ਣ ਕਰਦਾ ਹੈ। ਉਸ ਅਨੁਸਾਰ, ਮੌਜੂਦਾ ਸਮਾਜ ਦਾ ਹੁਣ ਤਕ ਦਾ ਇਤਿਹਾਸ ਵਰਗ-ਸੰਘਰਸ਼ਾਂ ਦਾ ਇਤਿਹਾਸ ਹੈ।[1] ਮਾਰਕਸਵਾਦ ਦੇ ਮੁਖ ਅੰਗ ਹਨ - ਇਤਿਹਾਸ ਦੀ ਆਰਥਿਕ ਵਿਆਖਿਆ, ਦਵੰਦਾਤਮਕ-ਭੌਤਿਕਵਾਦ, ਵਰਗ ਸੰਘਰਸ਼, ਅਤਿਰਿਕਤ ਮੁੱਲ ਦਾ ਸਿਧਾਂਤ, ਪੂੰਜੀਵਾਦ, ਰਾਜ ਸਬੰਧੀ ਸਿਧਾਂਤ, ਕ੍ਰਾਂਤੀ, ਸਰਵਹਾਰਾ ਦਾ ਅਧਿਨਾਇਕ ਵਾਦ ਅਤੇ ਵਰਗਹੀਨ ਤੇ ਰਾਜਹੀਨ ਅਵਸਥਾ। ਮਾਰਕਸ ਅਨੁਸਾਰ ਰਾਜ ਵਰਗ ਸੰਘਰਸ਼ ਦਾ ਹੀ ਇਕ ਅੰਗ ਹੈ।[2] ਜਿਸ ਵਰਗ ਦੇ ਹੱਥ ਵਿਚ ਆਰਥਿਕ ਸ਼ਕਤੀ ਹੁੰਦੀ ਹੈ ਉਹ ਆਰਥਿਕ ਸਰਵੋਚਤਾ ਦੀ ਸ਼ਕਤੀ ਨਾਲ ਰਾਜ ਦੀ ਸੱਤਾ ਆਪਣੇ ਹੱਥਾਂ ਵਿਚ ਲੈ ਲੈਂਦਾ ਹੈ ਅਤੇ ਇਸ ਤਰ੍ਹਾਂ ਉਸਦੇ ਹਥ ਵਿਚ ਸ਼ੋਸ਼ਣ ਕਰਨ ਦੇ ਨਵੇਂ ਪ੍ਰਮਾਣਿਕ ਸਾਧਨ ਆ ਜਾਂਦੇ ਹਨ।

ਰਾਜ ਪੂੰਜੀਪਤੀ ਵਰਗ ਦੀ ਪ੍ਰਬੰਧ ਸਮਿਤੀ ਹੈ ਅਤੇ ਉਸਦਾ ਮੁਖ ਕਾਰਜ ਸਥਿਰ ਆਰਥਿਕ ਸਬੰਧਾਂ ਨੂੰ ਕਾਇਮ ਰਖਣਾ ਹੈ। ਪਰ ਮਜ਼ਦੂਰ ਵਰਗ ਦੀ ਜਾਗ੍ਰਤੀ ਅਤੇ ਸੰਘਰਸ਼

---

1- "The history of all hitherto existing society is the history of class struggles." Karl Marx.
-Man and State-The Political Philosophers, P-496

2- Gettell, History of Political Thought, P-397.

ਕਾਰਣ ਇਸ ਸਥਿਤੀ ਦਾ ਹਮੇਸ਼ਾ ਕਾਇਮ ਰਹਿਣਾ ਕਠਿਨ ਹੋ ਜਾਂਦਾ ਹੈ ਅਤੇ ਕ੍ਰਾਂਤੀ ਜ਼ਰੂਰੀ ਹੋ ਜਾਂਦੀ ਹੈ। ਕ੍ਰਾਂਤੀ ਦੇ ਨਤੀਜੇ ਵਜੋਂ ਪੂੰਜੀਵਾਦ ਦੀ ਹਾਰ ਹੁੰਦੀ ਹੈ ਅਤੇ ਸਰਵਹਾਰਾ ਵਰਗ ਦਾ ਸ਼ਾਸਨ ਸਥਾਪਿਤ ਹੁੰਦਾ ਹੈ। ਪਰ ਇਹ ਸ਼ਾਸਨ ਸਾਮਿਅਵਾਦ ਦੀ ਸਥਾਪਨਾ ਤਕ ਲਈ ਹੁੰਦਾ ਹੈ। ਜਦੋਂ ਸਰਵਹਾਰਾ ਦਾ ਅਧਿਨਾਇਕ ਵਾਦ ਸਮਾਪਤ ਹੁੰਦਾ ਹੈ ਤਾਂ ਇਕ 'ਵਰਗਹੀਨ ਅਤੇ ਰਾਜਹੀਨ' ਸਾਮਿਆਵਾਦੀ ਯੁਗ ਦਾ ਆਰੰਭ ਹੁੰਦਾ ਹੈ।[1] ਅਸਲ ਵਿਚ ਜਦ ਤਕ ਉਤਪਾਦਨ ਦੇ ਸਾਧਨਾਂ ਉਤੇ ਕਿਸੇ ਇਕ ਵਰਗ ਦਾ ਨਿਯੰਤ੍ਰਣ ਰਹਿੰਦਾ ਹੈ ਉਦੋਂ ਤਕ ਵਰਗ ਸੰਘਰਸ਼ ਅਤੇ ਦਵੰਦਾਤਮਕ ਪ੍ਰਕ੍ਰਿਆ ਚਲਦੀ ਰਹਿੰਦੀ ਹੈ। ਪਰ ਜਦੋਂ ਕ੍ਰਾਂਤੀ ਤੋਂ ਬਾਅਦ ਵਰਗ ਭੇਦ ਖ਼ਤਮ ਹੋ ਜਾਂਦਾ ਹੈ ਅਤੇ ਉਤਪਾਦਨ ਦੇ ਸਾਧਨਾਂ ਉਤੇ ਸਾਮੂਹਿਕ ਨਿਯੰਤ੍ਰਣ ਹੋ ਜਾਂਦਾ ਹੈ, ਇਹ ਦਵੰਦਾਤਮਕ ਪ੍ਰਕ੍ਰਿਆ ਸ਼ਾਂਤ ਹੋ ਜਾਂਦੀ ਹੈ ਅਤੇ ਧਰਤੀ ਉਪਰ ਰਾਜ ਹੀਨ ਅਤੇ ਵਰਗਹੀਨ ਸਮਾਜ ਦੀ ਸਥਾਪਨਾ ਹੁੰਦੀ ਹੈ।[2] ਇਸਤਰ੍ਹਾਂ ਕਾਰਲ ਮਾਰਕਸ ਪੂੰਜੀਵਾਦੀ ਰਾਜ ਦਾ ਭਰਪੂਰ

- - - - - - - - - - - - - - - - - - - - - - - - - - - - - - - - - -

1- "Marx concluded that, in nineteenth century capitatist Society, the holders of economic power were able to dominate the political machine. The State was nothing more than the agent of the ruling classes. The only way, therefore to reach a position where men could have an equal chance of making their voices heard was to get rid of the exploitation of one class by another and to create a classless society, where there was real equality between man and man. When that happened, the state, as an instrument of class domination, would wither away and government would consist of the administration of publicly owned wealth by the whole society, in the interests of all."

-Pickles, Dorothy, Introduction to Politic-s, P-45.

2- ਵਰਮਾ, ਸ਼ਾਮ ਲਾਲ, ਸਮਕਾਲੀਨ ਰਾਜਨੀਤਿਕ ਚਿੰਤਨ ਏਵੰ ਵਿਸ਼ਲੇਸ਼ਣ, ਪੰਨਾ-58.

ਵਿਰੋਧ ਕਰਦਿਆਂ ਉਸਦੇ ਵਿਰੁਧ ਕ੍ਰਾਂਤੀ ਦਾ ਸੰਕਲਪ ਦੇਂਦਾ ਹੈ ਅਤੇ ਇਕ 'ਵਰਗਹੀਨ ਅਤੇ ਰਾਜਹੀਨ' ਸਮਾਜ ਦੀ ਸਥਾਪਨਾ ਦਾ ਵਿਚਾਰ ਪ੍ਰਸਤੁਤ ਕਰਦਾ ਹੈ।

ਵਿਅਕਤੀਵਾਦ, ਉਦਾਰਵਾਦ ਅਤੇ ਕੁਝ ਹਦ ਤਕ ਮਾਰਕਸਵਾਦ ਵਿਰੁਧ ਪ੍ਰਤੀਕ੍ਰਿਆ ਦੇ ਰੂਪ ਵਿਚ ਫਾਸੀਵਾਦ (Fascism ) ਦਾ ਜਨਮ ਹੋਇਆ। ਇਸ ਵਿਚਾਰਧਾਰਾ ਦਾ ਪ੍ਰਤੀਪਾਦਕ ਅਤੇ ਉਸ ਨੂੰ ਵਿਵਹਾਰ ਰੂਪ ਵਿਚ ਸਥਾਪਿਤ ਕਰਨ ਦਾ ਸ੍ਰੇਅ ਇਟਲੀ ਵਿਚ ਮਸੋਲਿਨੀ (1883-1945 ਈ.) ਅਤੇ ਜਰਮਨ ਵਿਚ ਹਿਟਲਰ (1889-1945 ਈ) ਨੇ ਕੀਤਾ। ਫਾਸੀਵਾਦ ਦੋ ਬੁਨਿਆਦੀ ਸਿਧਾਂਤਾਂ ਉਤੇ ਆਧਾਰਿਤ ਹੈ - ਸਮਗ੍ਰਤਾ (Totality ) ਅਤੇ ਸੱਤਾ (authority )। ਇਹ ਵਿਚਾਰਧਾਰਾ ਸਮਗ੍ਰ ਨੂੰ ਉਸ ਦੇ ਅੰਗਾਂ ਤੋਂ ਵਧ ਮਹੱਤਵ ਦੇਂਦੀ ਹੈ ਅਤੇ ਸਰ ਨੂੰ ਵਿਅਕਤੀਗਤ ਮਤ ਦੀ ਤੁਲਨਾ ਵਿਚ ਸਰਵੋਚਤਾ ਪ੍ਰਦਾਨ ਕਰਦੀ ਹੈ।[1]

ਫਾਸੀਵਾਦ ਅਨੁਸਾਰ, ਰਾਜ ਇਕ ਸੰਪੂਰਣ ਸੰਸਥਾ ਹੈ, ਅਤੇ ਵਿਅਕਤੀ ਤੇ ਵਰਗ ਦੀ ਹੋਂਦ ਰਾਜ ਦੇ ਸੰਦਰਭ ਅਤੇ ਰਾਜ ਦੇ ਸਬੰਧ ਵਿਚ ਨਿਹਿਤ ਹੁੰਦੀ ਹੈ।[2] ਵਿਅਕਤੀ ਦੀ ਸਵਤੰਤ੍ਰਤਾ ਬਾਰੇ ਫਾਸੀਵਾਦ ਦਾ ਸਪਸ਼ਟ-ਮਤ ਹੈ ਕਿ ਰਾਜ ਪ੍ਰਤੀ ਹਾਨੀਕਾਰਕ ਅਤੇ ਨਿਰਾਰਥਕ ਸਵਤੰਤ੍ਰਤਾ ਵਿਅਕਤੀ ਪਾਸ ਨਹੀਂ ਹੋਣੀ ਚਾਹੀਦੀ ਅਤੇ ਸਵਤੰਤ੍ਰਤਾ ਨਾਲ ਸਬੰਧਤ ਸਾਰੇ ਫੈਸਲੇ ਰਾਜ ਦੇ ਹਥਾਂ ਵਿਚ ਹੋਣੇ ਚਾਹੀਦੇ ਹਨ।[3] ਫਾਸੀਵਾਦ ਨੇ ਇਕ ਜਾਤੀ, ਇਕ

- - - - - - - - - - - - - - - - - - - - - - - - - - - - - - - - -

1- Gettell, History of Political Thought, P-373.

2- "Fascism conceives of the state as an absolute, in comparison with which all individuals or groups are relative, only to be conceived of in their relation to the state."
-Ebenstein, William, Modern Political Thought, P-366

3- Ebenstein, William, Modern Political Thought, P-368

ਇਕ ਰਾਜ ਅਤੇ ਇਕ ਨੇਤਾ ਦਾ ਨਾਅਰਾ ਦਿਤਾ ਅਤੇ ਰਾਜ ਤੇ ਨੇਤਾ ਦੀ ਆਤਮਾ ਵਿਚ ਹੀ ਜਨਤਾ ਦੀ ਵਾਸਤਵਿਕ ਇੱਛਾ ਦਾ ਸਮਾਵੇਸ਼ ਦਸਿਆ।[1] ਲੋਕਤੰਤ੍ਰ ਦੀ ਅਵਹੇਲਨਾ ਕਰਦਿਆਂ, ਇਸ ਵਿਚਾਰਧਾਰਾ ਨੇ ਸਪਸ਼ਟ-ਕੀਤਾ ਕਿ ਰਾਸ਼ਟਰ ਦਾ ਸੰਕਲਪ ਸੰਖਿਆਤਮਕ ਨਹੀਂ ਸਗੋਂ ਗੁਣਾਤਮਕ ਹੋਣਾ ਚਾਹੀਦਾ ਹੈ। ਸਰਬ ਸ਼ਕਤੀਮਾਨ ਵਿਚਾਰ ਹੀ ਰਾਸ਼ਟਰ ਹੈ ਜਿਹੜਾ ਬਹੁਤ ਥੋੜੇ ਜਾਂ ਕੇਵਲ ਇਕ ਵਿਅਕਤੀ ਦੇ ਅੰਤਹਕਰਣ ਅਤੇ ਇਛਾ ਦੇ ਰੂਪ ਵਿਚ ਰਾਸ਼ਟਰੀ ਜੀਵਨ ਵਿਚ ਕਾਰਜਸ਼ੀਲ ਹੁੰਦਾ ਹੈ।[2]

ਹਿਟਲਰ ਨੇ ਰਾਜ ਦੀ ਸਰਵੋਚਤਾ ਨਾਲ ਨਸਲ ਦੀ ਸ਼ੁੱਧਤਾ ਅਤੇ ਉਚਤਾ ਦਾ ਸਿਧਾਂਤ ਦਿਤਾ। ਉਸ ਅਨੁਸਾਰ ਜਿਹੜੀ ਨਸਲ ਸਭ ਤੋਂ ਅਧਿਕ ਸ਼ੁੱਧ ਹੁੰਦੀ ਹੈ ਉਹੀ ਸਭ ਤੋਂ ਅਧਿਕ ਸ਼ਕਤੀਸ਼ਾਲੀ ਹੁੰਦੀ ਹੈ। ਮਨੁਖ ਦੀ ਸਭ ਤੋਂ ਸ਼ੁੱਧ ਨਸਲ 'ਆਰੀਆ ਨਸਲ' ਹੈ ਅਤੇ ਉਸਦੀ ਵੀ ਉਹ ਸ਼ਾਖਾ ਜਿਹੜੀ ਜਰਮਨੀ ਵਿਚ ਨਿਵਾਸ ਕਰਦੀ ਹੈ। ਇਹੋ ਨਸਲ ਰਾਜ ਕਰਨ ਦੀ ਸਭ ਤੋਂ ਵਧ ਸਮਰਥਾ ਰਖਦੀ ਹੈ।[3] ਇਸ ਤਰ੍ਹਾਂ ਉਸ ਨੇ ਨਸਲ ਨੂੰ ਰਾਸ਼ਟਰ ਅਤੇ ਰਾਜ ਨਾਲ ਸਬੰਧਤ ਕਰਕੇ ਇਕ ਨਵੇਂ ਰਾਜ ਸੰਕਲਪ ਦਾ ਆਧਾਰ ਤਿਆਰ ਕੀਤਾ।

ਅਸਲ ਵਿਚ ਫਾਸੀਵਾਦੀ ਵਿਚਾਰਧਾਰਾ ਦੇ ਬਾਨੀ ਰਾਜ ਦੀ ਸਰਵੋਚਤਾ ਦੇ ਸਮਰਥਕ ਹਨ ਅਤੇ ਕਿਸੇ ਨੂੰ ਵੀ ਰਾਜ ਤੋਂ ਬਾਹਰ, ਰਾਜ ਦੇ ਵਿਰੁਧ ਜਾਂ ਰਾਜ ਤੋਂ ਉਚਾ ਤਸੱਵਰ ਨਹੀਂ ਕਰਦੇ।[4] ਫਾਸੀਵਾਦੀ, ਰਾਜਾਂ ਵਿਚਕਾਰ ਸ਼ਾਂਤੀ ਦੇ ਸਿਧਾਂਤ ਦਾ ਵਿਰੋਧ ਕਰਦਿਆਂ ਯੁਧ

---

1- Cettell, History of Political Thought, P-374.

2- Ibid, P-376

3- Ibid, P-378

4- "Nothing outside of the state, nothing against the state, nothing above the state."-Mussolini.
-Ebenstein, William, Modern Political Thought, P-358.

ਦੇ ਹਾਮੀ ਹਨ, ਰਾਜ ਦੇ ਪ੍ਰਸਾਰ ਲਈ ਯਤਨਸ਼ੀਲ ਹਨ ਅਤੇ ਨਸਲ ਦੇ ਅਧਾਰ ਤੇ ਰਾਸ਼ਟਰਵਾਦ ਦੀ ਭਾਵਨਾ ਉਜਾਗਰ ਕਰਕੇ ਸੰਪੂਰਣ ਵਿਸ਼ਵ ਉਤੇ ਜੇਤੂ ਬਨਣ ਦੀ ਲਾਲਸਾ ਰਖਦੇ ਹਨ।[1]

ਵੀਹਵੀਂ ਸਦੀ ਦੇ ਅੰਗ੍ਰੇਜ਼ ਵਿਚਾਰਕ ਹੈਰੋਲਡ ਜੋਸੇਫ ਲਾਸਕੀ (1893-1950) ਨੇ ਆਧੁਨਿਕਤਮ ਦੌਰ ਦੇ ਰਾਜ ਦੇ ਸੰਕਲਪ ਦਾ ਪ੍ਰਤੀਪਾਦਨ ਕੀਤਾ। ਲਾਸਕੀ ਦੇ ਮਤ ਅਨੁਸਾਰ ਰਾਜ, ਮਨੁਖਾਂ ਦਾ ਭਾਈਚਾਰਾ ਹੈ ਜਿਸਦਾ ਮੰਤਵ ਉਹਨਾਂ ਦੇ ਆਮ ਜੀਵਨ ਨੂੰ ਉਨੱਤਿ ਕਰਨਾ ਹੈ।[2] ਲਾਸਕੀ ਲਈ ਰਾਜ, ਮੰਤਵ ਨਹੀਂ ਸਗੋਂ ਵਿਅਕਤੀ ਦੇ ਜੀਵਨ ਨੂੰ ਉਨੱਤਿ ਬਣਾਉਣ ਦਾ ਸਾਧਨ ਹੈ। ਵਿਅਕਤੀ ਦਾ ਰਾਜ ਵਿਚ ਪ੍ਰਜਾ ਵਜੋਂ ਰਹਿਣਾ ਉਸ ਦੇ ਆਪਣੇ ਮੰਤਵ ਲਈ ਹੈ ਨਾ ਕਿ ਰਾਜ ਦੇ ਕਿਸੇ ਮੰਤਵ ਲਈ।[3] ਸਮਾਜ ਵਿਚ ਰਾਜ ਤੋਂ ਅਲਾਵਾ ਹੋਰ ਅਨੇਕ ਸੰਘ ਅਤੇ ਸੰਸਥਾਵਾਂ ਹਨ ਅਤੇ ਉਹਨਾਂ ਦੀ ਵੀ ਜਨਤਾ ਦੇ ਹਿੱਤ ਦੇ ਵਖ ਵਖ ਖੇਤਰਾਂ ਵਿਚ ਆਪਣੀ ਭੂਮਿਕਾ ਹੈ। ਰਾਜ ਦੀ ਵਿਲਖਣਤਾ ਇਹ ਹੈ ਕਿ ਰਾਜ ਦੇ ਖੇਤਰੀ

---

1- Ebenstein, William, Modern Political Thought, P-358-370

2- "The State is thus a fellowship of men aiming at the enrichment of the common life."
-Laski, Harold, J, A Grammar of Politics, P-37.

3- "The State is not itself an end, but merely the means to an end, which is realised only in the enrichment of human lives..... We are that is to say, subjects of the State, not for its purpose, but for our own."
-Laski, Harold, J. A Grammar of Politics, P-88

ਵਿਸਤਾਰ ਵਿਚ ਰਹਿਣ ਵਾਲਾ ਹਰ ਵਿਅਕਤੀ ਅਨਿਵਾਰਯ ਰੂਪ ਵਿਚ ਇਸ ਦਾ ਮੈਂਬਰ ਹੁੰਦਾ ਹੈ ਅਤੇ ਰਾਜ, ਅੰਤਿਮ ਉਪਾਓ ਵਜੋਂ ਆਪਣੀ ਪ੍ਰਜਾ ਉਤੇ ਆਪਣੇ ਨਿਯਮ ਲਾਗੂ ਕਰ ਸਕਦਾ ਹੈ।[1] ਲਾਸਕੀ ਰਾਜ ਨੂੰ ਇਕ 'ਸਾਰਵਜਨਿਕ ਸੇਵਾ ਨਿਗਮ' ( Public Service Corporation ) ਦਾ ਨਾਮ ਦੇਂਦਾ ਹੈ।[2]

ਰਾਜ ਦੀ ਪ੍ਰਭੁਸੱਤਾ ਬਾਰੇ ਲਾਸਕੀ ਦੇ ਵਿਚਾਰ ਬਹੁਤ ਮਹੱਤਵਪੂਰਣ ਹਨ। ਸ਼ੁਰੂ ਵਿਚ ਉਹ ਰਾਜ ਦੀ ਪ੍ਰਭੁਸਤਾ ਦੇ ਸਿਧਾਂਤ ਦਾ ਪੂਰੀ ਤਰ੍ਹਾਂ ਵਿਰੋਧੀ ਸੀ ਅਤੇ ਉਸ ਨੇ ਇਸ ਨੂੰ ਅਵਾਸਤਵਿਕ ਅਤੇ ਅਯੋਗ ਕਰਾਰ ਦਿਤਾ। ਲਾਸਕੀ ਦਾ ਵਿਚਾਰ ਸੀ ਕਿ ਰਾਜ ਦੀ ਪ੍ਰਭੁਸਤਾ ਦਾ ਸਿਧਾਂਤ ਓਸੇ ਤਰ੍ਹਾਂ ਸਮਾਪਤ ਹੋ ਜਾਵੇਗਾ ਜਿਸ ਤਰ੍ਹਾਂ ਰਾਜਾ ਦੇ ਦੈਵੀ ਅਧਿਕਾਰਾਂ ਦਾ ਸਿਧਾਂਤ ਸਮਾਪਤ ਹੋ ਗਿਆ ਹੈ।[3] ਪਰ ਸਮਾਂ ਪਾ ਕੇ ਲਾਸਕੀ ਦੇ ਵਿਚਾਰਾਂ ਵਿਚ ਬਦਲਾਵ ਆਇਆ ਅਤੇ ਉਸ ਨੇ ਪ੍ਰਭੁਸੱਤਾ ਨੂੰ ਰਾਜ ਦਾ ਆਵਸ਼ਕ ਤੱਤ ਮੰਨਣਾ ਸਵੀਕਾਰ ਕਰ ਲਿਆ।[4] ਫਿਰ ਵੀ ਉਸ ਦੇ ਵਿਚਾਰਾਂ ਵਿਚ ਰਾਜ ਦੀ ਅਸੀਮਤ ਪ੍ਰਭੁਸੱਤਾ ਲਈ ਕੋਈ ਥਾਂ ਨਹੀਂ, ਇਹ ਠੀਕ

- - - - - - - - - - - - - - - - - - - - - - - - - - - - - -

1- "It differs from them in that membership is compulsory upon all that live within its territorial ambit, and that it can, in the last resort, enforce its obligations upon its subjects."
 -Laski Harold, J., A Grammar of Politices, P-37

2- Laski, Harold J., A Grammar of Politices, P- 69

3- Garner, James Wilford, Political Science and Government, P-184-185

4- ਵਰਮਾ, ਸ਼੍ਯਾਮ ਲਾਲ, ਸਮਕਾਲੀਨ ਰਾਜਨੀਤਕ ਚਿੰਤਕ ਏਵੰ ਵਿਸ਼ਲੇਸ਼ਣ, ਪੰਨਾ -337

ਹੈ ਉਸਦੇ ਉਗ੍ਰ-ਬਹੁਲਵਾਦ ਦੇ ਸਿਧਾਂਤ ਵਿਚ ਪਰਿਵਰਤਨ ਜ਼ਰੂਰ ਆਇਆ। ਲਾਸਕੀ ਦਾ ਮਤ ਹੈ ਰਾਜ ਪਾਸ ਆਵਸ਼ਕ ਸੱਤਾ ਹੋਣੀ ਚਾਹੀਦੀ ਹੈ ਪਰ ਉਹ ਇਸ ਸੱਤਾ ਦਾ ਦੁਰ-ਉਪਯੋਗ ਨ ਕਰ ਸਕੇ, ਇਸ ਲਈ ਉਸ ਉਤੇ ਅੰਕੁਸ਼ ਜ਼ਰੂਰੀ ਹੈ। ਪ੍ਰਭਾਵਸ਼ਾਲੀ ਅੰਕੁਸ਼ ਅਤੇ ਨਿਯੰਤ੍ਰਣ ਰਖਣ ਲਈ ਲੋਕਤੰਤ੍ਰਾਤਮਕ ਪਰਣਾਲੀ ਸਰਵੋਤਮ ਹੈ।[1] ਨਾਲ ਹੀ ਸੱਤਾ ਦਾ ਸਥਾਨਿਕ ਪੱਧਰ ਤਕ ਵਿਕੇਂਦਰੀਕਰਣ ਕਰ ਦੇਣਾ ਚਾਹੀਦਾ ਹੈ।

ਰਾਜ ਵਿਚ ਵਿਅਕਤੀ ਦੇ ਅਧਿਕਾਰਾਂ ਦੇ ਸਬੰਧ ਵਿਚ ਲਾਸਕੀ ਦਾ ਵਿਚਾਰ ਹੈ ਕਿ ਰਾਜ ਅਧਿਕਾਰਾਂ ਨੂੰ ਜਨਮ ਨਹੀਂ ਦੇਂਦਾ ਸਿਰਫ ਉਹਨਾਂ ਨੂੰ ਪਰਮਾਣਿਤ ਕਰਦਾ ਹੈ। ਉਸ ਅਨੁਸਾਰ ਹਰ ਰਾਜ ਦੀ ਪਛਾਣ ਉਸ ਵਲੋਂ ਪ੍ਰਤੀਪਾਦਿਤ ਅਧਿਕਾਰਾਂ ਤੋਂ ਹੁੰਦੀ ਹੈ।[2] ਜਿਥੋਂ ਤਕ ਵਿਅਕਤੀ ਵਲੋਂ ਰਾਜ ਦੀ ਆਗਿਆ ਪਾਲਨ ਦਾ ਪ੍ਰਸ਼ਨ ਹੈ ਲਾਸਕੀ ਸਪਸ਼ਟ ਰੂਪ ਵਿਚ ਇਸ ਖਿਆਲ ਦਾ ਮੁਦਈ ਹੈ ਕਿ ਰਾਜ ਵਿਅਕਤੀ ਪਾਸੋਂ ਇਸੇ ਆਧਾਰ ਉਤੇ ਆਗਿਆ ਪਾਲਨ ਕਰਵਾ ਸਕਦਾ ਹੈ ਕਿ ਇਹ ਉਸ ਲਈ ਉੱਤਮ ਅਤੇ ਹਿੱਤਕਾਰੀ ਹੈ।[3] ਇਸ ਤਰ੍ਹਾਂ ਲਾਸਕੀ ਨੇ ਇਕ ਐਸੇ ਰਾਜ ਦਾ ਸੰਕਲਪ ਪ੍ਰਸਤੁਤ ਕੀਤਾ ਜਿਹੜਾ ਮਨੁਖ ਦੀ ਉਨੱਤੀ ਲਈ ਯਤਨਸ਼ੀਲ ਹੈ, ਜਿਸ ਵਿਚ ਪ੍ਰਭੂਸੱਤਾ ਲੋਕਤੰਤ੍ਰੀ ਪਰਣਾਲੀ ਦੁਆਰਾ ਨਿਯੰਤ੍ਰਿਤ ਹੈ ਅਤੇ ਸਥਾਨਿਕ ਪੱਧਰ

- - - - - - - - - - - - - - - - - - - - - - - - - - - - - - - -

1- ਵਰਮਾ, ਸ਼ਾਮ ਲਾਲ, ਸਮਕਾਲੀਨ ਰਾਜਨੀਤਕ ਚਿੰਤਕ ਐਵੰ ਵਿਸ਼ਲੇਸ਼ਣ, ਪੰਨਾ 338

2- "Every State is known by the rights that it maintains".
-Laski, Harold J. A Grammar of Politics, P-89

3- "Our obedience is, and can only be, a function of our judgement upon its performance." -Laski.
-Ebenstein, William, Modern Political Thought, P-137

ਤਕ ਵਿਕੇਂਦ੍ਰਿਤ ਹੈ, ਜਿਸ ਵਿਚ ਵਿਅਕਤੀ ਦੇ ਅਧਿਕਾਰ ਸੁਰਖਿਅਤ ਹਨ ਅਤੇ ਜਿਸ ਵਿਚ ਵਿਅਕਤੀ ਆਪਣੀ ਇਛਾ ਅਨੁਸਾਰ ਆਪਣੇ ਹਿਤ ਨੂੰ ਮੁਖ ਰਖਦਿਆਂ ਰਾਜ ਦੀ ਆਗਿਆ ਵਿਚ ਵਿਚਰਦਾ ਹੈ।

ਉਨੀਵੀਂ ਸਦੀ ਦੇ ਅੰਤਿਮ ਪੜਾਅ ਤੇ ਹੀ ਰਾਜ ਬਾਰੇ ਇਕ ਸਾਝੇ ਸੰਕਲਪ ਨੂੰ ਉਸਾਰਨ ਦਾ ਯਤਨ ਵੀ ਕੀਤਾ ਜਾਂਦਾ ਰਿਹਾ ਹੈ। 1884 ਈ. ਵਿਚ ਇੰਗਲੈਂਡ ਵਿਚ ਫੇਬੀਅਨ ਸੋਸਾਇਟੀ (Fabian Society ) ਦੀ ਸਥਾਪਨਾ ਕੀਤੀ ਗਈ। ਇਸ ਸੰਸਥਾ ਨੇ ਉਦਾਰਵਾਦ ਅਤੇ ਸਮਾਜਵਾਦ ਦਾ ਸੁਮੇਲ ਕਰਕੇ ਨਵੀਂ ਵਿਚਾਰਧਾਰਾ 'ਸਮਾਜਵਾਦੀ ਉਦਾਰਵਾਦ' (Socialized Liberalism) ਦਾ ਪ੍ਰਤੀਪਾਦਨ ਕੀਤਾ।[1] ਵੀਹਵੀਂ ਸਦੀ ਦੇ ਅਰੰਭ ਤੇ ਸਮਾਜਵਾਦੀ ਅਤੇ ਲੋਕਤੰਤ੍ਰੀ ਵਿਚਾਰਧਾਰਾਵਾਂ ਦੇ ਯੋਗ ਨਾਲ ਨਵੀਆਂ ਸੰਤੁਲਿਤ ਵਿਚਾਰਧਾਰਾਵਾਂ ਸਾਹਮਣੇ ਆਉਣ ਲਗ ਪਈਆਂ। ਇਹਨਾਂ ਵਿਚ ਵਿਕਾਸਵਾਦੀ ਸਮਾਜਵਾਦ (Evolutionary Socialism )ਅਤੇ ਲੋਕਤੰਤ੍ਰਿਕ ਸਮਾਜਵਾਦ ( Democratic Socialism ) ਪ੍ਰਮੁਖ ਹਨ।ਅਸਲ ਵਿਚ ਸਮਾਜਵਾਦੀ ਵਿਚਾਰਧਾਰਾ ਨੇ ਬਹੁਤ ਸਾਰੇ ਦੇਸਾਂ ਨੂੰ ਪ੍ਰਭਾਵਿਤ ਕੀਤਾ ਅਤੇ ਹਰ ਦੇਸ਼ ਨੇ ਆਪ ਣੀ ਸਥਾਨਿਕ ਲੋੜ ਅਨੁਸਾਰ ਸਮਾਜਵਾਦ ਨੂੰ ਪਰਿਭਾਸ਼ਿਤ ਕਰਕੇ ਆਪਣੇ ਰਾਜ ਸੰਕਲਪ ਵਿਚ ਉਤਾਰ ਲਿਆ। ਇਸੇ ਹਕੀਕਤ ਨੂੰ ਬਿਆਨ ਕਰਦਿਆਂ ਸੀ.ਈ.ਐਮ.ਜੋਡ ਨੇ ਆਪਣੀ ਪੁਸਤਕ ਵਿਚ ਲਿਖਿਆ ਹੈ ਕਿ ਸਮਾਜਵਾਦੀ ਉਸ ਟੋਪ ਵਰਗਾ ਹੈ ਜਿਹੜਾ ਆਪਣਾ ਅਕਾਰ ਗਵਾ ਬੈਠਾ ਹੈ ਕਿਉਂਕਿ ਹਰ ਕੋਈ ਉਸ ਨੂੰ ਪਾਉਂਦਾ ਹੈ।[2]

- - - - - - - - - - - - - - - - - - - - - - - - - - - - - - - - -

1- Gettell, History of Political Thought, P-347

2- Zoad, C.E.M., Introduction to Modern Political Theory, P-40

ਵਖ ਵਖ ਵਿਚਾਰਧਾਰਾਵਾਂ ਦੇ ਸੁਮੇਲ ਨਾਲ ਹੀ ਅਜ ਦਾ 'ਕਲਿਆਣਕਾਰੀ ਰਾਜ' (Welfare State ) ਦਾ ਸੰਕਲਪ ਹੋਂਦ ਵਿਚ ਆਇਆ। ਰਾਜ ਦੇ ਇਸ ਸੰਕਲਪ ਵਿਚ ਰਾਜਨੀਤੀ ਤੇ ਨੈਤਿਕਤਾ, ਅਤੇ ਵਿਅਕਤੀਗਤ ਹਿਤ ਤੇ ਸਮੂਹਿਕ ਹਿਤ ਵਿਚਕਾਰ ਸਮਨਵੈ ਸਥਾਪਿਤ ਕੀਤਾ ਗਿਆ ਹੈ।[1] ਵਿਅਕਤੀਵਾਦੀ ਅਤੇ ਸਮਾਜਵਾਦੀ ਵਿਚਾਰਧਾਰਾਵਾਂ ਵਿਚਕਾਰ ਸੰਤੁਲਨ ਸਥਾਪਿਤ ਕਰਨ ਦਾ ਯਤਨ ਕੀਤਾ ਗਿਆ ਹੈ ਅਤੇ ਮਨੁਖੀ ਕਲਿਆਣ ਨੂੰ ਰਾਜ ਦਾ ਮੁਖ ਉਦੇਸ਼ ਮੰਨਿਆ ਗਿਆ ਹੈ। ਕਲਿਆਣਕਾਰੀ ਰਾਜ ਦਾ ਸੰਕਲਪ, ਅਸਲ ਵਿਚ ਬਹੁਤ ਸਾਰੀਆਂ ਵਿਚਾਰਧਾਰਕ ਅਤੇ ਵਿਵਹਾਰਕ ਪਰੰਪਰਾਵਾਂ ਦੇ ਸਮਾਵੇਸ਼ ਨਾਲ ਵਿਕਸਤ ਹੋਇਆ ਹੈ।[2] ਇੰਗਲੈਂਡ ਵਿਚ ਲੇਬਰ ਪਾਰਟੀ ਦੀ ਸਰਕਾਰ ਨੇ 1945 ਈ.ਵਿਚ ਕਲਿਆਣੀ ਰਾਜ ਦੇ ਸੰਕਲਪ ਨੂੰ ਵਿਵਹਾਰਕ ਰੂਪ ਵਿਚ ਲਾਗੂ ਕੀਤਾ।[3]

ਕਲਿਆਣਕਾਰੀ ਰਾਜ ਦਾ ਮੁਖ ਉਦੇਸ਼ ਜਨ ਕਲਿਆਣ ਹੈ ਅਤੇ ਇਹ ਰਾਜ ਆਪਣੇ ਨਾਗਰਿਕਾਂ ਲਈ ਵਧ ਤੋ ਵਧ ਸੁਵਿਧਾਵਾਂ ਪ੍ਰਦਾਨ ਕਰਕੇ ਉਹਨਾਂ ਦੇ ਵਿਅਕਤਿੱਤਵ ਦੇ ਵਿਕਾਸ ਲਈ ਸੁਖਾਵੇਂ ਮਾਹੌਲ ਦੀ ਸਿਰਜਨਾ ਕਰਦਾ ਹੈ। ਕਲਿਆਣਕਾਰੀ ਰਾਜ ਮਨੁਖੀ ਜੀਵਨ ਚੋ ਅਨਿਆਂ ਦਾ ਖਾਤਮਾ ਵੀ ਕਰਦਾ ਹੈ।[4] ਇਸ ਰਾਜ ਸੰਕਲਪ ਵਿਚ ਕਿਉਂਕਿ ਮਨੁਖ ਦੇ ਸਮੁੱਚੇ ਕਲਿਆਣ ਦੀ ਜਿਮੇਵਾਰੀ ਰਾਜ ਉਪਰ ਆਇਦ ਹੁੰਦੀ ਹੈ, ਇਸ ਲਈ ਰਾਜ ਦਾ ਕਾਰਜ ਖੇਤਰ ਬਹੁਤ ਵਿਸ਼ਾਲ ਬਣ ਜਾਂਦਾ ਹੈ। ਅਸਲ ਵਿਚ ਉਹ ਸਾਰੇ ਕਾਰਜ ਜਿਹਨਾਂ ਦਾ ਸਬੰਧ ਮਨੁੱਖ ਦੇ ਵਿਅਕਤੀਗਤ ਅਤੇ ਸਮਾਜਿਕ ਜੀਵਨ ਦੇ ਕਲਿਆਣ ਨਾਲ ਹੈ, ਰਾਜ ਦੇ ਘੇਰੇ ਵਿਚ ਆ ਜਾਂਦੇ ਹਨ। ਦੂਸਰੇ ਵਿਸ਼ਵ ਯੁਧ ਤੋਂ ਬਾਅਦ ਕਲਿਆਣ ਕਾਰੀ ਰਾਜ ਦੇ ਸੰਕਲਪ ਨੇ ਵਡੀ ਪੱਧਰ ਤੇ ਵਿਸ਼ਵ ਨੂੰ ਆਪਣੇ ਵਲ ਆਕਰਸ਼ਿਤ ਕੀਤਾ ਹੈ।[5]

---

1- ਵਰਮਾ,ਸ਼ਾਮਲਾਲ,ਸਮਕਾਲੀਨ ਰਾਜਨੀਤਕ ਚਿੰਤਨ ਐਵੰ ਵਿਸ਼ਲੇਸ਼ਣ,ਪੰਨਾ 49

2- Sankhdher,M.M.Theory of Welfare State,in Bains J.S.and Jain RB(Editors),Contemporary Political Theory,P-5

3- Ibid, P-21

4- Bakshi,Om,The Crises of Political Theory,P-82.

5- Ibid,P-43

ਇਸ ਤਰ੍ਹਾਂ ਉਪਰੋਕਤ ਵਿਸਤਾਰ ਵਿਚ, ਰਾਜਨੀਤੀ ਸ਼ਾਸਤਰ ਦੇ ਪਰਮਾਣੀਕ ਰਾਜਨੀਤਿਕ ਚਿੰਤਨ ਦੇ ਅਧਾਰ ਤੇ ਰਾਜ ਦੇ ਸੰਕਲਪ ਨਾਲ ਸਬੰਧਤ ਵਿਚਾਰ-ਪ੍ਰਵਾਹ ਦਾ ਵਿਵੇਚਨ ਕੀਤਾ ਗਿਆ ਹੈ। ਇਸ ਵਿਚਾਰ ਪ੍ਰਵਾਹ ਦੇ ਪ੍ਰਸਤੁਤੀਕਰਣ ਵਿਚ, ਚੋਣਵੇਂ ਦਾਰਸ਼ਨਿਕਾਂ ਅਤੇ ਰਾਜਨੀਤਿਕ ਵਿਦਵਾਨਾਂ ਦੇ ਵਿਚਾਰਾਂ ਦਾ ਸੰਕਲਨ ਹੈ। ਸਾਰੇ ਵਿਸਤਾਰ ਦੇ ਵਿਸ਼ਲੇਸ਼ਣ ਨਾਲ ਰਾਜ ਦੇ ਸੰਕਲਪ ਬਾਰੇ ਕੁਝ ਮਹੱਤਵਪੂਰਣ ਤੱਥ ਨਿਖਰ ਕੇ ਸਾਹਮਣੇ ਆਉਂਦੇ ਹਨ। ਰਾਜਨੀਤਕ ਚਿੰਤਨ ਦੇ ਪੂਰੇ ਇਤਿਹਾਸ ਵਿਚ ਰਾਜ ਦੇ ਸੰਕਲਪ ਪ੍ਰਤੀ ਸੰਪੂਰਣ ਰੂਪ ਵਿਚ ਕਿਸੇ ਆਮ ਸਹਿਮਤੀ ਤੇ ਨਹੀਂ ਪਹੁੰਚਿਆ ਜਾ ਸਕਿਆ। ਵਿਚਾਰਾਂ ਵਿਚ ਭਿੰਨਤਾ ਕਾਰਣ ਰਾਜ ਦੇ ਕਿਸੇ ਸਰਬ ਪਰਵਾਨਿਤ ਨਿਸ਼ਚਿਤ ਸੰਕਲਪ ਨੂੰ ਉਲੀਕਣਾ ਸੰਭਵ ਨਹੀਂ। ਰਾਜਨੀਤਿਕ ਵਿਚਾਰਾਂ ਦੇ ਪ੍ਰਵਾਹ ਵਿਚ ਇਹ ਵੇਖਿਆ ਜਾ ਸਕਦਾ ਹੈ ਕਿ ਕੁਝ ਵਿਚਾਰਕਾਂ ਨੇ ਧਰਮ ਅਤੇ ਨੈਤਿਕਤਾ ਨੂੰ ਰਾਜ ਨਾਲੋਂ ਅਨਿਖੜਵਾਂ ਦਸਿਆ ਹੈ ਅਤੇ ਕੁਝ ਅਨੁਸਾਰ ਧਰਮ ਅਤੇ ਨੈਤਿਕਤਾ ਦਾ ਰਾਜ ਨਾਲ ਦੂਰ ਦਾ ਵਾਸਤਾ ਵੀ ਨਹੀਂ। ਕਈ ਵਿਚਾਰਕਾਂ ਨੇ ਰਾਜ ਸੱਤਾ ਨੂੰ ਧਰਮ ਦੇ ਸੰਸਥਾਤਮਕ ਰੂਪ ਚਰਚ ਅਤੇ ਉਸਦੇ ਪੋਪ ਅਧੀਨ ਸਾਬਤ ਕੀਤਾ ਹੈ ਅਤੇ ਕਈਆਂ ਨੇ ਰਾਜ ਅਤੇ ਚਰਚ ਦੇ ਖੇਤਰਾਂ ਨੂੰ ਅੱਡੋ ਅੱਡਰਾ ਦਸਦਿਆਂ ਉਹਨਾਂ ਨੂੰ ਇਕ ਦੂਜੇ ਤੋਂ ਸੁਤੰਤਰ ਤਸੱਵਰ ਕੀਤਾ ਹੈ। ਕਈ ਵਿਚਾਰਕ ਰਾਜ ਦੀਆਂ ਅਸੀਮਤ ਤੇ ਨਿਰੰਕੁਸ਼ ਸ਼ਕਤੀਆਂ ਦੇ ਹਾਮੀ ਹਨ ਅਤੇ ਕਈ ਉਸ ਦੀਆਂ ਸ਼ਕਤੀਆਂ ਨੂੰ ਸੰਤੁਲਿਤ ਅਤੇ ਸੀਮਤ ਕਰਨ ਤੇ ਜੋਰ ਦੇਂਦੇ ਹਨ। ਕੁਝ ਵਿਚਾਰਕ ਰਾਜ ਵਿਚ ਵਿਅਕਤੀ ਨੂੰ ਪੂਰਣ ਸੁਤੰਤਰਤਾ ਦੇਣ ਦੇ ਮੁਦਈ ਹਨ ਅਤੇ ਕੁਝ ਵਿਅਕਤੀਗਤ ਸੁਤੰਤਰਤਾ ਉਤੇ ਪਾਬੰਦੀ ਲਾਉਣ ਦੇ ਹੱਕ ਵਿਚ ਹਨ। ਇਸ ਤਰ੍ਹਾਂ ਰਾਜਨੀਤਿਕ ਚਿੰਤਨ ਦੇ ਇਤਿਹਾਸ ਵਿਚ ਜੇ ਇਕ ਪਾਸੇ ਚਰਚ ਦਾ ਰਾਜ ( Theocratic State )ਹੈ ਤਾਂ ਦੂਜੇ ਪਾਸੇ ਧਰਮ ਨਿਰਪੇਖ ਰਾਜ( Secular State ), ਜੇ ਇਕ ਪਾਸੇ ਅਹਸਤਖੇਪ ਦੀ ਨੀਤੀ ਵਾਲੇ ਰਾਜ ( State of 'laissez-faire' Policy )ਦਾ ਸੰਕਲਪ ਹੈ ਤਾਂ ਦੂਜੇ ਪਾਸੇ ਕਲਿਆਣਕਾਰੀ ਰਾਜ (Welfare state )ਦਾ ਸੰਕਲਪ, ਜੇ ਇਕ ਪਾਸੇ ਸਮਗ੍ਰ ਰਾਜ ( totalitarian state ) ਦਾ ਵਿਚਾਰ ਹੈ ਤਾਂ ਦੂਜੇ ਪਾਸੇ ਰਾਜ ਹੀਨ ਸਮਾਜ (Stateless society)

ਸਥਾਪਿਤ ਕਰਨ ਦੀ ਧਾਰਣਾ ਮੌਜੂਦ ਹੈ।

## ਭਾਰਤੀ ਪਰੰਪਰਾ ਵਿਚ ਰਾਜ ਦਾ ਸੰਕਲਪ

ਇਥੇ ਭਾਰਤੀ ਪਰੰਪਰਾ ਵਿਚੋ ਉਜਾਗਰ ਹੁੰਦੇ ਰਾਜ ਦੇ ਸੰਕਲਪ ਦਾ ਵੀ ਸੰਖੇਪ ਵਿਚ ਜਿਕਰ ਕਰ ਨਾ ਉਚਿਤ ਹੋਵੇਗਾ। ਵੈਦਿਕ ਕਾਲ ਤੋ ਲੈ ਕੇ ਮੁਗਲ ਸ਼ਾਸਨ ਦੀ ਸਥਾਪਨਾ ਤਕ ਦੇ ਅਧਿਐਨ ਨਾਲ ਭਾਰਤੀ ਪਰੰਪਰਾ ਵਿਚਲੇ ਰਾਜ ਦੇ ਸੰਕਲਪ ਨੂੰ ਨਿਸਚਿਤ ਕੀਤਾ ਜਾ ਸਕਦਾ ਹੈ। ਪ੍ਰਮੁਖ ਤੌਰ ਤੇ ਪ੍ਰਾਚੀਨ ਭਾਰਤੀ ਗ੍ਰੰਥਾਂ ਵਿਚੋ ਰਾਜ ਬਾਰੇ ਬੜੀ ਸੁਚਜੀ ਅਤੇ ਵਿਵਸਥਿਤ ਜਾਣਕਾਰੀ ਉਪਲਬਧ ਹੁੰਦੀ ਹੈ। ਰਿਗਵੇਦ, ਮੰਨੂ ਸਮ੍ਰਿਤੀ, ਪੁਰਾਣ, ਰਾਮਾਇਣ, ਮਹਾਭਾਰਤ, ਸੁਕਰਨੀਤੀ, ਕੌਟਿਲਆ ਦਾ ਅਰਥ ਸ਼ਾਸਤਰ ਆਦਿ ਪੁਰਾਤਨ ਭਾਰਤੀ ਗ੍ਰੰਥ ਰਾਜ ਬਾਰੇ ਪੂਰੀ ਤਰ੍ਹਾਂ ਸੁਚੇਤ ਹਨ ਅਤੇ ਇਕ ਸੁਚਜੇ ਰਾਜ ਦਾ ਸੰਕਲਪ ਪ੍ਰਸਤੁਤ ਕਰਨ ਵੱਲ ਰੁਚਿਤ ਹਨ। ਇਹਨਾਂ ਗ੍ਰੰਥਾਂ ਵਿਚੋਂ ਪ੍ਰਾਪਤ ਜਾਣਕਾਰੀ ਦੇ ਆਧਾਰ ਤੇ ਰਾਜ ਦੇ ਸੰਕਲਪ ਦੀਆਂ ਕੁਝ ਸਾਂਝੀਆਂ ਅਤੇ ਸਮਾਨ ਵਿਸ਼ੇਸ਼ਤਾਵਾਂ ਉਭਰ ਕੇ ਸਾਹਮਣੇ ਆਉਂਦੀਆਂ ਹਨ। ਕੁਝ ਅਪਵਾਦਾਂ ਨੂੰ ਜੇ ਨਜਰਅੰਦਾਜ ਕਰ ਦਿਤਾ ਜਾਵੇ ਤਾਂ ਭਾਰਤੀ ਪਰੰਪਰਾ ਦੇ ਰਾਜ ਦੇ ਸੰਕਲਪ ਦੀਆਂ ਵਿਸ਼ੇਸਤਾਵਾਂ ਦਰਸਾਉਣ ਵਾਲੇ ਤਥ ਇਸ ਪ੍ਰਕਾਰ ਹਨ।

(1) ਭਾਰਤੀ ਪਰੰਪਰਾ ਵਿਚ ਰਾਜ ਨੂੰ ਧਰਮ ਉਤੇ ਆਧਾਰਿਤ ਮੰਨਿਆ ਗਿਆ ਹੈ ਅਤੇ ਰਾਜਨੀਤਿਕ ਸਿਧਾਂਤਾਂ ਦਾ ਵਿਕਾਸ ਧਰਮ ਦੇ ਅੰਗ ਦੇ ਰੂਪ ਵਿਚ ਹੋਇਆ ਹੈ। ਅਸਲ ਵਿਚ ਭਾਰਤੀ ਪਰੰਪਰਾ ਦੀ ਵਿਸ਼ਵ ਨੂੰ ਇਹ ਵਡਮੁਲੀ ਦੇਣ ਹੈ ਕਿ ਉਸ ਵਿਚ ਰਾਜਨੀਤੀ ਅਤੇ ਧਰਮ ਨੂੰ ਇਕ ਦੂਜੇ ਤੋ ਪ੍ਰਥਕ ਨਹੀਂ ਕੀਤਾ ਗਿਆ। ਵੇਦਾਂ ਵਿਚ ਰਾਜੇ ਦੀ ਚੋਣ ਵਿਚ ਰਿਸ਼ੀ ਅਰਥਾਤ ਧਰਮ ਆਗੂ ਦੀ ਪਰਵਾਨਗੀ ਨੂੰ ਜਰੂਰੀ ਦਸਿਆ ਗਿਆ ਹੈ।[1] ਵੈਦਿਕ ਸਾਹਿਤ ਰਾਜਾ ਅਤੇ ਪ੍ਰਜਾ ਸਾਰਿਆਂ ਨੂੰ ਧਰਮ ਦੀ ਪ੍ਰਭੁਤਾ ਅਧੀਨ ਵਿਚਰਨ ਦਾ ਨਿਰਦੇਸ਼ ਦੇਂਦਾ ਹੈ।

---

1- Das, Abinas Chandra, RG Vedic Culture, P-307

ਜਿਹੜਾ ਰਾਜਾ ਧਰਮ ਵਿਰੁਧ ਕਾਰਜ ਕਰਦਾ ਹੈ ਉਸ ਨੂੰ ਨਰਕ ਭੋਗਣਾ ਪੈਂਦਾ ਹੈ।[1] ਮਨੂ ਸਮ੍ਰਿਤੀ ਵਿਚ ਕਿਹਾ ਗਿਆ ਹੈ ਰਾਜਾ ਪ੍ਰਤੀਦਿਨ ਸਵੇਰੇ ਉਠ ਕੇ ਬ੍ਰਾਹਮਣਾਂ ਦੀ ਸੇਵਾ ਕਰੇ ਅਤੇ ਉਹਨਾਂ ਦੇ ਸ਼ਾਸਨ ਵਿਚ ਰਹੇ।[2] ਪੁਰਾਣ ਸਾਹਿਤ ਅਨੁਸਾਰ ਰਾਜ ਦਾ ਅਧਾਰ ਧਰਮ ਹੈ ਅਤੇ ਧਰਮ, ਸੱਚ ਹੈ।[3] ਬਾਲਮੀਕ ਦੀ ਰਾਮਾਇਣ ਦਾ ਰਾਮ-ਰਾਜ ਵੀ ਧਰਮ ਉਤੇ ਆਧਾਰਿਤ ਹੈ ਅਤੇ ਉਸ ਨੇ ਰਾਜਾ ਰਾਮ ਨੂੰ ਧਰਮ ਦਾ ਰਾਜ ਕਾਇਮ ਕਰਨ ਵਾਲਾ ਦਸਿਆ ਹੈ। ਰਾਮ ਦੇ ਰਾਜ ਵਿਚ ਸਾਰੀ ਪ੍ਰਜਾ ਧਰਮ ਦੀ ਅਨੁਯਾਈ ਸੀ ਅਤੇ ਸੱਚ ਦੇ ਮਾਰਗ ਤੇ ਚਲਣ ਵਾਲੀ ਸੀ।[4] ਰਾਮਾਇਣ ਅਨੁਸਾਰ ਰਾਜਾ ਸਚ ਅਤੇ ਧਰਮ ਦਾ ਰੂਪ ਹੈ।[5] ਮਹਾਭਾਰਤ ਦੇ ਸਾਂਤੀਪਰਵ ਵਿਚ ਰਾਜਾ ਨੂੰ ਧਰਮ ਅਨੁਸਾਰ ਆਚਰਣ ਕਰਨ ਦੀ ਪ੍ਰੇਰਣਾ ਦਿਤੀ ਗਈ ਹੈ। ਧਰਮ ਦਾ ਆਚਰਣ ਨਾ ਕਰਨ ਵਾਲੇ ਰਾਜਾ ਦਾ ਧਰਮ, ਅਰਥ ਤੇ ਪੁਰਸਾਰਥ ਸਾਥ ਛੱਡ ਦੇਂਦੇ ਹਨ ਅਤੇ ਉਸ ਦੀ ਸ਼ਕਤੀ ਖਤਮ ਹੋ ਜਾਂਦੀ ਹੈ। ਧਰਮ ਅਨੁਸਾਰ ਸ਼ਾਸਨ ਕਰਨ ਵਾਲੇ ਰਾਜਾ ਦਾ ਰਾਜ ਦੀਰਘ ਕਾਲ ਤਕ ਕਾਇਮ ਰਹਿੰਦਾ ਹੈ ਕਿਉਂਕਿ ਰਾਜਾ ਉਪਰ ਧਰਮ ਸਥਿਤ ਹੈ।[6] ਰਾਜਾ ਲਈ ਸਭ ਤੋਂ ਵਡਾ ਧਰਮ ਉਪਦੇਸ਼ ਇਹੋ ਹੈ ਕਿ ਉਹ ਸਦਾ ਵਿਦਵਾਨ ਬ੍ਰਾਹਮਣਾਂ ਦੇ ਸੱਤ ਪਰਾਮਰਸ਼ ਉਤੇ ਚਲਦਿਆਂ ਉਹਨਾਂ ਦੀ ਸੇਵਾ ਕਰੇ।[7] ਸ਼ੁਕਰਨੀਤੀ ਅਨੁਸਾਰ ਰਾਜਾ ਦਾ

- - - - - - - - - - - - - - - - - - - - - - - - - - - - - - - - - - - -

1- ਪਰਮਾਤਮਾ ਸ਼ਰਣ, ਪ੍ਰਾਚੀਨ ਭਾਰਤ ਮੇਂ ਰਾਜਨੀਤਿਕ ਵਿਚਾਰ ਏਵੰ ਸੰਸਥਾਏਂ, ਪੰਨਾ 80

2- ਓਹੀ, ਪੰਨਾ 207

3- "Basis of State is Dharma and dharma is truth". -Prakash, Om, Political Ideas in the Puranas, P-59

4- ਬਾਲਮੀਕ ਰਾਮਾਇਣ, ਯੁਧ ਕਾਂਡ (ਸਰਗ-131) ਪੰਨਾ 517-518

5- ਓਹੀ, ਪੰਨਾ 410

6- ਵਿਦਿਆਲੰਕਾਰ, ਡਾ: ਸੁਮੇਧਾ, ਮਹਾਭਾਰਤ ਮੇਂ ਸਾਂਤੀਪਰਵ ਕਾ ਆਲੋਚਨਾਤਮਕ ਅਧਿਐਨ, ਪੰਨਾ 85

7- ਓਹੀ, ਪੰਨਾ 85

ਧਰਮ -ਗੁਰੂ ਹੋਣਾ ਜ਼ਰੂਰੀ ਹੈ। ਇਸ ਨਾਲ ਰਾਜਾ ਭਟਕਦਾ ਨਹੀਂ ਅਤੇ ਉਸਦੇ ਗਿਆਨ ਵਿਚ ਵਧਾ ਹੁੰਦਾ ਹੈ।[1] ਕੌਟਿਲਆ ਦੇ ਅਰਥਸਾਸਤਰ ਵਿਚ ਰਾਜ ਨੂੰ ਧਰਮ ਨਾਲ ਜੋੜਿਆ ਗਿਆ ਹੈ। ਕੌਟਿਲਆ ਨੇ ਧਰਮ ਨੂੰ ਰਾਜਾ ਦੀ ਅੰਤਰਿਕ ਨੀਤੀ ਨਿਰਧਾਰਤ ਕਰਨ ਅਤੇ ਬਾਹਰੀ ਸ਼ਤਰੂਆਂ ਤੋਂ ਬਚਾਓ ਲਈ ਉਪਯੋਗੀ ਦਸਿਆ ਹੈ। ਕੌਟਿਲਅ ਨੇ ਧਰਮ ਨੂੰ ਰਾਜਾ ਉਤੇ ਅੰਕੁਸ਼ ਲਾਉਣ ਵਾਲੀ ਸੰਸਥਾ ਦੀ ਥਾਂ ਤੇ ਰਾਜ ਦੀ ਕਾਰ ਵਿਹਾਰ ਵਿਚ ਸਹਿਯੋਗ ਦੇਣ ਵਾਲੀ ਅਤੇ ਰਾਜ ਨੂੰ ਸੁਦ੍ਰਿੜ ਬਣਾਉਣ ਵਾਲੀ ਸੰਸਥਾ ਮੰਨਿਆ ਹੈ।[2] ਰਾਜ ਵਿਚ ਰਾਜ-ਪੁਰੋਹਿਤ ਦੀ ਨਿਯੁਕਤੀ, ਉਸ ਨੂੰ ਸਭ ਤੋਂ ਉੱਚਾ ਵੇਤਨ ਦੇਣਾ ਅਤੇ ਉਸ ਨੂੰ ਵਿਸ਼ੇਸ਼ ਅਧਿਕਾਰਾਂ ਦਾ ਧਾਰਣੀ ਬਣਾਉਣਾ, ਕੌਟਿਲਅ ਦੇ ਅਰਥ ਸਾਸਤਰ ਵਿਚ ਰਾਜ ਅਤੇ ਧਰਮ ਦੀ ਸਾਂਝ ਦੇ ਪ੍ਰਤੀਕ ਹਨ।[3] ਕੌਟਿਲਅ ਅਨੁਸਾਰ ਗੁਰੂ ਜਨ ਅਤੇ ਧਰਮ ਆਚਾਰੀਆ ਨੂੰ ਰਾਜਾ ਦੀ ਮਰਿਆਦਾ ਨਿਰਧਾਰਿਤ ਕਰਨੀ ਚਾਹੀਦੀ ਹੈ। ਇਕ ਪਹੀਏ ਦੀ ਗੱਡੀ ਦੀ ਤਰ੍ਹਾਂ ਰਾਜ ਦਾ ਕਾਰਜ ਬਿਨਾਂ ਸਹਾਇਤਾ ਅਤੇ ਸਹਿਯੋਗ ਦੇ ਨਹੀਂ ਚਲ ਸਕਦਾ, ਇਸ ਲਈ ਰਾਜਾ ਯੋਗ ਧਰਮ ਆਗੂਆਂ ਦੀ ਨਿਯੁਕਤੀ ਕਰਕੇ ਉਹਨਾਂ ਦੀ ਸਲਾਹ ਨੂੰ ਹਿਰਦੇ ਵਿਚ ਗ੍ਰਹਿਣ ਕਰੇ।[4]

(2) ਭਾਰਤੀ ਪਰੰਪਰਾ ਅਨੁਸਾਰ ਰਾਜ, ਸਮਾਜਿਕ ਜੀਵਨ ਲਈ ਪਰਮ ਆਵਸ਼ਕ ਅਤੇ ਉਪਯੋਗੀ ਸੰਸਥਾ ਹੈ। ਰਾਜ ਤੋਂ ਬਿਨਾਂ ਮਨੁਖ ਦੇ ਸਮਾਜੀ ਜੀਵਨ ਦੀ ਹੋਂਦ ਖਤਰੇ ਵਿਚ ਪੈ ਜਾਂਦੀ ਹੈ। ਰਾਜ ਦੀ ਅਣਹੋਂਦ ਵਿਚ ਅਰਾਜਕਤਾ ਦੀ ਅਵਸਥਾ ਹੋ ਜਾਂਦੀ ਹੈ ਅਤੇ ਇਹ ਅਵਸਥਾ ਅਤਿ ਭਿਆਨਕ ਹੁੰਦੀ ਹੈ। ਪ੍ਰਾਚੀਨ ਗ੍ਰੰਥਾਂ ਵਿਚ ਰਾਜ ਦੀ ਅਨਿਵਾਰਿਅਤਾ ਅਤੇ ਰਾਜ

---

1- The Sukraniti,(Translated by Prof.Benoy Kumar Sarkar)P-2

2- ਸ਼ਰਮਾ, ਡਾ: ਰਾਮ ਸ਼ਰਣ, ਪ੍ਰਾਚੀਨ ਭਾਰਤੀ ਰਾਜਨੀਤਿਕ ਵਿਚਾਰ ਐਵੰ ਸੰਸਥਾਏ, ਪੰ: 185

3- ਓਹੀ, ਪੰਨਾ 187-88

4- ਕੌਟਿਲਅ, ਅਰਥ ਸ਼ਾਸਤਰ, (ਵਿਆਖਿਆਕਾਰ-ਵਾਚਸਪਤਿ ਗੈਰੋਲਾ) ਪੰਨਾ 24

ਦੇ ਅਭਾਵ ਨਾਲ ਪੈਦਾ ਹੋਣ ਵਾਲੀ ਅਰਾਜਕਤਾ ਦੀ ਦੁਖਦ ਅਵਸਥਾ ਦਾ ਵਰਣਨ ਮਿਲਦਾ ਹੈ। ਇਕ ਗਲ ਧਿਆਨ ਵਿਚ ਰਖਣ ਵਾਲੀ ਹੈ ਕਿ ਇਹਨਾਂ ਗ੍ਰੰਥਾਂ ਵਿਚ ਆਮ ਤੌਰ ਤੇ ਰਾਜ ਅਤੇ ਰਾਜਾ ਨੂੰ ਸਮਾਨ ਅਰਥਾਂ ਵਿਚ ਵਰਤਿਆ ਗਿਆ ਹੈ। ਰਿਗਵੇਦ ਅਨੁਸਾਰ ਰਾਜਾ ਤੋਂ ਬਿਨਾਂ ਸਮਾਜ ਵਿਚ ਏਕਤਾ ਨਹੀਂ ਰਹਿੰਦੀ।[1] ਮੰਨੂ ਸਮ੍ਰਿਤੀ ਦਾ ਮਤ ਹੈ ਰਾਜ ਵਿਹੂਣੀ ਸਥਿਤੀ ਵਿਚ ਵਿਅਕਤੀ ਡਰ ਕਾਰਣ ਅਸਤ ਸੀ।[2] ਪੁਰਾਣ ਸਾਹਿਤ ਵਿਚ ਰਾਜ ਦੀ ਅਣਹੋਂਦ ਦੀ ਸਥਿਤੀ ਨੂੰ 'ਮੱਤਸਯਨਿਆਯਾ' ਵਜੋਂ ਦਰਸਾਇਆ ਗਿਆ ਹੈ।[3] ਮੱਤਸਯਨਿਆਯਾ ਤੋਂ ਭਾਵ ਹੈ ਕਿ ਜਿਸਤਰਾਂ ਸਮੁੰਦਰ ਵਿਚ ਹਰ ਵੱਡੀ ਮਛਲੀ ਆਪਣੇ ਤੋਂ ਛੋਟੀ ਮਛਲੀ ਨੂੰ ਖਾ ਜਾਂਦੀ ਹੈ ਉਸੇ ਪ੍ਰਕਾਰ ਰਾਜਾ ਬਿਨਾਂ ਹਰ ਸ਼ਕਤੀਸ਼ਾਲੀ ਵਿਅਕਤੀ ਕਮਜ਼ੋਰ ਵਿਅਕਤੀ ਦਾ ਸ਼ੋਸਣ ਕਰਦਾ ਹੈ। ਮੱਤਸਯ ਪੁਰਾਣ ਅਨੁਸਾਰ ਰਾਜ ਸੱਤਾ ਤੋਂ ਬਿਨਾਂ ਮਨੁਖਾਂ ਦੇ ਹਿਤਾਂ ਦੀ ਰਖਿਆ ਨਹੀਂ ਕੀਤੀ ਜਾ ਸਕਦੀ। ਤਾਕਤਵਰ ਕਮਜ਼ੋਰ ਦਾ ਹੱਕ ਮਾਰ ਲੈਂਦੇ ਹਨ ਜਿਸਤਰ੍ਹਾਂ ਵਡੀ ਮਛਲੀ ਛੋਟੀ ਨੂੰ ਖਾ ਜਾਂਦੀ ਹੈ। ਸਾਰੇ ਜੀਅਜੰਤ ਆਪਣੇ ਨਿਰਧਾਰਿਤ ਦਾਇਰੇ ਤੋੜ ਦੇਂਦੇ ਹਨ।[4] ਬਾਲਮੀਕ ਦੀ ਰਾਮਾਇਣ ਵਿਚ ਰਾਜ ਸੱਤਾ ਨੂੰ ਬਹੁਤ ਅਵਸ਼ਕ ਦਸਿਆ ਹੈ।

- - - - - - - - - - - - - - - - - - - - - - - - - - - - - - - - - - -

1- ਰੇਓ, ਪੰਡਿਤ ਵਿਸ਼ਵੇਸ਼ਵਰਨਾਥ, ਰਿਗ ਵੇਦ ਪਰ ਏਕ ਇਤਿਹਾਸਿਕ ਦ੍ਰਿਸ਼ਟੀ, ਪੰ: 212.

2- Aiyangar, K.Y. Rangaswami, Aspects of the Social and Political system of Manusmrti, P-172

3- Prakash, Om, Political Ideas in the Puranas, P-42.

4- "Matsya PuranaStates that in case danda(coercive authority)does not protect the children,aged,afflicted, sages,'dvijas' and women including the widows,would all he devoured by the strong,like big fishes swallowing up the smaller ones; and the gods, demons,serpents, birds and other creatures would break their respective bounds."

-Ibid,P-42

ਰਾਜਾ ਦਸਰਥ ਦੀ ਮੌਤ ਤੋਂ ਬਾਅਦ ਦਾ ਵਰਣਨ ਕਰਦਿਆਂ ਬਾਲਮੀਕ ਨੇ ਰਾਜਾ ਰਹਿਤ ਜਨਪਦ ਦੀ ਦੁਰਦਸ਼ਾ ਦਸੀ ਹੈ। ਉਸ ਅਨੁਸਾਰ ਰਾਜਾ ਰਹਿਤ ਰਾਸ਼ਟਰ ਵਿਨਾਸ਼ ਵਲ ਤੁਰ ਪੈਂਦਾ ਹੈ, ਉਥੇ ਮੇਘ ਜਲ ਬਰਸਾ ਕੇ ਧਰਤੀ ਨਹੀਂ ਸਿੰਜਦਾ, ਖੇਤੀਬਾੜੀ ਅਛੀ ਨਹੀਂ ਹੁੰਦੀ; ਪੁਤਰ, ਪਿਤਾ ਦੇ ਵਸ ਨਹੀਂ ਰਹਿੰਦਾ, ਪਤਨੀ, ਪਤੀ ਦੀ ਆਗਿਆ ਵਿਚ ਨਹੀਂ ਰਹਿੰਦੀ, ਆਤੰਕ ਦਾ ਬੋਲਬਾਲਾ ਹੁੰਦਾ ਹੈ, ਵਿਵਹਾਰ ਵਿਚ ਸਚ ਮੁੱਕ ਜਾਂਦਾ ਹੈ ਅਤੇ ਸ਼ੁਭ ਅਸ਼ੁਭ ਕੰਮਾਂ ਦੇ ਨਿਰਣੇ ਲਈ ਲੋਗ ਸਭਾ ਨਹੀਂ ਕਰਦੇ। ਰਾਜਹੀਨ ਰਾਸ਼ਟਰ ਵਿਚ ਔਢੇ ਯੱਗ ਨਹੀਂ ਹੁੰਦੇ, ਉਤਸਵ ਨਹੀਂ ਮਨਾਏ ਜਾਂਦੇ, ਕਥਾ-ਵਾਰਤਾ, ਗਾਇਨ, ਵਾਦਨ, ਨ੍ਰਿਤ ਦੇ ਕਾਰਜਕ੍ਰਮ ਨਹੀਂ ਹੁੰਦੇ। ਐਸੀ ਸਥਿਤੀ ਵਿਚ ਲੋਕਾਂ ਵਿਚ ਭੈ ਅਤੇ ਅਸੁਰੱਖਿਆ ਫੈਲ ਜਾਂਦੀ ਹੈ।[1] ਮਹਾਂਭਾਰਤ ਵਿਚ ਕਿਹਾ ਗਿਆ ਹੈ ਕਿ ਸ਼ਾਸਨਹੀਨ ਰਾਸ਼ਟਰ ਵਿਚ ਨਾ ਧਰਮ ਹੁੰਦਾ ਹੈ ਅਤੇ ਨਾ ਜੀਵਨ ਅਤੇ ਸੰਪਤੀ ਦੀ ਸੁਰਖਿਆ, ਇਸ ਲਈ ਰਾਜ ਅਤਿ ਜ਼ਰੂਰੀ ਹੈ।[2] ਕੌਟਿਲਯ ਦੇ ਅਰਥ ਸ਼ਾਸਤਰ ਅਨੁਸਾਰ ਰਾਜ ਅਤਿ ਆਵਸ਼ਕ ਸੰਸਥਾ ਹੈ। ਰਾਜ ਦੀ ਉਤਪਤੀ ਤੋਂ ਪਹਿਲਾਂ ਬਲਸ਼ਾਲੀ ਬਲਹੀਨ ਨੂੰ ਸਤਾਉਂਦੇ ਸਨ।[3]

(3) ਪ੍ਰਾਚੀਨ ਭਾਰਤੀ ਗ੍ਰੰਥ ਰਾਜ ਨੂੰ ਦੈਵੀ ਸੰਸਥਾ ਮੰਨਦੇ ਹਨ ਅਤੇ ਰਾਜਾ ਵਿਚ ਦੈਵੀ ਗੁਣਾਂ ਦਾ ਸਮਾਵੇਸ਼ ਦਰਸਾਉਂਦੇ ਹਨ। ਏਤਰੇਵ ਬ੍ਰਾਹਮਣ ਅਨੁਸਾਰ ਰਾਜਾ ਪਰਮਾਤਮਾ ਦਾ ਅੰਸ਼ ਹੈ। ਮੰਨੂ ਸਮ੍ਰਿਤੀ ਦਸਦੀ ਹੈ ਕਿ ਡਰ ਅਤੇ ਅਰਾਜਕਤਾ ਖਤਮ ਕਰਨ ਲਈ ਅਤੇ

- - - - - - - - - - - - - - - - - - - - - - - - - - - - - - - -

1- ਬਾਲਮੀਕ ਰਮਾਇਣ, ਅਯੋਧਿਆ ਕਾਂਡ, (ਸਰਗ-67) ਪੰਨਾ 408-409

2- ਵਿਦਿਆਲੰਕਾਰ, ਡਾ:ਸੁਮੇਧਾ, ਮਹਾਂਭਾਰਤ ਮੇਂ ਸ਼ਾਂਤਿਪਰਵ ਕਾ ਆਲੋਚਨਾਤਮਕ ਅਧਿਐਨ, ਪੰਨਾ 84

3- Parmar, Dr. Aradhana, Techniques of State Craft. -A Study of Kautilya's Arthasastra, P, 23-24

4- ਪਰਮਾਤਮਾਸ਼ਰਣ, ਪ੍ਰਾਚੀਨ ਭਾਰਤ ਮੇਂ ਰਾਜਨੀਤਿਕ ਵਿਚਾਰ ਏਵੰ ਸੰਸਥਾਏਂ, ਪੰ:75

ਲੋਕਾਂ ਨੂੰ ਸੁਰਖਿਆ ਪ੍ਰਦਾਨ ਕਰਨ ਲਈ ਰਬ ਨੇ ਰਾਜਾ ਦੀ ਰਚਨਾ ਕੀਤੀ।[1] ਪੁਰਾਣਾਂ ਦਾ ਮਤ ਹੈ ਕਿ ਵਿਆਕੁਲ ਅਤੇ ਦੁਰਬਲ ਲੋਕਾਂ ਨੂੰ ਸਹਾਰਾ ਦੇਣ ਲਈ ਬ੍ਰਹਮਾ ਜੀ ਨੇ ਰਾਜ ਸਥਾਪਿਤ ਕੀਤਾ ਸੀ। ਅਸਲ ਵਿਚ ਰਾਜ ਰਬੀ ਹੁਕਮ ਵਿਚ ਕਾਇਮ ਹੋਈ ਸੰਸਥਾ ਹੈ।[2] ਰਾਮਾਇਣ ਵਿਚ ਰਾਜਾ ਨੂੰ ਈਸ਼ਵਰ ਦਾ ਅਵਤਾਰ ਮੰਨਿਆ ਹੈ। ਬਾਲਮੀਕ ਦੀ ਰਾਮਾਇਣ ਵਿਚ ਕਈ ਥਾਵਾਂ ਤੇ ਸੰਕੇਤ ਕੀਤਾ ਗਿਆ ਹੈ ਕਿ ਅਯੋਧਿਆ ਦੇ ਰਾਜਾ ਰਾਮ ਰਬੀ ਅਵਤਾਰ ਹਨ।[3] ਮਹਾਂਭਾਰਤ ਵਿਚ ਵੀ ਰਾਜ ਨੂੰ ਦੈਵੀ ਸੰਸਥਾ ਦਸਿਆ ਹੈ। ਉਸ ਅਨੁਸਾਰ ਅਰਾਜਕਤਾ ਦਾ ਅੰਤ ਕਰਕੇ ਸਮਾਜ ਵਿਵਸਥਾ ਸਥਾਪਿਤ ਕਰਨ ਲਈ ਬ੍ਰਹਮਾ ਜੀ ਨੇ ਇਕ ਸ਼ਾਸਤਰ ਦੀ ਰਚਨਾ ਕੀਤੀ ਅਤੇ ਪ੍ਰਿਥਵੀ ਉਤੇ ਰਾਜਾ ਨਿਯੁਕਤ ਕੀਤਾ।[4] ਮਹਾਂਭਾਰਤ ਵਿਚ ਰਾਜ ਦੇ ਦੈਵੀ ਮੂਲ ਅਤੇ ਰਾਜਾ ਦੇ ਦੈਵੀ ਅਧਿਕਾਰਾਂ ਦਾ ਉਲੇਖ ਵੀ ਮਿਲਦਾ ਹੈ।[5] ਸ਼ਾਂਤੀਪਰਵ ਵਿਚ ਦਸਿਆ ਗਿਆ ਹੈ ਕਿ ਰਾਜਾ ਇਕ ਮਹਾਨ ਦੇਵ ਹੈ ਜਿਹੜਾ ਮਨੁਖ ਰੂਪ ਵਿਚ ਅਵਤਰਿਤ ਹੋਇਆ ਹੈ।[6]

- - - - - - - - - - - - - - - - - - - - - - - - - - - - - - - -

1- "The Supreme Being (Prabhu), finding that for want of Government (arajaka) every one in the world was disturbed by fear, created theKing for the protection of all in the world."
-Aiyangar, K.V. Rangaswami, Aspects of the Social and Political system of Manusmrti, P-172.

2- "Puranic State are conceived as having been introduced by Brahama among the confused and a hungry people to sustain them. State is, thus a divinely, ordained institution according to the Puranas."
-Prakash, Om, Political Ideas in the Puranas, P.48-49

3- ਪਰਮਾਤਮਾਸ਼ਰਣ, ਪ੍ਰਾਚੀਨ ਭਾਰਤ ਮੇਂ ਰਾਜਨੀਤਿਕ ਵਿਚਾਰ ਔਰ ਸੰਸਥਾਏਂ, ਪੰਨਾ 99

4- ਓਹੀ, ਪੰਨਾ 119

5- ਵਿਦਿਆਲੰਕਾਰ, ਡਾ: ਸੁਮੇਧਾ, ਮਹਾਂਭਾਰਤ ਮੇਂ ਸ਼ਾਂਤੀਪਰਵ ਕਾ ਆਲੋਚਨਾਤਮਕ ਅਧਿਐਨ, ਪੰ: 84

6- ਮਹਾਂਭਾਰਤ, ਤੀਜਾ ਖੰਡ, (ਸ਼ਾਂਤੀ ਪਰਵ) ਪੰਨਾ 2079

ਕੌਟਿਲਯ ਦੇ ਅਰਥਸ਼ਾਸਤਰ ਵਿਚ ਭਾਵੇ ਰਾਜ ਦੀ ਉਤਪਤੀ ਇਕ ਸਮਝੌਤੇ ਦੇ ਨਤੀਜੇ ਵਜੋਂ ਹੋਈ ਮੰਨੀ ਹੈ ਪਰ ਉਸ ਵਿਚ ਰਾਜ ਨੂੰ ਰਬੀ ਸੰਸਥਾ ਮੰਨਿਆ ਗਿਆ ਹੈ ਅਤੇ ਰਾਜੇ ਦੀ ਸੱਤਾ ਪਿਛੇ ਰਬੀ ਸਵੀਕ੍ਰਿਤੀ ਦੀ ਮੌਜੂਦਗੀ ਦਸੀ ਗਈ ਹੈ।[1]

(4) ਆਮ ਤੌਰ ਤੇ ਭਾਰਤੀ ਪਰੰਪਰਾ ਰਾਜ ਦੇ ਰਾਜਤੰਤ੍ਰੀ ਸਰੂਪ ਨੂੰ ਹੀ ਸਵੀਕਾਰਦੀ ਹੈ ਅਤੇ ਰਾਜਤੰਤ੍ਰੀ ਵਿਵਸਥਾ ਨੂੰ ਹੀ ਪ੍ਰਾਚੀਨ ਭਾਰਤੀ ਗ੍ਰੰਥਾਂ ਵਿਚ ਵੀ ਦਰਸਾਇਆ ਗਿਆ ਹੈ। ਅਸਲ ਵਿਚ ਰਾਜਤੰਤ੍ਰ ਹੀ ਭਾਰਤ ਵਿਚ ਵਿਵਸਥਿਤ ਸ਼ਾਸਨ ਦਾ ਪ੍ਰਾਚੀਨਤਮ ਰੂਪ ਸੀ। ਰਿਗ ਵੇਦ ਵਿਚ ਰਾਜ ਤੰਤ੍ਰ ਨੂੰ ਪ੍ਰਚਲਿਤ ਅਤੇ ਆਮ ਸ਼ਾਸਨ ਵਿਵਸਥਾ ਮੰਨਿਆ ਗਿਆ ਹੈ। ਰਾਜ-ਤੰਤ੍ਰ ਵੈਦਿਕ ਕਾਲ ਦੀ ਪ੍ਰਮੁਖ ਸ਼ਾਸਨ ਵਿਵਸਥਾ ਸੀ ਅਤੇ ਰਾਜਾ ਦਾ ਪਦ ਅਤਿ ਸਨਮਾਨਿਤ ਅਤੇ ਸਰਵੋਚ ਹੁੰਦਾ ਸੀ।[2]

ਵੈਦਿਕ ਕਾਲ ਦੇ ਅੰਤਿਮ ਚਰਣ ਵਿਚ ਗਣਤੰਤ੍ਰ ਦੇ ਵਿਕਾਸ ਦੇ ਵੀ ਸਬੂਤ ਮਿਲਦੇ ਹਨ ਪਰ ਫਿਰ ਵੀ ਸਾਰੇ ਵੈਦਿਕ ਕਾਲ ਨੂੰ ਜੇ ਵੇਖਿਆ ਜਾਵੇ ਤਾਂ ਰਾਜਤੰਤ੍ਰੀ ਵਿਵਸਥਾ ਹੀ ਪ੍ਰਮੁਖ ਨਜ਼ਰ ਆਉਂਦੀ ਹੈ। ਰਾਮਾਇਣ ਵਿਚ ਬਾਲਮੀਕ ਜੀ ਨੇ ਰਾਜਾ ਨੂੰ ਸਰਵੋਚ ਸ਼ਕਤੀਆਂ ਦਾ ਧਾਰਣੀ ਦਸਿਆ ਹੈ। ਰਾਜ ਹੀ ਸੱਤ ਹੈ, ਧਰਮ ਹੈ; ਰਾਜਾ ਹੀ ਕੁਲਵਾਨਾਂ ਦਾ ਕੁਲ ਹੈ

---

1- "Even in Kautilya's Arthasastra, the state enjoys spiritual sanction and the office of King is compared with the function of the gods. The authority of State is justified on the ground that the state is the consequence of a contract entered in to by the people and the King on the behest of gods."
-Parmar, Dr. Aradhana, Techniques of Statecraft
-A Study of Kautilya's Arthasastra, P-25

2- ਪਰਮਾਤਮਾਸ਼ਰਣ, ਪ੍ਰਾਚੀਨ ਭਾਰਤ ਮੇਂ ਰਾਜਨੀਤਿਕ ਵਿਚਾਰ ਏਵੰ ਸੰਸਥਾਏ, ਪੰਨਾ 337

ਅਤੇ ਰਾਜਾ ਹੀ ਰਾਸ਼ਟਰ ਦੇ ਲੋਕਾਂ ਦਾ ਮਾਤਾ ਪਿਤਾ ਅਤੇ ਪੂਰਣ ਹਿਤਕਾਰੀ ਹੁੰਦਾ ਹੈ।[1] ਮਹਾਂਭਾਰਤ ਗ੍ਰੰਥ ਵੀ ਰਾਜੇ ਦੀ ਸਰਵੋਚਤਾ ਦਾ ਵਰਣਨ ਕਰਦਾ ਹੈ। ਉਸ ਦਾ ਇਹ ਕਥਨ ਮਹਤਵਪੂਰਣ ਹੈ ਕਿ ਸਾਰੇ ਪ੍ਰਾਣੀ ਧਰਮ ਵਿਚ ਸਥਿਤ ਰਹਿੰਦੇ ਹਨ ਅਤੇ ਧਰਮ ਰਾਜਾ ਵਿਚ ਨਿਵਾਸ ਕਰਦਾ ਹੈ।[2] ਇਹ ਠੀਕ ਹੈ ਕਿ ਭਾਰਤੀ ਪਰੰਪਰਾ ਰਾਜਤੰਤ੍ਰ ਦੀ ਸਮਰਥਕ ਹੈ ਪਰ ਇਹ ਰਾਜਤੰਤ੍ਰ ਨਿਰੰਕੁਸ਼ ਨਹੀਂ। ਰਾਜਾ ਦੀ ਸ਼ਕਤੀਆਂ ਉਤੇ ਧਰਮ ਦਾ ਅਤੇ ਲੋਕ ਰਾਇ ਦਾ ਅੰਕੁਸ਼ ਹੈ। ਵੈਦਿਕ ਸਾਹਿਤ ਇਸ ਤਥ ਦਾ ਗਵਾਹ ਹੈ ਕਿ ਰਾਜਾ ਦੀਆਂ ਸ਼ਕਤੀਆਂ ਅਸੀਮ ਨਹੀਂ ਹਨ ਅਤੇ ਰਾਜਾ ਦੀਆਂ ਸ਼ਕਤੀਆਂ ਉਪਰ ਲੋਕ ਰਾਇ ਦਾ ਅੰਕੁਸ਼ ਹੁੰਦਾ ਹੈ।[3] ਰਿਗਵੇਦ ਵਿਚੋਂ ਇਹ ਵੀ ਸਪਸ਼ਟ ਸੰਕੇਤ ਮਿਲਦੇ ਹਨ ਕਿ ਰਾਜਾ ਭਾਵੇਂ ਆਮ ਤੌਰ ਤੇ ਵੰਸ-ਪਰੰਪਰਾ ਦੇ ਆਧਾਰ ਤੇ ਚੁਣਿਆ ਜਾਂਦਾ ਸੀ ਪਰ ਉਸ ਦੀ ਚੋਣ ਦੀ ਪ੍ਰਵਾਨਗੀ 'ਸਭਾ' ਪਾਸੋਂ ਪ੍ਰਾਪਤ ਕਰਨੀ ਆਵਸ਼ਕ ਹੁੰਦੀ ਸੀ।[4] ਸ਼ੁਕਰਨੀਤੀ ਦਾ ਮਤ ਹੈ ਕਿ ਜਿਹੜਾ ਰਾਜਾ ਆਪਣੀਆਂ ਜਿਮੇਵਾਰੀਆਂ ਨਹੀਂ ਨਿਭਾਉਂਦਾ ਉਹ ਨਰਕ ਦਾ ਭਾਗੀ ਹੁੰਦਾ ਹੈ।[5] ਕੌਟਲਿਆ

---

1- ਬਾਲਮੀਕ, ਰਮਾਇਣ, ਅਯੋਧਿਆ ਕਾਂਡ,(ਸਰਗ-67) ਪੰਨਾ 410

2- ਮਹਾਂਭਾਰਤ, ਤੀਜਾ ਖੰਡ, (ਸਾਂਤੀ ਪਰਵ), ਪੰਨਾ 2079

3- "At all events the kingship was no-where absolute but every where limited by the will of the people which made its power felt in assemblies of the nation, the districts and the tribe."
-Kaegi, Adolf, life in ancient India-Studies in Rig Vedic India, P-28

4- Das, Abinas Chandra, RG Vedic Culture, P-308.

5- "The King who does not perform his civic duties well has undoughtedly to rot in the hell."
-The Sukraniti, (transalted by Prof. Benoy Kumar Sarkar), P-183.

ਏ ਅਰਥ ਸਾਸਤਰ ਅਨੁਸਾਰ ਧਰਮ ਅਨੁਸਾਰ ਰਾਜ ਕਰਨਾ ਰਾਜਾ ਦਾ ਨਿਜੀ ਧਰਮ ਹੈ ਅਤੇ ਇਸੇ ਨਾਲ ਉਹ ਸਵਰਗ ਦਾ ਅਨੰਦ ਮਾਣਦਾ ਹੈ। ਪਰ ਇਸਦੇ ਵਿਪਰੀਤ ਜੇ ਰਾਜਾ ਪ੍ਰਜਾ ਦੀ ਰਖਿਆ ਨ ਕਰੇ ਅਤੇ ਦੁਖ ਪਹੁੰਚਾਵੇ ਤਾਂ ਰਾਜਾ ਕਦੇ ਸੁਖੀ ਨਹੀਂ ਰਹਿ ਸਕਦਾ।[1] ਇਸ ਤਰ੍ਹਾਂ ਇਹ ਤਥ ਸਪਸ਼ਟ ਹੈ ਕਿ ਭਾਰਤੀ ਪਰੰਪਰਾ ਜਿਸ ਰਾਜਤੰਤ੍ਰੀ ਵਿਵਸਥਾ ਨੂੰ ਸਵੀਕਾਰਦੀ ਹੈ ਉਹ ਸੀਮਤ ਹੈ ਅਤੇ ਪ੍ਰਜਾ ਦੀ ਪ੍ਰਵਾਨਗੀ ਉਸ ਲਈ ਆਵਸ਼ਕ ਹੈ।

(5) ਪ੍ਰਾਚੀਨ ਭਾਰਤੀ ਪਰੰਪਰਾ ਵਿਚ ਰਾਜਾ ਦੇ ਚਰਿਤ੍ਰ ਅਤੇ ਉਸਦੇ ਗੁਣੀ ਗੁਣਾਂ ਉਪਰ ਬਹੁਤ ਜੋਰ ਦਿਤਾ ਗਿਆ ਹੈ। ਰਾਜਾ ਦਾ ਚਰਿਤਰਵਾਨ ਅਤੇ ਗੁਣੀ ਹੋਣਾ ਰਾਜ ਦੀ ਸੁਖ ਸਮ੍ਰਿਧੀ ਲਈ ਅਤਿ ਅਵਸ਼ਕ ਦਸਿਆ ਗਿਆ ਹੈ। ਰਿਗ ਵੇਦ ਦਾ ਮਤ ਹੈ ਕਿ ਰਾਜਾ ਆਪਣੇ ਗੁਣਾਂ ਕਰਕੇ ਰਾਜ ਦੀ ਪ੍ਰਾਪਤੀ ਕਰਦਾ ਹੈ।[2] ਰਾਮਾਇਣ ਵਿਚ ਬਾਲਮੀਕ ਜੀ ਕਹਿੰਦੇ ਹਨ ਕਿ ਚਰਿਤਰਵਾਨ ਰਾਜੇ ਦੇ ਸਾਹਮਣੇ ਯਮ, ਕੁਬੇਰ, ਇੰਦਰ, ਵਰੁਣ ਵੀ ਛੋਟੇ ਹੁੰਦੇ ਹਨ। ਰਾਜਾ ਆਪਣੇ ਚਰਿਤਰ ਦੇ ਬਲ ਨਾਲ ਰਾਸ਼ਟਰ ਵਿਚ ਵਿਵਸਥਾ ਕਾਇਮ ਰਖਦਾ ਹੈ।[3] ਮਹਾਭਾਰਤ ਅਨੁਸਾਰ ਰਾਜਾ ਨੂੰ ਮਧੁਰ ਬਾਣੀ ਬੋਲਣ ਵਾਲਾ, ਆਪਣੇ ਸੇਵਕਾਂ ਦੇ ਉਪਕਾਰ ਜਾਣਨ ਵਾਲਾ, ਉਹਨਾਂ ਪ੍ਰਤੀ ਦ੍ਰਿੜ ਪ੍ਰੇਮ ਵਾਲਾ ਅਤੇ ਸੰਜਮੀ ਹੋਣਾ ਚਾਹੀਦਾ ਹੈ।[4] ਮਹਾਭਾਰਤ ਦੇ ਸਾਂਤੀਪਰਵ ਵਿਚ ਹੀ ਰਾਜਾ ਲਈ ਧਰਮ ਦਾ ਆਚਰਣ ਕਰਨ ਦੀ ਪ੍ਰੇਰਣਾ ਦਿਤੀ ਗਈ ਹੈ ਅਤੇ ਸਪਸ਼ਟ ਕੀਤਾ ਗਿਆ ਹੈ ਕਿ ਧਰਮ ਦਾ ਆਚਰਣ ਨਾ ਕਰਨ ਵਾਲਾ ਰਾਜਾ ਸ਼ਕਤੀਹੀਨ ਹੋ ਜਾਂਦਾ ਹੈ।[5] ਸ਼ੁਕਰਨੀਤੀ ਅਨੁਸਾਰ ਰਾਜਾ ਦਾ ਸਨਮਾਨ ਉਸ ਦੇ

---

1- ਕੁਟਿਲਯ, ਅਰਥ ਸ਼ਾਸਤਰ, (ਵਿਆਖਿਆਕਾਰ-ਵਾਚਸਪਤਿ ਗੈਰੋਲਾ), ਪੰਨਾ 318

2- Das, Abinas Chandra, RG Vedic Culture, P-310

3- ਬਾਲਮੀਕ ਰਾਮਾਇਣ, ਅਯੋਧਿਆ ਕਾਂਡ (ਸਰਗ-67) ਪੰਨਾ 410

4- ਮਹਾਭਾਰਤ, ਤੀਜਾ ਖੰਡ, (ਸਾਂਤੀ ਪਰਵ) ਪੰਨਾ 2077

5- ਵਿਦਿਆਲੰਕਾਰ, ਡਾ. ਸੁਮੇਧਾ, ਮਹਾਭਾਰਤ ਮੇਂ ਸਾਂਤਿਪਰਵ ਕਾ ਆਲੋਚਨਾਤਮਕ ਅਧਿਐਨ, ਪੰਨਾ 85

ਗੁਣਾਂ ਕਰਕੇ ਹੀ ਹੁੰਦਾ ਹੈ।[1] ਕੌਟਿਲਯ ਦੇ ਅਰਥਸ਼ਾਸਤਰ ਵਿਚ ਰਾਜਾ ਦੇ ਚਰਿਤਰ ਦੇ ਪ੍ਰਧਾਨ ਗੁਣਾਂ ਦਾ ਵਿਸਤਾਰ ਨਾਲ ਜਿਕਰ ਮਿਲਦਾ ਹੈ। ਅਰਥਸ਼ਾਸਤਰ ਅਨੁਸਾਰ ਰਾਜਾ ਕਾਮ ਕ੍ਰੋਧ ਆਦਿਕ ਸ਼ਤਰੂਆਂ ਦਾ ਤਿਆਗ ਕਰੇ, ਇੰਦਰੀਆਂ ਤੇ ਵਿਜੈ ਪ੍ਰਾਪਤ ਕਰੇ, ਵਿਦਵਾਨ ਪੁਰਖਾਂ ਦੀ ਸੰਗਤ ਨਾਲ ਬੁਧੀ ਦਾ ਵਿਕਾਸ ਕਰੇ, ਆਪਣੇ ਰਾਸ਼ਟਰ ਅਤੇ ਦੂਜੇ ਰਾਸ਼ਟਰਾਂ ਪ੍ਰਤੀ ਪੂਰੀ ਤਰਾਂ ਚੇਤੰਨ ਰਹੇ, ਧਰਮ ਉਤੇ ਦ੍ਰਿੜ ਰਹੇ, ਸਿਖਿਆ ਦਾ ਪਸਾਰ ਕਰੇ, ਦੂਜਿਆਂ ਦੇ ਹਿਤ ਨੂੰ ਪ੍ਰਾਥਮਿਕਤਾ ਦੇਵੇ, ਪਰਾਈ ਇਸਤਰੀ, ਪਰਾਏ ਧਨ ਅਤੇ ਹਿੰਸਾ ਦੀ ਪ੍ਰਵਿਰਤੀ ਦਾ ਤਿਆਗ ਕਰੇ ਅਤੇ ਮਾੜੇ ਆਚਰਣ ਵਾਲੇ ਲੋਕਾਂ ਦੀ ਸੰਗਤ ਨਾ ਕਰੇ।[2] ਕੌਟਿਲਯ ਦਾ ਹੋਰ ਕਥਨ ਹੈ ਕਿ ਰਾਜਾ ਦਾ ਆਚਰਣ ਤੇ ਹੀ ਉਸਦੇ ਕਰਮਚਾਰੀਆਂ ਦਾ ਆਚਰਣ ਨਿਰਭਰ ਕਰਦਾ ਹੈ।[3]

(6) ਪ੍ਰਾਚੀਨ ਭਾਰਤੀ ਪਰੰਪਰਾ ਦੇ ਗ੍ਰੰਥਾਂ ਵਿਚ ਰਾਜ ਦੇ ਕਾਰਜਾਂ ਬਾਰੇ ਜਿਹੜਾ ਵਿਵਰਣ ਮਿਲਦਾ ਹੈ ਉਹ ਅਧੁਨਿਕ ਕਲਿਆਣਕਾਰੀ ਰਾਜ ਦੇ ਕਾਰਜਾਂ ਨਾਲ ਕਾਫੀ ਹੱਦ ਤਕ ਮਿਲਦਾ ਜੁਲਦਾ ਹੈ। ਵੈਦਿਕ ਸਾਹਿਤ ਬੁਨਿਆਦੀ ਤੌਰ ਤੇ ਰਾਜ ਦੇ ਦੋ ਕਾਰਜਾਂ ਉਤੇ ਬਹੁਤਾ ਜੋਰ ਦੇਂਦਾ ਹੈ। ਸਾਂਤੀ ਵਿਚ ਰਾਜਾ, ਨਿਆਂ ਦੇਣ ਅਤੇ ਰਖਿਆ ਕਰਨ ਦਾ ਕਾਰਜ ਕਰਦਾ ਹੈ ਅਤੇ ਯੁਧ ਸਮੇ ਉਹ ਸੈਨਾ ਦੇ ਨਾਇਕ ਵਜੋਂ ਕਾਰਜ ਸ਼ੀਲ ਹੁੰਦਾ ਹੈ।[4] ਰਿਗਵੇਦ ਪ੍ਰਜਾ ਦੀ ਭਲਾਈ ਦੇ ਸਾਰੇ ਕਾਰਜਾਂ ਨੂੰ ਰਾਜਾ ਨਾਲ ਸਬੰਧਤ ਮੰਨਦਾ ਹੈ।[5] ਉਸ ਅਨੁਸਾਰ ਜਿਹੜਾ ਰਾਜਾ ਨਿਰਧਨ ਅਤੇ ਬ੍ਰਾਹਮਣਾਂ ਨੂੰ ਦਾਨ ਦੇਂਦਾ ਹੈ ਦੇਵਤਾ ਉਸ ਦੀ ਰਖਿਆ ਕਰਦੇ ਹਨ।[6]

---

1- The Sukraniti,(Translated by Prof.Benoy Kumar Sarkar)-24

2- ਕੌਟਿਲਯ, ਅਰਥ ਸ਼ਾਸਤਰ(ਵਿਆਖਿਆਕਾਰ-ਵਾਚਸਪਤਿ ਗੈਰੋਲਾ) ਪੰਨਾ 23

3- ਓਹੀ, ਪੰਨਾ 77

4- Kaegi, Adolf, Life in Ancient India-Studies in Rig Vedic India, P- 28.

5- Das Abinas Chandra, RG Vedic Culture, P-309

6- ਸ਼ਰਮਾ, ਡਾ: ਗਣੇਸ਼ ਦੱਤ, ਰਿਗ ਵੇਦ ਮੇਂ ਦਾਰਸ਼ਨਿਕ ਤੱਤ, ਪੰਨਾ 182

ਅਸਲ ਵਿਚ ਵੇਦਾਂ ਵਿਚ ਰਾਜ ਦੇ ਕਾਰਜਾਂ ਨੂੰ ਧਰਮ ਅਨੁਸਾਰ ਦਸਿਆ ਗਿਆ ਹੈ।[1] ਮੰਨੂ ਸਮ੍ਰਿਤੀ ਵਿਚ ਰਾਜ ਦਾ ਪ੍ਰਮੁਖ ਕਾਰਜ ਇਹ ਦਸਿਆ ਗਿਆ ਹੈ ਕਿ ਉਹ ਹਰ ਵਿਅਕਤੀ ਨੂੰ ਉਸਦੇ ਕਰਤਵ ਤੋਂ ਜਾਣੂ ਕਰਾਉਂਦਾ ਹੈ ਅਤੇ ਇਹ ਨਿਸਚਿਤ ਕਰਦਾ ਹੈ ਕਿ ਹਰ ਵਿਅਕਤੀ ਆਪਣੇ ਆਪਣੇ ਕਰਤੱਵ ਦਾ ਨਿਭਾਓ ਕਰੇ।[2] ਰਾਜਾ ਦਾ ਇਕ ਹੋਰ ਮੁਖ ਕੰਮ ਨਿਆਂ ਕਰਨਾ ਹੈ।[3] ਮੰਨੂ ਸਮ੍ਰਿਤੀ ਦਸਦੀ ਹੈ ਕਿ ਜਿਹੜਾ ਰਾਜਾ ਪ੍ਰਜਾ ਦੀ ਰਖਿਆ ਨਹੀਂ ਕਰ ਸਕਦਾ ਉਹ ਨਰਕਾਂ ਦਾ ਭਾਗੀ ਹੁੰਦਾ ਹੈ।[4] ਅਸਲ ਵਿਚ ਮੰਨੂ ਸਮ੍ਰਿਤੀ ਨੇ ਰਾਜਾ ਦੇ ਕਾਰਜਾਂ ਨੂੰ ਬਹੁਤ ਵਿਸਤ੍ਰਤ ਦਸਿਆ ਹੈ ਅਤੇ ਕਈ ਵਾਰ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਮੰਨੂ ਸਮ੍ਰਿਤੀ ਵਿਚ ਚਰਚਿਤ ਰਾਜ ਦੇ ਕਾਰਜ ਆਧੁਨਿਕ ਕਲਿਆਣਕਾਰੀ ਰਾਜ ਦੇ ਕਾਰਜਾਂ ਤੋਂ ਵੀ ਵਧ ਹਨ।[5] ਅਗਨੀ ਪੁਰਾਣ ਅਨੁਸਾਰ ਰਾਜ ਦਾ ਪ੍ਰਮੁਖ ਕਾਰਜ ਲੋਕਾਂ ਦੀ ਪਿਤਾ ਦੀ ਤਰ੍ਹਾਂ ਰਖਿਆ ਕਰਨਾ ਹੈ।[6] ਬਾਲਮੀਕ ਦੀ ਰਮਾਇਣ ਵਿਚ ਰਾਜਾ ਨੂੰ ਪ੍ਰਜਾ ਦੇ ਕਲਿਆਣ ਲਈ ਵਿਸਤ੍ਰਤ ਖੇਤਰ ਵਿਚ ਕਾਰਜਸ਼ੀਲ ਹੋਣ ਦੀ ਪ੍ਰੇਰਣਾ ਦਿਤੀ ਗਈ ਹੈ। ਰਾਜਾ ਦੇ ਪ੍ਰਮੁਖ ਕਰਤੱਵ ਧਰਮ ਦਾ ਪਾਲਨ ਅਤੇ ਪ੍ਰਜਾ ਦੇ ਕਲਿਆਣ ਕਰਨਾ ਹੈ। ਪ੍ਰਜਾ ਦਾ ਪਾਲਨ ਕਰਨਾ ਅਤੇ ਉਸ ਦੀ ਰਖਿਆ ਕਰਨਾ ਰਾਜਾ ਦੀ ਮੁਖ ਜਿਮੇਵਾਰੀ ਹੈ।[7] ਮਹਾਂਭਾਰਤ ਅਨੁਸਾਰ ਰਾਜਾ

- - - - - - - - - - - - - - - - - - - - - - - - - - - - - - - - - - -

1- ਪਰਮਾਤਮਾਸ਼ਰਣ, ਪ੍ਰਾਚੀਨ ਭਾਰਤ ਮੇ ਰਾਜਨੀਤਿਕ ਵਿਚਾਰ ਐਵੰ ਸੰਸਥਾਏਂ, ਪੰਨਾ 80

2- Aiyangar, K.Y. Rangaswami, Aspects of the social and political system of Manu Smriti, P-168.

3- Ibid, P-181

4- Ibid, P-180

5- Patwardhan, Dr. M.Y. ManuSmrti-The Ideal Democratic Republic of Manu, P-204-205.

6- Prakash, Om, Political Ideas in the Puranas, P-64

7- ਬਾਲਮੀਕ ਰਾਮਾਇਣ, ਅਯੋਧਿਆ ਕਾਂਡ, (ਸਰਗ-100) ਪੰਨਾ 495-496.

ਪ੍ਰਜਾ ਦੇ ਪਾਲਨ ਕਰਨ ਵਾਲੇ ਸਾਰੇ ਕਾਰਜ ਕਰਦਾ ਹੈ ਅਤੇ ਪ੍ਰਜਾ ਦਾ ਰੰਜਨ ਕਰਨ ਵਾਲੇ ਨੂੰ ਹੀ ਰਾਜਾ ਕਿਹਾ ਜਾਂਦਾ ਹੈ।[1] ਅਸਲ ਵਿਚ ਮਹਾਂਭਾਰਤ ਰਾਜ ਨੂੰ ਮਨੁਖੀ ਕਲਿਆਣ ਦੇ ਸਾਰੇ ਕਾਰਜ ਕਰਨ ਲਈ ਪ੍ਰੇਰਿਤ ਕਰਦਾ ਹੈ। ਮਹਾਂਭਾਰਤ ਦਾ ਆਦਰਸ਼ ਰਾਜ ਅਜ ਦੇ ਕਲਿਆਣਕਾਰੀ ਰਾਜ ਵਰਗਾ ਹੈ।[2] ਸ਼ੁਕਰਨੀਤੀ ਅਨੁਸਾਰ ਰਾਜ ਦੇ ਦੋ ਪ੍ਰਮੁਖ ਕਾਰਜ ਹਨ - ਇਕ ਆਪਣੀ ਪ੍ਰਜਾ ਦੀ ਰਖਿਆ ਕਰਨਾ ਅਤੇ ਦੂਜਾ ਅਪਰਾਧੀਆਂ ਨੂੰ ਸਜਾ ਦੇਣਾ।[3] ਜਿਹੜਾ ਰਾਜਾ ਮੋਹ ਦਾ ਤਿਆਗ ਕਰਕੇ, ਨਿਸਵਾਰਥ ਭਾਵ ਨਾਲ ਪ੍ਰਜਾ ਦੀ ਸੇਵਾ ਕਰਦਾ ਹੈ, ਉਸ ਦੀ ਰਖਿਆ ਕਰਦਾ ਹੈ ਅਤੇ ਉਦਾਰ, ਸਹਿਨਸ਼ੀਲ, ਤੇ ਸਾਹਸੀ ਹੈ ਉਹ ਮੁਕਤੀ ਪ੍ਰਾਪਤ ਕਰਦਾ ਹੈ ਅਤੇ ਜਿਹੜਾ ਰਾਜਾ ਇਹਨਾਂ ਦੇ ਵਿਪਰੀਤ ਆਚਰਣ ਕਰਦਾ ਹੈ ਉਹ ਨਰਕ ਦਾ ਭਾਗੀ ਬਣਦਾ ਹੈ।[4] ਕੌਟਿਲਯ ਦੇ ਅਰਥ ਸ਼ਾਸਤਰ ਵਿਚ ਰਾਜਾ ਦੇ ਕਾਰਜਾਂ ਬਾਰੇ ਸਪਸ਼ਟ ਕੀਤਾ ਹੈ ਕਿ ਪ੍ਰਜਾ ਦੇ ਸੁਖ ਵਿਚ ਰਾਜਾ ਦਾ ਸੁਖ ਹੈ ਅਤੇ ਪ੍ਰਜਾ ਦੇ ਹਿਤ ਵਿਚ ਰਾਜਾ ਦਾ ਹਿਤ ਹੈ। ਆਪਣੇ ਆਪ ਨੂੰ ਅਛੇ ਲਗਣ ਵਾਲੇ ਕਾਰਜ ਕਰਨ ਵਿਚ ਰਾਜਾ ਦਾ ਹਿਤ ਨਹੀਂ ਸਗੋਂ ਉਸ ਦਾ ਹਿਤ ਤਾਂ ਪ੍ਰਜਾਜਨਾਂ ਨੂੰ ਅਛੇ ਲਗਣ ਵਾਲੇ ਕਾਰਜ ਕਰਨ ਵਿਚ ਹੈ।[5]

---

1- ਮਹਾਂਭਾਰਤ, ਤੀਜਾ ਖੰਡ (ਸ਼ਾਂਤੀ ਪਰਵ) ਪੰਨਾ 2066-2067

2- An objective analysis of the contents of the Mahabharta should show that according to this epic the most ideal state is a welfare state.
-Sharma, Mukunda Madhava, The Mahabharata Ideal of welfare state, (paper presented of international seminar on Feb.17-20,1987 at Sahitya Akademi, New Delhi.)

3- The Sukraniti, (Translated by Prof.Benoy Kumar Sarkar), P-4

4- Ibid, P-3

5- ਕੌਟਿਲਯ, ਅਰਥ ਸ਼ਾਸਤਰ, (ਵਿਆਖਿਆਕਾਰ-ਵਾਚਸਪਤਿ ਗੈਰੋਲਾ) ਪੰਨਾ-77

ਇਸਤਰ੍ਹਾਂ ਭਾਰਤੀ ਪਰੰਪਰਾ ਰਾਜ ਨੂੰ ਪਰਮ ਆਵਸ਼ਕ, ਉਪਯੋਗੀ ਅਤੇ ਦੈਵੀ ਸੰਸਥਾ ਮੰਨਦੀ ਹੈ। ਭਾਰਤੀ ਪਰੰਪਰਾ ਇਕ ਐਸੇ ਰਾਜ ਦਾ ਸੰਕਲਪ ਪ੍ਰਸਤੁਤ ਕਰਦੀ ਹੈ ਜਿਹੜਾ ਧਰਮ ਉਤੇ ਅਧਾਰਿਤ ਹੋਵੇ, ਜਿਸ ਵਿਚ ਰਾਜਾ ਗੁਣੀ ਅਤੇ ਚਰਿਤ੍ਰਵਾਨ ਹੋਵੇ; ਜਿਸ ਵਿਚ ਰਾਜ ਵਿਵਸਥਾ ਰਾਜਤੰਤ੍ਰੀ ਹੁੰਦਿਆਂ, ਲੋਕਤੰਤ੍ਰੀ ਗੁਣਾਂ ਵਾਲੀ ਹੋਵੇ ਅਤੇ ਲੋਕ ਹਿਤਕਾਰੀ ਹੋਵੇ, ਅਤੇ ਜਿਸ ਵਿਚ ਰਾਜ ਮਨੁਖੀ ਕਲਿਆਣ ਦੇ ਵਿਸਤ੍ਰਿਤ ਕਾਰਜ ਖੇਤਰ ਵਿਚ ਕਾਰਜਸ਼ੀਲ ਹੋਵੇ।

ਉਪਰੋਕਤ ਸਾਰੇ ਵਿਸਤਾਰ ਵਿਚ ਰਾਜਨੀਤਿਕ ਚਿੰਤਨ ਦੀ ਪਰੰਪਰਾ ਦੇ ਆਧਾਰ ਉਤੇ ਵਖ ਵਖ ਦ੍ਰਿਸ਼ਟੀ ਬਿੰਦੂਆਂ ਤੋਂ ਰਾਜਾ ਦੇ ਸੰਕਲਪ ਦੀ ਵਿਆਖਿਆ ਪ੍ਰਸਤੁਤ ਕੀਤੀ ਗਈ ਹੈ। ਨਾਲ ਹੀ ਪੁਰਾਤਨ ਭਾਰਤੀ ਪਰੰਪਰਾ ਦੇ ਗ੍ਰੰਥਾਂ ਨੂੰ ਅਧਾਰ ਬਣਾ ਕੇ ਰਾਜ ਦੇ ਸੰਕਲਪ ਦੀਆਂ ਸਮਾਨ ਵਿਸ਼ੇਸ਼ਤਾਵਾਂ ਦਾ ਜਿਕਰ ਵੀ ਕੀਤਾ ਗਿਆ ਹੈ। ਪੱਛਮੀ ਰਾਜਨੀਤਿਕ ਚਿੰਤਨ ਬਹੁਤ ਹੱਦ ਤਕ ਰਾਜਨੀਤਿਕ ਦ੍ਰਿਸ਼ਟੀ ਤੋਂ ਰਾਜ ਦੇ ਸੰਕਲਪ ਦੀ ਵਿਆਖਿਆ ਕਰਦਾ ਹੈ ਪਰ ਭਾਰਤੀ ਪਰੰਪਰਾ ਵਿਚ ਰਾਜ ਨੂੰ ਧਰਮ ਦਾ ਅੰਗ ਮੰਨਿਆ ਗਿਆ ਹੈ ਅਤੇ ਰਾਜਨੀਤੀ ਨੂੰ ਧਰਮ ਸ਼ਾਸਤਰ ਦਾ ਇਕ ਹਿੱਸਾ ਤਸੱਵਰ ਕੀਤਾ ਗਿਆ ਹੈ।

ਸਾਰੀ ਵਿਆਖਿਆ ਦਾ ਸਾਰ ਇਹ ਹੈ ਕਿ ਪੱਛਮੀ ਹੋਵੇ ਜਾਂ ਭਾਰਤੀ, ਮੋਟੇ ਤੌਰ ਤੇ ਸਾਰੇ ਰਾਜਨੀਤਿਕ ਚਿੰਤਨ ਦਾ ਮੁਖ ਉਦੇਸ਼ ਰਾਜ ਦੇ ਸੰਕਲਪ ਨਾਲ ਜੁੜੇ ਹੋ ਬੁਨਿਆਦੀ ਪ੍ਰਸ਼ਨਾਂ ਦਾ ਉਤਰ ਨਿਸ਼ਚਿਤ ਕਰਨਾ ਹੈ। 'ਰਾਜ' ਅਤੇ 'ਧਰਮ ਤੇ ਨੈਤਿਕਤਾ' ਵਿਚਕਾਰ ਕੀ ਸਬੰਧ ਹੋਣਾ ਚਾਹੀਦਾ ਹੈ ਅਤੇ 'ਰਾਜ ਸੱਤਾ' ਤੇ 'ਵਿਅਕਤੀ ਦੀ ਸਵਤੰਤ੍ਰਤਾ' ਵਿਚਕਾਰ ਕਿਸ ਤਰ੍ਹਾਂ ਦਾ ਅਨੁਪਾਤਿਕ ਰਿਸ਼ਤਾ ਹੋਣਾ ਚਾਹੀਦਾ ਹੈ? ਇਸ ਤੋਂ ਅਲਾਵਾ ਰਾਜ ਦੀ ਉਤਪਤੀ, ਰਾਜ ਦੀ ਪ੍ਰਕ੍ਰਿਤੀ ਅਤੇ ਰਾਜ ਦੇ ਪ੍ਰਕਾਰਜਾਂ ਦਾ ਨਿਰਧਾਰਣ ਵੀ ਰਾਜਨੀਤਿਕ ਚਿੰਤਨ ਦੀ ਮੁਖ ਸਮੱਸਿਆ ਹੈ। ਸਾਰਾ ਪੱਛਮੀ ਰਾਜਨੀਤਿਕ ਵਿਚਾਰਧਾਰਕ ਪ੍ਰਵਾਹ ਅਤੇ ਭਾਰਤੀ ਪਰੰਪਰਾ ਵਿਚੋਂ ਪ੍ਰਾਪਤ ਰਾਜਨੀਤਿਕ ਚਿੰਤਨ ਇਹਨਾਂ ਉਪਰੋਕਤ ਪ੍ਰਸ਼ਨਾਂ ਦਾ ਉਤਰ ਭਾਲਦਾ ਹੈ ਅਤੇ ਇਸੇ ਅਧਾਰ ਤੇ ਰਾਜ ਦੇ ਸੰਕਲਪ ਦੀ ਉਸਾਰੀ ਕਰਦਾ ਹੈ।

ਇਹਨਾਂ ਪ੍ਰਸ਼ਨਾਂ ਦਾ ਉਤਰ ਭਾਲਣ ਲਈ ਅਸੀਂ ਸਿਖ ਧਰਮ ਗ੍ਰੰਥਾਂ ਅਤੇ ਇਤਿਹਾਸਕ ਲਿਖਤਾਂ ਦਾ ਅਧਿਐਨ ਕੀਤਾ ਹੈ। ਸਾਡਾ ਇਹ ਸਪਸ਼ਟ ਮਤ ਹੈ ਕਿ ਸਿਖ ਧਰਮ ਗ੍ਰੰਥਾਂ ਅਤੇ ਇਤਿਹਾਸਕ ਲਿਖਤਾਂ ਵਿਚੋਂ ਇਹਨਾਂ ਬੁਨਿਆਦੀ ਰਾਜਨੀਤਿਕ ਪ੍ਰਸ਼ਨਾਂ ਦਾ ਠੋਸ ਉਤਰ ਮਿਲਦਾ ਹੈ ਅਤੇ ਇਸੇ ਆਧਾਰ ਉਤੇ ਰਾਜ ਦੇ ਇਕ ਨਿਸਚਿਤ ਸੰਕਲਪ ਦੀ ਉਸਾਰੀ ਕੀਤੀ ਜਾ ਸਕਦੀ ਹੈ।

## ਅਧਿਆਇ ਤੀਜਾ

### ਰਾਜ ਦੇ ਸਿਖ ਸੰਕਲਪ ਦਾ ਆਧਾਰ — ਮੀਰੀ-ਪੀਰੀ ਦਾ ਸੰਕਲਪ

ਸਿੱਖ ਧਰਮ ਗ੍ਰੰਥਾਂ ਤੇ ਇਤਿਹਾਸਕ ਲਿਖਤਾਂ ਵਿਚੋਂ ਪ੍ਰਤੀਬਿੰਬਤ ਹੋ ਰਿਹਾ ਰਾਜ ਦਾ ਸੰਕਲਪ, ਸਿੱਖ ਵਿਚਾਰਧਾਰਾ ਦੇ ਧਰਮ ਤੇ ਰਾਜ ਦੇ ਸੰਜੋਗ ਦੇ ਵਿਲੱਖਣ ਸਿਧਾਂਤ ਉੱਤੇ ਆਧਾਰਿਤ ਹੈ। ਸਿੱਖ ਚਿੰਤਨ ਵਿਚ ਧਰਮ ਤੇ ਰਾਜ ਦੇ ਸੰਜੋਗ ਦੇ ਇਸ ਵਿਲੱਖਣ ਸਿਧਾਂਤ ਨੂੰ 'ਮੀਰੀ-ਪੀਰੀ' ਦੇ ਸਿਧਾਂਤ ਦੇ ਰੂਪ ਵਿਚ ਜਾਣਿਆ ਜਾਂਦਾ ਹੈ।

'ਮੀਰ' ਅਰਬੀ ਦੇ 'ਅਮੀਰ' ਸ਼ਬਦ ਦਾ ਸਮਾਨਾਰਥਕ ਹੈ। ਜਿਸ ਦਾ ਮੂਲ ਅਰਥ 'ਹੁਕਮਰਾਨ' ਜਾਂ 'ਦੁਨਿਆਵੀ' ਤਾਕਤਾਂ ਦਾ ਮਾਲਕ ਹੈ। ਗੁਰਬਾਣੀ ਵਿਚ 'ਮੀਰ' ਸ਼ਬਦ ਦੀ ਵਰਤੋਂ ਇਸੇ ਅਰਥ ਵਿਚ ਕੀਤੀ ਗਈ ਹੈ:-

ੳ) ਮੀਰ ਮਲਕ ਉਮਰੇ ਫਾਨਾਇਆ॥[1]

ਅ) ਜੈਸੀ ਦਾਸੇ ਧੀਰ ਮੀਰ॥[2]

ਪੀਰ ਫ਼ਾਰਸੀ ਦਾ ਸ਼ਬਦ ਹੈ ਜੋ ਅਧਿਆਤਮਕ ਬਜ਼ੁਰਗੀ ਜਾਂ ਫ਼ਕੀਰੀ ਦਾ ਪ੍ਰਤੀਕ ਹੈ। ਇਸ ਦਾ ਅਰਥ ਨਿਰੋਲ ਅਧਿਆਤਮਕ ਜੀਵਨਧਾਰਾ ਹੈ ਜਿਸ ਵਿਚ ਤਿਆਗ, ਉਦਾਸੀ ਤੇ ਵਿਰਕਤੀ ਨੂੰ ਪ੍ਰਧਾਨਤਾ ਪ੍ਰਾਪਤ ਹੈ। ਗੁਰਬਾਣੀ ਵਿਚ ਇਸ ਸ਼ਬਦ ਨੂੰ ਅਧਿਆਤਮਕ ਉਚਤਾ ਦਾ ਸੂਚਕ ਮੰਨਿਆ ਗਿਆ ਹੈ; -

ੳ) ਭਿਸਤੁ ਪੀਰ ਲਫਜ ਕਮਾਇ ਅੰਦਾਜਾ॥[3]

ਅ) ਪੀਰ ਪੈਕਾਬਰ ਅਉਲੀਏ- - -॥[4]

---

1- ਆਦਿ ਗ੍ਰੰਥ, ਪੰਨਾ 1083

2- ਓਹੀ, ਪੰਨਾ 1181

3- ਓਹੀ, ਪੰਨਾ 1083

4- ਓਹੀ, ਪੰਨਾ 1100

ਗੁਰੂ ਨਾਨਕ ਦੀ ਬਾਣੀ ਦੀ ਹੇਠਲੀ ਸੱਤਰ ਵਿਚ ਮੀਰ ਸ਼ਬਦ ਦੀ ਵਰਤੋਂ ਦੁਨਿਆਵੀ ਸ਼ਕਤੀ ਵਾਲੇ ਬਾਬਰ ਲਈ ਕੀਤੀ ਗਈ ਹੈ ਅਤੇ ਪੀਰ ਸ਼ਬਦ ਧਾਰਮਿਕ ਸ਼ਖਸੀਅਤਾਂ ਲਈ ਵਰਤਿਆ ਗਿਆ ਹੈ-

ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ॥[1]

ਭਾਈ ਗੁਰਦਾਸ ਨੇ ਕਈ ਥਾਈਂ ਗੁਰੂ ਸਾਹਿਬਾਨ ਨੂੰ ਪੀਰ ਕਹਿ ਕੇ ਪੁਕਾਰਿਆ ਹੈ:-

ਜਾਹਰ ਪੀਰ ਜਗਤੁ ਗੁਰੁ ਬਾਬਾ॥[2]

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ 'ਮੀਰ' ਅਮੀਰ ਦਾ ਸੰਖੇਪ ਹੈ[3] ਅਤੇ 'ਪੀਰ' ਦਾ ਅਰਥ ਬਜ਼ੁਰਗ, ਗੁਰੂ ਜਾਂ ਧਰਮ ਦਾ ਆਚਾਰਯ ਹੈ।[4]

ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ-ਪੀਰੀ ਦੇ ਇਸ ਸਿੱਧ-ਸਿਧਾਂਤ ਨੂੰ ਗੁਰਿਆਈ ਧਾਰਨ ਸਮੇਂ ਦੋ ਕਿਰਪਾਨਾਂ ਪਹਿਨ ਕੇ ਰਚਨਾਤਮਕ ਰੂਪ ਪ੍ਰਦਾਨ ਕੀਤਾ ਸੀ। ਗੁਰਬਿਲਾਸ ਪਾਤਸ਼ਾਹੀ 6 ਅਨੁਸਾਰ ਗੁਰੂ ਹਰਗੋਬਿੰਦ ਸਾਹਿਬ ਨੇ ਗੁਰਗੱਦੀ ਧਾਰਣ ਕਰਦੇ ਸਮੇਂ ਦੋ ਕਿਰਪਾਨਾਂ ਧਾਰਣ ਕਰਕੇ ਨਵੀਂ ਰੀਤ ਕਾਇਮ ਕੀਤੀ ਅਤੇ ਫਿਰ ਥਾਂ ਥਾਂ ਤੇ ਹੁਕਮਨਾਮੇ ਭੇਜ ਕੇ ਸਿੱਖਾਂ ਨੂੰ ਸ਼ਸਤ੍ਰ-ਭੇਟ ਲਿਆਉਣ ਦਾ ਹੁਕਮ ਦਿੱਤਾ।[5] ਇਸ ਗ੍ਰੰਥ ਦੇ ਰਚਨਾਕਾਰ ਕਵੀ ਸੋਹਨ ਜੀ ਅਨੁਸਾਰ, ਮੀਰੀ ਪੀਰੀ ਦੀਆਂ ਦੋ ਕਿਰਪਾਨਾਂ ਗੁਰੂ ਹਰਗੋਬਿੰਦ ਸਾਹਿਬ ਨੇ ਅਕਾਲ ਪੁਰਖ ਦੇ ਹੁਕਮ ਅਨੁਸਾਰ ਧਾਰਣ ਕੀਤੀਆਂ ਸਨ:-

---

1- ਆਦਿ ਗ੍ਰੰਥ, ਪੰਨਾ 417

2- ਵਾਰਾਂ ਭਾਈ ਗੁਰਦਾਸ, ਪੰਨਾ 390

3- ਨਾਭਾ, ਭਾਈ ਕਾਨ੍ਹ ਸਿੰਘ; ਮਹਾਨ ਕੋਸ਼; ਪੰਨਾ 974

4- ਓਹੀ, ਪੰਨਾ 773

5- ਕਵਿ ਸੋਹਨ ਜੀ; ਸ੍ਰੀ ਗੁਰ ਬਿਲਾਸ ਪਾਤਸ਼ਾਹੀ 6; ਪੰਨਾ 150

ਮੀਰੀ ਪੀਰੀ ਦੋਊ ਧਾਰੋ।ਧਰਾ ਭਾਰ ਸਭ ਦੂਰ ਨਿਵਾਰੋ।

ਅਸ ਕਹਿ ਪ੍ਰਭ ਭਏ ਅੰਤਰ ਧਿਆਨਾ।ਤਬ ਸਭ ਮਨ ਮੈਂ ਬਿਸਮੈ ਠਾਨਾ।[1]

ਸ੍ਰੀ ਗੁਰ ਪੰਥ ਪ੍ਰਕਾਸ਼ ਵਿਚ ਭਾਈ ਰਤਨ ਸਿੰਘ ਭੰਗੂ ਨੇ ਗੁਰੂ ਹਰਗੋਬਿੰਦ ਸਾਹਿਬ ਦੇ ਪਦਵੀ ਚੁੱਕਣ ਅਤੇ ਮੀਰੀ ਪੀਰੀ ਦੋਹਾਂ ਦੇ ਧਾਰਣੀ ਬਣਨ ਦੀ ਗੱਲ ਇਸ ਪ੍ਰਕਾਰ ਅੰਕਿਤ ਕੀਤੀ ਹੈ:

ਫਿਰ ਅਰਜਨ ਗੁਰ ਹਰਗੋਬਿੰਦ॥ਖੜਗ ਰਕਯੋ ਜਿਨ ਮਾਰ ਪੈਇੰਦ॥

ਮੀਰੀ ਪੀਰੀ ਦੋਓ ਦਿਖਾਈ॥ਸਾਹ ਜਹਾਂ ਕੋ ਹਾਰ ਸੁ ਦਈ॥[2]

ਗਿਆਨੀ ਗਿਆਨ ਸਿੰਘ ਜੀ ਨੇ ਇਸ ਪ੍ਰਸੰਗ ਦਾ ਚਿਤ੍ਰਣ ਇਉਂ ਕੀਤਾ ਹੈ:-

ਸਭ ਸਾਕ ਸਿਖ ਲੀਨੇ ਬੁਲਾਇ॥ ਪੁਨ ਤਖਤ ਅਕਾਲ ਦਿਵਾਨ ਲਾਇ॥

ਗੁਰੂ ਕੋ ਸਿੰਘਾਸਨ ਪਰ ਬਠਾਇ॥ ਪੁਨ ਬਾਬਾ ਬੁਢਾ ਤਿਲਕ ਦਾਇ॥

ਫਿਰ ਸੇਲੀ ਟੋਪੀ ਊਨ ਮਾਲ॥ ਜਬ ਲਗਿਓ ਗੁਰੂ ਕੇ ਧਾਰਨ ਭਾਲ॥

ਤਬ ਉਸ ਤੇ ਲੈ ਗੁਰ ਟੇਕ ਮਾਥ॥ ਧਰ ਊਚੇ ਬੋਲੇ ਐਸ ਨਾਥ॥

ਅਬ ਸਮਾਂ ਤੇਗ ਕੋ ਗਯੋ ਆਇ॥ ਸੋ ਬਾਬਾ ਜੀ ਮੋਹਿ ਦੇਹੁ ਲਿਆਇ॥

ਉਨ ਤੇਗ ਭਈ ਗਰ ਬੈਗ੍ਹ ਪਗਇ॥ ਪੁਰ ਦਾਏ ਪਾਸੇ ਪੜੀ ਸਾਇ॥

ਫਿਰ ਕਹਯੋ ਸਿਖਨ ਇਹ ਉਲਟ ਕੀਨ॥ ਉਨ ਦੁਤੀ ਤੇਗ੍ਹ ਪਹਿਨਾਇ ਦੀਨ॥

ਗੁਰ ਕਹਿਓ ਸੁਤੇ ਸਿਧ ਪਰੀ ਦੋਇ॥ ਇਹੁ ਮੀਰੀ ਪੀਰੀ ਕੇਰ ਹੋਇ॥

- - - -     - - - -     - - - -

ਕਹਿ ਸੁਹਿ ਪੀਰ ਜੀ ਦੋਇ ਤੇਗ॥ਕਿਓ ਪਹਿਰੀ ਓਤ੍ਰ ਦੇਹੁ ਬੇਗ॥

ਇਹ ਮੀਰੀ ਪੀਰੀ ਦੀ ਪਛਾਣ॥ ਹੈ ਰਾਜ ਜੋਗ ਗੁਰ ਘਰ ਮਹਾਨ॥[3]

---

1- ਕਵਿ ਸੋਹਨ ਜੀ; ਸ੍ਰੀ ਗੁਰ ਬਿਲਾਸ ਪਾਤਸ਼ਾਹੀ 6; ਪੰਨਾ 147

2- ਭੰਗੂ, ਭਾਈ ਰਤਨ ਸਿੰਘ; ਸ੍ਰੀ ਗੁਰ ਪੰਥ ਪ੍ਰਕਾਸ਼; ਪੰਨਾ 61

3- ਗਿਆਨੀ ਗਿਆਨ ਸਿੰਘ; ਸ੍ਰੀ ਗੁਰੂ ਗ੍ਰੰਥ ਪ੍ਰਕਾਸ਼; ਪੰਨਾ 118,119,123

ਤਵਾਰੀਖ ਗੁਰੂ ਖਾਲਸਾ ਵਿਚ ਗੁਰੂ ਹਰਗੋਬਿੰਦ ਜੀ ਦੇ ਤਖ਼ਤ ਤੇ ਬੈਠਣ ਦਾ ਬਿਰਤਾਂਤ ਇਸ ਪ੍ਰਕਾਰ ਦਸਿਆ ਹੈ - "ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਪਿਛੋਂ ਗੁਰੂ ਸਾਹਿਬ 9 ਹਾੜ ਵਦੀ ਸਤਮੀ ਸੰ:1663 ਬਿ: ਵਿਚ ਗੁਰਿਆਈ ਦੀ ਗੱਦੀ ਪਰ ਬੈਠਣ ਲਗੇ ਤਾਂ ਦਸਤਾਰ ਬੰਧਾਉਣ ਵਾਲੇ ਮਸੰਦਾਂ ਨੇ ਪਿਛਲੀ ਰੀਤ ਅਨੁਸਾਰ ਮੰਜੀ, ਸੇਲੀ, ਟੋਪੀ ਅਗੇ ਲਿਆ ਰਖੀ ਤਾਂ ਇਨ੍ਹਾਂ ਨੇ ਕਿਹਾ ਮੰਜੀ ਗ੍ਰੰਥ ਸਾਹਿਬ ਜੀ ਨੂੰ ਸੇਲੀ ਬੇਦੀਆਂ ਨੂੰ, ਟੋਪੀ ਸਾਧਾਂ ਨੂੰ ਦਿਓ, ਸਾਨੂੰ ਧਰਮ ਦੀ ਰਖਯਾ ਵਾਸਤੇ ਸ਼ਸਤ੍ਰ ਪਹਿਨਾਓ, ਕਯੋਂ ਕੇ ਸ਼ਸਤ੍ਰਾਂ ਬਿਨਾਂ ਸ਼ਤਰੂ ਨਹੀਂ ਦਬਦੇ। ਬਾਬੇ ਬੁੱਢੇ ਜੀ ਨੇ ਉਨ੍ਹਾਂ ਨੂੰ ਤੇਗ਼ ਪਹਿਨਾਈ, ਉਹ ਸੱਜੇ ਪਾਸੇ ਪਹਿਨ ਲਈ, ਜਾਂ ਉਹ ਲਾਹ ਕੇ ਬਾਬਾ ਬੁੱਢਾ ਜੀ ਦੇ ਦੂਜੇ ਪਾਸੇ ਪਾਉਣ ਲੱਗੇ ਤਾਂ ਗੁਰੂ ਜੀ ਨੇ ਫਰਮਾਯਾ: ਏਹ ਪੀਰੀ ਦੀ ਰਹੀ, ਹੁਣ ਮੀਰੀ ਦੀ ਦੂਜੇ ਪਾਸੇ ਪਹਿਰਾਓ। ਇਹ ਕਹਿਕੇ ਦੋ ਤਲਵਾਰਾਂ ਦੋਹੀਂ ਪਾਸੀ ਪਹਿਨ ਲਈਆਂ ਜੋ ਹਮੇਸ਼ ਰਖਦੇ ਰਹੇ। ਫੇਰ ਸੇਲੀ ਟੋਪੀ ਨੂੰ ਮੱਥਾਂ ਟੇਕ ਕੇ ਤਖ਼ਤ ਉਪਰ ਹੋ ਬੈਠੇ ਓਸੇ ਦਾ ਨਾਮ ਅਕਾਲ ਤਖ਼ਤ ਰਖਿਆ, ਜੋ ਹੁਣ ਤੱਕ ਰੌਣਕ ਪਰ ਹੈ।"[1]

ਇਸੇ ਇਤਿਹਾਸਕ ਬਿਰਤਾਂਤ ਨੂੰ ਭਾਈ ਸੰਤੋਖ ਸਿੰਘ ਜੀ ਨੇ ਇਸ ਪ੍ਰਕਾਰ ਪੇਸ਼ ਕੀਤਾ ਹੈ:-

> ਧਰੇ ਤੇਜ ਸਤਿਗੁਰ ਬਚ ਕਹੇ॥ ਹਮਨੇ ਇਸ ਹਿਤ ਜੁਗ ਅਸਿ ਗਹੇ॥
> ਇਕ ਤੇਂ ਲੇ ਮੀਰਨਿ ਕੀ ਮੀਰੀ॥ ਦੂਸਰ ਤੇ ਪੀਰਨਿ ਕੀ ਪੀਰੀ॥
> ਮੀਰੀ ਪੀਰੀ ਦੋਨਹੁ ਧਰੈ॥ ਬਚਹਿ ਸਰਨਿ ਨਤੁ ਜੁਗ ਪਰਹਰੈ॥[2]

ਵਾਰਤਕ ਗ੍ਰੰਥ 'ਸ੍ਰੀ ਸੌਖੀ ਚਮਤਕਾਰ' ਵਿਚ ਲਿਖਿਆ ਹੈ:-

"ਬਾਬਾ ਬੁੱਢਾ ਜੀ ਨੇ ਰੰਗੀ ਫੁਲਾਦ ਦੀ ਤਲਵਾਰ ਲਿਆਂਦੀ ਜਦੋਂ ਬਾਬਾ ਬੁੱਢਾ

---

1- ਗਿਆਨੀ ਗਿਆਨ ਸਿੰਘ; ਤਵਾਰੀਖ ਗੁਰੂ ਖਾਲਸਾ;(ਹਿੱਸਾ ਪਹਿਲਾ);ਪੰਨਾ 415

2- ਭਾਈ ਸੰਤੋਖ ਸਿੰਘ; ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ;(ਜਿਲਦ 7);ਪੰਨਾ 2407

ਜੀ ਸਤਿਗੁਰ ਜੀ ਨੂੰ ਤਲਵਾਰ ਪਹਿਨਾਉਣ ਲਗੇ ਤਾਂ ਭੁਲੇਖੇ ਨਾਲ ਉਹ ਤਲਵਾਰ ਸੱਜੇ ਪਾਸੇ ਪਾ ਦਿੱਤੀ। ਜਦ ਭੁਲ ਦਾ ਗਿਆਨ ਹੋਇਆ ਤਾਂ ਬਾਬਾ ਬੁਢਾ ਜੀ ਤਲਵਾਰ ਦਾ ਗਾਤਰਾ ਉਤਾਰਨ ਲੱਗੇ ਤਾਂ ਸਤਿਗੁਰੂ ਜੀ ਨੇ ਬਚਨ ਕੀਤਾ - ਇਸ ਨੂੰ ਰਹਿਣ ਦੇਵੋ ਇਕ ਤੇਗ਼ ਹੋਰ ਲਿਆਵੋ। ਅਸੀਂ ਦੋ ਤੇਗ਼ਾਂ ਪਾਵਾਂਗੇ। ਇਕ ਮੀਰੀ ਦੀ ਤੇ ਇਕ ਪੀਰੀ ਦੀ।"[1]

ਕੇਸਰ ਸਿੰਘ ਛਿਬਰ ਦੇ ਬੰਸਾਵਲੀ ਨਾਮੇ ਵਿਚੋਂ ਵੀ ਗੁਰੂ ਹਰਗੋਬਿੰਦ ਦੇ ਸ਼ਸਤ੍ਰ ਧਾਰਣ ਕਰਨ ਦੀ ਗਵਾਹੀ ਮਿਲਦੀ ਹੈ:-

ਤੇਗ ਸਿਪਰ ਗਹਿ ਉਰ ਮੇਂ ਧਾਰੀ॥
ਜੁਧ ਕਰਨ ਕੀ ਮਨਸਾ ਭਈ ਕਰਾਰੀ॥[2]

ਭਾਈ ਗੁਰਦਾਸ ਜੀ ਅਨੁਸਾਰ ਪੰਜ ਪਹਿਲੇ ਗੁਰੂ ਸਾਹਿਬਾਨਾਂ ਨੇ ਸਤੋ ਗੁਣਾਂ ਦਾ ਅਭਿਆਸ ਕੀਤਾ ਹੈ ਅਤੇ ਹੁਣ ਛਠਮ ਪੀਰ ਗੁਰੂ ਹਰਗੋਬਿੰਦ ਭਾਰੀ ਗੁਰੂ ਹੋ ਕੇ ਅਰਥਾਤ ਸਤ ਰਸ ਦੇ ਨਾਲ ਨਾਲ ਬੀਰ ਰਸ ਦੇ ਧਾਰਣੀ ਹੋ ਕੇ ਪ੍ਰਗਟ ਹੋਏ ਹਨ। ਭਾਈ ਗੁਰਦਾਸ ਜੀ ਨੇ ਛੇਵੇਂ ਪਾਤਿਸ਼ਾਹੁ ਨੂੰ ਛਠਮ ਪੀਰ ਤੇ ਦਲ ਭੰਜਨ, ਸੂਰਮਾ ਅਤੇ ਜੋਧਾ ਦਰਸਾਇਆ ਹੈ ਅਤੇ ਇਹ ਸਪਸ਼ਟ ਕੀਤਾ ਹੈ ਗੁਰੂ ਹਰਗੋਬਿੰਦ ਦੀ ਸੂਰਮਤਾਈ 'ਪਰਉਪਕਾਰ' ਲਈ ਹੈ।

ਪੰਜ ਪਿਆਲੇ ਪੰਜ ਪੀਰ ਛਠਮੁ ਪੀਰੁ ਬੈਠਾ ਗੁਰ ਭਾਰੀ॥
ਅਰਜਨ ਕਾਇਆ ਪਲਟਿ ਕੈ ਮੂਰਤ ਹਰਿ ਗੋਬਿੰਦ ਸਵਾਰੀ॥
ਚਲੀ ਪੀੜੀ ਸੋਢੀਆਂ ਰੂਪ ਦਿਖਾਵਣਿ ਵਾਰੋ ਵਾਰੀ॥
ਦਲਭੰਜਨ ਗੁਰ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ॥[3]

---

1- ਸ੍ਰੀ ਸੋਢੀ ਚਮਤਕਾਰ; ਪੰਨਾ 296

2- ਛਿਬਰ, ਕੇਸਰ ਸਿੰਘ; ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ; ਪੰਨਾ 68

3- ਵਾਰਾਂ ਭਾਈ ਗੁਰਦਾਸ; ਪੰਨਾ 42

ਇਕ ਹੋਰ ਵਾਰ ਵਿਚ ਭਾਈ ਗੁਰਦਾਸ ਜੀ ਗੁਰੂ ਹਰਿਗੋਬਿੰਦ ਸਾਹਿਬ ਦੀ ਮੀਰੀ ਦੀ ਤਾਕਤ ਦਾ ਜ਼ਿਕਰ ਕਰਦਿਆਂ ਉਹਨਾਂ ਨੂੰ ਦੀਨ ਦੁਨੀ ਦਾ ਪਾਤਸ਼ਾਹ ਕਹਿ ਕੇ ਪੁਕਾਰਦੇ ਹਨ:-

ਦਸਤਗੀਰ ਹੁਇ ਪੰਜ ਪੀਰ ਹਰਿ ਗੁਰੂ ਹਰਿ ਗੋਬਿੰਦ ਅਤੋਲਾ।

ਦੀਨ ਦੁਨੀ ਦਾ ਪਾਤਿਸਾਹ ਪਾਤਸਾਹਾ ਪਾਤਸਾਹ ਅਡੋਲਾ।[1]

ਭਾਈ ਨੰਦ ਲਾਲ ਜੀ ਤੌਸੀਫੋ ਸਨਾ ਵਿਚ ਗੁਰੂ ਹਰਗੋਬਿੰਦ ਸਾਹਿਬ ਦੀ ਮੀਰੀ ਪੀਰੀ ਦਾ ਜ਼ਿਕਰ ਕਰਦਿਆਂ ਕਹਿੰਦੇ ਹਨ:-

ਹਮ ਅਜ਼ ਫ਼ਕਰ ਹਮ ਸਲਤਨਤ ਨਾਮਵਰ।

ਬਫ਼ਰਮਾਨਿ ਓ ਜੁਮਲਾ ਜ਼ੇਰੋ ਜਬਰ।[2]

ਉਪਰੋਕਤ ਸਾਰੇ ਉਦਾਹਰਣਾਂ ਤੋਂ ਸਪਸ਼ਟ ਹੈ ਕਿ ਸੰਸਥਾਤਮਕ ਰੂਪ ਵਿਚ ਮੀਰੀ-ਪੀਰੀ ਦਾ ਸੁਮੇਲ ਗੁਰੂ ਹਰਗੋਬਿੰਦ ਪਾਤਸ਼ਾਹ ਦੀ ਗਦੀ ਨਸ਼ੀਨੀ ਨਾਲ ਹੀ ਹੋਇਆ ਹੈ।

ਪਰ ਸਿਧਾਂਤ ਰੂਪ ਵਿਚ ਮੀਰੀ-ਪੀਰੀ ਦੀ ਸਾਂਝ ਗੁਰੂ ਘਰ ਵਿਚ ਪਹਿਲਾਂ ਤੋਂ ਮੌਜੂਦ ਸੀ। ਇਹ ਕਹਿਣਾ ਉਚਿਤ ਹੋਵੇਗਾ ਕਿ ਮੀਰੀ-ਪੀਰੀ ਦੇ ਸੰਜੋਗ ਦਾ ਸੰਕਲਪ ਗੁਰੂ ਹਰਗੋਬਿੰਦ ਸਾਹਿਬ ਦਾ ਕੋਈ ਵਖਰਾ ਸੰਕਲਪ ਨਹੀਂ ਸਗੋਂ ਇਸ ਸੰਕਲਪ ਦੀ ਨੀਂਹ ਗੁਰੂ ਨਾਨਕ ਦੇਵ ਜੀ ਨੇ ਪਹਿਲਾਂ ਹੀ ਰਖੀ ਸੀ। ਮੀਰੀ-ਪੀਰੀ ਦੇ ਸੰਜੋਗ ਦਾ ਸਿੱਖ ਸੰਕਲਪ ਗੁਰੂ ਨਾਨਕ ਦੇਵ ਜੀ ਤੋਂ ਸ਼ੁਰੂ ਹੋਇਆ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਵੇਲੇ ਖਾਲਸਾ ਪੰਥ ਦੀ ਸਿਰਜਨਾ ਨੇ ਇਸ ਨੂੰ ਮੁਕੰਮਲ ਤੇ ਕ੍ਰਿਆਤਮਕ ਸਰੂਪ ਪ੍ਰਦਾਨ ਕੀਤਾ ਹੈ।

---

1- ਵਾਰਾਂ ਭਾਈ ਗੁਰਦਾਸ; ਪੰਨਾ 629

2- ਭਾਈ ਨੰਦ ਲਾਲ, ਤੌਸੀਫੋਸਨਾ, ਅੰਮ੍ਰਿਤ ਕੀਰਤਨ, ਪੰਨਾ 272

## ਗੁਰੂ ਸਾਹਿਬਾਨ ਦਾ ਤੱਤਕਾਲੀਨ ਰਾਜ ਬਾਰੇ ਪ੍ਰਤੀਕਰਮ ਅਤੇ ਮੀਰੀ-ਪੀਰੀ ਦਾ ਸੰਜੁਗਤ ਨਿਭਾਉ:-

ਗੁਰੂ ਪਰੰਪਰਾ ਮੁਢ ਤੋਂ ਹੀ ਸਿਧਾਤਕ ਰੂਪ ਵਿਚ ਮੀਰੀ-ਪੀਰੀ ਦੀ ਧਾਰਣੀ ਰਹੀ ਹੈ ਅਤੇ ਦੋਹਾਂ ਖੇਤਰਾਂ ਵਿਚ ਉਸਦੀ ਕਾਰਜਸ਼ੀਲਤਾ ਦਾ ਇਤਿਹਾਸ ਸਾਖੀ ਹੈ। ਇਸ ਸੰਬੰਧ ਵਿਚ ਗੁਰੂ ਸਾਹਿਬਾਨ ਦਾ ਆਪਣੇ ਸਮਕਾਲੀ ਰਾਜ ਬਾਰੇ ਪ੍ਰਤੀਕਰਮ ਬਹੁਤ ਮਹੱਤਵ-ਪੂਰਣ ਹੈ ਅਤੇ ਇਸ ਰਾਜਸੀ ਪ੍ਰਤੀਕਰਮ 'ਚੋਂ ਗੁਰੂਆਂ ਦੀ ਮੀਰੀ-ਪੀਰੀ ਦੋਹਾਂ ਦੇ ਸੰਜੋਗ ਵਾਲੀ ਦੁਵੱਲੀ ਸ਼ਖਸੀਅਤ ਸਪਸ਼ਟ ਉਜਾਗਰ ਹੋਈ ਹੈ। ਗੁਰੂਆਂ ਦਾ ਤੱਤਕਾਲੀਨ ਰਾਜ ਬਾਰੇ ਪ੍ਰਤੀਕਰਮ ਉਹਨਾਂ ਦੇ ਬੋਲਾਂ ਵਿਚੋਂ ਪ੍ਰਾਪਤ ਹੁੰਦਾ ਹੈ। ਪਰ ਇਹ ਨਹੀਂ ਕਿ ਉਹਨਾਂ ਦਾ ਪ੍ਰਤੀਕਰਮ ਨਿਰਾ ਜ਼ੁਬਾਨੀ ਸੀ। ਲੋੜ ਪੈਣ ਤੇ ਗੁਰੂ ਸਾਹਿਬਾਨ ਨੇ ਸਸਤ੍ਰਾਂ ਦੇ ਪ੍ਰਯੋਗ ਅਤੇ ਯੁਧ ਭੂਮੀ ਤੱਕ ਜਾਣ ਤੋਂ ਗੁਰੇਜ਼ ਨਹੀਂ ਕੀਤਾ।

ਗੁਰੂ ਨਾਨਕ ਦੇਵ ਜੀ ਨੇ ਮੀਰੀ ਪੀਰੀ ਦੇ ਸਿਧਾਤ ਦਾ ਮੁੱਢ ਬੰਨਦਿਆਂ, ਜਿਥੇ ਇਕ ਪਾਸੇ 'ਪੀਰੀ' ਦੇ ਪੜਦੇ ਪਿਛੇ ਛੁਪੇ ਪਾਖੰਡ ਨੂੰ ਬੇਨਕਾਬ ਕੀਤਾ, ਉਥੇ ਦੂਜੇ ਪਾਸੇ ਪੂਰੀ ਸ਼ਕਤੀ ਨਾਲ 'ਮੀਰੀ' ਦੇ ਅਨਿਆਈ ਅਤੇ ਹਿੰਸਕ ਵਤੀਰੇ ਦਾ ਕਾਰਗਰ ਵਿਰੋਧ ਕੀਤਾ। ਤਤਕਾਲੀਨ ਰਾਜ ਦੇ ਹਿੰਸਕ ਤੇ ਭਿਆਨਕ ਰੂਪ ਦਾ ਗੁਰੂ ਨਾਨਕ ਦੇਵ ਨੇ ਆਪਣੀ ਬਾਣੀ ਵਿਚ ਜ਼ਿਕਰ ਕੀਤਾ ਹੈ ਅਤੇ ਗੁਰੂ ਸਾਹਿਬ ਦੀ ਸਪਸ਼ਟ ਰਾਇ ਹੈ ਕਿ ਰਾਜ ਵਿਚੋਂ ਧਰਮ ਦਾ ਅੰਸ਼ ਖੰਭ ਲਾ ਕੇ ਉਡ ਗਿਆ ਹੈ:

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥[1]

ਗੁਰੂ ਨਾਨਕ ਸਾਹਿਬ ਦੇ ਅਵਤਾਰ ਧਾਰਣ ਸਮੇਂ ਲੋਧੀ ਵੰਸ਼ ਦਾ ਰਾਜ ਸੀ ਅਤੇ ਬਾਬਰ ਦੀ ਹਕੂਮਤ ਕਾਇਮ ਹੋਣ ਤਕ ਰਾਜਨੀਤਕ ਅਸਥਿਰਤਾ ਦੇ ਬਾਵਜੂਦ ਲੋਧੀ ਹੁਕਮਰਾਨ ਰਾਜ ਸੱਤਾ ਉਤੇ ਕਾਬਜ ਰਹੇ। ਪਰ ਇਕ ਤਥ ਪੂਰੀ ਤਰ੍ਹਾਂ ਸਪਸ਼ਟ ਹੈ ਕਿ ਗੁਰੂ ਨਾਨਕ ਸਾਹਿਬ

---

1- ਆਦਿ ਗ੍ਰੰਥ, ਪੰਨਾ 145

ਦੇ ਸਮਕਾਲੀ ਲੋਧੀ ਹੁਕਮਰਾਨਾਂ ਪਾਸ ਰਾਜਨੀਤਕ ਸੂਝ ਬੂਝ ਅਤੇ ਪ੍ਰਸ਼ਾਸਨਿਕ ਸਮਰਥਾ ਦੀ ਘਾਟ ਸੀ। ਸੈਨਿਕ ਸ਼ਕਤੀ ਨੂੰ ਵੀ ਠੀਕ ਤਰ੍ਹਾਂ ਸੰਗਠਿਤ ਕਰਨ ਵਿਚ ਲੋਧੀ ਹਾਕਮ ਨਾਕਾਮ ਸਨ। ਬਾਬਰ ਦੇ ਹਮਲੇ ਵੇਲੇ ਲੋਧੀ ਰਾਜ-ਵਿਵਸਥਾ ਦੀਆਂ ਇਹ ਕਮਜ਼ੋਰੀਆਂ ਪ੍ਰਗਟ ਰੂਪ ਵਿਚ ਸਾਹਮਣੇ ਨਜ਼ਰ ਆ ਰਹੀਆਂ ਸਨ। ਇਸੇ ਲਈ ਆਪਣੇ ਰਾਜ ਦੀ ਰਖਿਆ ਕਰਨ ਵਿਚ ਪੂਰੀ ਤਰ੍ਹਾਂ ਅਸਫਲ ਰਹਿਣ ਵਾਲੇ ਲੋਧੀਆਂ ਉਤੇ ਆਪਣੀ ਅਸੰਤੁਸ਼ਟਤਾ ਪ੍ਰਗਟ ਕਰਦਿਆਂ ਗੁਰੂ ਨਾਨਕ ਸਾਹਿਬ ਨੇ ਕਿਹਾ ਕਿ ਰਾਜ ਕਰਨ ਵਾਲਿਆਂ ਦੀ ਅਯੋਗਤਾ ਅਤੇ ਅਣਗਹਿਲੀ ਕਾਰਨ ਰਤਨ ਵਰਗੇ ਮੁਲਕ ਨੂੰ ਖੁਆਰ ਹੋਣਾ ਪਿਆ ਹੈ:-

> ਰਤਨ ਵਿਗਾੜਿ ਵਿਗੋਏ ਕੁਤੀ ਮੁਇਆ ਸਾਰ ਨ ਕਾਈ॥[1]

ਤਤਕਾਲੀਨ ਰਾਜ ਦੀ ਨਿਆਂ ਵਿਵਸਥਾ ਬਾਰੇ ਆਪਣੇ ਪ੍ਰਤੀਕਰਮ ਵਿਚ ਗੁਰੂ ਸਾਹਿਬ ਫਰਮਾਉਂਦੇ ਹਨ ਕਿ ਬਿਨਾਂ ਰਿਸ਼ਵਤ ਦਿੱਤਿਆਂ ਨਿਆਂ ਪ੍ਰਾਪਤ ਕਰਨਾ ਅਸੰਭਵ ਹੈ:-

> ਰਾਜਾ ਨਿਆਉ ਕਰੇ ਹਥਿ ਹੋਇ॥[2]

ਰਾਜ ਵਿਵਸਥਾ ਦੇ ਵਖ ਵਖ ਅੰਗਾਂ ਦੀ ਕਾਰਗੁਜ਼ਾਰੀ ਦਾ ਵਿਵਰਣ ਦੇਂਦਿਆਂ ਗੁਰੂ ਸਾਹਿਬ ਦਾ ਕਥਨ ਹੈ:-

> ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ॥
> ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ॥
> ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ॥[3]

ਬਾਬਰ ਦੇ ਵਾਰ ਵਾਰ ਹਮਲਿਆਂ ਨੇ ਹਿੰਦੁਸਤਾਨ ਦੀ ਰਾਜਨੀਤਕ, ਆਰਥਕ ਅਤੇ ਸਮਾਜਕ ਸਥਿਤੀ ਨੂੰ ਕਾਫੀ ਹੱਦ ਤੱਕ ਅਸਰ ਅੰਦਾਜ਼ ਕੀਤਾ ਸੀ। ਭਾਰਤੀ ਸਭਿਅਤਾ ਤੇ

---

1- <u>ਆਦਿ ਗ੍ਰੰਥ</u>, ਪੰਨਾ 360

2- ਓਹੀ, ਪੰਨਾ 350

3- ਓਹੀ, ਪੰਨਾ 468

ਸੰਸਕ੍ਰਿਤੀ ਦੀਆਂ ਜੜ੍ਹਾਂ ਹਿਲ ਰਹੀਆਂ ਸਨ ਅਤੇ ਨੈਤਿਕ ਮੁਲਾਂ ਦਾ ਹਨਨ ਹੋ ਰਿਹਾ ਸੀ। ਇਸ ਸਾਰੀ ਸਥਿਤੀ ਦਾ ਗੁਰੂ ਨਾਨਕ ਸਾਹਿਬ ਤੇ ਗਹਿਰਾ ਅਸਰ ਹੋਇਆ ਅਤੇ ਉਹ ਜਬਰ ਦੀ ਸ਼ਕਤੀ ਵਿਰੁਧ ਜਨਤਾ ਦੀ ਢਾਲ ਬਣ ਕੇ ਨਿਤਰ ਪਏ। ਗੁਰੂ ਨਾਨਕ ਦੇਵ ਜੀ ਨੇ ਸਾਰੀ ਜਨਤਾ ਦੇ ਦੁਖਾਂ ਨੂੰ ਆਪਣੇ ਹਿਰਦੇ ਵਿਚ ਸੰਜੋਅ ਕੇ, ਆਪਣੇ ਸਮੁੱਚੇ ਪ੍ਰਤੀਕਰਮ ਨੂੰ ਬੋਲਾਂ ਦਾ ਰੂਪ ਦੇਂਦਿਆਂ, ਅਕਾਲ ਪੁਰਖ ਨੂੰ ਦਰਦ ਭਰੀ ਪੁਕਾਰ ਕਰਕੇ ਉਲਾਂਭਾ ਦਿੱਤਾ:-

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ॥
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥
ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ ਨ ਆਇਆ॥
ਕਰਤਾ ਤੂੰ ਸਭਨਾ ਕਾ ਸੋਈ॥
ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ॥ ਰਹਾਉ॥
ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ॥
ਰਤਨ ਵਿਗਾੜਿ ਵਿਗੋਏ ਕੁਤੀ ਮੁਇਆ ਸਾਰ ਨ ਕਾਈ॥
ਆਪੇ ਜੋੜਿ ਵਿਛੋੜੇ ਆਪੇ ਵੇਖੁ ਤੇਰੀ ਵਡਿਆਈ॥
ਜੇ ਕੋ ਨਾਉ ਧਰਾਏ ਵਡਾ ਸਾਦ ਕਰੇ ਮਨਿ ਭਾਣੇ॥
ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੈ ਦਾਣੇ॥
ਮਰਿ ਮਰਿ ਜੀਵੈ ਤਾ ਕਿਛੁ ਪਾਏ ਨਾਨਕ ਨਾਮੁ ਵਖਾਣੇ॥[1]

ਹਿੰਦੁਸਤਾਨ ਤੇ ਹਮਲਾਵਰ ਬਣ ਕੇ ਆਏ ਬਾਬਰ ਨੇ ਗੁਰੂ ਨਾਨਕ ਸਾਹਿਬ ਨਾਲ ਮੁਲਾਕਾਤ ਸਮੇਂ ਰਾਜ ਮਦ ਵਿਚ, ਜਦ ਕੁਝ ਫੁਰਮਾਇਸ਼ ਕਰਨ ਲਈ ਕਿਹਾ ਤਾਂ ਗੁਰੂ ਸਾਹਿਬ ਨੇ ਨਿਡਰ ਤੇ ਨਿਸੰਕੋਚ ਉਤਰ ਦਿੱਤਾ:-

---

1- ਆਦਿ ਗ੍ਰੰਥ, ਪੰਨਾ 360

ਬੰਦੇ ਕੀ ਜੋ ਲੇਵੈ ਓਟ ਦੀਨ ਦੁਨੀ ਮੈ ਤਾਕਉ ਤੋਟ॥

ਕਹਿ ਨਾਨਕ ਸੁਣ ਬਾਬਰ ਮੀਰ, ਤੁਝ ਤੇ ਮਾਗੈ ਸੋ ਅਹਿਮਕ ਫਕੀਰ॥[1]

ਭਾਈ ਰਤਨ ਸਿੰਘ ਭੰਗੂ ਅਨੁਸਾਰ ਬਾਬਰ ਨੇ ਦੌਲਤ ਖਾਂ ਪਾਸੋ ਪੁਛਿਆ ਸੀ ਕਿ ਗੁਰੂ ਨਾਨਕ ਦੇਵ ਨਾਲ ਮੁਲਾਕਾਤ ਸਮੇਂ ਉਹ ਕੀ ਭੇਟ ਕਰੇ, ਕਿਉਂਕਿ ਫਕੀਰ ਨੂੰ ਖਾਲੀ ਹਥ ਮਿਲਣ ਜਾਣਾ ਉਚਿਤ ਨਹੀਂ। ਦੌਲਤ ਖਾਂ ਨੇ ਬਾਬਰ ਨੂੰ ਉਤਰ ਦਿੱਤਾ ਕਿ ਤੁਸੀਂ ਗੁਰੂ ਸਾਹਿਬ ਨੂੰ ਕੀ ਭੇਟ ਕਰ ਸਕਦੇ ਹੋ, ਜਦੋਂ ਤੁਸੀਂ ਦਰਸ਼ਨ ਕਰੋਗੇ ਤਾਂ ਤੁਹਾਨੂੰ ਅਨੁਭਵ ਹੋਵੇਗਾ ਕਿ ਉਹਨਾਂ ਪਾਸ ਮੀਰੀ ਤੇ ਪੀਰੀ ਦੋਵੇਂ ਹਨ: -

ਮੀਰੀ ਪੀਰੀ ਸਭ ਉਸ ਪਾਹਿ ਦੇਖੋਗੇ ਤੁਮ ਨੇੜੇ ਜਾਇ॥[2]

ਇਕ ਪਾਸੇ, ਗੁਰੂ ਨਾਨਕ ਪਾਤਸ਼ਾਹ ਨੇ ਉਹਨਾਂ ਲੋਕਾਂ ਨੂੰ ਤਾੜਨਾ ਕੀਤੀ ਜੋ 'ਮੀਰ' ਦੀ ਪ੍ਰਸੰਨਤਾ ਲੈਣ ਲਈ ਆਪਣੇ ਧਰਮ, ਸਭਿਆਚਾਰ, ਬੋਲੀ ਦਾ ਤਿਆਗ ਕਰ ਰਹੇ ਸਨ:-

ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ॥[3]

ਦੂਜੇ ਪਾਸੇ, ਉਨ੍ਹਾਂ ਲੋਕਾਂ ਨੂੰ ਜੋ ਆਪਣੇ ਆਪ ਨੂੰ ਫ਼ਕੀਰ ਅਖਵਾਉਂਦੇ ਸਨ ਤੇ ਦੁਨੀਆਂ ਦਾ ਤਿਆਗ ਕਰਕੇ ਪਹਾੜਾਂ ਦੀਆਂ ਕੰਦਰਾਂ ਵਿਚ ਜਾ ਵਸੇ ਸਨ, ਕਰਮੀ ਜੀਵਨ ਜੀਉਣ ਦਾ ਉਪਦੇਸ਼ ਦਿੱਤਾ। ਦੁਨੀਆਂ ਨੂੰ ਭੁਲੇਖੇ ਵਿਚ ਪਾ ਕੇ ਆਪਣੀ ਸਵਾਰਥ-ਸਿਧੀ ਕਰਨ ਵਾਲਿਆਂ ਦਾ ਭੇਦ ਖੋਲਿਆ। ਗੁਰੂ ਸਾਹਿਬ ਨੇ ਫੁਰਮਾਇਆ:-

ਆਂਟ ਸੇਤੀ ਨਾਕੁ ਪਕੜਹਿ ਸੂਝਤੇ ਤਿਨਿ ਲੋਅ॥

ਮਗਰ ਪਾਛੈ ਕਛੁ ਨ ਸੂਝੈ ਏਹੁ ਪਦਮੁ ਅਲੋਅ॥[4]

---

1- ਜਨਮ ਸਾਖੀ, ਭਾਈ ਬਾਲੇ ਵਾਲੀ, ਪੰਨਾ 314

2- ਭੰਗੂ, ਭਾਈ ਰਤਨ ਸਿੰਘ; ਸ੍ਰੀ ਗੁਰ ਪੰਥ ਪ੍ਰਕਾਸ਼; ਪੰਨਾ 357

3- ਆਦਿ ਗ੍ਰੰਥ, ਪੰਨਾ 470

4- ਓਹੀ, ਪੰਨਾ 663

ਮਾਝ ਦੀ ਵਾਰ ਵਿਚ ਗੁਰੂ ਨਾਨਕ ਦੇਵ ਜੀ ਮਨੁੱਖ ਨੂੰ ਸਵੈ-ਮਾਨ ਦਾ ਜੀਵਨ ਜੀਊਣ ਦਾ ਉਪਦੇਸ਼ ਦਿੰਦੇ ਹਨ ਅਤੇ ਸਪਸ਼ਟ ਕਰਦੇ ਹਨ ਕਿ ਸੰਸਾਰ ਵਿਚ 'ਪਤਿ' ਬਿਨਾ ਜਿਊਣਾ ਹਰਾਮ ਹੈ:-

ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥[1]

ਅਸਲ ਵਿਚ ਗੁਰੂ ਨਾਨਕ ਦੇਵ ਇਕ ਐਸੇ ਜੀਉਂਦੇ ਜਾਗਦੇ ਤੇ ਜੰਗਜੂ ਸਮਾਜ ਦੀ ਸਥਾਪਨਾ ਕਰਨਾ ਚਾਹੁੰਦੇ ਸਨ ਜਿਹੜਾ ਦ੍ਰਿੜਤਾ ਨਾਲ ਸਚ ਦੀ ਰਾਖੀ ਕਰ ਸਕੇ ਅਤੇ ਸਚ ਤੇ ਚਲਦਿਆਂ ਆਪਣੇ ਪ੍ਰਾਣਾ ਦੀ ਆਹੂਤੀ ਦੇਣ ਲਈ ਤੱਤਪਰ ਰਹੇ। ਮੀਰੀ-ਪੀਰੀ ਦੇ ਸੰਜੋਗ ਨਾਲ ਉਤਪੰਨ ਹੋਏ ਇਸ ਨਵੇਂ ਸਮਾਜ ਦੇ ਬਿਖੜੇ ਪੈਂਡੇ ਵਲ ਸੰਕੇਤ ਕਰਦਿਆਂ ਗੁਰੂ ਨਾਨਕ ਦੇਵ ਜੀ ਨੇ ਸਪਸ਼ਟ ਕੀਤਾ ਹੈ ਕਿ ਇਸ ਮਾਰਗ ਤੇ ਉਹੀ ਮਨੁੱਖ ਚਲ ਸਕਦਾ ਹੈ ਜਿਸ ਨੇ ਆਪਣਾ ਸੀਸ ਤਲੀ ਤੇ ਰਖਿਆ ਹੋਇਆ ਹੈ:-

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰ ਦੀਜੈ ਕਾਣਿ ਨ ਕੀਜੈ॥[2]

ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਸਾਹਿਬ ਦੀ ਪਰੰਪਰਾ ਨੂੰ ਅਗਾਂਹ ਤੋਰਿਆ। ਉਹਨਾਂ ਨੇ ਵੀ ਆਪਣੇ ਸਮਕਾਲੀ ਰਾਜ ਅਤੇ ਸਮਾਜ ਨੂੰ ਆਪਣੀ ਵਿਸ਼ਲੇਸ਼ਣਾਤਮਕ ਦ੍ਰਿਸ਼ਟੀ ਤੋਂ ਘੋਖਿਆ ਅਤੇ ਆਪਣੇ ਪ੍ਰਤੀਕਰਮ ਨੂੰ ਬਾਣੀ ਵਿਚ ਦਰਜ ਕੀਤਾ। ਗੁਰੂ ਅੰਗਦ ਦੇਵ ਜੀ ਦੀਆਂ ਹੇਠਲੀਆਂ ਸੱਤਰਾਂ ਵਿਚ ਦਸਿਆ ਗਿਆ ਹੈ ਕਿ ਕੰਗਾਲ ਦਾ ਨਾਮ ਬਾਦਸ਼ਾਹ ਹੈ, ਮੂਰਖ ਦਾ

---

1- ਆਦਿ ਗ੍ਰੰਥ, ਪੰਨਾ 142

2- ਓਹੀ, ਪੰਨਾ 1412

ਨਾਮ ਪੰਡਿਤ ਪੈ ਗਿਆ ਹੈ, ਅੰਨ੍ਹੇ ਨੂੰ ਪਾਰਖੂ ਜਾਣਿਆ ਜਾਂਦਾ ਹੈ, ਇੱਲਤੀ ਮਨੁੱਖ ਦਾ ਨਾਮ ਆਗੂਆਂ ਵਿਚ ਗਿਣਿਆ ਜਾਂਦਾ ਹੈ ਅਤੇ ਝੂਠਾ ਹੀ ਸਨਮਾਨ ਦਾ ਹਕਦਾਰ ਦਿਸਦਾ ਹੈ। ਕਲਿਜੁਗ ਦੇ ਪਹਿਰੇ ਦਾ ਇਹੋ ਨਿਆਓ ਹੈ:-

ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤ ਨਾਉ॥
ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ॥
ਇਲਤ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ॥
ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ॥[1]

ਮੀਰੀ ਪੀਰੀ ਦੇ ਮੁਜੱਸਮੇ ਗੁਰੂ ਅੰਗਦ ਦੇਵ ਜੀ ਦੇ ਜੀਵਨ ਇਤਿਹਾਸ ਦੀ ਇਕ ਘਟਨਾ ਇਥੇ ਵਰਣਨਯੋਗ ਹੈ। ਜਦੋ ਹਮਾਯੂੰ ਬਾਦਸ਼ਾਹ ਸ਼ੇਰਸ਼ਾਹ ਸੂਰੀ ਪਾਸੋ ਹਾਰ ਖਾ ਕੇ ਖਡੂਰ ਸਾਹਿਬ ਗੁਰੂ ਅੰਗਦ ਦੇਵ ਜੀ ਪਾਸ ਆਇਆ ਤਾਂ ਗੁਰੂ ਜੀ ਨੇ ਉਸਦੀ ਆਮਦ ਨੂੰ ਕੋਈ ਅਹਿਮੀਅਤ ਨਾ ਦਿੱਤੀ। ਹਮਾਯੂੰ ਨੇ ਇਸ ਨੂੰ ਆਪਣਾ ਅਪਮਾਨ ਸਮਝਿਆ ਅਤੇ ਕ੍ਰੋਧਵਾਨ ਹੋ ਕਿਰਪਾਨ ਕਢ ਲਈ। ਇਸ ਤੇ ਗੁਰੂ ਅੰਗਦ ਦੇਵ ਜੀ ਨੇ ਫੁਰਮਾਇਆ ਕਿ ਇਹ ਤਲਵਾਰ ਤੈਨੂੰ ਜਿਥੇ ਕਢਣ ਦੀ ਥਾਂ ਸੀ ਉਥੋ ਤੂੰ ਕਾਇਰਾਂ ਦੀ ਤਰ੍ਹਾਂ ਭੱਜ ਆਇਆ ਹੈਂ, ਇਥੇ ਕਿਰਪਾਨ ਕਢਣਾ ਬਹਾਦਰੀ ਨਹੀਂ। ਇਸ ਤੇ ਹਮਾਯੂੰ ਬਹੁਤ ਸ਼ਰਮਿੰਦਾ ਹੋਇਆ ਅਤੇ ਗੁਰੂ ਜੀ ਤੋ ਮਾਫ਼ੀ ਮੰਗੀ।[2] ਇਸ ਇਤਿਹਾਸਕ ਘਟਨਾ ਤੋ ਸਪਸ਼ਟ ਹੁੰਦਾ ਹੈ ਕਿ ਗੁਰੂ ਅੰਗਦ ਦੇਵ ਜੀ ਨੇ ਮੀਰੀ ਨੂੰ ਉਸ ਦੇ ਕਰਤੱਵ ਤੋ ਜਾਣੂੰ ਕਰਵਾਇਆ ਅਤੇ ਪੀਰ ਦੀ ਹਿੰਮਤ ਤੇ ਜੁੱਰਅਤ ਦਾ ਪ੍ਰਗਟਾਵਾ ਕੀਤਾ। ਮਹਿਮਾ ਪ੍ਰਕਾਸ਼ ਵਿਚ ਵੀ ਇਸ ਘਟਨਾ ਦਾ ਜ਼ਿਕਰ ਇਸ ਪ੍ਰਕਾਰ ਮਿਲਦਾ ਹੈ:-

- - - - - - - - - - - - - - - - - - - - - - - - - - - - - -

1- ਆਦਿ ਗ੍ਰੰਥ, ਪੰਨਾ 1288

2- ਗਿਆਨੀ ਗਿਆਨ ਸਿੰਘ; ਤਵਾਰੀਖ ਗੁਰੂ ਖਾਲਸਾ (ਹਿਸਾ ਪਹਿਲਾ) ਪੰਨਾ 296-298

ਤਬ ਸਾਹ ਹੁਮਾਯੋ ਚਲ ਗਏ। ਜਹ ਖੇਲੇ ਦਿਆਲ ਤਹਾ ਠਾਢੇ ਭਏ।

ਗੁਜਰੀ ਦੋਇ ਘੜੀ ਸਤਗੁਰ ਨਹੀ ਦੇਖਾ।ਕੀਆ ਬਾਦਸਾਹ ਮਨ ਕੋਪ ਬਿਸੇਖਾ।

ਹੁਮਾਯੋ ਮਨ ਅਹੰਕਾਰ ਕਰ ਧਰਿਓ ਮੂਠ ਖੜਗ ਪਰ ਹਾਥ।

ਪੁਨ ਅਫਸੋਸ ਮਨ ਮੇ ਕਰੇ ਧੁਨ ਧੁਨ ਅਪਨਾ ਮਾਥ।

ਤਬ ਹਾਥ ਤਲਵਾਰ ਮੂਠ ਪਰ ਰਾਖਾ।ਬਝ ਗਯੋ ਹਾਥ ਤਬ ਦੇਖਾ ਪ੍ਰਭ ਭਾਖਾ।

ਸੇਰ ਸਾਹ ਸੋ ਕਛ ਨਹੀ ਕੀਨਾ।ਈਹਾ ਤਲਵਾਰ ਮੂਠ ਗਹਿ ਲੀਨਾ।

ਬਿਨਤੀ ਧਾਰ ਹੁਮਾਯੋ ਕਹਿਓ। ਬੜੀ ਚੂਕ ਹਮ ਤੇਂ ਇਹ ਭਇਓ।

ਅਬ ਮਾਫ਼ ਤਕਸੀਰ ਹੋਇ ਕਾਮਲ ਵਲੀ।ਬਖਸ ਨਾਨਕ ਕੈ ਸਕੀ ਟਲੀ।[1]

ਰਣ ਵਿਚ ਸਨਮੁਖ ਹੋ ਕੇ ਮੌਤ ਨੂੰ ਕਬੂਲ ਕਰਨਾ ਅਤੇ ਪਿੱਠ ਨਾ ਦੇਣ ਦਾ ਗੁਰੂ ਅੰਗਦ ਦੇਵ ਦਾ ਉਪਦੇਸ਼ ਗੁਰ ਪ੍ਰਤਾਪ ਸੂਰਜ ਵਿਚ ਅੰਕਿਤ ਹੈ। ਉਹਨਾਂ ਅਨੁਸਾਰ ਜੇ ਯੁਧ ਆਣ ਹੀ ਪਵੇ ਤਾਂ ਥੋੜੇ ਜਾਂ ਬਹੁਤੇ ਨੁਕਸਾਨ, ਜਾਂ ਮੌਤ ਦੀ ਪਰਵਾਹ ਨਹੀਂ ਕਰਨੀ ਚਾਹੀਦੀ:-

ਦੇਸ਼ ਕਾਲ ਵਸਤੂ ਮਿਲ ਤੀਨ। ਤਬ ਹੁਇ ਕਾਜ ਪੂਰਨ ਬਿਹੀਨ॥

--- ---

ਬਿਨ ਤੂੰ ਮਿਲੇ ਕਾਲ ਰਖਵਾਰੋ। ਮਰਤਿ ਨਹੀ ਨੀਕੇ ਨਿਰਧਾਰੋ।

ਜੇ ਕਰਿ ਜੁੱਧ ਆਨਿ ਕਿਤ ਪਰੈ। ਅਲਪ ਕਿ ਬਹੁਤੇ ਨਹੀਂ ਬਿਚਰੈ।

ਪੀਠ ਨ ਦੇਹਿ ਸਮੁਖਿ ਰਿਪੁ ਰਹੈ। ਨਿਰਭੈ ਸ਼ਸਤ੍ਰ ਬਹੈ ਜਸ ਲਹੈ।

ਜੇ ਰਣਿ ਮਹਿ ਸਨਮੁਖ ਮ੍ਰਿਤੁ ਪਾਵੈ। ਸਵਰਗ ਨਿਸੰਸੈ ਸੂਰ ਸਿਧਾਵੈ।[2]

---

1- ਸਰੂਪ ਦਾਸ ਭੱਲਾ; ਮਹਿਮਾ ਪ੍ਰਕਾਸ਼(ਭਾਗ ਦੂਜਾ); ਪੰਨਾ 24

2- ਭਾਈ ਸੰਤੋਖ ਸਿੰਘ; ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ;(ਜਿਲਦ-5); ਪੰਨਾ-1359

ਗੁਰੂ ਅਮਰਦਾਸ ਜੀ ਜਦੋਂ ਤੀਰਥਾਂ ਦਾ ਭ੍ਰਮਣ ਕਰਦਿਆਂ ਗੰਗਾ ਪੁਜੇ ਤਾਂ ਸਰਕਾਰੀ ਅਧਿਕਾਰੀਆਂ ਵਲੋਂ ਟੈਕਸ ਭਰਨ ਲਈ ਕਿਹਾ ਗਿਆ। ਗੁਰੂ ਸਾਹਿਬ ਨੇ ਇਸ ਟੈਕਸ ਨੂੰ ਜਬਰ ਦਸਿਆ ਅਤੇ ਅਦਾ ਕਰਨ ਤੋਂ ਇਨਕਾਰ ਕਰ ਦਿੱਤਾ। ਅਧਿਕਾਰੀਆਂ ਨੂੰ ਕੋਈ ਉਗਰਾਹੀ ਨਾ ਹੋਈ ਅਤੇ ਉਹਨਾਂ ਨੂੰ ਖਾਲੀ ਵਾਪਸ ਮੁੜਨਾ ਪਿਆ। ਗੁਰੂ ਰਾਮਦਾਸ ਜੋ ਇਸ ਯਾਤਰਾ ਵਿਚ ਗੁਰੂ ਅਮਰਦਾਸ ਜੀ ਨਾਲ ਸਨ, ਆਪਣੀ ਰਚਨਾ ਵਿਚ ਸਾਰੀ ਘਟਨਾ ਦਾ ਜ਼ਿਕਰ ਕਰਦੇ ਹਨ:-

ਤ੍ਰਿਤੀਆ ਆਏ ਸੁਰਸਰੀ ਤਹ ਕਉਤਕ ਚਲਤ ਭਇਆ॥
ਸਭ ਮੋਹੀ ਦੇਖਿ ਦਰਸਨੁ ਗੁਰ ਸੰਤ ਕਿਨੈ ਆਢੁ ਨ ਦਾਮੁ ਲਇਆ॥
ਆਢੁ ਦਾਮੁ ਕਿਛੁ ਪਇਆ ਨ ਬੋਲਕ ਜਾਗਾਤੀਆ ਮੋਹਣ ਮੁੰਦਣਿ ਪਈ॥
ਭਾਈ ਹਮ ਕਰਹ ਕਿਆ ਕਿਸੁ ਪਾਸਿ ਮਾਂਗਹ ਸਭ ਭਾਗਿ ਸਤਿਗੁਰ ਪਿਛੈ ਪਈ॥
ਜਾਗਾਤੀਆ ਉਪਾਵ ਸਿਆਣਪ ਕਰਿ ਵੀਚਾਰੁ ਡਿਠਾ ਭੰਨਿ ਬੋਲਕਾ ਸਭਿ ਉਠਿ ਗਇਆ॥[1]

ਹਾਕਮ ਨੂੰ ਜਦੋਂ ਇਸ ਘਟਨਾ ਦਾ ਪਤਾ ਲੱਗਾ ਤਾਂ ਉਸ ਨੇ ਯਾਤਰੀਆਂ ਤੋਂ ਟੈਕਸ ਹਟਾ ਦਿੱਤਾ।[2] ਇਹ ਮੀਰੀ ਉਪਰ ਪੀਰੀ ਦੀ ਭਾਰੀ ਜਿੱਤ ਸੀ।

ਰਤਨ ਸਿੰਘ ਭੰਗੂ ਅਨੁਸਾਰ ਗੁਰੂ ਅਮਰਦਾਸ ਜੀ ਦੇ ਸਮੇਂ ਤੋਂ ਹੀ ਗੁਰੂ ਘਰ ਨੇ ਪਾਤਸ਼ਾਹੀ ਦਾਵਾ ਕਰਨਾ ਸ਼ੁਰੂ ਕਰ ਦਿੱਤਾ ਸੀ:-

ਅੰਗਦ ਤੇ ਗੁਰ ਭਯੋ ਅਮਰਦਾਸ ਕੀਯੋ ਪਾਤਸ਼ਾਹੀ ਦਾਵਾ ਜਾਸ॥[3]

- - - - - - - - - - - - - - - - - - - - - - - - - - - - - - - -

1- ਆਦਿ ਗ੍ਰੰਥ, ਪੰਨਾ 1116

2- ਗਿਆਨੀ ਗਿਆਨ ਸਿੰਘ, ਤਵਾਰੀਖ ਗੁਰੂ ਖਾਲਸਾ (ਹਿੱਸਾ ਪਹਿਲਾ) ਪੰਨਾ 332

3- ਭੰਗੂ, ਭਾਈ ਰਤਨ ਸਿੰਘ, ਸ੍ਰੀ ਗੁਰੂ ਪੰਥ ਪ੍ਰਕਾਸ਼, ਪੰਨਾ 60

ਗੁਰੂ ਰਾਮਦਾਸ ਜੀ ਵੇਲੇ ਅਕਬਰ ਬਾਦਸ਼ਾਹ ਦਾ ਰਾਜ ਸੀ ਅਤੇ ਉਹ ਸਾਰੇ ਮੁਗ਼ਲ ਬਾਦਸ਼ਾਹਾਂ ਵਿਚੋਂ ਫਿਰਾਖਦਿਲ ਧਾਰਮਕ ਦ੍ਰਿਸ਼ਟੀ ਵਾਲਾ ਸੀ। ਆਪਣਾ ਸਤਿਕਾਰ ਪ੍ਰਗਟ ਕਰਨ ਲਈ ਉਹ ਗੁਰੂ ਰਾਮਦਾਸ ਦੇ ਦਰਬਾਰ ਪਹੁੰਚਿਆ ਅਤੇ ਲੰਗਰ ਛਕਣ ਉਪਰੰਤ ਉਸ ਨੇ ਕੁਝ ਜਾਗੀਰ ਗੁਰੂ ਘਰ ਨਾਲ ਲਾਉਣ ਦੀ ਪੇਸ਼ਕਸ਼ ਕੀਤੀ। ਸੋਢੀ ਚਮਤਕਾਰ ਅਨੁਸਾਰ ਬਾਰਾਂ ਪਿੰਡਾਂ ਦੀ ਜਾਗੀਰ ਗੁਰੂ ਕੇ ਲੰਗਰ ਦੇ ਨਾਮ ਲਾਉਣ ਲਈ ਜਦੋਂ ਬਾਦਸ਼ਾਹ ਅਕਬਰ ਨੇ ਕਿਹਾ ਤਾਂ ਗੁਰੂ ਸਾਹਿਬ ਨੇ ਉਤਰ ਦਿੱਤਾ ਕਿ ਉਨ੍ਹਾਂ ਨੂੰ ਦੁਨਿਆਵੀ ਬਾਦਸ਼ਾਹੀ ਵਲੋਂ ਜਾਗੀਰ ਦੀ ਲੋੜ ਨਹੀਂ, ਉਨ੍ਹਾਂ ਦਾ ਸੱਚਾ ਪਾਤਸ਼ਾਹ ਪਰਮਾਤਮਾ ਉਨ੍ਹਾਂ ਨੂੰ ਸਭ ਕੁਝ ਬਖਸ਼ੀ ਜਾਂਦਾ ਹੈ। ਪਰ ਅਕਬਰ ਦੀ ਅਥਾਹ ਸ਼ਰਧਾ ਦੇਖ ਗੁਰੂ ਸਾਹਿਬ ਨੇ ਪੇਸ਼ਕਸ਼ ਮਨਜ਼ੂਰ ਕਰ ਲਈ।[1] ਗੁਰੂ ਰਾਮਦਾਸ ਜੀ ਆਪਣੇ ਸਮਕਾਲੀ ਰਾਜ ਪ੍ਰਤੀ ਪੂਰੀ ਤਰ੍ਹਾਂ ਚੇਤੰਨ ਤਾਂ ਹੈ ਹੀ ਸਨ ਨਾਲ ਹੀ ਉਹ ਸਿੱਖਾਂ ਨੂੰ ਸੰਗਠਿਤ ਕਰਕੇ ਸੰਸਥਾਤਮਕ ਰੂਪ ਦੇਣ ਵਿਚ ਵੀ ਰੁਚਿਤ ਸਨ। ਉਹਨਾਂ ਨੇ ਆਪਣੇ ਸਮੇਂ ਵਿਚ 'ਮਸੰਦ ਪ੍ਰਥਾ' ਨੂੰ ਪਰਿਪੱਕ ਕੀਤਾ। ਇਹਨਾਂ ਮਸੰਦਾਂ ਨੂੰ ਦੇਸ਼ ਦੇ ਵਖ ਵਖ ਭਾਗਾਂ ਵਿੱਚ ਵਸਦੇ ਸਿੱਖਾਂ ਦੀ ਨੁਮਾਇੰਦਗੀ ਦੀ ਜ਼ਿੰਮੇਵਾਰੀ ਮਿਲੀ ਹੋਈ ਸੀ ਅਤੇ ਉਹਨਾਂ ਦਾ ਪ੍ਰਮੁਖ ਕਾਰਜ ਦਸਵੰਧ ਅਤੇ ਕਾਰ ਭੇਟਾ ਇਕੱਤਰ ਕਰਨਾ, ਅਤੇ ਸਿਖੀ ਦਾ ਪ੍ਰਚਾਰ ਕਰਨਾ ਹੁੰਦਾ ਸੀ।[2]

ਪੰਜਵੇ ਪਾਤਸ਼ਾਹ ਗੁਰੂ ਅਰਜਨ ਦੇਵ ਨੂੰ ਆਪਣੇ ਸਮਕਾਲੀ ਰਾਜ-ਪ੍ਰਬੰਧ ਦੇ ਜ਼ਬਰ ਦਾ ਟਾਕਰਾ ਕਰਦਿਆਂ ਸ਼ਹਾਦਤ ਦੇਣੀ ਪਈ। ਇਸ ਸ਼ਹਾਦਤ ਦਾ ਮੁਖ ਕਾਰਣ ਗੁਰੂ ਅਰਜਨ ਦੇਵ ਜੀ ਵਲੋਂ ਮੀਰੀ ਪੀਰੀ ਦੀ ਦੁਵੱਲੀ ਸ਼ਖਸੀਅਤ ਦਾ ਪ੍ਰਗਟਾਵਾ ਸੀ ਜਿਹੜਾ ਵੇਲੇ ਦੇ ਹੁਕਮਰਾਨ ਜਹਾਂਗੀਰ ਨੂੰ ਕਦਾਚਿਤ ਬਰਦਾਸ਼ਤ ਨਹੀਂ ਸੀ। ਇਸ ਸ਼ਹਾਦਤ ਨਾਲ ਇਕ ਪਾਸੇ ਗੁਰੂ ਸਾਹਿਬ ਦਾ ਤਤਕਾਲੀਨ ਰਾਜ ਵਿਰੁਧ ਰੋਸ ਇਤਿਹਾਸ ਦੇ ਪੰਨਿਆਂ ਉਤੇ ਅੰਕਿਤ ਹੋਇਆ ਅਤੇ

---

1- ਸ੍ਰੀ ਸੋਢੀ ਚਮਤਕਾਰ, ਪੰਨਾ 46-47

2- ਨਾਭਾ, ਭਾਈ ਕਾਨ੍ਹ ਸਿੰਘ, ਮਹਾਨ ਕੋਸ਼, ਪੰਨਾ 932

ਦੂਜੇ ਪਾਸੇ ਮੀਰੀ-ਪੀਰੀ ਦੇ ਮਾਲਕ ਗੁਰੂ ਜੀ ਦੇ ਸਬਰ ਦੀ ਇੰਤਹਾ ਦਾ ਲੋਕਾਂ ਸਾਹਮਣੇ ਪ੍ਰਗਟਾਵਾ ਹੋਇਆ। ਤੁਜਕੇ ਜਹਾਂਗੀਰੀ ਵਿਚ ਖੁਦ ਜਹਾਂਗੀਰ ਨੇ ਗੁਰੂ ਅਰਜਨ ਦੇਵ ਨੂੰ ਸ਼ਹੀਦ ਕਰਨ ਦਾ ਕਾਰਣ ਬਿਆਨ ਕੀਤਾ ਹੈ। ਉਸਦੀ ਲਿਖਤ ਦਾ ਭਾਵ ਹੈ ਕਿ ਹਿੰਦੂ ਅਤੇ ਮੁਸਲਮਾਣ ਦੋਵੇਂ ਗੁਰੂ ਸਾਹਿਬ ਵਲ ਆਕਰਸ਼ਿਤ ਹੋ ਰਹੇ ਸਨ ਅਤੇ ਕਈ ਵਾਰ ਉਸ ਨੇ ਚਾਰ ਪੁਸ਼ਤਾਂ ਤੋਂ ਚਲੀ ਆ ਰਹੀ ਇਸ ਗੁਰੂ-ਪਰੰਪਰਾ ਦਾ ਅੰਤ ਕਰਨ ਦਾ ਮਨ ਬਣਾਇਆ ਸੀ। ਪਰ ਜਦੋ ਗੁਰੂ ਅਰਜਨ ਦੇਵ ਨੇ ਖੁਸਰੋ ਦੇ ਮੱਥੇ ਤੇ ਟਿੱਕਾ ਲਾਇਆ ਤਾਂ ਉਸ ਨੇ ਗੁਰੂ ਸਾਹਿਬ ਦੀ ਜਾਇਦਾਦ ਜਬਤ ਕਰਨ ਅਤੇ ਉਹਨਾਂ ਨੂੰ ਕਤਲ ਕਰਨ ਦਾ ਹੁਕਮ ਦਿਤਾ।[1]

---

1- "In Gobindwal, which ison the river Biyah(Beas), there was a Hindu named Arjun, in the garments of sainthood and sanctity, so much so that he had captured many of the simple-hearted of the Hindus, and even of the ignorant and foolish followers of Islam, by his ways and manners, and they had loudly sounded the drum of his holiness. They called him Guru, and from all sides stupid people crowded to worship and manifest complete faith in him. For three or four generations (of spiritual successors) they had kept this shop warm. Many times it occurred to me to put a stop to this vain affair or to bring him into the assembly of the pople of Islam.

At last when a Khusrau passed along this road this insignificant fellow proposed to waithupon him. Khusrau happened to halt at the place where he was, and he came out and did homage to him. He behaved to

Foot note continue- -

ਸਿੱਖ ਇਤਿਹਾਸ ਦੀ ਇਸ ਪਹਿਲੀ ਮਹੱਤਵਪੂਰਣ ਸ਼ਹਾਦਤ ਤੋਂ ਬਾਅਦ ਹੀ ਗੁਰੂ ਪਰੰਪਰਾ ਨੇ ਪ੍ਰਤੱਖ ਰੂਪ ਵਿਚ ਸ਼ਸਤ੍ਰਧਾਰੀ ਹੋ ਕੇ ਵੇਲੇ ਦੀ ਹਕੂਮਤ ਦਾ ਟਾਕਰਾ ਕਰਨ ਲਈ ਤਿਆਰੀ ਅਰੰਭੀ। ਗੁਰ ਬਿਲਾਸ ਪਾਤਸ਼ਾਹੀ 6 ਅਨੁਸਾਰ ਜਦੋਂ ਗੁਰੂ ਹਰਗੋਬਿੰਦ ਸਾਹਿਬ ਨੂੰ ਇਹ ਪਤਾ ਲਗਿਆ ਕਿ ਉਹਨਾਂ ਦੇ ਪਿਤਾ ਸ਼ਹਾਦਤ ਲਈ ਲਾਹੌਰ ਜਾ ਰਹੇ ਹਨ ਤਾਂ ਉਹ ਉਦਾਸ ਹੋ ਗਏ। ਸੰਕੇਤ ਮਾਤਰ ਗੁਰੂ ਅਰਜਨ ਦੇਵ ਜੀ ਨੇ ਗੁਰੂ ਹਰਗੋਬਿੰਦ ਸਾਹਿਬ ਨੂੰ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਹਕੂਮਤ ਨਾਲ ਟਾਕਰਾ ਕਰਨ ਲਈ ਬਹੁਤ ਸਾਰੇ ਉਪਾਉ ਕਰਨ ਦੀ ਲੋੜ ਪੈਣੀ ਹੈ:-

ਹਰ ਗੋਬਿੰਦ ਸੁਨ ਅਨਮਨ ਭਏ।
ਗੁਰ ਅਰਜਨ ਬਰ ਐਸੇ ਦਏ।
ਤੁਮਨੇ ਕਰਨੇ ਕਾਜ ਅਨੇਕਾ।
ਬਦਲਾ ਲੇਵਹਿ ਤੁਰਕਹਿ ਛੇਕਾ।[1]

---

From back page continue ---

Khusrau in certain special ways, and made on his forehead a fingermark in saffron, which the Indians (Hinduwan) call qashqa, and is considered propitious. When this came to my ears and I clerly understood his folly, I ordered them to produce him and handed over his houses, dwelling-places, and children to Murtaza Khan, and having confiscated his property comanded that he should be put to death."

-Tuzuk-I-Jahangiri, P,72-73

1- ਕਵਿ ਸੋਹਨ ਜੀ, ਸ੍ਰੀ ਗੁਰ ਬਿਲਾਸ ਪਾਤਸ਼ਾਹੀ 6ਵੀਂ, ਪੰਨਾ 139

ਆਪਣੀ ਸ਼ਹਾਦਤ ਤੋਂ ਪਹਿਲਾਂ ਗੁਰੂ ਅਰਜਨ ਦੇਵ ਜੀ ਨੇ ਆਪਣੇ ਸਪੁੱਤਰ ਗੁਰੂ ਹਰਗੋਬਿੰਦ ਨੂੰ ਹਿਦਾਇਤ ਕੀਤੀ ਕਿ ਹੁਣ ਸ਼ਸਤਰ ਦਾ ਸਮਾਂ ਹੈ, ਸ਼ਸਤਰ ਧਾਰਣ ਕਰੋ ਅਤੇ ਫੌਜ ਤਿਆਰ ਕਰਕੇ ਤਖਤ ਉਤੇ ਬੈਠੋ।[1]

ਗੁਰੂ ਹਰਗੋਬਿੰਦ ਸਾਹਿਬ ਨੇ, ਕੇਸਰ ਸਿੰਘ ਛਿਬਰ ਦੇ ਬੰਸਾਵਲੀਨਾਮੇ ਅਨੁਸਾਰ ਗੁਰੂ ਘਰ ਦੀ ਪੁਰਾਣੀ ਪਰੰਪਰਾ ਵਿਚ ਨਵਾਂ ਵਾਧਾ ਕੀਤਾ ਅਤੇ ਸ਼ਸਤ੍ਰਾਂ ਨੂੰ ਸਿਖੀ ਰਹੁ-ਰੀਤੀ ਵਿਚ ਸ਼ਾਮਲ ਕੀਤਾ:

> ਸਾਹਿਬ ਪਕੜੀ ਤੇਗ ਰਖਨ ਲਗੇ ਚਾਕਰ।
> ਖੇਡਨ ਸ਼ਿਕਾਰ ਸਿੱਖਾਂ ਨੂੰ ਨਾਲ ਲੈ ਜਾ ਕਰ।[2]

ਗੁਰੂ ਹਰਗੋਬਿੰਦ ਸਾਹਿਬ ਦੀ ਨਵੀਂ ਨੀਤੀ ਨਾਲ ਸਿੱਖਾਂ ਵਿਚ ਜੁਝਾਰੂ ਪ੍ਰਵਿਰਤੀ ਪਰਿਪੱਕ ਹੋਈ ਅਤੇ ਯੁੱਧ ਸਿੱਖੀ ਪਰੰਪਰਾ ਦਾ ਇਕ ਹਿੱਸਾ ਬਣ ਗਿਆ। ਬੰਸਾਵਲੀਨਾਮੇ ਦੀਆਂ ਹੇਠਲੀਆਂ ਸਤਰਾਂ ਇਸੇ ਤੱਥ ਵੱਲ ਸੰਕੇਤ ਕਰਦੀਆਂ ਹਨ:-

> ੳ) ਜੋ ਚੜਿ ਆਵੈ ਤਿਸ ਨਾਲ ਜੁਧ ਕਰਨਾ।
> ਲੜਨਾ ਮਰਨਾ ਜਰਾ ਨ ਡਰਨਾ।[3]
>
> ਅ) ਸਾਹਿਬ ਨਾਲ ਰਖੀ ਫਉਜ ਕੀਤਾ ਜੁਧ ਦਾ ਸਾਜ।[4]

ਗੁਰਬਿਲਾਸ ਪਾਤਸ਼ਾਹੀ 6 ਅਨੁਸਾਰ ਮੁਖਲਸ ਖਾਂ ਨੇ ਗੁਰੂ ਹਰਗੋਬਿੰਦ ਸਾਹਿਬ ਪਾਸੋਂ ਪੁਛਿਆ ਕਿ ਤੁਸੀਂ ਪਾਤਸ਼ਾਹ ਕਿਉਂ ਸਦਵਾਉਂਦੇ ਹੋ? - ਪਾਤਸ਼ਾਹ ਤਾਂ ਦਿੱਲੀ ਦੇ ਤਖਤ ਉਤੇ ਬੈਠਾ ਹੈ:-

---

1- ਕਵਿ ਸੋਹਨ ਜੀ, ਸ੍ਰੀ ਗੁਰ ਬਿਲਾਸ ਪਾਤਸ਼ਾਹੀ 6, ਪੰਨਾ 147

2- ਛਿਬਰ, ਕੇਸਰ ਸਿੰਘ, ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, ਪੰਨਾ 67

3- ਓਹੀ, ਪੰਨਾ 69

4- ਓਹੀ, ਪੰਨਾ 70

ਦਿੱਲੀ ਪੱਤ ਹੈ ਤਖਤ ਕਾ ਮਾਲਕ। ਤੁਮ ਕਤ ਕਰਾ ਤਖਤ ਜਿਮ ਬਾਲਕ।

ਦੇਸ ਮੁਲਕ ਕਛ ਰਾਜ ਨ ਪਾਵੋ।ਪਾਤਸ਼ਾਹ ਕਤ ਆਪ ਸਦਾਵੋ।[1]

ਗੁਰੂ ਸਾਹਿਬ ਨੇ ਉਤਰ ਦਿੱਤਾ ਕਿ ਉਹ ਪਾਤਸ਼ਾਹ ਇਸ ਲਈ ਅਖਵਾਉਂਦੇ ਹਨ ਕਿਉਂਕਿ ਉਹ ਸਰਬ ਸ਼ਕਤੀਮਾਨ ਤੇ ਬੇਅੰਤ ਪਾਤਸ਼ਾਹ-ਅਕਾਲ ਪੁਰਖ ਦੇ ਨਾਲ ਜੁੜੇ ਹੋਏ ਹਨ। ਤੁਹਾਡਾ ਸ਼ਾਹ ਤਾਂ ਨਾਸਵੰਤ ਹੈ ਪਰ ਸਾਡਾ ਪਾਤਿਸਾਹ ਅਬਿਨਾਸੀ ਹੈ। ਗੁਰੂ ਹਰਗੋਬਿੰਦ ਸਾਹਿਬ ਨੇ ਇਹ ਵੀ ਸਪਸ਼ਟ ਕੀਤਾ ਕਿ ਉਹਨਾਂ ਦਾ ਇਰਾਦਾ ਰਾਜ ਸ਼ਕਤੀ ਨੂੰ ਖੋਹ ਕੇ ਆਪਣੇ ਸਿੱਖਾਂ ਦੇ ਹਥ ਵਿਚ ਦੇਣਾ ਹੈ:

ਕ੍ਰਿਪਾ ਸਿੰਧ ਤਬ ਐਸ ਉਚਾਰਾ। ਸੁਨੋ ਖਾਨ ਤੁਮ ਬਚਨ ਹਮਾਰਾ।

ਪਾਤਿਸਾਹ ਹਮਰਾ ਬਲਵੰਤ। ਅਕਾਲ ਪੁਰਖ ਜਹਿ ਆਦਿ ਨ ਅੰਤ।

ਤਾਜ ਬਾਜ ਤੁਮਰੇ ਸਭ ਲੈਨੇ। ਨਿਜ ਸਿਖਨ ਕੋ ਹਮ ਸਭ ਦੇਨੇ।

ਨਾਸਵੰਤ ਤੁਮਰਾ ਹੈ ਸਾਹੁ। ਅਬਿਨਾਸੀ ਹੈ ਮਮ ਪਾਤਿਸ਼ਾਹ।[2]

ਗੁਰੂ ਹਰਿਰਾਇ ਜੀ ਨੇ ਵੀ ਮੀਰੀ-ਪੀਰੀ ਦੇ ਸੰਜੋਗ ਦੇ ਗੁਰੂ ਸਿਧਾਂਤ ਨੂੰ ਹੋਰ ਦ੍ਰਿੜਤਾ ਨਾਲ ਅਗਾਂਹ ਤੋਰਿਆ। ਜਦੋਂ ਦਾਰਾ ਸ਼ਿਕੋਹ, ਔਰੰਗਜ਼ੇਬ ਤੋਂ ਹਾਰ ਕੇ ਪੰਜ ਕੁ ਸੌ ਸਵਾਰਾਂ ਨਾਲ ਬਿਆਸਾ ਟੱਪ ਕੇ ਗੋਇੰਦਵਾਲ ਪਹੁੰਚਿਆ ਤੇ ਗੁਰੂ ਹਰਿਰਾਇ ਨੂੰ ਮਿਲਿਆ ਅਤੇ ਉਸ ਨੇ ਬੇਨਤੀ ਕੀਤੀ ਕਿ ਕਿਸੇ ਤਰਾਂ ਔਰੰਗਜ਼ੇਬ ਦੇ ਲਸ਼ਕਰ ਨੂੰ ਇਕ ਦਿਨ ਬਿਆਸਾ ਤੇ ਰੋਕੇ ਜਾਣ ਦਾ ਬੰਦੋਬਸਤ ਹੋ ਜਾਵੇ ਤਾਂ ਜੋ ਉਹ ਸੁਰਖਿਅਤ ਕਿਤੇ ਦੂਰ ਪਹੁੰਚ ਸਕੇ। ਦਾਰਾ ਸ਼ਿਕੋਹ ਦੀ ਗੁਰੂ ਸਾਹਿਬ ਨਾਲ ਨੇੜਤਾ ਸੀ ਅਤੇ ਵੈਸੇ ਵੀ ਉਹ ਧਰਮੀ ਪੁਰਖ ਸੀ। ਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਦਰਿਆ ਬਿਆਸ ਦੇ ਕਿਨਾਰੇ ਡਟ ਜਾਣ ਅਤੇ ਔਰੰਗਜ਼ੇਬ ਦੇ ਸ਼ਾਹੀ ਲਸ਼ਕਰ ਨੂੰ ਰੋਕੀ ਰਖਣ ਦਾ ਹੁਕਮ ਦਿੱਤਾ।[3] ਇਸ ਪ੍ਰਕਾਰ ਦਾਰਾ ਸ਼ਿਕੋਹ ਦੀ ਮਦਦ

1- ਕਵਿ ਸੋਹਨ ਜੀ, ਸ੍ਰੀ ਗੁਰੂ ਬਿਲਾਸ ਪਾਤਸ਼ਾਹੀ 6, ਪੰਨਾ 279

2- ਓਹੀ, ਪੰਨਾ- 279

3- ਗਿਆਨੀ ਗਿਆਨ ਸਿੰਘ, ਤਵਾਰੀਖ ਗੁਰੂ ਖਾਲਸਾ (ਹਿਸਾ ਪਹਿਲਾ) ਪੰਨਾ 610-612

ਕਰਕੇ ਗੁਰੂ ਹਰਿਰਾਇ ਨੇ ਪੀਰੀ ਦੇ ਨਾਲ ਨਾਲ ਮੀਰੀ ਦੇ ਖੇਤਰ ਵਿਚ ਆਪਣਾ ਕਰਤੱਵ ਪੂਰੀ ਤਰ੍ਹਾਂ ਨਿਭਾਇਆ।

ਇਕ ਹੋਰ ਇਤਿਹਾਸਕ ਘਟਨਾ ਵਰਣਨਯੋਗ ਹੈ। ਜਦ ਰਾਮਰਾਇ ਜੀ ਨੇ ਖੁਸ਼ਾਮਦ ਵਿਚ ਆ ਕੇ ਔਰੰਗਜ਼ੇਬ ਦੇ ਦਰਬਾਰ ਵਿਚ ਗੁਰਬਾਣੀ ਦੇ ਸਤਿਕਾਰ ਨੂੰ ਘਟਾਇਆ ਤਾਂ ਗੁਰੂ ਸਾਹਿਬ ਨੇ ਉਸ ਨੂੰ ਮੱਥੇ ਨਾ ਲੱਗਣ ਦਾ ਹੁਕਮ ਦਿੱਤਾ। 'ਸੂਰਜ ਪ੍ਰਕਾਸ਼' ਇਸ ਵਾਕਏ ਦਾ ਜ਼ਿਕਰ ਇਉਂ ਕਰਦਾ ਹੈ:-

ਕਰਹਿ ਤੁਰਕਨ ਕੇਰ ਖੁਸ਼ਾਮਦ। ਜਾਨਿ ਦਰਬ ਕੀ ਤਿਸ ਤੇ ਆਮਦ।
ਅਰਥ ਬਿਪਰਜੈ ਕੀਨਿ ਸੁਨਾਵਹਿ। ਹਮਕੋ ਭਈ ਨ ਇਹ ਮਨ ਭਾਵਹਿ।[1]

ਗੁਰੂ ਹਰਿਕ੍ਰਿਸ਼ਨ ਦੇ ਸੰਬੰਧ ਵਿਚ ਇਕ ਇਤਿਹਾਸਕ ਘਟਨਾ ਮਹੱਤਵਪੂਰਣ ਹੈ। ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਗੁਰਗੱਦੀ ਮਿਲਣ ਤੇ ਰਾਮਰਾਇ ਨੇ ਬਾਦਸ਼ਾਹ ਔਰੰਗਜ਼ੇਬ ਤੇ ਦਬਾਅ ਪਾ ਕੇ ਗੁਰੂ ਜੀ ਨੂੰ ਦਿੱਲੀ ਬੁਲਾਉਣ ਲਈ ਕਿਹਾ। ਔਰੰਗਜ਼ੇਬ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਦਿਲੀ ਬੁਲਾਏ ਜਾਣ ਦਾ ਹੁਕਮ ਲਿਖਵਾ ਦਿੱਤਾ ਅਤੇ ਜੈ ਪੁਰੀਆ ਰਾਜਾ ਜੈ ਸਿੰਘ ਦੀ ਗੁਰੂ ਸਾਹਿਬ ਨੂੰ ਦਿੱਲੀ ਪਹੁੰਚਾਉਣ ਦੀ ਜ਼ਿੰਮੇਵਾਰੀ ਲਾਈ। ਗੁਰੂ ਸਾਹਿਬ ਦਿੱਲੀ ਪਹੁੰਚਣ ਤੇ ਔਰੰਗਜ਼ੇਬ ਨੇ ਬਹੁਤ ਸਾਰੀ ਰਸਦ ਭੇਟਾ ਵਜੋਂ ਭੇਜੀ ਅਤੇ ਆਪਣੇ ਦਰਬਾਰ ਵਿਚ ਆਉਣ ਦਾ ਸੱਦਾ ਦਿੱਤਾ। ਜਦੋਂ ਰਾਜਾ ਜੈ ਸਿੰਘ ਨੇ ਬਾਦਸ਼ਾਹ ਦਾ ਸੁਨੇਹਾ ਪਹੁੰਚਾਇਆ ਤਾਂ ਗੁਰੂ ਸਾਹਿਬ ਨੇ ਹੁਕਮ ਕੀਤਾ ਕਿ "ਅਸੀਂ ਔਰੰਗੇ ਨੂੰ ਦੇਖਣਾ ਦਿਖਾਉਣਾ ਨਹੀਂ ਬਾਕੀ ਜੋ ਕੁਛ ਉਸ ਨੇ ਭੇਜਿਆ ਹੈ ਏਸ ਦਾ ਲੰਗਰ ਲਾ ਛਡੋ, ਜੋ ਆਵੇ ਛਕ ਜਾਵੇ।"[2]

ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਦੁਨਿਆਵੀ ਰਾਜ ਸ਼ਕਤੀ ਉਤੇ ਰੂਹਾਨੀ ਮਤਵਾਲਿਆਂ ਦੀ ਬਹੁਤ ਵੱਡੀ ਜਿੱਤ ਸੀ। ਜਿਸ ਜਨੇਊ ਨੂੰ ਗੁਰੂ ਨਾਨਕ ਦੇਵ ਜੀ ਨੇ ਪਹਿਨਣ

---

1- ਭਾਈ ਸੰਤੋਖ ਸਿੰਘ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, (ਜਿਲਦ 10) ਪੰਨਾ 3841

2- ਗਿਆਨੀ ਗਿਆਨ ਸਿੰਘ, ਤਵਾਰੀਖ ਗੁਰੂ ਖਾਲਸਾ (ਹਿੱਸਾ ਪਹਿਲਾ) ਪੰਨਾ 634-636

ਤੋਂ ਇਨਕਾਰ ਕਰ ਦਿੱਤਾ ਸੀ ਉਸ ਜਨੇਊ ਦੀ ਰਖਿਆ ਵਾਸਤੇ ਗੁਰੂ ਤੇਗ ਬਹਾਦਰ ਸਾਹਿਬ ਆਪਣੇ ਸਰੀਰ ਦਾ ਬਲੀਦਾਨ ਦਿੱਤਾ। ਜਿਸ ਬ੍ਰਾਹਮਣ ਦਾ ਹੰਕਾਰ ਤੋੜਣ ਵਾਸਤੇ ਗੁਰੂ ਹਰਿਕ੍ਰਿਸ਼ਨ ਪਾਤਸ਼ਾਹ ਨੇ 'ਛੱਜੂ' ਦੇ ਸਿਰ ਤੇ ਛੜੀ ਰਖ ਕੇ ਗੀਤਾ ਦੇ ਅਰਥ ਕਰਵਾਏ ਸਨ[1], ਉਸ ਬ੍ਰਾਹਮਣ ਵਰਗ ਦੇ ਕਹਿਣ ਤੇ ਗੁਰੂ ਤੇਗ ਬਹਾਦਰ ਸਾਹਿਬ ਆਪਣੇ ਸਰੀਰ ਦੀ ਆਹੂਤੀ ਦੇਣ ਲਈ ਤਿਆਰ ਹੋ ਗਏ। ਇਹ ਸ਼ਹਾਦਤ ਧਰਮ ਦੀ ਆਜ਼ਾਦੀ ਦੀ ਰਖਿਆ ਲਈ ਅਤੇ ਮੀਰ ਦੀ ਮੀਰੀ ਖਿੱਚ ਲੈਣ ਲਈ ਸੀ। ਇਤਿਹਾਸ ਗਵਾਹ ਹੈ ਕਿ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਜ਼ਾਲਮਾਂ ਦਾ ਰਾਜ ਬਹੁਤ ਸਮਾਂ ਨਹੀਂ ਰਹਿ ਸਕਿਆ।

ਗੁਰੂ ਤੇਗ ਬਹਾਦਰ ਦੀ ਸ਼ਹਾਦਤ ਨਾਲ ਸਬੰਧਤ ਗੁਰੂ ਗੋਬਿੰਦ ਸਿੰਘ ਜੀ ਦੀਆਂ ਇਹ ਪੰਕਤੀਆਂ ਬਹੁਤ ਮਹੱਤਵਪੂਰਣ ਹਨ:-

ਠੀਕਰਿ ਫੋਰਿ ਦਿਲੀਸਿ ਸਿਰ ਪ੍ਰਭ ਪੁਰ ਕੀਯਾ ਪਯਾਨ।
ਤੇਗ਼ ਬਹਾਦੁਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ।[2]

ਗੁਰੂ ਗੋਬਿੰਦ ਸਿੰਘ ਜੀ ਦੇ ਕਥਨ ਅਨੁਸਾਰ ਸ੍ਰੀ ਗੁਰੂ ਤੇਗ ਬਹਾਦੁਰ ਨੇ ਆਪਣਾ ਸਰੀਰ ਦਿੱਲੀ ਦੇ ਬਾਦਸ਼ਾਹ ਦੇ ਰਾਜ-ਮਦ ਨੂੰ ਤੋੜਨ ਲਈ ਕੁਰਬਾਨ ਕੀਤਾ ਅਤੇ ਐਸੀ ਕ੍ਰਿਆ ਕਿਸੇ ਹੋਰ ਨੇ ਕਦੇ ਨਹੀਂ ਕੀਤੀ।

ਆਪਣੇ ਪਿਤਾ ਦੀ ਸ਼ਹਾਦਤ ਤੋਂ ਬਾਦ ਗੁਰੂ ਗੋਬਿੰਦ ਸਿੰਘ ਜੀ ਨੇ ਮੀਰੀ - ਪੀਰੀ ਦਾ ਅਦੁੱਤੀ ਮੁਜੱਸਮਾ ਬਣ ਕੇ ਪੰਥ ਦੀ ਰਹਿਨੁਮਾਈ ਕੀਤੀ। ਗੁਰੂ ਗੋਬਿੰਦ ਸਿੰਘ ਜੀ ਤਖ਼ਤ ਤੇ ਬਿਰਾਜਮਾਨ ਹੁੰਦੇ, ਦਰਬਾਰ ਲਗਾਉਂਦੇ, ਸ਼ਿਕਾਰ ਕਰਦੇ, ਕਲਗੀ ਸਜਾਉਂਦੇ, ਘੋੜ ਸਵਾਰੀ ਕਰਦੇ ਅਤੇ ਹਥ ਤੇ ਬਾਜ ਸਜਾਉਂਦੇ ਸਨ। ਗਿਆਨੀ ਗਿਆਨ ਸਿੰਘ ਨੇ ਗੁਰੂ ਗੋਬਿੰਦ ਸਿੰਘ

---

1- ਗਿਆਨੀ ਗਿਆਨ ਸਿੰਘ, ਤਵਾਰੀਖ ਗੁਰੂ ਖਾਲਸਾ (ਹਿੱਸਾ ਪਹਿਲਾ) ਪੰਨਾ 636

2- ਬਚਿਤ੍ਰ ਨਾਟਕ, ਦਸਮ ਗ੍ਰੰਥ (ਸੈਂਚੀ ਪਹਿਲੀ), ਪੰਨਾ 54

ਪਾਤਸ਼ਾਹ ਦੇ ਰਾਜ-ਸਾਜ ਦਾ ਜ਼ਿਕਰ ਇਸ ਪ੍ਰਕਾਰ ਕੀਤਾ ਹੈ:"ਗੁਰੂ ਸਾਹਿਬ ਜੀ ਦਾ ਹੁਕਮ ਮੰਨ ਕੇ ਜੋ ਕੋਈ ਸਿੱਖ ਚੰਗਾ ਸ਼ਸਤਰ ਸੰਜੋਆ ਘੋੜਾ ਲਿਆ ਗੁਰੂ ਜੀ ਦੇ ਅਰਪਣ ਕਰੇ, ਉਸ ਉਤੇ ਗੁਰੂ ਸਾਹਿਬ ਜੀ ਦੀ ਬਹੁਤ ਖੁਸ਼ੀ ਹੋਵੇ। ਸ਼ਸਤਰ ਵਿਦਿਆ ਦਾ ਅਭਿਆਸ ਕਰਨ ਕਰਾਣ ਵਿਚ ਹਰ ਵੇਲੇ ਲਗੇ ਰਹਿਣ। ਬਾਜ, ਸ਼ਿਕਰੇ,ਲਗੜ, ਜੁਰਰੇ, ਤੁਰਮਚੀ, ਕੁਹੀ, ਬਹਿਰੀ ਬਾਸ਼ੇ ਆਦਿਕ ਪੰਛੀ ਤੇ ਅਨੇਕ ਪ੍ਰਕਾਰ ਦੇ ਕੁੱਤੇ, ਚਿਤਰੇ, ਸ਼ਾਹਗੋਸ਼, ਸ਼ਿਕਾਰ ਜਾਣ ਤਾਂ ਬਨ ਵਿਚ ਹਲਚਲੀ ਪੈ ਜਾਵੇ। ਸੂਰ, ਪਾੜੇ, ਬਾਰਾਸਿੰਙੇ , ਹਰਣ, ਗੌਣ,ਰਿੱਛ, ਰੋਝ, ਈਖਾਰ, ਸਹੇ, ਕੁਕੜ, ਬਘਿਆੜ, ਭੇੜੀਏ, ਸ਼ੇਰ ਅਰਣੇ ਆਦਿਕ ਅਨੇਕ ਪ੍ਰਕਾਰ ਦੇ ਚਾਰਪਾਏ ਮਨਭਾਏ ਮਾਰ ਲਿਆਉਣ। ਏਸੇ ਕਰਕੇ ਗੁਰੂ ਜੀ ਦੇ ਸ਼ਿਕਾਰ ਦੀ ਧਾਕ ਸਾਰੇ ਪਹਾੜ ਵਿਚ ਪੈ ਗਈ। ਸ਼ਿਕਾਰ ਦੇ ਸ਼ੌਕ ਵਾਲੇ ਅਨੇਕ ਰਾਜੇ ਤੇ ਰਾਣੇ ਹਮੇਸ਼ ਗੁਰੂ ਜੀ ਪਾਸ ਆ ਕੇ ਰਹਿਣ ਲਗੇ। ਗੁਰੂ ਜੀ ਪਾਸ ਸਸਤ੍ਰਾਂ ਦੀ ਕਦਰ ਬਹੁਤ ਹੁੰਦੀ, ਸੁਣ ਸੁਣ ਦੇਸ ਦੇਸਾਂਤਰਾਂ ਦੇ ਵਿਚੋ ਕਾਰਗੀਰ ਤੀਰ, ਕਮਾਨਾਂ, ਭੱਥੇ, ਪਸਤੌਲ, ਬੰਦੂਕਾਂ, ਬਰਛੀਆਂ, ਭਾਲੇ ਆਦਿਕ ਲੈ ਕੇ ਆਉਣ ਤੇ ਬਾਂਛਿਤ ਧਨ ਪਾਉਣ ਲਗੇ ਤੇ ਅਨੇਕ ਕਾਰੀਗਰਾਂ ਨੇ ਅਨੰਦਪੁਰ ਵਿਚ ਹੀ ਕਾਰਖਾਣੇ ਖੋਲ੍ਹ ਲੀਤੇ, ਜਿਸ ਤੋ ਨਗਰ ਦੀ ਤੇ ਗੁਰੂ ਜੀ ਦੇ ਦਰਬਾਰ ਦੀ ਰੌਣਕ ਭੀ ਦਿਨੋ ਦਿਨ ਢੇਰ ਵਧ ਗਈ।[1]"

ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਹੋਰ ਬਹੁਤ ਸਾਰੇ ਤਥ ਐਸੇ ਹਨ ਜੋ ਉਹਨਾਂ ਦੀ ਦੁਵੱਲੀ ਸੁਖਸੀਅਤ ਵਲ ਸੰਕੇਤ ਕਰਦੇ ਹਨ। ਗੁਰੂ ਸਾਹਿਬ ਨੇ ਸੰਨ 1699 ਵਿਚ ਖਾਲਸਾ ਪੰਥ ਦੀ ਸਿਰਜਨਾ ਕੀਤੀ। ਅਨੰਦਪੁਰ ਸਾਹਿਬ ਵਿਖੇ ਚਾਰ ਕਿਲੇ-ਅਨੰਦਗੜ੍ਹ,ਕੇਸਗੜ੍ਹ, ਲੋਹਗੜ੍ਹ ਤੇ ਹੋਲਗੜ੍ਹ ਉਸਾਰੇ। ਖਾਲਸਾ ਫੌਜ ਨੂੰ ਸੰਗਠਤ ਕੀਤਾ। ਖਾਲਸੇ ਨੂੰ ਜੰਗੀ ਬਾਣਾ ਪਹਿਨਾ ਕੇ ਫੌਜ ਦੀ ਕਮਾਨ ਆਪ ਸੰਭਾਲੀ। ਪੰਥ ਪ੍ਰਕਾਸ਼ ਵਿਚ ਰਤਨ ਸਿੰਘ ਭੰਗੂ ਨੇ ਗੁਰੂ

---

1- ਗਿਆਨੀ ਗਿਆਨ ਸਿੰਘ;ਤਵਾਰੀਖ ਗੁਰੂ ਖਾਲਸਾ(ਹਿੱਸਾ ਪਹਿਲਾ);ਪੰਨਾ 771

ਸਾਹਿਬ ਦੀ ਫੌਜ ਦਾ ਜ਼ਿਕਰ ਇਸ ਪ੍ਰਕਾਰ ਕੀਤਾ ਹੈ:-

ਇਮ ਖਾਲਸੋ ਪੰਥ ਭਯੋ ਉਤਪੰਨ। ਦੇਖ ਸਤਿਗੁਰ ਬਹੁ ਹੋਇ ਪ੍ਰਸੰਨ।
ਸਤਿਗੁਰ ਖਾਲਸੈ ਸ਼ਸਤ੍ਰ ਫੜਾਵੈਂ। ਭਾਂਤ ਭਾਂਤ ਪੁਸ਼ਾਕ ਪਹਿਰਾਵੈਂ।
ਮਧ ਸਤਿਗੁਰ ਬਹੈ ਮੰਜੀ ਡਹਾਇ। ਚੁਫੇਰੇ ਖੜ੍ਹੈਂ ਸਿੰਘ ਸ਼ਸਤ੍ਰ ਲਗਾਇ।
ਜਿਮ ਗੋਪਨ ਮਧ ਕਾਨ੍ਹੁ ਬਿਰਾਜੈ। ਤਿਮ ਸਤਿਗੁਰ ਸਿੰਘਨਿ ਮਧ ਛਾਜੈ।[1]

ਦਰਬਾਰ ਵਿਚ ਸਾਹਿਤਕਾਰਾਂ, ਕਵੀਆਂ ਤੇ ਕਲਾਕਾਰਾਂ ਦੀ ਮੌਜੂਦਗੀ ਅਤੇ ਉਹਨਾਂ ਦਾ ਸਨਮਾਨ ਗੁਰੂ ਸਾਹਿਬ ਦੇ ਸਾਹਿਤ ਪ੍ਰੇਮ ਤੇ ਉਹਨਾਂ ਦੀ ਬਹੁਪੱਖੀ ਸ਼ਖਸੀਅਤ ਦਾ ਪ੍ਰਮਾਣ ਹੈ। ਗੁਰੂ ਸਾਹਿਬ ਦੇ ਦਰਬਾਰ ਵਿਚ 52 ਕਵੀ ਬਿਰਾਜਮਾਨ ਹੁੰਦੇ ਸਨ ਜਿਹਨਾਂ ਵਿਚੋਂ ਸੇਨਾਪਤੀ, ਅੰਮ੍ਰਿਤ ਰਾਏ, ਟਹਿਕਣ, ਲਖਣ ਤੇ ਫਾਰਸੀ ਦੇ ਸ਼ਾਇਰ ਭਾਈ ਨੰਦ ਲਾਲ ਦੇ ਨਾਂ ਪ੍ਰਮੁੱਖ ਹਨ। ਇਸ ਤੋਂ ਇਲਾਵਾ ਵੀ ਬਹੁਤ ਸਾਰੇ ਸਾਹਿਤਕਾਰਾਂ ਨੂੰ ਗੁਰੂ ਸਾਹਿਬ ਦੀ ਸਰਪ੍ਰਸਤੀ ਪ੍ਰਾਪਤ ਸੀ। ਸਾਹਿਤਕਾਰਾਂ ਨੂੰ ਨਿਵਾਜਣਾ ਤੇ ਪੁਰਸਕ੍ਰਿਤ ਕਰਨਾ ਗੁਰੂ ਸਾਹਿਬ ਦੇ ਦਰਬਾਰ ਦੀ ਰਾਜਸੀ ਵਿਸ਼ੇਸ਼ਤਾ ਸੀ।

ਆਪਣੀਆਂ ਸਾਹਿਤਕ ਰਚਨਾਵਾਂ ਵਿਚ ਵੀ ਗੁਰੂ ਗੋਬਿੰਦ ਸਿੰਘ ਜੀ ਨੇ ਜਿਥੇ ਰੂਹਾਨੀਅਤ ਦਾ ਉਪਦੇਸ਼ ਦਿੱਤਾ ਹੈ ਉਥੇ ਜੰਗ-ਜੁਧ, ਸ਼ਸਤਰ, ਜੂਝ-ਮਰਨ ਦੀਆਂ ਗੱਲਾਂ ਵੀ ਕੀਤੀਆਂ ਹਨ। ਸੰਸਾਰ ਤੇ ਆਉਣ ਦਾ ਉਦੇਸ਼ ਦਸਦਿਆਂ ਆਪ ਨੇ ਆਪਣੀ ਬਾਣੀ ਵਿਚ ਹੀ ਦਸਿਆ ਹੈ:-

ਹਮ ਇਹ ਕਾਜ ਜਗਮ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥
ਜਹਾਂ ਤਹਾਂ ਤੁਮ ਧਰਮ ਬਿਥਾਰੋ॥ ਦੁਸਟ ਦੋਖੀਅਨਿ ਪਕਰਿ ਪਛਾਰੋ॥
ਯਾਹੀ ਕਾਜ ਧਰਾ ਹਮ ਜਨਮੰ॥ ਸਮਝ ਲੇਹੁ ਸਾਧੂ ਸਭ ਮਨਮੰ॥
ਧਰਮ ਚਲਾਵਨ ਸੰਤ ਉਬਾਰਨ॥ ਦੁਸ਼ਟ ਸਭਨ ਕੋ ਮੂਲ ਉਪਾਰਨ॥[2]

---

1- ਭੰਗੂ, ਭਾਈ ਰਤਨ ਸਿੰਘ, ਸ੍ਰੀ ਗੁਰੂ ਪੰਥ ਪ੍ਰਕਾਸ਼; ਪੰਨਾ 79-80

2- ਬਚਿਤ੍ਰ ਨਾਟਕ; ਦਸਮ ਗ੍ਰੰਥ (ਸੈਂਚੀ ਪਹਿਲੀ); ਪੰਨਾ 57-58

ਗੁਰੂ ਗੋਬਿੰਦ ਸਿੰਘ ਜੀ ਦਾ ਅਟਲ ਵਿਸ਼ਵਾਸ ਸੀ ਕਿ ਪੀਰੀ ਦੇ ਸਫਲ ਨਿਭਾਉ ਲਈ ਮੀਰੀ ਅਤਿ ਜ਼ਰੂਰੀ ਹੈ। ਇਸੇ ਲਈ ਉਹਨਾਂ ਦੇ ਜੀਵਨ-ਮਨੋਰਥ ਵਿਚ 'ਧਰਮ ਚਲਾਵਨ' ਅਤੇ 'ਦੁਸਟ ਸਭਨ ਕੋ ਮੂਲ ਉਪਾਰਨ' ਦੋਵੇਂ ਸ਼ਾਮਲ ਹਨ। ਧਰਮ ਦਾ ਪ੍ਰਸਾਰ ਕਰਨਾ ਉਹਨਾਂ ਦੀ ਸ਼ਖਸੀਅਤ ਦਾ ਪੀਰੀ ਵਾਲਾ ਪੱਖ ਹੈ, ਜਦ ਕਿ ਦੁਸ਼ਟਾਂ ਦਾ ਸੰਘਾਰ ਕਰਨਾ ਮੀਰੀ ਵਾਲਾ। ਗੁਰੂ ਗੋਬਿੰਦ ਸਿੰਘ ਜੀ ਦੀ ਸਵੈ-ਸਤਿਕਾਰ, ਅਡੋਲਤਾ ਤੇ ਨਿਰਭੈਤਾ ਦੀ ਜੀਉਂਦੀ ਜਾਗਦੀ ਮਿਸਾਲ ਉਹਨਾਂ ਦੇ ਅਨੰਦਪੁਰ ਤਿਆਗਣ ਤੋਂ ਲੈ ਕੇ ਹਜ਼ੂਰ ਸਾਹਿਬ ਤੱਕ ਦੀ ਜੀਵਨ-ਯਾਤਰਾ ਅਤੇ ਇਸ ਦੌਰਾਨ ਲਿਖੀਆਂ ਸਾਹਿਤਕ ਰਚਨਾਵਾਂ ਵਿਚੋਂ ਸਹਿਜੇ ਹੀ ਮਿਲ ਜਾਂਦੀ ਹੈ।

ਖ਼ਾਸ ਤੌਰ ਤੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਔਰੰਗਜ਼ੇਬ ਨੂੰ ਲਿਖੀ ਗਈ ਪੱਤ੍ਰਿਕਾ 'ਜ਼ਫਰਨਾਮਾ' ਉਹਨਾਂ ਦੇ ਅਟਲ ਨਿਸਚੇ ਅਤੇ ਦ੍ਰਿੜ ਸੰਕਲਪ ਦਾ ਪ੍ਰਤੀਕ ਹੈ। ਨਾਲ ਹੀ ਇਹ ਇਤਿਹਾਸਕ ਦਸਤਾਵੇਜ਼ ਤਤਕਾਲੀਨ ਰਾਜ ਪ੍ਰਤੀ ਗੁਰੂ-ਦ੍ਰਿਸ਼ਟੀਕੋਣ ਨੂੰ ਸਪਸ਼ਟਤਾ ਪ੍ਰਦਾਨ ਕਰਦਾ ਹੈ। ਇਸ ਰਚਨਾ ਵਿਚ ਗੁਰੂ ਗੋਬਿੰਦ ਸਿੰਘ ਜੀ ਤਤਕਾਲੀਨ ਹੁਕਮਰਾਨ-ਔਰੰਗਜ਼ੇਬ ਦੀ ਸਵਾਰਥੀ ਨਿਰੰਕੁਸ਼ ਰਾਜਸੀ ਨੀਤੀ ਅਤੇ ਧਰਮ, ਨੈਤਿਕਤਾ ਤੇ ਲੋਕਹਿਤ ਦਾ ਹਨਨ ਕਰਨ ਵਾਲੀ ਰਾਜ ਵਿਵਸਥਾ ਦਾ ਭਰਪੂਰ ਵਿਰੋਧ ਕਰਦਿਆਂ ਉਸ ਨੂੰ ਬਦਲਣ ਲਈ ਸੰਘਰਸ਼ ਦੇ ਆਪਣੇ ਦ੍ਰਿੜ੍ਹ ਸੰਕਲਪ ਨੂੰ ਦੁਹਰਾਉਂਦੇ ਹਨ।

ਗੁਰੂ ਸਾਹਿਬ ਨੇ ਆਪਣੇ ਪੱਤਰ ਵਿਚ ਸਪਸ਼ਟ ਕੀਤਾ ਹੈ ਕਿ ਹੁਕਮਰਾਨ ਔਰੰਗਜ਼ੇਬ ਅਤੇ ਉਸ ਦਾ ਰਾਜ ਧਰਮ ਦੀ ਰਾਹ ਤੋਂ ਕੋਹਾਂ ਦੂਰ ਜਾ ਚੁੱਕਾ ਹੈ। ਧਰਮ ਤੋਂ ਟੁੱਟੇ ਰਾਜ ਕੋਲੋਂ ਕਿਸੇ ਪ੍ਰਕਾਰ ਦੇ ਇਨਸਾਫ਼ ਦੀ ਆਸ ਨਹੀਂ ਰਖੀ ਜਾ ਸਕਦੀ। ਜ਼ਫਰਨਾਮੇ ਦੀਆਂ ਹੇਠਲੀਆਂ ਸਤਰਾਂ ਵਿਚ ਗੁਰੂ ਸਾਹਿਬ ਨੇ ਤਤਕਾਲੀਨ ਰਾਜ ਦੇ ਧਰਮ ਤੋਂ ਮੁਨਕਰ ਹੋਣ ਦਾ ਜ਼ਿਕਰ ਖੁਲ੍ਹਕੇ ਕੀਤਾ ਹੈ:-

ੳ) ਨ ਈਮਾਂ ਪਰਸਤੀ ਨ ਅਉਜ਼ਾਇ ਦੀਨ।
ਨ ਸਾਹਿਬ ਸ਼ਨਾਸੀ ਨ ਮੁਹਮਦ ਯਕੀਨ।[1]

---

1- ਜ਼ਫਰਨਾਮਾ, ਦਸਮ ਗ੍ਰੰਥ (ਸੈਂਚੀ ਦੂਜੀ); ਪੰਨਾ 1391

(ਹੇ ਔਰੰਗਜ਼ੇਬ! ਨਾ ਤੂੰ ਦੀਨ ਈਮਾਨ ਉਤੇ ਕਾਇਮ ਹੈਂ, ਨਾ ਸ਼ੁਰਾ ਸ਼ਰੀਅਤ ਦਾ ਪਾਬੰਧ ਹੈ। ਨਾ ਤੈਨੂੰ ਪਰਮਾਤਮਾ ਦੀ ਪਛਾਣ ਹੈ ਅਤੇ ਨਾ ਤੇਰਾ ਹਜਰਤ ਮੁਹੰਮਦ ਉਤੇ ਹੀ ਭਰੋਸਾ ਹੈ।)

ਅ) ਤੁਰਾਮਨ ਨ ਦਾਨਮ ਕਿ ਯਜ਼ਦਾਂ ਸ਼ਨਾਸ।
ਬਰਾਮਦ ਜ਼ਿਤੋ ਕਾਰਹਾ ਪੁਰ ਖਰਾਸ।[1]

(ਮੈਂ ਨਹੀਂ ਮੰਨਦਾ ਕਿ ਤੂੰ ਰਬ ਨੂੰ ਪਛਾਣਨ ਵਾਲਾ ਹੈਂ ਕਿਉਂਕਿ ਤੇਰੇ ਹਥੋਂ ਅਨੇਕ ਦਿਲ ਦੁਖਾਉਣ ਵਾਲੇ ਕੰਮ ਹੋਏ ਹਨ।)

ੲ) ਸ਼ਹਿਨ ਸ਼ਾਹਿ ਅਉਰੰਗਜ਼ੇਬ ਆਲਮੀਨ।
ਕਿ ਦਾਰਾਇ ਦਉਰ ਅਸਤੁ ਦੂਰਅਸਤ ਦੀਨ।[2]

(ਹੇ ਔਰੰਗਜ਼ੇਬ! ਭਾਵੇਂ ਤੂੰ ਦੁਨੀਆਂ ਦਾ ਸ਼ਹਿਨਸ਼ਾਹ ਤੇ ਸਮੇਂ ਦਾ ਹਾਕਮ ਹੈਂ, ਪਰ ਸਚੇ ਧਰਮ ਤੋਂ ਤੂੰ ਦੂਰ ਹੈਂ।)

ਔਰੰਗਜ਼ੇਬ ਨੂੰ ਇਕਰਾਰ ਤੋੜਨ ਵਾਲਾ ਦਸਦਿਆਂ ਗੁਰੂ ਸਾਹਿਬ ਨੇ ਲਿਖਿਆ ਹੈ ਕਿ ਮੈਨੂੰ ਪਤਾ ਨਹੀਂ ਸੀ ਕਿ ਤੂੰ ਧਰਮ ਈਮਾਨ ਨੂੰ ਪਰੇ ਸੁਟ ਦੇਣ ਵਾਲਾ ਹੈ ਅਤੇ ਦੁਨਿਆਵੀ ਦੌਲਤ ਦਾ ਮੁਰੀਦ ਹੈਂ:-

ਨ ਦਾਨਮ ਕਿ ਈਂ ਮਰਦ ਪੈਮਾ ਸ਼ਿਕਨ।
ਕਿ ਦਉਲਤ ਪਰਸਤ ਅਸਤ ਈਮਾ ਫਿਕਨ।[3]

ਗੁਰੂ ਸਾਹਿਬ ਨੇ ਹੋਰ ਵਜਾਹਤ ਕਰਦਿਆਂ ਕਿਹਾ ਹੈ ਕਿ ਤੇਰਾ ਇਹ ਇਨਸਾਫ਼

---

1- ਜਫ਼ਰਨਾਮਾ, ਦਸਮ ਗ੍ਰੰਥ (ਸੈਂਚੀ ਦੂਜੀ); ਪੰਨਾ 1392

2- ਓਹੀ, ਪੰਨਾ 1393

3- ਓਹੀ; ਪੰਨਾ 1391

ਅਤੇ ਤੇਰੀ ਇਹ ਧਰਮ-ਪਾਲਣਾ ਅਜੀਬ ਜੇਹੀ ਹੈ। ਤੇਰੀ ਇਸ ਸਰਦਾਰੀ ਉਤੇ ਅਫਸੋਸ ਹੈ, ਸੌ ਵਾਰੀ ਅਫਸੋਸ ਹੈ:-

ਕਿ ਅਜਬਸਤੁ ਇਨਸਾਫੋ ਦੀਂ ਪਰਵਰੀ।
ਕਿ ਹੈਫ਼ ਅਸਤ ਸਦ ਹੈਫ਼ ਈਂ ਸਰਵਰੀ।[1]

ਔਰੰਗਜ਼ੇਬ ਨੂੰ ਤਲਵਾਰ ਦੀ ਸ਼ਕਤੀ ਦੇ ਦੁਰ-ਉਪਯੋਗ ਬਾਰੇ ਸਖ਼ਤ ਤਾੜਨਾ ਕਰਦਿਆਂ ਜ਼ਫਰਨਾਮੇ ਵਿਚ ਲਿਖਿਆ ਹੈ ਕਿ ਤੂੰ ਕਿਸੇ ਉਤੇ ਬੇਝਿਜਕ ਹੋ ਕੇ ਤਲਵਾਰ ਨਾ ਚਲਾ; ਕਿਉਂਕਿ ਤੇਰਾ ਲਹੂ ਵੀ ਕਿਸੇ ਗੈਬੀ ਸ਼ਕਤੀ ਨੇ ਕਾਲ ਦੀ ਤੇਗ਼ ਨਾਲ ਡੋਲ੍ਹਣਾ ਹੈ:-

ਮ ਜ਼ਨ ਤੇਗ ਬਰ ਖ਼ੂਨ ਦਸ .ਬੇ ਦਰੇਗ।
ਤੁਰਾ ਨੀਜ਼ ਖ਼ੂਨ ਅਸਤ ਬਾ ਚਰਖ ਤੇਗ।[2]

ਇਤਿਹਾਸ ਸਾਖੀ ਹੈ ਕਿ ਅਨੰਦਪੁਰ ਦਾ ਉਜਾੜਾ, ਪਰਿਵਾਰ ਦਾ ਵਿਛੋੜਾ, ਸਾਹਿਬਜ਼ਾਦਿਆਂ ਦੀ ਸ਼ਹਾਦਤ ਆਦਿ ਘਟਨਾਵਾਂ ਗੁਰੂ ਸਾਹਿਬ ਦੇ ਦ੍ਰਿੜ ਸੰਕਲਪ ਨੂੰ ਡੋਲਾ ਨਹੀਂ ਸਕੀਆਂ। ਚਾਰੇ ਸਾਹਿਬਜ਼ਾਦਿਆਂ ਦੀ ਕੁਰਬਾਨੀ ਦੇਣ ਤੋਂ ਬਾਅਦ ਵੀ ਗੁਰੂ ਸਾਹਿਬ ਜ਼ਫਰਨਾਮੇ ਵਿਚ ਕਹਿੰਦੇ ਹਨ ਕਿ ਕੀ ਹੋਇਆ ਜੇ ਮੇਰੇ ਚਾਰ ਬੱਚੇ ਮਾਰ ਦਿੱਤੇ ਗਏ, ਆਖ਼ਰ ਵਿਚ ਸ਼ਹਿਨਸ਼ਾਹੀਅਤ ਭੁਝੰਗੀ ਖਾਲਸੇ ਪਾਸੋਂ ਮਾਰ ਖਾਏਗੀ। ਚੰਗਿਆੜੀਆਂ ਨੂੰ ਬੁਝਾਉਣ ਵਿਚ ਤੇਰੀ ਕੀ ਬਹਾਦਰੀ ਹੈ ਜਦ ਕਿ ਤੂੰ ਇਕ ਪਰਚੰਡ ਜਵਾਲਾ ਨੂੰ ਹੋਰ ਭੜਕਾ ਰਿਹਾ ਹੈਂ:-

ਚਿ ਹਾ ਸ਼ੁਦ ਕਿ ਚੂੰ ਬਚਗਾਂ ਕੁਸ਼ਤਹ ਚਾਰ।
ਕਿ ਬਾਕੀ ਬਿਮਾਂਦ ਅਸਤੁ ਪੇਚੀਦਹ ਮਾਰ।

- - - - - - - - - - - - - - - - - - - - - - - - - - -

1- ਜ਼ਫਰਨਾਮਾ, ਦਸਮ ਗ੍ਰੰਥ (ਸੈਂਚੀ ਦੂਜੀ); ਪੰਨਾ 1392

2- ਓਹੀ, ਪੰਨਾ 1392

ਚਿ ਮਰਦੀ ਕਿ ਅਖਗਰ ਖ਼ਮੋਸ਼ਾਂ ਕੁਨੀ।

ਕਿ ਆਤਸ਼ ਦਮਾਂ ਰਾ ਫ਼ਰੋਜਾਂ ਦੁਨੀ।[1]

ਕੁਇਰ ਸਿੰਘ ਕਲਾਲ ਦੇ ਗੁਰ ਬਿਲਾਸ ਵਿਚ ਜਫ਼ਰਨਾਮਾ ਅਤੇ ਹਿਕਾਇਤਾਂ ਦਾ ਜ਼ਿਕਰ ਮਿਲਦਾ ਹੈ। ਗੁਰੂ ਸਾਹਿਬ ਵਲੋਂ ਔਰੰਗਜ਼ੇਬ ਨੂੰ ਲਿਖੇ ਪੱਤਰ ਦਾ ਵੇਰਵਾ ਕਵੀ ਨੇ ਆਪਣੀ ਰਚਨਾ ਵਿਚ, ਕਾਵਿਕ ਕਲਪਨਾ ਦੇ ਸਹਾਰੇ, ਨਵੇਕਲੇ ਢੰਗ ਨਾਲ ਪ੍ਰਸਤੁਤ ਕੀਤਾ ਹੈ। ਭਾਵੇਂ ਇਸ ਰਚਨਾ ਵਿਚ ਕੁਝ ਵਧੂ ਗਲਾਂ ਵੀ ਹਨ, ਜਿਹੜੀਆਂ ਜ਼ਫਰਨਾਮੇ ਵਿਚ ਨਹੀਂ ਮਿਲਦੀਆਂ, ਪਰ ਫਿਰ ਵੀ ਤਤਕਾਲੀਨ ਰਾਜ ਪ੍ਰਤੀ ਗੁਰੂ ਸਾਹਿਬ ਦੇ ਪ੍ਰਤੀਕਰਮ ਨੂੰ ਉਸਦੀ ਰਚਨਾ ਸਪਸ਼ਟ ਰੂਪ ਵਿਚ ਉਜਾਗਰ ਕਰਦੀ ਹੈ। ਕੋਇਰ ਸਿੰਘ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪੱਤਰ ਵਿਚ ਔਰੰਗਜ਼ੇਬ ਨੂੰ ਲਿਖਿਆ ਸੀ ਕਿ ਜੇ ਤੈਨੂੰ ਗੁਮਾਨ ਹੈ ਕਿ ਤੂੰ ਮਿਹਨਤ ਕਰਕੇ ਜੌਂ ਦੀ ਰੋਟੀ ਖਾਂਦਾ ਹੈਂ, ਤਾਂ ਯਾਦ ਰਖ ਘੋੜੇ ਵਰਗੀ ਮੁਸ਼ਕਤ ਕਿਸੇ ਦੀ ਨਹੀਂ। ਜੇ ਘੋੜੇ ਨੂੰ ਬਹਿਸ਼ਤ ਪ੍ਰਾਪਤ ਹੋਈ ਤਾਂ ਤੂੰ ਵੀ ਉਸ ਪਿਛੋਂ ਬਹਿਸ਼ਤ ਦਾ ਹਕਦਾਰ ਹੋਵੇਂਗਾ। ਜੇ ਤੂੰ ਕੁਰਾਨ ਲਿਖ ਕੇ ਬਹਿਸ਼ਤ ਦੀ ਪ੍ਰਾਪਤੀ ਦੀ ਆਸ ਕਰਦਾ ਹੈਂ ਤਾਂ ਵੀ ਤੂੰ ਭੁਲੇਖੇ ਵਿਚ ਹੈਂ ਕਿਉਂਕਿ ਚੰਗੇ ਅਮਲਾਂ ਤੋਂ ਬਿਨਾਂ ਬਹਿਸ਼ਤ ਨਹੀਂ ਮਿਲਦਾ, ਜੇ ਤੂੰ ਸਮਝਦਾ ਹੈਂ ਕਿ ਕਤੇਬ-ਕੁਰਾਨ ਪੜ੍ਹਨ ਨਾਲ, ਨਿਮਾਜ਼ਾਂ ਅਦਾ ਕਰਨ ਨਾਲ, ਝੂਠ ਸੱਚ ਹੋ ਜਾਵੇਗਾ ਤਾਂ ਇਹ ਵੀ ਤੇਰੀ ਗਲਤਫਹਿਮੀ ਹੈ। ਆਪਣੇ ਸੁਆਰਥ ਲਈ ਤੂੰ ਪਿਤਾ ਅਤੇ ਭਰਾਵਾਂ ਦਾ ਕਤਲ ਕੀਤਾ ਹੈ। ਜੇ ਤੇਰੇ ਮਨ ਵਿਚ ਇਹ ਆਸ ਹੈ ਕਿ ਮੁਹੰਮਦ ਸਾਹਿਬ ਤੇਰੀ ਗਵਾਹੀ ਭਰਨਗੇ ਤਾਂ ਇਹ ਨਾਮੁਮਕਿਨ ਹੈ ਕਿਉਂਕਿ ਮੁਹੰਮਦ ਸਾਹਿਬ ਉਸੇ ਦੀ ਗਵਾਹੀ ਭਰਦੇ ਹਨ ਜਿਹੜਾ ਉਹਨਾਂ ਦੇ ਦੱਸੇ ਰਾਹ ਤੇ ਚਲਦਾ ਹੈ। ਜੇ ਤੂੰ ਹਿੰਦੂ ਬੁਤਾਂ ਨੂੰ ਤੁੜਵਾ ਕੇ ਇਸਲਾਮ ਦੀ ਸੇਵਾ ਮੰਨਦਾ ਹੈਂ ਤਾਂ ਇਹ ਵੀ ਤੇਰਾ ਵਹਿਮ ਹੈ। ਜਦ ਤਕ ਤੂੰ ਖੁਦੀ ਦਾ ਤਿਆਗ ਨਹੀਂ ਕਰਦਾ। ਤੈਨੂੰ ਖਾਲਕ ਦੀ ਪ੍ਰਸੰਨਤਾ ਪ੍ਰਾਪਤ ਨਹੀਂ ਹੋ ਸਕਦੀ। ਗੁਰਬਿਲਾਸ ਦੀਆਂ ਇਹ ਮਹੱਤਵਪੂਰਨ

---

1- ਜ਼ਫਰਨਾਮਾ, ਦਸਮ ਗ੍ਰੰਥ (ਸੈਂਚੀ ਦੂਜੀ); ਪੰਨਾ 1392

ਸਤਰਾਂ ਇਸ ਪ੍ਰਕਾਰ ਹਨ:-

ਜੋ ਤੇਰੇ ਮਨ ਕੇ ਬਿਖੈ, ਯਾ ਬਿਧਿ ਹੋਇ ਗੁਮਾਨ।
ਮਿਹਨਤ ਕਰ ਕੈ ਖਾਤ ਹੋ, ਸੂਛਮ ਜਵੰ ਕੋ ਧਾਨ।
ਜੌਂ ਖਾਧੇ ਤੇ ਭਿਸਤ ਜੋ ਹੋਈ। ਹੈ ਸਮ ਮਿਹਨਤ ਕਰੇ ਨ ਕੋਈ।
ਜੋ ਵਹਿ ਅੱਸਵ ਭਿਸਤ ਸਿਧੈ ਹੈਂ। ਤਾ ਪਾਛੈ ਤੂੰ ਭੀ ਫਿਰ ਜੈ ਹੈਂ।
ਜੋ ਤੇਰੇ ਮਨ ਮੈ ਸੁ ਗੁਮਾਨਾ। ਮੈ ਨਿਜ ਪੜ੍ਹੈਂ ਕਤੇਬ ਕੁਰਾਨਾ।
ਅਮਲਾਂ ਬਿਨਾਂ ਭਿਸਤ ਨਹਿ ਹੋਈ। ਮਨ ਕੋ ਕਰੇ ਖਵਾਰ ਸੋ ਸੋਈ।
ਬਦਰਾ ਪੰਛੀ ਪਹਨ ਪਰ, ਲਿਖਯੋ ਕੁਰਾਨ ਬਨਾਇ।
ਬਿਨ ਅਮਲਾ ਕੋਈ ਭਿਸਤ ਨਹਿ ਦੇਖੋ ਮਨ ਚਿਤ ਲਾਇ।
ਜੋ ਤੇਰੇ ਮਨ ਮੈ ਯੋਂ ਆਈ। ਕਰੋਂ ਬੰਦਗੀ ਮੈਂ ਸੁ ਬਨਾਈ।
ਤਾਂ ਤੇ ਖਾਲਕ ਬਖਸ ਸੁ ਲੈ ਹੈਂ। ਝੂਠਾ ਤੇ ਸਾਚਾ ਮੋ ਕੈ ਹੈਂ।
ਸਾਚ ਬੰਦਗੀ ਇਸੈ ਨਾ ਜਾਨੋ। ਚਾਰ ਰੁਬਾਇਤ ਪੜ੍ਹੀ ਜੁਬਾਨੋ।
ਮਨ ਤੇ ਰਹਾ ਖਿਲਤ ਕਈ ਥਾਨਾ। ਮੁਖ ਤੇ ਪੜੀ ਕਤੇਬ ਕੁਰਾਨਾ।
ਅਮਲਾਂ ਬਿਨਾਂ ਭਿਸਤ ਨਹਿ ਕੋਈ। ਬੇਦ ਪੁਰਾਨ ਪੁਕਾਰਤ ਸੋਈ।
ਮਨ ਕੀ ਖੁਸੀ ਕਾਜ ਯਹਿ ਜਾਨੋ। ਮਾਰੇ ਬਾਪ ਬਿਰਾਦਰ ਮਾਨੋ।
ਜੌਂ ਤੇਰੇ ਨਿਜ ਮਨ ਬਿਖੈ, ਆਈ ਯਾ ਬਿਧਿ ਬਾਤ।
ਮੈਂਹੋਂ ਉਮਤ ਪਿਕੰਬਰੀ, ਵਹ ਨਿਜ ਭਰਗੁ ਸਫਾਤ।
ਯਹਿ ਭੀ ਤੇਰੋ ਝੂਠ ਗੁਮਾਨਾ। ਪਿਕੰਬਰ ਯੋਂ ਕਰ ਕਰਤ ਬਖਾਨਾ।
ਜੋ ਮੇਰੇ ਬਚਨੋਂ ਮੈ ਐ ਹੈਂ। ਤਾ ਕੀ ਸਾਖ ਪਿਕੰਬਰ ਦੈ ਹੈਂ।
ਜਿਨ ਹੂੰ ਘਾਲ ਸਾਹਿਬ ਦਰ ਘਾਲੀ। ਤਿਨ ਕੋ ਸਹੀ ਪਿਕੰਬਰ ਵਾਲੀ।
ਜੌਂ ਤੂੰ ਇਹਿ ਬਿਧਿ ਬੈਨ ਬਖਾਨੈ। ਹਿੰਦੂ ਬੁਤ ਕਰੈ ਮੈ ਹਾਨੈ।
ਯਹਿ ਭੀ ਤੇਰੋ ਝੂਠ ਪਵਾਰਾ। ਤਾ ਕੋ ਸਾਹਦ ਹੈ ਕਰਤਾਰਾ।

ਏਕ ਬੁਤ ਤੈਂ ਦਯੋ ਭਨਾਈ। ਘਰ ਘਰ ਪੂਜਾ ਬੁਤ ਬਨਾਈ।

ਆਪ ਤਯਾਗ ਭੰਨੇ ਖੁਦ ਜੋਈ। ਖਾਲਕ ਤਾਹਿ ਪਰਾਪਤ ਹੋਈ।

ਇਹ ਬਿਧਿ ਪਾਤਸਾਹ ਕੋ ਸੰਗਾ। ਕਰੁਨਾ ਨਿਧਿ ਲਿਖ ਹੁਕਮ ਨਿਸੰਗਾ।[1]

ਇਸ ਤਰ੍ਹਾਂ ਉਪਰੋਕਤ ਰਚਨਾ ਦੇ ਵਿਚ ਕੁਇਰ ਸਿੰਘ ਨੇ ਗੁਰੂ ਗੋਬਿੰਦ ਸਿੰਘ ਦੀ ਤਤਕਾਲੀਨ ਹੁਕਮਰਾਨ ਅਤੇ ਉਸਦੀ ਕਾਰਗੁਜ਼ਾਰੀ ਪ੍ਰਤੀ ਅਸੰਤੁਸ਼ਟਤਾ ਦਾ ਪ੍ਰਗਟਾਵਾ ਕੀਤਾ ਹੈ। ਅਸਲ ਵਿਚ ਔਰੰਗਜ਼ੇਬ ਨੂੰ ਲਿਖਿਆ ਪੱਤਰ 'ਜ਼ਫਰਨਾਮਾ', ਗੁਰੂ ਸਾਹਿਬ ਦਾ ਤਤਕਾਲੀਨ ਰਾਜ ਬਾਰੇ ਪ੍ਰਤੀਕਰਮ ਅਤੇ ਉਹਨਾਂ ਦੇ ਰਾਜਨੀਤਕ ਦ੍ਰਿਸ਼ਟੀਕੋਣ ਨੂੰ ਦਰਸਾਉਣ ਵਾਲਾ ਇਤਿਹਾਸਕ ਦਸਤਾਵੇਜ਼ ਹੈ।

ਇਸ ਸਾਰੇ ਵਿਸਤਾਰ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸਾਰੀ ਗੁਰੂ ਪਰੰਪਰਾ, ਮੀਰੀ ਪੀਰੀ ਦਾ ਸੰਜੁਗਤ ਨਿਭਾਉ ਕਰਦਿਆਂ, ਆਪਣੇ ਸਮਕਾਲੀ ਰਾਜ ਪ੍ਰਤੀ ਪੂਰੀ ਤਰ੍ਹਾਂ ਜਾਗਰੂਕ ਰਹੀ ਹੈ ਅਤੇ ਆਪਣੇ ਪ੍ਰਤੀਕਰਮ ਨੂੰ ਬਾਣੀ ਰੂਪ ਦੇਂਦੀ ਰਹੀ ਹੈ। ਪਰ ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਦੇ ਸਮੇਂ ਤੋਂ ਇਹ ਪ੍ਰਤੀਕਰਮ ਹਥਿਆਰਬੰਦ ਘੋਲ ਵਿਚ ਪਰਿਵਰਤਿਤ ਹੋ ਗਿਆ। ਅਸਲ ਵਿਚ ਗੁਰੂ ਸਾਹਿਬਾਨ ਦਾ ਰਾਜ ਬਾਰੇ ਪ੍ਰਤੀਕਰਮ ਰਾਜ ਦੇ ਸਰੂਪ ਅਨੁਸਾਰ ਨਿਸਚਿਤ ਹੁੰਦਾ ਰਿਹਾ ਹੈ।

ਮੁਗ਼ਲ ਬਾਦਸ਼ਾਹਾਂ ਦਾ ਗੁਰੂ ਸਾਹਿਬਾਨ ਪ੍ਰਤੀ ਵਤੀਰੇ ਦਾ ਵਿਸ਼ਲੇਸ਼ਣ ਕਰਦਿਆਂ ਭਾਈ ਰਤਨ ਸਿੰਘ ਭੰਗੂ ਨੇ ਦਸਿਆ ਹੈ ਕਿ ਪਹਿਲੇ ਤਿੰਨ ਮੁਗਲ ਬਾਦਸ਼ਾਹ - ਬਾਬਰ, ਹਮਾਯੂੰ, ਤੇ ਅਕਬਰ ਗੁਰੂ ਸਾਹਿਬਾਨ ਦਾ ਸਤਿਕਾਰ ਕਰਦੇ ਸਨ ਅਤੇ ਉਹਨਾਂ ਦੇ ਦੌਰ ਵਿਚ ਕੋਈ ਮਾੜੀ ਘਟਨਾ ਨਹੀਂ ਵਾਪਰੀ। ਪਰ ਜਹਾਂਗੀਰ, ਸ਼ਾਹ ਜਹਾਨ ਅਤੇ ਔਰੰਗਜ਼ੇਬ ਨੇ ਰਾਜਸੀ ਤਾਕਤ ਦੀ ਦੁਰਵਰਤੋਂ ਕਰਕੇ ਹਿੰਦੁਸਤਾਨ ਵਿਚੋਂ ਧਾਰਮਿਕ ਆਜ਼ਾਦੀ ਖ਼ਤਮ ਕਰ ਦਿੱਤੀ ਅਤੇ ਗੁਰੂ ਘਰ ਨਾਲ ਜੰਗ ਛੇੜ ਲਈ:-

---

1- ਕੋਇਰ ਸਿੰਘ, ਗੁਰਬਿਲਾਸ ਪਾਤਸ਼ਾਹੀ 10, ਪੰਨਾ 219-220

ਬਾਬਰ ਤੇ ਸੁ ਹਿਮਾਯੂੰ ਭਯੋ, ਹਿਮਾਯੂੰ ਨੇ ਫਿਰ ਅਕਬਰ ਜਯੋ।
ਤੀਨੋ ਨੇ ਗੁਰ ਮਹਿਮਾ ਰਾਖੀ, ਮੁਖ ਤੇ ਭੀ ਕਿਛੁ ਬੁਰੀ ਨਾ ਭਾਖੀ।
ਚੌਥੇ ਸ਼ਾਹ ਭਯੋ ਜਹਾਂਗੀਰ, ਮੁਲਾਂ ਕਾਜ਼ੀ ਮਿਲ ਭਯੋ ਅਸੀਰ।
ਉਨ ਗੁਰ ਅਰਜਨ ਸੋ ਖੋਟ ਕਮਾਈ, ਸੋਊ ਬੁਰਾਈ ਸਿਰ ਖਤ੍ਰੀ ਲਾਈ।
ਪੰਜਵੇਂ ਭਯੋ ਸੁ ਸ਼ਾਹ ਜਹਾਨ, ਕਰੇ ਹਿੰਦੂ ਕਈ ਮੁਸਲਮਾਨ।
ਛੀਵੇਂ ਭਯੋ ਸੁ ਸ਼ਾਹ ਨੁਰੰਗਾ, ਕਰਯੋ ਗੁਰੂਅਨ ਸੌਂ ਉਨ ਬਡ ਦੰਗਾ।
ਹਰੀਕ੍ਰਿਸ਼ਨ ਉਨ ਬਾਲ ਮੰਗਾਏ, ਉਸ ਸਿਰ ਗਏ ਬੁਰਾਈ ਲਾਏ।
ਉਨ ਦੁਸ਼ਟੀ ਬਹੁਤੀ ਕਰੀ ਗੁਰੂ ਤੇਗ ਬਹਾਦਰ ਆਦਿ।
ਸਹਿਤ ਸੁ ਚਾਰੋ ਪੋਤਰੇ ਲਾਗੋ ਖ਼ੂਨ ਸਿਰ ਤਾਦ।[1]

ਸਮੁੱਚੇ ਰੂਪ ਵਿਚ ਗੁਰੂ ਸਾਹਿਬਾਨ ਦਾ ਤਤਕਾਲੀਨ ਰਾਜ ਬਾਰੇ ਪ੍ਰਤੀਕਰਮ ਅਧਿਐਨ ਕਰਨ ਤੇ ਸਾਰ ਰੂਪ ਵਿਚ ਇਕੋ ਤਥ ਸਾਹਮਣੇ ਆਉਂਦਾ ਹੈ ਕਿ ਗੁਰੂ ਸਾਹਿਬਾਨ ਦਾ ਰਾਜ ਕਰਨ ਵਾਲਿਆਂ ਨਾਲ ਕੋਈ ਵਿਅਕਤੀਗਤ ਵਿਰੋਧ ਨਹੀਂ, ਸਗੋਂ ਸਿਧਾਂਤਕ ਵਿਰੋਧ ਸੀ। ਗੁਰੂ ਸਾਹਿਬਾਨ ਦਾ ਸਭ ਤੋਂ ਅਹਿਮ ਵਿਰੋਧ ਇਸ ਹਕੀਕਤ ਉਤੇ ਅਧਾਰਿਤ ਸੀ ਕਿ ਰਾਜ ਕਰਨ ਵਾਲੇ, ਸਾਰੀਆਂ ਸੀਮਾਵਾਂ ਤੋੜ ਕੇ ਨਿਰੰਕੁਸ਼ ਹੋ ਗਏ ਸਨ। ਅਸਲ ਵਿਚ ਗੁਰੂ ਸਾਹਿਬ ਨਿਰੰਕੁਸ਼ ਰਾਜਤੰਤ੍ਰੀ ਵਿਵਸਥਾ ਦੇ ਵਿਰੁਧ ਸਨ। ਉਹਨਾਂ ਅਨੁਸਾਰ ਰਾਜਾ ਅਤੇ ਉਸਦੀ ਸੰਪੂਰਨ ਰਾਜ-ਵਿਵਸਥਾ ਰਬ ਤੋਂ ਮੁਨਕਰ ਸੀ, ਧਰਮ ਅਤੇ ਨੈਤਿਕਤਾ ਤੋਂ ਦੂਰ ਸੀ ਅਤੇ ਲੋਕਹਿਤ ਦੇ ਪ੍ਰਤੀਕੂਲ ਸੀ।

---

1- ਭੰਗੂ, ਭਾਈ ਰਤਨ ਸਿੰਘ, ਸ੍ਰੀ ਗੁਰ ਪੰਥ ਪ੍ਰਕਾਸ਼, ਪੰਨਾ 365-366

ਭਗਤਾਂ ਦੀ ਬਾਣੀ ਵਿਚ ਮੀਰੀ-ਪੀਰੀ ਦਾ ਸੁਮੇਲ

ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਭਗਤਾਂ ਦੀ ਬਾਣੀ ਵਿਚ ਵੀ ਮੀਰੀ-ਪੀਰੀ ਦੇ ਸੁਮੇਲ ਦੀ ਝਲਕ ਮਿਲਦੀ ਹੈ। ਅਸਲ ਵਿਚ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਸਮੇਂ ਉਹਨਾਂ ਹੀ ਭਗਤਾਂ ਦੀ ਬਾਣੀ ਨੂੰ ਸਵੀਕਾਰਿਆ ਤੇ ਸ਼ਾਮਲ ਕੀਤਾ ਗਿਆ ਸੀ ਜਿਹਨਾਂ ਦੀ ਬਾਣੀ, ਗੁਰੂ ਸਾਹਿਬਾਨ ਦੀ ਬਾਣੀ ਨਾਲ ਸਿਧਾਂਤਕ ਤੌਰ ਤੇ ਇਕਸੁਰ ਸੀ। ਕੋਈ ਹੈਰਾਨੀ ਨਹੀਂ ਕਿ ਗੁਰੂ ਗ੍ਰੰਥ ਸਾਹਿਬ ਵਿਚ ਸੰਮਿਲਤ ਭਗਤਾਂ ਦੀ ਬਾਣੀ ਵਿੱਚ ਮੀਰੀ-ਪੀਰੀ ਦੇ ਸੰਜੋਗ ਦਾ ਸਿਧਾਂਤ ਉਜਾਗਰ ਹੁੰਦਾ ਹੈ। ਭਗਤ ਕਬੀਰ ਜੀ ਦੀ ਬਾਣੀ ਵਿਚੋਂ ਬਹੁਤ ਸਾਰੇ ਐਸੇ ਉਦਾਹਰਣ ਮਿਲਦੇ ਹਨ, ਜਿਹਨਾਂ ਵਿਚ ਸ਼ਹਾਦਤ ਤੇ ਸੰਗਰਾਮ ਦੀ ਗਲ ਹੈ ਅਤੇ ਜੂਝ ਮਰਨ ਦਾ ਦ੍ਰਿੜ ਇਰਾਦਾ ਪ੍ਰਤਖ ਨਜ਼ਰ ਆਉਂਦਾ ਹੈ। ਕਬੀਰ ਜੀ ਦੀਆਂ ਇਹ ਪੰਕਤੀਆਂ ਧਿਆਨਯੋਗ ਹਨ:-

ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ॥
ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ॥
ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥[1]

ਜੇ ਬਿਖੜਾ ਮਾਰਗ ਅਪਨਾਇਆ ਹੈ ਤਾਂ ਮੌਤ ਤੋਂ ਭੈ ਕਿਸ ਗਲ ਦਾ? ਕਬੀਰ ਜੀ ਨੇ ਇਹ ਸਵਾਲ ਆਪਣੇ ਆਪ ਤੋਂ ਕਰਕੇ ਇਸ ਗੱਲ ਨੂੰ ਦ੍ਰਿੜ ਕਰਾਇਆ ਹੈ ਕਿ ਭਗਤ ਦਾ ਮਾਰਗ ਵੀ 'ਖੰਡੇਧਾਰ' ਹੈ ਅਤੇ ਉਸ ਵਿਚ ਮੌਤ ਦੇ ਭੈ ਦਾ ਕੋਈ ਸਥਾਨ ਨਹੀਂ:-

ਕਬੀਰ ਐਸੀ ਹੋਇ ਪਰੀ ਮਨ ਕੋ ਭਾਵਤੁ ਕੀਨੁ॥
ਮਰਨੇ ਤੇ ਕਿਆ ਡਰਪਨਾ ਜਬ ਹਾਥਿ ਸਿਧਉਰਾ ਲੀਨ॥[2]

---

1- ਆਦਿ ਗ੍ਰੰਥ, ਪੰਨਾ 1105

2- ਓਹੀ, ਪੰਨਾ 1368

ਭਗਤ ਕਬੀਰ ਨੇ ਆਪਣੀ ਬਾਣੀ ਵਿਚ ਭਗਤ ਪ੍ਰਹਿਲਾਦ ਦੀ ਅਥਾਹ ਦ੍ਰਿੜਤਾ ਅਤੇ ਆਪਣੇ ਪਿਤਾ ਹੁਕਮਰਾਨ ਦੀ ਈਣ ਨ ਮੰਨਣ ਦਾ ਜ਼ਿਕਰ ਕੀਤਾ ਹੈ। ਕਬੀਰ ਜੀ ਅਨੁਸਾਰ ਭਗਤ ਪ੍ਰਹਿਲਾਦ ਬਾਲ-ਅਵਸਥਾ ਵਿਚ ਹੀ ਜ਼ੁਲਮ ਦੇ ਵਿਰੁੱਧ ਅੜ ਗਿਆ ਅਤੇ ਭਗਤੀ ਮਾਰਗ ਤੇ ਦ੍ਰਿੜਤਾ ਨਾਲ ਵਿਚਰਦਾ ਰਿਹਾ। ਉਸ ਨੇ ਮਰਨਾ ਕਬੂਲ ਕਰਨ ਦਾ ਫੈਸਲਾ ਕਰ ਲਿਆ ਪਰ ਰਾਮ ਨਾਮ ਨਾ ਛਡਣ ਦਾ ਫੈਸਲਾ ਕੀਤਾ:-

ਸੰਡੇ ਮਰਕੇ ਕਹਿਓ ਜਾਇ। ਪ੍ਰਹਲਾਦ ਬੁਲਾਏ ਬੇਗਿ ਧਾਇ॥
ਤੂੰ ਰਾਮ ਕਹਨ ਕੀ ਛੋਡੁ ਬਾਨਿ॥ ਤੁਝੈ ਤੁਰਤ ਛਡਾਊ ਮੇਰੋ ਕਹਿਓ ਮਾਨਿ॥
ਮੋ ਕਉ ਕਹਾ ਸਤਾਵਹੁ ਬਾਰ ਬਾਰ॥ਪ੍ਰਭ ਜਲ ਥਲ ਗਿਰਿ ਕੀਏ ਪਹਾਰ॥
ਇਕ ਰਾਮੁ ਨ ਛੋਡਉ ਗੁਰਹਿ ਗਾਰਿ॥ਮੋਕਉ ਘਾਲਿ ਜਾਰਿ ਭਾਵੈ ਮਾਰਿ ਡਾਰਿ॥[1]

ਭਗਤ ਕਬੀਰ ਦੀਆਂ ਇਹਨਾਂ ਸਤਰਾਂ ਦੀ ਪ੍ਰੋੜਤਾ ਕਰਦਿਆਂ ਗੁਰੂ ਅਮਰਦਾਸ ਜੀ ਨੇ ਵੀ ਭਗਤ ਪ੍ਰਹਿਲਾਦ ਦੇ ਇਰਾਦੇ ਦੀ ਪਰਿਪਕਤਾ ਅਤੇ ਦੁਨਿਆਵੀ ਬਾਦਸ਼ਾਹ ਤੋਂ ਨਿਰਭੈਤਾ ਦਾ ਜ਼ਿਕਰ ਆਪਣੀਆਂ ਰਚਨਾਵਾਂ ਵਿਚ ਕੀਤਾ ਹੈ। ਪ੍ਰਹਿਲਾਦ ਜ਼ਾਬਰ ਦੇ ਜ਼ਬਰ ਤੋਂ ਨਹੀਂ ਡਰਦਾ। ਮਾਤਾ ਦੇ ਤਰਲੇ, ਮਿੰਨਤਾਂ ਭੀ ਉਸ ਨੂੰ ਆਪਣੇ ਮਾਰਗ ਤੋਂ ਭੁਲਾ ਨਹੀਂ ਸਕੀਆਂ:-

ਗੁਰ ਉਪਦੇਸਿ ਪ੍ਰਹਿਲਾਦੁ ਹਰਿ ਉਚਰੈ॥
ਸਾਸਨਾ ਤੇ ਬਾਲਕ ਗਮੁ ਨ ਕਰੈ॥ ਰਹਾਉ॥
ਮਾਤਾ ਉਪਦੇਸੈ ਪ੍ਰਹਿਲਾਦ ਪਿਆਰੇ॥
ਪੁਤ੍ਰ ਰਾਮ ਨਾਮੁ ਛੋਡਹੁ ਜੀਉ ਲੇਹੁ ਉਬਾਰੇ॥
ਪ੍ਰਹਿਲਾਦੁ ਕਹੈ ਸੁਨਹੁ ਮੇਰੀ ਮਾਇ॥
ਰਾਮ ਨਾਮੁ ਨ ਛੋਡਾ ਗੁਰ ਦੀਆ ਬੁਝਾਇ॥[2]

---

1- ਆਦਿ ਗ੍ਰੰਥ, ਪੰਨਾ 1194

2- ਓਹੀ, ਪੰਨਾ 1133

ਅਸਲ ਵਿਚ ਪ੍ਰਹਿਲਾਦ ਨੇ ਜਿਸ ਨਿਰਭੈਤਾ ਅਤੇ ਜੁਰਅੱਤ ਨਾਲ ਜ਼ੁਬਰ ਦਾ ਟਾਕਰਾ ਕੀਤਾ ਉਹ ਮੀਰੀ-ਪੀਰੀ ਦੇ ਸੁਮੇਲ ਤੋਂ ਹੀ ਉਪਜੀ ਹੈ:-

ਪ੍ਰਹਿਲਾਦੁ ਕੋਠੇ ਵਿਚਿ ਰਾਖਿਆ ਬਾਰਿ ਦੀਆ ਤਾਲਾ॥
ਨਿਰਭਉ ਬਾਲਕੁ ਮੂਲਿ ਨ ਡਰਈ ਮੇਰੈ ਅੰਤਰਿ ਗੁਰ ਗੋਪਾਲਾ॥[1]

ਭਗਤ ਨਾਮਦੇਵ ਜੀ ਦੀ ਬਾਣੀ ਵੀ ਦੁਨਿਆਵੀ ਸ਼ਕਤੀ ਦੇ ਮਾਲਕਾਂ ਵਿਰੁਧ ਆਵਾਜ਼ ਉਠਾਉਂਦੀ ਹੈ। ਭਗਤ ਨਾਮ ਦੇਵ ਜੀ ਦਾ ਖੁਦ ਜ਼ੁਲਮ ਦੇ ਸਨਮੁੱਖ ਡੱਟ ਕੇ ਖੜਨਾ ਅਤੇ ਆਪਣੀ ਬਾਣੀ ਵਿਚ ਭਗਤੀ ਤੋਂ ਉਪਜੀ ਸ਼ਕਤੀ ਦਾ ਪ੍ਰਗਟਾਵਾ ਕਰਨਾ, ਕੁਰਬਾਨੀ ਦੇ ਮਾਰਗ ਤੇ ਉਹਨਾਂ ਦਾ ਦ੍ਰਿੜ ਇਰਾਦਾ ਦਰਸਾਉਂਦਾ ਹੈ:-

ਗੰਗ ਜਮੁਨ ਜਉ ਉਲਟੀ ਬਹੈ॥
ਤਉ ਨਾਮਾ ਹਰਿ ਕਰਤਾ ਰਹੈ॥[2]

ਬਾਬਾ ਫਰੀਦ ਜੀ ਨੇ ਵੀ ਕਿਤੇ ਕਿਤੇ ਆਪਣੀਆਂ ਰਚਨਾਵਾਂ ਵਿਚ ਦੁਨਿਆਵੀ ਖੇਤਰ ਦੀਆਂ ਔਕੜਾਂ ਦਾ ਖੁਲ੍ਹ ਕੇ ਜ਼ਿਕਰ ਕੀਤਾ ਹੈ। ਫਰੀਦ ਜੀ ਰਬ ਪਾਸੋਂ ਦੁਆ ਮੰਗਦੇ ਹਨ ਕਿ ਉਹਨਾਂ ਨੂੰ ਗੁਲਾਮੀ ਦਾ ਜੀਵਨ ਨਹੀਂ ਚਾਹੀਦਾ ਅਤੇ ਹੋਰ ਸਪਸ਼ਟ ਕਰਦਿਆਂ ਫੁਰਮਾਇਆ ਹੈ ਕਿ ਗੁਲਾਮੀ ਦੇ ਜੀਵਨ ਕੋਲੋਂ ਮੌਤ ਚੰਗੀ ਹੈ:-

ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ॥
ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ॥[3]

ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਭਗਤਾਂ ਦੀ ਬਾਣੀ ਵਿਚੋਂ ਵੀ ਮੀਰੀ-ਪੀਰੀ ਦੇ ਸੰਜੋਗ ਦੇ ਗੁਰੂ ਸਿਧਾਂਤ ਦੀ ਪ੍ਰੋੜਤਾ ਹੁੰਦੀ ਸਪਸ਼ਟ ਨਜ਼ਰ ਆਉਂਦੀ ਹੈ।

---

1- ਆਦਿ ਗ੍ਰੰਥ, ਪੰਨਾ 1155
2- ਓਹੀ, ਪੰਨਾ 1166
3- ਓਹੀ, ਪੰਨਾ 1380

## ਭੱਟਾਂ ਅਤੇ ਗੁਰੂ ਦਰਬਾਰ ਦੇ ਹੋਰ ਵਿਦਵਾਨਾਂ ਦੀ ਬਾਣੀ ਵਿਚ ਗੁਰੂਆਂ ਦੀ ਮੀਰੀ-ਪੀਰੀ ਦੀ ਦੁਵੱਲੀ ਸ਼ਖਸੀਅਤ ਦਾ ਚਿਤ੍ਰਣ:

ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਭੱਟ ਕਵੀਆਂ ਨੇ ਆਪਣੇ ਸਵੱਈਆਂ ਵਿਚ ਗੁਰੂ ਸਾਹਿਬ ਦੇ ਵਿਅਕਤਿਤਵ ਦੇ ਦੋ-ਪੱਖੀ ਸਰੂਪ ਦਾ ਜ਼ਿਕਰ ਕੀਤਾ ਹੈ। ਕਲ੍ਹ ਭਟ ਗੁਰੂ ਨਾਨਕ ਦੇਵ ਜੀ ਦੀ ਮਹਿਮਾ ਗਾਇਨ ਕਰਦਿਆਂ ਦਸਦਾ ਹੈ ਕਿ ਉਹ ਸੰਸਾਰੀ ਤੇ ਰੂਹਾਨੀ ਦੋਨੋਂ ਹੀ ਪਾਤਿਸ਼ਾਹੀਆਂ ਮਾਣਦੇ ਹਨ:-

ੳ) ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ॥[1]

ਅ) ਹਰਿ ਨਾਮ ਰਸਿਕ ਨਾਨਕ ਗੁਰ ਰਾਜੁ ਜੋਗੁ ਤੈ ਮਾਣਿਓ॥[2]

ਸਲ੍ਹ ਭਟ ਚੌਥੇ ਪਾਤਸ਼ਾਹ ਗੁਰੂ ਰਾਮਦਾਸ ਪ੍ਰਤੀ ਆਖਦਾ ਹੈ ਕਿ ਉਹ ਛਤ੍ਰ ਸਹਿਤ ਸਚੇ ਤਖਤ ਤੇ ਬਿਰਾਜਮਾਨ ਹਨ ਅਤੇ ਦੁਨਿਆਵੀ ਅਤੇ ਰੂਹਾਨੀ ਸ਼ਕਤੀਆਂ ਨਾਲ ਸੁਸੋਭਿਤ ਹਨ:-

ਸਿਰਿ ਆਤਪਤੁ ਸਚੋ ਤਖਤੁ ਜੋਗ ਭੋਗ ਸੰਜੁਤੁ ਬਲਿ॥[3]

ਕਲ੍ਹ ਭਟ ਕਹਿੰਦਾ ਹੈ ਕਿ ਗੁਰੂ ਅਰਜਨ ਦੇਵ ਜੀ ਸੰਸਾਰੀ ਤੇ ਰੂਹਾਨੀ ਦੋਹਾਂ ਪਾਤਿਸ਼ਾਹੀਆਂ ਦੇ ਸੁਆਦ ਤੋਂ ਜਾਣੂ ਹਨ:-

ਗੁਰੂ ਅਰਜੁਨੁ ਕਲੁਚਰੈ ਤੈ ਰਾਜ ਜੋਗ ਰਸ ਜਾਣਿਅਓ॥[4]

ਭੱਟਾਂ ਦੀ ਬਾਣੀ ਤੋਂ ਇਲਾਵਾ ਭਾਈ ਗੁਰਦਾਸ ਜੀ ਦੀ ਬਾਣੀ ਵਿਚ ਵੀ ਮੀਰੀ-ਪੀਰੀ ਦੇ ਸੰਜੋਗ ਦੇ ਸਿਧਾਂਤ ਦਾ ਪ੍ਰਤਿਪਾਦਨ ਹੁੰਦਾ ਹੈ। ਉਨ੍ਹਾਂ ਅਨੁਸਾਰ ਗੁਰੂ ਸਾਹਿਬ ਨੇ ਸਿੱਖੀ ਦਾ ਸਰੂਪ ਅਤੇ ਉਦੇਸ਼ ਸ਼ੁਰੂ ਤੋਂ ਹੀ ਮੀਰੀ-ਪੀਰੀ ਦਾ ਸਮੂਹਕ ਸਤ ਮਿੱਥ ਲਿਆ ਪ੍ਰਤੀਤ ਹੁੰਦਾ ਹੈ।

---

1- *ਆਦਿ ਗ੍ਰੰਥ*, ਪੰਨਾ 1389

2- ਓਹੀ, ਪੰਨਾ 1390

3- ਓਹੀ, ਪੰਨਾ 1406

4- ਓਹੀ, ਪੰਨਾ 1407

ਗੁਰੂ ਸਾਹਿਬ ਨੂੰ 'ਸੱਚੇ ਪਾਤਸ਼ਾਹ' ਸੱਦਣਾ ਇਸ ਤੱਥ ਦੀ ਪ੍ਰੋੜ੍ਹਤਾ ਕਰਦਾ ਹੈ। ਭਾਈ ਗੁਰਦਾਸ ਜੀ ਨੇ ਗੁਰੂ ਸਾਹਿਬ ਦੀ ਦੋ ਪੱਖੀ ਸ਼ਖਸੀਅਤ ਨੂੰ ਆਪਣੀਆਂ ਰਚਨਾਵਾਂ ਵਿਚ ਉਜਾਗਰ ਕੀਤਾ ਹੈ। ਭਾਈ ਸਾਹਿਬ ਦੀ ਹੇਠਲੀ ਰਚਨਾ ਉਦਾਹਰਣ ਵਜੋਂ ਧਿਆਨ ਯੋਗ ਹੈ:-

ਸਤਿਗੁਰ ਸਚਾ ਪਾਤਿਸਾਹ ਬੇਪਰਵਾਹੁ ਅਥਾਹੁ ਸਹਾਬਾ॥
ਨਾਉ ਗਰੀਬ ਨਿਵਾਜ਼ ਹੈ ਬੇਮੁਹਤਾਜ ਨ ਮੋਹੁ ਮੁਹਾਬਾ॥
ਬੇਸੁਮਾਰੁ ਨਿਰੰਕਾਰੁ ਹੈ ਅਲਖ ਅਪਾਰੁ ਅਲਾਹ ਸਿਵਾਬਾ॥
ਕਾਇਮੁ ਦਾਇਮ ਸਾਹਿਬੀ ਹਾਜਰੁ ਨਾਜਰੁ ਵੇਦ ਕਿਤਾਬਾ॥
ਅਗਮੁ ਅਡੋਲੁ ਅਤੋਲੁ ਹੈ ਤੋਲਨਹਾਰ ਨ ਡੰਡੀ ਛਾਬਾ॥
ਇਕੁ ਛਤੁ ਰਾਜੁ ਕਮਾਵਦਾ ਦੁਸਮਣੁ ਦੂਤ ਨ ਸੋਰ ਸਰਾਬਾ॥
ਆਦਲੁ ਅਦਲੁ ਚਲਾਇਦਾ ਜਾਲਮੁ ਜੁਲਮੁ ਨ ਜੋਰ ਜਰਾਬਾ॥
ਜਾਹਰ ਪੀਰ ਜਗਤ ਗੁਰੁ ਬਾਬਾ॥[1]

ਗੁਰੂ ਗੋਬਿੰਦ ਸਿੰਘ ਦੇ ਦਰਬਾਰ ਦੇ ਪ੍ਰਮੁੱਖ ਸ਼ਾਇਰ ਭਾਈ ਨੰਦ ਲਾਲ ਜੀ ਨੇ ਵੀ ਗੁਰੂ ਸਾਹਿਬਾਨ ਦੇ ਵਿਅਕਤਿਤਵ ਵਿਚ ਸਮਾਈ ਅਧਿਆਤਮਕ ਅਤੇ ਸੰਸਾਰਕ ਪ੍ਰਭੁਤਾ ਨੂੰ ਆਪਣੀ ਸ਼ਾਇਰੀ ਦੁਆਰਾ ਉਜਾਗਰ ਕੀਤਾ ਹੈ। ਗੁਰੂ ਨਾਨਕ ਦੇਵ ਜੀ ਦੇ ਸੰਬੰਧ ਵਿਚ ਭਾਈ ਨੰਦ ਲਾਲ ਜੀ ਕਹਿੰਦੇ ਹਨ ਅਕਾਲ ਪੁਰਖ ਨੇ ਉਹਨਾਂ ਦੇ ਬੈਠਣ ਲਈ ਇਕ ਬੁਲੰਦ ਅਤੇ ਸੁਹਣਾ ਤਖਤ ਬਣਾਇਆ ਅਤੇ ਉਹਨਾਂ ਦੀ ਬਖਸ਼ਿਸ਼ ਨਾਲ ਸਾਰੇ ਲੋੜਵੰਦ ਵਰਸਾਏ ਗਏ। ਸਾਰੇ ਵੱਡੇ ਪੁਰਸ਼ ਅਤੇ ਮੁਲਕਾਂ ਤੇ ਫਤਿਹ ਪਾਉਣ ਵਾਲੇ ਉੱਚੇ ਨਿਸ਼ਾਨਾਂ ਵਾਲੇ ਗੁਰੂ ਸਾਹਿਬ ਦੀ ਸ਼ਰਨੀ ਪਏ:-

ਹਕ ਆਰਾਸ਼ ਖ਼ੁਦ ਤਖ਼ਤ ਗ੍ਰਾਹਸ਼ ਬਲੰਦ॥
ਜ਼ਿਹਰ ਫੱਰਖ਼ੀ ਸ਼ਾਖ਼ਤਸ਼ ਅਰਜ਼ਮੰਦ॥
ਹਮਹ ਖ਼ਾਸਗਾਂ ਦਾ ਬਪਾਇਸ਼ ਫ਼ਿਕੰਦ॥

---

1- ਵਾਰਾਂ ਭਾਈ ਗੁਰਦਾਸ; ਪੰਨਾ 390

ਮੁਜ਼ੱਫ਼ਰ ਲਵਾ ਅਮਦਹ ਦੇਵ ਬੰਦ॥[1]

ਗੁਰੂ ਰਾਮਦਾਸ ਜੀ ਮੁਤੱਲਕ ਭਾਈ ਨੰਦ ਲਾਲ ਜੀ ਫ਼ੁਰਮਾਉਂਦੇ ਹਨ ਕਿ ਉਹ ਸਾਰੀ ਖਲਕਤ ਦੇ ਗੁਰੂ ਹਨ ਅਤੇ ਸਿਦਕ ਤੇ ਸੇਵਾ ਵਿਚ ਸਭ ਤੋਂ ਉਚੇ ਹਨ। ਬਾਦਸ਼ਾਹੀ ਤੇ ਫ਼ਕੀਰੀ ਉਹਨਾਂ ਵਿਚ ਪ੍ਰਗਟ ਹੈ ਤੇ ਉਹ ਉਚਿਆਂ ਤੋਂ ਉਚੇ ਹਨ:-

ਗੁਰੂ ਰਾਮਦਾਸ ਆਂ ਮਤਾਅ ਉਲਵਰਾ॥
ਜਹਾਂਬਾਨਿ ਅਕਲੀਮਿ ਸਿਦਕੋ ਸਫ਼ਾ॥
ਹਮ ਅਜ਼ ਸਲਤਨਤ ਹਮਜਿ ਫ਼ਕਰਸ਼ ਨਿਸ਼ਾ॥
ਗਿਰਾਂ ਮਾਯਾ ਤਰ ਅਫ਼ਸਰੇ ਅਫ਼ਸਰਾਂ॥[2]

ਗੁਰੂ ਹਰਿਰਾਇ ਜੀ, ਭਾਈ ਨੰਦ ਲਾਲ ਜੀ ਅਨੁਸਾਰ, ਹਕ ਦੇ ਪਾਲਣਹਾਰੇ, ਸੱਚ ਤੇ ਮਜ਼ਹਬ ਵਾਲੇ ਹਨ। ਉਹ ਬਾਦਸ਼ਾਹ ਵੀ ਹਨ ਤੇ ਫ਼ਕੀਰ ਵੀ ਹਨ:-

ਹਕ ਪਰਵਰ ਹਕ ਕੇਸ਼ ਗੁਰੂ ਕਰਤਾ ਹਰਿਰਾਇ॥
ਸੁਲਤਾਨ ਹਮ ਦਰਵੇਸ਼ ਗੁਰੂ ਕਰਤਾ ਹਰਿਰਾਇ॥[3]

ਗੁਰੂ ਗੋਬਿੰਦ ਸਿੰਘ ਜੀ ਦੀ ਉਸਤਤ ਕਰਦਿਆਂ ਭਾਈ ਨੰਦ ਲਾਲ ਨੇ ਉਹਨਾਂ ਦੀ ਦੁਵੱਲੀ ਸ਼ਖਸੀਅਤ ਵਲ ਸੰਕੇਤ ਕੀਤਾ ਹੈ ਅਤੇ ਦਸਿਆ ਹੈ ਕਿ ਉਹ ਸੱਚੇ ਪਰਮੇਸ਼ੁਰ ਨੂੰ ਸਮਝਣ ਵਾਲੇ ਹਨ। ਬਾਦਸ਼ਾਹੀ ਤੇ ਫ਼ਕੀਰੀ ਦੋਹਾਂ ਵੇਸਾਂ ਵਿਚ ਰਹਿਣ ਵਾਲੇ ਹਨ:-

ਹਕ ਹਕ ਅੰਦੇਸ਼ ਗੁਰੂ ਗੋਬਿੰਦ ਸਿੰਘ॥
ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ॥[4]

---

1- ਭਾਈ ਨੰਦ ਲਾਲ, ਸ੍ਰੀ ਜੋਤਿ ਬਿਗਾਸ, ਅੰਮ੍ਰਿਤ ਕੀਰਤਨ, ਪੰਨਾ 239

2- ਭਾਈ ਨੰਦ ਲਾਲ, ਤੌਸੀਫ਼ੋ ਸਨਾ, ਅੰਮ੍ਰਿਤ ਕੀਰਤਨ, ਪੰਨਾ 264

3- ਓਹੀ, ਪੰਨਾ 272

4- ਓਹੀ, ਪੰਨਾ 287

ਇਸ ਤਰ੍ਹਾਂ ਭੱਟਾਂ ਅਤੇ ਗੁਰੂ ਦਰਬਾਰ ਨਾਲ ਸੰਬੰਧਿਤ ਵਿਦਵਾਨ ਲਿਖਾਰੀਆਂ ਅਤੇ ਕਵੀਆਂ ਦੀਆਂ ਰਚਨਾਵਾਂ ਗੁਰੂ ਸਾਹਿਬਾਨ ਦੀ ਮੀਰੀ-ਪੀਰੀ ਦੀ ਦੁਵੱਲੀ ਸ਼ਖਸੀਅਤ ਦਾ ਪ੍ਰਗਟਾਵਾ ਕਰਦੀਆਂ ਹਨ।

ਉਪਰੋਕਤ ਸਾਰੀ ਵਿਆਖਿਆ ਦੇ ਆਧਾਰ ਤੇ ਸਪਸ਼ਟ ਹੈ ਕਿ ਧਰਮ ਅਤੇ ਰਾਜ ਦੇ ਸੰਜੋਗ ਦਾ ਮੀਰੀ-ਪੀਰੀ ਦਾ ਸਿਧਾਂਤ ਸਿੱਖ ਵਿਚਾਰਧਾਰਾ ਵਿਚ ਗੁਰੂ ਪਰੰਪਰਾ ਦੇ ਪਹਿਲੇ ਗੁਰੂ ਗੁਰੂ ਨਾਨਕ ਦੇਵ ਜੀ ਨੇ ਉਲੀਕਿਆ ਸੀ। ਗੁਰੂ ਨਾਨਕ ਦੇਵ ਜੀ ਦੀ ਮੀਰੀ-ਪੀਰੀ ਦੀ ਸੰਯੁਗਤ ਵਿਚਾਰਧਾਰਾ ਨੇ ਹੀ ਅਗੇ ਚਲ ਕੇ ਛੇਵੇਂ ਗੁਰੂ ਅਤੇ ਫਿਰ ਦਸਵੇਂ ਗੁਰੂ ਵੇਲੇ ਸਿੱਖ ਸਮਾਜ ਨੂੰ ਮਾਰਸ਼ਲ ਚਰਿਤਰ ਦਿੱਤਾ। ਸਿੱਖ ਸਮਾਜ ਦਾ 'ਖਾਲਸਾ ਪੰਥ' ਦੇ ਰੂਪ ਵਿਚ ਵਿਕਾਸ ਗੁਰੂ ਨਾਨਕ ਦੇ ਉਪਦੇਸ਼ਾਂ ਅਨੁਸਾਰ ਹੀ ਹੋਇਆ ਹੈ।

ਸ੍ਰੀ ਗੋਕਲ ਚੰਦ ਨਾਰੰਗ ਦੀ ਲਿਖਤ ਇਸ ਤਥ ਦੀ ਪ੍ਰੋੜ੍ਹਤਾ ਕਰਦੀ ਹੈ। " ਗੁਰੂ ਗੋਬਿੰਦ ਸਿੰਘ ਦੇ ਸਮੇਂ ਵਿਚ ਵਿਗਸਣ ਵਾਲਾ ਬੀਜ ਗੁਰੂ ਨਾਨਕ ਦੇਵ ਨੇ ਬੀਜਿਆ ਸੀ ਅਤੇ ਉਨ੍ਹਾਂ ਦੇ ਉਤਰਾਧਿਕਾਰੀਆਂ ਨੇ ਸਿੰਜਿਆ ਸੀ। ਉਹ ਤੇਗ਼ ਜਿਸ ਨੇ ਖਾਲਸੇ ਦੀ ਪ੍ਰਤਿਸ਼ਠਾ ਦਾ ਮਾਰਗ ਬਣਾਇਆ, ਨਿਰਸੰਦੇਹ ਗੁਰੂ ਗੋਬਿੰਦ ਸਿੰਘ ਨੇ ਢਾਲੀ ਸੀ ਪਰੰਤੂ ਉਸ ਦਾ ਫੌਲਾਦ ਗੁਰੂ ਨਾਨਕ ਨੇ ਪ੍ਰਦਾਨ ਕੀਤਾ ਸੀ ਜਿਹੜਾ ਕਿ ਮਾਨੋ ਉਹਨਾਂ ਨੇ ਹਿੰਦੂ ਖਣਿਜ ਨੂੰ ਢਾਲ ਕੇ ਲੋਕਾਂ ਵਿਚੋਂ ਜੜ੍ਹਤਾ ਅਤੇ ਵਹਿਮਪ੍ਰਸਤੀ ਤਥਾ ਪੁਜਾਰੀਆਂ ਦੇ ਦੰਭ ਤੇ ਪਾਖੰਡ ਦੀ ਮੈਲ ਨੂੰ ਕੱਢ ਕੇ ਤਿਆਰ ਕੀਤਾ ਸੀ।"[1]

ਇਸੇ ਹਕੀਕਤ ਨੂੰ ਡਾ: ਹਰਨਾਮ ਸਿੰਘ ਸ਼ਾਨ ਨੇ ਬਿਆਨ ਕਰਦਿਆਂ ਲਿਖਿਆ ਹੈ ਕਿ - ਗੁਰੂ ਹਰ ਗੋਬਿੰਦ ਸਾਹਿਬ ਦੀ "ਇਹ 'ਨਵੀਂ' ਪਿਰਤ ਉਸ 'ਪੁਰਾਣੀ' ਪਰੰਪਰਾ ਦੀ ਹੀ ਦੇਣ ਸੀ ਅਤੇ ਇਸ ਪਿਛੇ ਕੰਮ ਕਰ ਰਹੀ ਸਪਿਰਿਟ ਉਸ ਸ੍ਰੇਸ਼ਟ ਭਾਵਨਾ ਦੀ ਹੀ ਉਪਜ

---

1- ਨਾਰੰਗ, ਗੋਕਲ ਚੰਦ, ਸਿੱਖ ਮਤ ਦਾ ਪਰਿਵਰਤਨ, ਪੰਨਾ 1

ਸੀ ਜਿਸ ਦਾ ਬੀਜ ਸਿੱਖੀ ਦੇ ਸੰਚਾਲਕ ਤੇ ਪਹਿਲੇ ਪਾਤਸ਼ਾਹ, ਸ੍ਰੀ ਗੁਰੂ ਨਾਨਕ ਸਾਹਿਬ (1469-1539 ਈ.) ਨੇ ਆਪੇ ਬੋ ਦਿਤਾ ਸੀ।"[1]

ਇਕ ਹੋਰ ਪ੍ਰਮਾਣ ਇਸ ਗਲ ਦੀ ਪਰਿਪੱਕਤਾ ਕਰਦਾ ਹੈ ਕਿ ਗੁਰੂ ਹਰਗੋਬਿੰਦ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖੀ ਦੇ ਆਦਿ ਤੋਂ ਚਲੇ ਆ ਰਹੇ ਮੀਰੀ-ਪੀਰੀ ਦੇ ਸੰਜੋਗ ਦੇ ਸੰਕਲਪ ਨੂੰ ਹੀ ਅਗਾਂਹ ਤੋਰਿਆ ਅਤੇ ਸੰਪੂਰਨਤਾ ਪ੍ਰਦਾਨ ਕੀਤੀ। ਬੰਦਾ ਬਹਾਦਰ ਨੇ ਰਾਜ-ਸੱਤਾ ਦੀ ਪ੍ਰਾਪਤੀ ਤੋਂ ਬਾਅਦ ਜਿਹੜਾ ਸਿੱਕਾ ਜਾਰੀ ਕੀਤਾ ਉਸ ਉਤੇ ਗੁਰੂ ਨਾਨਕ ਦੇਵ ਤੇ ਗੁਰੂ ਗੋਬਿੰਦ ਸਿੰਘ ਦੀ ਉਸਤਤਿ ਉਕਰੀ ਹੋਈ ਸੀ। ਸਿੱਕਿਆਂ ਤੇ ਜੋ ਸ਼ਬਦ ਉਕਰੇ ਸਨ ਉਨ੍ਹਾਂ ਦਾ ਭਾਵ ਸੀ 'ਸਚੇ ਪਾਤਿਸ਼ਾਹ ਦੀ ਮਿਹਰ ਸਦਕਾ ਇਹ ਸਿੱਕਾ ਦੋ ਜਹਾਨਾਂ ਵਿਚ ਚਲਾਇਆ। ਇਹ ਸਭ ਦਾਤਾਂ ਦੀ ਦੇਣ ਵਾਲੀ ਗੁਰੂ ਨਾਨਕ ਦੀ ਕ੍ਰਿਪਾ ਹੈ ਤੇ ਫਤਹਿ ਸ਼ਹਿਨਸ਼ਾਹ ਗੁਰੂ ਗੋਬਿੰਦ ਸਿੰਘ ਦੀ ਹੈ':-

ਸਿੱਕਾ ਜ਼ਦ ਬਰ ਹਰ ਦੋ ਆਲਮ ਤੇਗੋ ਨਾਨਕ ਸਾਹਿਬ ਅਸਤ॥
ਫਤਹਿ ਗੋਬਿੰਦ ਸਿੰਘ ਸ਼ਾਹਿ-ਸ਼ਾਹਿਨ ਫਜ਼ਲਿ ਸਚਾ ਸਾਹਿਬ ਅਸਤ॥[2]

ਸਰਕਾਰੀ ਮੋਹਰ ਤੇ ਵੀ ਐਸੇ ਸ਼ਬਦ ਉਕਰੇ ਸਨ, ਜਿਹਨਾਂ ਦਾ ਭਾਵ ਸੀ ਕਿ ਦੇਗ਼ ਤੇਗ਼ ਫ਼ਤਹਿ ਤੇ ਸਦਾ ਬਰਕਤਾਂ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਕੋਲੋ ਪ੍ਰਾਪਤ ਹੋਈਆਂ ਹਨ:-

ਦੇਗੋ ਤੇਗੋ ਫਤਹ ਨੁਸਰਤ ਬੇਦਰੰਗ॥
ਯਾਫਤਜ਼ ਨਨਕ ਗੁਰੂ ਗੋਬਿੰਦ ਸਿੰਘ॥[3]

---

1- ਸ਼ਾਨ, ਡਾ: ਹਰਨਾਮ ਸਿੰਘ, ਸਿੱਖੀ ਵਿਚ ਮੀਰੀ ਤੇ ਪੀਰੀ ਦੀ ਪਰੰਪਰਾ, (4-5 ਮਈ 1975 ਨੂੰ ਗੁਰੂ ਗੋਬਿੰਦ ਸਿੰਘ ਫਾਉਂਡੇਸ਼ਨ ਵਲੋਂ ਪਾਉਂਟਾ ਸਾਹਿਬ ਵਿਖੇ ਹੋਏ ਸੈਮੀਨਾਰ ਵਿਚ ਪੜਿਆ ਗਿਆ ਖੋਜ ਪੱਤਰ।)

2- Khushwant Singh, A History of Sikhs(Vol I),P-107

3- Ibid-P 107

ਬਾਬਾ ਬੰਦਾ ਸਿੰਘ ਬਹਾਦਰ ਦੀ ਸਰਕਾਰੀ ਮੋਹਰ ਉਤੇ ਉਕਰੇ ਇਹੀ ਸ਼ਬਦ ਆਉਣ ਵਾਲੇ ਸਮੇਂ ਵਿਚ ਸਿੱਖ ਸਿੱਕੇ ਅਤੇ ਸਰਕਾਰੀ ਮੋਹਰਾਂ ਲਈ ਇਕ ਮਾਡਲ ਬਣ ਗਏ।[1] ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਸਮੇਂ 1765 ਈ. ਵਿਚ ਜਿਹੜਾ ਨਾਨਕਸ਼ਾਹੀ ਸਿੱਕਾ ਚਲਾਇਆ ਉਸ ਉਤੇ ਵੀ ਇਹੋ ਇਬਾਰਤ ਉਕਰੀ ਹੋਈ ਸੀ।[2]

ਗੁਰੂ ਸਾਹਿਬਾਨ ਦੀ ਬਾਣੀ, ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਭਗਤਾਂ ਤੇ ਭੱਟਾਂ ਦੀ ਬਾਣੀ, ਗੁਰੂ ਪਰੰਪਰਾ ਨਾਲ ਜੁੜੇ ਹੋਰ ਵਿਦਵਾਨਾਂ ਤੇ ਕਵੀਆਂ ਦੀਆਂ ਰਚਨਾਵਾਂ ਅਤੇ ਸਿੱਖ ਇਤਿਹਾਸਕ ਲਿਖਤਾਂ ਅਨੁਸਾਰ ਸਿੱਖ ਮਤ ਵਿਚ ਧਰਮ ਅਤੇ ਰਾਜ ਮੁੱਢ ਤੋਂ ਹੀ ਇਕ ਦੂਜੇ ਦੇ ਪੂਰਕ ਤੇ ਸਹਾਇਕ ਦੇ ਰੂਪ ਵਿਚ ਨਾਲ ਨਾਲ ਚਲਦੇ ਹਨ। ਧਰਮ ਅਤੇ ਰਾਜ ਵਿਚਕਾਰ ਕਿਸੇ ਕਿਸਮ ਦਾ ਵਿਰੋਧ ਜਾਂ ਤਨਾਅ ਨਹੀਂ। ਇਸੇ ਲਈ ਗੁਰੂ ਪਰੰਪਰਾ ਆਪਣੇ ਸਮਕਾਲੀ ਧਰਮ ਤੋਂ ਸਖਣੇ ਰਾਜ, ਬਾਰੇ ਪੂਰੀ ਤਰ੍ਹਾਂ ਜਾਗਰੂਕਤਾ ਦਾ ਪ੍ਰਗਟਾਵਾ ਕਰਦਿਆਂ ਆਪਣੇ ਪ੍ਰਤੀਕਰਮ ਨੂੰ ਬਾਣੀ ਰੂਪ ਵਿਚ ਅੰਕਿਤ ਕਰਦੀ ਹੈ ਅਤੇ ਲੋੜ ਪੈਣ ਤੇ ਹਥਿਆਰਬੰਦ ਸੰਘਰਸ਼ ਦੀ ਅਗਵਾਈ ਕਰਦੀ ਹੈ। ਗੁਰੂ ਹਰਗੋਬਿੰਦ ਸਾਹਿਬ ਨੇ ਮੀਰੀ-ਪੀਰੀ ਦੇ ਇਸ ਸਿਧਾਂਤ ਨੂੰ ਸੰਸਥਾਤਮਕ ਰੂਪ ਦੇਣ ਵਿਚ ਬਹੁਤ ਵੱਡਾ ਹਿੱਸਾ ਪਾਇਆ ਹੈ। ਗੁਰਗਦੀ ਧਾਰਣ ਕਰਨ ਸਮੇਂ ਮੀਰੀ ਪੀਰੀ ਦੀਆਂ ਦੋ ਕਿਰਪਾਨਾਂ ਪਹਿਨ ਕੇ, ਗੁਰੂ ਹਰਗੋਬਿੰਦ ਸਾਹਿਬ ਨੇ ਧਰਮ ਤੇ ਰਾਜ ਦੇ ਸੁਮੇਲ ਦੇ ਸਿਧਾਂਤ ਨੂੰ ਮੀਰੀ-ਪੀਰੀ ਦੇ ਸਿਧਾਂਤ ਦੇ ਰੂਪ ਵਿਚ ਸਿੱਖ ਮਤ ਦਾ ਬਾਕਾਇਦਾ ਹਿੱਸਾ ਬਣਾ ਦਿੱਤਾ। ਗੁਰੂ ਹਰਗੋਬਿੰਦ ਸਾਹਿਬ ਦੇ ਸਮੇਂ ਤੋਂ ਹੀ ਸਿੱਖ ਗੁਰੂ ਸਾਹਿਬਾਨ ਦੇ ਲਿਬਾਸ ਤੇ ਰਹਿਣੀ-ਬਹਿਣੀ ਅਤੇ ਸਿੱਖ ਸਮਾਜ ਦੀ ਬਣਤਰ ਤੇ ਵਿਹਾਰ ਵਿਚ ਬਦਲਾਵ ਨਜ਼ਰ ਆਉਣ ਲਗ ਪਿਆ। ਇਹ ਕਿਹਾ ਜਾ ਸਕਦਾ ਹੈ ਕਿ ਸਿੱਖ ਸਮਾਜ ਪੂਰੀ ਤਰ੍ਹਾਂ ਸੰਗਠਿਤ ਹੋ ਕੇ ਧਰਮ ਦੇ ਨਾਲ ਨਾਲ ਇਕ ਰਾਜਨੀਤਕ ਇਕਾਈ ਬਣਨ ਦੀ ਰਾਹ ਤੇ ਤੁਰ ਪਿਆ।

---

1- Khushwant Singh, A History of Sikhs (Vol I), P-107

2- ਨਾਭਾ, ਕਾਨ੍ਹ ਸਿੰਘ (ਭਾਈ) ; ਮਹਾਨ ਕੋਸ਼, ਪੰਨਾ 192

ਸਿੱਖ ਪਰੰਪਰਾ ਵਿਚ ਧਰਮ ਤੇ ਰਾਜ ਦੇ ਸੰਜੋਗ ਦੀ ਵਿਆਖਿਆ ਤੋਂ ਬਾਅਦ ਅਸੀਂ ਇਥੇ ਹੋਰ ਧਰਮਾਂ ਵਿਚ ਧਰਮ ਤੇ ਰਾਜ ਵਿਚਲੇ ਸੰਬੰਧਾਂ ਦੇ ਸਿਧਾਂਤਾਂ ਤੇ ਵਿਚਾਰ ਕਰਨ ਦੀ ਲੋੜ ਮਹਿਸੂਸ ਕਰਦੇ ਹਾਂ। ਇਸੇ ਲਈ ਅਸੀਂ ਈਸਾਈਅਤ, ਇਸਲਾਮ ਅਤੇ ਪੁਰਾਤਨ ਭਾਰਤੀ ਪਰੰਪਰਾ ਵਿਚ ਧਰਮ ਤੇ ਰਾਜ ਦੇ ਸੰਬੰਧਾਂ ਦੇ ਵਖਰੇ ਵਖਰੇ ਸਿਧਾਂਤਾਂ ਦੀ ਵਿਆਖਿਆ ਕਰਾਂਗੇ ਅਤੇ ਉਹਨਾਂ ਦੀ ਤੁਲਨਾ ਵਿਚ ਸਿੱਖ ਸਿਧਾਂਤ ਨੂੰ ਸਮਝਣ ਦੀ ਕੋਸ਼ਿਸ਼ ਕਰਾਂਗੇ। ਧਰਮ ਅਤੇ ਰਾਜ ਦੇ ਸੁਮੇਲ ਦੇ ਸਿੱਖ ਸਿਧਾਂਤ ਦੀ ਆਪਣੀ ਵਖਰੀ ਹੋਂਦ ਹੈ ਪਰ ਫਿਰ ਵੀ ਹੋਰ ਧਰਮਾਂ ਵਿਚ ਮੌਜੂਦ ਸਿਧਾਂਤਾਂ ਦੀ ਵਿਆਖਿਆ ਕਰਨਾ ਅਤੇ ਤੁਲਨਾਤਮਕ ਦ੍ਰਿਸ਼ਟੀ ਨਾਲ ਸਿਖ ਸਿਧਾਂਤ ਨੂੰ ਆਂਕਣਾ ਜ਼ਰੂਰੀ ਹੈ।

ਈਸਾਈਅਤ ਵਿਚ ਧਰਮ ਅਤੇ ਰਾਜ:

ਈਸਾਈਅਤ ਵਿਚ ਮੁੱਢ ਤੋਂ ਹੀ ਰਾਜ-ਸ਼ਕਤੀ ਤੇ ਚਰਚ ਵਿਚਕਾਰਲੇ ਸਬੰਧ ਚਰਚਾ ਦਾ ਵਿਸ਼ਾ ਰਹੇ ਹਨ। ਆਪਣੀ ਹੋਂਦ ਦੀਆਂ ਪਹਿਲੀਆਂ ਤਿੰਨ ਸ਼ਤਾਬਦੀਆਂ ਵਿਚ ਹੀ ਈਸਾਈਅਤ ਨੇ ਸਮਾਜ ਨੂੰ ਅਸਚਰਜਤਾਜਨਕ ਹੱਦ ਤੱਕ ਪ੍ਰਭਾਵਤ ਕੀਤਾ ਅਤੇ ਉਸ ਦਾ ਪ੍ਰਭਾਵ ਪੂਰੇ ਰੋਮਨ ਸੰਸਾਰ ਤੇ ਛਾ ਗਿਆ।[1] ਚੌਥੀ ਸਦੀ ਵਿਚ ਈਸਾਈਅਤ ਨੂੰ ਰੋਮਨ-ਰਾਜ ਦੇ ਰਾਜ-ਧਰਮ

---

1- "The Growth of Chirstianity during the first three centuries of its existence is from every point of view an astonishing phenomenon. Originating in an obscure region of the Empire, among a despised and persecuted people, the creed and ritual of the Chirstains had become by the beginning of the fourth century the religion of the most influential classes of the Roman World."
-Dunning, William Archibald, 'A History of Political Theories Ancient and Medieval, P-132

ਦਾ ਦਰਜਾ ਮਿਲ ਗਿਆ ਅਤੇ ਰਾਜ ਸ਼ਕਤੀ ਤੇ ਚਰਚ ਵਿਚਲਾ ਅਧਿਕਾਰ ਖੇਤਰਾਂ ਦੀ ਵੰਡ ਦਾ ਦਵੰਦ ਸ਼ੁਰੂ ਹੋ ਗਿਆ। ਅਸਲ ਵਿਚ ਚਰਚ ਨੇ ਧਰਮ ਦੇ ਨਾਲ ਅਰਧ-ਰਾਜਨੀਤਕ ਸੰਸਥਾ ਦਾ ਰੂਪ ਗ੍ਰਹਿਣ ਕਰ ਲਿਆ।[1] ਪ੍ਰਮੁੱਖ ਰਾਜਨੀਤਕ ਵਿਚਾਰਕ ਡਨਿੰਗ ਅਨੁਸਾਰ ਰੋਮਨ ਰਾਜ ਦੇ ਰਾਜ-ਧਰਮ ਬਣਨ ਤੋ ਬਾਅਦ ਚੰਗੇ-ਬੁਰੇ ਲਈ ਕੁਝ ਵੀ ਕਿਹਾ ਜਾਵੇ ਚਰਚ ਰਾਜਨੀਤੀ ਵਿਚ ਆ ਚੁੱਕਾ ਸੀ।[2]

---

1- "When, in the fourth century, Chirstianity become the official creed of the Roman state, the general tone of the writers who treated of doctrinal matters was that of Jesus and the apostles. Humility, political indifferentism and other worldliness were dominant. But by this time the church had become a huge social, quasi-political institution."
-Dunning, William Archibald, 'A History of Political Theories-Ancient and Medieval, P-155.

2- "After Christianity became the state religion many circumstances conspired to hasten the complete and precise adjustment of the ecclesiastical organization. But the decisive authority in questions touching this matter was, under the new conditions, the Emperor. Councils of the church passed upon questions of creed and of organization, but it remained with the imperial authorities to confirm and execute the anathemas against recurring heresy or the decisions as to conflicting claims of power and precedence. For good or for ovil the church was in politics ."
-Dunning, William Archibald, 'A History of Political Theories Ancient and Medieval, P-133

ਈਸਾਈਅਤ ਦੇ ਬਾਨੀ ਈਸਾ ਨੇ ਪਹਿਲੀ ਵਾਰ ਰਾਜ ਤੇ ਚਰਚ ਦੀਆਂ ਸੀਮਾਵਾਂ ਅਤੇ ਅਧਿਕਾਰ ਖੇਤਰ ਵਿਚ ਇਕ ਸੰਤੁਲਨ ਲਿਆਉਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਦਾ ਇਹ ਮਹਾਨ ਵਾਕ ਹਮੇਸ਼ਾਂ ਈਸਾਈਅਤ ਵਿਚ ਵਿਚਾਰਾਂ ਲਈ ਪ੍ਰੇਰਣਾ-ਸ੍ਰੋਤ ਬਣਿਆ ਰਿਹਾ -"ਸੀਜ਼ਰ ਨੂੰ ਸੀਜ਼ਰ ਦੀਆਂ ਵਸਤੂਆਂ ਦਿਉ ਅਤੇ ਈਸ਼ਵਰ ਨੂੰ ਈਸ਼ਵਰ ਦੀਆਂ ਵਸਤੂਆਂ ਦਿਉ।"[1] ਈਸਾ ਦੇ ਇਸ ਉਪਦੇਸ਼ ਨੇ ਜਿਥੇ ਇਕ ਸੰਤੁਲਨ ਪੈਦਾ ਕਰਨ ਦੀ ਭੂਮਿਕਾ ਨਿਭਾਈ ਉਥੇ ਹੀ ਮਨੁੱਖ ਦੀਆਂ ਨਿਸ਼ਠਾਵਾਂ ਦਾ ਵਿਭਾਜਨ ਵੀ ਕੀਤਾ। ਸੇਂਟ ਪਾਲ ਨੇ ਨਵੇਂ ਟੈਸਟਾਮੈਂਟ ਵਿਚ ਇਕ ਮਹੱਤਵਪੂਰਨ ਰਾਜਨੀਤਕ ਵਿਆਖਿਆ ਪ੍ਰਸਤੁਤ ਕੀਤੀ। ਉਹਨਾਂ ਅਨੁਸਾਰ ਸਾਰੀ ਸ਼ਕਤੀਆਂ ਦਾ ਸ੍ਰੋਤ ਰਬ ਹੈ ਅਤੇ ਮਨੁੱਖ ਨੂੰ ਆਪਣਾ ਆਪ ਉਸ ਮਹਾਨ ਸ਼ਕਤੀ ਨੂੰ ਹੀ ਸਮਰਪਿਤ ਕਰਨਾ ਚਾਹੀਦਾ ਹੈ। ਜਿਹੜਾ ਰੱਬ ਦੀ ਸ਼ਕਤੀ ਦਾ ਵਿਰੋਧ ਕਰੇਗਾ ਉਹ ਨਰਕ ਦਾ ਭਾਗੀ ਹੋਵੇਗਾ। ਦੁਨਿਆਵੀ ਰਾਜੇ ਅਸਲ ਵਿਚ ਰਬ ਦੇ ਮੰਤਰੀ ਹਨ ਅਤੇ ਉਸ ਦੇ ਹੁਕਮ ਵਿਚ ਹੀ ਕੰਮ ਕਰ ਰਹੇ ਹਨ।

- - - - - - - - - - - - - - - - - - - - - - - - - - - - - - - - - - - -

1- The obligation of Chirstains to respect constituted authority had been embedded in Chirstianity even by its founder. When the Pharisees had attempted to entrap Jesus into opposition to the power of Rome, he had uttered the memorable words:

"Render therefore unto caesar the things which are Caesar's, and unto God the things that are God's".

- Sabine, George H, '<u>A History of Political Theory</u>' P-177

ਕਿਉਂਕਿ ਰਾਜੇ ਰੱਬ ਦੇ ਮੰਤਰੀ ਹਨ ਇਸ ਲਈ ਉਹਨਾਂ ਦਾ ਯੋਗ ਹਿੱਸਾ ਉਹਨਾਂ ਨੂੰ ਮਿਲਣਾ ਚਾਹੀਦਾ ਹੈ।[1]

---

1- And St.Paul, in hisletter to the Romans, had written the most influential political pronouncement in the New Testament:

"Let every soul be subject unto the higher powers. For there is no power but of God:the powers that be are ordained of God.Whosoever therefore resisteth the power, resisteth the ordinance of God; and they that resist shall receive to themselves damnation. For rulers are not a terror to good works, but to the evil. Wilt thou then not be afraid of the power? Do that which is good, and thou shalt have praise of the same: For he is the minister of God to thee for good. But if thou do that which is evil, be affraid; for the beareth not thesword in vain: for he is a minister of God, a revenger to excute wrath upon him that doeth evil. Wherefore ye must needs be subject, not only for wrath but also for conscience sake. For this cause pay ye tribute also: for they are God's ministers, attending continually upon this very thing. Render therefore to all their dues: tribute to whom tribute is due;custom to whom custom; fear to whom fear; honour to whom honor."

-Sabine,George H,'A History of Political Theory,P-177

ਰਾਜ ਅਤੇ ਚਰਚ ਵਿਚਲੇ ਸਬੰਧਾਂ ਪ੍ਰਤੀ ਇਕ ਨੀਤੀ ਉਸਾਰਨ ਵਿਚ ਈਸਾਈਅਤ ਦੇ ਤਿੰਨ ਮਹਾਨ ਵਿਦਵਾਨ ਸੰਤਾਂ ਦਾ ਬਹੁਤ ਵੱਡਾ ਹੱਥ ਹੈ। ਇਹਨਾਂ ਸੰਤਾਂ ਨੇ, ਸੈਂਟ ਐਮਬਰੋਸ ਚੌਥੀ ਸ਼ਤਾਬਦੀ ਦੇ ਦੂਜੇ ਅੱਧ ਵਿਚ, ਸੈਂਟ ਅਗਸਤੀਨ ਪੰਜਵੀਂ ਸਤਾਬਦੀ ਦੇ ਅਰੰਭ ਵਿਚ ਅਤੇ ਸੈਂਟ ਗਰੇਗਰੀ ਛੇਵੀਂ ਸ਼ਤਾਬਦੀ ਦੇ ਦੂਜੇ ਅਧ ਵਿਚ, ਚਰਚ ਅਤੇ ਰਾਜ ਦੇ ਆਪਸੀ ਸਬੰਧਾਂ ਦੀ ਵਿਆਖਿਆ ਬੜੇ ਵਿਸਤਾਰ ਨਾਲ ਕੀਤੀ ਹੈ।[1] ਸੈਂਟ ਐਮਬਰੋਸ ਨੇ ਅਧਿਆਤਮਕ ਖੇਤਰ ਵਿਚ ਚਰਚ ਦੀ ਖੁਦਮੁਖਤਿਆਰੀ ਦੀ ਵਕਾਲਤ ਕੀਤੀ। ਅਧਿਆਤਮਕ ਮਾਮਲਿਆਂ ਵਿਚ ਸਾਰੇ ਈਸਾਈ ਚਰਚ ਦੇ ਅਧਿਕਾਰ ਖੇਤਰ ਵਿਚ ਹਨ। ਸਮਰਾਟ ਵੀ ਚਰਚ ਦੇ ਅਧਿਕਾਰ ਖੇਤਰ ਵਿਚ ਹੈ ਕਿਉਂਕਿ ਉਹ ਵੀ ਹੋਰ ਈਸਾਈਆਂ ਦੀ ਤਰ੍ਹਾਂ ਚਰਚ ਦਾ ਪੁੱਤਰ ਹੈ, ਉਹ ਚਰਚ ਵਿਚ ਹੀ ਹੈ ਉਸ ਤੋਂ ਉਪਰ ਨਹੀਂ। ਸੈਂਟ ਐਮਬਰੋਸ ਨੇ ਫਿਰ ਸਪਸ਼ਟ ਕੀਤਾ ਕਿ ਮਹਲ ਸਮਰਾਟ ਦੇ ਹਨ ਅਤੇ ਚਰਚ ਬਿਸ਼ਪ ਦੇ। ਉਸ ਅਨੁਸਾਰ ਇਸ ਵਿਚ ਕੋਈ ਸ਼ੱਕ ਨਹੀਂ ਸਾਰੀ ਦੁਨਿਆਵੀ ਸੰਪਤੀ ਚਰਚ ਦੀ ਜ਼ਮੀਨ ਸਮੇਤ ਸਮਰਾਟ ਦੇ ਅਧਿਕਾਰ ਵਿਚ ਹੈ ਪਰ ਚਰਚ ਦੀ ਬਿਲਡਿੰਗ ਕਿਉਂਕਿ ਅਧਿਆਤਮਕ ਖੇਤਰ ਨੂੰ ਸਮਰਪਿਤ ਹੈ ਇਸ ਲਈ ਸਮਰਾਟ ਉਸ ਨੂੰ ਹੱਥ ਵੀ ਨਹੀਂ ਲਾ ਸਕਦਾ।[2]

- - - - - - - - - - - - - - - - - - - - - - - - - - - - - - - - - - -

1- Sabine, George H, 'A History of Political Theory', P-182

2- "St. Ambrose was especially notable for his strong statement of the autonomy of the church in spiritual matters. There is no reason to think that in this respect he differed from other Christians of his time, but his outspoken statement of the principle and his courageous adherence to it in the face of opposition made him an authority to whom Christian writers returned in all later controversies where the point arose. Thus he clearly asserted that in

Continue- - -

ਸੰਤ ਅਗਸਤੀਨ ਅਨੁਸਾਰ ਮਨੁੱਖੀ ਸੁਭਾ ਦੋ-ਪੱਖੀ ਹੁੰਦਾ ਹੈ - ਉਹ ਆਤਮਾ ਹੈ ਅਤੇ ਸਰੀਰ ਹੇ ਅਤੇ ਇਸ ਲਈ ਉਹ ਇਕੋ ਸਮੇਂ ਇਸ ਲੋਕ ਦਾ ਨਾਗਰਿਕ ਅਤੇ ਪਰਲੋਕ ਦਾ ਨਾਗਰਿਕ ਹੁੰਦਾ ਹੈ। ਮਨੁੱਖੀ ਜੀਵਨ ਦਾ ਬੁਨਿਆਦੀ ਸੱਚ ਉਸਦੀ ਰੁਚੀਆਂ ਵਿਚ ਸਰੀਰ ਸਬੰਧੀ ਦੁਨਿਆਵੀ ਅਤੇ ਆਤਮਾ ਸਬੰਧੀ ਦੂਜੀ ਦੁਨੀਆਂ ਵਿਚਕਾਰ ਵੰਡ ਹੈ। ਇਹ ਲੌਕਿਕ ਤੇ ਪਾਰਲੌਕਿਕ ਦੁਨੀਆਂ ਦੀ ਭਿੰਨਤਾ ਹੀ ਨੈਤਿਕਤਾ ਅਤੇ ਰਾਜ ਨੀਤੀ ਸਬੰਧੀ ਈਸਾਈ ਵਿਚਾਰ-ਧਾਰਾ ਦਾ ਮੁੱਢ ਹੈ। ਸੰਤ ਅਗਸਤੀਨ ਅਨੁਸਾਰ ਇਕ ਪਾਸੇ ਦੁਨਿਆਵੀ ਰਾਜ ਹੈ ਜਿਹੜਾ ਮਨੁੱਖ ਦੀ

- - - - - - - - - - - - - - - - - - - - - - - - - - - - - - - - - - - - - - -

Foot Note Continue- - -

spiritual matters the church has jurisdinction over all Christians, the emperor included for the emperor like every other Christian is a son of the church; he is within the church, not above it. - - - - -In yet another case, he steadfastly refused to surrender a church for the use of Arians upon order of the Emperor Valentinian."The palaces belong to the Emperor the Churches to the Bishop". He admitted the authority of the emperor over secular property, including the lands of the Church, but church buildings themselves, as being directly dedicated to a spiritual use, he denied the right of the emperor to touch."

-Sabine, George H, A History of Political Theory, P-182

ਦੁਨਿਆਵੀ ਲੋੜਾਂ ਦਾ ਪ੍ਰਤੀਕ ਹੈ ਅਤੇ ਦੂਜੇ ਪਾਸੇ ਰਬੀ ਰਾਜ ਹੈ ਜਿਹੜਾ ਸਵਰਗ ਦੀ ਸ਼ਾਂਤੀ ਅਤੇ ਅਧਿਆਤਮਕ ਮੁਕਤੀ ਲਈ ਯਤਨਸ਼ੀਲ ਹੈ। ਰਬੀ ਰਾਜ ਹੀ ਹਮੇਸ਼ਾਂ ਕਾਇਮ ਰਹਿਣ ਵਾਲਾ ਹੈ ਅਤੇ ਉਸੇ ਵਿਚ ਸ਼ਾਂਤੀ ਸੰਭਵ ਹੈ। ਦੁਨਿਆਵੀ ਰਾਜ ਹਮੇਸ਼ਾਂ ਅਸਥਿਰ ਹੁੰਦੇ ਹਨ, ਖ਼ਤਮ ਹੋ ਜਾਂਦੇ ਹਨ ਅਤੇ ਦੁਨਿਆਵੀ ਰਾਜ ਮਨੁੱਖੀ ਪ੍ਰਕ੍ਰਿਤੀ ਦੇ ਉਸ ਪਹਿਲੂ ਤੇ ਉਸਰੇ ਹੁੰਦੇ ਹਨ ਜਿਹੜੇ ਜੰਗ ਅਤੇ ਪ੍ਰਭੁਤਵ ਸਥਾਪਿਤ ਕਰਨ ਦੇ ਲੋਭ ਵਲ ਪ੍ਰੇਰਿਤ ਕਰਦੇ ਹਨ।[1] ਇਸਤਰ੍ਹਾਂ

---

1- "Man's nature is towfold: he is spirit and body and therefore at once a citizen of this world and of the Heavenly City. The fundamental fact of human life is the division of human life is the division of human interests, the worldly interests that center about the body and the other worldly interests that belong specifically to the soul......St. Augustine, however, made the distinction a key to the understanding of human history, which is and always must be dominated by the contest of two societies. On the one side stands the earthly city, the society that is founded on the earthly, appetitive, and possessive impulses of the lower human nature; on the other stands the City of God, the society that is founded in the hope of heavenly peace and spiritual salvation.......... Only in the Heavenly City is peace possible; only the spiritual kingdom is permanent. Thisthen is Augustine's interpretation of the fall of Rome; all merely earthly kingdoms must pass away for earthly power is naturally mutable and unstable; it is built upon those aspect of

continue----

ਅਗਸਤੀਨ ਨੇ ਨਾ ਸਿਰਫ਼ ਦੁਨਿਆਵੀ ਰਾਜ ਨੂੰ ਰਬੀ ਰਾਜ ਦੀ ਤੁਲਨਾ ਵਿਚ ਤੁੱਛ ਦਸਿਆ ਹੈ ਬਲਕਿ ਗੈਰ ਈਸਾਈ ਦੁਨਿਆਵੀ ਰਾਜਾਂ ਨੂੰ ਸਾਰੇ ਸਮਾਜਕ ਗੁਣਾਂ ਤੋਂ ਸਖਣਾ ਕਰਾਰ ਦਿਤਾ ਹੈ।[1] ਅਗਸਤੀਨ ਤੋਂ ਬਾਅਦ ਸੈਂਟ ਗਰੇਗਰੀ ਨੇ ਆਪਣਾ ਸਾਰਾ ਜ਼ੋਰ ਚਰਚ, ਪਾਦਰੀਆਂ ਅਤੇ ਅਧਿਆਤਮਕ ਖੇਤਰ ਨਾਲ ਜੁੜੀਆਂ ਗਲਾਂ ਤੇ ਦਿੱਤਾ।[2] ਪਰ ਗਰੇਗਰੀ ਨੇ ਜਿਥੇ ਚਰਚ ਨੂੰ ਪ੍ਰਥਮਿਕਤਾ ਦਿਤੀ ਹੈ ਉਥੇ ਉਸ ਨੇ ਦੁਨਿਆਵੀ ਰਾਜ ਦੇ ਮਹੱਤਵ ਨਕਾਰਿਆ ਨਹੀ। ਸੈਂਟ

---

Foot note Continue-----

human nature, which necessarily issue in war and the greed of domination."

-Sabine, George H, '<u>A History of Political Theory</u>', P-184

1- "Augustine thus not only depreciates the earthly state as compared with the state of the future life, but denies to non-Christian earthly states all social virtue."

-Dunning, William Archibald, 'A History of Political Theories' Ancient and Medieval, P-158

2- "Two centuries after Augustine, in the writings of Gregory the Great, "the last of the fathers", we find the same general spirit as in Augustine, with an accentuation of the stress on the church, the priesthood and the things of the spiritual life."

-Dunning, William Archibald, 'A History of Political Theories' Ancient and Medieval, P-158.

ਗਰੇਗਰੀ ਨੇ ਦੁਨਿਆਵੀ ਰਾਜਿਆਂ ਪ੍ਰਤੀ ਲੋਕਾਂ ਨੂੰ ਵਫ਼ਾਦਾਰ ਰਹਿਣ ਦਾ ਉਪਦੇਸ਼ ਵੀ ਦਿੱਤਾ ਅਤੇ ਪਹਿਲੀ ਵਾਰ ਚਰਚ ਦੇ ਨੁਮਾਇੰਦੇ ਦੇ ਰੂਪ ਵਿਚ ਰਾਜੇ ਦੇ ਅਧਿਕਾਰਾਂ ਨੂੰ ਕਿਸੇ ਹਦ ਤਕ ਮਾਨਤਾ ਦਿਤੀ।[1] ਅਸਲ ਵਿਚ ਚਰਚ ਦੇ ਇਹਨਾਂ ਸੰਤਾਂ ਨੇ ਰਾਜ ਨੂੰ ਇਕ ਆਵਸ਼ਕ ਬੁਰਾਈ ਮੰਨਿਆ ਹੈ ਅਤੇ ਇਸ ਲਈ ਚਰਚ ਤੋਂ ਨੀਵਾਂ ਦਰਜਾ ਦਿੱਤਾ ਹੈ। ਇਹ ਦ੍ਰਿਸ਼ਟੀਕੋਣ ਚਰਚ ਦੀ ਤੁਲਨਾ ਵਿਚ ਰਾਜ ਦੀ ਮਹੱਤਤਾ ਨੂੰ ਜਾਣ ਬੁਝ ਕੇ ਘਟਾਉਣ ਲਈ ਅਪਨਾਇਆ ਗਿਆ ਤਾਂ ਕਿ ਰਾਜ ਨੂੰ ਚਰਚ ਦੀ ਅਧੀਨਗੀ ਹੇਠਾਂ ਲਿਆਇਆ ਜਾਵੇ ਅਤੇ ਇਸ ਲਈ ਮਧਕਾਲ ਵਿਚ ਉਚੇਰੇ ਯਤਨ ਵੀ ਕੀਤੇ ਗਏ। ਚਰਚ ਦੇ ਇਹਨਾਂ ਮਹਾਨ ਆਗੂਆਂ ਨੇ ਚਰਚ ਨੂੰ ਕੁਝ ਐਸੇ ਅਧਿਕਾਰਾਂ ਦਾ ਮਾਲਕ ਦਸਿਆ ਜਿਹੜੇ ਸਮਰਾਟ ਦੇ ਅਧਿਕਾਰਾਂ ਤੋਂ ਵੀ ਉਚੇ ਹਨ ਅਤੇ ਸੰਸਾਰਕ ਸੱਤਾ ਦਾ ਉਹਨਾਂ ਅਧਿਕਾਰਾਂ ਵਿਚ ਕੋਈ ਦਖਲ ਨਹੀਂ ਹੈ। ਇਸ ਪ੍ਰਕਾਰ ਰਾਜ ਸੱਤਾ ਤੇ ਚਰਚ ਵਿਚਕਾਰ ਇਕ ਲੰਮੀ ਲੜਾਈ ਛਿੜ ਗਈ ਜਿਸ ਨੇ ਸਾਰੇ ਮਧਕਾਲੀਨ

---

1- "Yet Gregory is the only one of the Fathers who speaks of the sanctity of political rule in language that suggests a duty of passive obedience. It seems to be Gregory's view that a wicked ruler is entitled not only to obedience- which would probably have been conceded by any Christian writer - but even to silent and passive obedience, an opinion not stated with equal force by any other Father of the church."
-Sabine, George H, 'A History of Political Theory' P-187

ਰਾਜਨੀਤਕ ਵਿਚਾਰਧਾਰਾ ਨੂੰ ਆਪਣੇ ਰੰਗ ਵਿਚ ਰੰਗ ਲਿਆ।[1]

ਰਾਜ ਸ਼ਕਤੀ ਤੇ ਚਰਚ ਨੂੰ ਦੋ ਕਿਰਪਾਨਾਂ ਰਾਹੀਂ ਦਰਸਾਉਣ ਦੀ ਪ੍ਰਥਾ ਵੀ ਈਸਾਈਅਤ ਵਿਚ ਰਹੀ ਹੈ। ਪੰਜਵੀਂ ਸ਼ਤਾਬਦੀ ਦੇ ਅੰਤ ਵਿਚ ਪੋਪ ਜਲੇਸੀਅਸ ਪਹਿਲੇ ਨੇ

---

1- "To the Church Fathers, the government was a sort of a necessary evil and, therefore, something inferior to the church. This attitude towards the state was calculated to minimise the importance of the state inrelations to the church and thereby, to pave the way for thesubjection of the state to the church, for which a deliberate and sustained effort was made in the Middle Ages by the Papacy which began to claim and Some times exercise rights and privileges even superior to those of the empire. The Church Fathers, like good partisans, always maintained that the church held certain rights which were above secular interference or control. There began, therefore, a sharp quarrel between ecclesiastical and political authorities, the Church Fathers like St. Ambrose and others trying to weaken the latter in favour of the former. This duel between the Church and the state gave its characteristic colouring to mediaeval political thought."
-Bhandari, D.R. '<u>History of European Political Philosophy</u>', P-73.

ਦੋ ਕਿਰਪਾਨਾਂ ਦੇ ਸਿਧਾਂਤ ਨੂੰ ਮਾਨਤਾ ਪ੍ਰਦਾਨ ਕੀਤੀ।[1] ਇਸ ਸਿਧਾਂਤ ਅਨੁਸਾਰ ਅਧਿਆਤਮਕ ਅਤੇ ਸਿਧਾਂਤਕ ਮਾਮਲਿਆਂ ਵਿਚ ਸਮਰਾਟ ਨੂੰ ਚਰਚ ਦੀ ਇੱਛਾ ਅਧੀਨ ਰਹਿਣਾ ਚਾਹੀਦਾ ਹੈ ਅਤੇ ਉਸ ਨੂੰ ਇਕ ਸਿਖਿਆਰਥੀ ਦੇ ਰੂਪ ਵਿਚ ਵਿਚਰਨਾ ਚਾਹੀਦਾ ਹੈ ਨਾ ਕਿ ਸਿਖਿਆ ਦੇਣ ਵਾਲੇ ਦੇ ਰੂਪ ਵਿਚ। ਚਰਚ ਦਾ ਆਪਣੇ ਹੁਕਮਰਾਨਾਂ ਤੇ ਅਧਿਕਾਰੀਆਂ ਦੇ ਰਾਹੀਂ ਅਧਿਆਤਮਕ ਖੇਤਰ ਤੇ ਪੂਰਣ ਅਧਿਕਾਰ ਹੋਣਾ ਚਾਹੀਦਾ ਹੈ ਕਿਉਂਕਿ ਇਸ ਅਧਿਕਾਰ ਬਿਨਾਂ ਚਰਚ ਆਜ਼ਾਦ ਅਤੇ ਖੁਦਮੁਖਤਿਆਰ ਸੰਸਥਾ ਨਹੀਂ ਬਣ ਸਕਦਾ।[2]

ਪੋਪ ਜਲੇਸ਼ੀਅਸ ਨੇ ਧਰਮ ਅਤੇ ਰਾਜ ਦੇ ਸੰਬੰਧ ਨੂੰ ਕਾਫ਼ੀ ਸਪੱਸ਼ਟ ਕਰਨ ਦੀ ਕੋਸ਼ਿਸ਼ ਕੀਤੀ। ਉਸ ਦੇ ਵਿਚਾਰ ਅਨੁਸਾਰ ਕਰਾਇਸਟ ਆਪ ਬਾਦਸ਼ਾਹ ਤੇ ਧਰਮ ਪ੍ਰਚਾਰਕ ਦੋਵੇਂ ਸੀ ਪਰ ਮਨੁੱਖ ਦੀਆਂ ਕਮਜ਼ੋਰੀਆਂ ਤੇ ਕਮੀਆਂ ਨੂੰ ਧਿਆਨ ਵਿਚ ਰਖਦਿਆਂ ਉਸ ਨੇ ਦੋ ਵਿਭਾਗ ਕਰ ਦਿੱਤੇ। ਪਹਿਲਾ ਅਧਿਆਤਮਕ ਸ਼ਕਤੀ ਦਾ, ਜਿਸ ਦਾ ਉਦੇਸ਼ ਮਨੁੱਖ ਦਾ ਨੈਤਿਕ ਅਤੇ ਧਾਰਮਿਕ ਕਲਿਆਣ ਹੈ ਅਤੇ ਦੂਜਾ ਸੰਸਾਰਕ ਸ਼ਕਤੀ ਦਾ, ਜਿਸ ਦਾ ਕਾਰਜਖੇਤਰ

---

1- "This conception isoften spoken of as the doctrine of the two swords, or two authorities, which received authoritative statement at the close of the fifth century by Pope Gelasius I."
-Sabine, George H, '<u>A History of Political Theory</u>', P-188

2- "In doctrinal matters the emperor must subordinate his will to the clergy and must learn rather than presume to teach. It follows that the church, through its own rulers and officials, must, have jurisdiction over all ecclesiastics, for obviously in no other way can it be an independent and self-governing institution."
-Sabine, George H, 'A History of Political Theory', P-188

ਮਨੁਖ ਦੀ ਦੁਨਿਆਵੀ ਤੇ ਸਮਾਜੀ ਭਲਾਈ ਕਰਨਾ ਹੈ। ਇਨ੍ਹਾਂ ਦੋਹਾਂ ਸ਼ਕਤੀਆਂ ਦਾ ਸੋਮਾ ਈਸ਼੍ਵਰ ਹੈ - ਉਥੋਂ ਹੀ ਇਹ ਸ਼ਕਤੀ ਪ੍ਰਾਪਤ ਕਰਦੇ ਹਨ। ਦੋਵੇਂ ਆਜ਼ਾਦ ਹਨ ਤੇ ਆਪਣੇ ਖੇਤਰ ਵਿਚ ਸਰਬਉਚ ਹਨ, ਚਰਚ ਧਰਮ ਦੇ ਮਾਮਲੇ ਵਿਚ ਤੇ ਰਾਜ ਰਾਜਨੀਤਕ ਖੇਤਰ ਵਿਚ।[1]

ਅਸਲ ਵਿਚ ਚਰਚ ਤੇ ਰਾਜ ਵਿਚਲਾ ਸੰਘਰਸ਼ 9ਵੀਂ ਸਦੀ ਤਕ ਇਕ ਠੰਡੀ ਜੰਗ ਦੀ ਤਰ੍ਹਾਂ ਚਲਦਾ ਰਿਹਾ ਅਤੇ ਇਸ ਤੋਂ ਬਾਅਦ ਇਹ ਦਵੰਦ ਉਭਰ ਕੇ ਸਾਹਮਣੇ ਆਉਣਾ ਸ਼ੁਰੂ ਹੋ ਗਿਆ। ਦੋਹਾਂ ਧਿਰਾਂ ਦੇ ਸਮਰਥਕ ਜਲੇਸ਼ਿਅਸ ਦੇ ਵੱਖ ਵੱਖ ਤੇ 'ਆਜ਼ਾਦ ਅਧਿਕਾਰ ਖੇਤਰ' ਦਾ ਸਿਧਾਂਤ ਤਿਆਗ ਕੇ ਇਕ ਦੂਜੇ ਨੂੰ ਨੀਵਾਂ ਦਿਖਾਉਣ ਤੇ ਇਕ ਦੂਜੇ ਨੂੰ ਆਪਣੇ ਅਧੀਨ ਕਰਨ ਦੀਆਂ ਕੋਸ਼ਿਸ਼ਾਂ ਕਰਨ ਲੱਗੇ। ਚਰਚ ਦੇ ਹਾਮੀਆਂ, ਜਿਨ੍ਹਾਂ ਨੂੰ ਆਮ ਤੌਰ ਤੇ ਪੇਪਲਿਸਟਸ(Papalists ) ਕਰਕੇ ਸਦਿਆ ਜਾਂਦਾ ਸੀ, ਲੈਕਿਹਾ ਕਿ ਚਰਚ ਦੀ

- - - - - - - - - - - - - - - - - - - - - - - - - - - - -

1- "Chirst himself wasking and Priest, but knowing the sinfulness and weakness of human nature, he divided according to Gelasius, the two offices, assigning to ecclesiastical authority the spiritual and religious welfare of man, and to political authority the care and administration of temporal matters. Both ecclesiastical and political power derive their authority from God; each is independent and therefore supreme inits own sphere, the Church in religious matters and the State in Political affairs."
-Ebenstein, William, Great Political Thinkers,P-187

ਸ਼ਕਤੀ ਦਾ ਸਰੋਤ ਰੱਬ ਹੈ। ਉਹ ਰੱਬ ਪਾਸੋਂ ਸਿੱਧੇ ਤੌਰ ਤੇ ਸ਼ਕਤੀ ਪ੍ਰਾਪਤ ਕਰਦਾ ਹੈ ਜਦ ਕਿ ਰਾਜ ਅਪ੍ਰਤੱਖ ਰੂਪ ਵਿਚ ਸ਼ਕਤੀ ਗ੍ਰਹਿਣ ਕਰਦਾ ਹੈ। ਚਰਚ, ਰਾਜ ਅਤੇ ਰੱਬ ਵਿਚਕਾਰ ਵਿਚੋਲਾ ਹੈ।[1] ਦੂਜੇ ਪਾਸੇ ਰਾਜ ਦੇ ਅਤਿਸਮਰਥਕ ਇਸ ਹਦ ਤਕ ਚਲੇ ਗਏ ਕਿ ਰਾਜਾ ਖ਼ੁਦ ਬਿਸ਼ਪ ਤੇ ਪੋਪ ਨਾਲੋਂ ਉਚਾ ਹੈ ਅਤੇ ਰਾਜ ਦੀ ਸ਼ਕਤੀ ਦੁਨਿਆਵੀ ਅਤੇ ਅਧਿਆਤਮਕ ਖੇਤਰ ਦੋਹਾਂ ਵਿਚ ਸਰਬ-ਉਚ ਹੈ।[2]

ਬਾਰਵੀਂ ਸਦੀ ਵਿਚ 'ਜਾਣ ਆਫ਼ ਸਾਲਿਸਬਰੀ' ਚਰਚ ਦਾ ਮੁੱਖ ਹਿਮਾਇਤੀ ਬਣ ਕੇ ਆਇਆ। ਉਸ ਨੇ ਦਸਿਆ ਕਿ ਦੋਵੇਂ ਤਲਵਾਰਾਂ ਦੁਨਿਆਵੀ ਤੇ ਅਧਿਆਤਮਕ ਚਰਚ ਦੀਆਂ ਹਨ। ਪ੍ਰਿੰਸ ਦੁਨਿਆਵੀ ਸ਼ਕਤੀ ਦੀ ਕਿਰਪਾਣ ਚਰਚ ਪਾਸੋਂ ਹਾਸਲ ਕਰਦਾ ਹੈ। ਉਸ ਦੀ ਅਹਿਮੀਅਤ "ਚਰਚ ਦੇ ਮੰਤਰੀ" ਦੀ ਤਰ੍ਹਾਂ ਹੈ। ਚਰਚ ਪਾਸ ਇਹ ਅਧਿਕਾਰ ਹੈ ਕਿ ਉਹ

- - - - - - - - - - - - - - - - - - - - - - - - - - - - - - - - - -

1- "According to the basic papalist theory, the Church held its authority directly from God, whereas the State exercised its authority indirectly, having recieved it from the Church as the intermediary between God and Society."
-Ebenstein, William, Great Political Thinkers, P-188

2- "As the contest between the papalists and the imperialists sharpend, particularly from the eleventh Century on, extreme anti-papalists suggested that the office of the king or emperor was, in itself, higher than that of bishop and pope, and that secular authority was supreme inworldy and spiritual matters."
-Ebenstein, William, Great Political Thinkers, P-189

ਰਾਜੇ ਤੋਂ ਉਸ ਦੇ ਅਧਿਕਾਰ ਖੋਹ ਸਕੇ।[1]

ਸੇਂਟ ਥੋਮਸ ਐਕਵੀਨਸ ਨੇ ਆਪਣੇ ਸਾਰੇ ਵਿਚਾਰਾਂ ਦਾ ਸਾਰ ਦਸਦਿਆਂ ਕਿਹਾ ਕਿ ਰਾਜ ਚਰਚ ਦੇ ਅਧੀਨ ਹੈ ਕਿਉਂਕਿ ਰਾਜ ਦਾ ਕਾਰਜ ਖੇਤਰ ਮਨੁੱਖ ਦੇ ਸੰਸਾਰਕ ਕਲਿਆਣ ਤੱਕ ਸੀਮਤ ਹੈ, ਜਦ ਕਿ ਚਰਚ ਮਨੁੱਖੀ ਜੀਵਨ ਦੇ ਅੰਤਿਮ ਉਦੇਸ਼ ਤੇ ਉਸ ਦੇ ਆਤਮਕ ਕਲਿਆਣ ਨਾਲ ਸੰਬੰਧਤ ਹੈ।[2]

- - - - - - - - - - - - - - - - - - - - - - - - - - - - - - - - - - -

1- John of Salisbury states "that both swords, the meterial and the spiritual, belong to the Church, and that the prince recieves his sword, or authority, from the Church, that he is minister of the priestly Power, and one who exercises that side of the sacred offices which seems unworthy of the hands of the priesthood."

-Ebenstein, William, '<u>Great Political Thinkers</u>' P-191

2- "St.Thomas Aquinas arrives at the conclusion that secular Government is subject to the Church because the former is concerned with intermediate ends where-as the latter is concerned with the ultimate end, the Salvation of Souls."

-Ebenstein, William, '<u>Great Political Thinkers</u>' P-217

ਧਰਮ ਅਤੇ ਰਾਜ ਦੀਆਂ ਸ਼ਕਤੀਆਂ ਵਿਚ ਪਹਿਲਾ ਵੱਡਾ ਸੰਘਰਸ਼ 1076 ਵਿਚ ਹੋਇਆ ਜਦੋਂ ਐਮਪਰਰ ਹੈਨਰੀ ਚੌਥੇ ਨੇ ਪੋਪ ਗਰੈਗਰੀ ਸਤਵੇਂ ਨੂੰ ਗਦੀਉਂ ਲਾਹ ਦਿੱਤਾ। ਪਰ ਥੋੜ੍ਹੇ ਸਮੇਂ ਵਿਚ ਹੀ ਪੋਪ ਹੈਨਰੀ ਚੌਥੇ ਤੋਂ ਰਾਜ ਗੱਦੀ ਖੋਹਣ ਵਿਚ ਕਾਮਯਾਬ ਹੋ ਗਿਆ ਤੇ ਨਾਲ ਹੀ ਪੋਪ ਨੇ ਉਸ ਨੂੰ ਕਰਿਸਚੀਅਨ ਚਰਚ ਦੀ ਮੈਂਬਰੀ ਤੋਂ ਵੀ ਖਾਰਜ ਕਰ ਦਿੱਤਾ।

ਇੰਗਲੈਂਡ ਵਿਚ ਵਿਲੀਅਮ ਪਹਿਲੇ ਦੇ ਸਮੇਂ ਤੋਂ ਹੀ ਚਰਚ ਦੀ ਵਧਦੀ ਸ਼ਕਤੀ ਨੂੰ ਠਲ੍ਹ ਪਾਉਣ ਦੀ ਕੋਸ਼ਿਸ਼ ਸ਼ੁਰੂ ਹੋ ਗਈ। ਉਸ ਨੇ ਪੋਪ ਤੇ ਬਿਸ਼ਪ ਉਤੇ ਇਹ ਪਾਬੰਦੀ ਲਾ ਦਿੱਤੀ ਕਿ ਬਾਦਸ਼ਾਹ ਦੀ ਆਗਿਆ ਤੋਂ ਬਿਨਾਂ ਉਹ ਕਿਸੇ ਵੀ ਤਰ੍ਹਾਂ ਦਾ ਸਿਧਾ ਅਸਰ ਇੰਗਲੈਂਡ ਦੀ ਜਨਤਾ ਤੇ ਨਹੀਂ ਪਾ ਸਕਦੇ। ਰਾਜ ਦੀ ਸ਼ਕਤੀ ਦੀ ਸੰਪ੍ਰਭੁਤਾ ਲਈ ਆਉਣ ਵਾਲੇ ਬਾਦਸ਼ਾਹਾਂ ਨੇ ਵੀ ਕਈ ਵਸੀਲਿਆਂ ਰਾਹੀਂ ਯਤਨ ਕੀਤਾ। ਹੈਨਰੀ ਪਹਿਲੇ ਦਾ ਕੰਪਰੋਮਾਈਜ਼ 1107; ਹੈਨਰੀ ਦੂਜੇ ਦਾ 'ਕਲੈਰਨਡਨ ਦਾ ਸੰਵਿਧਾਨ' 1164, ਐਡਵਰਡ ਪਹਿਲੇ ਦਾ 'ਸਰਕਮਸਪੈਕਟ ਅਗੇਟਿਸ' 1185; ਐਡਵਰਡ ਦੂਜੇ ਦਾ 'ਆਰਟੀਕੁਲੀ ਕਲੇਰੀ' 1316; ਐਡਵਰਡ ਤੀਜੇ ਦਾ 'ਸਟੈਚਯੂਟ ਆਫ਼ ਪ੍ਰੋਵੀਜਰਜ਼' 1351 ਚਰਚ ਅਧਿਕਾਰ ਖੇਤਰ ਨੂੰ ਘਟਾਣ ਤੇ ਰਾਜ ਪ੍ਰਮੁੱਖਤਾ ਦੇਣ ਦੀਆਂ ਕੋਸ਼ਿਸ਼ਾਂ ਵਲ ਪੁਲਾਂਘਾਂ ਸਨ।[1] ਚਰਚ ਦੀ ਰਾਜ ਸੱਤਾ ਹਥਿਆਉਣ ਦੀ ਤੀਬਰ ਇੱਛਾ ਅਤੇ ਸੰਘਰਸ਼ ਨਾਲ ਉਸ ਦੇ ਮਾਣ ਸਤਿਕਾਰ ਨੂੰ ਬਹੁਤ ਵੱਡਾ ਧੱਕਾ ਲੱਗਿਆ। ਜਾਨ ਆਫ਼ ਸਾਲਿਸਬਰੀ ਜੋ ਚਰਚ ਦੇ ਵਧ ਅਧਿਕਾਰਾਂ ਦਾ ਸਮਰਥਕ ਸੀ, ਉਹ ਵੀ ਇਹ ਕਹਿਣ ਤੇ ਮਜਬੂਰ ਹੋ ਗਿਆ ਕਿ ਚਰਚ ਦੇ ਪੋਪ ਅਤੇ ਬਿਸ਼ਪ, ਸੱਤਾ ਦੇ ਭੁੱਖੇ ਹਨ। ਉਸ ਦੇ ਕਥਨ ਅਨੁਸਾਰ ਹੁਣ ਰੋਮਨ ਪੋਪ ਨੂੰ ਵੀ ਲੋਕ ਪਸੰਦ ਨਹੀਂ ਕਰਦੇ। ਜਿਹੜੇ ਚਰਚ ਸ਼ਰਧਾ ਅਤੇ ਪਿਆਰ ਨਾਲ ਉਸਾਰੇ ਗਏ ਸਨ ਸਖਣੇ ਤੇ ਵੀਰਾਨ ਹੋ ਗਏ ਹਨ। ਧਰਮ

---

1- Majoomdar, B.B., '<u>The Rise and Development of the English Constitution</u>', P-121

ਪ੍ਰਚਾਰਕ ਮਾਇਆ ਵਿਚ ਰੱਤੇ ਹਨ, ਆਪਣੇ ਵਾਸਤੇ ਆਲੀਸ਼ਾਨ ਮਹੱਲ ਉਸਾਰ ਰਹੇ ਹਨ; ਵਿਰੋਸ਼ਾ ਦੇ ਫੋਰਿਆਂ ਵਿਚ ਘਲਤ ਹਨ। ਇਹਨਾਂ ਦੇ ਹਥੋਂ ਹਜ਼ਰਤ ਈਸਾ ਦਾ ਚਰਚ ਅਪਵਿਤ੍ਰ ਹੋ ਰਿਹਾ ਹੈ।[1]

ਸੋਲਵੀਂ ਸਤਾਬਦੀ ਵਿਚ ਮਾਰਟਿਨ ਲੂਥਰ ਨੇ ਗੈਰ-ਪਰੰਪਰਾਵਾਦੀ ਵਿਚਾਰਕ ਦੇ ਰੂਪ ਵਿਚ ਧਰਮ ਤੇ ਰਾਜ ਦੇ ਅਧਿਕਾਰ ਖੇਤਰਾਂ ਨੂੰ ਸਪਸ਼ਟ ਤੌਰ ਤੇ ਵਖ ਵਖ ਕਰਨ ਦਾ ਯਤਨ ਕੀਤਾ। ਉਸ ਅਨੁਸਾਰ ਧਰਮ ਮਨੁੱਖੀ ਚੇਤਨਾ ਦਾ ਵਿਅਕਤੀਗਤ ਮਾਮਲਾ ਹੈ ਅਤੇ ਧਰਮ ਨੂੰ ਕਿਸੇ ਸ਼ਕਤੀ ਨਾਲ ਲਾਗੂ ਨਹੀਂ ਕੀਤਾ ਜਾ ਸਕਦਾ।[2] ਧਰਮ ਤੇ ਰਾਜ ਦੇ ਅਧਿਕਾਰ ਖੇਤਰਾਂ ਨੂੰ ਵਖ ਵਖ ਕਰਦਿਆਂ ਮਾਰਟਿਨ ਲੂਥਰ ਨੇ ਕਿਹਾ ਹੈ ਕਿ ਦੋਹਾਂ ਨੂੰ ਅਲਗ ਅਲਗ ਕਰਨਾ ਬਹੁਤ ਜ਼ਰੂਰੀ ਹੈ, ਦੋਹਾਂ ਦੀ ਹੋਂਦ ਰਹਿਣੀ ਚਾਹੀਦੀ ਹੈ, ਇਕ ਰੱਬੀ ਭਗਤੀ ਲਈ ਅਤੇ

---

1- John said,"Even the Roman Pontiff himself is grievous and almost intolerable burden to all; the complaint is everywhere made that while the Churches which were built by the devotion of the fathers are falling into ruin and collapsing, he has built for himself palaces, and walks abroad not merely in purple but in gold. The Palaces of preists dazzle the eye, and meanwhile intheir hand the Church of Christ is defiled."
-Ebenstein,William,'Great Political Thinkers';P-194

2- -Ebenstein,William,'Great Political Thinkers';P-299

ਦੂਜਾ ਬੁਰਾਈ ਰੋਕਣ ਅਤੇ ਸ਼ਾਂਤੀ ਕਾਇਮ ਰਖਣ ਲਈ; ਦੋਵੇਂ ਇਕ ਦੂਜੇ ਬਿਨਾਂ ਪੂਰਣ ਨਹੀਂ।[1]

ਇਸ ਪ੍ਰਕਾਰ ਈਸਾਈਅਤ ਵਿਚ ਮੁਢ ਤੋਂ ਹੀ ਰਾਜ ਅਤੇ ਚਰਚ ਵਿਚ ਸੰਘਰਸ਼ ਤੇ ਤਨਾਅ ਹਮੇਸ਼ਾਂ ਇਕ ਇਤਿਹਾਸਕ ਸਚਾਈ ਦੇ ਰੂਪ ਵਿਚ ਮੌਜੂਦ ਰਿਹਾ ਹੈ। ਕਦੇ ਚਰਚ ਨੇ ਰਾਜ ਸ਼ਕਤੀ ਨੂੰ ਅਪਣੇ ਗਲਬੇ ਥਲੇ ਦਬੀ ਰਖਿਆ ਅਤੇ ਕਦੇ ਰਾਜ ਸ਼ਕਤੀ ਨੇ ਚਰਚ ਨੂੰ ਪੂਰੀ ਤਰ੍ਹਾਂ ਅਧੀਨ ਬਣਾ ਦਿਤਾ। ਇਸ ਵਿਚ ਕੋਈ ਅਤਿਕਥਨੀ ਨਹੀਂ ਕਿ ਈਸਾਈਅਤ ਦਾ ਸਮੁੱਚਾ ਇਤਿਹਾਸ ਚਰਚ ਤੇ ਰਾਜ ਸ਼ਕਤੀ ਦੇ ਦਵੰਦ ਦਾ ਇਤਿਹਾਸ ਹੈ ਅਤੇ ਰਾਜਨੀਤਕ ਦ੍ਰਿਸ਼ਟੀਕੋਣ ਤੋਂ ਰਾਜ-ਵਿਵਸਥਾ ਵਿਚ ਚਰਚ ਦੀ ਹਮੇਸ਼ਾਂ ਹੀ ਮਹੱਤਵਪੂਰਣ ਭੂਮਿਕਾ ਰਹੀ ਹੈ।

## ਇਸਲਾਮ ਵਿਚ ਧਰਮ ਤੇ ਰਾਜ

ਇਸਲਾਮ ਦੇ ਇਤਿਹਾਸ ਵਿਚ ਧਰਮ ਤੇ ਰਾਜ ਵਿਚਲੇ ਸਬੰਧਾਂ ਦਾ ਬਹੁਤ ਮਹੱਤਵ ਰਿਹਾ ਹੈ। ਪੁਰਾਤਨ ਸਮੇਂ ਵਿਚ ਇਸਲਾਮੀ ਸਮਾਜ ਨੇ ਧਰਮ ਤੇ ਰਾਜ ਸ਼ਕਤੀ ਨੂੰ ਇਕ ਵਿਅਕਤੀ ਦੇ ਹਥਾਂ ਵਿਚ ਕੇਂਦ੍ਰਿਤ ਰਖਿਆ। ਇਸਲਾਮ ਦੇ ਬਾਨੀ ਮੁਹੰਮਦ ਸਾਹਿਬ ਇਕੋ ਸਮੇਂ ਰਬ ਦੇ ਭੇਜੇ ਪੈਗੰਬਰ ਸਨ ਅਤੇ ਅਰਬ ਦੇ ਰਾਜੇ ਸਨ ਅਤੇ ਇਸ ਪ੍ਰਕਾਰ ਉਹਨਾਂ ਵਿਚ ਅਧਿਆਤਮਕ ਅਤੇ ਦੁਨਿਆਵੀ, ਦੋਵੇਂ ਸ਼ਕਤੀਆਂ ਕੇਂਦ੍ਰਿਤ ਸਨ, ਉਹ ਈਸਾਈਅਤ ਦੇ ਦ੍ਰਿਸ਼ਟੀਕੋਣ

---

1- "These two kingdoms must be sharply distinguished, and both be permitted to remain; The one to produce piety, the other to bring about external peace, to prevent evil deeds; niether is sufficient in the world without the other."
-Ebenstein, William, '<u>Great Political Thinkers</u>'; P-307

ਤੋਂ ਸੀਜ਼ਰ ਤੇ ਪੋਪ ਦੋਵੇਂ ਸਨ।[1] ਇਸਲਾਮੀ ਸਮਾਜ ਵੀ, ਇਕ ਸਮਾਜਿਕ ਤੇ ਧਾਰਮਿਕ ਸਮੂਹ ਦੇ ਨਾਲ ਨਾਲ ਰਾਜਨੀਤਕ ਗੁਣਾਂ ਵਾਲਾ ਮਜ਼ਬੂਤ ਅਤੇ ਸੰਗਠਿਤ ਸਮਾਜ ਹੈ। 'ਚਰਚ ਤੇ ਰਾਜ' ਇਸਲਾਮੀ ਸਮਾਜ ਵਿਚ ਇਕ ਹੋ ਕੇ ਸਮਾਏ ਹੋਏ ਹਨ।[2]

ਇਸਲਾਮ ਦੇ ਰਾਜਨੀਤਕ ਚਰਿਤਰ ਅਤੇ ਇਸਲਾਮੀ ਸਮਾਜ ਵਿਚ ਰਾਜਨੀਤਕ ਸ਼ਕਤੀ ਦੀ ਮਹੱਤਤਾ ਉਜਾਗਰ ਕਰਨ ਵਾਲਾ ਇਕ ਤੱਥ ਬਹੁਤ ਪ੍ਰਭਾਵਸ਼ਾਲੀ ਅਤੇ ਰੌਚਕ ਹੈ। 'ਇਸਲਾਮਿਕ ਯੁਗ ਦਾ ਪਹਿਲਾ ਸਾਲ, ਮੁਹੰਮਦ ਸਾਹਿਬ ਦੇ ਜਨਮ ਦਾ ਸਾਲ ਨਹੀਂ ਅਤੇ ਨਾਂ ਹੀ ਮੁਹੰਮਦ ਸਾਹਿਬ ਨੂੰ ਰਬੀ ਇਲਹਾਮ ਆਉਣ ਦਾ ਸਾਲ ਹੈ, ਸਗੋਂ ਉਹ ਸਾਲ ਹੈ ਜਦੋਂ ਇਸਲਾਮੀ ਸਮਾਜ ਇਕ ਰਾਜਨੀਤਕ ਸ਼ਕਤੀ ਦੇ ਰੂਪ ਵਿਚ ਉਭਰ ਕੇ ਆਇਆ।

---

1- "InIslam the functions of the priest and the sovereign were concentrated in one and the same person. Mohamed was alike the Prophet of God and the temporal ruler of the Arabs. He thus united in himself the two functions of the king and the spiritual chief. He was, so to speak, Caesar and Pope in one; and this feature of the Islamic sovereignty has continued to the latest times, though indeed with important changes and modifications."
-Bukhsh, S. Khuda, 'Essays: Indian and Islamic', P-25

2- "It is well known that Muslim society has a remarkable solidarity, that the loyalty and cohesion of its members are intense, Many have recognized that the community is not only a social group but a religious body; 'church and state' are one, to use the inappropriate language of the West."
-Smith, Wilfred Cantwell, 'Islam in Modern History,' P-18

ਮੁਹੰਮਦ ਸਾਹਿਬ ਆਪਣੇ ਸਾਥੀਆਂ ਸਮੇਤ ਜਦੋਂ ਮੱਕੇ ਤੋਂ ਮਦੀਨੇ ਚਲੇ ਗਏ ਅਤੇ ਉਥੇ ਜਾ ਕੇ ਖੁਦਮੁਖਤਿਆਰ ਇਸਲਾਮੀ ਸਮਾਜ ਦੀ ਸਥਾਪਨਾ ਕੀਤੀ, ਓਦੋਂ ਤੋਂ ਹੀ ਇਸਲਾਮੀ ਇਤਿਹਾਸ ਸ਼ੁਰੂ ਹੋਇਆ।[1] ਇਕ ਰਾਜਨੀਤਕ ਸੰਗਠਨ ਦੇ ਰੂਪ ਵਿਚ ਇਸਲਾਮੀ ਸਮਾਜ ਦੀ ਸਥਾਪਨਾ ਦੇ ਸਾਲ ਤੋਂ ਇਸਲਾਮੀ ਯੁਗ ਨੂੰ ਸ਼ੁਰੂ ਕਰਨਾ, ਇਸਲਾਮ ਦਾ ਧਰਮ ਦੇ ਨਾਲ ਨਾਲ ਇਕ ਰਾਜਨੀਤਕ ਇਕਾਈ ਹੋਣ ਦਾ ਪ੍ਰਮਾਣ ਹੈ।

ਮੁਹੰਮਦ ਸਾਹਿਬ ਦੇ ਬਾਅਦ - ਇਸਲਾਮ ਦੀ ਬਾਗਡੋਰ ਖਲੀਫਿਆਂ ਦੇ ਹੱਥ ਵਿਚ ਆ ਗਈ ਅਤੇ ਉਹਨਾਂ ਨੇ ਇਸਲਾਮੀ ਪਰੰਪਰਾ ਨੂੰ ਅਗਾਹ ਤੋਰਿਆ। ਮੁਹੰਮਦ ਸਾਹਿਬ ਦੀ ਤਰ੍ਹਾਂ ਖਲੀਫੇ ਵੀ ਅਧਿਆਤਮਕ ਤੇ ਦੁਨਿਆਵੀ ਦੋਵੇਂ ਸ਼ਕਤੀਆਂ ਦੇ ਮਾਲਕ ਸਨ ਅਤੇ ਉਹਨਾਂ ਨੇ ਇਸਲਾਮ ਦੇ ਹਿੱਤ ਨੂੰ ਸਰਵੋਚਤਾ ਦੇਂਦਿਆਂ ਆਪਣੀ ਜ਼ਿੰਮੇਵਾਰੀ ਨੂੰ ਬੜੀ ਦ੍ਰਿੜਤਾ ਨਾਲ ਨਿਭਾਇਆ।[2]

- - - - - - - - - - - - - - - - - - - - - - - - - - - - - - - - - - - -

1- "The year one of this Islamic era-1 A.H.(622 A.D.)-is not the year of Muhammed's birth(as would parallel the christain case, or even that in which the revelations began to come to him, but the year when the nascent Muslim community came to political power. Muhammad and his small body of followers, having shifted from Makkah to Madinah, established themselves as an autonomous community and Islamic history began." -Smith, Wilfred Cantwell, Islam in Modern History, P.15-16

2- "The Caliphs were the true successors of Mohammed in matter spiritual and temporal, and fully justified their position by their single-hearted devotion and loyalty to the cause of Islam. For them no consideration was so supreme and no interest so engrossing as that of Islam." -Bukhsh, S.Khuda, 'Essays: Indian and Islamic', P-26

ਖਲੀਫ਼ਿਆਂ ਦੇ ਇਤਿਹਾਸ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਬਜ਼ੁਰਗ ਕੁਲਪਤੀਆਂ ਦਾ ਕਾਲ, ਉਮਯਾਦ ਜਾਂ ਅਰਬ ਰਈਸਾਂ ਦਾ ਕਾਲ ਅਤੇ ਅੱਬਾਸੀਆਂ ਜਾਂ ਪਰਸੀਅਨ, ਤੁਰਕ ਤੇ ਕੁਰਦ ਰਾਜਿਆਂ ਦਾ ਕਾਲ। ਇਹਨਾਂ ਵਿਚ ਸਭ ਤੋਂ ਮਹੱਤਵਪੂਰਣ ਮੁਹੰਮਦ ਤੋਂ ਫੌਰਨ ਬਾਅਦ ਦਾ ਸਮਾਂ ਅਰਥਾਤ ਪਹਿਲੇ ਚਾਰ ਖਲੀਫੇ-ਅਬੂ ਬਕਰ, ਉਮਰ, ਓਥਮਾਨ ਅਤੇ ਅਲੀ ਦਾ ਸਮਾਂ ਹੈ। ਇਸ ਸਮੇਂ ਵਿਚ ਹੀ ਧਰਮ ਅਤੇ ਜਿੱਤ ਨੇ ਅਰਬ ਦੇਸ ਨੂੰ ਇਕ ਰਖਿਆ।[1] ਪਹਿਲੇ ਚਾਰ ਖਲੀਫ਼ਿਆਂ ਦਾ ਸਮਾਂ ਧਾਰਮਿਕ ਜਾਗਰੂਕਤਾ ਅਤੇ ਰਾਜਨੀਤਕ ਸ਼ਕਤੀ ਦੇ ਦ੍ਰਿੜ ਹੋਣ ਦਾ ਸਮਾਂ ਹੈ ਅਤੇ ਇਹਨਾਂ ਖਲੀਫ਼ਿਆਂ ਨੇ ਦੋਹਾਂ ਖੇਤਰਾਂ ਵਿਚ ਆਪਣਾ ਪੂਰਾ ਅਧਿਕਾਰ ਪਰਪੱਕ ਰਖਿਆ। ਇਹਨਾਂ ਪਹਿਲੇ ਚਾਰ ਖਲੀਫ਼ਿਆਂ ਨੇ ਸਮਾਜ ਦੇ ਵਰਿਸ਼ਠ ਲੋਕਾਂ ਦੀ ਇਕ ਕੌਂਸਲ ਬਣਾਈ ਹੋਈ ਸੀ ਜਿਹੜੀ ਧਾਰਮਕ ਅਤੇ ਦੁਨਿਆਵੀ ਦੋਹਾਂ ਖੇਤਰਾਂ ਦੇ ਕੰਮ ਕਾਜ ਵਿਚ ਸਲਾਹਕਾਰ ਦੇ ਰੂਪ ਵਿਚ ਕਾਰਜਸ਼ੀਲ ਸੀ। ਓਮਯਾਦ ਖਲੀਫ਼ਿਆਂ ਦੇ ਸਮੇਂ ਵਿਚ ਵੀ ਇਹ ਸਲਾਹਕਾਰ ਕੌਂਸਲ ਕਾਇਮ ਰਹੀ ਪਰ ਖਲੀਫ਼ਿਆਂ ਨੇ ਰਾਜਤੰਤ੍ਰੀ ਪ੍ਰਥਾ ਨੂੰ ਅਪਨਾ ਲਿਆ। ਅਖੀਰਲੇ ਅੱਬਾਸੀ ਖਲੀਫਿਆਂ ਵੇਲੇ ਦੁਨਿਆਵੀ ਸ਼ਕਤੀ ਖਲੀਫ਼ਿਆਂ ਦੇ ਨੁਮਾਇੰਦਿਆਂ ਦੇ ਹੱਥਾਂ ਵਿਚ ਚਲੀ ਗਈ

- - - - - - - - - - - - - - - - - - - - - - - - - - - - - - - - -

1- "The history of the Caliphate might be divided into three unequal parts, each, indeed, with strong characteristics of its own: the patriarchal period, the period of the Omayyads or, as it might be called, the rule of the Arab aristocracy and the period of the abbasids, or in other words, the rule of the Persians, the Turks and the Kurds, By the Patriarchal period we mean the Cahphate of Abu Bakr, Omar, Othman and Ali. During this period the strongest tie that united the Arabs wasthat of religion and conquest."
-Bukhsh, S. Khuda, '<u>Essays: Indian and Islamic</u>'-P 26

ਅਤੇ ਭਾਵੇਂ ਸਿਧਾਂਤਕ ਰੂਪ ਵਿਚ ਹੀ ਸਹੀ, ਇਹਨਾਂ ਨੁਮਾਇੰਦਿਆਂ ਦੀ ਹਕੂਮਤ ਨੂੰ ਵੀ ਸਲਾਹ ਦੇਣ ਲਈ ਇਕ ਕੌਂਸਲ ਦੀ ਪ੍ਰਥਾ ਚਲਦੀ ਰਹੀ।[1] ਇਸ ਤਰ੍ਹਾਂ ਖਲੀਫ਼ਿਆਂ ਦੇ ਪੂਰੇ ਇਤਿਹਾਸ ਵਿਚ ਰਾਜ ਸ਼ਕਤੀ ਤੇ ਧਰਮ ਇਕੱਠੇ ਨਾਲ ਨਾਲ ਚਲਦੇ ਰਹੇ ਅਤੇ ਖਲੀਫ਼ੇ ਦੋਹਾਂ ਖੇਤਰਾਂ ਵਿਚ ਆਪਣਾ ਪ੍ਰਭੁਤਵ ਸਥਾਪਿਤ ਰਖਣ ਵਿਚ ਸਮਰਥ ਰਹੇ।

- - - - - - - - - - - - - - - - - - - - - - - - - - - - - - - -

1- "Under the first four Caliphs, secular and religious affairs were conducted by the Caliph, assisted by a Council of Elders consisting of the principal Companions of the Prophet (the sahaba). The tribal chiefs and ordinary citizens often attended the sittings in the Mosque. Under the Umayyads, who held the Caliphate from 661 to 757 A.D. the, semblance of a Council was maintained; but in reality the holder of the dignity was a despotic monarch controlled to some extent by the expounders of the law. Under the Abbasides, the rules enunciated by the Prophet that everything connected with the commonwealth should be transacted in consultation with the people, was more strictly observed. Under the later Abbasides, however, the direction of temporal matters Caliph who always, in theory at least, had a Council to assist in their decisions."
-Syed, Ameer Ali, Islamic History and Culture, P 152-153

ਖਲੀਫ਼ਿਆਂ ਨੇ ਮੁਹੰਮਦ ਸਾਹਿਬ ਤੋਂ ਬਾਅਦ ਜਿਸ ਰਾਜ-ਵਿਵਸਥਾ ਨੂੰ ਕਾਇਮ ਕੀਤਾ ਉਸੇ ਨੂੰ ਸਹੀ ਰੂਪ ਵਿਚ ਇਸਲਾਮੀ ਰਾਜ ਦਾ ਨਾਂ ਦਿੱਤਾ ਗਿਆ। ਇਸ ਰਾਜਨੀਤਕ ਮਾਡਲ ਨੂੰ 'ਸ਼ਰੀਅਤ' ਤੇ ਅਧਾਰਿਤ 'ਖਿਲਾਫ਼ਤ-ਏ-ਰਸ਼ੀਦਾ' ਦੇ ਆਦਰਸ਼ ਵਲ ਪ੍ਰੇਰਿਤ ਰਾਜ ਦੇ ਰੂਪ ਵਿਚ ਵੇਖਿਆ ਗਿਆ ਹੈ।[1]

ਅਸਲ ਵਿਚ ਕੁਰਾਨ ਅਨੁਸਾਰ ਇਸਲਾਮੀ ਰਾਜ ਦੇ ਤਿੰਨ ਪ੍ਰਮੁੱਖ ਗੁਣ ਦਸੇ ਗਏ ਹਨ। ਪਹਿਲਾ ਕੋਈ ਵਿਅਕਤੀ, ਪਰਿਵਾਰ, ਵਰਗ ਜਾਂ ਸਮੂਹ, ਅਤੇ ਇਥੋਂ ਤਕ ਕਿ ਸਾਰੇ ਲੋਕ ਮਿਲ ਕੇ ਵੀ ਪ੍ਰਭੁਤਾ ਸੰਪੰਨ (Sovereign )ਨਹੀਂ ਹੋ ਸਕਦੇ। ਅਸਲ 'ਪ੍ਰਭੁਤਾ ਸੰਪੰਨ' ਰੱਬ ਹੈ ਅਤੇ ਬਾਕੀ ਸਭ ਉਸਦੇ ਗੁਲਾਮ ਹਨ। ਦੂਜਾ, ਕਨੂੰਨ ਬਣਾਉਣ ਦਾ ਅਧਿਕਾਰ ਸਿਰਫ ਰੱਬ ਪਾਸ ਹੈ। ਸਾਰੇ ਮੁਸਲਮਾਨ ਇਕੱਠੇ ਹੋ ਕੇ ਵੀ ਕੋਈ ਕਨੂੰਨ ਨਹੀਂ ਬਣਾ ਸਕਦੇ ਅਤੇ ਨਾ ਹੀ ਰੱਬ ਦੇ ਬਣਾਏ ਕਨੂੰਨਾਂ ਵਿਚ ਕੋਈ ਤਰਮੀਮ ਕਰ ਸਕਦੇ ਹਨ। ਤੀਜਾ, ਇਸਲਾਮੀ ਰਾਜ ਉਹਨਾਂ ਕਨੂੰਨਾਂ ਤੇ ਅਧਾਰਿਤ ਹੋਵੇਗਾ ਜਿਹੜੇ ਰਬੀ ਕਨੂੰਨ ਹਜ਼ਰਤ ਮੁਹੰਮਦ ਰਾਹੀਂ ਪ੍ਰਗਟ ਹੋਏ ਹਨ। ਇਸਲਾਮੀ ਰਾਜ ਦੀ ਸਰਕਾਰ ਓਨ੍ਹੀ ਹੀ ਕਾਮਯਾਬ ਹੋਵੇਗੀ ਅਤੇ ਲੋਕਾਂ

---

1- "The rule of the four rightly guided Caliphs who succeeded the prophet one after the other from 632 to 661 A.D.is regarded as the model par excellenc for the Islamic state.- - - - - - - -Throughout Muslim history, both political thinkers and jurists alongwith practical men in public service either dreamed of restoring, as they thought, the ideal political model of the Khilafat-e-Rashida, or strove to bring the regimes of their times in as much conformity as it waspossible with the Shariah norms."

-Askari, Hasan, <u>Society and State in Islam an Introduction</u> P-100

ਦੁਆਰਾ ਮੰਨੀ ਜਾਵੇਗੀ ਜਿਤਨੀ ਉਹ ਰਬੀ ਕਾਨੂੰਨਾਂ ਨੂੰ ਲਾਗੂ ਕਰਨ ਲਈ ਯਤਨਸ਼ੀਲ ਹੋਵੇਗੀ।[1]

ਇਸਲਾਮ ਵਿਚ ਲੋਕ ਤੇ ਪਰਲੋਕ ਦੋਹਾਂ ਨੂੰ ਸਵਾਰਨ ਦੀ ਗੱਲ ਹੈ ਪਰ ਜ਼ਿਆਦਾ ਮਹੱਤਵ ਪਰਲੋਕ ਨੂੰ ਦਿੱਤਾ ਗਿਆ ਹੈ। ਇਸਲਾਮ ਰਬ ਤੋਂ ਸ਼ੁਰੂ ਹੁੰਦਾ ਹੈ ਅਤੇ ਰਬ ਹੀ ਉਸ ਵਿਚ ਸਭ ਕੁਝ ਹੈ। ਮੁਸਲਮਾਨ ਲਈ ਦੁਨਿਆਵੀ ਖੇਤਰ ਵਿਚ ਚੰਗਿਆਈ ਧਾਰਣ ਕਰਨਾ ਅਤੇ ਪਰਲੋਕ ਲਈ ਮੁਕਤੀ ਦੇ ਸਾਧਨ ਜੁਟਾਨਾ ਆਵਸ਼ਕ ਹੈ।[2]

ਰਬ ਦੀ ਅਥਾਹ ਸ਼ਕਤੀਆਂ ਅਤੇ ਉਸਦੇ ਦੁਨਿਆਵੀ ਖੇਤਰ ਵਿਚ ਸਿਧੇ ਰੂਪ ਵਿਚ ਕਾਰਜਸ਼ੀਲ ਹੋਣ ਦਾ ਇਸਲਾਮ ਮੁਦਈ ਹੈ। ਰਬ ਪਾਸ ਪੂਰਣ, ਵਾਸਤਵਿਕ ਅਤੇ ਕਾਨੂੰਨੀ ਸੰਪ੍ਰਭੁਤਾ ਹੈ।[3] ਇਸਲਾਮੀ ਵਿਚਾਰਧਾਰਾ ਅਨੁਸਾਰ ਸੱਚੀ ਸੰਪ੍ਰਭੁਤਾ ਰਬ ਕੋਲ ਹੈ। ਖਲੀਫਾ ਜਾਂ ਕੋਈ ਹੋਰ ਹੁਕਮਰਾਨ ਸਵਤੰਤ੍ਰ ਨਹੀਂ ਸਗੋਂ ਰਬ ਦੇ ਉਸ ਸਾਧਨ-ਮਾਤਰ ਹਨ ਜਿਸ ਨਾਲ

- - - - - - - - - - - - - - - - - - - - - - - - - - - - - - - -

1- Askari, Hasan, '<u>Society and state in Islam an introduction</u>, P-110.

2- "For the Muslims, involvement in history, though absorbing, is at the most only the obverse of their coin; the reverse of which, polished, brilliant and pure gold, is in the other world. Islam begins with God, and to Him it well Knows we shall return. Its endeavour to redeem history though total is derived; it is as endeavour to integrate temporal righteousness in this world with a timeless salvation in the next."
-Smith, Wilfred Canwell, <u>Islam in Modern History</u>, P-22.

3- Absolute real and legal sovereignty rests with God.
-Askari, Hasan, '<u>Society and State in Islam An introduction</u>, P-98.

ਉਹ ਮਨੁੱਖੀ ਖੇਤਰ ਤੇ ਅਪਣਾ ਨਿਯੰਤ੍ਰਣ ਰਖਦਾ ਹੈ। ਰਾਜੇ ਨੂੰ ਸਮਰਪਿਤ ਹੋਣਾ ਮੁਸਲਮਾਨ ਲਈ, ਰਬ ਦੇ ਉਦੇਸ਼ਾਂ ਨੂੰ ਸਮਰਪਿਤ ਹੋਣ ਦੇ ਤੁਲ ਹੈ ਅਤੇ ਰਾਜੇ ਵਿਰੁੱਧ ਬਗਾਵਤ ਕਰਨ ਦਾ ਅਰਥ ਰਬ ਅਤੇ ਮੁਹੰਮਦ ਸਾਹਿਬ ਦੇ ਉਦੇਸ਼ਾਂ ਵਿਰੁੱਧ ਬਗਾਵਤ ਹੈ।[1]

ਇਸ ਪ੍ਰਕਾਰ ਇਸਲਾਮ ਵਿਚ ਧਰਮ ਤੇ ਰਾਜ ਦੀਆਂ ਸ਼ਕਤੀਆਂ ਵਿਚਕਾਰ ਅੰਤਰ-ਸਬੰਧ ਰਿਹਾ ਹੈ ਅਤੇ ਹਮੇਸ਼ਾਂ ਹੀ ਰਾਜਸੀ ਬਣਤਰ ਵਿਚ ਧਰਮ ਦਾ ਵਿਸ਼ੇਸ਼ ਸਥਾਨ ਰਿਹਾ ਹੈ। ਇਸਲਾਮੀ ਰਾਜ ਪ੍ਰਥਾ ਵਿਚ ਰਬੀ ਪ੍ਰਭੁਤਾ ਸਰਵੋਚ ਮੰਨੀ ਗਈ ਹੈ ਅਤੇ ਦੁਨਿਆਵੀ ਰਾਜਿਆਂ ਨੂੰ ਰਬ ਦੇ ਨੁਮਾਇੰਦਿਆਂ ਦੇ ਰੂਪ ਵਿਚ ਵੇਖਿਆ ਗਿਆ ਹੈ। ਆਮ ਤੌਰ ਤੇ ਇਹ ਕਿਹਾ ਜਾਂਦਾ ਹੈ ਕਿ ਪਹਿਲੇ ਚਾਰ ਖਲੀਫ਼ਿਆਂ ਵੇਲੇ ਰਾਜ ਦਾ ਸਰੂਪ ਧਰਮ ਤੇ ਅਧਾਰਿਤ ਸੀ ਅਤੇ ਉਸ ਤੋਂ ਬਾਅਦ ਰਾਜ ਦੇ ਧਾਰਮਿਕ ਚਰਿਤਰ ਨੂੰ ਖਤਮ ਕਰ ਦਿਤਾ ਗਿਆ। ਪਰ ਇਹ ਪੂਰਣ ਤੌਰ ਤੇ ਸਚ ਨਹੀਂ। ਅਸਲੀਅਤ ਇਹ ਹੈ ਕਿ ਇਸਲਾਮੀ ਰਾਜ ਦੇ ਇਤਿਹਾਸ ਵਿਚ ਕਦੇ ਵੀ ਐਸਾ ਸਮਾਂ ਨਹੀਂ ਆਇਆ ਜਦੋਂ ਰਾਜ ਵਿਵਸਥਾ ਵਿਚੋਂ ਧਰਮ ਦੀ

- - - - - - - - - - - - - - - - - - - - - - - - - - - - - - - -

1- "True sovereignty, it was held, rested with God. Caliph or any other ruler over Muslims was not an independent agent but a means by which God controlled the affairs of men. To submit to a ruler meant for a Muslim to submit to the purposes of God and to revolt against the ruler should then be trantamount to revolt against the purposes of God and the Prophet."
- Askari, Hasan, '<u>Society and State in Islam An Introduction</u>, P-91

ਭੂਮਿਕਾ ਖ਼ਤਮ ਹੋਈ ਹੋਵੇ।[1] ਬਹੁਤਾ ਜਾਂ ਥੋੜ੍ਹਾ, ਧਰਮ ਇਸਲਾਮੀ ਰਾਜ ਤੋਂ ਹਮੇਸ਼ਾਂ ਭਾਰੂ ਰਿਹਾ ਹੈ।

- - - - - - - - - - - - - - - - - - - - - - - - - - - - - - - -

1- "The religious character of the Caliphate ends with the first four Caliphs, it was then a purely religious office held by men who had staked all that was dear to them for the cause of Islam. They led the community at the prayers, distributed the poor-tax, performed other religious duties, and only incidentally, as trustees and custodians of the faithful administered the Empire which was the maturity and consummation of an eventful history. Even when in the full tide of brilliant victories they never forgot their mission or neglected their duties. Such an apostolic succession, however was not expected to continue for any length of time, and the change from a religious to political Sovereignty was a matter of natural necessity. But the religious duties and the religious character of the Caliphate, though occasionally obscured and blurred, were never wholly lost."

-Bukhsh, S.Khuda, Essays: Indian and Islamic, P-36

## ਪੁਰਾਤਨ ਭਾਰਤੀ ਪਰੰਪਰਾ ਵਿਚ ਧਰਮ ਤੇ ਰਾਜ

ਭਾਰਤੀ ਪਰੰਪਰਾ ਧਰਮ ਅਤੇ ਰਾਜਨੀਤੀ ਨੂੰ ਅਲਗ ਮੰਨ ਕੇ ਨਹੀਂ ਚਲਦੀ। ਉਸਨੇ ਧਰਮ ਨੂੰ ਇਕ ਜੀਵਨ ਦ੍ਰਿਸ਼ਟੀ ਅਤੇ ਜੀਉਣ ਦੀ ਕਲਾ ਦੇ ਰੂਪ ਵਿਚ ਮੰਨਿਆ ਹੈ। ਮੀਮਾਂਸਾਕਾਰ ਨੇ ਪਰਿਭਾਸ਼ਾ ਕਰਦਿਆਂ ਦਸਿਆ ਹੈ ਕਿ ਜਿਸ ਨਾਲ ਇਸ ਲੋਕ ਵਿਚ ਉਨੱਤੀ ਹੋਵੇ ਅਤੇ ਪਰਮਾਰਥ ਵੀ ਸਿੱਧ ਹੋਏ ਉਹੋ ਧਰਮ ਹੈ। ਲੋਕ ਤੇ ਪਰਲੋਕ ਦੋਹਾਂ ਨੂੰ ਸਵਾਰਨ ਦੀ ਕਲਾ ਧਰਮ ਹੈ। ਇਸ ਅਰਥ ਵਿਚ ਧਰਮ, ਜੀਵਨ ਨੂੰ ਸਮੁੱਚੇ ਰੂਪ ਵਿਚ ਸਾਧਨ ਦੀ ਕਲਾ ਹੈ।

ਭਾਰਤੀ ਪਰੰਪਰਾ ਵਿਚ ਰਾਜਨੀਤੀ ਨੂੰ ਧਰਮ ਦਾ ਹਿੱਸਾ ਮੰਨਿਆ ਗਿਆ ਹੈ। ਧਰਮ ਦਾ ਪਾਲਨ ਕਰਨ ਨਾਲ ਹੀ ਸਮਾਜ ਵਿਚ ਵਿਵਸਥਾ ਅਤੇ ਸ਼ਾਂਤੀ ਆ ਸਕਦੀ ਹੈ। ਰਾਜ ਵਿਚ ਧਰਮ- ਆਚਰਣ ਦੀ ਪ੍ਰੇਰਣਾ, ਪ੍ਰੋਤਸਾਹਨ ਅਤੇ ਸੁਰਖਿਆ ਦੇਣ ਵਾਲੀ ਵਿਵਸਥਾ ਨੂੰ ਵੀ ਭਾਰਤ ਵਿਚ ਰਾਜ ਨੀਤੀ ਮੰਨਿਆ ਗਿਆ ਹੈ। ਇਹ ਵਿਵਸਥਾ ਵੀ ਆਪਣੇ ਲਈ ਆਵਸ਼ਕ ਪ੍ਰੇਰਣਾ ਅਤੇ ਸ਼ਕਤੀ ਧਰਮ ਪਾਸੋਂ ਪ੍ਰਾਪਤ ਕਰਦੀ ਹੈ। ਪ੍ਰਾਚੀਨ ਰਾਜਨੀਤਕ ਚਿੰਤਕ - ਬ੍ਰਹਸਪਤੀ, ਭਾਰਦਵਾਜ, ਗੋਰਸ਼ਿਰਸ, ਮਨੂੰ ਪ੍ਰਚੇਤਸ, ਸ਼ੁਕਰਾਚਾਰੀਆ, ਭੀਸ਼ਮ - ਪਿਤਾਮਹ, ਪਾਰਾਸ਼ਰ, ਕੋਟੱਲਿਅ ਆਦਿ ਮੂਲ ਰੂਪ ਵਿਚ ਧਰਮ ਦੇ ਖੇਤਰ ਨਾਲ ਜੁੜੇ ਸਨ।

ਪ੍ਰਾਚੀਨ ਗ੍ਰੰਥਾਂ ਵਿਚ ਰਾਜਨੀਤੀ ਨੂੰ ਰਾਜ ਧਰਮ ਦੇ ਰੂਪ ਵਿਚ ਪ੍ਰਸਤੁਤ ਕੀਤਾ ਗਿਆ ਹੈ। ਸੁਕਰਨੀਤੀ, ਮਹਾਂਭਾਰਤ ਸਮ੍ਰਿਤਿ-ਗ੍ਰੰਥ ਅਤੇ ਅਰਥਸ਼ਾਸਤ੍ਰ ਆਦਿ ਵਿਚ ਇਹੋ ਉਜਾਗਰ ਹੁੰਦਾ ਹੈ ਰਾਜਧਰਮ ਦਾ ਪਾਲਨ ਕਰਦਿਆਂ ਹੀ ਰਾਜਾ ਅਤੇ ਉਸਦੀ ਰਾਜ ਵਿਵਸਥਾ ਲੋਕ ਕਲਿਆਣਕਾਰੀ ਹੋ ਸਕਦੀ ਹੈ। ਰਾਜ ਧਰਮ ਦੀ ਅਣਦੇਖੀ ਕਰਨ ਵਾਲੀ ਵਿਵਸਥਾ ਅਧੂਰੀ ਵਿਵਸਥਾ ਹੈ ਅਤੇ ਉਸ ਵਿਚ ਲੋਕ ਦੁਖੀ ਹੁੰਦੇ ਹਨ। ਮਹਾਂਭਾਰਤ ਦੇ ਸ਼ਾਂਤੀਪਰਵ ਦੇ ਪਹਿਲੇ ਤਿੰਨ ਉਪ ਭਾਗਾਂ ਵਿਚ ਰਾਜ ਸਬੰਧੀ ਬੜੇ ਵਿਸਤਾਰ ਅਤੇ ਵਿਵਸਥਿਤ ਢੰਗ ਨਾਲ ਵਿਚਾਰ

ਪ੍ਰਸਤੁਤ ਕੀਤੇ ਗਏ ਹਨ। 130 ਅਧਿਆਵਾਂ ਦੇ ਉਪਭਾਗ ਨੂੰ 'ਰਾਜ ਧਰਮ ਪਰਵ' ਕਿਹਾ ਜਾਂਦਾ ਹੈ।[1] ਪ੍ਰਾਚੀਨ ਕਾਲ ਤੋਂ ਹੀ ਭਾਰਤੀ ਪਰੰਪਰਾ ਵਿਚ ਰਾਜ ਨੂੰ ਧਰਮ ਤੇ ਆਧਾਰਿਤ ਮੰਨਿਆ ਗਿਆ ਹੈ। ਵੈਦਿਕ ਸਹਿਤ, ਪੁਰਾਣ ਸਹਿਤ, ਰਾਮਾਇਣ ਤੇ ਮਹਾਭਾਰਤ ਕਾਲ ਵਿਚ ਅਨੇਕਾਂ ਐਸੇ ਉਦਾਹਰਣ ਮਿਲਦੇ ਹਨ ਜਿਹਨਾਂ ਤੋਂ ਸਪਸ਼ਟ ਹੁੰਦਾ ਹੈ ਕਿ ਧਰਮ ਪਾਲਨ ਅਤੇ ਵਿਕਾਸ ਲਈ ਹੀ ਰਾਜ ਤੇ ਰਾਜਨੀਤੀ ਦਾ ਉਪਯੋਗ ਕੀਤਾ ਜਾਂਦਾ ਸੀ। ਧਰਮ ਸਰਵੋਪਰੀ ਸੀ। ਰਾਜਾ ਸੁਆਮੀ ਹੁੰਦਿਆਂ ਹੋਇਆਂ ਵੀ ਧਰਮ ਨਾਲ ਬੰਨ੍ਹਿਆ ਹੋਇਆ ਸੀ ਅਤੇ ਉਸ ਦੇ ਅਧੀਨ ਸੀ। ਰਾਜਾ ਨਾਲ ਰਾਜ ਪੁਰੋਹਿਤ ਜਾਂ ਰਾਜ ਗੁਰੂ ਦੀ ਹੋਂਦ ਅਤੇ ਬਿਨਾਂ ਗੁਰੂਆਂ ਦੀ ਆਗਿਆ ਪ੍ਰਾਪਤੀ ਦੇ ਰਾਜਾ ਨੂੰ ਕੋਈ ਕਾਰਜ ਕਰਨ ਦਾ ਅਧਿਕਾਰ ਨ ਹੋਣਾ ਰਾਜਨੀਤੀ ਵਿਚ ਧਰਮ ਦੀ ਸਥਾਈ ਮਹੱਤਤਾ ਦਾ ਸਭ ਤੋਂ ਵੱਡਾ ਪ੍ਰਮਾਣ ਹੈ। ਅਸਲ ਵਿਚ ਅੱਜ ਜਿਸਨੂੰ

---

1- "There are many smaller passages in the Mahabharata, where various interlocutors present discourseson various principles and various aspects of statecraft. But the first of the three sub-sections of the Santiparvan constitutes the longest portion of the epic where discourses on polity are presented in a comprehensive and systematic way. This sub-section of 130 adhyayas, is called 'Rayadharmaparva". -Sharma, Dr. Mukunda Madhava, '<u>The Mahabharata Ideal of Welfare State</u>', Paper presented at International Seminar, Sahitya Akadami, New Delhi, Feb 17-20,1987.

ਅਸੀਂ ਆਧੁਨਿਕ ਯੁਗ ਵਿਚ ਕਾਨੂੰਨ ਕਹਿੰਦੇ ਹਾਂ ਅਤੇ ਜਿਸ ਕਾਨੂੰਨ ਦੇ ਸ਼ਾਸਨ ( Rule of law ) ਦੀ ਗਲ ਕਰਦੇ ਹਾਂ, ਪੁਰਾਤਨ ਸਮੇਂ ਵਿਚ ਉਹ ਧਰਮ ਹੀ ਸੀ।[1] ਰਾਜਾ, ਮੰਤਰੀ, ਰਾਜ ਪੁਰੋਹਿਤ ਅਤੇ ਪ੍ਰਜਾ ਸਾਰੇ ਮਿਲ ਕੇ ਇਸ ਧਰਮ ਦਾ ਪਾਲਨ ਕਰਦੇ ਸਨ। ਸਾਰੀ ਵਿਵਸਥਾ ਦਾ ਉਦੇਸ਼ ਧਰਮ-ਪਾਲਨ ਸੀ।

ਪੁਰੋਹਿਤ ਅਰਥਾਤ 'ਹੋਤਾ' ਜਾਂ ਰਿਖੀ ਦਾ ਉਸ ਕਾਲ ਵਿਚ ਸਭ ਤੋਂ ਵੱਧ ਮਹੱਤਵ ਸੀ ਅਤੇ ਉਸਦੇ ਕਾਰਜ ਵੀ ਬਹੁਤ ਮਹੱਤਵਪੂਰਣ ਸਨ। ਉਹ ਰਾਜਾ ਅਤੇ ਪ੍ਰਜਾ ਨੂੰ ਨਿਰੰਤਰ ਧਰਮ ਮਾਰਗ ਵਲ ਤੋਰਨ ਅਤੇ ਉਹਨਾਂ ਦੇ ਕਲਿਆਣ ਲਈ ਪੂਰੀ ਤਰ੍ਹਾਂ ਜ਼ਿੰਮੇਵਾਰ ਸੀ। ਇਹੋ ਕਾਰਣ ਹੈ ਕਿ ਰਾਜ ਪਰੰਪਰਾ ਦੇ ਸਮਾਨਾਂਤਰ ਰਿਖੀ ਅਤੇ ਗੁਰੂ ਪਰੰਪਰਾ ਵੀ ਚਲਦੀ ਸਪਸ਼ਟ ਨਜ਼ਰ ਆਉਂਦੀ ਹੈ। ਰਾਜਾ , ਮੰਤ੍ਰੀ, ਰਾਜ ਸਭਾ ਅਤੇ ਪਰਿਸ਼ਦਾਂ ਆਪਣੀ ਸ਼ਕਤੀ ਅਤੇ ਪਰਸ਼ਾਸਨ ਦੁਆਰਾ ਪ੍ਰਜਾ ਦੇ ਧਰਮ ਦੀ ਰਖਿਆ ਅਤੇ ਪਾਲਨ ਕਰਨ ਵਿਚ ਸਹਾਇਕ ਹੁੰਦੀਆਂ ਸਨ ਤਾਂ ਰਾਜ ਗੁਰੂ ਜਾਂ ਪਰੋਹਿਤ ਆਪਣੀ ਸੁਚੱਜੀ ਅਗਵਾਈ, ਤਪਸਿਆ ਤੇ ਤਿਆਗ ਰਾਹੀਂ ਉਸ ਉਦੇਸ਼ ਦੀ ਪੂਰਤੀ ਲਈ ਆਪਣਾ ਜੀਵਨ ਸਮਰਪਿਤ ਕਰ ਦਿੰਦੇ ਸਨ। ਵੈਦਿਕ ਸਾਹਿਤ ਵਿਚ ਜਿਹਨਾਂ ਕਈ ਪ੍ਰਕਾਰ ਦੇ ਰਾਜਾਂ ਦਾ ਜ਼ਿਕਰ ਹੈ ਉਹਨਾਂ ਵਿਚੋਂ 'ਵਿਪ੍ਰ-ਰਾਜ' ਨੂੰ ਸਰਬ - ਸ਼੍ਰੇਸ਼ਟ ਮੰਨਿਆ ਗਿਆ ਹੈ ਜਿਸ ਵਿਚ ਵਿਸ਼ੇਸ਼ ਗਿਆਨੀ ਪੁਰਖ ਰਾਜ-ਸ਼ਾਸਨ ਚਲਾਉਂਦਾ ਹੈ। ਇਸ ਰਾਜ ਦੀ ਮੁਖ ਵਿਸ਼ੇਸ਼ਤਾ ਇਹ ਹੈ ਕਿ ਇਸ ਰਾਜ ਵਿਚ ਸ਼ਾਸਨ ਗਿਆਨੀ ਬ੍ਰਾਹਮਣ ਅਰਥਾਤ ਧਰਮ ਆਗੂਆਂ ਦੇ ਅਧੀਨ ਹੁੰਦਾ ਹੈ।[2]

ਅਥਰਵਵੇਦ ਵਿਚ ਕਿਹਾ ਗਿਆ ਹੈ ਕਿ ਖਤਰੀ-ਸ਼ਕਤੀ, ਬ੍ਰਹਮ-ਸ਼ਕਤੀ ਦੁਆਰਾ ਸ਼ਾਸਿਤ ਹੋਵੇ ਅਰਥਾਤ ਰਾਜ ਦਾ ਪ੍ਰਸ਼ਾਸਨ ਤਿਆਗੀ, ਗਿਆਨੀ ਅਤੇ ਵਿਦਵਾਨਾਂ ਦੇ ਪਰਾਮਰਸ਼ ਦੁਆਰਾ ਸੰਚਾਲਿਤ ਹੋਣਾ ਚਾਹੀਦਾ ਹੈ। ਇਹ ਵੀ ਦਸਿਆ ਗਿਆ ਹੈ ਕਿ ਰਾਜ

---

1- ਗੁਪਤਾ, ਡਾ: ਸੀਲਵਤੀ, ਤੁਲਸੀ ਸਾਹਿਤ ਮੇਂ ਰਾਜਨੀਤਕ ਵਿਚਾਰ; ਪੰਨਾ 69

2- ਓਹੀ; ਪੰਨਾ 58

ਦੀ ਅਧਾਰਸ਼ਿਲਾ ਸੱਤ, ਰਿਤ ਤੇ ਧਰਮ ਹੀ ਹੈ। ਸਭ ਤੋਂ ਪਹਿਲਾ ਰਾਸ਼ਟਰੀ ਗੁਣ ਸੱਤ ਨੂੰ ਮੰਨਿਆ ਹੈ। ਦੂਜਾ ਗੁਣ ਰਿਤ ਅਤੇ ਸਿੱਧਾਪਨ ਜਾਂ ਸਰਲਤਾ ਨੂੰ ਸਵੀਕਾਰਿਆ ਹੈ। ਉਗ੍ਰਤਾ ਸੂਰਮਿਆਂ ਲਈ, ਆਚਰਣ, ਤਪ, ਗਿਆਨ ਆਦਿ ਸਮੁੱਚੇ ਰਾਸ਼ਟਰ ਲਈ ਰਾਸ਼ਟਰੀ ਗੁਣ ਮੰਨੇ ਗਏ ਹਨ।[1] ਅਸਲ ਵਿਚ ਰਾਜਾ ਪਾਸ਼ਵਿਕ ਬਲ ਦਾ ਪ੍ਰਤੀਕ ਨਹੀਂ ਸਗੋਂ ਉਹ ਧਰਮ ਦਾ ਪ੍ਰਤੱਖ ਅਵਤਾਰ ਹੈ।[2] ਮਹਾਂਭਾਰਤ ਵਿਚ ਕਿਹਾ ਗਿਆ ਹੈ ਕਿ ਸਾਰੇ ਪ੍ਰਾਣੀ ਧਰਮ ਵਿਚ ਸਥਿਤ ਰਹਿੰਦੇ ਹਨ ਅਤੇ ਧਰਮ ਰਾਜਾ ਵਿਚ ਨਿਵਾਸ ਕਰਦਾ ਹੈ। ਜਿਹੜੇ ਰਾਜੇ ਧਰਮ ਦੀ ਉੱਤਮ ਰੀਤਿ ਨਾਲ ਰਖਿਆ ਕਰਦੇ ਹਨ ਉਹੋ ਪ੍ਰਿਥਵੀ ਦੇ ਸੁਆਮੀ ਹੁੰਦੇ ਹਨ।[3]

ਰਾਜ ਪੁਰੋਹਿਤ ਜਾਂ ਧਰਮ-ਗੁਰੂ ਪਰੰਪਰਾ ਬਾਰੇ ਰਿਗਵੇਦ ਦਾ ਕਹਿਣਾ ਹੈ ਕਿ ਜਿਹੜਾ ਰਾਜਾ ਆਪਣੇ ਪੁਰੋਹਿਤ ਦਾ ਸਦਾ ਸਨਮਾਨ ਕਰਦਾ ਹੈ ਉਹ ਆਪਣਾ ਸ਼ਤਰੂਆਂ ਤੇ ਵਿਜੇ ਅਤੇ ਪ੍ਰਜਾ ਦਾ ਵਿਸ਼ਵਾਸ ਪ੍ਰਾਪਤ ਕਰਦਾ ਹੈ।[4] ਏਤਰੇਅ ਬ੍ਰਾਹਮਣ ਅਨੁਸਾਰ ਰਾਜਤਿਲਕ ਸਮੇਂ ਰਾਜਾ ਤਿੰਨ ਵਾਰ ਆਪਣੇ ਰਾਜ ਗੁਰੂ ਨੂੰ ਪ੍ਰਣਾਮ ਕਰਕੇ ਉਸ ਦੀ ਆਗਿਆ ਪਾਲਨ ਕਰਨ ਵਿਚ ਪਾਬੰਦ ਰਹਿਣ ਦਾ ਵਚਨ ਦਿੰਦਾ ਹੈ।[5]

ਮਹਾਂਭਾਰਤ ਵਿਚ ਇਸ ਦਾ ਸਮਰਥਨ ਕਰਦਿਆਂ ਕਿਹਾ ਗਿਆ ਹੈ ਕਿ ਪੁਰੋਹਿਤ ਦੇ ਅਭਾਵ ਵਿਚ ਰਾਜਾ ਸ਼ਤਰੂ ਦੁਆਰਾ ਮਾਰਿਆ ਜਾਂਦਾ ਹੈ।[6] ਕੌਟਿੱਲਯ ਨੇ ਲਿਖਿਆ ਹੈ ਕਿ ਜਿਸਤਰ੍ਹਾਂ ਆਚਾਰੀਆ ਪਿਛੇ ਸ਼ਿਸ਼, ਪਿਤਾ ਪਿਛੇ ਪੁੱਤਰ ਅਤੇ ਸੁਆਮੀ ਪਿਛੇ ਨੌਕਰ ਚਲਦਾ

---

1- ਗੁਪਤਾ ਸੀਲਵਤੀ, ਤੁਲਸੀ ਸਾਹਿਤ ਮੇਂ ਰਾਜਨੀਤਕ ਵਿਚਾਰ; ਪੰਨਾ 75

2- ਓਹੀ, ਪੰਨਾ 90

3- ਮਹਾਂਭਾਰਤ, ਤੀਜਾ ਖੰਡ, (ਸਾਂਤੀ ਪਰਵ) ਪੰਨਾ 2079

4- ਰੇਓ, ਪੰਡਿਤ ਵਿਸਵੇਸ਼ਵਰਨਾਥ, ਰਿਗ ਵੇਦ ਪਰ ਏਕ ਇਤਿਹਾਸਕ ਦ੍ਰਿਸ਼ਟੀ, ਪੰਨਾ 213

5- ਪਰਮਾਤਮਾਸ਼ਰਣ, ਪ੍ਰਾਚੀਨ ਭਾਰਤ ਮੇ ਰਾਜਨੀਤਿ ਵਿਚਾਰ ਏਵੰ ਸੰਸਥਾਏ, ਪੰਨਾ 327

6- ਗੁਪਤਾ, ਸੀਲਵਤੀ, ਤੁਲਸੀ ਸਾਹਿਤ ਮੇਂ ਰਾਜਨੀਤਕ ਵਿਚਾਰ; ਪੰਨਾ 51

ਹੈ ਉਸੇ ਪ੍ਰਕਾਰ ਰਾਜਾ ਨੂੰ ਪੁਰੋਹਿਤ ਦਾ ਅਨੁਯਾਈ ਹੋਣਾ ਚਾਹੀਦਾ ਹੈ।[1] ਸ਼ੈਂਡੇ ਨੇ ਆਪਣੀ ਪੁਸਤਕ ਵਿਚ ਸਪਸ਼ਟ ਰੂਪ ਵਿਚ ਦਸਿਆ ਹੈ ਕਿ ਪੁਰੋਹਿਤ ਰਾਜ ਦਾ ਉਹ ਅਧਿਕਾਰੀ ਹੈ ਜਿਹੜਾ ਰਾਜਾ ਦੇ ਧਾਰਮਿਕ, ਨੈਤਿਕ ਅਤੇ ਰਾਜਨੀਤਕ ਕਲਿਆਣ ਦਾ ਧਿਆਨ ਰਖਦਾ ਹੈ ਅਤੇ ਯੁੱਧ ਤੇ ਸ਼ਾਂਤੀ ਵਿਚ ਰਾਜਾ ਦੇ ਨਾਲ ਰਹਿੰਦਾ ਹੈ। ਰਣਖੇਤਰ ਵਿਚ ਜਿਤਨਾ ਯੋਗ ਵੀਰਾਂ ਦਾ ਹੁੰਦਾ ਹੈ ਉਤਨਾ ਹੀ ਪੁਰੋਹਿਤਾਂ ਦੇ ਜਾਦੂ ਭਰੇ ਕਾਰਜਾਂ ਦਾ ਹੁੰਦਾ ਹੈ। ਉਹ ਇਸ ਲੋਕ ਤੇ ਪਰਲੋਕ ਸਬੰਧੀ ਸਾਰੇ ਮਾਮਲਿਆਂ ਵਿਚ ਰਾਜਾ ਦਾ ਨੇਤਾ ਹੈ।[2]

ਭਾਰਤ ਵਿਚ ਧਰਮ, ਸੱਤਾ ਦਾ ਸਾਧਨ ਕਦੇ ਨਹੀਂ ਰਿਹਾ। ਮੁਗ਼ਲਾਂ ਦੇ ਆਉਣ ਤੋਂ ਪਹਿਲਾਂ ਸਾਰਿਆਂ ਨੂੰ ਆਪਣੇ ਵਿਸ਼ਵਾਸ ਅਤੇ ਆਸਥਾ ਦੀ ਸੁਤੰਤਰਤਾ ਸੀ। ਐਸਾ ਕੋਈ ਧਾਰਮਿਕ ਕੇਂਦਰ ਨਹੀਂ ਸੀ ਜਿਸਦਾ ਸ਼ਾਸਨ ਮੰਨਣਾ ਸਾਰਿਆਂ ਲਈ ਆਵਸ਼ਕ ਹੋਵੇ। ਕਾਰਣ ਇਹ ਹੈ ਕਿ ਧਰਮ ਦੇ ਸਬੰਧ ਵਿਚ ਭਾਰਤੀ ਧਾਰਣੀ ਬੜੀ ਸਪਸ਼ਟ ਰਹੀ ਹੈ। ਧਰਮ ਉਹ ਨਿਯਮ ਹਨ ਜਿਹਨਾਂ ਨਾਲ ਜੀਵਨ ਸੁਵਿਵਸਥਿਤ ਚਲਦਾ ਹੈ। ਰਾਜਨੀਤੀ, ਜੀਵਨ ਦਾ ਅੰਗ ਹੈ ਇਸ ਲਈ ਧਰਮ ਦਾ ਹਿੱਸਾ ਤਾਂ ਹੋ ਸਕਦੀ ਹੈ ਪਰ ਧਰਮ ਰਾਜਨੀਤੀ ਤਕ ਕਦੇ ਸੀਮਤ ਨਹੀਂ ਹੋ ਸਕਦਾ। ਨਾ ਹੀ ਉਸ ਦੀ ਨਿਗਾਹ ਰਾਜਸੱਤਾ ਤੇ ਇਕਾਗਰ ਹੋ ਸਕਦੀ ਹੈ।

ਪਛਮ ਵਿਚ ਧਰਮ-ਸਾਪੇਖ ਰਾਜਨੀਤੀ ਦਾ ਅਰਥ ਸੱਤਾ ਦਾ ਕਿਸੇ ਸੰਪ੍ਰਦਾਇ ਵਿਸ਼ੇਸ਼ ਦੇ ਹੱਥ ਵਿਚ ਹੋਣਾ ਹੈ ਤਾਂ ਇਹ ਉਥੋਂ ਦੇ ਸੰਦਰਭ ਵਿਚ ਠੀਕ ਹੈ ਕਿਉਂਕਿ ਸਦੀਆਂ ਤਕ ਉਥੇ ਸੱਤਾ ਲਈ ਸੰਘਰਸ਼ ਹੁੰਦਾ ਰਿਹਾ ਹੈ। ਪਰ ਭਾਰਤੀ ਸੰਦਰਭ ਵਿਚ ਧਰਮ-ਸਾਪੇਖ ਰਾਜਨੀਤੀ ਦਾ ਅਰਥ ਰਾਜ ਸੱਤਾ ਦਾ ਧਰਮੀ ਮੁਲਾਂ ਅਤੇ ਮਰਿਆਦਾਵਾਂ ਦਾਪਾਬੰਦ ਹੋਣਾ ਹੈ। ਧਰਮ ਨੂੰ ਰਾਜਨੀਤੀ ਤੋਂ ਵਖ ਕੀਤਾ ਜਾਂਦਾ ਹੈ ਤਾਂ ਭਾਰਤੀ ਸੰਦਰਭ ਵਿਚ ਉਸਦਾ ਅਰਥ ਰਾਜਨੀਤੀ ਨੂੰ ਨਿਰੰਕੁਸ਼ ਹੋਣ ਦੀ ਛੂਟ ਦੇਣੀ ਹੋਵੇਗਾ। ਧਰਮ ਚੇਤਨਾ ਹੀ ਇਕੋ ਇਕ ਐਸਾ ਖੇਤਰ ਹੈ ਜਿਸ ਤੋਂ ਸ਼ਾਸਨ ਕਰਨ ਵਾਲਿਆਂ ਨੂੰ ਚੁਣੌਤੀ ਮਿਲਦੀ ਹੈ।

---

1- ਕੋਟਿਲਆ, ਅਰਥਸ਼ਾਸਤਰ, ਸੰਪਾਦਕ-ਵਾਚਸਪਤਿ ਗੈਰੋਲਾ, ਪੰਨਾ 29-30

2- Shende, M.J. The Religion and Philosophy of The Atharvaveda, P-87

## ਸਿਖ ਚਿੰਤਨ ਵਿਚ ਮੀਰੀ-ਪੀਰੀ ਦੇ ਸੰਜੋਗ ਦਾ ਸਿਧਾਂਤ

ਸਿੱਖ ਮਤ ਵਿਚ ਧਰਮ ਅਤੇ ਰਾਜ ਦੇ ਸਬੰਧਾਂ ਉਤੇ ਅਧਾਰਿਤ ਮੀਰੀ-ਪੀਰੀ ਦਾ ਸਿਧਾਂਤ ਇਕ ਵਿਲੱਖਣ ਸਿਧਾਂਤ ਹੈ। ਜਿਸ ਤਰ੍ਹਾਂ ਪਹਿਲਾਂ ਵਿਸਤ੍ਰਿਤ ਰੂਪ ਵਿਚ ਵਿਚਾਰਿਆ ਜਾ ਚੁਕਾ ਹੈ, ਗੁਰਬਾਣੀ ਅਤੇ ਗੁਰ ਇਤਿਹਾਸ ਦੇ ਅਧਾਰ ਤੇ ਪ੍ਰਤਿਪਾਦਿਤ ਇਹ ਸਿਧਾਂਤ ਆਪਣੇ ਆਪ ਵਿਚ ਸਵਤੰਤ੍ਰ ਸਿਧਾਂਤ ਹੈ, ਅਤੇ ਈਸਾਈਅਤ ਤੇ ਇਸਲਾਮ ਵਿਚ ਮੌਜੂਦ ਧਰਮ ਤੇ ਰਾਜ ਦੇ ਸਬੰਧਾਂ ਦੇ ਸਿਧਾਂਤਾਂ ਨਾਲੋਂ ਵਖਰਾ ਹੈ। ਪਰ ਸਹਜ ਸੁਭਾ ਈਸਾਈਅਤ ਅਤੇ ਇਸਲਾਮ ਦੇ ਸਿਧਾਂਤਾਂ ਦੇ ਕੁਝ ਗੁਣ ਸਿੱਖ ਸਿਧਾਂਤ ਵਿਚ ਆ ਗਏ ਹਨ। ਦੂਜੇ ਪਾਸੇ ਮੀਰੀ-ਪੀਰੀ ਦਾ ਸਿੱਖ ਸਿਧਾਂਤ, ਪੁਰਾਤਨ ਭਾਰਤੀ ਪਰੰਪਰਾ, ਜਿਸ ਨੂੰ ਮੱਧਕਾਲ ਦਾ ਭਾਰਤ ਪੂਰੀ ਤਰ੍ਹਾਂ ਭੁਲ ਚੁਕਿਆ ਸੀ, ਤੋਂ ਵੀ ਕੁਝ ਹਦ ਤਕ ਪ੍ਰਭਾਵਿਤ ਹੈ ਅਤੇ ਇਸ ਵਿਚ ਪੁਰਾਤਨ ਭਾਰਤੀ ਚਿੰਤਨ ਦੀ ਝਲਕ ਨਜ਼ਰ ਆਉਂਦੀ ਹੈ।

ਈਸਾਈਅਤ ਵਿਚ 'ਚਰਚ ਤੇ ਰਾਜ' ਵਿਚਕਾਰ ਅਧਿਕਾਰ ਖੇਤਰ ਦੀ ਲੜਾਈ ਚਲਦੀ ਰਹੀ ਹੈ ਅਤੇ ਹਮੇਸ਼ਾਂ ਦੋਵੇਂ ਧਿਰਾਂ ਇਕ ਦੂਜੇ ਨੂੰ ਨੀਵਾਂ ਵਿਖਾਉਣ ਦੀ ਕੋਸ਼ਿਸ਼ ਕਰਦੀਆਂ ਰਹੀਆਂ ਹਨ। ਪਰ ਸਿਖ ਮਤ ਵਿਚ ਧਰਮ ਤੇ ਰਾਜ ਦੇ ਅਧਿਕਾਰ ਖੇਤਰ ਦੀ ਲੜਾਈ ਦੀ ਕੋਈ ਗੁੰਜਾਇਸ਼ ਤੇ ਸੰਭਾਵਨਾ ਨਹੀਂ। ਅਸਲ ਵਿਚ ਧਰਮ ਤੇ ਰਾਜ ਦਾ ਦਵੰਦ ਯੂਰਪੀ ਇਤਿਹਾਸ ਦਾ ਅਨੁਭਵ ਹੈ। ਭਾਰਤੀ ਪਰੰਪਰਾ ਵਿਚ ਇਸ ਦੀ ਕੋਈ ਥਾਂ ਨਹੀਂ। ਸਿੱਖੀ ਵਿਚ ਧਰਮ ਤੇ ਰਾਜ ਇਕ ਦੂਜੇ ਦੇ ਵਿਰੋਧੀ ਨਹੀਂ ਸਗੋਂ ਇਕ ਦੂਜੇ ਦੇ ਪੂਰਕ ਹਨ ਅਤੇ ਸਹਿਯੋਗੀ ਹਨ। ਈਸਾਈਅਤ ਵਿਚ ਚਰਚ ਦਾ ਰੂਪ ਸੱਤਾਵਾਦੀ ਹੈ ਅਤੇ ਉਸ ਦੀ ਮੂਲ ਧਾਰਣਾ ਅਨੁਸਾਰ ਪੂਰਾ ਸੰਸਾਰ ਉਸਦੇ ਅਧਿਕਾਰ-ਖੇਤਰ ਵਿਚ ਹੈ ਅਤੇ ਉਸਦੀ ਸੱਤਾ ਅਧੀਨ ਹੈ। ਸਿੱਖੀ ਵਿਚ ਧਰਮ ਦਾ ਰੂਪ ਈਸਾਈਅਤ ਵਾਂਗੂੰ ਸੱਤਾਵਾਦੀ ਨਹੀਂ, ਨਾ ਹੀ ਸਿੱਖੀ ਦਾ ਸੰਸਥਾਤਮਕ ਰੂਪ ਸੱਤਾ ਹਥਿਆਉਣ ਵਿਚ ਵਿਸ਼ਵਾਸ ਰਖਦਾ ਹੈ। ਪਰ ਇਕ ਗਲ ਬਹੁਤ ਸਪਸ਼ਟ ਹੈ ਕਿ ਸਿੱਖ ਪੰਥ ਦਾ ਆਪਣਾ ਸੰਸਥਾਤਮਕ ਰੂਪ ਹੈ ਅਤੇ ਉਸ ਦਾ ਆਪਣਾ

ਰਾਜਨੀਤਕ ਵਿਅਕਤਿਤਵ ਹੈ, ਆਪਣੀ ਰਾਜਨੀਤਕ ਇੱਛਾ ਹੈ ਜਿਸਦਾ ਪ੍ਰਗਟਾਵਾ ਖਾਲਸਾ-ਪੰਥ ਦੇ ਰੂਪ ਵਿਚ ਹੁੰਦਾ ਹੈ।

ਇਸਲਾਮ ਵਿਚ ਸਾਰੀ ਸ਼ਕਤੀਆਂ ਦਾ ਸੋਮਾ ਰੱਬ ਨੂੰ ਮੰਨਿਆ ਗਿਆ ਹੈ ਅਤੇ ਰਾਜੇ ਨੂੰ ਰਬ ਦੇ ਨੁਮਾਇੰਦੇ ਦੇ ਰੂਪ ਵਿਚ ਮੰਨਿਆ ਗਿਆ। ਰਾਜੇ ਦੇ ਖ਼ਿਲਾਫ਼ ਬਗ਼ਾਵਤ ਨੂੰ ਰਬ ਦੇ ਖ਼ਿਲਾਫ਼ ਬਗਾਵਤ ਦੇ ਤੁਲ ਮੰਨਿਆ ਗਿਆ ਹੈ। ਸਿੱਖ ਪਰੰਪਰਾ ਵਿਚ ਵੀ ਸਾਰੀਆਂ ਸ਼ਕਤੀਆਂ ਦਾ ਸੋਮਾ ਰੱਬ ਨੂੰ ਮੰਨਿਆ ਗਿਆ ਹੈ ਅਤੇ ਦੁਨੀਆਵੀ ਰਾਜਿਆਂ ਨੂੰ ਰਬੀ ਹੁਕਮ ਅਧੀਨ ਦਸਿਆ ਗਿਆ ਹੈ। ਪਰ ਜਿਸ ਤਰ੍ਹਾਂ ਇਸਲਾਮ ਵਿਚ ਰਾਜੇ ਨੂੰ ਰਬ ਦੇ ਨੁਮਾਇੰਦੇ ਦਾ ਰੂਪ ਮੰਨਦਿਆਂ ਲੋਕਾਂ ਦੇ ਅਧਿਕਾਰਾਂ ਦਾ ਹਨਨ ਕੀਤਾ ਗਿਆ, ਸਿੱਖ ਵਿਚਾਰਧਾਰਾ ਦੇ ਬਿਲਕੁਲ ਉਲਟ ਹੈ। ਸਿੱਖ ਵਿਚਾਰਧਾਰਾ ਰਾਜੇ ਨੂੰ ਮਨੁੱਖੀ ਕਲਿਆਣ ਦਾ ਸਾਧਨ ਮੰਨਦੀ ਹੈ ਅਤੇ ਜੇ ਰਾਜਾ ਰਬ ਦੁਆਰਾ ਬਖਸ਼ੀ ਸ਼ਕਤੀ ਦਾ ਪਰਯੋਗ ਮਨੁੱਖੀ ਕਲਿਆਣ ਲਈ ਨਹੀਂ ਕਰਦਾ ਤਾਂ ਸਿੱਖ ਵਿਚਾਰਧਾਰਾ ਲੋਕਾਂ ਨੂੰ ਉਸ ਰਾਜੇ ਵਿਰੁਧ ਉਠ ਖੜੇ ਹੋਣ, ਬਗਾਵਤ ਕਰਨ ਅਤੇ ਉਸ ਪੂਰੀ ਰਾਜ ਵਿਵਸਥਾ ਨੂੰ ਬਦਲਨ ਦਾ ਪੂਰਾ ਅਧਿਕਾਰ ਦਿੰਦੀ ਹੈ। ਇਸ ਤੋਂ ਅਲਾਵਾ ਇਸਲਾਮ ਦੀ ਸਾਰੀ ਵਿਵਸਥਾ ਧਾਰਮਿਕ ਕਾਨੂੰਨਾਂ (ਸ਼ਰੀਅਤ) ਦੇ ਅਧੀਨ ਹੈ ਪਰ ਸਿੱਖ ਮਤ ਵਿਚ ਇਸ ਤਰ੍ਹਾਂ ਦੇ ਧਾਰਮਿਕ ਕਾਨੂੰਨ ਨਹੀਂ ਬਣਾਏ ਗਏ ਅਤੇ ਮਨੁੱਖੀ ਜੀਵਨ ਨੂੰ ਸੇਧ ਦੇਣ ਲਈ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਸਾਂਝੇ ਮਨੁੱਖੀ ਉਪਦੇਸ਼ਾਂ ਨੂੰ ਮਹੱਤਤਾ ਦਿੱਤੀ ਗਈ ਹੈ।

ਪੁਰਾਤਨ ਭਾਰਤੀ ਪਰੰਪਰਾ ਵਿਚ ਰਾਜ ਨੂੰ ਧਰਮ ਦੇ ਵਿਸਤ੍ਰਿਤ ਖੇਤਰ ਦਾ ਇਕ ਹਿੱਸਾ ਮੰਨਿਆ ਗਿਆ ਹੈ ਅਤੇ ਇਸ ਨੂੰ ਰਾਜ-ਧਰਮ ਦਾ ਨਾਂ ਦਿੱਤਾ ਗਿਆ ਹੈ। ਸਿੱਖ ਮਤ ਵੀ ਧਰਮ ਨੂੰ ਵਿਸਤ੍ਰਿਤ ਅਰਥਾਂ ਵਿਚ ਵੇਖਦਾ ਹੈ ਅਤੇ ਜੀਵਨ ਦੇ ਅਧਿਆਤਮਕ ਅਤੇ ਦੁਨਿਆਵੀ ਦੋਹਾਂ ਖੇਤਰਾਂ ਦੇ ਸਮੁੱਚੇ ਜੋੜ (Total) ਨੂੰ ਧਰਮ ਮੰਨਦਾ ਹੈ। ਧਰਮ ਦੇ ਵਿਸਤ੍ਰਿਤ ਖੇਤਰ ਦੇ ਇਕ ਹਿੱਸੇ ਦੇ ਰੂਪ ਵਿਚ ਸਿੱਖ ਵਿਚਾਰਧਾਰਾ ਨੇ ਰਾਜ ਨੂੰ ਧਰਮ ਨਾਲ ਜੋੜੀ ਰਖਿਆ ਹੈ।

ਪਰ ਪੁਰਾਤਨ ਭਾਰਤੀ ਪਰੰਪਰਾ ਵਿਚ ਮੌਜੂਦਾ 'ਬ੍ਰਾਹਮਣੀ ਵਰਗ' ਦੀ ਰਾਜ ਵਿਵਸਥਾ ਨੂੰ ਨੇਤ੍ਰਿਤਵ ਦੇਣ ਦੀ ਪ੍ਰਥਾ ਨੂੰ ਸਿੱਖ ਮੱਤ ਵਿਚ ਮਾਨਤਾ ਨਹੀਂ ਦਿੱਤੀ ਗਈ। ਸਿੱਖ ਮੱਤ ਵਿਚ ਕਿਸੇ ਕਿਸਮ ਦੇ 'ਧਰਮ ਆਗੂਆਂ ਦੇ ਵਰਗ' (Priest Class ) ਦੀ ਪਰੰਪਰਾ ਨਹੀਂ।

ਇਸ ਪ੍ਰਕਾਰ ਈਸਾਈਅਤ ਦੇ 'ਚਰਚ' ਦੀ ਤਰ੍ਹਾਂ ਸਿੱਖ ਮੱਤ ਵਿਚ ਵੀ ਧਰਮ ਦਾ ਸੰਸਥਾਤਮਕ ਰੂਪ ਉਜਾਗਰ ਹੁੰਦਾ ਹੈ ਅਤੇ ਇਸ ਸੰਸਥਾਤਮਕ ਸਿੱਖੀ ਸੰਗਠਨ ਦਾ ਆਪਣਾ ਰਾਜਨੀਤਕ ਵਿਅਕਤਿਤਵ ਹੈ। ਇਸਲਾਮ ਦੀ ਤਰ੍ਹਾਂ, ਸਿੱਖ ਸਿਧਾਂਤ ਰੱਬ ਨੂੰ ਸਾਰੀ ਸ਼ਕਤੀਆਂ ਦਾ ਸੋਮਾ ਮੰਨਦਾ ਹੈ। ਪੁਰਾਤਨ ਭਾਰਤੀ ਪਰੰਪਰਾ ਦੀ ਤਰ੍ਹਾਂ ਸਿੱਖੀ ਵਿਚ ਰਾਜ, ਧਰਮ ਦੀ ਸਮੁੱਚਤਾ ਦਾ ਇਕ ਹਿੱਸਾ ਮੰਨਿਆ ਗਿਆ ਹੈ। ਪਰ ਸਿਖ ਮਤ ਵਿਚ ਈਸਾਈਅਤ ਦੀ ਤਰ੍ਹਾਂ ਧਰਮ, ਸੱਤਾ ਦਾ ਭੁੱਖਾ ਨਹੀਂ। ਇਸਲਾਮ ਦੀ ਤਰ੍ਹਾਂ ਇਸ ਵਿਚ ਰਾਜ ਨੂੰ ਸਾਰੀਆਂ ਸ਼ਕਤੀਆਂ ਦਾ ਸੋਮਾ ਮੰਨ ਕੇ ਲੋਕਾਂ ਦੇ ਅਧਿਕਾਰਾਂ ਦਾ ਹਨਨ ਨਹੀਂ ਕੀਤਾ ਗਿਆ ਅਤੇ ਨਾ ਹੀ 'ਧਾਰਮਿਕ ਕਾਨੂੰਨਾਂ' (ਸ਼ਰੀਅਤ) ਦੀ ਪਰੰਪਰਾ ਸਿੱਖ ਮੱਤ ਵਿਚ ਹੈ। ਪੁਰਾਤਨ ਭਾਰਤੀ ਪਰੰਪਰਾ ਦੀ ਤਰ੍ਹਾਂ 'ਧਰਮ ਆਗੂਆਂ ਦੇ ਵਰਗ' (Priest Class ) ਦੀ ਪਰੰਪਰਾ ਨੂੰ ਵੀ ਸਿੱਖ ਮੱਤ ਵਿਚ ਕੋਈ ਮਾਨਤਾ ਨਹੀਂ ਮਿਲੀ।

ਸਿੱਖ ਵਿਚਾਰਧਾਰਾ ਦਾ ਇਕ ਬਹੁਤ ਮਹੱਤਵਪੂਰਣ ਯੋਗਦਾਨ ਇਹ ਹੈ ਕਿ ਉਸ ਨੇ ਰੱਬ ਨੂੰ ਸਾਰੀਆਂ ਸ਼ਕਤੀਆਂ ਦਾ ਸੋਮਾ ਮੰਨਦਿਆਂ ਹੋਇਆਂ ਵੀ ਰਾਜ ਨੂੰ ਇਕ ਸਮਾਜੀ-ਸੰਗਠਨ ਦੇ ਰੂਪ ਵਿਚ ਪੇਸ਼ ਕੀਤਾ। ਇਹੋ ਕਾਰਣ ਹੈ ਕਿ ਰਾਜ ਦਾ ਸਿੱਖ-ਸੰਕਲਪ 'ਧਰਮ ਸੰਪ੍ਰਦਾ-ਇਕ' ਰਾਜ (Theocratic State )ਦਾ ਹਾਮੀ ਨਹੀਂ ਅਤੇ ਨਾ ਹੀ ਸਿੱਖ ਫਲਸਫੇ ਵਿਚ ਇਸ ਪ੍ਰਕਾਰ ਦੇ ਰਾਜ ਦੀ ਸਥਾਪਨਾ ਲਈ ਅਵੱਸ਼ਕ ਤੱਤਾਂ (1) ਇਲਾਹੀ ਕਾਨੂੰਨ (Law of God ) (2) ਇਲਾਹੀ ਕਾਨੂੰਨ ਲਾਗੂ ਕਰਨ ਲਈ ਸੰਪੂਰਨ ਸ਼ਕਤੀ (Sovereign to enforce sacred law ) ਤੇ (3) ਧਰਮ ਨੇਤਾਵਾਂ ਦਾ ਵਰਗ (Priesthood ) ਦੀ ਵਿਵਸਥਾ ਹੈ।

ਇਹ ਠੀਕ ਹੈ ਕਿ ਸਿੱਖ ਵਿਚਾਰਧਾਰਾ 'ਧਰਮ ਸੰਪ੍ਰਦਾਇਕ ਰਾਜ'(Theocratic State )ਦੇ ਸੰਕਲਪ ਦੀ ਹਾਮੀ ਨਹੀਂ ਪਰ ਸਿੱਖ ਮੱਤ ਪਾਸ ਰਾਜ ਦਾ ਆਪਣਾ ਸੰਕਲਪ ਹੈ ਜਿਸ ਨੂੰ ਉਹ ਲਾਗੂ ਕਰਨਾ ਚਾਹੁੰਦਾ ਹੈ। ਇਥੇ ਇਕ ਸਵਾਲ ਸਾਹਮਣੇ ਆਉਂਦਾ ਹੈ ਕਿ ਸਿੱਖੀ ਦਾ ਮੁੱਢਲਾ ਸਿਧਾਂਤ 'ਨਿਸ਼ਕਾਮਤਾ' ਹੈ ਚਾਹੇ ਉਹ ਅਧਿਆਤਮਕ ਖੇਤਰ ਹੋਵੇ ਜਾਂ ਦੁਨਿਆਵੀ। ਰਾਜ ਜਾਂ ਮੁਕਤੀ ਦੀ ਇੱਛਾ ਰੱਖਣ ਵਾਲਾ, ਸਿੱਖੀ ਦੇ ਮਾਰਗ ਤੇ ਚਲਣ ਵਿਚ ਸਮਰਥ ਨਹੀਂ ਹੋ ਸਕਦਾ। ਗੁਰਬਾਣੀ ਦੀ ਇਹ ਪੰਕਤੀ ਇਸ ਤੱਥ ਨੂੰ ਸਪਸ਼ਟ ਕਰਦੀ ਹੈ:

ਰਾਜ ਨ ਚਾਹੌ ਮੁਕਤ ਨ ਚਾਹੌ ਮਨ ਪ੍ਰੀਤ ਚਰਣ ਕਮਲਾਰੇ॥[1]

ਤਾਂ ਫਿਰ ਰਾਜ ਦੇ ਸੰਕਲਪ ਦੀ ਕੀ ਲੋੜ ਹੈ? ਇਸ ਸਵਾਲ ਦੇ ਉਤਰ ਵਿਚ ਇਹ ਸਪਸ਼ਟ ਹੋਣਾ ਚਾਹੀਦਾ ਹੈ ਕਿ ਇਥੇ ਜਿਸ ਨਿਸ਼ਕਾਮਤਾ ਦਾ ਜ਼ਿਕਰ ਹੈ ਉਹ - ਵਿਅਕਤੀਗਤ ਖੇਤਰ ਵਿਚ ਹੈ। ਵਿਅਕਤੀਗਤ ਰੂਪ ਵਿਚ ਸਿੱਖ ਨਾ ਰਾਜ ਅਤੇ ਨਾ ਮੁਕਤੀ ਦੀ ਕਾਮਨਾ ਰਖਦਾ ਹੈ। ਪਰ ਸੰਸਥਾਤਮਕ ਰੂਪ ਵਿਚ ਸਿੱਖ ਸਮਾਜ ਕੋਲ ਰਾਜਨੀਤਕ ਇੱਛਾ ਅਤੇ ਰਾਜ ਦਾ ਸੰਕਲਪ ਮੌਜੂਦ ਹੈ ਅਤੇ ਅਧਿਆਤਮਕ ਕਲਿਆਣਤਾ ਲਈ ਸੰਗਤ ਦਾ ਸੰਕਲਪ ਵੀ ਉਸ ਪਾਸ ਮੌਜੂਦ ਹੈ।

ਸਿੱਖ ਜੀਵਨ-ਉਦੇਸ਼ ਇਕ ਪਾਸੇ ਸੰਤੁਲਿਤ ਸਮਾਜਿਕ, ਧਾਰਮਿਕ ਅਤੇ ਰਾਜਨੀਤਕ ਪਰਿਸਥਿਤੀਆਂ ਦੀ ਸਿਰਜਨਾ ਕਰਨਾ ਹੈ ਤੇ ਦੂਜੇ ਪਾਸੇ ਮਨੁੱਖ ਨੂੰ ਹਰ ਤਰ੍ਹਾਂ ਦੀ ਰਾਜਨੀਤਕ ਤੇ ਸਮਾਜਿਕ ਪਰਿਸਥਿਤੀ ਦਾ ਸਾਹਮਣਾ ਕਰਨ ਲਈ ਤੱਤਪਰ ਕਰਨਾ ਹੈ। ਇਸ ਪ੍ਰਕਾਰ ਗੁਰੂ ਸਾਹਿਬਾਨ ਨੂੰ ਦੋ ਖੇਤਰਾਂ ਵਿਚ ਜੂਝਣਾ ਪਿਆ। ਇਕ ਤਰਫ਼ ਰਾਜ ਵਿਵਸਥਾ ਦੇ ਉਹਨਾਂ ਆਗੂਆਂ ਵਿਰੁਧ ਸੰਘਰਸ਼ ਕਰਨਾ ਸੀ ਜੋ ਆਪਣੇ ਰਾਜ ਦੀ ਕਾਇਮੀ ਬਰਕਰਾਰ ਰਖਣ ਲਈ ਜ਼ੁਲਮ ਦੀ ਹਰ ਹੱਦ ਟੱਪਣ ਲਈ ਤਿਆਰ ਸਨ ਅਤੇ ਦੂਜੀ ਤਰਫ ਆਮ ਮਨੁੱਖ ਨੂੰ ਉਸ ਦੇ ਪਰਿਵੇਸ਼ ਵਿਚ ਹੋ ਰਹੀਆਂ ਰਾਜਨੀਤਕ ਤੇ ਸਮਾਜਕ ਵਧੀਕੀਆਂ ਪ੍ਰਤੀ ਜਾਗਰੂਕ ਕਰਕੇ ਇਕ

---

1- ਆਦਿ ਗ੍ਰੰਥ, ਪੰਨਾ 534

ਚੇਤੰਨ ਲੁਕਾਈ ਦੀ ਸਿਰਜਨਾ ਦਾ ਕਾਰਜ ਸੀ।

ਗੁਰੂ ਸਾਹਿਬਾਨ ਨੇ ਰਾਜਨੀਤਕ ਸ਼ਕਤੀ ਦੁਆਰਾ ਕੀਤੇ ਜਾ ਰਹੇ ਹਰ ਪ੍ਰਕਾਰ ਦੇ ਸ਼ੋਸ਼ਣ ਪ੍ਰਤੀ ਜਨ ਸਧਾਰਣ ਨੂੰ ਜਾਗਰੂਕ ਕੀਤਾ। ਗੁਰੂ ਅਰਜਨ ਦੇਵ ਤਕ ਇਸ ਅਨਿਆਂ ਦਾ ਵਿਰੋਧ ਬਾਣੀ ਵਿਚ ਅੰਕਿਤ ਕੀਤਾ ਗਿਆ ਤੇ ਸਿਖਾਂ ਨੂੰ ਸੰਗਠਿਤ ਕਰਕੇ ਉਸ ਵਿਰੁੱਧ ਰੋਸ ਪ੍ਰਗਟ ਕਰਨ ਲਈ ਤਿਆਰ ਕੀਤਾ ਗਿਆ। ਇਹ ਵਿਰੋਧ ਦੀ ਪਹਿਲੀ ਅਵਸਥਾ ਸੀ ਅਤੇ ਇਸ ਦਾ ਸ਼ਾਂਤੀਪੂਰਣ ਹੋਣਾ ਸੁਭਾਵਕ ਸੀ। ਪਰ ਜਦ ਦੁਨਿਆਵੀ ਹਾਕਮਾਂ ਦਾ ਜ਼ੁਲਮ ਇਥੋਂ ਤਕ ਵਧ ਗਿਆ ਕਿ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ ਓਦੋਂ ਇਹ ਸਪਸ਼ਟ ਹੋ ਗਿਆ ਕਿ ਇਹ ਰਾਜ ਲੋਕ-ਹਿਤਕਾਰੀ, ਨਿਆਇਕ ਤੇ ਧਾਰਮਕ ਕਦਰਾਂ ਕੀਮਤਾਂ ਤੋਂ ਡਿੱਗ ਚੁਕਿਆ ਹੈ ਤੇ ਇਸ ਰਾਜ ਦੇ ਅਣਮਨੁੱਖੀ ਕਰਮਾਂ ਕਰਕੇ ਮਨੁੱਖੀ ਹੋਂਦ ਨੂੰ ਖਤਰਾ ਪੈਦਾ ਹੋ ਗਿਆ ਹੈ। ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਜੀ ਨੇ ਵਕਤ ਦੀ ਨਬਜ਼ ਨੂੰ ਘੋਖਿਆ ਤੇ ਮੀਰੀ-ਪੀਰੀ ਦੀਆਂ ਦੋ ਕਿਰਪਾਨਾਂ ਦੇ ਨਾਲ ਰਾਜ ਦੇ ਹੋਰ ਸਾਰੇ ਚਿਹਨ-ਤਖ਼ਤ, ਕਲਗੀ, ਫੌਜ, ਦਰਬਾਰ ਇਤਿਆਦਿ - ਵੀ ਅਪਨਾ ਲਏ। ਇਸ ਪ੍ਰਕਾਰ ਲੋਕਾਂ ਨੇ ਜ਼ਾਲਮ ਹਕੂਮਤ ਨਾਲੋਂ ਆਪਣਾ ਨਾਤਾ ਤੋੜ ਕੇ ਗੁਰੂ ਸਾਹਿਬ ਨੂੰ ਅਧਿਆਤਮਕ ਗੁਰੂ ਦੇ ਨਾਲ ਨਾਲ ਸੰਸਾਰੀ ਪ੍ਰਭੁਤਾ-ਸੰਪੰਨ ਆਗੂ ਵੀ ਮੰਨਣਾ ਸ਼ੁਰੂ ਕਰ ਦਿੱਤਾ। ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਸਾਰਾ ਜੀਵਨ ਤੇ ਸਰਬੰਸ ਆਪਣੇ ਤੋਂ ਪਹਿਲਾਂ ਦੇ ਗੁਰੂ ਸਾਹਿਬਾਨ ਦੇ ਮਿਥੇ ਉਦੇਸ਼ ਦੀ ਪ੍ਰਾਪਤੀ ਲਈ ਕੁਰਬਾਨ ਕਰ ਦਿੱਤਾ ਤੇ ਖਾਲਸਾ ਪੰਥ ਦੀ ਸਿਰਜਨਾ ਕਰਕੇ ਉਹ ਜ਼ਿੰਮੇਵਾਰੀ ਉਸ ਨੂੰ ਸੌਂਪ ਗਏ।

ਸਿੱਖ ਵਿਚਾਰਧਾਰਾ ਦਾ ਇਕ ਹੋਰ ਮਹੱਤਵਸ਼ਾਲੀ ਪੱਖ ਇਹ ਹੈ ਕਿ ਉਹ ਰਾਜਸ਼ਕਤੀ ਦੁਆਰਾ ਕਿਸੇ ਵਿਸ਼ੇਸ਼ ਧਰਮ ਦਾ ਪ੍ਰਸਾਰ ਕਰਨ ਦੇ ਵਿਰੁਧ ਹੈ। ਇਤਿਹਾਸ ਇਸ ਗੱਲ ਦੀ ਹਾਮੀ ਭਰਦਾ ਹੈ ਕਿ ਈਸਾਈਅਤ ਅਤੇ ਇਸਲਾਮ ਨੂੰ ਫੈਲਾਉਣ ਲਈ ਰਾਜ ਸ਼ਕਤੀ ਦਾ ਇਸਤੇ-ਮਾਲ ਕੀਤਾ ਗਿਆ। ਧਰਮ ਪਰਿਵਰਤਨ ਲਈ ਰਾਜ ਵਲੋਂ ਲਾਲਚ ਦਿੱਤੇ ਗਏ ਅਤੇ ਸਮੇਂ ਸਮੇਂ

ਤਲਵਾਰ ਦੀ ਸ਼ਕਤੀ ਦਾ ਵੀ ਪ੍ਰਯੋਗ ਕੀਤਾ ਗਿਆ। ਇਸਲਾਮ ਵਿਚ ਤਾਂ ਇਥੋਂ ਤੱਕ ਕਿਹਾ ਗਿਆ ਹੈ ਜਿਸ ਦੇਸ਼ ਜਾਂ ਇਲਾਕੇ ਵਿਚ ਮੁਸਲਮਾਨ ਗੈਰ ਮੁਸਲਮਾਨਾਂ ਦੇ ਅਧੀਨ ਹੋਣ ਉਹ 'ਦਾਰੁਲਹਰਬ' ਅਰਥਾਤ ਸੰਗਰਾਮ ਖੇਤਰ ਹੈ ਤੇ ਐਸੇ ਦੇਸ਼ ਵਿਚ ਮੁਸਲਮਾਨਾਂ ਦਾ ਬਗਾਵਤ ਕਰਨਾ ਧਾਰਮਕ ਫਰਜ਼ ਹੈ। ਭਾਰਤ ਵਿਚ ਜਦ ਮੁਗ਼ਲ ਬਾਦਸ਼ਾਹਾਂ ਹੱਥ ਹਕੂਮਤ ਸੀ ਤਾਂ ਉਹਨਾਂ ਨੇ ਵਿਵਹਾਰਕ ਤੌਰ ਤੇ ਭਾਰਤ ਵਿਚ ਰਾਜ-ਸ਼ਕਤੀ ਨਾਲ ਇਸਲਾਮ ਫੈਲਾਉਣ ਲਈ ਪੂਰਾ ਜ਼ੋਰ ਲਾਇਆ। ਜਿਸ ਨਾਲ ਦੂਜੇ ਧਰਮਾਂ ਦੇ ਲੋਕਾਂ ਦੀ ਧਾਰਮਿਕ ਆਜ਼ਾਦੀ ਖੁਸ ਗਈ ਅਤੇ ਕੁਝ ਲੋਕ ਇਹ ਸਿੱਟਾ ਕਢਣ ਤੇ ਮਜਬੂਰ ਹੋ ਗਏ ਕਿ ਕਿਸੇ ਧਰਮ ਦਾ ਪ੍ਰਸਾਰ ਸਿਰਫ ਰਾਜ ਸ਼ਕਤੀ ਦੇ ਪ੍ਰਯੋਗ ਦੁਆਰਾ ਹੀ ਹੋ ਸਕਦਾ ਹੈ।

ਸਿੱਖ ਪਰੰਪਰਾ ਵਿਚ ਰਾਜ ਸ਼ਕਤੀ ਦੁਆਰਾ ਧਰਮ ਪ੍ਰਸਾਰ ਨੂੰ ਉਚਿਤ ਨਹੀਂ ਮੰਨਿਆਂ ਗਿਆ। ਇਤਿਹਾਸ ਸਾਖੀ ਹੈ ਕਿ ਸਿੱਖ ਰਾਜ ਦੇ ਦੌਰ ਵਿਚ ਧਰਮ ਆਗੂਆਂ ਨੇ ਰਾਜ ਪ੍ਰਬੰਧ ਵਿਚ ਦਖਲਅੰਦਾਜ਼ੀ ਨਹੀਂ ਕੀਤੀ। "ਸਿੱਖ ਬਾਦਸ਼ਾਹਾਂ ਦੇ ਸਮੇਂ ਸਿੱਖ-ਧਰਮ ਆਗੂਆਂ ਤੇ ਪ੍ਰਚਾਰਕਾਂ ਨੇ ਰਾਜਨੀਤਕ ਬਾਰੇ ਵਿਚ ਕਦੀ ਦਖਲ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਜਿਸ ਤਰ੍ਹਾਂ ਕਿ ਹਿੰਦੂ ਪੁਜਾਰੀ ਕਰਿਆ ਕਰਦੇ ਸਨ। ਸਿੱਖ-ਧਰਮ ਵਿਚ ਧਾਰਮਿਕ ਆਗੂਆਂ ਦਾ ਸਤਿਕਾਰ ਤਾਂ ਹੁੰਦਾ ਸੀ, ਪਰ ਉਹ ਰਾਜ ਦੀ ਰਾਜਨੀਤੀ ਤੋਂ ਆਪਣੇ ਆਪ ਨੂੰ ਵੱਖ ਰਖਦੇ ਸਨ।"[1]

---

1- "The Sikh priest did not exercise influence on Sikh ruler or working of the political machinery of the State as the Hindu priest did. The Sikh priest was of course, respected by the ruler but he kept himself away from politics of the country."
-Bhagat Singh, Sikh Policy in the Eighteenth & Ninteenth Centuries, P-321.

ਇਸ ਵਿਚ ਕੋਈ ਸ਼ੱਕ ਨਹੀਂ ਕਿ ਸਿੱਖ ਲਹਿਰ ਨੇ ਸ਼ਕਤੀ ਨੂੰ ਧਰਮ ਫੈਲਾਉਣ ਲਈ ਨਹੀਂ ਵਰਤਿਆ ਪਰ ਸ਼ਕਤੀ ਪ੍ਰਯੋਗ ਨਾਲ ਕੀਤੀ ਜਾ ਰਹੀ ਧਰਮ-ਤਬਦੀਲੀ ਵਿਰੁੱਧ ਆਪਣੀ ਸਮੁੱਚੀ ਸ਼ਕਤੀ ਨਾਲ ਸੰਘਰਸ਼ ਆਰੰਭਿਆ। ਸਿੱਖ ਲਹਿਰ ਦੇ ਬਾਨੀਆਂ ਨੂੰ ਇਹ ਸਪਸ਼ਟ ਸੀ ਕਿ ਭਾਵੇਂ ਧਰਮ-ਪ੍ਰਸਾਰ ਲਈ ਸ਼ਕਤੀ ਪ੍ਰਯੋਗ ਯੋਗ ਨਹੀਂ ਪਰ ਧਰਮ ਬਚਾਉਣ ਤੇ ਆਪਣੀ ਹੋਂਦ ਬਰਕਰਾਰ ਰਖਣ ਲਈ ਸ਼ਕਤੀ ਇਕੱਤ੍ਰ ਕਰਨਾ ਤੇ ਰਾਜ ਸੱਤਾ ਪ੍ਰਾਪਤ ਕਰਨਾ ਆਵਸ਼ਕ ਹੈ। ਸਿੱਖ ਪੰਥ ਨੇ 'ਮੀਰੀ' (ਹਲਤਮੁਖੀ ਪ੍ਰਭੁਤਾ) ਦਾ ਹਮੇਸ਼ਾਂ ਦਾਅਵਾ ਰਖਿਆ ਅਤੇ ਇਸ ਨਿਸ਼ਾਨੇ ਦੀ ਪੂਰਤੀ ਲਈ ਹਮੇਸ਼ਾਂ ਮੌਜੂਦਾ ਰਾਜ ਸੱਤਾ ਨਾਲ ਟੱਕਰ ਲਈ।

ਰਾਜ ਅਤੇ ਧਰਮ ਵਿਚਲੇ ਸੰਬੰਧ ਦੀ ਹੋਰ ਸਪਸ਼ਟਤਾ ਲਈ ਗੁਰੂ ਗੋਬਿੰਦ ਸਿੰਘ ਜੀ ਦਾ ਇਹ ਵਾਕ ਸਹਾਇਕ ਹੋ ਸਕਦਾ ਹੈ:-

ਬਾਬੇ ਕੇ ਬਾਬਰ ਕੇ ਦੋਊ॥
ਆਪ ਕਰੇ ਪਰਮੇਸਰ ਸੋਊ॥
ਦੀਨ ਸਾਹਿ ਇਨ ਕੋ ਪਹਿਚਾਨੋ॥
ਦੁਨੀ ਪਤਿ ਉਨ ਕੋ ਅਨੁਮਾਨੋ॥
ਜੋ ਬਾਬੇ ਕੇ ਦਾਮ ਨ ਦੇ ਹੈ॥
ਤਿਨ ਤੇ ਗਹਿ ਬਾਬਰ ਕੇ ਲੈ ਹੈ॥
ਦੈ ਦੈ ਤਿਨ ਕੋ ਬਡੀ ਸਜਾਇ॥
ਪੁਨਿ ਲੈ ਹੈ ਗ੍ਰਹਿ ਲੂਟਿ ਬਨਾਇ॥[1]

ਇਨ੍ਹਾਂ ਪੰਕਤੀਆਂ ਵਿਚ 'ਬਾਬੇ ਕੇ' ਅਤੇ 'ਬਾਬਰ ਕੇ' ਸ਼ਬਦ ਪ੍ਰਤੀਕ ਰੂਪ ਵਿਚ ਵਰਤੇ ਗਏ ਹਨ। ਭਾਈ ਕਾਹਨ ਸਿੰਘ ਜੀ ਨੇ ਇਨ੍ਹਾਂ ਸ਼ਬਦਾਂ ਦਾ ਅਰਥ "ਗੁਰੂ ਨਾਨਕ ਦੇਵ ਜੀ ਤੇ ਬਾਬਰ ਦੇ ਜਾਨਸ਼ੀਨ ਭਾਵ ਦੀਨ ਅਤੇ ਦੁਨੀਆਂ ਦੇ ਆਗੂ"[2] ਦਸਿਆ ਹੈ।

---

1- ਬਚਿਤ੍ਰ ਨਾਟਕ, ਦਸਮ ਗ੍ਰੰਥ (ਸੈਂਚੀ ਪਹਿਲੀ), ਪੰਨਾ 71

2- ਨਾਭਾ, ਭਾਈ ਕਾਨ੍ਹ ਸਿੰਘ, ਮਹਾਨਕੋਸ਼, ਪੰਨਾ 854

ਇਤਿਹਾਸ ਗਵਾਹ ਹੈ ਕਿ ਬਾਬਰ ਦੇ ਸਮੇਂ ਤੋਂ ਹੀ ਦੁਨਿਆਵੀ ਸ਼ਕਤੀ ਨੇ ਆਪਣੇ ਦਾਇਰੇ ਦਾ ਉਲੰਘਣ ਕਰਕੇ ਮਨੁੱਖ ਦੇ ਧਾਰਮਕ ਤੇ ਅਧਿਆਤਮਕ ਖੇਤਰ ਵਿਚ ਦਖ਼ਲ-ਅੰਦਾਜ਼ੀ ਸ਼ੁਰੂ ਕਰ ਦਿੱਤੀ ਸੀ। ਮਨੁੱਖ ਦੀ ਹਰ ਤਰਾਂ ਦੀ ਆਜ਼ਾਦੀ ਤੇ ਉਸਦੀ ਸੋਚਣ ਵਿਚਾਰਨ ਤੇ ਇਜ਼ਹਾਰ ਕਰਨ ਦੀ ਸੁਤੰਤਰਤਾ ਰਾਜ ਨੇ ਖੋਹ ਲਈ ਸੀ। ਰਾਜ ਦੀ ਤਲਵਾਰ ਦੇ ਖੌਫ਼ ਨਾਲ ਲੋਕ ਆਪਣੇ ਧਰਮ, ਭਾਸ਼ਾ ਤੇ ਸਭਿਆਚਾਰ ਇਤਿਆਦਿ ਤਿਆਗਣ ਲਈ ਮਜਬੂਰ ਹੋ ਗਏ ਸਨ। ਐਸੀ ਸਥਿਤੀ ਵਿਚ ਗੁਰੂ ਸਾਹਿਬ ਨੇ ਜ਼ਾਲਮ ਹਕੂਮਤ ਦਾ ਕਾਰਗਰ ਵਿਰੋਧ ਕਰਨ ਲਈ ਲੋਕਾਂ ਨੂੰ 'ਬਾਬਰ ਕੇ' ਦੀਆਂ ਸ਼ਕਤੀਆਂ ਦੇ ਵਿਰੁੱਧ ਤੇ 'ਬਾਬੇ ਕੇ' ਦੀਆਂ ਸ਼ਕਤੀਆਂ ਦੇ ਨੇਤ੍ਰਤਵ ਵਿਚ ਇਕੱਤ੍ਰ ਹੋਣ ਦਾ ਆਦੇਸ਼ ਦਿੱਤਾ। ਉਹਨਾਂ ਇਹ ਵੀ ਸਪਸ਼ਟ ਕੀਤਾ ਕਿ ਜੋ ਲੋਕ ਇਸ ਵਿਰੋਧ ਵਿਚ ਬਾਬੇ ਨਾਲ ਅਰਥਾਤ ਧਰਮ ਦੀ ਸ਼ਕਤੀ ਨਾਲ ਨਹੀਂ ਜੁੜਨਗੇ ਉਹ ਨਿਰੰਕੁਸ਼ ਰਾਜ ਦੁਆਰਾ ਖੁਆਰ ਹੋਣਗੇ ਤੇ ਸਜ਼ਾ ਪਾਉਣਗੇ।

ਇਸ ਪ੍ਰਕਾਰ ਦਸ ਗੁਰੂ ਸਾਹਿਬਾਨ ਨੇ ਤਕਰੀਬਨ 240 ਸਾਲਾਂ ਦੇ ਲਗਾਤਾਰ ਪ੍ਰਯਾਸ ਤੋਂ ਭਾਰਤੀ ਸਮਾਜ ਨੂੰ ਇਕ ਨਵੀਂ ਚੇਤਨਾ ਤੇ ਸਮੁੱਚੀ ਜੀਵਨ ਜਾਚ ਨਾਲ ਸ਼ਿੰਗਾਰਿਆ। ਸਿੱਖ ਲਹਿਰ ਦੇ ਅਰੰਭ ਤੋਂ ਹੀ ਇਹ ਤਬਦੀਲੀ ਆਉਣੀ ਸ਼ੁਰੂ ਹੋ ਗਈ ਸੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਦੀ ਸਿਰਜਨਾ ਕਰਕੇ ਸੰਪੂਰਨ ਕ੍ਰਾਂਤੀ ਲੈ ਆਂਦੀ। ਨਿਹਾਰ ਰੰਜਨ ਰਾਇ ਨੇ ਆਪਣੀ ਪੁਸਤਕ ਵਿਚ ਇਸ ਪਰਿਵਰਤਨ ਦਾ ਜ਼ਿਕਰ ਬੜੇ ਵਿਦਵਤਾ ਭਰਪੂਰ ਤਰੀਕੇ ਨਾਲ ਕੀਤਾ ਹੈ। ਉਸ ਅਨੁਸਾਰ "ਇਕ ਸ਼ਾਂਤੀਪ੍ਰਿਯ ਅਤੇ ਰਬੀ ਪਿਆਰ ਵਾਲੀ ਜਮਾਤ ਨੂੰ ਇਕ ਐਸੇ ਸਮਾਜਕ ਤੇ ਰਾਜਨੀਤਕ ਸੰਗਠਨ ਵਿਚ ਤਬਦੀਲ ਕਰਨਾ ਜੋ ਅਧਿਆਤਮਕ ਤੌਰ ਤੇ ਜਾਗਰੂਕ ਹੈ, ਨੈਤਿਕਤਾ ਵਿਚ ਸ਼ੁੱਧ ਹੈ ਅਤੇ ਨਾਲ ਹੀ ਦੁਨਿਆਵੀ ਪੱਧਰ ਤੇ ਮੌਤ ਤਕ ਜੂਝਣ ਲਈ ਤਿਆਰ ਬਰ ਤਿਆਰ ਹੈ, ਇਤਿਹਾਸ ਦੇ ਪਖੋਂ ਬਹੁਤ ਮਹੱਤਵ-ਪੂਰਣ ਹੈ। ਪਹਿਲੀ ਵਾਰ ਮੌਤ ਦਾ ਡਰ, ਜੋ ਸਭ ਤੋਂ ਵੱਡਾ ਤੇ ਡੂੰਘਾ ਹੈ, ਮਨੁੱਖ ਤੋਂ ਕੱਢ ਦਿੱਤਾ ਗਿਆ ਅਤੇ ਉਹ ਵੱਡੇ ਤੋਂ ਵੱਡੇ ਤਸੀਹੇ ਨਾਲ ਮੌਤ ਵੀ ਹੱਸ ਕੇ ਬਰਦਾਸ਼ਤ ਕਰਨ ਲੱਗ ਪਿਆ।

ਗੁਰੂ ਗੋਬਿੰਦ ਸਿੰਘ ਜੀ ਤੋਂ ਕੁਛ ਸਮਾਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਦੀ ਮੌਤ ਇਤਿਹਾਸ ਵਿਚ ਬੇਮਿਸਾਲ ਹੈ।[1] ਸੁਰਿੰਦਰ ਸਿੰਘ ਕੋਹਲੀ ਨੇ ਲਿਖਿਆ ਹੈ ਕਿ "ਸਿੱਖ ਸਮਾਜ ਦਾ ਹਰ ਵਿਅਕਤੀ ਇਕ ਸੰਤ, ਸਿਪਾਹੀ ਤੇ ਵਿਦਵਾਨ ਹੈ ਅਤੇ ਇਸੇ ਲਈ ਸਮਾਜ ਜਜ਼ਬੇ ਵਿਚ ਜੁਝਾਰੂ ਹੈ, ਚਰਿੱਤ੍ਰ ਵਿਚ ਸੰਤ ਹੈ ਤੇ ਗਿਆਨ ਵਿਚ ਵਿਦਵਤਾ ਨਾਲ ਪੁਰ ਹੈ।[2]" ਗੁਰੂ ਗੋਬਿੰਦ ਸਿੰਘ ਜੀ ਦਾ ਇਹ ਕਥਨ ਵੀ ਸਿੱਖੀ ਦੇ ਮਹਾਨ ਮੀਰੀ ਪੀਰੀ ਦੇ ਸਿਧਾਂਤ ਵਲ ਸੰਕੇਤ ਕਰਦਾ ਹੈ:-

- - - - - - - - - - - - - - - - - - - - - - - - - - - - - - -

1- "The history of transformation of a pietistic and God-loving Community to a highly organised socio-Political body. Spiritually awakened, ethically pure but at the same time-earth-bound, dynamic, conscious, ready to fight evil even unto death, if necessary, is known to all students of India history and culture. For the first time fear of death, the darkest and deepest of all fears, was taken out of man, death not merely in the heat and tumult of war but death in silent defiance of the most painful and torturous tyrrany, the kind of death that Banda embraced and kissed in serene faith and supreme composure only few years after the death of Guru Gobind Singh."

-Niharranjan Ray-The Sikh Gurus & the Sikh Society, P-168

2- "Every individual of Sikh Society is a saint, soldier, and scholar, therefore, the society itself is martial in spirit, saintly incharacter and scholarly in knowledge."

-Kohli, Surinder Singh, Outlines of Sikh Thought, P-98.

ਧੰਨ ਜੀਓ ਤਿਹਕੋ ਜਗ ਮੈ ਮੁਖ ਤੇ

ਹਰਿ ਚਿਤਿ ਮੈ ਜੁਧੁ ਬਿਚਾਰੈ॥[1]

'ਸਰਬ ਲੋਹ' ਅਨੁਸਾਰ ਖਾਲਸੇ ਦੀ ਸਿਰਜਨਾ ਅਕਾਲ ਪੁਰਖ ਦੀ ਆਗਿਆ ਅਨੁਸਾਰ ਹੋਈ ਅਤੇ ਅਕਾਲ ਪੁਰਖ ਨੇ ਹੀ ਉਸ ਨੂੰ ਦੋਹਾਂ ਗੁਣਾਂ ਮੀਰੀ ਅਤੇ ਪੀਰੀ ਨਾਲ ਸਵਾਰਿਆ ਤੇ ਸ਼ਿੰਗਾਰਿਆ ਹੈ। ਖਾਲਸਾ ਭਗਤ ਵੀ ਹੈ ਤੇ ਸੂਰਾ ਵੀ:

ਕਾਲ ਪੁਰਖ ਕੀ ਆਗਿਆ ਪਾਇ

ਪ੍ਰਗਟ ਭਯੋ ਰੂਪ ਮੁਨਿਵਰ ਕੋ॥

ਜਟਾ ਜੂਟ ਨਖ ਸਿਖ ਕਰ ਪਾਵਨ

ਭਗਤ ਸੂਰ ਦਵੈ ਰੂਪ ਨਰਵਰ ਕੋ॥[2]

ਇਸ ਤਰ੍ਹਾਂ ਉਪਰੋਕਤ ਸਾਰੇ ਵਿਸਤਾਰ ਉਪਰੰਤ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਸਿੱਖ ਮਤ ਅਨੁਸਾਰ ਧਰਮ ਅਤੇ ਰਾਜ ਦੇ ਸੰਬੰਧਾਂ ਨੂੰ ਨਿਰਧਾਰਤ ਕਰਨ ਵਾਲੇ ਮੀਰੀ ਪੀਰੀ ਦੇ ਸਿਧਾਂਤ ਦੇ ਤਿੰਨ ਪਹਿਲੂ ਹਨ - ਵਿਅਕਤੀਗਤ ( Individual ) ਸੰਸਥਾਤਮਕ ( Institutional ) ਅਤੇ ਵਿਚਾਰਧਾਰਕ( Ideological )।

ਮੀਰੀ ਪੀਰੀ ਦੇ ਸਿਧਾਂਤ ਦਾ ਵਿਅਕਤੀਗਤ ਪਹਿਲੂ ਇਹ ਹੈ ਕਿ ਹਰ ਮਨੁੱਖ ਦੇ ਅੰਤਰਗਤ ਮੀਰੀ ਅਤੇ ਪੀਰੀ ਦੋਹਾਂ ਦਾ ਸਮਾਵੇਸ਼ ਹੁੰਦਾ ਹੈ। ਮਨੁੱਖ, ਇਕ ਜੀਵ ਦੇ ਰੂਪ ਵਿਚ ਪਰਮਾਤਮਾ ਦਾ ਅੰਸ਼ ਹੈ ਅਤੇ ਇਕ ਵਿਅਕਤੀ ਦੇ ਰੂਪ ਵਿਚ ਸਮਾਜ ਦੀ ਇਕਾਈ ਹੈ। ਜੀਵ ਪਰਮਾਤਮਾ ਦਾ ਆਪਸੀ ਸਬੰਧ ਪੀਰੀ ਵਲ ਅਤੇ ਵਿਅਕਤੀ -ਸਮਾਜ ਦਾ ਰਿਸ਼ਤਾ ਮੀਰੀ ਵੱਲ ਸੰਕੇਤ ਕਰਦਾ ਹੈ। ਗੁਰੂ ਸਾਹਿਬ ਨੇ ਜਿਸ ਖਾਲਸਾ ਦੀ ਸਿਰਜਨਾ ਕੀਤੀ ਉਹ ਆਪਣੇ ਵਿਚ ਸਾਂਤ ਰੂਪ ਵਿਚ ਸਮਾਈ ਹੋਈ ਪੀਰੀ ਨੂੰ ਭਗਤ ਬਣ ਕੇ ਅਤੇ

---

1- ਕ੍ਰਿਸ਼ਨਾਵਤਾਰ, ਦਸਮ ਗ੍ਰੰਥ (ਸੈਂਚੀ ਪਹਿਲੀ) ਪੰਨਾ 570

2- ਪਦਮ, ਪਿਆਰਾ ਸਿੰਘ, ਰਹਿਤਨਾਮੇ, ਪੰਨਾ 168

ਮੀਰੀ ਨੂੰ ਸੂਰਮਾ ਬਣ ਕੇ ਉਜਾਗਰ ਕਰਦਾ ਹੈ, ਅਤੇ ਮੀਰੀ-ਪੀਰੀ ਦਾ ਨਿਭਾਓ ਕਰਦਿਆਂ ਸਫਲ ਜੀਵਣ ਜੀਉਂਦਾ ਹੈ।

ਸੰਸਥਾਤਮਕ ਰੂਪ ਵਿਚ ਮੀਰੀ-ਪੀਰੀ ਦੇ ਸਿਧਾਂਤ ਨੂੰ ਗੁਰੂ ਹਰਿਗੋਬਿੰਦ ਸਾਹਿਬ ਨੇ ਅਮਲੀ ਰੂਪ ਪ੍ਰਦਾਨ ਕੀਤਾ। ਗੁਰੂ ਨਾਨਕ ਦੇਵ ਦੁਆਰਾ ਅਰੰਭੇ ਸਿਧਾਂਤ ਨੂੰ, ਮੀਰੀ-ਪੀਰੀ ਦੀਆਂ ਦੋ ਕਿਰਪਾਨਾਂ ਧਾਰਣ ਕਰਕੇ, ਗੁਰੂ ਹਰਿਗੋਬਿੰਦ ਸਾਹਿਬ ਨੇ ਪੂਰਣ ਸੰਸਥਾਤਮਕ ਰੂਪ ਵਿਚ ਗੁਰੂ ਘਰ ਦੀ ਪਰੰਪਰਾ ਅਤੇ ਮਰਿਆਦਾ ਦਾ ਬਾਕਾਇਦਾ ਹਿੱਸਾ ਬਣਾ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਿਰਜਨਾ ਮੁਕੰਮਲ ਕਰਕੇ ਇਸ ਸਿਧਾਂਤ ਨੂੰ ਗੁਰੂ ਪਰੰਪਰਾ ਤੋਂ ਰੂਪਾਂਤ੍ਰਿਤ ਕਰਕੇ ਖਾਲਸੇ ਦੇ ਜੀਵਨ ਵਿਚ ਉਤਾਰ ਦਿੱਤਾ। ਇਸੇ ਲਈ ਗੁਰੂ ਸਾਹਿਬਾਨ ਦੀ ਅਧਿਆਤਮਕ ਅਤੇ ਸੰਸਾਰਕ ਪ੍ਰਭੁਤਾ ਵਾਲੀ ਦੁਵੱਲੀ ਸ਼ਖਸੀਅਤ ਦੇ ਪ੍ਰਗਟਾਵੇ ਤੋਂ ਬਾਅਦ ਖਾਲਸਾ ਵੀ 'ਸੰਤ-ਸਿਪਾਹੀ' ਬਣ ਗਿਆ।

ਮੀਰੀ-ਪੀਰੀ ਦੇ ਸਿਧਾਂਤ ਦੇ ਵਿਚਾਰਧਾਰਕ ਪਹਿਲੂ ਅਨੁਸਾਰ ਸਾਰੀ ਸ਼ਕਤੀਆਂ ਦਾ ਸੋਮਾ ਰੱਬ ਹੈ। ਇਸੇ ਲਈ ਸਾਰੀਆਂ ਲੌਕਿਕ ਸੰਸਥਾਵਾਂ ਰੱਬ ਪਾਸੋਂ ਸ਼ਕਤੀਆਂ ਗ੍ਰਹਿਣ ਕਰਦੀਆਂ ਹਨ। ਰਾਜ ਵੀ ਰੱਬੀ ਸ਼ਕਤੀ ਅਧੀਨ ਹੈ। ਧਰਮ, ਲੋਕ ਅਤੇ ਪਰਲੋਕ ਦੋਹਾਂ ਖੇਤਰਾਂ ਵਿਚ ਰੱਬੀ ਇੱਛਾ ਦਾ ਅਨੁਸਰਣ ਕਰਵਾਉਣ ਵਾਲੀ ਵਿਆਪਕ ਸੰਸਥਾ ਹੈ। ਇਹਨਾਂ ਅਰਥਾਂ ਵਾਲੇ ਧਰਮ ਦੇ ਵਿਸਤ੍ਰਿਤ ਖੇਤਰ ਦੇ ਇਕ ਹਿੱਸੇ ਦੇ ਰੂਪ ਵਿਚ ਰਾਜ, ਧਰਮ ਨਾਲ ਜੁੜਿਆ ਹੋਇਆ ਹੈ ਅਤੇ ਧਰਮ, ਰਾਜ ਦਾ ਨਿਰਦੇਸ਼ਨ ਕਰਦਾ ਹੈ। ਅਸਲ ਵਿਚ ਧਰਮ ਦਾ ਰਾਜ ਨੂੰ ਨਿਰਦੇਸ਼ਨ ਦੋ ਮੰਤਵਾਂ ਦੀ ਪੂਰਤੀ ਲਈ ਹੁੰਦਾ ਹੈ - ਇਕ ਤਾਂ ਰਾਜ, ਆਪਣੇ ਸ਼ਕਤੀ - ਸ੍ਰੋਤ ਰਬ ਨਾਲ ਜੁੜਿਆ ਰਹੇ, ਅਤੇ ਦੂਜਾ ਰਾਜ ਦੀ ਨੁਹਾਰ ਲੋਕ-ਹਿਤ ਦੇ ਅਨੁਕੂਲ ਰਹੇ । ਸਿੱਖ ਵਿਚਾਰਧਾਰਾ ਵਿਚ ਧਰਮ ਸਾਪੇਖ ਰਾਜ ਦਾ ਅਰਥ ਧਰਮ ਸੰਪ੍ਰ-ਦਾਇਕ ਰਾਜ ( Theocratic State )ਬਿਲਕੁਲ ਨਹੀਂ ਬਲਕਿ ਰਾਜ ਸੱਤਾ ਦਾ ਰੱਬੀ ਇੱਛਾ ਅਨੁਸਾਰ, ਧਰਮੀ ਕਦਰਾਂ, ਕੀਮਤਾਂ ਅਤੇ ਮਰਿਆਦਾਵਾਂ ਦਾ ਪਾਬੰਦ ਹੋਣਾ ਹੈ।

ਰਾਜ ਦੀ ਨਿਰੰਕੁਸ਼ਤਾ ਰੋਕਣ ਲਈ ਧਰਮੀ ਅੰਕੁਸ਼ ਜ਼ਰੂਰੀ ਹੈ। ਇਤਿਹਾਸ ਸਾਖੀ ਹੈ ਕਿ ਗੁਰੂ ਸਾਹਿਬਾਨ ਦਾ ਆਪਣੇ ਸਮਕਾਲੀ ਰਾਜ ਦੇ ਵਿਰੋਧ ਵਿਚ ਪ੍ਰਤੀਕਰਮ ਵੀ, ਰਬੀ ਇਛਾ ਅਨੁਸਾਰ ਰਾਜ ਨੂੰ ਧਰਮ ਦੀਆਂ ਕਦਰਾਂ, ਕੀਮਤਾਂ ਅਤੇ ਮਰਿਆਦਾਵਾਂ ਵਿਚ ਪਾਬੰਦ ਕਰਨ ਲਈ ਸੀ।

ਇਥੇ ਇਹ ਦਸਣਾ ਵੀ ਉਚਿਤ ਹੋਵੇਗਾ ਕਿ ਭਾਵੇਂ ਅਸੀਂ ਮੀਰੀ ਪੀਰੀ ਦੇ ਸਿਧਾਂਤ ਦੇ ਤਿੰਨਾਂ ਪਹਿਲੂਆਂ ਨੂੰ ਵਖ ਵਖ ਕਰਕੇ ਪ੍ਰਸਤੁਤ ਕੀਤਾ ਹੈ ਪਰ ਇਹ ਤਿੰਨੇ ਪਹਿਲੂ ਅੰਤਰ-ਸੰਬੰਧਤ ਹਨ, ਅਤੇ ਇਹਨਾਂ ਵਿਚਕਾਰ ਕੋਈ ਗਹਿਰੀ ਲੀਕ ਖਿਚਣੀ ਅਸੰਭਵ ਹੈ। ਖਾਲਸਾ ਬਤੌਰ ਵਿਅਕਤੀ, ਮੀਰੀ ਪੀਰੀ ਦੀ ਸੰਸਥਾ ਦਾ ਹਿੱਸਾ ਹੈ ਅਤੇ ਮੀਰੀ-ਪੀਰੀ ਦੀ ਵਿਚਾਰਧਾਰਾ ਦਾ ਅਨੁਸਰਣ ਕਰਕੇ ਉਸ ਨੂੰ ਅਮਲ ਵਿਚ ਲਿਆਉਣ ਦਾ ਸਾਧਨ ਹੈ। ਇਹ ਵੀ ਸਪਸ਼ਟ ਹੈ ਕਿ ਮੀਰੀ ਪੀਰੀ ਦੀ ਵਿਚਾਰਧਾਰਾ ਨੇ ਸੰਸਥਾ ਨੂੰ ਜਨਮ ਦਿੱਤਾ ਹੈ ਅਤੇ ਮੀਰੀ ਪੀਰੀ ਦੀ ਸੰਸਥਾ ਨੇ ਵਿਚਾਰਧਾਰਾ ਨੂੰ ਅਗਾਂਹ ਵਧਾਇਆ ਹੈ।

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਸਿੱਖ ਧਰਮ ਮੀਰੀ-ਪੀਰੀ ਦੇ ਸੰਜੁਗਤ ਨਿਭਾਉ ਵਿਚ ਵਿਸ਼ਵਾਸ ਕਰਨ ਵਾਲਾ ਧਰਮ ਹੈ। ਭਾਵੇਂ ਵੇਖਣ ਵਿਚ ਰਾਜ ਅਤੇ ਧਰਮ ਦੇ ਆਪਣੇ ਆਪਣੇ ਕਾਰਜ ਖੇਤਰ ਹਨ ਪਰ ਬੁਨਿਆਦੀ ਤੌਰ ਤੇ ਧਰਮ ਦਾ ਕਾਰਜ ਖੇਤਰ ਅਸੀਮ ਹੈ। ਸਿਖ ਮਤ ਰਾਜ ਨੂੰ ਧਰਮ ਦਾ ਅਨੁਸਾਰੀ ਬਣਾਉਣ ਦਾ ਮੁਦਈ ਹੈ। ਪਰ ਇਥੇ ਇਹ ਤਥ ਧਿਆਨਯੋਗ ਹੈ ਕਿ ਵਿਵਸਥਾ ਦੇ ਸੁਆਲ ਤੇ, ਸਿੱਖ ਵਿਚਾਰਧਾਰਾ, ਰਾਜ ਅਤੇ ਧਰਮ ਦੇ ਅੰਤਰ-ਸੰਬੰਧਾਂ ਨੂੰ ਕਾਇਮ ਰਖਦਿਆਂ ਹੋਇਆਂ, ਰਾਜ ਵਿਵਸਥਾ ਅਤੇ ਧਰਮ ਵਿਵਸਥਾ ਨੂੰ ਅਡੋ ਅਡਰਾ ਮੰਨਦੀ ਹੈ। ਇਸ ਤਰ੍ਹਾਂ ਮੀਰੀ ਅਤੇ ਪੀਰੀ ਦੋ ਸਮਾਨਾਂਤਰ ਰੇਖਾਵਾਂ ਦੀ ਤਰ੍ਹਾਂ ਇਕ ਦੂਜੇ ਦੇ ਵਿਚਕਾਰ ਦੀ ਨੇੜਤਾ ਅਤੇ ਵਿਥ ਦੋਹਾਂ ਨੂੰ ਬਰਕਰਾਰ ਰਖਦਿਆਂ, ਬਿਨਾਂ ਕਿਸੇ ਵਿਰੋਧ ਜਾਂ ਰੁਕਾਵਟ ਦੇ, ਅਨੰਤ ਤੱਕ ਆਪਣੇ ਆਪਣੇ ਮਾਰਗ ਤੇ

ਨਾਲ ਨਾਲ ਚਲਦੀ ਰਹਿੰਦੀ ਹੈ। ਸਿੱਖ ਪਰੰਪਰਾ ਵਿਚ ਇਸ ਸਿਧਾਂਤ ਨੂੰ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਥਾਪਨਾ ਵਿਚ ਪ੍ਰਗਟ ਕੀਤਾ ਗਿਆ ਹੈ। ਸ੍ਰੀ ਹਰਿਮੰਦਰ ਸਾਹਿਬ ਅਧਿਆਤਮਕ ਪ੍ਰਭੁਤਾ (Spiritual Sovereignty ) ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੁਨਿਆਵੀ ਪ੍ਰਭੁਤਾ (Temporal Sovereignty ) ਦੇ ਪ੍ਰਤੀਕ ਹਨ। ਇਸੇ ਮੀਰੀ-ਪੀਰੀ ਦੇ ਵਿਲੱਖਣ ਸਿਧਾਂਤ ਦੇ ਅਧਾਰ ਤੇ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤਿ ਸਮਾਉਣ ਸਮੇਂ ਅਧਿਆਤਮਕ ਗੁਰਤਾ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦਿੱਤੀ ਤੇ ਦੁਨਿਆਵੀ ਪ੍ਰਭੁਤਾ ਪੰਜਾਂ ਪਿਆਰਿਆਂ ਰਾਹੀਂ ਖਾਲਸਾ ਪੰਥ ਨੂੰ ਬਖਸ਼ੀ ਸੀ। ਧਰਮ ਅਤੇ ਰਾਜ ਦੇ ਸੁਮੇਲ ਦਾ ਇਹ ਮੀਰੀ-ਪੀਰੀ ਦਾ ਗੁਰੂ-ਸਿਧਾਂਤ ਹੀ ਰਾਜ ਦੇ ਸਿੱਖ ਸੰਕਲਪ ਦਾ ਮੁਖ ਅਧਾਰ ਹੈ।

## ਅਧਿਆਇ ਚੌਥਾ

## ਗੁਰੂ ਪਰੰਪਰਾ ਨਾਲ ਜੁੜਿਆ ਵਿਕਲਪਿਕ ਰਾਜ ਦਾ ਸੰਕਲਪ

ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਸਿੱਖ ਗੁਰੂ ਪਰੰਪਰਾ ਨਾਲ ਇਕ ਐਸਾ ਲੋਕ ਵਿਸ਼ਵਾਸ ਜੁੜਦਾ ਜਾ ਰਿਹਾ ਸੀ, ਜਿਸ ਅਨੁਸਾਰ ਗੁਰੂ ਸਾਹਿਬਾਨ ਨੂੰ ਅਧਿਆਤਮਕ ਮਾਰਗ-ਦਰਸ਼ਕ ਤੋਂ ਇਲਾਵਾ ਰਾਜ-ਸ਼ਕਤੀ ਦਾ ਪ੍ਰਤੀਕ ਵੀ ਮੰਨਿਆ ਜਾਣ ਲੱਗ ਪਿਆ। ਇਤਿਹਾਸ ਸਾਖੀ ਹੈ ਕਿ ਲੌਕਿਕ ਤੇ ਪਰਲੌਕਿਕ ਦੋਹਾਂ ਖੇਤਰਾਂ ਵਿਚ ਲੋਕ ਗੁਰੂ ਦੀ ਆਗਿਆ ਵਿਚ ਵਿਚਰਨ ਲਗ ਪਏ ਸਨ ਅਤੇ ਗੁਰੂ ਨੂੰ ਦੋਹਾਂ ਜਹਾਨਾਂ ਦਾ ਮਾਲਕ ਮੰਨਣ ਲੱਗ ਪਏ ਸਨ। ਇਸ ਲੋਕ ਵਿਸ਼ਵਾਸ਼ ਨੂੰ ਹੋਰ ਪਰਿਪੱਕਤਾ ਓਦੋਂ ਪ੍ਰਾਪਤ ਹੋਈ, ਜਦੋਂ ਗੁਰੂ ਸਾਹਿਬਾਨ ਨੇ ਆਪ ਆਪਣੀ ਬਾਣੀ ਤੇ ਕਰਮ ਦੁਆਰਾ ਇਸ ਗੱਲ ਦੀ ਪ੍ਰੋੜ੍ਹਤਾ ਕਰ ਦਿੱਤੀ ਕਿ ਉਹਨਾਂ ਦੇ ਅੰਤਹਕਰਣ ਵਿਚ ਲੋਕਾਂ ਦੀ ਦੁਨਿਆਵੀ ਖੇਤਰ ਵਿਚ ਮੁਨਾਸਿਬ ਅਗਵਾਈ ਕਰਨ ਦੀ ਨਿਸਚਿਤ ਯੋਜਨਾ ਹੈ।

ਪ੍ਰਸ਼ਨ ਉਠਦਾ ਹੈ ਕਿ ਰਾਜ ਸਬੰਧੀ ਇਸ ਨਵੇਂ ਲੋਕ ਵਿਸ਼ਵਾਸ ਦੇ ਜਾਗ੍ਰਤ ਹੋਣ ਦਾ ਕਾਰਣ ਕੀ ਸੀ। ਗਹੁ ਨਾਲ ਵੇਖਿਆਂ ਪਤਾ ਲਗਦਾ ਹੈ ਕਿ ਤੱਤਕਾਲੀਨ ਰਾਜਿਆਂ ਦੇ ਅਲੋਕਤਾਂਤ੍ਰਿਕ ਆਚਰਣ ਅਤੇ ਉਹਨਾਂ ਵਲੋਂ ਅਪਨਾਈ ਗਈ ਸਵਾਰਥ-ਸਿਧੀ ਦੀ ਰਾਜਨੀਤੀ ਕਾਰਣ ਭਾਰਤੀ ਜਨਤਾ ਦੀ ਦੁਰਦਸ਼ਾ ਹੋ ਰਹੀ ਸੀ ਅਤੇ ਲੋਕਾਂ ਦਾ ਵੇਲੇ ਦੇ ਹਾਕਮਾਂ ਤੋਂ ਵਿਸ਼ਵਾਸ਼ ਪੂਰੀ ਤਰ੍ਹਾਂ ਹਿਲ ਚੁੱਕਾ ਸੀ। ਤੱਤਕਾਲੀਨ ਰਾਜ ਵਿਵਸਥਾ ਤੋਂ ਪੂਰੀ ਤਰ੍ਹਾਂ ਅਸੰਤੁਸ਼ਟੀ ਦੀ ਸਥਿਤੀ ਵਿਚ ਲੋਕੀਂ ਆਪਣੇ ਮਨਾਂ ਵਿਚ ਇਕ ਵਿਕਲਪਿਕ ਰਾਜ ਦੀ ਕਲਪਨਾ ਕਰਨ ਲਗ ਪਏ ਸਨ। ਇਕ ਐਸੇ ਆਦਰਸ਼ ਵਿਕਲਪਿਕ ਰਾਜ ਦੀ ਕਲਪਨਾ, ਜਿਸ ਵਿਚ ਲੋਕ ਹਿਤ ਨੂੰ ਪ੍ਰਾਥਮਿਕਤਾ ਦਿਤੀ ਜਾਵੇ ਅਤੇ ਜਿਸ ਵਿਚ ਲੋਕ ਕਲਿਆਣ ਸੰਭਵ ਹੋਵੇ। ਗੁਰੂ ਪਰੰਪਰਾ ਨੂੰ ਲੋਕੀਂ ਲੋਕ ਹਿਤ ਦੀ ਰਾਖੀ ਅਤੇ ਲੋਕ ਕਲਿਆਣ ਲਈ ਕਾਰਜਸ਼ੀਲ ਸੰਸਥਾ ਦੇ ਰੂਪ ਵਿਚ ਵੇਖਦੇ ਸਨ। ਇਸ ਲਈ ਰਬੀ ਗੁਣਾਂ ਦੀ ਧਾਰਣੀ, ਗੁਰੂ ਪਰੰਪਰਾ ਨਾਲ ਇਕ ਵਿਕਲਪਿਕ ਰਾਜ ਦਾ ਸੰਕਲਪ ਜੁੜਨ ਲਗ ਪਿਆ ਅਤੇ ਲੋਕ ਵਿਸ਼ਵਾਸ਼ ਨੇ ਗੁਰੂ ਪਰੰਪਰਾ ਨੂੰ ਇਕ ਵਿਕਲਪਿਕ ਰਾਜ ਦੇ ਰੂਪ ਵਿਚ ਮਾਨਤਾ ਪ੍ਰਦਾਨ ਕਰ ਦਿੱਤੀ।

ਗੁਰੂ ਪਰੰਪਰਾ ਨਾਲ ਜੁੜੇ ਵਿਕਲਪਿਕ ਰਾਜ ਦੇ ਸੰਕਲਪ ਦੇ ਸਪਸ਼ਟ ਸੰਕੇਤ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਸਤੇ ਬਲਵੰਡ ਦੀ ਵਾਰ ਅਤੇ ਭੱਟਾਂ ਦੇ ਸਵੈਯਾਂ ਵਿਚੋਂ ਪ੍ਰਾਪਤ ਹੁੰਦੇ ਹਨ। ਭਾਈ ਗੁਰਦਾਸ ਦੀਆਂ ਵਾਰਾਂ ਵਿਚੋਂ ਵੀ ਇਸ ਵਿਕਲਪਿਕ ਰਾਜ ਦੇ ਸੰਕਲਪ ਦੀ ਉਸਾਰੀ ਪ੍ਰਮਾਣਿਤ ਹੁੰਦੀ ਹੈ। ਇਤਿਹਾਸਕ ਲਿਖਤਾਂ ਤਾਂ ਗੁਰੂ ਪਰੰਪਰਾ ਨਾਲ ਜੁੜੇ ਵਿਕਲਪਿਕ ਰਾਜ ਦੇ ਸੰਕਲਪ ਦੀ ਸਪਸ਼ਟ ਰੂਪ ਵਿਚ ਪ੍ਰੋੜਤਾ ਕਰਦੀਆਂ ਹਨ।

1- <u>ਸਤੇ ਬਲਵੰਡ ਦੀ ਵਾਰ</u>

ਗੁਰੂ ਪਰੰਪਰਾ ਨਾਲ ਜੁੜਦੇ ਜਾ ਰਹੇ ਅਤੇ ਗੁਰ ਇਤਿਹਾਸ ਨਾਲ ਪ੍ਰਫੁਲਤ ਹੋ ਰਹੇ ਇਕ ਵਿਕਲਪਿਕ ਰਾਜ ਦੀ ਉਸਾਰੀ ਦੇ ਲੋਕ ਵਿਸ਼ਵਾਸ਼ ਨੂੰ ਸਤੇ ਬਲਵੰਡ ਨੇ ਬੜੀ ਵਿਲੱਖਣਤਾ ਨਾਲ ਘੋਖਿਆ ਹੈ ਅਤੇ ਬੜੇ ਸੁਚੱਜੇ ਢੰਗ ਨਾਲ 'ਵਾਰ' ਰੂਪ ਵਿਚ ਅਭਿਵਿਅਕਤ ਕੀਤਾ ਹੈ। ਸਤੇ ਬਲਵੰਡ ਦੀ ਵਾਰ, ਗੁਰੂ ਗ੍ਰੰਥ ਸਾਹਿਬ ਵਿਚ ਸਿਰਲੇਖ "ਰਾਮਕਲੀ ਦੀ ਵਾਰ ਰਾਇ ਬਲਵੰਡ ਤਥਾ ਸਤੈ ਡੂਮਿ ਆਖੀ" ਹੇਠ ਪੰਨਾ 966 ਤੋਂ 968 ਤੱਕ ਅੰਕਿਤ ਹੈ। ਇਸ ਵਾਰ ਵਿਚ 8 ਪਉੜੀਆਂ ਹਨ ਜਿਨ੍ਹਾਂ ਵਿਚੋਂ ਪਹਿਲੀਆਂ 3 ਪਉੜੀਆਂ ਬਲਵੰਡ ਦੀਆਂ ਹਨ ਅਤੇ ਬਾਅਦ ਦੀਆਂ 5 ਪਉੜੀਆਂ ਦਾ ਕਰਤਾ ਸੱਤਾ ਹੈ।

ਸਤੇ ਬਲਵੰਡ ਦੀ ਵਾਰ ਵਿਚ ਗੁਰੂ ਸਾਹਿਬਾਨ ਨੂੰ, ਸਮਕਾਲੀ ਰਾਜ ਦੇ ਵਿਰੋਧ ਵਿਚ ਸਥਾਪਿਤ ਹੋ ਰਹੇ, ਸੱਚ ਦੇ ਰੱਬੀ ਰਾਜ ਦੇ ਬਾਨੀ ਦੇ ਰੂਪ ਵਿਚ ਪ੍ਰਸਤੁਤ ਕੀਤਾ ਗਿਆ ਹੈ। ਵਾਰ ਵਿਚ ਉਜਾਗਰ ਹੋ ਰਹੇ ਰਾਜ ਸੰਕਲਪ ਦੇ ਪ੍ਰਸਤੁਤੀਕਰਣ ਲਈ ਜਿਸ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ, ਉਹ ਵੀ ਰਾਜ ਨਾਲ ਸਬੰਧਤ ਹੈ। ਜਿਹਨਾਂ ਸੰਸਥਾਵਾਂ, ਵਸਤੂਆਂ, ਸਿਧਾਂਤਾਂ ਤੇ ਪਰੰਪਰਾਵਾਂ ਦਾ ਜ਼ਿਕਰ ਵਾਰ ਵਿਚ ਮਿਲਦਾ ਹੈ, ਓਹ ਸਾਰੀਆਂ

ਸਿਧੇ ਜਾਂ ਅਸਿਧੇ ਰੂਪ ਵਿਚ ਰਾਜ ਤੇ ਰਾਜਨੀਤੀ ਨਾਲ ਜੁੜੀਆਂ ਹੋਈਆਂ ਹਨ।

ਵਾਰ ਦੀ ਪਹਿਲੀ ਪਉੜੀ ਵਿਚ ਗੁਰੂ ਨਾਨਕ ਦੇਵ ਨੂੰ ਇਸ 'ਵਿਕਲਪਿਕ ਰਾਜ' ਦੀ ਸਿਰਜਨਾ ਦਾ ਮੁੱਢ ਬੰਨਣ ਵਾਲਾ ਦਰਸਾਇਆ ਹੈ। ਸਤੇ ਬਲਵੰਡ ਅਨੁਸਾਰ ਗੁਰੂ ਨਾਨਕ ਦੇਵ ਨੇ ਸਚ-ਰੂਪ ਕਿਲਾ ਉਸਾਰ ਕੇ ਅਤੇ ਮਜ਼ਬੂਤ ਤਾਣ ਵਾਲੀ ਪੱਕੀ ਨੀਂਹ ਰਖ ਕੇ ਇਕ ਨਵੇਂ ਰਾਜ ਦੀ ਸਥਾਪਨਾ ਕੀਤੀ ਹੈ :-

ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵਦੈ॥[1]

'ਨਾਨਕ ਰਾਜ' ਦੂਜੇ ਦੁਨਿਆਵੀ ਰਾਜਾਂ ਕੋਲੋਂ ਵਿਲੱਖਣ ਹੈ। ਇਹ ਵਿਲੱਖਣਤਾ ਇਸ ਰਾਜ ਦੇ ਵਿਲੱਖਣ ਗੁਣਾਂ ਅਤੇ ਇਸਦੇ ਵਿਲੱਖਣ ਸਰੂਪ ਤੇ ਸੁਭਾ ਤੋਂ ਸਪਸ਼ਟ ਦਿਖ ਆਉਂਦੀ ਹੈ। ਪਹਿਲੀ ਵਿਲਖਣਤਾ ਇਹ ਹੈ ਕਿ ਇਸ ਰਾਜ ਦਾ ਬਾਨੀ ਗੁਰੂ ਨਾਨਕ ਹੈ ਜਿਸ ਨੂੰ ਆਪ ਪਰਮਾਤਮਾ ਨੇ ਆਪਣੀਆਂ ਸ਼ਕਤੀਆਂ ਤੇ ਆਪਣੇ ਗੁਣਾਂ ਦੀ ਸੁਗਾਤ ਨਾਲ ਸਵਾਰ ਕੇ ਧਰਤੀ ਤੇ ਭੇਜਿਆ ਹੈ। ਦੂਸਰੀ, ਜਿਸ ਰਾਜ ਦੀ ਕਾਇਮੀ ਗੁਰੂ ਨਾਨਕ ਨੇ ਅਰੰਭੀ ਹੈ, ਉਸਦਾ ਅਧਾਰ 'ਸਚ' ਹੈ। ਝੂਠੇ ਰਾਜਿਆਂ ਦੇ ਵਿਰੋਧ ਵਿਚ ਸਚ ਦਾ ਕਿਲ੍ਹਾ ਉਸਾਰ ਕੇ ਇਸ ਰਾਜ ਦੀ ਸਥਾਪਨਾ ਕੀਤੀ ਗਈ ਹੈ। ਤੀਸਰੀ ਵਿਲੱਖਣਤਾ ਇਹ ਹੈ ਕਿ ਇਸ ਸਚ ਦੇ ਰਾਜ ਦੀ ਨੀਂਹ ਗੁਰੂ ਨੇ ਬੜੀ ਮਜਬੂਤ ਰਖੀ ਹੈ ਤਾਂ ਕਿ ਇਹ ਰਾਜ ਡੋਲ ਨਾ ਸਕੇ। ਇਸ ਰਾਜ ਨੂੰ ਨਿਹਚਲ ਬਣਾਇਆ ਹੈ। ਲੋਕ-ਹਿਤ ਲਈ ਉਸਾਰਿਆ ਗਿਆ ਇਹ ਰਾਜ ਆਪਣੇ ਉਦੇਸ਼ ਤੇ ਕਰਤਵ ਪ੍ਰਤੀ ਵਚਨਬੱਧ ਹੈ ਅਤੇ ਇਸ ਦੀ ਕਾਰਜਸ਼ੀਲਤਾ ਵਿਚ ਥਿੜਕਨ ਜਾਂ ਲਚਕ ਨਹੀਂ ਹੈ।

## ਗੁਰੂ ਜੋਤਿ ਦਾ ਦੈਵੀ ਸਿਧਾਂਤ

'ਨਾਨਕ ਰਾਜ', ਜਿਸ ਦੀ ਸਥਾਪਨਾ ਗੁਰੂ ਨਾਨਕ ਦੇਵ ਸਚ ਰੂਪ ਕਿਲ੍ਹਾ ਉਸਾਰ ਕੇ ਕੀਤੀ ਹੈ; ਉਸ ਵਿਚ ਸਾਰੀਆਂ ਸ਼ਕਤੀਆਂ ਦਾ ਸ੍ਰੋਤ ਸਰਬਸ਼ਕਤੀਮਾਨ ਪਰਮਾਤਮਾ ਨੂੰ ਮੰਨਿਆ ਗਿਆ ਹੈ। ਇਹ ਵੀ ਸਪਸ਼ਟ ਹੈ ਕਿ 'ਨਾਨਕ ਰਾਜ' ਈਸ਼ਵਰੀ ਇੱਛਾ ਨਾਲ

---

1- ਆਦਿ ਗ੍ਰੰਥ, ਪੰਨਾ 966

ਨਾਲ ਹੀ ਸੰਭਵ ਹੋ ਸਕਿਆ ਹੈ। ਗੁਰੂ ਪਾਸ ਅਥਾਹ ਸ਼ਕਤੀਆਂ ਦਾ ਜੋ ਭੰਡਾਰ ਹੈ, ਉਹ ਉਸਨੂੰ ਪਰਮ ਸ਼ਕਤੀ ਪਾਸੋਂ ਬਖਸ਼ਸ਼ ਵਿਚ ਮਿਲਿਆ ਹੈ। ਗੁਰੂ ਸਰੀਰ ਵਿਚ ਪਰਮਾਤਮਾ ਦੀ ਜੋਤ ਹੀ ਕਾਰਜਸ਼ੀਲ ਹੈ। ਪਰਮਾਣ ਵਜੋਂ ਵਾਰ ਤੀਆਂ ਪਹਿਲੀਆਂ ਪੰਕਤੀਆਂ ਇਸ ਗਲ ਵਲ ਸੰਕੇਤ ਕਰਦੀਆਂ ਹਨ ਕਿ ਗੁਰੂ ਨਾਨਕ ਦੀ ਵਡਿਆਈ ਆਪ ਕਾਦਰ ਕਰਤੇ ਨੇ ਉਚੀ ਕੀਤੀ ਹੈ ਅਤੇ ਰੱਬੀ ਗੁਣ ਉਹ ਪਰਮਾਤਮਾ ਪਾਸੋਂ ਹੀ ਲੈ ਕੇ ਆਏ ਹਨ। ਫਿਰ ਸਪਸ਼ਟ ਕੀਤਾ ਹੈ ਕਿ ਜੇ ਨਾਮ ਆਪ ਕਾਦਰ ਕਰਤਾ ਉਚਾ ਕਰੇ ਤਾਂ ਉਸਨੂੰ ਕੌਣ ਤੋਲ ਸਕਦਾ ਹੈ:

ਨਾਉ ਕਰਤਾ ਕਾਦਰੁ ਕਰੇ ਕਿਉ ਬੋਲੁ ਹੋਵੈ ਜੋ ਖੀਵਦੈ॥
ਦੇ ਗੁਨਾ ਸਤਿ ਭੈਣ ਭਰਾਵ ਹੈ ਪਾਰੰਗਤਿ ਦਾਨੁ ਪੜੀਵਦੈ॥[1]

ਗੁਰੂ ਅੰਗਦ ਦੇਵ ਜੀ ਤੇ ਹੋਈ ਗੁਰਿਆਈ ਦੀ ਰਹਿਮਤ ਵੀ ਅਕਾਲ ਪੁਰਖ ਦੀ ਇੱਛਾ ਅਨੁਸਾਰ ਸੀ। ਵਾਰ ਵਿਚ ਇਸ ਗਲ ਦੀ ਪ੍ਰੋੜ੍ਹਤਾ ਕਰਦੀ ਹੈ। ਗੁਰੂ ਨੇ ਅਕਾਲ ਪੁਰਖ ਦੀ ਮਤ ਰੂਪ ਤਲਵਾਰ ਨਾਲ, ਪ੍ਰਾਕ੍ਰਮ ਨਾਲ ਲਹਿਣਾ ਜੀ ਨੂੰ ਨਵੀਂ ਆਤਮਕ ਜ਼ਿੰਦਗੀ ਬਖਸ਼ੀ ਅਤੇ ਗੁਰੂ ਨਾਨਕ ਦੇ ਸਿਫ਼ਤ ਸਲਾਹ ਰੂਪੀ ਅੰਮ੍ਰਿਤ ਪੀ ਰਹੇ ਲਹਿਣਾ ਜੀ ਦੇ ਸਿਰ ਗੁਰਿਆਈ ਦਾ ਛਤਰ ਧਰਿਆ:

ਲਹਣੇ ਧਰਿਓਨੁ ਛਤੁ ਸਿਰਿ ਕਰਿ ਸਿਫ਼ਤੀ ਅੰਮ੍ਰਿਤੁ ਪੀਵਦੈ॥
ਮਤਿ ਗੁਰ ਆਤਮ ਦੇਵ ਦੀ ਖੜਗਿ ਜੋਰਿ ਪਰਾਕੁਇ ਜੀਅਦੈ॥[2]

ਜੋ ਛਤਰ ਗੁਰੂ ਅੰਗਦ ਦੇਵ ਜੀ ਦੇ ਸਿਰ ਤੇ ਝੂਲ ਰਿਹਾ ਹੈ ਉਹ ਵੀ ਪਰਮਾਤਮਾ ਵਲੋਂ ਬਖਸ਼ਿਆ ਹੋਇਆ ਹੈ :

---

1- ਆਦਿ ਗ੍ਰੰਥ, ਪੰਨਾ 966

2- ਓਹੀ ਪੰਨਾ 966

ਝੁਲੈ ਸੁ ਛਤੁ ਨਿਰੰਜਨੀ ਮਲਿ ਤਖ਼ਤ ਬੈਠਾ ਗੁਰ ਹਟੀਐ॥[1]

ਗੁਰੂ ਅਮਰਦਾਸ ਜੀ ਲਈ ਵਾਰ ਵਿਚ ਜ਼ਿਕਰ ਹੈ ਕਿ ਉਹ ਸੁਜਾਨ ਅਕਾਲ ਪੁਰਖ ਆਪ ਗੁਰੂ ਅਮਰਦਾਸ ਦੇ ਰੂਪ ਵਿਚ ਅਵਤਾਰ ਧਾਰ ਕੇ ਜਗਤ ਤੇ ਆਇਆ ਹੈ:

ਅਉਤਰਿਆ ਅਉਤਾਰ ਲੈ ਸੋ ਪੁਰਖੁ ਸੁਜਾਣੁ॥[2]

ਸਤੇ ਬਲਵੰਡ ਦੀ ਰਚਨਾ ਵਿਚ ਸਪਸ਼ਟ ਹੈ ਕਿ ਗੁਰੂ ਸਾਹਿਬਾਨ ਨੂੰ ਆਪ ਪਰਮਾਤਮਾ ਨੇ ਪ੍ਰਿਥਵੀ ਤੇ ਭੇਜਿਆ ਹੈ ਤੇ ਆਪ ਹੀ ਉਹਨਾਂ ਨੂੰ ਗੁਣਾਂ ਨਾਲ ਸਵਾਰਿਆ ਹੈ। ਗੁਰੂ ਦੀ ਸਾਰੀ ਕਾਰ ਪਰਮ ਸੱਤਾ ਦੇ ਅਧੀਨ ਉਸਦੀ ਇੱਛਾ ਅਨੁਸਾਰ ਹੋ ਰਹੀ ਹੈ। ਇਸੇ ਲਈ ਦੁਨੀਆਂ ਗੁਰੂਆਂ ਨੂੰ ਪ੍ਰਤਖ ਪਰਮਾਤਮਾ ਜਾਣ ਕੇ ਨਮਸਕਾਰ ਕਰਦੀ ਹੈ:

ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ॥
ਪੂਰੀ ਹੋਈ ਕਰਮਾਤਿ ਆਪਿ ਸਿਰਜਣਹਾਰੈ ਧਾਰਿਆ॥
ਸਿਖੀ ਅਤੈ ਸੰਗਤੀ ਪਾਰਬ੍ਰਹਮੁ ਕਰਿ ਨਮਸਕਾਰਿਆ॥[3]

ਵਾਰ ਦੀ ਅੰਤਮ ਪਉੜੀ ਵਿਚ ਸਤੇ ਬਲਵੰਡ ਨੇ ਹੋਰ ਵਜ਼ਾਹਤ ਕਰਦਿਆਂ ਦਸਿਆ ਹੈ ਕਿ ਚਾਰੇ ਗੁਰੂ, ਗੁਰੂ ਨਾਨਕ ਦੇਵ, ਗੁਰੂ ਅੰਗਦ ਦੇਵ, ਗੁਰੂ ਅਮਰਦਾਸ ਤੇ ਗੁਰੂ ਰਾਮਦਾਸ ਆਪਣੇ ਆਪਣੇ ਸਮੇਂ ਰੌਸ਼ਨ ਹੋਏ ਹਨ ਤੇ ਅਕਾਲ ਪੁਰਖ ਆਪ ਹੀ ਉਹਨਾਂ ਵਿਚ ਪ੍ਰਗਟ ਹੋਇਆ ਹੈ। ਅਕਾਲ ਪੁਰਖ ਨੇ ਆਪ ਸ੍ਰਿਸ਼ਟੀ ਦੀ ਸਿਰਜਨਾ ਕੀਤੀ ਹੈ ਤੇ ਆਪ ਹੀ ਗੁਰੂ ਰੂਪ ਹੋ ਕੇ ਸ੍ਰਿਸ਼ਟੀ ਨੂੰ ਸਹਾਰਾ ਦੇ ਰਿਹਾ ਹੈ:

---

1- ਆਦਿ ਗ੍ਰੰਥ, ਪੰਨਾ 966

2- ਓਹੀ, ਪੰਨਾ 967

3- ਓਹੀ, ਪੰਨਾ 968

ਚਾਰੇ ਜਾਗੇ ਚੁ ਜੁਗੀ ਪੰਚਾਇਣੁ ਆਪੇ ਹੋਆ॥
ਆਪੀਨੈ ਆਪ ਸਾਜਿਓਨ ਆਪੇ ਹੀ ਥੰਮਿ ਖਲੋਆ॥[1]

ਉਪਰੋਕਤ ਸਾਰੀ ਵਿਚਾਰ ਤੋਂ ਇਹ ਸਿੱਧ ਹੁੰਦਾ ਹੈ ਕਿ ਗੁਰੂ ਪਰਮਾਤਮਾ ਦਾ ਭੇਜਿਆ ਹੋਇਆ ਪ੍ਰਤੀਨਿਧ ਹੈ ਅਤੇ ਗੁਰੂ ਦੇ ਸਰੀਰ ਵਿਚ ਪਰਮਾਤਮਾ ਦੀ ਪਰਮ ਸੱਤਾ ਹੀ ਕਾਰਜਸ਼ੀਲ ਹੁੰਦੀ ਹੈ। ਪਰਮਾਤਮਾ ਨੇ ਗੁਰੂ ਨੂੰ ਸੱਤਾ ਸੰਪੰਨ (Sovereign ) ਬਣਾਇਆ ਹੈ ਅਤੇ ਉਸ ਨੂੰ ਦੈਵੀ ਗੁਣਾਂ (Divine Qualities ) ਨਾਲ ਸੁਸ਼ੋਭਿਤ ਕੀਤਾ ਹੈ। ਡਾ: ਦਰਸ਼ਨ ਸਿੰਘ ਦੇ ਇਸ ਸਬੰਧ ਵਿਚ ਇਹ ਵਿਚਾਰ ਮਹੱਤਵਸ਼ਾਲੀ ਹਨ:

"ਗੁਰੂ ਇਕ ਈਸ਼ਵਰ ਵਲੋਂ ਹੀ ਭੇਜੀ ਹੋਈ ਅਤੇ ਪੂਰਨ ਅਧਿਕਾਰ ਸੱਤਾ ਸੰਪੰਨ ਵਿਅਕਤੀ (Commissioned Personality) ਹੁੰਦਾ ਹੈ। ਇਹ ਅਧਿਕਾਰ ਜਾਂ ਤਾਂ ਉਸ ਨੂੰ ਸੰਸਾਰ ਵਿਚ ਜਨਮ ਲੈਣ ਤੋਂ ਪਹਿਲਾਂ ਹੀ ਪਰਮਾਤਮਾ ਵਲੋਂ ਮਿਲਿਆ ਹੁੰਦਾ ਹੈ ਤੇ ਜਾਂ ਫਿਰ ਉਹ ਇਸ ਅਧਿਕਾਰ ਨੂੰ ਆਪਣੇ ਪੂਰਬਵਰਤੀ ਗੁਰੂ ਵਿਅਕਤੀਆਂ ਪਾਸੋਂ ਪ੍ਰਾਪਤ ਕਰਦਾ ਹੈ। ਇਸ ਅਧਿਕਾਰ ਸੱਤਾ ਦਾ ਪ੍ਰਮਾਣ ਕੇਵਲ ਉਸ ਦਾ ਆਪਣਾ ਕਲਾਮ ਅਤੇ ਜੀਵਨ ਹੀ ਹੋ ਸਕਦਾ ਹੈ। ਗੁਰੂ ਵਿਅਕਤਿਤਵ ਦੇ ਇਸ ਪੱਖ ਅਨੁਸਾਰ ਪਰਮਾਤਮਾ ਗੁਰੂ ਨੂੰ ਉਚੇਚੇ ਤੌਰ ਤੇ ਆਦੇਸ਼ ਦੇ ਕੇ ਜਗਤ ਕਲਿਆਣ ਲਈ ਭੇਜਦਾ ਹੈ ਅਤੇ ਅਜੇਹਾ ਆਦੇਸ਼ ਦੇਣ ਸਮੇਂ ਨ ਕੇਵਲ ਉਸ ਨੂੰ ਆਪਣੀਆਂ ਸਭ ਸ਼ਕਤੀਆਂ ਨਾਲ ਵਿਭੂਸ਼ਿਤ ਅਤੇ ਦੈਵੀ ਗੁਣਾਂ ਨਾਲ ਅਲੰਕ੍ਰਿਤ ਹੀ ਕਰਕੇ ਭੇਜਦਾ ਹੈ ਸਗੋਂ ਓਸ ਵਿਚ ਆਪਣਾ ਆਪ ਹੀ ਰਖ ਦਿੰਦਾ ਹੈ।"[2]

---

1- ਆਦਿ ਗ੍ਰੰਥ, ਪੰਨਾ 968

2- ਦਰਸ਼ਨ ਸਿੰਘ, ਗੁਰੂ ਗ੍ਰੰਥ ਬਾਣੀ ਵਿਚ ਗੁਰੂ ਦਾ ਸੰਕਲਪ, ਪੰਨਾ 69

## ਗੁਰੂ ਪਰੰਪਰਾ ਵਿਚ ਉਤਰ-ਅਧਿਕਾਰ ਦਾ ਸਿਧਾਂਤ:

ਗੁਰੂ ਨਾਨਕ ਦੁਆਰਾ ਚਲਾਏ ਰਾਜ ਨੂੰ ਉਹਨਾਂ ਦੇ ਉਤਰ ਅਧਿਕਾਰੀਆਂ ਨੇ ਅਗਾਂਹ ਵਧਾਇਆ ਅਤੇ ਸਬੰਧਿਤ ਸੰਸਥਾਵਾਂ ਨੂੰ ਹੋਰ ਪਰਿਪੱਕਤਾ ਪ੍ਰਦਾਨ ਕੀਤੀ। ਪਰ ਗੁਰੂ ਨਾਨਕ ਦੇਵ ਅਤੇ ਉਹਨਾਂ ਤੋਂ ਬਾਅਦ ਬਾਕੀ ਗੁਰੂ ਆਪਣੇ ਉਤਰ-ਅਧਿਕਾਰੀ ਚੋਣ ਕਿਸ ਪ੍ਰਕਾਰ ਕਰਦੇ ਹਨ, ਇਹ ਆਪਣੇ ਆਪ ਵਿਚ ਨਾਨਕ ਰਾਜ ਦੀ ਵਿਲੱਖਣਤਾ ਦਰਸਾਉਂਦਾ ਹੈ।

ਸਤੇ ਬਲਵੰਡ ਵਾਰ ਦੇ ਅਧਿਅਨ ਤੋਂ ਗੁਰੂ ਪਰੰਪਰਾ ਵਿਚ ਇਕ ਨਵੇਂ 'ਉਤਰ-ਅਧਿਕਾਰ' ਦੇ ਸਿਧਾਂਤ ਦਾ ਪ੍ਰਤੀਪਾਦਨ ਹੁੰਦਾ ਹੈ। ਇਸ ਉਤਾਰ-ਅਧਿਕਾਰ ਦੇ ਸਿਧਾਂਤ ਦੀ ਪਹਿਲੀ ਮਹੱਤਵਪੂਰਣ ਗਲ ਇਹ ਹੈ ਕਿ ਹਰ ਗੁਰੂ ਆਪਣੇ ਉਤਰ-ਅਧਿਕਾਰੀ ਗੁਰੂ ਦੀ ਚੋਣ ਆਪ ਕਰਦਾ ਹੈ ਅਤੇ ਆਪਣੇ ਹਥੀਂ ਉਸਨੂੰ ਟਿੱਕਾ ਦੇ ਕੇ ਗੁਰੂ ਬਾਪ ਕੇ ਤਖ਼ਤ ਤੇ ਬਿਠਾਉਂਦਾ ਹੈ। ਗੁਰੂ ਅੰਗਦ ਦੇਵ ਜੀ ਦੀ ਗੁਰਿਆਈ ਸਬੰਧੀ ਵਾਰ ਵਿਚ ਜ਼ਿਕਰ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿਖ ਅਗੇ ਮੱਥਾ ਟੇਕਿਆ ਅਤੇ ਸਤਿਗੁਰੂ ਨੇ ਆਪਣੇ ਜੀਉਂਦਿਆਂ ਹੀ ਗੁਰਿਆਈ ਦਾ ਤਿਲਕ ਲਹਿਣਾ ਜੀ ਨੂੰ ਦੇ ਦਿੱਤਾ:-

ਗੁਰਿ ਚੇਲੇ ਰਹਿਰਾਸਿ ਕੀਈ ਨਾਨਕ ਸਲਾਮਤਿ ਥੀਵਦੈ॥
ਸਹਿ ਟਿਕਾ ਦਿਤੋਸੁ ਜੀਵਦੈ॥[1]

ਫਿਰ ਦਸਿਆ ਹੈ ਕਿ ਗੁਰੂ ਨਾਨਕ ਨੇ ਆਪ ਗੁਰਿਆਈ ਦਾ ਛਤਰ ਲਹਿਣਾ ਜੀ ਦੇ ਸਿਰ ਤੇ ਧਰਿਆ ਹੈ:

ਲਹਣੇ ਧਰਿਓਨੁ ਛਤ ਸਿਰਿ ਕਰਿ ਸਿਫ਼ਤੀ ਅੰਮ੍ਰਿਤੁ ਪੀਵਦੈ॥[2]

ਦੂਜੀ ਮਹੱਤਵਪੂਰਣ ਵਿਸ਼ੇਸ਼ਤਾ ਇਹ ਹੈ ਕਿ ਹਰ ਗੁਰੂ ਆਪਣੇ ਉਤਰ-ਅਧਿਕਾਰੀ

---

1- ਆਦਿ ਗ੍ਰੰਥ, ਪੰਨਾ 966

2- ਓਹੀ, ਪੰਨਾ 966

ਦੀ ਚੋਣ ਬੜੀ ਘੋਖ ਤੇ ਪਰਖ ਤੋਂ ਬਾਅਦ ਕਰਦਾ ਹੈ। ਗੁਰੂ ਪਦ ਦੀ ਵੱਡੀ ਜ਼ਿਮੇਵਾਰੀ ਨਿਭਾਉਣ ਲਈ ਯੋਗ ਵਿਅਕਤੀ ਦੀ ਚੋਣ ਲਈ ਲੋੜ ਅਨੁਸਾਰ ਪਰੀਖਿਆ ਵੀ ਲਈ ਜਾ ਸਕਦੀ ਹੈ। ਇਹ ਪਰੀਖਿਆ ਪਰਤੱਖ ਜਾਂ ਅਪਰਤੱਖ ਦੋਹਾਂ ਪ੍ਰਕਾਰ ਦੀ ਹੋ ਸਕਦੀ ਹੈ। ਉਦਾਹਰਣ ਵਜੋ ਗੁਰੂ ਨਾਨਕ ਦੇਵ ਜੀ ਨੇ ਲਹਿਣਾ ਜੀ ਦੀ ਚੋਣ ਪ੍ਰਤੱਖ ਪਰੀਖਿਆ ਦੁਆਰਾ ਕੀਤੀ ਅਤੇ ਪਰੀਖਿਆ ਵਿਚ ਲਹਿਣਾ ਜੀ ਨੇ ਹੁਕਮ ਮੰਨਣ ਦੀ ਅਦੁੱਤੀ ਮਿਸਾਲ ਕਾਇਮ ਕੀਤੀ, ਜਿਸ ਦਾ ਜ਼ਿਕਰ ਸਤੇ ਬਲਵੰਡ ਦੀ ਵਾਰ ਵਿਚ ਮਿਲਦਾ ਹੈ:

1- ਕਰਹਿ ਜਿ ਗੁਰ ਫੁਰਮਾਇਆ ਸਿਲ ਜੋਗ ਅਲੂਣੀ ਚਟੀਐ॥[1]

2- ਜਿਨਿ ਕੀਤੀ ਸੋ ਮੰਨਣਾ ਕੋ ਸਾਲੁ ਜਿਵਾਹੇ ਸਾਲੀ॥[2]

3- ਪਏ ਕਬੂਲ ਖਸੰਮ ਨਾਲ ਜਾਂ ਘਾਲਿ ਮਰਦੀ ਘਾਲੀ॥[3]

ਹੁਕਮ ਮੰਨਣਾ 'ਮਰਦਾਂ ਵਾਲੀ ਘਾਲ' ਹੈ ਅਤੇ ਇਹੀ ਘਾਲ ਸਤਿਗੁਰ ਦੇ ਦਰ ਕਬੂਲ ਹੁੰਦੀ ਹੈ। ਲਹਿਣਾ ਜੀ ਨੇ ਇਹ ਘਾਲ ਕੀਤੀ ਹੈ ਅਤੇ ਇਸ ਘਾਲ ਦੇ ਫਲਸਰੂਪ ਉਹ ਗੁਰਿਆਈ ਪ੍ਰਾਪਤ ਕਰਨਯੋਗ ਹੋ ਗਏ ਹਨ। ਸਪਸ਼ਟ ਹੈ ਕਿ ਲਹਿਣਾ ਜੀ ਦੀ ਚੋਣ ਕਰਨ ਤੋਂ ਪਹਿਲਾਂ ਉਹਨਾਂ ਨੂੰ ਚੰਗੀ ਤਰ੍ਹਾਂ ਪਰਖ ਲਿਆ ਗਿਆ ਸੀ। ਸਤੇ ਬਲਵੰਡ ਦੀ ਵਾਰ ਵਿਚ 'ਠਿਣਕਿਓਨੁ' ਸ਼ਬਦ ਦਾ ਪ੍ਰਯੋਗ, ਇਸ ਗਲ ਦੀ ਪ੍ਰੋੜ੍ਹਤਾ ਕਰਦਾ ਹੈ ਕਿ ਕਿਸ ਤਰ੍ਹਾਂ 'ਠਣਕਾਕੇ' ਅਰਥਾਤ ਪੂਰੀ ਤਰ੍ਹਾਂ ਘੋਖ ਪਰਖ ਕੇ ਗੁਰਿਆਈ, ਲਹਿਣਾ ਜੀ ਦੇ ਸਪੁਰਦ ਕੀਤੀ ਗਈ ਹੈ:

ਕੁਦਰਤਿ ਅਹਿ ਵੇਖਾਲਿਅਨੁ ਜਿਣਿ ਐਵਡੁ ਪਿੰਡ ਠਿਣਕਿਓਨੁ॥
ਲਹਣੇ ਧਰਿਓਨੁ ਛਤੁ ਸਿਰਿ ਅਸਮਾਨਿ ਕਿਆੜਾ ਛਿਕਿਓਨੁ॥[4]

---

1- ਆਦਿ ਗ੍ਰੰਥ, ਪੰਨਾ 966

2- ਓਹੀ, ਪੰਨਾ 967

3- ਓਹੀ, ਪੰਨਾ 967

4- ਓਹੀ, ਪੰਨਾ 966

ਗੁਰ ਪਰੰਪਰਾ ਵਿਚ ਉਤਰ-ਅਧਿਕਾਰੀ ਦੀ ਚੋਣ ਦੀ ਤੀਸਰੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਸੰਸਾਰੀ ਵੰਸ-ਪਰੰਪਰਾ ਦੀ ਕੋਈ ਵਿਸ਼ੇਸ਼ ਭੂਮਿਕਾ ਨਹੀਂ। ਨਵੇਂ ਗੁਰੂ ਦੀ ਚੋਣ ਸਮੇਂ ਗੁਰੂ-ਪੁੱਤਰ ਜਾਂ ਗੁਰੂ ਅੰਸ ਨਾਲ ਸਬੰਧਤ ਹੋਣ ਦਾ ਕਿਸੇ ਕਿਸਮ ਦਾ ਲਾਭ ਪ੍ਰਾਪਤ ਨਹੀਂ ਹੁੰਦਾ ਬਲਕਿ ਨਿਯੁਕਤੀ ਸੌ ਫੀ ਸਦੀ ਗੁਣਾਂ ਦੇ ਅਧਾਰ ਤੇ ਹੁੰਦੀ ਹੈ। ਗੁਰੂ ਨਾਨਕ ਦੇਵ ਨੇ ਆਪਣੇ ਉਤਰ-ਅਧਿਕਾਰੀ ਦੀ ਚੋਣ ਸਮੇਂ ਪੁੱਤਰਾਂ ਦੀ ਪਰਖ ਉਸੇ ਤਰ੍ਹਾਂ ਕੀਤੀ ਜਿਵੇਂ ਸਿੱਖਾਂ ਦੀ। ਪਰ ਪੁੱਤਰ ਪਰੀਖਿਆ ਵਿਚ ਖਰੇ ਨਹੀਂ ਉਤਰ ਸਕੇ। ਵਾਰ ਵਿਚ ਸਤੇ ਬਲਵੰਡ ਨੇ ਇਸ ਤਥ ਨੂੰ ਦਰਸਾਇਆ ਹੈ:

> ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ ਮੁਰਟੀਐ॥[1]

ਹੋਰ ਸਪਸ਼ਟਤਾ ਕਰਦਿਆਂ ਸਤੇ ਬਲਵੰਡ ਨੇ ਕਿਹਾ ਹੈ ਕਿ ਦੇਖੋ ਕਿਵੇਂ ਗੁਰੂ ਨੇ ਆਪਣੇ ਸਿੱਖਾਂ ਤੇ ਪੁਤਰਾਂ ਦੋਹਾਂ ਨੂੰ ਪਰਖ ਕੇ, ਘੋਖ ਕੇ, ਜਦੋਂ ਉਸਨੇ ਸੁਧਾਈ ਕੀਤੀ, ਤਾਂ ਲਹਿਣਾ ਜੀ ਨੂੰ ਚੁਣਿਆ:

> ਸਿਖਾਂ ਪੁਤ੍ਰਾਂ ਘੋਖਿ ਕੈ ਸਭ ਉਮਤਿ ਵੇਖਹੁ ਜਿ ਕਿਓਨੁ॥
> ਜਾਂ ਸੁਧੋਸੁ ਤਾਂ ਲਹਿਣਾ ਟਿਕਿਓਨੁ॥[2]

## ਗੁਰੂ-ਪਰੰਪਰਾ ਵਿਚ ਨਿਰੰਤਰਤਾ:

ਗੁਰੂ ਨਾਨਕ ਦੇਵ ਜੀ ਦੇ ਸਰੀਰ ਵਿਚ ਜਿਹੜੀ ਰੱਬੀ ਜੋਤ ਕ੍ਰਿਆਸ਼ੀਲ ਰਹੀ ਸੀ, ਓਹੋ ਜੋਤ ਬਾਅਦ ਵਿਚ ਦੂਜੇ ਗੁਰੂ ਸਾਹਿਬਾਨ ਵਰਤ ਰਹੀ ਸੀ। ਜਿਹੜੀ ਜੁਗਤ ਨਾਲ ਗੁਰੂ ਨਾਨਕ ਦੇਵ ਨੇ ਸਚ ਦੇ ਰਾਜ ਦੀ ਕਾਇਮੀ ਕੀਤੀ, ਉਹੋ ਜੁਗਤ ਨਾਲ

---

1- ਆਦਿ ਗ੍ਰੰਥ, ਪੰਨਾ 966

2- ਓਹੀ, ਪੰਨਾ 967

ਉਹਨਾਂ ਤੋਂ ਬਾਅਦ ਦੇ ਗੁਰੂਆਂ ਨੇ ਨਾਨਕ ਰਾਜ ਨੂੰ ਅਗਾਂਹ ਵਧਾਇਆ। ਕਾਇਆ ਜ਼ਰੂਰ ਬਦਲਦੀ ਰਹੀ ਹੈ, ਪਰ ਜੋਤ ਤੇ ਜੁਗਤ ਸਾਰੇ ਗੁਰੂ ਸਾਹਿਬਾਨ ਦੀ ਇਕ ਹੀ ਸੀ। ਗੁਰੂ ਨਾਨਕ ਦੇਵ ਜੀ ਦੀ ਗੁਰ ਜੋਤ ਦੇ ਗੁਰੂ ਅੰਗਦ ਦੇਵ ਵਿਚ ਰੂਪਾਂਤਰਣ ਬਾਰੇ ਸਤੇ ਬਲਵੰਡ ਨੇ ਲਿਖਿਆ ਹੈ:-

1) ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥[1]

2) ਨਾਨਕੁ ਕਾਇਆ ਪਲਟੁ ਕਰਿ ਮਲਿ ਤਖਤੁ ਬੈਠਾ ਸੈ ਡਾਲੀ॥[2]

3) ਜੋਤਿ ਸਮਾਣੀ ਜੋਤਿ ਮਾਹਿ ਆਪੁ ਆਪੈ ਸੇਤੀ ਮਿਕਿਓਨੁ॥[3]

ਗੁਰੂ ਅਮਰਦਾਸ ਦੀ ਗੁਰਿਆਈ ਦੇ ਸਬੰਧ ਵਿਚ ਵਾਰ ਵਿਚ ਜ਼ਿਕਰ ਹੈ ਕਿ ਗੁਰੂ ਅਮਰਦਾਸ ਦੇ ਸਿਰ ਤੇ ਗੁਰੂ ਨਾਨਕ ਦੇਵ ਵਾਲਾ ਛੱਤਰ ਹੈ ਅਤੇ ਪੋਤਰਾ ਗੁਰੂ (ਅਮਰਦਾਸ) ਭੀ ਮੰਨਿਆ ਪ੍ਰਮੰਨਿਆਂ ਹੈ ਕਿਉਂਕਿ ਉਹ ਵੀ ਗੁਰੂ ਨਾਨਕ ਤੇ ਗੁਰੂ ਅੰਗਦ ਵਰਗਾ ਹੈ। ਗੁਰੂ ਅਮਰਦਾਸ ਦੇ ਮਥੇ ਤੇ ਉਹੀ ਨੂਰ ਹੈ, ਉਹੀ ਤਖ਼ਤ ਹੈ, ਉਹੀ ਦਰਬਾਰ ਹੈ ਜੋ ਉਸ ਤੋਂ ਪਹਿਲੇ ਗੁਰੂਆਂ ਦਾ ਸੀ:

ਨਾਨਕ ਹੰਦਾ ਛਤੁ ਸਿਰਿ ਉਮਤਿ ਹੈਰਾਣੁ॥
ਸੋ ਟਿਕਾ ਸੋ ਬੈਹਣਾ ਸੋਈ ਦੀਬਾਣੁ॥
ਪਿਯੂ ਦਾਦੇ ਜੇਵਿਹਾ ਪੋਤ੍ਰਾ ਪਰਵਾਣੁ॥[4]

ਗੁਰੂ ਰਾਮਦਾਸ ਵਿਚ ਵੀ ਗੁਰੂ ਨਾਨਕ, ਗੁਰੂ ਅੰਗਦ ਤੇ ਗੁਰੂ ਅਮਰਦਾਸ ਵਾਲੀ ਜੋਤ ਹੀ ਕਾਰਜਸ਼ੀਲ ਸੀ:

---

1- ਆਦਿ ਗ੍ਰੰਥ, ਪੰਨਾ 966

2- ਓਹੀ, ਪੰਨਾ 967

3- ਓਹੀ, ਪੰਨਾ 967

4- ਓਹੀ, ਪੰਨਾ 968

ਨਾਨਕੁ ਤੂ ਲਹਣਾ ਤੂ ਹੈ ਗੁਰ ਅਮਰੁ ਤੂ ਵੀਚਾਰਿਆ॥[1]

ਜੋਤ ਤੇ ਜੁਗਤ ਇਕੋ ਹੋਣ ਕਰਕੇ, ਗੁਰੂ ਪਰੰਪਰਾ ਵਿਚ ਇਕ ਅਖੰਡਤਾ ਤੇ ਨਿਰੰਤਰਤਾ, ਪੂਰਣ ਇਕ ਸੁਰਤਾ ਤੇ ਇਕਮਿਕੱਤਾ ਵਿਦਮਾਨ ਸੀ। ਡਾ: ਦਰਸ਼ਨ ਸਿੰਘ ਨੇ ਆਪਣੀ ਪੁਸਤਕ 'ਗੁਰੂ ਗ੍ਰੰਥ ਬਾਣੀ ਵਿਚ ਗੁਰੂ ਦਾ ਸੰਕਲਪ' ਵਿਚ ਗੁਰੂ ਪਰੰਪਰਾ ਦੀ ਇਸ ਵਿਸ਼ੇਸ਼ਤਾ ਨੂੰ ਬੜੀ ਸੁਚੱਜੇ ਸ਼ਬਦਾਂ ਵਿਚ ਪੇਸ਼ ਕੀਤਾ ਹੈ। ਉਸ ਅਨੁਸਾਰ:-

"ਭਾਵੇਂ ਗੁਰੂ ਗ੍ਰੰਥ ਬਾਣੀ ਅਨੁਸਾਰ ਦੇਹਧਾਰੀ ਗੁਰੂ ਦੀ ਪਰੰਪਰਾ ਗੁਰੂ ਨਾਨਕ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤਕ ਚਲਦੀ ਰਹੀ ਹੈ ਅਤੇ ਹਰ ਗੁਰੂ ਦੀ ਪਰਮਾਤਮਾ ਨਾਲ ਇਕਰੂਪਤਾ ਉਤੇ ਜ਼ੋਰ ਦਿੱਤਾ ਜਾਂਦਾ ਰਿਹਾ ਹੈ ਪਰ ਸਿਧਾਂਤਕ ਤੌਰ ਤੇ ਗੁਰੂਆਂ ਦੇ ਪੰਜਭੂਤਕ ਸਰੀਰ ਕਦੇ ਵੀ ਗੁਰੂ ਨਹੀਂ ਮੰਨੇ ਗਏ। ਗੁਰੂ ਸਦਾ ਹੀ ਉਸ ਜੋਤਿ ਨੂੰ ਹੀ ਮੰਨਿਆਂ ਜਾਂਦਾ ਰਿਹਾ ਹੈ ਜਿਹੜੀ ਇਨ੍ਹਾਂ ਗੁਰੂਆਂ ਦੇ ਸਰੀਰਾਂ ਵਿਚ ਵਿਦਮਾਨ ਰਹੀ ਹੈ ਅਤੇ ਇਕ ਤੋਂ ਦੂਜੇ ਗੁਰੂ ਨੂੰ ਗੁਰਗੱਦੀ ਦੇਣ ਸਮੇਂ ਇਕ ਸਰੀਰ ਤੋਂ ਦੂਜੇ ਸਰੀਰ ਵਿਚ ਪ੍ਰਵੇਸ਼ ਕਰਦੀ ਰਹੀ ਹੈ। ਗੁਰੂ ਜੋਤਿ ਦਾ ਇਕ ਸਰੀਰ ਤੋਂ ਦੂਜੇ ਸਰੀਰ ਵਿਚ ਪ੍ਰਵੇਸ਼ ਕਰਨ ਦਾ ਇਹ ਸਿਧਾਂਤ ਭਾਰਤੀ ਗੁਰੂ ਪਰੰਪਰਾ ਵਿਚ ਉਪਲਬਧ ਨਹੀਂ ਹੁੰਦਾ॥[2]

ਇਸ ਤਰ੍ਹਾਂ ਗੁਰੂ ਜੋਤ ਦਾ ਸਿਧਾਂਤ, ਉਤਰ-ਅਧਿਕਾਰੀ ਗੁਰੂ ਦੀ ਚੋਣ ਅਤੇ ਨਿਰੰਤਰਤਾ ਗੁਰੂ ਪਰੰਪਰਾ ਦੇ ਵਿਲਖਣ ਗੁਣ ਹਨ। ਰਬੀ ਸੱਤਾ ਦਾ ਇਕ ਗੁਰੂ ਤੋਂ ਦੂਜੇ ਗੁਰੂ ਵਿਚ ਪਹੁੰਚਣਾ ਅਤੇ ਲੋਕ ਕਲਿਆਣ ਲਈ ਕਾਰਜਸ਼ੀਲ ਹੋਣਾ ਗੁਰੂ ਪਰੰਪਰਾ ਦੀ ਮੁਖ ਵਿਸ਼ੇਸ਼ਤਾ

---

1- ਆਦਿ ਗ੍ਰੰਥ, ਪੰਨਾ 968

2- ਦਰਸ਼ਨ ਸਿੰਘ, ਗੁਰੂ ਗ੍ਰੰਥ ਬਾਣੀ ਵਿਚ ਗੁਰੂ ਦਾ ਸੰਕਲਪ, ਪੰਨਾ 58

ਹੈ। ਸਪਸ਼ਟ ਹੈ ਕਿ ਗੁਰੂ ਮਨੁੱਖੀ ਜਾਮੇ ਵਿਚ ਅਵਸ਼ ਸਨ ਪਰ ਉਹਨਾਂ ਵਿਚ ਰਬੀ ਜੋਤ ਪ੍ਰਕਾਸ਼ਮਾਨ ਸੀ। ਪਰਮਾਤਮਾ ਦੀ ਪਰਮ ਸੱਤਾ ਹੀ ਗੁਰੂਆਂ ਵਿਚ ਜੋਤ ਰੂਪ ਹੋ ਕੇ ਵਰਤ ਰਹੀ ਸੀ। ਜੋਤ ਤੇ ਜੁਗਤ ਹਰ ਗੁਰੂ ਦੀ ਇਕੋ ਹੈ ਇਸ ਲਈ ਕਾਇਆ ਦੇ ਬਦਲਣ ਦੇ ਬਾਵਜੂਦ ਗੁਰੂ ਪਰੰਪਰਾ ਵਿਚ ਨਿਰੰਤਰਤਾ, ਤੇ ਇਕਰੂਪਤਾ ਹਮੇਸ਼ਾਂ ਕਾਇਮ ਰਹੀ ਹੈ। ਗੁਰੂ ਪਰੰਪਰਾ ਕਦੀ ਖੰਡਤ ਨਹੀਂ ਹੋਈ ਨਾ ਹੀ ਇਸਦੇ ਉਦੇਸ਼ ਜਾਂ ਕਾਰਜਸ਼ੀਲਤਾ ਵਿਚ ਕਿਸੇ ਕਿਸਮ ਦੀ ਦੁਚਿੱਤੀ ਆਈ ਹੈ। ਸੰਪੂਰਣ ਇਕਸੁਰਤਾ ਤੇ ਇਕਮਿਕਤਾ ਗੁਰੂ ਪਰੰਪਰਾ ਦੇ ਅਹਿਮ ਗੁਣ ਹਨ।

## ਗੁਰੂ ਪਰੰਪਰਾ ਨਾਲ ਸਬੰਧਤ ਰਾਜਸੀ ਸੰਕਲਪ:

ਗੁਰੂ ਪਰੰਪਰਾ ਨਿਰੰਤਰ, ਇਕਸੁਰਤਾ ਨਾਲ ਆਪਣੇ ਉਦੇਸ਼ ਦੀ ਪੂਰਤੀ ਲਈ ਕਾਰਜਸ਼ੀਲ ਰਹੀ ਹੈ ਅਤੇ ਲੋਕੀ ਗੁਰੂ ਪਰੰਪਰਾ ਪਾਸੋਂ ਜੀਵਨ ਦੇ ਹਰ ਖੇਤਰ ਵਿਚ ਅਗੁਵਾਈ ਦੀ ਮੰਗ ਕਰਦੇ ਰਹੇ ਹਨ। ਰਾਜਸੀ ਅਗੁਵਾਈ ਦੀ ਲੋਕ-ਮੰਗ ਨੇ ਬਹੁਤ ਸਾਰੇ ਰਾਜਸੀ ਸੰਕਲਪਾਂ ਨੂੰ ਗੁਰੂ ਪਰੰਪਰਾ ਨਾਲ ਜੋੜ ਦਿਤਾ ਅਤੇ ਗੁਰੂ ਪਰੰਪਰਾ ਵਿਚੋਂ ਇਹਨਾਂ ਰਾਜਸੀ ਸੰਕਲਪਾਂ ਕਰਕੇ ਇਕ ਵਿਕਲਪਿਕ ਰਾਜ ਦੀ ਉਸਾਰੀ ਨਜ਼ਰ ਆਉਣ ਲਗ ਪਈ। ਸੱਤੇ ਬਲਵੰਡ ਦੀ ਵਾਰ ਵਿਚ ਜਿਹਨਾਂ ਰਾਜਸੀ ਸੰਕਲਪਾਂ ਦਾ ਜਿਕਰ ਮਿਲਦਾ ਹੈ ਉਹ ਇਸ ਪ੍ਰਕਾਰ ਹਨ:

### ਸੱਚਾ ਪਾਤਸ਼ਾਹ

'ਸੱਚਾ ਪਾਤਸ਼ਾਹ' ਦੇ ਸੰਕਲਪ ਨੇ ਗੁਰੂ ਪਰੰਪਰਾ ਨਾਲ ਉਜਾਗਰ ਹੋ ਰਹੇ ਰਾਜ ਸੰਕਲਪ ਨੂੰ ਹੋਰ ਮਜ਼ਬੂਤ ਕੀਤਾ ਹੈ। ਇਹ ਸ਼ਬਦ ਵਿਸ਼ੇਸ਼ਣ ਦੇ ਰੂਪ ਵਿਚ ਸਾਰੇ ਗੁਰੂ ਸਾਹਿਬਾਨ ਨਾਲ ਜੁੜਿਆ ਰਿਹਾ ਹੈ। ਸਮਕਾਲੀ ਬਾਦਸ਼ਾਹ ਦੇ ਹੁੰਦਿਆਂ, ਲੋਕਾਂ ਦਾ ਗੁਰੂ ਸਾਹਿਬਾਨ ਨੂੰ ਸੱਚਾ ਪਾਤਸ਼ਾਹ ਕਹਿ ਕੇ ਸੰਬੋਧਨ ਕਰਨਾ ਇਸ ਗਲ ਦਾ ਪ੍ਰਤੀਕ ਹੈ ਕਿ

ਲੋਕ ਸਮਕਾਲੀ ਰਾਜ ਤੋਂ ਪੂਰੀ ਤਰ੍ਹਾਂ ਅਸੰਤੁਸ਼ਟ ਸਨ ਅਤੇ ਇਕ ਐਸੇ ਵਿਕਲਪਿਕ ਰਾਜ ਦੀ ਭਾਲ ਕਰ ਰਹੇ ਸਨ ਜਿਸ ਵਿਚ ਸੱਤਾ 'ਸਚੇ ਪਾਤਸ਼ਾਹ' ਦੇ ਹੱਥਾਂ ਵਿਚ ਹੋਵੇ। 'ਸੱਚੇ ਪਾਤਸ਼ਾਹ' ਦੇ ਸੰਕਲਪ ਵਿਚ ਗੁਰੂ ਸਾਰੀ ਸ਼ਕਤੀ ਪਰਮਾਤਮਾ ਪਾਸੋਂ ਗ੍ਰਹਿਣ ਕਰਦਾ ਹੈ, ਪਰ ਸ਼ਕਤੀ ਗ੍ਰਹਿਣ ਕਰਕੇ ਉਹ ਸਮਕਾਲੀ ਬਾਦਸ਼ਾਹਾਂ ਦੀ ਤਰ੍ਹਾਂ ਸੱਤਾ ਦਾ ਪ੍ਰਯੋਗ ਆਪਣੀ ਨਿੱਜੀ ਹਿਤ ਲਈ ਅਤੇ ਲੋਕ ਹਿਤ ਦੇ ਵਿਰੁਧ ਨਹੀਂ ਕਰਦਾ ਸਗੋਂ ਪਰਮਾਤਮਾ ਵਲੋਂ ਪ੍ਰਾਪਤ ਸਾਰੀ ਸ਼ਕਤੀ, 'ਜੋਤ ਤੇ ਜੁਗਤ', ਨਾਲ ਲੋਕਾਂ ਦਾ ਲੋਕ ਤੇ ਪਰਲੋਕ ਸਵਾਰਦਾ ਹੈ।

ਵਾਸਤਵਿਕਤਾ ਹੈ ਕਿ ਲੋਕਾਂ ਦੀ ਗੁਰੂ ਸਾਹਿਬ ਤੇ ਪੂਰਣ ਆਸਥਾ ਸੀ ਅਤੇ ਗੁਰੂ ਸਾਹਿਬ ਵੀ ਲੋਕ ਹਿੱਤ ਦੇ ਰਖਿਅਕ ਦੇ ਰੂਪ ਵਿਚ ਨਿਤਰ ਕੇ ਸਾਹਮਣੇ ਆਏ ਸਨ। ਲੋਕ ਸਤਿਗੁਰਾਂ ਦੀ 'ਉਮਤ' ਬਣ ਗਏ ਸਨ ਅਤੇ ਗੁਰੂ ਸਾਹਿਬ ਆਪਣੀ 'ਉਮਤ' ਦੇ 'ਸੱਚੇ ਪਾਤਸ਼ਾਹ'। ਸੱਤੇ ਬਲਵੰਡ ਨੇ ਆਪਣੀ ਵਾਰ ਵਿਚ ਗੁਰੂ ਸਾਹਿਬਾਨ ਨੂੰ ਸਚਾ ਪਾਤਸ਼ਾਹ ਕਹਿ ਕੇ ਸੰਬੋਧਨ ਕੀਤਾ ਹੈ ਅਤੇ ਸਚੇ ਪਾਤਸ਼ਾਹ ਦੇ ਰੂਪ ਵਿਚ ਗੁਰੂਆਂ ਦੀ ਸਿਫ਼ਤ ਸਲਾਹ ਕੀਤੀ ਗਈ ਹੈ:-

1) ਤੁਧੁ ਡਿਠੈ ਸਚੇ ਪਾਤਿਸਾਹੁ ਮਲੁ ਜਨਮ ਜਨਮ ਦੀ ਕਟੀਐ॥[1]

2) ਕਿਆ ਸਾਲਾਹੀ ਸਚੇ ਪਾਤਿਸਾਹ ਜਾਂ ਤੂ ਸੁਘੜੁ ਸੁਜਾਣੁ॥[2]

ਦਰਬਾਰ:

ਨਾਨਕ ਰਾਜ ਵਿਚ ਸਚੇ ਪਾਤਸ਼ਾਹ ਦੀ ਹਜ਼ੂਰੀ ਵਿਚ ਦਰਬਾਰ ਲਗਦਾ ਹੈ ਜਿਸ ਨੂੰ ਦੀਵਾਨ ਕਿਹਾ ਜਾਂਦਾ ਹੈ। ਸਤੇ ਬਲਵੰਡ ਦੀ ਵਾਰ ਵਿਚ ਦਰਬਾਰ ਨੂੰ 'ਦੀਬਾਣੁ'

---

1- ਆਦਿ ਗ੍ਰੰਥ, ਪੰਨਾ 966

2- ਓਹੀ, ਪੰਨਾ 967

ਕਿਹਾ ਗਿਆ ਹੈ। ਸਾਰੇ ਗੁਰੂ ਸਾਹਿਬਾਨ ਦਰਬਾਰ ਲਗਾਉਂਦੇ ਸਨ ਅਤੇ ਓਸ ਦਰਬਾਰ ਵਿਚ 'ਸੱਚੇ ਪਾਤਸ਼ਾਹ' ਦੇ ਰੂਪ ਵਿਚ ਆਪਣੇ ਫਰਜ਼ ਨਿਭਾਉਂਦੇ ਸਨ। ਸੱਤੇ ਬਲਵੰਡ ਦੀਆਂ ਗੁਰੂ ਅਮਰਦਾਸ ਜੀ ਪ੍ਰਤੀ ਉਚਾਰੀਆਂ ਹੇਠਲੀਆਂ ਪੰਕਤੀਆਂ ਤੋਂ ਇਹ ਗਲ ਸਪਸ਼ਟ ਹੁੰਦੀ ਹੈ:-

ਸੋ ਟਿਕਾ ਸੋ ਬੈਹਣਾ ਸੋਈ ਦੀਬਾਣੁ॥
ਪਿਯੂ ਦਾਦੇ ਜੇਵਿਹਾ ਪੋਤਾ ਪਰਵਾਣੁ॥[1]

ਸਤੇ ਬਲਵੰਡ ਦੀ ਵਾਰ ਅਨੁਸਾਰ ਸਚੇ ਪਾਤਸ਼ਾਹ ਦੇ ਦਰਬਾਰ ਦੀ ਸੋਭਾ ਕਿਸੇ ਵੀ ਰਾਜ ਦਰਬਾਰ ਤੋਂ ਕਿਤੇ ਵਧ ਸੀ। ਦਰਬਾਰ ਵਿਚ ਪਰਮਾਤਮਾ ਦੀ ਸਿਫਤ ਸਲਾਹ ਹੋ ਰਹੀ ਹੈ ਤੇ ਅਰਸਾਂ ਕੁਰਸਾਂ ਤੋਂ ਨੂਰ ਝੜ ਰਿਹਾ ਹੈ ਅਲਾਹੀ, ਕੁਦਰਤੀ ਨੂਰ ਦੀ ਵਰਖਾ ਹੋ ਰਹੀ ਹੈ:

1) ਹੋਵੈ ਸਿਫਤਿ ਖਸਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ॥[2]
2) ਵਰਿਐ ਦਰਗਹ ਗੁਰੂ ਕੀ ਕੁਦਰਤੀ ਨੂਰ॥[3]

ਉਮਤਿ:

ਗੁਰੂ, ਜੋ ਕਿ ਲੋਕ ਵਿਸ਼ਵਾਸ ਵਿਚ 'ਸਚਾ ਪਾਤਸ਼ਾਹ' ਬਣ ਚੁਕਿਆ ਹੈ, ਓਸ ਦੀ ਆਪਣੀ ਸੰਗਤ ਹੈ ਜਿਸ ਨੂੰ ਸਤੇ ਬਲਵੰਡ ਨੇ 'ਉਮਤਿ' ਕਿਹਾ ਹੈ। ਓਮਤ ਇਸਲਾਮੀ ਸ਼ਬਦ ਹੈ ਤੇ ਹਜ਼ਰਤ ਮੁਹੰਮਦ ਦੇ ਪੈਰੋਕਾਰਾਂ ਲਈ ਇਹ ਸ਼ਬਦ ਵਰਤਿਆ ਜਾਂਦਾ ਹੈ। ਸਤੇ ਬਲਵੰਡ ਅਨੁਸਾਰ ਸਚੇ ਪਾਤਸ਼ਾਹ ਦੀ ਉਮਤਿ ਉਸਦਾ ਦਰ ਮੱਲੀ ਬੈਠੀ ਹੈ ਤੇ ਪ੍ਰੇਮ ਨਾਲ ਸੇਵਾ ਕਰਕੇ ਆਪਣੀ ਆਤਮਾ ਪਵਿੱਤਰ ਕਰ ਰਹੀ ਹੈ ਜਿਵੇਂ ਜੰਗਾਲੀ ਧਾਤ ਮਸਕਲੇ ਨਾਲ ਸਾਫ ਹੋ ਜਾਂਦੀ ਹੈ:-

---

1- ਆਦਿ ਗ੍ਰੰਥ, ਪੰਨਾ 967

2- ਓਹੀ, ਪੰਨਾ 966

3- ਓਹੀ, ਪੰਨਾ 967

ਦਰ ਸੇਵੇ ਉਮਤਿ ਖੜੀ ਮਸਕਲੈ ਹੋਇ ਜੰਗਾਲੀ॥[1]

ਉਮਤਿ ਗੁਰੂ ਦਰਬਾਰ ਦੀ ਸੋਭਾ ਵਧਾਉਂਦਾ ਛਤਰ ਵੇਖ ਕੇ ਅਸਚਰਜ ਹੋ ਰਹੀ ਹੈ:-

ਨਾਨਕ ਹੰਦਾ ਛਤੁ ਸਿਰਿ ਉਮਤਿ ਹੈਰਾਣੁ॥[2]

<u>ਹੁਕਮ:</u>

ਗੁਰੂ ਦੀ ਉਮਤਿ ਗੁਰੂ ਦੇ ਹੁਕਮ ਨਾਲ ਜੁੜੀ ਹੋਈ ਹੈ। ਹੁਕਮ, ਸਿੱਖ ਸੰਗਠਨ 'ਓਮਤਿ' ਦੀ ਅਧਾਰਸ਼ਿਲਾ ਹੈ। ਓਮਤ ਦੇ ਸਾਰੇ ਮੈਂਬਰ ਹੁਕਮ ਦੇ ਪਾਬੰਦ ਹਨ ਅਤੇ ਹੁਕਮ ਮੰਨਣਾ ਉਹਨਾਂ ਦਾ ਕਰਮ ਹੈ। ਹੁਕਮ ਦੀ ਪਾਲਣਾ ਦੇ ਆਧਾਰ ਤੇ ਹੀ ਗੁਰੂ ਨਾਲ ਨੇੜਤਾ ਜਾਂ ਦੂਰੀ ਨਿਸਚਿਤ ਹੁੰਦੀ ਹੈ। ਹੁਕਮ ਮੰਨਣ ਦੀ ਅਦੁਤੀ ਮਿਸਾਲ ਕਾਇਮ ਕਰਨ ਤੇ ਲਹਿਣਾ ਜੀ ਨੂੰ ਗੁਰੂ ਨਾਨਕ ਦੇਵ ਨੇ ਆਪਣੀ ਗੁਰਿਆਈ ਦੇ ਕੇ ਸਨਮਾਨਿਆ ਸੀ।

ਪਰ ਹੁਕਮ ਮੰਨਣਾ ਇਕ ਅਉਖੀ ਘਾਲ ਹੈ। ਸਤੇ ਬਲਵੰਡ ਨੇ ਅਪਣੀ ਵਾਰ ਵਿਚ ਇਸ ਨੂੰ 'ਸਿਲ ਜੋਗ ਅਲੂਣੀ' ਤੇ 'ਘਾਲ ਮਰਦੀ' ਕਿਹਾ ਹੈ। ਸਚੇ ਪਾਤਸ਼ਾਹ ਦੇ ਦਰਬਾਰ ਵਿਚ ਜਿਥੇ ਹੁਕਮ ਮੰਨਣ ਨੂੰ ਸਤਿਕਾਰ ਮਿਲਦਾ ਹੈ ਉਥੇ ਦੂਜੇ ਪਾਸੇ ਹੁਕਮ ਦੀ ਉਲੰਘਣਾ ਕਰਨ ਵਾਲਿਆਂ ਨੂੰ ਬਾਗੀ 'ਆਕੀ' ਮੰਨਿਆ ਗਿਆ ਹੈ। 'ਆਕੀ' ਗੁਰੂ ਦੀ ਬਖਸ਼ਿਸ਼ ਅਤੇ ਓਮਤਿ ਦੀ ਸਾਂਝ ਤੋਂ ਸਖਣੇ ਹੋ ਜਾਂਦੇ ਹਨ। ਸਤੇ ਬਲਵੰਡ ਦੀ ਵਾਰ ਵਿਚ ਦਸਿਆ ਹੈ:

ਦਿਲ ਖੋਟੈ ਆਕੀ ਫਿਰਨਿ ਬੰਨਿ ਭਾਰੁ ਉਚਾਇਨਿ ਛਟੀਐ॥[3]

ਹੁਕਮ ਨਾ ਮੰਨਣ ਵਾਲੇ ਭਾਵੇਂ ਗੁਰੂ ਦੇ ਆਪਣੇ ਪੁੱਤਰ ਹੋਣ, ਗੁਰੂ ਦੀ ਬਖਸ਼ਿਸ਼ ਪ੍ਰਾਪਤ

---

1- ਆਦਿ ਗ੍ਰੰਥ, ਪੰਨਾ 967

2- ਓਹੀ, ਪੰਨਾ 967

3- ਓਹੀ, ਪੰਨਾ 966

ਨਹੀਂ ਕਰ ਸਕਦੇ ਅਤੇ ਉਹਨਾਂ ਨਾਲ ਓਹੀ ਵਤੀਰਾ ਹੁੰਦਾ ਹੈ ਜੋ ਕਿਸੇ ਹੋਰ ਆਕੀ ਨਾਲ ਕੀਤਾ ਜਾਂਦਾ ਹੈ:-

ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ਹ ਮੁਰਟੀਐ॥[1]

ਸਤੇ ਬਲਵੰਡ ਨੇ ਇਸ ਤਥ ਨੂੰ ਹੋਰ ਸਪਸ਼ਟਤਾ ਪ੍ਰਦਾਨ ਕਰਦਿਆਂ ਦਸਿਆ ਹੈ ਕਿ ਹੁਕਮ ਪਾਲਨ ਵਾਲੇ ਗੁਰਸਿਖ ਹਨ ਅਤੇ ਉਹਨਾਂ ਦੇ ਮੁਖ ਉਜਲੇ ਹੁੰਦੇ ਹਨ, ਅਤੇ ਹੁਕਮ ਦੀ ਅਵਹੇਲਨਾ ਕਰਨ ਵਾਲੇ ਮਨਮੁਖ ਹਨ ਤੇ ਉਹਨਾਂ ਦੇ ਮੁਖ ਸ਼ਰਮ ਨਾਲ ਪੀਲੇ ਹੁੰਦੇ ਹਨ।

ਗੁਰਸਿਖਾ ਕੇ ਮੁਖ ਉਜਲੇ ਮਨਮੁਖ ਥੀਏ ਪਰਾਲੀ॥[2]

ਗੁਰੂ ਨੂੰ ਸੰਬੋਧਨ ਕਰਕੇ ਸਤਾ ਤੇ ਬਲਵੰਡ ਕਹਿੰਦੇ ਹਨ ਕਿ ਜੋ ਤੇਰੇ ਹੁਕਮ ਦੇ ਆਕੀ ਹੋ ਕੇ ਤੇਰੀ ਨਿੰਦਿਆ ਕਰਦੇ ਹਨ ਓਹ ਤਬਾਹ ਹੋ ਜਾਂਦੇ ਹਨ। ਸੰਸਾਰਕ ਜੀਵਾਂ ਨੂੰ ਨੇੜੇ ਦੀ ਦੁਨੀਆਂ ਹੀ ਦਿਸਦੀ ਹੈ ਪਰ ਤੂੰ ਅਗਾਂਹ ਵਾਪਰਨ ਵਾਲੀਆਂ ਗਲਾਂ ਦੀ ਸੋਝੀ ਰਖਦਾ ਹੈਂ।

ਨਿੰਦਾ ਤੇਰੀ ਜੋ ਕਰੇ ਸੋ ਵੰਞੈ ਚੂਰੁ॥
ਨੇੜੈ ਦਿਸੈ ਮਾਤਲੋਕ ਤੁਧੁ ਸੁਝੈ ਦੂਰੁ॥[3]

ਪ੍ਰਾਕਰਮ:

ਵਾਰ ਵਿਚ 'ਸੱਚੇ ਪਾਤਸ਼ਾਹ' ਦੇ ਪ੍ਰਾਕਰਮ ਦਾ ਵਰਣਨ ਵੀ ਹੈ। ਗੁਰ ਬਹੁਤ ਪ੍ਰਾਕਰਮੀ ਹਨ ਅਤੇ ਪ੍ਰਾਕਰਮ ਨਾਲ ਹੀ ਅਪਣੀ ਉਮਤਿ ਦਾ ਭਲਾ ਕਰਦੇ ਹਨ। ਉਮਤਿ ਨੂੰ ਨਵਾਂ ਆਤਮਕ ਜੀਵਨ ਬਖਸ਼ ਕੇ ਉਹਨਾਂ ਦਾ ਲੋਕ-ਪਰਲੋਕ ਸਵਾਰਦੇ ਹਨ। ਲਹਿਣਾ ਜੀ ਨੂੰ ਨਵਾਂ ਆਤਮਕ ਜੀਵਨ ਦੇਣ ਲਈ ਭਾਵੇਂ ਅਕਾਲ ਪੁਰਖ ਦੀ ਬਖਸ਼ੀ ਮਤਿ ਰੂਪ

---

1- ਆਦਿ ਗ੍ਰੰਥ, ਪੰਨਾ 966

2- ਓਹੀ, ਪੰਨਾ 967

3- ਓਹੀ, ਪੰਨਾ 967

ਤਲਵਾਰ ਦਾ ਪ੍ਰਯੋਗ ਕੀਤਾ ਗਿਆ ਹੈ, ਪਰ ਇਸ 'ਆਤਮ ਦੇਵ ਦੀ ਖੜਗ' ਪ੍ਰਯੋਗ ਕਰਨ ਦਾ ਪ੍ਰਾਕਰਮ ਗੁਰੂ ਨਾਨਕ ਦੇਵ ਜੀ ਦਾ ਹੈ:-

ਸਤਿਗੁਰ ਆਤਮ ਦੇਵ ਦੀ ਖੜਗਿ ਜੋਰਿ ਪਰਾਕੁਇ ਜੀਅਦੈ॥[1]

ਗੁਰੂ ਨਾਨਕ ਦੇਵ ਜੀ ਨੇ ਜਿਸਤਰ੍ਹਾਂ ਲਹਿਣਾ ਜੀ ਦੀ ਪਰਖ ਕੀਤੀ ਅਤੇ ਫਿਰ ਜਿਸ ਤਰ੍ਹਾਂ ਆਪਣੇ ਸਿੱਖ ਨੂੰ ਮੱਥਾ ਟੇਕ ਕੇ ਗੁਰਿਆਈ ਦੀ ਬਖਸ਼ਿਸ਼ ਕੀਤੀ, ਬੜੇ ਪ੍ਰਾਕਰਮ ਦੀ ਗੱਲ ਹੈ:

1) ਗੁਰਿ ਚੇਲੇ ਰਹਿਰਾਸਿ ਕੀਈ ਨਾਨਕਿ ਸਲਾਮਤਿ ਥੀਵਦੈ॥
ਸਹਿ ਟਿਕਾ ਦਿਤੋਸੁ ਜੀਵਦੈ॥[2]

2) ਕੁਦਰਤਿ ਅਹਿ ਵੇਖਾਲਿਅਨ ਜਿਣਿ ਐਵਡ ਪਿਡ ਠਿਣਕਿਉਨ॥
ਲਹਣੇ ਧਰਿਓਨੁ ਛਤ੍ਰੁ ਸਿਰਿ ਅਸਮਾਨਿ ਕਿਆੜਾ ਛਿਕਿਓਨੁ॥[3]

ਫਿਰ ਕਿਹਾ ਹੈ ਕਿ ਗੁਰੂ ਦੇ ਪ੍ਰਾਕਰਮ ਦੀ ਜਿਤਨੀ ਉਪਮਾ ਕਰੀਏ, ਘਟ ਹੈ। ਗੁਰੂ ਨਾਨਕ ਨੇ ਹੋਰ ਪਾਸਿਓਂ ਗੰਗਾ ਵਗਾ ਦਿੱਤੀ ਹੈ। ਲੋਕ ਬੜੇ ਹੈਰਾਨ ਹਨ ਕਿ ਉਸ ਨੇ ਆਪਣੇ ਸੇਵਕ ਨੂੰ ਗੁਰਿਆਈ ਬਖਸ਼ ਦਿੱਤੀ ਹੈ:-

ਹੋਰਿਓ ਗੰਗ ਵਹਾਈਐ ਦੁਨਿਆਈ ਆਖੈ ਕਿਕਿਓਨੁ॥
ਨਾਨਕ ਈਸਰਿ ਜਗ ਨਾਥਿ ਉਚਹਦੀ ਵੈਣੁ ਵਿਰਿਕਿਓਨੁ॥[4]

---

1- ਆਦਿ ਗ੍ਰੰਥ, ਪੰਨਾ 966

2- ਓਹੀ, ਪੰਨਾ 966

3- ਓਹੀ, ਪੰਨਾ 967

4- ਓਹੀ, ਪੰਨਾ 967

<u>ਲੰਗਰ:</u>

ਸਚੇ ਪਾਤਸ਼ਾਹ ਦੇ ਦਰਬਾਰ ਦੀ ਲੰਗਰ ਦੀ ਪ੍ਰਥਾ ਵੀ ਬਹੁਤ ਮਹੱਤਵਪੂਰਣ ਹੈ। ਗੁਰੂ ਦਰਬਾਰ ਵਿਚ ਲੰਗਰ ਦੋ ਪ੍ਰਕਾਰ ਦੇ ਹਨ। ਇਕ ਪਾਸੇ ਸਚੇ ਪਾਤਸ਼ਾਹ ਦੇ ਲੰਗਰ ਵਿਚ ਨਾਮ ਰੂਪ, ਅੰਮ੍ਰਿਤ ਰਸ ਵੰਡਿਆ ਜਾ ਰਿਹਾ ਹੈ। ਦੂਜੇ ਪਾਸੇ ਦੁਨਿਆਵੀ ਪਦਾਰਥ ਵੀ ਵੰਡੇ ਜਾ ਰਹੇ ਹਨ। ਨਾਮ ਦੀ ਦੌਲਤ ਤੇ ਘਿਓ ਵਾਲੀ ਖੀਰ ਦੋਵੇਂ ਪ੍ਰਕਾਰ ਦੇ ਪਦਾਰਥ ਲੰਗਰ ਵਿਚ ਅਤੁਟ ਵਰਤ ਰਹੇ ਹਨ। ਵਾਰ ਵਿਚ ਜ਼ਿਕਰ ਹੈ ਕਿ ਗੁਰੂ ਅੰਗਦ ਦੇਵ ਜੀ ਦੀ ਪਤਨੀ ਮਾਤਾ ਖੀਵੀ ਜੀ ਸੰਗਤ ਦੀ ਸੇਵਾ ਸੰਭਾਲ ਤੇ ਪ੍ਰਸਾਦਿ ਪਾਣੀ ਦਾ ਇੰਤਜ਼ਾਮ ਖੁਦ ਆਪਣੀ ਦੇਖ ਰੇਖ ਵਿਚ ਕਰਦੇ ਹਨ:

ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ॥
ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥ [1]

ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਗੁਰ ਸ਼ਬਦ ਦੇ ਲੰਗਰ ਦਾ ਵਰਣਨ ਕਰਦਿਆਂ ਵਾਰ ਵਿਚ ਦਰਸਾਇਆ ਹੈ ਕਿ ਗੁਰੂ ਅਕਾਲ ਪੁਰਖ ਦੀ ਦਿੱਤੀ ਨਾਮ-ਦਾਤ ਦਬਾ - ਦਬ ਵੰਡੀ ਜਾ ਰਹੇ ਹਨ ਫਿਰ ਵੀ ਉਹਨਾਂ ਪਾਸ ਨਾਮ-ਰੂਪੀ ਖਜ਼ਾਨਾ ਅਤੁਟ ਹੈ:

ਲੰਗਰ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ॥
ਖਰਚੇ ਦਿਤਿ ਖਸੰਮ ਦੀ ਆਪ ਖਹਦੀ ਖੈਰਿ ਦਬਟੀਐ॥ [2]

ਗੁਰੂ ਅਮਰਦਾਸ ਜੀ ਦੇ ਦਰਬਾਰ ਵਿਚ ਸੰਗਤ ਦੀ ਸੇਵਾ ਸੰਭਾਲ ਲਈ ਲੰਗਰ ਦੀ ਰਸੋਈ ਵਿਚ ਉਤਮ ਤੋਂ ਉਤਮ ਪਦਾਰਥ ਵਰਤੇ ਜਾਂਦੇ ਹਨ:-

ਨਿਤ ਰਸੋਈ ਤੇਰੀਐ ਘਿਉ ਮੈਦਾ ਖਾਣੁ॥ [3]

---

1- ਆਦਿ ਗ੍ਰੰਥ, ਪੰਨਾ 967

2- ਓਹੀ, ਪੰਨਾ 966

3- ਓਹੀ, ਪੰਨਾ 967

## ਗੁਰੂ ਪਰੰਪਰਾ ਨਾਲ ਸਬੰਧਤ ਰਾਜ ਦੇ ਚਿਹਨ

ਗੁਰੂ ਪਰੰਪਰਾ ਨਾਲ ਉਜਾਗਰ ਹੋ ਰਹੇ 'ਨਾਨਕ ਰਾਜ ' ਵਿਚ ਦੁਨੀਆਂ ਦੇ ਹੋਰ ਰਾਜਾਂ ਵਰਗੇ ਸਾਰੇ ਰਾਜ ਦੇ ਚਿਨ੍ਹ ਮੌਜੂਦ ਸਨ ਅਤੇ ਪ੍ਰਤੱਖ ਤੌਰ ਤੇ ਇਕ ਵਿਕਲਪਿਕ ਰਾਜ ਦੀ ਸਥਾਪਨਾ ਹੁੰਦੀ ਨਜ਼ਰ ਆ ਰਹੀ ਸੀ। ਤਖ਼ਤ, ਛਤਰ ਤੇ ਚੰਦੋਆ ਰਾਜ ਦੇ ਬਹੁਤ ਅਵੱਸ਼ਕ ਚਿਨ੍ਹ ਮੰਨੇ ਜਾਂਦੇ ਰਹੇ ਹਨ, ਜੋ ਸਤੇ ਬਲਵੰਡ ਅਨੁਸਾਰ ਗੁਰੂ ਪਰੰਪਰਾ ਵਿਚ ਹਮੇਸ਼ਾਂ ਮੌਜੂਦ ਰਹੇ ਹਨ। ਹੇਠ ਲਿਖੇ ਉਦਾਹਰਣ ਇਸ ਤਥ ਦੀ ਪ੍ਰੋੜ੍ਹਤਾ ਲਈ ਧਿਆਨਯੋਗ ਹਨ:

ੳ) ਝੁਲੈ ਸੁ ਛਤੁ ਨਿਰੰਜਨੀ ਮਲਿ ਤਖਤੁ ਬੈਠਾ ਗੁਰ ਹਟੀਐ॥[1]

ਅ) ਨਾਨਕ ਕਾਇਆ ਪਲਟੁ ਕਰਿ ਮਲਿ ਤਖਤੁ ਬੈਠਾ ਸੈ ਡਾਲੀ॥[2]

ੲ) ਲਹਣੇ ਧਰਿਓਨੁ ਛਤੁ ਸਿਰਿ ਕਰਿ ਸਿਫਤੀ ਅੰਮ੍ਰਿਤੁ ਪੀਵਦੈ॥[3]

ਸ) ਨਾਨਕ ਹੰਦਾ ਛਤੁ ਸਿਰਿ ਉਮਤਿ ਹੈਰਾਣੁ॥[4]

ਹ) ਸੋ ਟਿਕਾ ਸੋ ਬੈਹਣਾ ਸੋਈ ਦੀਬਾਣੁ॥[5]

ਕ) ਤਖਤਿ ਬੈਠਾ ਅਰਜਨ ਗੁਰੂ ਸਤਿਗੁਰੂ ਦਾ ਖਿਵੈ ਚੰਦੋਆ॥[6]

ਇਸ ਤੋਂ ਇਲਾਵਾ ਹੇਠਲੀਆਂ ਪੰਕਤੀਆਂ ਵਿਚ ਹੋਰ ਬਹੁਤ ਸਾਰੇ ਚਿਨ੍ਹਾਂ, ਨਿਸ਼ਾਨੀਆਂ ਤੇ ਅੰਗਾਂ ਦਾ ਵਰਣਨ ਹੈ ਜਿਹਨਾਂ ਨੇ ਗੁਰੂ ਪਰੰਪਰਾ ਨਾਲ ਜੁੜੇ ਰਾਜ ਸੰਕਲਪ ਨੂੰ ਮੁਕੰਮਲਤਾ ਪ੍ਰਦਾਨ ਕੀਤੀ ਅਤੇ ਗੁਰੂ ਸਾਹਿਬਾਨ ਲਈ 'ਗੁਰੂ' ਤੋਂ 'ਸੱਚੇ ਪਾਤਸ਼ਾਹ' ਵਿਚਲਾ ਵਕਫ਼ਾ ਨਿਬੇੜ ਦਿਤਾ:

---

1- ਆਦਿ ਗ੍ਰੰਥ, ਪੰਨਾ 966

2- ਓਹੀ, ਪੰਨਾ 967

3- ਓਹੀ, ਪੰਨਾ 966

4- ਓਹੀ, ਪੰਨਾ 967

5- ਓਹੀ, ਪੰਨਾ 967

6- ਓਹੀ, ਪੰਨਾ 968

1) ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵਦੈ॥[1]

( ਕੋਟ - ਕਿਲਾ )

2) ਮਤਿ ਗੁਰ ਆਤਮ ਦੇਵ ਦੀ ਖੜਗਿ ਜੋਰਿ ਪਰਾਕੁਇ ਜੀਅਦੈ॥[2]

( ਖੜਗਿ - ਕਿਰਪਾਨ )

3) ਸਹਿ ਟਿਕਾ ਦਿਤੋਸ ਜੀਵਦੈ॥[3] ( ਟਿਕਾ - ਤਿਲਕ )

4) ਲਹਣੇ ਦੀ ਫੇਰਾਈਐ ਨਾਨਕ ਦੋਹੀ ਖਟੀਐ॥[4]

( ਦੋਹੀ - ਡੌਂਡੀ )

5) ਦਰੁ ਸੇਵੇ ਉਮਤਿ ਖੜੀ ਮਸਕਲੈ ਹੋਇ ਜੰਗਾਲੀ॥[5]

( ਦਰ-ਡਿਓੜੀ, ਉਮਤਿ-ਸੰਗਤ)

6) ਸੋ ਟਿਕਾ ਸੋ ਬੈਹਣਾ ਸੋਈ ਦੀਬਾਣੁ॥[6] (ਟਿਕਾ - ਤਿਲਕ,

ਬੈਹਣ-ਤਖ਼ਤ, ਦੀਬਾਣੁ-ਦਰਬਾਰ)

7) ਦਰਿ ਦਰਵੇਸੁ ਖਸੰਮ ਦੈ ਨਾਇ ਸਚੈ ਬਾਣੀ ਲਾਲੀ॥[7]

( ਦਰਵੇਸ਼ - ਸੁਆਲੀ )

---

1- ਆਦਿ ਗ੍ਰੰਥ, ਪੰਨਾ 966

2- ਓਹੀ, ਪੰਨਾ 966

3- ਓਹੀ, ਪੰਨਾ 966

4- ਓਹੀ, ਪੰਨਾ 966

5- ਓਹੀ, ਪੰਨਾ 967

6- ਓਹੀ, ਪੰਨਾ 967

7- ਓਹੀ, ਪੰਨਾ 967

8) ਘੋੜਾ ਕੀਤੋ ਸਹਜ ਦਾ ਜਤ ਕੀਓ ਪਲਾਣ॥
ਧਣਖ ਚੜਾਇਓ ਸੱਤ ਦਾ ਜਸ ਹੰਦਾ ਬਾਣ॥[1]

(ਪਲਾਣ-ਕਾਠੀ; ਧਣਖ-ਕਮਾਨ;
ਬਾਣ - ਤੀਰ )

9) ਦਾਨ ਜਿ ਸਤਿਗੁਰ ਭਾਵਸੀ ਸੋ ਸਤੇ ਦਾਣੁ॥[2]

( ਦਾਣੁ - ਬਖਸੀਸ )

10) ਸਿਖੀ ਅਤੈ ਸੰਗਤੀ ਪਾਰਬ੍ਰਹਮ ਕਰਿ ਨਮਸਕਾਰਿਆ॥[3]

(ਨਮਸਕਾਰ- ਬੰਦਨਾ, ਡੰਡਉਤ)

11) ਧੰਨ ਸੋ ਤੇਰਾ ਥਾਨੁ ਹੈ ਸਚ ਤੇਰਾ ਪੈਸਕਾਰਿਆ॥[4]

( ਪੈਸਕਾਰਿਆ - ਪੇਸ਼ਕਾਰਾ)

ਸਤੇ ਬਲਵੰਡ ਦੀ ਵਾਰ ਦੇ ਇਹਨਾਂ ਸਾਰੇ ਪਰਮਾਣਾਂ ਤੋਂ ਇਸ ਤਥ ਦੀ ਪੁਸ਼ਟੀ ਹੁੰਦੀ ਹੈ ਕਿ ਗੁਰੂ ਸਾਹਿਬਾਨ ਇਕ ਨਿਰੰਤਰ ਪਰੰਪਰਾ ਦੇ ਰੂਪ ਵਿਚ ਆਪਣੀ 'ਉਮਤਿ' (ਰਈਅਤ) ਦੀ ਰਹਿਨੁਮਾਈ ਕਰ ਰਹੇ ਸਨ। ਗੁਰੂ ਦਰਬਾਰ ਵਿਚ ਰਾਜ ਦੇ ਚਿਹਨ ਮੌਜੂਦ ਸਨ ਅਤੇ ਗੁਰੂ ਸਾਹਿਬਾਨ 'ਸਚੇ ਪਾਤਸ਼ਾਹ' ਵਜੋਂ ਲੋਕ ਪ੍ਰਿਅ ਸਨ। ਲੋਕਾਂ ਦੇ ਅੰਤਹਕਰਣ ਵਿਚ ਗੁਰੂ ਪਰੰਪਰਾ ਇਕ ਵਿਕਲਪਿਕ ਰਾਜ ਦੇ ਰੂਪ ਵਿਚ ਉਕਰੀ ਹੋਈ ਸੀ।

---

1- ਆਦਿ ਗ੍ਰੰਥ, ਪੰਨਾ 967

2- ਉਹੀ, ਪੰਨਾ 967

3- ਉਹੀ, ਪੰਨਾ 968

4- ਉਹੀ, ਪੰਨਾ 968

2 - ਭੱਟਾਂ ਦੇ ਸਵੈਯੇ

ਭੱਟਾਂ ਦੁਆਰਾ ਰਚਿਤ ਬਾਣੀ ਵਿਚ ਗੁਰੂ ਪਰੰਪਰਾ ਨਾਲ ਜੁੜਦੇ ਜਾ ਰਹੇ ਇਕ ਵਿਕਲਪਿਕ ਰਾਜ ਦੇ ਸੰਕਲਪ ਦੇ ਲੋਕ ਵਿਸ਼ਵਾਸ ਨੂੰ ਬੜੇ ਸਜੀਵ ਢੰਗ ਨਾਲ ਪ੍ਰਸਤੁਤ ਕੀਤਾ ਗਿਆ ਹੈ। ਪ੍ਰੋ:ਸਾਹਿਬ ਸਿੰਘ ਨੇ ਲੰਮੀ ਪੜਚੋਲ ਤੋਂ ਬਾਅਦ ਭਟਾਂ ਦੀ ਗਿਣਤੀ ਗਿਆਰਾਂ ਦਸੀ ਹੈ ਜਿਹਨਾਂ ਦੇ ਨਾਮ ਇਸ ਪ੍ਰਕਾਰ ਹਨ:

(1) ਕਲ੍ਹਸਹਾਰ, (2) ਜਾਲਪ, (3) ਕੀਰਤ, (4) ਭਿੱਖਾ,
(5) ਸਲ੍ਹ, (6) ਭਲ੍ਹ, (7) ਨਲ੍ਹ, (8) ਗਯੰਦ, (9) ਮਥੁਰਾ,
(10) ਬਲ੍ਹ ਅਤੇ (11) ਹਰਿਬੰਸ।[1]

ਭੱਟਾਂ ਦੁਆਰਾ ਉਚਾਰੇ ਕੁਲ ਸਵਈਆਂ ਦੀ ਗਿਣਤੀ 123 ਹੈ।[2]

ਭੱਟ ਪਿਤਾ ਪੁਰਖੀ ਪੇਸ਼ਾਵਰ ਮਹਿਮਾ ਗਾਉਣ ਵਾਲੇ ਕਵੀ ਸਨ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਭੱਟ ਤੋਂ ਭਾਵ ਉਸਤਤਿ ਪੜ੍ਹਨ ਵਾਲਾ ਕਵਿ, ਰਾਜ ਦਰਬਾਰ ਵਿਚ ਰਾਜਾ ਤੇ ਯੋਧਿਆਂ ਦਾ ਯਸ਼ ਕਰਨ ਵਾਲਾ ਵਿਅਕਤੀ ਹੈ।[3] ਪਰ ਭੱਟਾਂ ਦਾ ਗੁਰੂ ਦਰਬਾਰ ਵਿਚ ਹਾਜ਼ਰ ਹੋਣਾ ਤੇ ਫਿਰ ਸੰਗਤ ਦੇ ਸਨਮੁਖ ਗੁਰੂ ਅਰਜਨ ਦੇਵ ਜੀ ਦੀ ਹਜ਼ੂਰੀ ਵਿਚ ਗੁਰੂਆਂ ਦੀ ਉਸਤਤਿ ਕਰਨਾ ਇਕ ਨਵੀਂ ਗਲ ਸੀ। ਰਾਜਿਆਂ ਦੇ ਦਰਬਾਰ ਛਡਕੇ, ਭੱਟਾਂ ਦਾ ਗੁਰੂ ਦਰਬਾਰ ਵਿਚ ਆਉਣਾ ਇਕ ਅਨੋਖੀ ਘਟਨਾ ਸੀ। ਸਪਸ਼ਟ ਹੈ ਕਿ ਗੁਰੂਆਂ ਦੀ ਅਧਿਆਤਮਕ ਤੇ ਸੰਸਾਰਕ ਪ੍ਰਭੁਤਾ ਸੰਪੰਨ ਦੁਵੱਲੀ ਸ਼ਖਸੀਅਤ ਨੇ ਭੱਟਾਂ ਨੂੰ ਉਹਨਾਂ ਵਲ ਆਕਰਸ਼ਤ ਕੀਤਾ। ਇਹੋ ਕਾਰਣ ਹੈ ਕਿ ਜਦੋਂ ਭੱਟਾਂ ਨੇ ਗੁਰੂਆਂ ਦੀ ਉਸਤਿਤ ਉਚਾਰੀ

- - - - - - - - - - - - - - - - - - - - - - - - - - - - - - - -

1- ਪ੍ਰੋ:ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਦਸਵੀਂ ਪੋਥੀ) ਪੰਨਾ 399

2- ਓਹੀ, ਪੰਨਾ 570

3- ਨਾਭਾ, ਭਾਈ ਕਾਨ੍ਹ ਸਿੰਘ, ਮਹਾਨ ਕੋਸ਼, ਪੰਨਾ 904

ਉਦੋਂ ਅਧਿਆਤਮਕ ਸਰਵੋਚਤਾ ਨੂੰ ਲੋਕਾਂ ਸਾਹਮਣੇ ਪ੍ਰਗਟਾਉਣ ਦੇ ਨਾਲ ਨਾਲ ਸੰਸਾਰਕ ਖੇਤਰ ਵਿਚ ਉਹਨਾਂ ਦੀ ਭੂਮਿਕਾ ਨੂੰ ਵੀ ਖੂਬ ਸਲਾਹਿਆ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਭੱਟ ਬਾਣੀ ਵਿਚ ਬੁਨਿਆਦੀ ਤੌਰ ਤੇ ਗੁਰੂਆਂ ਦੀ ਅਧਿਆਤਮਕ ਸਰਵੋਚਤਾ ਦੀ ਉਸਤਿਤ ਹੈ ਪਰ ਇਸ ਅਧਿਆਤਮਕ ਉਸਤਤਿ ਵਿਚ ਹੀ ਗੁਰੂਆਂ ਨੂੰ ਰਾਜਿਆਂ ਦੇ ਰੂਪ ਵਿਚ ਵੇਖਿਆ ਗਿਆ ਹੈ ਅਤੇ ਇਸ ਉਸਤਤਿ ਰਚਨਾ ਵਿਚ ਗੁਰੂ ਦੇ ਉਹਨਾਂ ਸਾਰੇ ਗੁਣਾਂ ਦਾ ਜ਼ਿਕਰ ਹੈ ਜੋ ਗੁਰੂ ਨੂੰ ਇਕ ਰਾਜੇ ਦੇ ਰੂਪ ਵਿਚ ਪ੍ਰਸਤੁਤ ਕਰਦੇ ਹਨ। ਗੁਰੂ ਦਰਬਾਰ ਵਿਚਲੀਆਂ ਉਹਨਾਂ ਸਾਰੀਆਂ ਪਰੰਪਰਾਵਾਂ, ਚਿਹਨਾਂ ਤੇ ਵਸਤਾਂ ਦਾ ਜ਼ਿਕਰ ਵੀ ਭੱਟ ਬਾਣੀ ਵਿਚ ਮੌਜੂਦ ਹੈ ਜਿਹਨਾਂ ਦਾ ਸਬੰਧ ਰਾਜ ਸੰਸਥਾ ਨਾਲ ਹੈ।

## ਗੁਰੂਆਂ ਦੀ ਦੁਵੱਲੀ ਸ਼ਖਸੀਅਤ

ਭੱਟ-ਬਾਣੀ ਵਿਚ ਗੁਰੂਆਂ ਦੀ ਦੁਵਲੀ ਸ਼ਖਸੀਅਤ ਦਾ ਵਰਣਨ ਹੈ। ਭੱਟਾਂ ਅਨੁਸਾਰ ਗੁਰੂ ਅਧਿਆਤਮਕ ਤੇ ਸੰਸਾਰਕ ਦੋਹਾਂ ਖੇਤਰਾਂ ਵਿਚ ਕ੍ਰਿਆਸ਼ੀਲ ਸਨ। ਉਹ ਅਧਿਆਤਮਕ ਤੇ ਸੰਸਾਰੀ ਦੋਹਾਂ ਸ਼ਕਤੀਆਂ ਦੇ ਪ੍ਰਤੀਕ ਬਣ ਚੁੱਕੇ ਸਨ। ਗੁਰੂਆਂ ਦੀ ਦੁਵੱਲੀ ਸ਼ਖਸੀਅਤ ਨਾਲ ਤੇ ਗੁਰੂ ਘਰ ਵਿਚ ਧਰਮ ਤੇ ਰਾਜ ਦੇ ਸੁਮੇਲ ਤੋਂ ਇਕ ਐਸੀ ਲੁਕਾਈ ਦੀ ਸਿਰਜਣਾ ਹੋ ਰਹੀ ਸੀ ਜੋ ਧਾਰਮਕ ਤੇ ਰਾਜਸੀ ਖੇਤਰ ਵਿਚ ਪੂਰੀ ਤਰ੍ਹਾਂ ਚੇਤੰਨ ਸੀ। ਗੁਰੂ ਘਰ ਦਾ ਇਹ ਦੁਵੱਲਾ ਚਰਿਤਰ ਅਤੇ ਗੁਰੂਆਂ ਦੀ ਦੁਵੱਲੀ ਸ਼ਖਸੀਅਤ ਭੱਟ ਬਾਣੀ ਤੋਂ ਬੜੇ ਸਹਿਜੇ ਹੀ ਉਜਾਗਰ ਹੁੰਦੀ ਹੈ।

ਭੱਟ ਕੱਲ ਨੇ ਗੁਰੂ ਨਾਨਕ ਦੇਵ ਜੀ ਦੀ ਉਸਤਤਿ ਕਰਦਿਆਂ ਉਹਨਾਂ ਨੂੰ ਅਧਿਆਤਮਕ ਤੇ ਸੰਸਾਰਕ ਪ੍ਰਭੁਤਾ ਦਾ ਮਾਲਕ ਦਰਸਾਇਆ ਹੈ। ਉਹ ਕਹਿੰਦਾ ਹੈ ਕਿ ਮੈਂ ਉਸ ਗੁਰੂ ਨਾਨਕ ਦੇ ਗੁਣ ਗਾਂਦਾ ਹਾਂ ਜਿਸ ਨੇ ਰਾਜ ਤੇ ਜੋਗ ਦੋਵੇਂ ਮਾਣੇ ਹਨ:-

1) ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ॥[1]

2) ਹਰਿ ਨਾਮ ਰਸਿਕ ਨਾਨਕ ਗੁਰ ਰਾਜ ਜੋਗੁ ਤੈ ਮਾਣਿਓ॥[2]

3) ਰਾਜੁ ਜੋਗੁ ਮਾਣਿਓ ਬਸਿਓ ਨਿਰਵੈਰੁ ਰਿਦੰਤਰਿ॥[3]

ਕਲਸਹਾਰ ਭੱਟ ਗੁਰੂ ਅੰਗਦ ਦੇਵ ਜੀ ਦੀ ਦੁਵੱਲੀ ਸੁਖਸੀਅਤ ਦਾ ਵਰਣਨ ਕਰਦਿਆਂ ਕਹਿੰਦਾ ਹੈ ਕਿ ਜਗਤ ਦੇ ਗੁਰੂ, ਬਾਬਾ ਫੇਰੂ ਜੀ ਦੇ ਸਪੁਤ੍ਰ ਲਹਿਣਾ ਜੀ ਰਾਜ ਅਤੇ ਜੋਗ ਦੋਵੇਂ ਕਮਾਉਂਦੇ ਹਨ:-

ਗੁਰੁ ਜਗਤ ਫਿਰਣ ਸੀਹ ਅੰਗਰਉ ਰਾਜੁ ਜੋਗੁ ਲਹਿਣਾ ਕਰੈ॥[4]

ਗੁਰੂ ਰਾਮਦਾਸ ਜੀ ਬਾਰੇ ਭੱਟ ਕਲਸਹਾਰ ਕਹਿੰਦਾ ਹੈ ਕਿ ਗੁਰੂ ਨਾਨਕ ਦੇਵ, ਗੁਰੂ ਅੰਗਦ ਦੇਵ ਅਤੇ ਗੁਰੂ ਅਮਰਦਾਸ ਦੇ ਅਕਾਲ ਪੁਰਖ ਵਿਚ ਲੀਨ ਹੋ ਜਾਣ ਤੋਂ ਬਾਅਦ, ਗੁਰੂ ਰਾਮ ਦਾਸ ਜੀ ਨੇ ਰਾਜ ਤੇ ਜੋਗ ਦੇ ਰਸ ਨੂੰ ਜਾਣਿਆ ਹੈ:-

ਗੁਰੁ ਨਾਨਕੁ ਅੰਗਦੁ ਅਮਰੁ ਭਗਤ ਹਰਿ ਸੰਗਿ ਸਮਾਣੇ॥
ਇਹੁ ਰਾਜ ਜੋਗ ਗੁਰ ਰਾਮਦਾਸ ਤੁਮ ਹੂ ਰਸੁ ਜਾਣੇ॥[5]

ਗੁਰੂ ਅਮਰਦਾਸ ਦੁਆਰਾ ਗੁਰੂ ਰਾਮਦਾਸ ਨੂੰ ਗੁਰਗੱਦੀ ਬਖਸ਼ਣ ਸਬੰਧੀ ਭੱਟ ਕਲ ਦਾ ਕਥਨ ਹੈ ਕਿ ਜਦੋਂ ਗੁਰੂ ਅਮਰਦਾਸ ਦਾ ਮਨ ਪੂਰਨ ਤੌਰ ਤੇ ਪਤੀਜ ਗਿਆ, ਤਦੋਂ ਗੁਰੂ ਰਾਮਦਾਸ ਜੀ ਨੂੰ ਤੁਠ ਕੇ ਰਾਜ ਤੇ ਜੋਗ ਵਾਲਾ ਤਖਤ ਬਖਸ਼ਿਆ:-

---

1- ਆਦਿ ਗ੍ਰੰਥ, ਪੰਨਾ 1389

2- ਓਹੀ, ਪੰਨਾ 1390

3- ਓਹੀ, ਪੰਨਾ 1390

4- ਓਹੀ, ਪੰਨਾ 1391

5- ਓਹੀ, ਪੰਨਾ 1398

ਸਭ ਬਿਧਿ ਮਾਨਿਉ ਮਨੁ ਤਬ ਹੀ ਭਯਉ ਪ੍ਰਸੰਨੁ

ਰਾਜੁ ਜੋਗੁ ਤਖਤੁ ਦੀਆ ਗੁਰ ਰਾਮਦਾਸ॥[1]

ਗੁਰੂ, ਕਿਉਂਕਿ ਦੋਹਰੀ ਸ਼ਕਤੀ ਦਾ ਮਾਲਕ ਹੈ ਇਸੇ ਲਈ ਭੱਟ ਕਲਸਹਾਰ ਗੁਰੂ ਰਾਮਦਾਸ ਜੀ ਦੀ ਉਸਤਤਿ ਕਰਦਿਆਂ ਫੁਰਮਾਉਂਦਾ ਹੈ ਕਿ ਸਤਿਗੁਰੂ ਦੀ ਸਰਣੀ ਪਉ; ਗੁਰੂ ਦੀ ਸਰਣੀ ਪਿਆਂ ਹੀ ਭੁਗਤਿ (ਦੁਨਿਆਵੀ ਪਦਾਰਥ) ਤੇ ਮੁਕਤਿ (ਅਧਿਆਤਮਕ ਮੁਕਤੀ) ਪ੍ਰਾਪਤ ਹੋ ਸਕਦੇ ਹਨ:-

ਸ੍ਰੀ ਗੁਰੂ ਸਰਣਿ ਭਜ ਕਲ੍ਯ ਕਬਿ ਭੁਗਤਿ ਮੁਕਤਿ ਸਭ ਗੁਰੂ ਲਗਿ॥[2]

ਗੁਰੂ ਅਰਜਨ ਦੇਵ ਜੀ ਦੀ ਧਰਮ ਤੇ ਰਾਜ ਦੇ ਸੰਗਮ ਵਾਲੀ ਦੁਵੱਲੀ ਸ਼ਖਸੀਅਤ ਦਾ ਵਰਣਨ ਕਰਦਿਆਂ ਭੱਟ ਕੱਲ ਕਹਿੰਦਾ ਹੈ ਹੇ ਗੁਰੂ ਅਰਜਨ ਦੇਵ ਜੀ! ਤੁਸੀਂ ਰਾਜ ਤੇ ਜੋਗੁ ਦੇ ਰਸ ਨੂੰ ਜਾਣਿਆ ਹੈ:-

1) ਗੁਰ ਅਰਜੁਨ ਕਲ੍ਯੁਚਰੈ ਤੈ ਰਾਜ ਜੋਗ ਰਸੁ ਜਾਣਿਅਉ॥[3]

2) ਗੁਰ ਪਰਚੈ ਪਰਵਾਣੁ ਰਾਜ ਮਹਿ ਜੋਗੁ ਕਮਾਯਉ॥[4]

ਉਪਰੋਕਤ ਸਾਰੇ ਵਿਸਥਾਰ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਬੇਸ਼ਕ ਗੁਰੂਆਂ ਦਾ ਮੁਖ ਮੰਤਵ ਅਧਿਆਤਮਕ ਸੇਧ ਦੇਣਾ ਸੀ ਪਰ ਕਿਸੇ ਵੀ ਤਰ੍ਹਾਂ ਸੰਸਾਰਕ ਖੇਤਰ ਤੋਂ ਅਭਿਜ ਨਹੀਂ ਸਨ। ਅਸਲ ਵਿਚ ਗੁਰੂਆਂ ਵਿਚ ਮਨੁਖ ਦੀ ਅਧਿਆਤਮਕ ਤੇ ਸੰਸਾਰਕ ਲੋੜਾਂ ਪ੍ਰਤੀ ਪੂਰਣ ਚੇਤੰਨਤਾ ਮੌਜੂਦ ਸੀ ਅਤੇ ਇਸੇ ਲਈ ਉਹ ਮਨੁੱਖ ਨੂੰ ਦੋਹਾਂ ਖੇਤਰਾਂ ਵਿਚ ਸੇਧ

---

1- ਆਦਿ ਗ੍ਰੰਥ, ਪੰਨਾ 1399

2- ਓਹੀ, ਪੰਨਾ 1398

3- ਓਹੀ, ਪੰਨਾ 1407

4- ਓਹੀ, ਪੰਨਾ 1407

ਦੇਣ ਦਾ ਬੀੜਾ ਚੁਕਦੇ ਹਨ। ਗੁਰੂਆਂ ਵਿਚ ਧਰਮ ਤੇ ਰਾਜ ਸ਼ਕਤੀ ਦਾ ਅਦੁਤੀ ਸੰਗਮ ਹੋ ਰਿਹਾ ਪ੍ਰਤੀਤ ਹੁੰਦਾ ਹੈ ਜੋ ਭੱਟ ਬਾਣੀ ਵਿਚ ਸਪਸ਼ਟ ਤੌਰ ਤੇ ਉਜਾਗਰ ਹੈ।

ਗੁਰੂਆਂ ਦੀ ਰਾਜਿਆਂ ਦੇ ਰੂਪ ਵਿਚ ਪ੍ਰਸੰਸਾ:

ਭੱਟਾਂ ਨੇ ਆਪਣੀ ਬਾਣੀ ਵਿਚ ਗੁਰੂ-ਉਸਤਤਿ ਕਰਦਿਆਂ ਗੁਰੂਆਂ ਦੀ ਰਾਜਿਆਂ ਦੇ ਰੂਪ ਵਿਚ ਪ੍ਰਸੰਸਾ ਕੀਤੀ ਹੈ ਅਤੇ ਉਹਨਾਂ ਵਿਚੋਂ ਰਾਜਸੀ ਪ੍ਰਭੁਤਾ ਦੀ ਝਲਕ ਵੇਖਣ ਦੀ ਕੋਸ਼ਿਸ਼ ਕੀਤੀ ਹੈ।

ਨੱਲ ਭੱਟ ਗੁਰੂ ਨਾਨਕ ਦੀ ਉਪਮਾ ਕਰਦਿਆਂ ਉਹਨਾਂ ਬਹੁਤ ਸਾਰੇ ਰਾਜਿਆਂ ਦੇ ਨਾਂ ਗਿਣਾਉਂਦਾ ਹੈ ਜੋ ਗੁਰੂ ਨਾਨਕ ਦੇ ਪ੍ਰਸੰਸਕ ਹਨ ਤੇ ਉਸਦੀ ਉਪਮਾ ਕਰਦੇ ਹਨ:-

ੳ) ਗਾਵਹਿ ਇੰਦ੍ਰਾਦਿ ਭਗਤ ਪ੍ਰਹਿਲਾਦਿਕ ਆਤਮ ਰਸੁ ਜਿਨਿ ਜਾਣਿਓ॥[1]

(ਰਾਜਾ ਇੰਦ੍ਰ ਆਦਿ)

ਅ) ਗਾਵਹਿ ਜਨਕਾਦਿ ਜੁਗਤਿ ਜੋਗੇਸਰ ਹਰਿ ਰਸ ਪੂਰਨ ਸਰਬ ਕਲਾ॥[2]

(ਰਾਜਾ ਜਨਕ ਆਦਿ)

ੲ) ਗਾਵੈ ਜਮਦਗਨਿ ਪਰਸ ਰਾਮੇਸੁਰ ਕਰ ਕੁਠਾਰੁ ਰਘੁ ਤੇਜੁ ਹਰਿਓ॥[3]

(ਜਮਦਗਨ ਦਾ ਪੁੱਤਰ ਪਰਸਰਾਮ)

ਸ) ਸੁਖਦੇਉ ਪਰੀਖ੍ਯਤੁ ਗੁਣ ਰਵੈ ਗੋਤਮ ਰਿਖਿ ਜਸੁ ਗਾਇਉ॥[4]

(ਪਰੀਖਤ ਰਾਜਾ, ਅਭਿਮਨਯੂ ਦਾ ਪੁਤਰ ਤੇ ਹਸਤਨਾਪੁਰ ਦਾ ਰਾਜਾ)

---

1- ਆਦਿ ਗ੍ਰੰਥ, ਪੰਨਾ 1389

2- ਓਹੀ, ਪੰਨਾ 1389

3- ਓਹੀ, ਪੰਨਾ 1389

4- ਓਹੀ, ਪੰਨਾ 1390

ਹ) ਮਾਂਧਾਤਾ ਗੁਣ ਰਵੈ ਜੇਨ ਚਕ੍ਰਵੈ ਕਹਾਇਓ॥[1]

(ਮਾਂਧਾਤਾ-ਸੂਰਜ ਬੰਸੀ ਕੁਲ ਦਾ ਰਾਜਾ)

ਕ) ਗੁਣ ਗਾਵੈ ਬਲਿਰਾਉ ਸਪਤ ਪਾਤਾਲਿ ਬਸੰਤੋ॥[2]

( ਰਾਜਾ ਬਲਿ )

ਖ) ਦੂਰਬਾ ਪਰੂਰਉ ਅੰਗਰੈ ਗੁਰੂ ਨਾਨਕ ਜਸੁ ਗਾਇਉ॥[3]

( ਰਾਜਾ ਪੁਰੂ ਚੰਦ੍ਰਬੰਸੀ ਕੁਲ ਦਾ ਛੇਵਾਂ ਰਾਜਾ)

ਗੁਰੂ ਅੰਗਦ ਦੇਵ ਦੀ ਉਸਤਤਿ ਵਿਚ ਕਲਸਹਾਰ ਕਹਿੰਦਾ ਹੈ ਕਿ ਮੈਨੂੰ ਤਾਂ ਤੂੰ ਜਨਕ ਰਾਜਾ ਦਾ ਅਵਤਾਰ ਦਿਸਦਾ ਹੈਂ:-

ਤੂੰ ਤਾਂ ਜਨਿਕ ਰਾਜਾ ਅਉਤਾਰੁ ਸਬਦੁ ਸੰਸਾਰਿ ਸਾਰੁ
ਰਹਹਿ ਜਗਤ੍ਰ ਜਲ ਪਦਮ ਬੀਚਾਰੁ॥[4]

(ਰਾਜਾ ਜਨਕ)

ਭੱਟ ਸਲ ਨੇ ਗੁਰੂ ਅਮਰਦਾਸ ਦੀ ਉਸਤਤਿ ਵਿਚ ਕਿਹਾ ਹੈ ਕਿ ਤੇਜਭਾਨ ਜੀ ਦੇ ਪੁਤ੍ਰ ਗੁਰੂ ਅਮਰਦਾਸ ਜੀ ਭੱਲਿਆਂ ਦੀ ਕੁਲ ਵਿਚ ਸ਼੍ਰੋਮਣੀ ਹਨ ਅਤੇ ਗੁਰੂ ਨਾਨਕ ਦੇ ਵਰ ਨਾਲ ਰਾਜਿਆਂ ਦੇ ਰਾਜੇ ਹਨ:-

ਭਲਉ ਭੂਹਾਲੁ ਤੇਜੋ ਤਨਾ ਨ੍ਰਿਪਤਿ ਨਾਥੁ ਨਾਨਕ ਬਰਿ॥[5]

ਕਲਸਹਾਰ ਭੱਟ ਗੁਰੂ ਰਾਮਦਾਸ ਨੂੰ ਸੰਬੋਧਨ ਕਰਦਿਆਂ ਆਖਦਾ ਹੈ ਕਿ ਹੇ ਗੁਰੂ ਰਾਮਦਾਸ! ਇਹ ਜਨਕ ਰਾਜੁ ਤੈਨੂੰ ਹੀ ਸੋਭਦਾ ਹੈ:-

---

1- ਆਦਿ ਗ੍ਰੰਥ, ਪੰਨਾ 1390

2- ਓਹੀ, ਪੰਨਾ 1389

3- ਓਹੀ, ਪੰਨਾ 1389

4- ਓਹੀ, ਪੰਨਾ 1391

5- ਓਹੀ, ਪੰਨਾ 1396

ਇਹ ਜਨਕ ਰਾਜੁ ਗੁਰ ਰਾਮਦਾਸ ਤੁਝ ਹੀ ਬਣਿ ਆਵੈ॥[1]

ਗੁਰੂ ਅਰਜਨ ਦੇਵ ਬਾਰੇ ਵੀ ਕਲਸਹਾਰ ਭੱਟ ਦਾ ਕਥਨ ਹੈ ਕਿ ਉਹਨਾਂ ਨੇ 'ਜਨਕਰਾਜ' ਵਰਤਾਇਆ ਹੋਇਆ ਹੈ:-

ਜਨਕ ਰਾਜੁ ਬਰਤਾਇਆ ਸਤਜੁਗੁ ਆਲੀਣਾ॥[2]

ਪਾਂਡਵ ਕੁਲ ਦੇ ਅਰਜੁਨ ਨਾਲ ਤੁਲਨਾ ਕਰਦਿਆਂ ਭੱਟ ਕਲਸਹਾਰ ਕਹਿੰਦਾ ਹੈ ਗੁਰੂ ਅਰਜਨ ਦੇਵ ਆਪ ਅਕਾਲ ਪੁਰਖ ਹਨ ਅਤੇ ਅਰਜੁਨ ਵਾਂਗ ਆਪ ਕਦੇ ਡੋਲਦੇ ਨਹੀਂ ਹਨ ਅਰਥਾਤ ਜਿਵੇਂ ਅਰਜੁਨ ਕੁਰਖੇਤਰ ਦੇ ਜੁਧ ਵਿਚ ਵੈਰੀਆਂ ਤੋਂ ਘਬਰਾਉਂਦਾ ਨਹੀਂ ਸੀ ਤਿੱਵੇ ਹੀ ਗੁਰੂ ਅਰਜਨ ਦੇਵ ਵੈਰੀਆਂ ਤੋਂ ਨਹੀਂ ਘਬਰਾਉਂਦੇ :-

ਗੁਰੂ ਅਰਜੁਨੁ ਪੁਰਖੁ ਪ੍ਰਮਾਣੁ ਪਾਰਥਉ ਚਾਲੈ ਨਾਹੀ॥[3]

ਇਸ ਪ੍ਰਕਾਰ ਭੱਟਾਂ ਨੇ ਗੁਰੂਆਂ ਦੀ ਉਪਮਾ ਕਰਦਿਆਂ ਉਹਨਾਂ ਨੂੰ ਰਾਜਿਆਂ ਦੇ ਰੂਪ ਵਿਚ ਵੇਖਿਆ ਹੈ ਤੇ ਆਪਣੀ ਬਾਣੀ ਵਿਚ ਪੁਰਾਤਨ ਪ੍ਰਸਿੱਧ ਰਾਜਿਆਂ ਨਾਲ ਗੁਰੂਆਂ ਦੀ ਤੁਲਨਾ ਦਿਤੀ ਹੈ।

## ਗੁਰੂ ਪਰੰਪਰਾ ਨਾਲ ਜੁੜੇ ਰਾਜ ਦੇ ਚਿਹਨ

ਭੱਟਾਂ ਨੇ ਗੁਰੂ ਪਰੰਪਰਾ ਨਾਲ ਜੁੜਦੇ ਜਾ ਰਹੇ, ਵਿਕਲਪਿਕ ਰਾਜ ਦੇ ਸੰਕਲਪ ਨੂੰ ਆਪਣੀ ਬਾਣੀ ਦੁਆਰਾ ਉਜਾਗਰ ਕਰਨ ਦਾ ਭਰਪੂਰ ਯਤਨ ਕੀਤਾ ਹੈ। ਭੱਟ ਬਾਣੀ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਇਸ ਬਾਣੀ ਵਿਚ ਉਹਨਾਂ ਸਾਰੇ ਚਿਹਨਾਂ ਵਸਤੂਆਂ ਤੇ ਪਰੰਪਰਾਵਾਂ ਦਾ ਜ਼ਿਕਰ ਬਾਰ ਬਾਰ ਮਿਲਦਾ ਹੈ ਜੋ ਪਰਤਖ ਜਾਂ ਅਪ੍ਰਤਖ ਰੂਪ ਵਿਚ ਰਾਜਾ

---

1- ਆਦਿ ਗ੍ਰੰਥ, ਪੰਨਾ 1398

2- ਓਹੀ, ਪੰਨਾ 1407

3- ਓਹੀ, ਪੰਨਾ 1408

ਨਾਲ ਸਬੰਧਤ ਹਨ। ਗੁਰੂ ਉਸਤਤਿ ਲਈ ਭੱਟਾਂ ਨੇ ਜਿਹੜੀ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ ਉਹ ਆਮ ਤੌਰ ਤੇ ਰਾਜ ਨਾਲ ਸਬੰਧਤ ਹੈ। ਗੁਰੂਆਂ ਨੂੰ ਰਾਜਾ, ਭੂਹਾਲ, ਨ੍ਰਿਪਤ, ਨਾਥ ਤੇ ਸ਼੍ਰਾਹ ਦੇ ਰੂਪ ਵਿਚ ਭੱਟਾਂ ਨੇ ਸਲਾਹਿਆ ਹੈ:-

ੳ) ਤੂ ਤਾ ਜਨਿਕ ਰਾਜਾ ਅਉਤਾਰੁ ਸਬਦੁ ਸੰਸਾਰਿ ਸਾਰੁ
ਰਹਹਿ ਜਗਤੁ ਜਲ ਪਦਮ ਬੀਚਾਰ॥[1]

ਅ) ਭਲਉ ਭੂਹਾਲੁ ਤੇਜੋ ਤਨਾ ਨ੍ਰਿਪਤਿ ਨਾਥੁ ਨਾਨਕ ਬਰਿ॥[2]

ੲ) ਅਕਥ ਕਥਾ ਕਥੀ ਨ ਜਾਇ ਤੀਨਿ ਲੋਕ ਰਹਿਆ ਸਮਾਇ
ਸੁਤਹ ਸਿਧ ਰੂਪੁ ਧਰਿਓ ਸਾਹਨ ਕੈ ਸਾਹਿ ਜੀਉ॥[3]

ਰਾਜ ਦਰਬਾਰ ਦੇ ਬਹੁਤ ਸਾਰੇ ਪਛਾਣ ਚਿਹਨ ਗੁਰੂ ਦਰਬਾਰ ਵਿਚ ਵੀ ਮੌਜੂਦ ਸਨ। ਤਖਤ, ਸਿੰਘਾਸਣ, ਛਤਰ, ਚਵਰ, ਚੰਦੋਆ ਇਤਿਆਦਿ ਐਸੇ ਚਿਹਨ ਹਨ, ਜੋ ਰਾਜ ਦਰਬਾਰ ਦੀ ਪਛਾਣ ਲਈ ਅਤਿ ਆਵਸ਼ਕ ਸਨ। ਭੱਟਾਂ ਦੀਆਂ ਰਚਨਾਵਾਂ ਅਨੁਸਾਰ ਇਹ ਰਾਜ-ਚਿਹਨ ਗੁਰੂ ਦਰਬਾਰ ਨਾਲ ਸਬੰਧਤ ਹੋ ਗਏ ਪ੍ਰਤੀਤ ਹੁੰਦੇ ਹਨ:-

ੳ) ਰਾਜ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ॥[4]

ਅ) ਪਹਿਰਿ ਸਮਾਧਿ ਸਨਾਹੁ ਗਿਆਨਿ ਹੈ ਆਸਣਿ ਚੜਿਅਉ॥[5]

ੲ) ਹਰਿ ਸਿੰਘਾਸਣੁ ਦੀਅਉ ਸਿਰੀ ਗੁਰੁ ਤਹ ਬੈਠਾਯਉ॥[6]

---

1- ਆਦਿ ਗ੍ਰੰਥ, ਪੰਨਾ 1391

2- ਓਹੀ, ਪੰਨਾ 1396

3- ਓਹੀ, ਪੰਨਾ 1402

4- ਓਹੀ, ਪੰਨਾ 1398

5- ਓਹੀ, ਪੰਨਾ 1396

6- ਓਹੀ, ਪੰਨਾ 1409

ਸ) ਅਜੈ ਚਵਰੁ ਸਿਰਿ ਢੁਲੈ ਨਾਮੁ ਅੰਮ੍ਰਿਤ ਮੁਖਿ ਲੀਅਉ ॥
ਗੁਰ ਅਰਜੁਨ ਸਿਰਿ ਛਤ੍ਰੁ ਆਪ ਪਰਮੇਸਰਿ ਦੀਅਉ ॥[1]

ਹ) ਗੁਰੂ ਰਾਮਦਾਸ ਤਨੁ ਸਰਬ ਮੈ ਸਹਿਜ ਚੰਦੋਆ ਤਾਣਿਅਉ ॥[2]

ਕ) ਸੇਜ ਸਧਾ ਸਹਜੁ ਛਾਵਾਣੁ ਸੰਤੋਖੁ ਸਰਾਇਚਉ
ਸਦਾ ਸੀਲ ਸੰਨਾਹੁ ਸੋਹੈ ॥[3]

ਖ) ਸਤਿਗੁਰਿ ਖੇਮਾ ਤਾਣਿਆ ਜੁਗ ਜੂਥ ਸਮਾਣੇ ॥[4]

ਗ) ਫੁਨਿ ਧ੍ਰੰਮ ਧੁਜਾ ਫਹਰੰਤਿ ਸਦਾ ਅਘ ਪੁੰਜ ਤਰੰਗ ਨਿਵਾਰਨੁ ਕਉ ॥[5]

ਘ) ਰਘੁਬੰਸਿ ਤਿਲਕੁ ਸੁੰਦਰੁ ਦਸਰਥ ਘਰਿ
ਮੁਨਿ ਬੰਛਹਿ ਜਾ ਕੀ ਸਰਣੰ ॥[6]

ਙ) ਤੇਰੇ ਹੁਕਮਿ ਪਵੈ ਨੀਸਾਣੁ ਤਉ ਕਰਉ ਸਾਹਿਬ ਕੀ ਸੇਵਾ ॥[7]

ਯੁਧ ਕਿਉਂਕਿ ਰਾਜ ਨਾਲ ਜੁੜੀ ਪ੍ਰਕ੍ਰਿਆ ਹੈ ਇਸ ਲਈਉਸ ਵਿਚ ਪਰਯੋਗ ਹੋਣ ਵਾਲੇ ਸ਼ਸਤ੍ਰ ਤੇ ਉਸ ਨਾਲ ਸਬੰਧਤ ਹੋਰ ਕਈ ਚਿਹਨਾਂ ਦਾ ਵਰਣਨ ਵੀ ਭੱਟ ਬਾਣੀ ਵਿਚ ਸਹਿਜੇ ਹੀ ਲਭ ਪੈਂਦਾ ਹੈ:-

ਚ) ਜਗ ਜੀਤਉ ਗੁਰਦੁਆਰਿ ਖੇਲਹਿ ਸਮਤ ਸਾਰਿ
ਰਥੁ ਉਨਮਨਿ ਲਿਵ ਰਾਖਿ ਨਿਰੰਕਾਰ ॥[8]

---

1- ਆਦਿ ਗ੍ਰੰਥ, ਪੰਨਾ 1409
2- ਓਹੀ, ਪੰਨਾ 1407
3- ਓਹੀ, ਪੰਨਾ 1398
4- ਓਹੀ, ਪੰਨਾ 1398
5- ਓਹੀ, ਪੰਨਾ 1404
6- ਓਹੀ, ਪੰਨਾ 1395
7- ਓਹੀ, ਪੰਨਾ 1402
8- ਓਹੀ, ਪੰਨਾ 1391

ਅ) ਸੁਖ ਸਾਗਰ ਪਾਇਉ ਚਿੰਤ ਹਰਿ ਮਗ ਨ ਹੁਟੈ॥
ਸੰਜਮੁ ਸਤੁ ਸੰਤੋਖ ਸੀਲ ਸੰਨਾਹੁ ਮਫੁਟੈ॥[1]

ੲ) ਧ੍ਰੰਮ ਧਨਖੁ ਕਰ ਗਹਿਓ ਭਗਤ ਸੀਲਹ ਸਰਿ ਲਙਿਅਓ॥[2]

ਸ) ਭੈ ਨਿਰਭਉ ਹਰਿ ਅਟਲ ਸਬਦਿ ਗੁਰ ਨੇਜਾ ਗਡਿਉ॥[3]

ਹ) ਗੁਰ ਅਮਰਦਾਸ ਸਚ ਸਲ੍ਯ ਭਣ ਤੈ ਦਲ ਜਿਤਉ ਇਵ ਜੁਧੁ ਕਰਿ॥[4]

ਇਸ ਤਰ੍ਹਾਂ ਉਪਰੋਕਤ ਸਾਰੇ ਉਦਾਹਰਣਾਂ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਭੱਟ ਬਾਣੀ ਵਿਚ ਗੁਰੂ ਪਰੰਪਰਾ ਨਾਲ ਜੁੜ ਰਹੇ ਰਾਜ ਦੇ ਚਿਹਨਾਂ ਦਾ ਜ਼ਿਕਰ ਵਿਸਤਾਰ ਨਾਲ ਕੀਤਾ ਗਿਆ ਹੈ ਅਤੇ ਗੁਰੂ ਉਸਤਤਿ ਕਰਦਿਆਂ ਰਾਜ ਸਬੰਧੀ ਸ਼ਬਦਾਵਲੀ ਦੀ ਵਰਤੋਂ ਖੁਲ੍ਹ ਕੇ ਕੀਤੀ ਗਈ ਹੈ।

## ਗੁਰੂਆਂ ਨੂੰ ਭਾਰਤੀ ਅਵਤਾਰਵਾਦੀ ਪਰੰਪਰਾ ਨਾਲ ਜੋੜਨਾ:

ਭਾਰਤੀ ਅਵਤਾਰਵਾਦ ਦੀ ਪਰੰਪਰਾ ਵਿਚ ਅਵਤਾਰ, ਅਧਿਆਤਮਕ ਤੇ ਸੰਸਾਰਕ ਪ੍ਰਭੁਤਾ ਅਰਥਾਤ ਧਰਮ ਤੇ ਰਾਜ ਦੀਆਂ ਸ਼ਕਤੀਆਂ ਦੇ ਦੁਵੱਲੇ ਵਿਅਕਤਿੱਤਵ ਦੇ ਪ੍ਰਤੀਕ ਮੰਨੇ ਜਾਂਦੇ ਰਹੇ ਹਨ। ਅਵਤਾਰ ਵਾਦ ਦਾ ਮੁੱਢ ਭਾਵੇਂ ਵੇਦਾਂ ਵਿਚ ਹੈ ਪਰ ਇਸ ਸਿਧਾਂਤ ਦਾ ਵਿਸਤ੍ਰਿਤ ਅਤੇ ਵਿਆਪਕ ਵਰਣਨ ਭਾਗਵਤ ਗ੍ਰੰਥਾਂ ਵਿਚੋਂ ਹੀ ਮਿਲਦਾ ਹੈ। ਭਾਰਤੀ ਅਵਤਾਰਵਾਦ ਦੇ ਸਿਧਾਂਤ ਅਨੁਸਾਰ ਜਦੋਂ ਜਦੋਂ ਧਰਮ ਦੀ ਹਾਨੀ ਹੁੰਦੀ ਹੈ ਉਦੋਂ ਪਰਮਾਤਮਾ ਅਧਰਮ ਦਾ ਨਾਸ ਕਰਨ ਅਤੇ ਧਰਮ ਦੀ ਸਥਾਪਨਾ ਕਰਨ ਲਈ ਆਪ ਅਵਤਾਰ ਧਾਰ ਕੇ ਧਰਤੀ ਆਉਂਦਾ ਹੈ।[5]

---

1- ਆਦਿ ਗ੍ਰੰਥ, ਪੰਨਾ 1397

2- ਓਹੀ, ਪੰਨਾ 1396

3- ਓਹੀ, ਪੰਨਾ 1396

4- ਓਹੀ, ਪੰਨਾ 1396

5- ਗੀਤਾ, 4/7, ਪੰਨਾ 165

ਅਧਰਮ ਦਾ ਨਾਸ ਅਵਤਾਰੀ ਪੁਰਖ ਦੇ ਰਾਜਸੀ ਪੱਖ ਤੇ ਧਰਮ ਦਾ ਪਰਸਾਰ ਉਸਦੇ ਧਾਰਮਕ ਪੱਖ ਦੇ ਕਾਰਜ ਹਨ।

ਭੱਟਾਂ ਦੇ ਭਾਰਤੀ ਅਵਤਾਰਵਾਦੀ ਪਰੰਪਰਾ ਦਾ ਡੂੰਘਾ ਪ੍ਰਭਾਵ ਸੀ ਅਤੇ ਇਸੇ ਲਈ ਉਹਨਾਂ ਨੇ ਆਪਣੀਆਂ ਰਚਨਾਵਾਂ ਵਿਚ ਗੁਰੂਆਂ ਨੂੰ ਜੁਗਾਂ ਜੁਗਾਂਤਰ ਤੋਂ ਚਲੀ ਆ ਰਹੀ ਇਸ ਅਵਤਾਰਵਾਦੀ ਪਰੰਪਰਾ ਨਾਲ ਜੋੜਿਆ ਹੈ। ਭੱਟ ਬਾਣੀ ਅਨੁਸਾਰ ਕਲਯੁਗ ਦੇ ਅਵਤਾਰ ਗੁਰੂ ਨਾਨਕ ਦੇਵ ਜੀ ਹੀ ਸਤਿਯੁਗ ਵਿਚ ਬਾਵਨ, ਤ੍ਰੇਤੇ ਵਿਚ ਸ੍ਰੀ ਰਾਮ ਚੰਦਰ, ਦੁਆਪਰ ਵਿਚ ਸ੍ਰੀ ਕ੍ਰਿਸ਼ਨ ਦੇ ਰੂਪ ਵਿਚ ਅਵਤਰਿਤ ਹੋਏ ਸਨ। ਕਲਯੁਗ ਵਿਚ ਗੁਰੂ ਨਾਨਕ ਦੇਵ ਨੇ ਫਿਰ ਆਪਣੇ ਆਪ ਨੂੰ ਗੁਰੂ ਅੰਗਦ ਦੇਵ ਤੇ ਗੁਰੂ ਅਮਰਦਾਸ ਵਿਚ ਪ੍ਰਗਟ ਕੀਤਾ ਅਤੇ ਇਸਤਰ੍ਹਾਂ ਇਕ ਅਬਿਚਲ ਰਾਜ ਦੀ ਸਥਾਪਨਾ ਕਰ ਉਸਨੂੰ ਅਗਾਂਹ ਤੋਰਿਆ। ਪਰ ਭੱਟ ਬਾਣੀ ਵਿਚ ਇਹ ਸਪਸ਼ਟ ਕੀਤਾ ਗਿਆ ਹੈ ਕਿ ਗੁਰੂ ਨਾਨਕ ਦੇਵ ਦੇ ਚੌਹਾਂ ਯੁਗਾਂ ਵਿਚ ਅਵਤਾਰ ਧਾਰਨ ਦੇ ਪਿਛੋਕੜ ਵਿਚ ਪਰਮਾਤਮਾ ਦੀ ਸਰਵੋਚ ਸੱਤਾ ਕੰਮ ਕਰਦੀ ਰਹੀ ਹੈ ਅਤੇ 'ਸ੍ਰੀ ਗੁਰੂ ਰਾਜ' (ਗੁਰੂ ਨਾਨਕ ਦੇਵ ਦਾ ਰਾਜ) ਅਕਾਲ ਪੁਰਖ ਦੇ ਫੁਰਮਾਣ ਅਨੁਸਾਰ ਹੀ ਅਬਿਚਲ ਤੇ ਅਟੱਲ ਹੈ:-

> ਸਤਿਜੁਗ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ॥
> ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ॥
> ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ॥
> ਉਗ੍ਰਸੈਣਿ ਕਉ ਰਾਜੁ ਅਭੈ ਭਗਤਹ ਜਨ ਦੀਓ॥
> ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ॥
> ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ॥[1]

---

1- ਆਦਿ ਗ੍ਰੰਥ, ਪੰਨਾ 1390

ਭੱਟਾਂ ਦੁਆਰਾ ਗੁਰੂਆਂ ਨੂੰ ਪੁਰਾਤਨ ਅਵਤਾਰਵਾਦੀ ਪਰੰਪਰਾ ਵਿਚ ਰਖਣ ਦਾ ਪ੍ਰਮੁਖ ਕਾਰਣ, ਉਹਨਾਂ ਦਾ ਅਧਿਆਤਮਕ ਤੇ ਸੰਸਾਰਕ ਪ੍ਰਭੁਤਾ ਸੰਪੰਨ ਦੁਵੱਲੀ ਸ਼ਖਸੀਅਤ ਦਾ ਧਾਰਨੀ ਹੋਣਾ ਸੀ। ਭੱਟ ਬਾਣੀ ਵਿਚ ਜਿਸ ਅਵਤਾਰ ਪਰੰਪਰਾ ਦਾ ਜ਼ਿਕਰ ਹੈ ਉਸ ਵਿਚ ਸਾਰੇ ਅਵਤਾਰ ਅਧਿਆਤਮਕ ਖੇਤਰ ਦੇ ਨਾਲ ਨਾਲ ਦੁਨਿਆਵੀ ਖੇਤਰ ਵਿਚ ਪੂਰੀ ਤਰ੍ਹਾਂ ਕ੍ਰਿਆਸ਼ੀਲ ਸਨ। ਕੱਲ ਭੱਟ ਦੇ ਉਪਰੋਕਤ ਵਿਚਾਰਧੀਨ ਸਵੈਯੇ ਅਨੁਸਾਰ ਸਤਿਯੁਗ ਵਿਚ ਬਾਵਨ ਅਵਤਾਰ ਨੇ ਰਾਜਾ ਬਲਿ ਨੂੰ ਛਲਿਆ ਤੇ ਰਾਜ ਤੇ ਜੋਗ ਦੋਹਾਂ ਨੂੰ ਮਾਣਿਆ ਸੀ। ਤ੍ਰੇਤੇ ਜੁਗ ਵਿਚ ਰਘੁਵੰਸੀ ਰਾਮ ਨੇ ਰਾਜ ਤੇ ਜੋਗ ਕਮਾਇਆ ਸੀ। ਦੁਆਪਰ ਵਿਚ ਸ੍ਰੀ ਕ੍ਰਿਸ਼ਨ ਨੇ ਵੀ ਰਾਜ ਤੇ ਜੋਗ ਦੋਹਾਂ ਦਾ ਰਸ ਮਾਣਿਆ ਤੇ ਕੰਸ ਨੂੰ ਮਾਰ ਕੇ ਉਗ੍ਰਸੈਣ ਨੂੰ ਰਾਜ ਗੱਦੀ ਦੀ ਬਖਸ਼ਿਸ਼ ਕੀਤੀ ਸੀ। ਕੱਲ ਭੱਟ ਅਨੁਸਾਰ ਇਸੇ ਅਵਤਾਰਵਾਦੀ ਪਰੰਪਰਾ ਅਧੀਨ ਕਲਿਜੁਗ ਵਿਚ ਗੁਰੂ ਨਾਨਕ ਨੇ ਅਵਤਾਰ ਧਾਰ ਕੇ ਵਖ ਵਖ ਜਾਮਿਆਂ ਵਿਚ ਰਾਜ ਤੇ ਜੋਗ ਦਾ ਅਨੰਦ ਮਾਣਦਿਆਂ ਅਬਿਚਲ ਰਾਜ ਦੀ ਸਥਾਪਨਾ ਕੀਤੀ।

ਭੱਟ ਗਯੰਦ ਗੁਰੂਆਂ ਨੂੰ ਪੁਰਾਤਨ ਭਾਰਤੀ ਅਵਤਾਰਵਾਦੀ ਪਰੰਪਰਾ ਨਾਲ ਜੋੜਦਿਆਂ ਉਹਨਾਂ ਵਿਚ ਪੁਰਾਤਨ ਅਵਤਾਰਾਂ ਦੀ ਝਲਕ ਵੇਖਦਾ ਹੈ। ਉਸ ਅਨੁਸਾਰ ਜਸੋਧਾ ਮਾਂ ਹਥੋਂ ਦਹੀਂ ਭਾਤ ਖਾਣ ਵਾਲੇ[1] ਅਤੇ ਪੀਲੇ ਬਸਤ੍ਰਾਂ ਦੇ ਧਾਰਣੀ[2] ਸ੍ਰੀ ਕ੍ਰਿਸ਼ਨ ਵਿਚੋਂ ਉਸ ਨੂੰ ਗੁਰੂ ਰਾਮ ਦਾਸ ਜੀ ਦੇ ਦਰਸ਼ਨ ਹੋ ਰਹੇ ਹਨ। ਹਰਣਾਖਸ ਨੂੰ ਨਹੁੰਆਂ ਨਾਲ ਮਾਰਨ ਵਾਲੇ ਨਰਸਿੰਘ

---

1- ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ॥
ਕਵਲ ਨੈਨ ਮਧੁਰ ਬੈਨ ਕੋਟਿ ਸੈਨ ਸੰਗ ਸੋਭ
ਕਹਤ ਮਾ ਜਸੋਦ ਜਿਸਹਿ ਦਹੀ ਭਾਤੁ ਖਾਹਿ ਜੀਉ॥
ਦੇਖਿ ਰੂਪੁ ਅਤਿ ਅਨੂਪੁ ਮੋਹ ਮਹਾ ਮਗ ਭਈ
ਕਿੰਕਨੀ ਸਬਦ ਝਨਤਕਾਰ ਖੇਲੁ ਪਾਹਿ ਜੀਉ॥
- ਆਦਿ ਗ੍ਰੰਥ, ਪੰਨਾ 1402

2- ਪੀਤ ਬਸਨ ਕੁੰਦ ਦਸਨ ਪ੍ਰਿਆ ਸਹਿਤ ਕੰਠ ਮਾਲ ਮੁਕਟੁ ਸੀਸਿ ਮੋਰਪੰਖ ਚਾਹਿ ਜੀਉ॥
-ਆਦਿ ਗ੍ਰੰਥ, ਪੰਨਾ 1402

ਅਵਤਾਰ[1] ਅਤੇ ਸੰਖ, ਚਕ੍ਰ, ਗਦਾ ਤੇ ਪਦਮ ਆਦਿ ਚਿਹਨਾਂ ਦੇ ਧਾਰਣੀ ਬ੍ਰਹਮਾ ਦੇ ਬਾਲ ਰੂਪ ਵਿਚ ਵੀ ਗਯੰਦ ਭਟ ਨੂੰ ਗੁਰੂ ਰਾਮਦਾਸ ਨਜ਼ਰ ਆ ਰਹੇ ਹਨ।[2] ਰਘੂ ਦੇ ਕੁਲ ਵਿਚ ਦਸਰਥ ਦੇ ਘਰ ਵਿਚ ਸ਼੍ਰੋਮਣੀ ਤੇ ਸੁੰਦਰ ਰਾਮ ਵੀ ਗਯੰਦ ਭੱਟ ਦੀ ਨਿਗਾਹ ਵਿਚ ਗੁਰੂ ਸਾਹਿਬ ਹੀ ਸਨ।[3] ਭਟ ਨਲ੍ਹ ਆਪਣੀ ਬਾਣੀ ਵਿਚ ਗੁਰੂ ਰਾਮ ਦਾਸ ਜੀ ਨੂੰ ਬੇਨਤੀ ਕਰਦਾ ਹੈ ਕਿ ਜਿਸ ਤਰ੍ਹਾਂ ਤੁਸੀ ਹਰਨਾਖਸ ਨੂੰ ਮਾਰ ਕੇ ਪ੍ਰਹਿਲਾਦ ਦੀ ਲਾਜ ਰਖੀ ਸੀ, ਜਿਸ ਤਰ੍ਹਾਂ ਤੁਸੀਂ ਦ੍ਰੋਪਦੀ ਦੀ ਲਾਜ ਰਖੀ ਸੀ, ਜਿਸਤਰ੍ਹਾਂ ਸੋਦਾਮਾ ਨੂੰ ਬਿਪਤਾ ਤੋਂ ਬਚਾਇਆ ਸੀ ਤੇ ਜਿਸਤਰ੍ਹਾਂ ਤੁਸੀਂ ਗਨਿਕਾ ਦੇ ਕਾਰਜ ਸਿਰੇ ਚਾੜ੍ਹੇ ਸਨ, ਹੁਣ ਕਲਿਜੁਗ ਵਿਚ ਸੇਵਕ ਨਲ ਭੱਟ ਦੀ ਪੈਜ ਰਖੋ:-

ਅਬ ਰਾਖਹੁ ਦਾਸ ਭਾਟ ਕੀ ਲਾਜ॥
ਜੈਸੀ ਰਾਖੀ ਲਾਜ ਭਗਤ ਪ੍ਰਹਿਲਾਦ ਕੀ
ਹਰਨਾਖਸ ਫਾਰੇ ਕਰ ਆਜ॥
ਫੁਨਿ ਦ੍ਰੋਪਤੀ ਲਾਜ ਰਖੀ ਹਰਿ ਪ੍ਰਭ ਜੀ
ਛੀਨਤ ਬਸਤ੍ਰ ਦੀਨ ਬਹੁ ਸਾਜ॥

---

1- ਸੁਥਰ ਚਿਤ ਭਗਤ ਹਿਤ ਭੇਖ ਧਰਿਓ
ਹਰਨਾਖਸੁ ਹਰਿਓ ਨਖ ਬਿਦਾਰ ਜੀਉ॥
- ਆਦਿ ਗ੍ਰੰਥ ਪੰਨਾ 1402

2- ਸੰਖ ਚਕ੍ਰ ਗਦਾ ਪਦਮ ਆਪਿ ਆਪਿ ਕੀਓ ਛਦਮ
ਅਪਰੰਪਰ ਪਾਰਬ੍ਰਹਮ ਲਖੈ ਕਉਨੁ ਤਾਹਿ ਜੀਉ॥
- ਆਦਿ ਗ੍ਰੰਥ ,ਪੰਨਾ 1402

3- ਰਘੁ ਬੰਸਿ ਤਿਲਕ ਸੁੰਦਰ ਦਸਰਥ ਘਰਿ ਮੁਨਿ ਬੰਛਹਿ ਜਾ ਕੀ ਸਰਣੰ॥
ਸਤਿਗੁਰ ਗੁਰ ਸੇਵਿ ਅਲਖ ਗਤਿ ਜਾ ਕੀ ਸ੍ਰੀ ਰਾਮਦਾਸ ਤਾਰਣ ਤਰਣੰ॥
- ਆਦਿ ਗ੍ਰੰਥ, ਪੰਨਾ 1402

ਸੋਦਾਮਾ ਅਪਦਾ ਤੇ ਰਾਖਿਆ
ਗਨਿਕਾ ਪੜ੍ਹਤ ਪੂਰੇ ਤਿਹ ਕਾਜ॥
ਸ੍ਰੀ ਸਤਿਗੁਰ ਸੁਪ੍ਰਸੰਨ ਕਲਜੁਗ ਹੋਇ
ਰਾਖਹੁ ਦਾਸ ਭਾਟ ਕੀ ਲਾਜ[1]॥

ਸਲ੍ਹ ਭੱਟ ਅਨੁਸਾਰ ਗੁਰੂ ਰਾਮਦਾਸ ਜੀ ਹੀ ਚਹੁੰ ਜੁਗਾਂ ਵਿਚ ਥਿਰ ਗੁਰੂ ਹਨ ਤੇ ਆਪ ਪਰਮੇਸੁਰ ਹਨ। ਦੇਵਤੇ, ਮਨੁਖ, ਸਾਧਿਕ, ਸਿਧ ਅਤੇ ਸਿਖ ਮੁੱਢ ਤੋਂ ਹੀ ਗੁਰੂ ਸਾਹਿਬ ਦੀ ਸੇਵਾ ਵਿਚ ਲਗੇ ਹੋਏ ਹਨ।

ਤੂ ਸਤਿਗੁਰ ਚਹੁ ਜੁਗੀ ਆਪਿ ਆਪੇ ਪਰਮੇਸਰੁ॥
ਸੁਰਿ ਨਰ ਸਾਧਿਕ ਸਿਧ ਸਿਖ ਸੇਵੰਤ ਧੁਰਹ ਧੁਰ[2]॥

ਇਸਤਰ੍ਹਾਂ ਭੱਟਾਂ ਨੇ ਭਾਰਤੀ ਅਵਤਾਰਵਾਦੀ ਪਰੰਪਰਾ ਨਾਲ ਜੋੜ ਕੇ ਗੁਰੂਆਂ ਦਾ ਗੁਣਗਾਨ ਕੀਤਾ ਹੈ ਅਤੇ ਸਿਧ ਕੀਤਾ ਹੈ ਗੁਰੂ, ਪੁਰਾਤਨ ਭਾਰਤੀ ਅਵਤਾਰਾਂ ਦੀ ਤਰ੍ਹਾਂ ਅਧਿਆਤਮਕ ਤੇ ਸੰਸਾਰਕ ਅਰਥਾਤ ਧਾਰਮਕ ਤੇ ਰਾਜਸੀ ਦੋਹਾਂ ਖੇਤਰਾਂ ਵਿਚ ਕ੍ਰਿਆਸ਼ੀਲ ਸਨ। ਅਸਲ ਵਿਚ ਗੁਰੂ ਨਾਨਕ ਦੇਵ ਜੀ ਅਵਤਾਰ ਧਾਰਣ ਸਮੇਂ ਤੱਤਕਾਲੀਨ ਰਾਜਿਆਂ ਦੀ ਨਿਰੰਕੁਸ਼ਤਾ ਤੇ ਰਾਜ-ਪ੍ਰਬੰਧਕੀ ਦੀ ਅਰਾਜਕਤਾ ਕਾਰਣ ਭਾਰਤੀ ਸਮਾਜ ਕਮਜ਼ੋਰ ਹੋ ਕੇ ਟੁੱਟ ਚੁੱਕਾ ਸੀ ਅਤੇ ਧਰਮ ਆਗੂਆਂ ਨੇ ਆਪਣੇ ਆਪ ਨੂੰ ਵਿਅਕਤੀਗਤ ਤੇ ਸਵਾਰਥੀ ਅਧਿਆਤਮਵਾਦ ਤਕ ਸੀਮਤ ਕਰ ਲਿਆ ਸੀ। ਭਾਰਤੀ ਸਮਾਜ ਦੇ ਧਰਮ ਆਗੂ ਰਾਜ ਪ੍ਰਤੀ ਉਪਰਾਮ ਹੋ ਚੁੱਕੇ ਸਨ। ਐਸੀ ਸਥਿਤੀ ਵਿਚ ਗੁਰੂਆਂ ਨੇ ਪੁਰਾਤਨ ਭਾਰਤੀ ਅਵਤਾਰਵਾਦੀ ਪਰੰਪਰਾ ਨੂੰ ਮੁੜ ਸੁਰਜੀਤ ਕਰਦਿਆਂ ਧਰਮ ਤੇ ਰਾਜ, ਦੋਹਾਂ ਸ਼ਕਤੀਆਂ ਦੇ ਪ੍ਰਤੀਕ ਬਣ ਕੇ ਭਾਰਤੀ ਸਮਾਜ ਨੂੰ ਅਧਿਆਤਮਕ ਤੇ ਸੰਸਾਰਕ ਦੋਹਾਂ ਖੇਤਰਾਂ ਵਿਚ ਚੇਤੰਨ ਤੇ ਕ੍ਰਿਆਸ਼ੀਲ ਕੀਤਾ।

---

1- ਆਦਿ ਗ੍ਰੰਥ, ਪੰਨਾ 1400
2- ਓਹੀ, ਪੰਨਾ 1406

## ਭੱਟ ਬਾਣੀ ਵਿਚ ਸੰਸਥਾਗਤ ਗੁਰਤਾ ਤੇ ਉਤਰਾਧਿਕਾਰ:

ਭੱਟ ਬਾਣੀ ਦਾ ਕੇਂਦਰ ਬਿੰਦੂ ਗੁਰੂਆਂ ਦੀ ਅਧਿਆਤਮਕ ਤੇ ਦੁਨਿਆਵੀ ਪੱਖਾਂ ਦੀ ਦੁਵੱਲੀ ਸ਼ਖਸੀਅਤ ਦਾ ਗੁਣਗਾਨ ਕਰਨਾ ਹੈ ਪਰ ਇਸ ਬਾਣੀਵਿਚੋਂ ਸਹਿਜ ਸੁਭਾ ਉਜਾਗਰ ਹੋ ਰਹੇ ਸੰਸਥਾਗਤ ਗੁਰਤਾ ਤੇ ਉਤਰਾਧਿਕਾਰ ਦੇ ਸਿਧਾਂਤ ਨੂੰ ਅੱਖੋ ਓਹਲੇ ਨਹੀਂ ਕੀਤਾ ਜਾ ਸਕਦਾ ਅਤੇ ਉਸਦਾ ਅਧਿਐਨ ਕਰਨਾ ਆਵਸ਼ਕ ਹੈ। ਭੱਟ ਬਾਣੀ ਵਿਚ ਗੁਰੂ ਪਰੰਪਰਾ ਇਕ ਸੰਸਥਾ ਦੇ ਰੂਪ ਵਿਚ ਉਜਾਗਰ ਹੋ ਰਹੀ ਹੈ ਗੁਰੂ ਪਰੰਪਰਾ ਦੀ ਇਸ ਸੰਸਥਾ ਦੇ ਸੰਸਥਾਪਕ ਪਹਿਲੇ ਗੁਰੂ, ਗੁਰੂ ਨਾਨਕ ਦੇਵ ਜੀ ਹਨ ਅਤੇ ਉਹਨਾਂ ਤੋਂ ਬਾਅਦ ਉਹਨਾਂ ਦੇ ਉਤਰਾਧਿਕਾਰੀ ਗੁਰੂਆਂ ਨੇ ਇਸ ਸੰਸਥਾ ਨੂੰ ਸੰਪੂਰਣਤਾ ਪ੍ਰਦਾਨ ਕੀਤੀ ਹੈ। ਕਲ੍ਯਸਹਾਰ ਭੱਟ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਸਚ ਦੀ ਨੀਵ ਉਸਾਰ ਕੇ ਗੁਰੂ ਸੰਸਥਾ ਦੀ ਸਿਰਜਨਾ ਕੀਤੀ ਤੇ ਫਿਰ ਆਪਣੇ ਆਪ ਨੂੰ ਆਪਣੇ ਉਤਰਾਧਿਕਾਰੀ ਗੁਰੂਆਂ ਵਿਚ ਅਭੇਦ ਕਰ ਲਿਆ:

> ਗੁਰੂ ਨਾਨਕ ਸਚੁ ਨੀਵ ਸਾਜਿ ਸਤਿਗੁਰ ਸੰਗਿ ਲੀਣਾ॥[1]

ਪਰਮਾਤਮਾ ਦੀ ਪਰਮ ਜੋਤ ਸਰਵਪ੍ਰਥਮ ਗੁਰੂ ਨਾਨਕ ਦੇਵ ਜੀ ਦੇ ਸਰੀਰ ਵਿਚ ਟਿਕੀ ਤੇ ਉਸਤੋਂ ਬਾਅਦ ਗੁਰੂ-ਜੋਤ ਦੇ ਰੂਪ ਵਿਚ ਉਹਨਾਂ ਦੇ ਉਤਰਅਧਿਕਾਰੀ ਗੁਰੂਆਂ ਵਿਚ ਪ੍ਰਕਾਸ਼ਮਾਨ ਹੁੰਦੀ ਰਹੀ। ਗੁਰੂ ਜੋਤ ਦਾ ਇਕ ਗੁਰੂ ਤੋਂ ਦੂਜੇ ਗੁਰੂ ਵਿਚ ਰੂਪਾਂਤਰਣ ਹੀ ਸੰਸਥਾਗਤ ਗੁਰਤਾ ਦੀ ਆਧਾਰ ਸ਼ਿਲਾ ਹੈ। ਮਥੁਰਾ ਭੱਟ, ਇਕ ਗੁਰੂ ਸਰੀਰ ਤੋਂ ਦੂਜੇ ਗੁਰੂ ਸਰੀਰ ਵਿਚ ਗੁਰੂ-ਜੋਤਿ ਦੇ ਰੂਪਾਂਤਰਣ ਦਾ ਵਰਣਨ ਕਰਦਿਆਂ ਆਖਦਾ ਹੈ ਕਿ ਜੋਤਿ ਰੂਪ ਪਰਮਾਤਮਾ ਆਪ ਗੁਰੂ ਨਾਨਕ ਦੇਵ ਜੀ ਵਿਚ ਪ੍ਰਕਾਸ਼ਮਾਨ ਹੋਇਆ ਸੀ। ਫਿਰ ਗੁਰੂ ਅੰਗਦ ਦੀ ਆਤਮਾ ਨਾਲ ਗੁਰਤਾ ਦੀ ਜੋਤ ਅਭੇਦ ਹੋ ਗਈ। ਗੁਰੂ ਅੰਗਦ ਨੇ ਕਿਰਪਾ ਕਰਕੇ ਆਪਣੀ ਜੋਤ ਗੁਰੂ ਅਮਰਦਾਸ ਵਿਚ ਟਿਕਾਈ ਤੇ ਫਿਰ ਇਸੇ ਤਰ੍ਹਾਂ ਗੁਰੂ ਰਾਮਦਾਸ ਤੋਂ ਹੁੰਦੀ ਹੋਈ ਇਹ ਗੁਰੂ ਜੋਤਿ ਗੁਰੂ ਅਰਜਨ ਦੇ ਸਰੀਰ ਵਿਚ ਸਥਾਪਤ ਹੋਈ:-

---

1- ਆਦਿ ਗ੍ਰੰਥ, ਪੰਨਾ 1407

ਜੋਤਿ ਰੂਪ ਹਰਿ ਆਪਿ ਗੁਰੂ ਨਾਨਕੁ ਕਹਾਯਉ॥
ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ॥
ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰ ਕੀਅਉ॥
ਅਮਰ ਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ॥
ਗੁਰੂ ਰਾਮਦਾਸ ਦਰਸਨੁ ਪਰਸਿ ਕਹਿ ਮਥੁਰਾ ਅੰਮ੍ਰਿਤ ਬਯਣ॥
ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ॥[1]

ਭਟ ਗਯੰਦ ਨੇ ਇਸੇ ਤਥ ਨੂੰ ਆਪਣੀ ਬਾਣੀ ਵਿਚ ਪ੍ਰਗਟ ਕਰਦਿਆਂ ਲਿਖਿਆ ਹੈ ਕਿ ਗੁਰੂ ਨਾਨਕ ਤਾਂ ਆਪ ਅਕਾਲ ਪੁਰਖ ਦੇ ਨੇੜੇ ਵਸਦਾ ਹੈ ਅਰਥਾਤ ਉਹ ਆਪ ਅਕਾਲਪੁਰਖ ਰੂਪ ਹੈ। ਉਹਨਾਂ ਨੇ ਲਹਿਣਾ ਜੀ ਨੂੰ ਨਿਵਾਜ ਕੇ ਜਗਤ ਵਿਚ ਗੁਰੂ ਜੋਤਿ ਪ੍ਰਕਾਸ਼ਮਾਨ ਕੀਤੀ:-

ਗੁਰੁ ਨਾਨਕੁ ਨਿਕਟਿ ਬਸੈ ਬਨਵਾਰੀ॥
ਤਿਨਿ ਲਹਣਾ ਥਾਪਿ ਜੋਤਿ ਜਗਿ ਧਾਰੀ॥[2]

ਮਥੁਰਾ ਭੱਟ ਕਹਿੰਦਾ ਹੈ ਕਿ ਗੁਰੂ ਸਰੀਰ ਵਿਚ ਕਾਰਜਸ਼ੀਲ ਗੁਰੂ ਜੋਤਿ ਹੀ ਧਰਤੀ ਉਤੇ ਜਗਮਗ ਕਰ ਰਹੀ ਹੈ ਅਤੇ ਇਹੀ ਜੋਤਿ ਪਾਰਸ ਤੇ ਪਰਸਣ ਜੋਗ ਗੁਰੂ ਦੀ ਛੋਹ ਪ੍ਰਾਪਤ ਕਰ ਕੇ ਇਕ ਗੁਰੂ ਸਰੀਰ ਤੋਂ ਦੂਜੇ ਗੁਰੂ ਸਰੀਰ ਵਿਚ ਰੂਪਾਂਤਰਿਤ ਹੋ ਰਹੀ ਹੈ:

ਪ੍ਰਗਟ ਜੋਤਿ ਜਗਮਗੀ ਤੇਜੁ ਭੂਅ ਮੰਡਲ ਛਾਯਉ॥
ਪਾਰਸੁ ਪਰਸਿ ਪਰਸੁ ਪਰਸਿ ਗੁਰਿ ਗੁਰੂ ਕਹਾਯਉ॥[3]

---

1- ਆਦਿ ਗ੍ਰੰਥ, ਪੰਨਾ 1408

2- ਓਹੀ, ਪੰਨਾ 1401

3- ਓਹੀ, ਪੰਨਾ 1408

ਇਸਤਰ੍ਹਾਂ ਇਹ ਸਪਸ਼ਟ ਹੈ ਕਿ ਗੁਰੂਆਂ ਦੀ ਕਾਇਆ ਬੇਸ਼ਕ ਬਦਲਦੀ ਰਹੀ ਹੈ ਪਰ ਉਹਨਾਂ ਵਿਚ ਇਕੋ ਜੋਤਿ ਕਾਰਜਸ਼ੀਲ ਸੀ। ਇਥੇ ਇਹ ਗਲ ਵੀ ਸਾਫ ਸਪਸ਼ਟ ਹੈ ਕਿ ਸਰਵਪ੍ਰਥਮ ਗੁਰੂ ਨਾਨਕ ਨੇ ਇਸ ਜੋਤਿ ਨੂੰ ਪਰਮਾਤਮਾ ਪਾਸੋਂ ਪ੍ਰਾਪਤ ਕੀਤਾ ਹੈ ਤੇ ਫਿਰ ਇਹ ਜੋਤ, ਗੁਰੂ ਨਾਨਕ ਜੋਤਿ ਬਣ ਕੇ ਉਹਨਾਂ ਦੇ ਉਤਰਾਧਿਕਾਰੀ ਗੁਰੂਆਂ ਵਿਚ ਪ੍ਰਵੇਸ਼ ਕੀਤੀ ਹੈ। ਇਸੇ ਲਈ ਡਾ: ਦਰਸ਼ਨ ਸਿੰਘ ਦੀਆਂ ਹੇਠਲੀਆਂ ਸਤਰਾਂ ਵੀ ਠੀਕ ਨਜ਼ਰ ਆਉਂਦੀਆਂ ਹਨ:

> "ਗੁਰੂ ਨਾਨਕ ਰਚਨਾ ਦੇ ਵਿਸ਼ਲੇਸ਼ਣਾਤਮਕ ਅਧਿਐਨ ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਨੇ ਜਿਸ ਗੁਰੂ ਦੀ ਮਹਿਮਾ ਦਾ ਆਪਣੀ ਬਾਣੀ ਵਿਚ ਗਾਇਨ ਕੀਤਾ ਹੈ ਉਹ ਅਸਰੀਰੀ ਸੀ, ਪਰ ਉਨ੍ਹਾਂ ਦੇ ਪੂਰਵਰਤੀ ਗੁਰੂਆਂ ਨੇ ਜਿਥੇ ਪਰਮਾਤਮਾ ਦੇ ਅਸਰੀਰੀ ਰੂਪ ਨੂੰ ਗੁਰੂ ਮੰਨ ਕੇ ਉਸਦੀ ਉਪਮਾ ਕੀਤੀ ਹੈ ਉਥੇ ਉਨ੍ਹਾਂ ਨੇ ਗੁਰੂ ਨਾਨਕ ਨੂੰ ਵੀ ਗੁਰੂ ਸਵੀਕਾਰ ਕਰਕੇ ਉਨ੍ਹਾਂ ਦੇ ਦੇਹਧਾਰੀ ਵਿਅਕਤੀਗਤ ਰੂਪ ਪ੍ਰਤੀ ਵੀ ਪੂਰਨ ਨਿਸ਼ਠਾ ਅਤੇ ਸ਼ਰਧਾ ਯੁਕਤ ਭਾਵਨਾਵਾਂ ਦਾ ਪ੍ਰਤੀਪਾਦਨ ਕੀਤਾ ਹੈ।"[1]

ਗੁਰੂ ਜੋਤਿ ਦੇ ਇਕ ਗੁਰੂ ਸਰੀਰ ਤੋਂ ਦੂਜੇ ਗੁਰੂ ਸਰੀਰ ਵਿਚ ਰੂਪਾਂਤਰਣ ਨਾਲ ਹੀ ਗੁਰੂ ਪਰੰਪਰਾ ਵਿਚ ਉਤਰਾਧਿਕਾਰ ਦੇ ਵਿਧਾਨ ਦੀ ਸਿਰਜਣਾ ਹੁੰਦੀ ਹੈ। ਗੁਰੂ ਜੋਤਿ ਦੇ ਇਕ ਸਰੀਰ ਤੋਂ ਦੂਜੇ ਸਰੀਰ ਵਿਚ ਪ੍ਰਵੇਸ਼ ਕਰਨ ਦਾ ਵਿਧਾਨ ਗੁਰੂ ਪਰੰਪਰਾ ਵਿਚ ਹੀ ਮਿਲਦਾ ਹੈ ਅਤੇ ਹੋਰ ਕਿਸੇ ਧਰਮ ਵਿਚ ਉਪਲਬਧ ਨਹੀਂ।[2] ਉਤਰਧਿਕਾਰ ਦੇ ਇਸ ਵਿਲੱਖਣ ਵਿਧਾਨ ਨਾਲ ਹੀ ਗੁਰੂਆਂ ਵਿਚ ਇਕਮਿਕਤਾ, ਇਕਸੁਰਤਾ ਅਤੇ ਨਿਰੰਤਰਤਾ ਬਣੀ ਰਹੀ ਹੈ ਜਿਸਨੂੰ ਭੱਟਾਂ ਨੇ ਆਪਣੀ ਬਾਣੀ ਵਿਚ ਉਜਾਗਰ ਕੀਤਾ ਹੈ। ਭੱਟ ਬਾਣੀ ਅਨੁਸਾਰ ਨਿਰੰਤਰ

---

1- ਦਰਸ਼ਨ ਸਿੰਘ ; ਗੁਰੂ ਗ੍ਰੰਥ ਬਾਣੀ ਵਿਚ ਗੁਰੂ ਦਾ ਸੰਕਲਪ ; ਪੰਨਾ 52

2- ਓਹੀ, ਪੰਨਾ 64

ਇਕ ਤੋਂ ਬਾਅਦ ਦੂਜੇ ਗੁਰੂ ਨੇ ਵਾਰੋ ਵਾਰੀ ਪ੍ਰਗਟ ਹੋ ਕੇ ਗੁਰੂ ਪਰੰਪਰਾ ਨੂੰ 'ਗੁਰੂ ਵੰਸ਼ ਪਰੰਪਰਾ' ਦਾ ਰੂਪ ਪ੍ਰਦਾਨ ਕਰ ਦਿੱਤਾ ਜਿਸ ਨੂੰ ਭੱਟ ਕੀਰਤ ਨੇ 'ਨਾਨਕ-ਕੁਲਿ' ਦਾ ਨਾਮ ਦਿੱਤਾ ਹੈ। ਉਸ ਅਨੁਸਾਰ ਨਾਨਕ-ਕੁਲਿ ਅਰਥਾਤ ਗੁਰੂ ਨਾਨਕ ਦੀ ਵੰਸ ਵਿਚ ਨਿਰਮਲ ਅਵਤਾਰ ਗੁਰੂ ਅੰਗਦ ਤੇ ਗੁਰੂ ਅਮਰਦਾਸ ਪ੍ਰਗਟ ਹੋਏ ਹਨ:-

ੳ) ਨਾਨਕ ਕੁਲਿ ਨਿੰਮਲੁ ਅਵਤਰਿਉ ਅੰਗਦ ਲਹਣੇ ਸੰਗਿ ਹੁਅ।[1]

ਅ) ਨਾਨਕ ਕੁਲਿ ਨਿੰਮਲੁ ਅਵਤਰਿਉ ਗੁਣ ਕਰਤਾਰੈ ਉਚਰੈ॥
ਗੁਰੁ ਅਮਰਦਾਸੁ ਜਿਨ ਸੇਵਿਅਉ ਤਿਨ ਦੁਖੁ ਦਰਿਦ੍ਰੁ ਪਰਹਰਿ ਪਰੈ॥[2]

ੲ) ਤਿਤ ਕੁਲ ਗੁਰ ਅਮਰਦਾਸ ਆਸਾ ਨਿਵਾਸੁ ਤਾਸ ਗੁਣ ਕਵਣ ਵਖਾਣਉ॥
ਜੋ ਗੁਣ ਅਲਖ ਅਗੰਮ ਤਿਨਹ ਗੁਣ ਅੰਤ ਨ ਜਾਣਉ॥[3]

ਇਸ ਤਰ੍ਹਾਂ ਇਹ ਸਪਸ਼ਟ ਹੁੰਦਾ ਹੈ ਕਿ ਗੁਰੂ ਪਰੰਪਰਾ ਇਕ ਸੂਤਰ ਵਿਚ ਬੰਨੀ ਹੋਈ ਇਕ ਕੁਲ ਦੀ ਤਰ੍ਹਾਂ ਕ੍ਰਿਆਸ਼ੀਲ ਰਹੀ ਹੈ। ਭੱਟ ਬਾਣੀ ਵਿਚ ਇਸ ਤੱਥ ਦੀ ਪ੍ਰੋੜਤਾ ਲਈ ਹੋਰ ਬਹੁਤ ਸਾਰੇ ਉਦਾਹਰਣ ਮੌਜੂਦ ਹਨ:-

ੳ) ਪ੍ਰਥਮੇ ਨਾਨਕ ਚੰਦ ਜਗਤ ਭਯੋ ਆਨੰਦੁ ਤਾਰਨਿ ਮਨੁਖ੍ਯ ਜਨ ਕੀਅਉ ਪ੍ਰਗਾਸ॥
ਗੁਰ ਅੰਗਦ ਦੀਅਉ ਨਿਧਾਨੁ ਅਕਥ ਕਥਾ ਗਿਆਨੁ
ਪੰਚ ਭੂਤ ਬਸਿ ਕੀਨੇ ਜਮਤ ਨ ਤ੍ਰਾਸ॥
ਸਭ ਬਿਧਿ ਮਾਨਿਓ ਮਨੁ ਤਬ ਹੀ ਭਯਉ ਪ੍ਰਸੰਨੁ
ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ॥[4]

---

1- ਆਦਿ ਗ੍ਰੰਥ, ਪੰਨਾ 1395

2- ਓਹੀ, ਪੰਨਾ 1395

3- ਓਹੀ, ਪੰਨਾ 1395

4- ਓਹੀ, ਪੰਨਾ 1399

ਅ) ਸਤਿਗੁਰਿ ਨਾਨਕਿ ਭਗਤਿ ਕਰੀ ਇਕ ਮਨਿ ਤਨੁ ਮਨੁ ਧਨੁ ਗੋਬਿੰਦ ਦੀਅਉ॥
ਅੰਗਦਿ ਅਨੰਤ ਮੂਰਤਿ ਨਿਜ ਧਾਰੀ ਅਗਮ ਗਿਆਨਿ ਰਸਿ ਰਸ੍ਯਉ ਹੀਅਉ॥
ਗੁਰਿ ਅਮਰਦਾਸਿ ਕਰਤਾਰੁ ਕੀਅਉ ਵਸਿ ਵਾਹੁ ਵਾਹੁ ਕਰਿ ਧ੍ਯਾਇਯਉ॥
ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ ਤਉ ਹਰਿ ਪਰਮ ਪਦੁ ਪਾਇਯਉ॥[1]

ੲ) ਜਿਵ ਅੰਗਦੁ ਅੰਗਿ ਸੰਗਿ ਨਾਨਕ ਗੁਰ
ਤਿਵ ਗੁਰ ਅਮਰਦਾਸ ਕੈ ਗੁਰ ਰਾਮਦਾਸੁ॥[2]

ਸ) ਨਾਨਕਿ ਨਾਮੁ ਨਿਰੰਜਨ ਜਾਨ੍ਯਉ ਕੀਨੀ ਭਗਤਿ ਪ੍ਰੇਮ ਲਿਵ ਲਾਈ॥
ਤਾ ਤੇ ਅੰਗਦੁ ਅੰਗਿ ਸੰਗਿ ਭਯੋ ਸਾਇਰੁ ਤਿਨਿ ਸਬਦ ਸੁਰਤਿ ਕੀ ਨੀਵ ਰਖਾਈ॥
ਗੁਰ ਅਮਰਦਾਸ ਕੀ ਅਕਥ ਕਥਾ ਹੈ ਇਕ ਜੀਹ ਕਛੁ ਕਹੀ ਨ ਜਾਈ॥
ਸੋਢੀ ਸ੍ਰਿਸਟਿ ਸਕਲ ਤਾਰਣ ਕਉ ਅਬ ਗੁਰ ਰਾਮਦਾਸ ਕਉ ਮਿਲੀ ਬਡਾਈ॥[3]

ਹ) ਗੁਰੁ ਨਾਨਕ ਅੰਗਦ ਅਮਰ ਲਾਗਿ ਉਤਮ ਪਦੁ ਪਾਯਉ॥
ਗੁਰੁ ਅਰਜੁਨੁ ਘਰਿ ਗੁਰੂ ਰਾਮਦਾਸ ਭਗਤ ਉਤਰਿ ਆਯਉ॥[4]

ਕ) ਨਾਨਕ ਆਦਿ ਅੰਗਦ ਅਮਰ ਸਤਿਗੁਰ ਸਬਦਿ ਸਮਾਇਅਉ॥
ਧਨੁ ਧਨੁ ਗੁਰੂ ਰਾਮਦਾਸੁ ਗੁਰੁ ਜਿਨਿ ਪਾਰਸੁ ਪਰਸਿ ਮਿਲਾਇਅਉ॥[5]

ਉਤਰਾਧਿਕਾਰ ਦੇ ਸਬੰਧ ਵਿਚ ਇਕ ਗਲ ਹੋਰ ਮਹਤਵਪੂਰਣ ਹੈ ਕਿ ਹਰ ਗੁਰੂ ਆਪਣੇ ਉਤਰਾਧਿਕਾਰੀ ਦੀ ਚੋਣ ਆਪ ਕਰਦਾ ਹੈ। ਆਪਣੇ ਉਤਰਾਧਿਕਾਰੀ ਦੀ ਚੋਣ ਕਰਣ ਤੋਂ

---

1- ਆਦਿ ਗ੍ਰੰਥ, ਪੰਨਾ 1405
2- ਓਹੀ, ਪੰਨਾ 1405
3- ਓਹੀ, ਪੰਨਾ 1406
4- ਓਹੀ, ਪੰਨਾ 1406
5- ਓਹੀ, ਪੰਨਾ 1407

ਪਹਿਲਾਂ ਗੁਰੂ ਉਸ ਨੂੰ ਪਰਖਦਾ ਹੈ ਅਤੇ ਜੇ ਗੁਰੂ ਪੂਰੀ ਤਰ੍ਹਾਂ ਸੰਤੁਸ਼ਟ ਹੋਵੇ ਤਾਂ ਉਸ ਨੂੰ ਉਤਰਾਧਿਕਾਰੀ ਗੁਰੂ ਥਾਪ ਕੇ ਉਸ ਵਿਚ ਅਪਣੀ ਜੋਤਿ ਟਿਕਾਉਂਦਾ ਹੈ। ਗੁਰੂ ਅਮਰਦਾਸ ਦੁਆਰਾ ਗੁਰੂ ਰਾਮ ਦਾਸ ਨੂੰ ਗੁਰੂ ਥਾਪਨ ਦੇ ਸਬੰਧ ਵਿਚ ਭਟ ਨਲ੍ਹ ਕਹਿੰਦਾ ਹੈ ਕਿ ਜਦੋਂ ਗੁਰੂ ਅਮਰਦਾਸ ਜੀ ਮਨ ਪੂਰਨ ਤੌਰ ਤੇ ਪਤੀਜ ਗਿਆ, ਤਦੋਂ ਉਹ ਗੁਰੂ ਰਾਮਦਾਸ ਜੀ ਉਤੇ ਤੁਠੇ ਤੇ ਉਹਨਾਂ ਨੂੰ ਰਾਜ ਤੇ ਜੋਗ ਵਾਲਾ ਤਖਤ ਬਖਸ਼ਿਆ ਸੀ:-

> ਸਭ ਬਿਧਿ ਮਾਨ੍ਹਿਓ ਮਨੁ ਤਬ ਹੀ ਭਯਉ ਪ੍ਰਸੰਨਿ
> ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ॥[1]

'ਗੁਰੂ ਰਾਮਦਾਸ ਜੀ ਦੇ ਗੁਰੂ ਪਦ ਪ੍ਰਾਪਤ ਕਰਨ ਸਬੰਧੀ ਭਟ ਕਲਸਹਾਰ ਦਾ ਸਪਸ਼ਟੀਕਰਣ ਬਹੁਤ ਮਹੱਤਵਪੂਰਣ ਹੈ। ਉਸ ਅਨੁਸਾਰ ਗੁਰੂ ਰਾਮਦਾਸ ਜੀ ਨੂੰ ਗੁਰੂ ਪਦ ਦੀ ਜ਼ਿੰਮੇਵਾਰੀ ਸੌਂਪਣ ਦਾ ਫੈਸਲਾ ਗੁਰੂ ਅਮਰਦਾਸ ਜੀ ਨੇ ਗੁਰੂ ਨਾਨਕ ਦੀ ਕ੍ਰਿਪਾ ਨਾਲ, ਅਪਣੇ ਪੂਰਵਵਰਤੀ ਗੁਰੂ, ਅੰਗਦ ਦੇਵ ਜੀ ਦੀ ਦਿਤੀ ਸੁਮਤ ਨਾਲ ਅਤੇ ਅਕਾਲ ਪੁਰਖ ਦੇ ਹੁਕਮ ਨਾਲ ਕੀਤਾ ਹੈ:-

> ਨਾਨਕਿ ਪ੍ਰਸਾਦਿ ਅੰਗਦ ਸੁਮਤਿ ਗੁਰਿ ਅਮਰਿ ਅਮਰੁ ਵਰਤਾਇਓ॥
> ਗੁਰੁ ਰਾਮ ਦਾਸ ਕਲ੍ਹੁਚਰੈ ਤੈ ਅਟਲ ਅਮਰ ਪਦੁ ਪਾਇਓ॥[2]

ਹਰ ਗੁਰੂ ਅਪਣੇ ਉਤਰਾਧਿਕਾਰੀ ਨੂੰ ਉਸਦੀ ਘਾਲ ਕਮਾਈ ਤੋਂ ਪ੍ਰਸੰਨ ਹੋ ਕੇ, ਵਰ ਦੇ ਰੂਪ ਗੁਰੂ ਪਦ ਦੀ ਬਖਸ਼ਿਸ਼ ਕਰਦਾ ਹੈ। ਕਲ੍ਹਸਹਾਰ ਭੱਟ ਦੀਆਂ ਹੇਠਲੀਆਂ ਸਤਰਾਂ ਇਸ ਗਲ ਦਾ ਪ੍ਰਤਖ ਪ੍ਰਮਾਣ ਹਨ:

---

1- ਆਦਿ ਗ੍ਰੰਥ, ਪੰਨਾ 1399

2- ਓਹੀ, ਪੰਨਾ 1397

ਗੁਰਿ ਨਾਨਕਿ ਅੰਗਦੁ ਵਰ੍ਯਉ ਗੁਰਿ ਅੰਗਦਿ ਅਮਰ ਨਿਧਾਨੁ ॥

ਗੁਰ ਰਾਮਦਾਸ ਅਰਜੁਨੁ ਵਰ੍ਯਉ ਪਾਰਸੁ ਪਰਸੁ ਪ੍ਰਮਾਣੁ ॥[1]

ਇਸ ਤਰ੍ਹਾਂ ਭੱਟ ਬਾਣੀ ਨੇ ਗੁਰੂ ਸਾਹਿਬਾਨ ਦੀ ਦੁਵਲੀ ਸਖਸੀਅਤ, ਅਤੇ ਗੁਰੂ ਪਰੰਪਰਾ ਨਾਲ ਸਬੰਧਤ ਰਾਜ ਦੇ ਚਿਹਨਾਂ ਦਾ ਵਿਸਤ੍ਰਤ ਵਰਣਨ ਕੀਤਾ ਹੈ। ਗੁਰੂਆਂ ਦੀ ਪੁਰਾਤਨ ਭਾਰਤੀ ਰਾਜਿਆਂ ਦੇ ਰੂਪ ਵਿਚ ਉਸਤਤ ਕਰਕੇ ਅਤੇ ਗੁਰੂਆਂ ਨੂੰ ਭਾਰਤੀ ਅਵਤਾਰ-ਵਾਦੀ ਪਰੰਪਰਾ ਨਾਲ ਜੋੜ ਕੇ, ਭੱਟਾਂ ਨੇ ਉਹਨਾਂ ਨੂੰ ਧਰਮ ਅਤੇ ਰਾਜ ਦੋਹਾਂ ਖੇਤਰਾਂ ਵਿਚ ਪੂਰੀ ਤਰਾਂ ਕਾਰਜਸ਼ੀਲ ਮੰਨਿਆ ਹੈ। ਭੱਟਾਂ ਅਨੁਸਾਰ ਗੁਰੂ ਪਰੰਪਰਾ ਇਕ ਕੁਲ ਦੀ ਤਰ੍ਹਾਂ ਸਕ੍ਰਿਆ ਰਹੀ ਹੈ, ਅਤੇ ਇਸ ਕੁਲ ਨੂੰ ਭੱਟਾਂ ਨੇ 'ਨਾਨਕ ਕੁਲ' ਦਾ ਨਾਮ ਦਿਤਾ ਹੈ। ਕੋਈਸ਼ਕ ਨਹੀਂ ਕਿ ਭੱਟ ਬਾਣੀ ਦੀ ਇਹ ਸਾਰੀ ਵਿਆਖਿਆ ਗੁਰੂ ਪਰੰਪਰਾ ਨੂੰ ਇਕ ਵਿਕਲਪਿਕ ਰਾਜ ਵਜੋਂ ਸਥਾਪਿਤ ਕਰਦੀ ਹੈ।

---

1- ਆਦਿ ਗ੍ਰੰਥ, ਪੰਨਾ 1407

## ੭- ਵਾਰਾਂ ਭਾਈ ਗੁਰਦਾਸ

ਗੁਰਬਾਣੀ ਦੇ ਵਿਆਖਿਆਕਾਰ ਭਾਈ ਗੁਰਦਾਸ ਜੀ ਤੀਜੇ ਗੁਰੂ, ਗੁਰੂ ਅਮਰਦਾਸ ਜੀ ਤੋਂ ਲੈ ਕੇ ਛੇਵੇਂ ਗੁਰੂ, ਗੁਰੂ ਹਰਿਗੋਬਿੰਦ ਜੀ ਤਕ ਗੁਰੂ ਘਰ ਦੀ ਸੇਵਾ ਵਿਚ ਜੁਟੇ ਰਹੇ ਅਤੇ ਉਘੇ ਪ੍ਰਬੰਧਕ ਤੇ ਸਾਹਿਤਕਾਰ ਦੇ ਨਾਤੇ ਗੁਰੂ-ਘਰ ਦੀ ਹਰ ਮਹੱਤਵਪੂਰਣ ਸਰਗਰਮੀ ਵਿਚ ਸ਼ਾਮਲ ਰਹੇ। ਭਾਈ ਗੁਰਦਾਸ ਦੀਆਂ ਰਚਨਾਵਾਂ ਦੇ ਅਧਿਐਨ ਤੋਂ, ਗੁਰੂ ਘਰ ਨਾਲ ਉਹਨਾਂ ਦੀ ਸਾਂਝ ਦਾ ਅਨੁਭਵ ਸਹਿਜੇ ਹੀ ਹੋ ਜਾਂਦਾ ਹੈ। ਅਸਲ ਵਿਚ ਗੁਰੂ ਘਰ 'ਚ ਵਾਪਰ ਰਹੀ ਹਰ ਘਟਨਾ, ਉਹਨਾਂ ਦੇ ਕਾਵਿ-ਸਿਰਜਨਾ ਦੀ ਵਿਸ਼ਾ-ਵਸਤੂ ਹੈ।

ਭਾਈ ਗੁਰਦਾਸ ਜੀ ਨੇ ਆਪਣੀਆਂ ਰਚਨਾਵਾਂ ਵਿਚ ਤਤਕਾਲੀਨ ਦੁਨਿਆਵੀ ਰਾਜਿਆਂ ਦੇ ਲੋਕ ਵਿਰੋਧੀ ਤੇ ਸਵਾਰਥੀ ਰਾਜ ਪ੍ਰਬੰਧ ਵਿਰੁਧ ਆਪਣਾ ਭਰਪੂਰ ਰੋਸ ਪ੍ਰਗਟ ਕੀਤਾ ਹੈ। ਗੁਰੂਆਂ ਦੀ ਰਾਜ ਪ੍ਰਤੀ ਚੇਤੰਨਤਾ ਦਾ ਉਹਨਾਂ ਨੂੰ ਪੂਰਾ ਗਿਆਨ ਤੇ ਅਨੁਭਵ ਸੀ ਅਤੇ ਗੁਰੂ ਘਰ ਨਾਲ ਜੁੜ ਰਹੇ ਨਵੇਂ ਸੰਕਲਪਾਂ ਤੇ ਰਾਜਸੀ ਤੱਤਾਂ ਦੇ ਵੀ ਉਹ ਪ੍ਰਤੱਖ-ਦਰਸ਼ੀ ਸਨ। ਇਸੇ ਲਈ ਭਾਈ ਗੁਰਦਾਸ ਜੀ ਨੇ ਜਿਥੇ ਗੁਰੂ ਸਾਹਿਬਾਨ ਦੀ ਅਧਿਆਤਮਕ ਉਚਤਾ ਨੂੰ ਸਰਾਹਿਆ ਹੈ ਉਥੇ ਉਹਨਾਂ ਦੇ ਵਿਅਕਤਿੱਤਵ ਦੇ ਰਾਜਸੀ ਪੱਖ ਨੂੰ ਵੀ ਪੂਰੀ ਤਰ੍ਹਾਂ ਉਜਾਗਰ ਕਰਕੇ ਲੁਕਾਈ ਦੇ ਸਨਮੁਖ ਪ੍ਰਸਤੁਤ ਕੀਤਾ ਹੈ। ਸਮੁੱਚੇ ਤੌਰ ਤੇ ਭਾਈ ਗੁਰਦਾਸ ਦੀਆਂ ਵਾਰਾਂ ਵਿਚੋਂ ਗੁਰੂ ਪਰੰਪਰਾ ਨਾਲ ਸਬੰਧਤ ਹੁੰਦੇ ਜਾ ਰਹੇ ਵਿਕਲਪਿਕ ਰਾਜ ਦੇ ਸੰਕਲਪ ਦੀ ਝਲਕ ਸਹਿਜੇ ਹੀ ਮਿਲ ਜਾਂਦੀ ਹੈ।

### ਤਤਕਾਲੀਨ ਰਾਜਸੀ ਅਤੇ ਸਮਾਜੀ ਸਥਿਤੀ ਅਤੇ ਗੁਰੂਆਂ ਦੀ ਪ੍ਰਤੀਕ੍ਰਿਆ:

ਭਾਈ ਗੁਰਦਾਸ ਜੀ ਨੇ ਆਪਣੀਆਂ ਰਚਨਾਵਾਂ ਵਿਚ ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਸਮੇਂ ਦੇ ਸਮਾਜੀ ਤੇ ਰਾਜਸੀ ਹਾਲਾਤ ਨੂੰ ਬੜੀ ਚੰਗੀ ਤਰ੍ਹਾਂ ਘੋਖਿਆ ਹੈ। ਅਤੇ ਉਹਨਾਂ ਤੱਤਾਂ ਤੇ ਰਾਜਸੀ ਨੀਤੀਆਂ ਦਾ ਵਿਸ਼ਲੇਸ਼ਣ ਬੜੇ ਵਿਸਤਾਰ ਨਾਲ ਕੀਤਾ ਹੈ ਜਿਹਨਾਂ

ਨੇ ਭਾਰਤੀ ਸਮਾਜ ਨੂੰ ਖੇਰੂੰ ਖੇਰੂੰ ਕਰ ਦਿੱਤਾ ਸੀ। ਭਾਈ ਗੁਰਦਾਸ ਜੀ ਅਨੁਸਾਰ ਦੇਸ਼ ਵਿਚ ਇਕ ਕਿਸਮ ਦੀ ਅਰਾਜਕਤਾ ਫੈਲੀ ਹੋਈ ਸੀ। ਮਨੁੱਖੀ ਜ਼ਿੰਦਗੀ ਤੇ ਕੋਈ ਅੰਕੁਸ਼ ਨ ਹੋਣ, ਕਾਰਣ ਜਿਧਰ ਜਿਸਦੀ ਮਰਜ਼ੀ ਹੁੰਦੀ ਤੁਰ ਪੈਂਦਾ ਅਰਥਾਤ ਮਨੁੱਖ ਦਾ ਸਮਾਜੀ ਜੀਵਨ ਬੇਮਕਸਦ ਤੇ ਬੇਅਸੂਲਾ ਬਣ ਗਿਆ ਸੀ:

ਕੋਈ ਨ ਕਿਸੈ ਵਰਜਈ ਸੋਈ ਕਰੈ ਜੋਈ ਮਨ ਭਾਵੈ।
ਕਿਸੈ ਪੁਜਾਈ ਸਿਲਾ ਸੁੰਨਿ ਕੋਈ ਗੋਰੀ ਮੜ੍ਹੀ ਪੁਜਾਵੈ॥
ਤੰਤ੍ਰ ਮੰਤ੍ਰ ਪਾਖੰਡ ਕਰਿ ਕਲਹਿ ਕ੍ਰੋਧੁ ਬਹੁ ਵਾਦਿ ਵਧਾਵੈ॥
ਆਪੋ ਧਾਪੀ ਹੋਇਕੈ ਨਿਆਰੇ ਨਿਆਰੇ ਧਰਮ ਚਲਾਵੈ॥[1]

ਭਾਈ ਗੁਰਦਾਸ ਜੀ ਨੇ ਤਤਕਾਲੀਨ ਸਮੇਂ ਨੂੰ 'ਜੁਗਗਰਦੀ' ਦਾ ਸਮਾਂ ਦਸਿਆ ਹੈ। ਉਹਨਾਂ ਅਨੁਸਾਰ ਜਦੋਂ 'ਜੁਗਗਰਦੀ' ਹੁੰਦੀ ਹੈ ਅਰਥਾਤ ਜੁਗ ਬਦਲਦਾ ਹੈ ਤਾਂ ਪਾਪ ਵਰਤ ਜਾਂਦਾ ਹੈ ਸਾਰਾ ਸੰਸਾਰ ਭ੍ਰਿਸ਼ਟ ਹੋ ਜਾਂਦਾ ਹੈ। ਬਾਂਸਾਂ ਦੀ ਅੱਗ ਵਾਂਗ ਵਖ ਵਖ ਵਰਨ ਆਪੋ ਵਿਚ ਖਹਿ ਖਹਿ ਕੇ ਸੜਦੇ ਹਨ:

ਜੁਗ ਗਰਦੀ ਜਬ ਹੋਵਹੈ ਉਲਟੇ ਜੁਗ ਕਿਆ ਹੋਇ ਵਰਤਾਰਾ॥
ਉਠੇ ਗਿਲਾਨਿ ਜਗਤਿ ਵਿਚ ਵਰਤੇ ਪਾਪ ਭ੍ਰਿਸਟ ਸੰਸਾਰਾ॥
ਵਰਨਾ ਵਰਨ ਨ ਭਾਵਨੀ ਖਹਿ ਖਹਿ ਜਲਨ ਬਾਂਸ ਅੰਗਿਆਰਾ॥[2]

ਇਕ ਹੋਰ ਪਉੜੀ ਵਿਚ ਵੇਲੇ ਦੇ ਰਾਜ, ਸਮਾਜ, ਧਰਮ - ਆਗੂਆਂ, ਨਿਆਂ ਕਰਨ ਵਾਲੇ ਕਾਜ਼ੀਆਂ ਅਤੇ ਇਥੋਂ ਤਕ ਕਿ ਇਸਤਰੀ-ਪੁਰਖ ਦੇ ਗ੍ਰਹਿਸਤ ਧਰਮ ਵਿਚ ਉਤਪੰਨ ਹੋ ਗਈ ਹਉਮੈ, ਸਵਾਰਥ ਤੇ ਕਲਹ ਦਾ ਜ਼ਿਕਰ ਬੜਾ ਸਪਸ਼ਟ ਹੈ। ਭਾਈ ਗੁਰਦਾਸ ਅਨੁਸਾਰ ਕਲਜੁਗ ਦੀ ਸ੍ਰਿਸ਼ਟੀ ਕੁਤੇ ਮੂੰਹੀ ਹੋ ਗਈ ਹੈ ਤੇ ਮੁਰਦਾਰ ਖਾਉਣ ਲਗ ਪਈ ਹੈ। ਰਾਜੇ ਪਾਪ ਕਰਨ

- - - - - - - - - - - - - - - - - - - - - - - - - - - - - - -

1- ਵਾਰਾਂ ਭਾਈ ਗੁਰਦਾਸ, ਪੰਨਾ 16

2- ਓਹੀ, ਪੰਨਾ 15

ਲਗ ਪਏ ਹਨ, ਜਿਹੜੀ ਵਾੜ ਰਾਖੀ ਕਰਦੀ ਹੈ ਉਹੀ ਖੇਤ ਨੂੰ ਖਾਣ ਲਗ ਪਈ। ਪਰਜਾ ਅਗਿਆਨ ਵਿਚ ਅੰਨ੍ਹੀ ਹੋ ਗਈ ਹੈ। ਗੁਰੂ-ਚੇਲੇ ਦਾ ਸਬੰਧ ਉਲਟ ਹੋ ਗਿਆ ਹੈ - ਗੁਰੂ ਚੇਲਿਆਂ ਨੂੰ ਲਭਦੇ ਫਿਰਦੇ ਹਨ। ਨਿਆਂ ਕਰਨ ਵਾਲੇ ਰਿਸ਼ਵਤ ਖੋਰ ਹੋ ਗਏ ਹਨ। ਇਥੋ ਤਕ ਕਿ ਗ੍ਰਿਹਸਤ ਧਰਮ ਵੀ ਨਸ਼ਟ ਹੋ ਗਿਆ ਹੈ - ਇਸਤਰੀ ਤੇ ਪੁਰਖ ਦਾ ਪਿਆਰ ਪੈਸੇ ਤਕ ਸੀਮਤ ਹੋ ਗਿਆ ਹੈ। ਇਸ ਪ੍ਰਕਾਰ ਜਗਤ ਤੇ ਹਰ ਖੇਤਰ ਵਿਚ ਪਾਪ ਵਰਤ ਗਿਆ ਹੈ:

ਕਲਿ ਆਈ ਕੁਤੇ ਮੁਹੀ ਖਾਜ ਹੋਇਆ ਮੁਰਦਾਰ ਗੁਸਾਈ।
ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ।
ਪਰਜਾ ਅੰਧੀ ਗਿਆਨ ਬਿਨੁ ਕੂੜੁ ਕੁਸਤਿ ਮੁਖਹੁ ਆਲਾਈ।
ਚੇਲੇ ਸਾਜ ਵਜਾਇਦੇ ਨਚਨਿ ਗੁਰੂ ਬਹੁਤੁ ਬਿਧਿ ਭਾਈ।
ਸੇਵਕ ਬੈਠਨਿ ਘਰਾਂ ਵਿਚਿ ਗੁਰ ਉਠਿ ਘਰੀਂ ਤਿਨਾੜੇ ਜਾਈ।
ਕਾਜੀ ਹੋਏ ਰਿਸ਼ਵਤੀ ਵਢੀ ਲੈ ਕੇ ਹਕ ਗਵਾਈ।
ਇਸਤ੍ਰੀ ਪੁਰਖੈ ਦਾਮ ਹਿਤ ਭਾਵੈ ਆਇ ਕਿਥਾਊ ਜਾਈ।
ਵਰਤਿਆ ਪਾਪ ਸਭਸ ਜਗ ਮਾਹੀ।[1]

ਇਸ ਪਉੜੀ ਵਿਚ ਤਤਕਾਲੀਨ ਰਾਜ ਤੇ ਸਮਾਜ ਤੇ ਸਥਿਤੀ ਦਸਣ ਲਈ ਭਾਈ ਗੁਰਦਾਸ ਜੀ ਨੇ 'ਕੁਤੇ ਮੁਹੀ' ਬਿੰਬ ਦੀ ਵਰਤੋਂ ਕੀਤੀ ਹੈ। 'ਕੁੱਤੇ ਮੁਹੀ' ਬਿਰਤੀ ਵਾਲੇ ਰਾਜ ਦੇ ਸਮਾਜ ਵਿਚ 'ਖਾਜ ਹੋਇਆ ਮੁਰਦਾਰ' ਅਰਥਾਤ ਅਣਹੱਕ ਖਾਣਾ ਵੀ ਤਤਕਾਲੀਨ ਸਮੇਂ ਦੀ ਪ੍ਰਤੀਕ ਬਣ ਗਿਆ ਸੀ।

ਭਾਈ ਗੁਰਦਾਸ ਜੀ ਅਨੁਸਾਰ ਭਾਰਤੀ ਸਮਾਜ ਦੇ ਵਿਘਟਨ ਦਾ ਪ੍ਰਮੁੱਖ ਕਾਰਣ ਸੰਪ੍ਰਦਾਇਕਤਾ (Communalism ) ਸੀ ਜਿਸ ਨੇ ਮਨੁੱਖ ਮਨੁੱਖ ਵਿਚ ਪਾੜਾ ਪਾ ਦਿਤਾ ਤੇ ਸਾਰੇ ਦੇਸ ਵਿਚ ਤਲਖੀ ਤੇ ਕੁੜਤਣ ਵਰਤਾ ਦਿੱਤੀ। ਅਸਲ ਵਿਚ ਗੁਰੂਆਂ ਦੇ

---

1- ਵਾਰਾਂ ਭਾਈ ਗੁਰਦਾਸ, ਪੰਨਾ 26

ਸਮਕਾਲੀ ਸਮੇਂ ਵਿਚ ਰਾਜ ਦਾ ਸਰੂਪ ਸੰਪ੍ਰਦਾਇਕ ਸੀ ਅਤੇ ਰਾਜ ਕਰਨ ਵਾਲਿਆਂ ਨੇ ਭਾਰਤੀ ਸਮਾਜ ਨੂੰ ਸੰਪ੍ਰਦਾਇਕ ਅਧਾਰ ਤੇ ਵੰਡਿਆ ਹੋਇਆ ਸੀ। ਰਾਜਿਆਂ ਦੀ ਪ੍ਰਜਾ ਤੇ ਦ੍ਰਿਸ਼ਟੀ ਵੀ ਸੰਪ੍ਰਦਾਇਕ ਹੁੰਦੀ ਸੀ। ਇਕ ਧਰਮ ਵਿਸ਼ੇਸ਼ ਨੂੰ ਵਧੂ ਸਹੂਲਤਾਂ ਦਿੱਤੀਆਂ ਜਾਂਦੀਆਂ ਸਨ ਤੇ ਦੂਜੇ ਧਰਮ ਦੇ ਪੈਰੋਕਾਰਾਂ ਨੂੰ ਵਧੂ ਤਕਲੀਫਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਰਾਜ ਦੁਆਰਾ ਪ੍ਰਯੋਜਿਤ ਇਸ ਸੰਪ੍ਰਦਾਇਕਤਾ ਦਾ ਜ਼ਿਕਰ ਭਾਈ ਗੁਰਦਾਸ ਨੇ ਬੜੇ ਸਪਸ਼ਟ ਸ਼ਬਦਾਂ ਵਿਚ ਕੀਤਾ ਹੈ:-

ਠਾਕੁਰ ਦੁਆਰੇ ਢਾਹਿਕੈ ਤਿਹਿ ਠਉੜੀ ਮਸੀਤ ਉਸਾਰਾ॥
ਮਾਰਨ ਗਊ ਗਰੀਬ ਨੋ ਧਰਤੀ ਉਪਰਿ ਪਾਪੁ ਬਿਥਾਰਾ॥[1]

ਡਾ:ਸੁਰਿੰਦਰ ਸਿੰਘ ਕੋਹਲੀ ਨੇ ਮੁਗ਼ਲ ਰਾਜਿਆਂ ਦੀ ਧਾਰਮਕ ਅਸਹਿਨਸ਼ੀਲਤਾ ਦਾ ਜ਼ਿਕਰ ਕਰਦਿਆਂ ਕਿਹਾ ਹੈ ਕਿ 'ਮੁਸਲਮਾਨ ਧਾਰਮਕ ਪਖ ਤੋਂ ਹਦ ਦਰਜੇ ਦੇ ਤੰਗ ਦਿਲ ਸਨ। ਸੰਤ ਕਵੀਆਂ ਦੀ ਰਚਨਾਵਾਂ ਤੋਂ ਇਹ ਤੱਥ ਪੂਰੀ ਤਰ੍ਹਾਂ ਸਪਸ਼ਟ ਹੁੰਦਾ ਹੈ। ਭਾਈ ਗੁਰਦਾਸ ਜੀ ਨੇ ਪਹਿਲੀ ਵਾਰ ਵਿਚ ਇਸ ਤੰਗ-ਦਿਲੀ ਦਾ ਪੂਰਣ ਚਿਤ੍ਰ ਉਲੀਕਿਆ ਹੈ।[2]

ਰਾਜ ਦੁਆਰਾ ਪ੍ਰਯੋਜਿਤ ਸੰਪ੍ਰਦਾਇਕਤਾ ਨੂੰ ਧਰਮ ਆਗੂਆਂ-ਬ੍ਰਾਹਮਣਾਂ ਤੇ ਮੌਲਾਣਿਆਂ ਨੇ ਹੋਰ ਪਰਿਪੱਕ ਕੀਤਾ। ਧਰਮ ਆਗੂਆਂ ਦੇ ਸੰਕੀਰਣ ਤੇ ਸੰਪ੍ਰਦਾਇਕ ਦ੍ਰਿਸ਼ਟੀਕੋਣ ਕਾਰਣ ਧਰਮ ਦੇ ਕੇਂਦਰ ਸੰਪ੍ਰਦਾਇਕਤਾ ਦੇ ਕੇਂਦਰ ਬਣ ਗਏ। ਭਾਰਤੀ ਸਮਾਜ ਵਿਚਲੇ ਵਖ ਵਖ ਧਰਮਾਂ ਵਿਚ ਸਦਭਾਵ ਖ਼ਤਮ ਹੋ ਗਿਆ ਅਤੇ ਸੰਪ੍ਰਦਾਇਕ ਤਨਾਅ ਹਦੋਂ ਵਧ ਗਿਆ। ਭਾਈ ਗੁਰਦਾਸ ਜੀ ਨੇ ਸੰਪ੍ਰਦਾਇਕ ਅਧਾਰ ਤੇ ਪੈ ਰਹੀਆਂ ਵੰਡੀਆਂ ਅਤੇ ਧਰਮ ਆਗੂਆਂ ਦੇ ਤੰਗ ਨਜ਼ਰੀਏ ਤੋਂ ਉਤਪੰਨ ਹੋ ਰਹੀ ਖਿਚੋਤਾਣ ਦਾ ਵਰਣਨ ਆਪਣੀ ਬਾਣੀ ਵਿਚ ਕੀਤਾ ਹੈ:-

---

1- ਵਾਰਾਂ ਭਾਈ ਗੁਰਦਾਸ, ਪੰਨਾ 17

2- Kohli, Surinder Singh, A Critical Study of Adi Granth, P-162.

ੳ) ਚਾਰਿ ਵਰਨ ਚਾਰਿ ਮਹਜਬਾ ਜਗ ਵਿਚ ਹਿੰਦੂ ਮੁਸਲਮਾਣੇ।
ਖੁਦੀ ਬਖੀਰੀ ਤਕਬਰੀ ਖਿਚੋਤਾਣ ਕਰੇਨਿ ਧਿਙਾਣੇ।
ਗੰਗ ਬਨਾਰਸਿ ਹਿੰਦੂਆਂ ਮਕਾ ਕਾਬਾ ਮੁਸਲਮਾਣੇ।
ਸੁੰਨਤਿ ਮੁਸਲਮਾਣ ਦੀ ਤਿਲਕ ਜੰਞੂ ਹਿੰਦੂ ਲੋਭਾਣੇ।
ਰਾਮ ਰਹੀਮ ਕਹਾਇਦੇ ਇਕ ਨਾਮ ਦੁਇ ਰਾਹ ਭੁਲਾਣੇ।
ਬੇਦ ਕੇਤੇਬ ਭੁਲਾਇਕੈ ਮੋਹੇ ਲਾਲਚ ਦੁਨੀ ਸੈਤਾਣੇ।
ਸਚ ਕਿਨਾਰੇ ਰਹਿ ਗਇਆ ਖਹਿ ਮਰਦੇ ਬਾਹਮਣ ਮਉਲਾਣੇ।
ਸਿਰੋ ਨ ਮਿਟੇ ਆਵਣ ਜਾਣੇ॥[1]

ਅ) ਭਈ ਗਿਲਾਨਿ ਜਗਤ ਵਿਚਿ ਚਾਰਿ ਵਰਨ ਆਸ੍ਰਮ ਉਪਾਏ।
ਦਸ ਨਾਮਿ ਸੰਨਿਆਸੀਆਂ ਜੋਗੀ ਬਾਰਹ ਸੰਖਿ ਚਲਾਏ।
ਜੰਗਮ ਅਤੇ ਸਰੇਵੜੇ ਦਗੇ ਦਿਗੰਬਰਿ ਵਾਦਿ ਕਰਾਏ।
ਬ੍ਰਹਮਣਿ ਬਹੁ ਪਰਕਾਰਿ ਕਰਿ ਸਾਸਤ੍ਰਿ ਵੇਦ ਪੁਰਾਣਿ ਲੜਾਏ।
ਖਟਿ ਦਰਸਨ ਬਹੁ ਵੈਰਿ ਕਰਿ ਨਾਲ ਛਤੀਸਿ ਪਖੰਡ ਚਲਾਏ।
ਤੰਤ ਮੰਤ ਰਸਾਇਣਾ ਕਰਮਾਤਿ ਕਾਲਖਿ ਲਪਟਾਏ।
ਇਕਸਿ ਤੇ ਬਹੁ ਰੂਪਿ ਕਰਿ ਰੂਪ ਕਰੂਪੀ ਘਣੇ ਦਿਖਾਏ।
ਕਲਿਜੁਗਿ ਅੰਦਰਿ ਭਰਮਿ ਭੁਲਾਏ।[2]

ੲ) ਗੁਰਮੁਖਿ ਕੋਇ ਨ ਦਿਸਈ ਢੂੰਡੇ ਤੀਰਥਿ ਜਾਤ੍ਰੀ ਮੇਲੇ।
ਡਿਠੇ ਹਿੰਦੂ ਤੁਰਕਿ ਸਭਿ ਪੀਰ ਪੈਕੰਬਰਿ ਕਉਮਿ ਕਤੇਲੇ।
ਅੰਧੀ ਅੰਧੇ ਖੂਹੇ ਠੇਲੇ।[3]

---

1- ਵਾਰਾਂ ਭਾਈ ਗੁਰਦਾਸ, ਪੰਨਾ 18

2- ਓਹੀ, ਪੰਨਾ 16-17

3- ਓਹੀ, ਪੰਨਾ 22

ਭਾਈ ਗੁਰਦਾਸ ਜੀ ਨੇ ਜਿਥੇ ਦੇਸ਼ ਦੀ ਸਮਾਜੀ ਤੇ ਰਾਜਸੀ ਹਾਲਾਤ ਦਾ ਵਰਣਨ ਕੀਤਾ ਹੈ ਉਥੇ ਗੁਰੂਆਂ ਦੁਆਰਾ ਸਮਾਜ ਵਿਚ ਪਸਰੀ ਅਰਾਜਕਤਾ ਤੇ ਸੰਪ੍ਰਦਾਇਕਤਾ ਨੂੰ ਖ਼ਤਮ ਕਰਨ ਲਈ ਕੀਤੇ ਗਏ ਸੰਘਰਸ਼ ਦਾ ਵਰਣਨ ਬੜੇ ਵਿਸਤਾਰ ਨਾਲ ਕੀਤਾ ਹੈ। ਅਸਲ ਵਿਚ ਗੁਰੂ ਸਾਹਿਬ ਨੇ ਭਾਰਤੀ ਸਮਾਜ ਨੂੰ ਦਰਪੇਸ਼ ਅਹਿਮ ਬੁਨਿਆਦੀ ਮਸਲਿਆਂ ਨੂੰ ਭਲੀ ਪ੍ਰਕਾਰ ਸਮਝਿਆ ਅਤੇ ਉਹਨਾਂ ਨੂੰ ਹਲ ਕਰਨ ਲਈ ਆਪਣਾ ਸਾਰਾ ਜੀਵਨ ਅਰਪਿਤ ਕਰ ਦਿੱਤਾ। ਰਾਜ ਸ਼ਕਤੀ ਦੀ ਪਰਵਾਹ ਕੀਤੇ ਬਿਨਾਂ, ਗੁਰੂ ਸਮਾਜੀ ਏਕਤਾ ਦੀ ਲਹਿਰ ਦੇ ਚਿਹਨ ਬਣ ਗਏ। ਆਪਣੇ ਸਾਰੇ ਜੀਵਨ ਸਫ਼ਰ ਵਿਚ ਗੁਰੂ ਨਾਨਕ ਦੇਵ ਜੀ ਜਿਥੇ ਵੀ ਗਏ ਮਨੁੱਖੀ ਏਕਤਾ ਨੂੰ ਦ੍ਰਿੜ ਕੀਤਾ ਅਤੇ ਸਮਾਜ ਵਿਚ ਪੂਰਣ -ਚੇਤੰਨਤਾ ਲਿਆਉਣ ਲਈ ਭਰਪੂਰ ਯਤਨ ਕੀਤਾ।

ਭਾਈ ਗੁਰਦਾਸ ਜੀ ਇਕ ਥਾਂ ਤੇ ਦਸਦੇ ਹਨ ਕਿ ਗੁਰੂ ਨਾਨਕ ਪਾਤਸ਼ਾਹ ਪਾਸੋ ਕਾਜ਼ੀ ਮੁਲਾਂ ਇਕੱਠੇ ਹੋ ਕੇ ਮਜ਼ਹਬ ਸਬੰਧੀ ਸੁਆਲ ਪੁਛਣ ਲਗੇ। ਕਾਜ਼ੀਆਂ ਦਾ ਪ੍ਰਸ਼ਨ ਹਿੰਦੂ ਮੁਸਲਮਾਨ ਦੀ ਬਹਿਸ ਦਾ ਸੀ - ਹਿੰਦੂ ਮਜ਼ਹਬ ਵੱਡਾ ਹੈ ਕਿ ਮੁਸਲਮਾਨੀ। ਗੁਰੂ ਸਾਹਿਬਾਂ ਦਾ ਉਤਰ ਯਥਾਰਥ ਤੇ ਅਧਾਰਿਤ ਸੀ ਕਿ ਨੇਕ ਅਮਲਾਂ ਬਾਝੋ ਦੋਵੇਂ ਪਏ ਰੋਂਦੇ ਹਨ। ਗੁਰੂ ਜੀ ਅਨੁਸਾਰ ਰਾਮ ਤੇ ਰਹੀਮ ਦੇ ਨਾਂ ਈਰਖਾ ਕਰਨ ਵਾਲਿਆਂ ਨੂੰ ਸਮਝਣਾ ਚਾਹੀਦਾ ਹੈ ਕਿ ਰਾਮ ਤੇ ਰਹੀਮ ਤਾਂ ਇਕੋ ਥਾਂ ਖਲੋਤੇ ਹਨ ਅਰਥਾਤ ਬਰਾਬਰ ਹਨ। ਭਾਈ ਗੁਰਦਾਸ ਦੀਆਂ ਪੰਕਤੀਆਂ ਇਸ ਪ੍ਰਕਾਰ ਹਨ:-

ਪੁਛਨਿ ਗਲ ਈਮਾਨ ਦੀ ਕਾਜ਼ੀ ਮੁਲਾਂ ਇਕਠੇ ਹੋਈ।
ਵਡਾ ਸਾਂਗਿ ਵਰਤਾਇਆ ਲਖਿ ਨ ਸਕੈ ਕੁਦਰਤਿ ਕੋਈ।
ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵੱਡਾ ਕਿ ਮੁਸਲਮਾਨੋਈ।
ਬਾਬਾ ਆਖੇ ਹਾਜੀਆਂ ਸੁਭਿ ਅਮਲਾਂ ਬਾਝਹੁ ਦੋਨੋ ਰੋਈ।
ਹਿੰਦੂ ਮੁਸਲਮਾਨ ਦੁਇ ਦਰਗਹ ਅੰਦਰਿ ਲੈਨਿ ਨ ਢੋਈ।
ਕਚਾ ਰੰਗੁ ਕਸੁੰਭ ਦਾ ਪਾਣੀ ਧੋਤੈ ਥਿਰ ਨ ਰਹੋਈ।

ਕਰਹਿ ਬਖੀਲੀ ਆਪਿ ਵਿਚਿ ਰਾਮ ਰਹੀਮ ਇਕ ਥਾਇ ਖਲੋਈ।
ਰਾਹਿ ਸੈਤਾਨੀ ਦੁਨੀਆਂ ਗੋਈ।[1]

ਮੁਲਤਾਨ ਦੀ ਯਾਤਰਾ ਸਮੇਂ ਗੁਰੂ ਨਾਨਕ ਦੇਵ ਜੀ ਨੇ ਧਾਰਮਕ ਸਹਿਨਸ਼ੀਲਤਾ ਦੀ ਅਜਬ ਮਿਸਾਲ ਕਾਇਮ ਕੀਤੀ। ਭਾਈ ਗੁਰਦਾਸ ਅਨੁਸਾਰ ਗੁਰੂ ਨਾਨਕ ਦੇਵ ਦੇ ਮੁਲਤਾਨ ਪੁਜਣ ਤੇ ਉਥੋ ਦੇ ਧਰਮ ਆਗੂਆਂ (ਪੀਰਾਂ) ਵਿਚ ਹਫੜਾ ਦਫੜੀ ਪੈ ਗਈ ਅਤੇ ਉਹਨਾਂ ਪੀਰਾਂ ਨੇ ਬੁਝਾਰਤ ਪਾਉਂਦਿਆਂ ਦੁਧ ਦਾ ਛੰਨਾ ਅਗੇ ਰਖ ਦਿੱਤਾ ਜਿਸ ਤੋਂ ਮੁਰਾਦ ਸੀ ਕਿ ਮੁਲਤਾਨ ਪਹਿਲਾਂ ਹੀ ਪੀਰਾਂ ਨਾਲ ਪੁਰ ਹੈ। ਗੁਰੂ ਸਾਹਿਬ ਨੇ ਲਬਾਲਬ ਭਰੇ ਦੁਧ ਤੇ ਚਮੇਲੀ ਦਾ ਫੁਲ ਟਿਕਾ ਦਿੱਤਾ ਅਤੇ ਇਹ ਸਪਸ਼ਟ ਕੀਤਾ ਕਿ ਉਹ ਫੁਲ ਵਾਂਗੂ ਟਿਕਣਗੇ, ਕਿਸੇ ਨੂੰ ਠੇਸ ਨਹੀਂ ਪਹੁੰਚਾਉਣਗੇ ਜਾਂ ਸਮੁੰਦਰ ਵਿਚ ਗੰਗਾ ਦੀ ਤਰ੍ਹਾਂ ਸਮਾਉਣਗੇ:-

ਮੇਲਿਓ ਬਾਬਾ ਉਠਿਆ ਮੁਲਤਾਨੇ ਦੀ ਜਾਰਤਿ ਜਾਈ।
ਅਗੋ ਪੀਰ ਮੁਲਤਾਨ ਦੇ ਦੁਧਿ ਕਟੋਰਾ ਭਰਿ ਲੈ ਆਈ।
ਬਾਬੈ ਕਢਿ ਕਰਿ ਬਗਲ ਤੇ ਚੰਬੇਲੀ ਦੁਧ ਵਿਚਿ ਮਿਲਾਈ।
ਜਿਓ ਸਾਗਰ ਵਿਚ ਗੰਗ ਸਮਾਈ।[2]

ਰਾਜ ਤੇ ਧਰਮ ਦੇ ਆਗੂਆਂ ਦੁਆਰਾ ਪ੍ਰਯੋਜਿਤ ਧਾਰਮਕ ਕੱਟੜਤਾ ਤੇ ਸੰਪ੍ਰਦਾਇਕਤਾ ਤੋਂ ਭਾਰਤੀ ਸਮਾਜ ਨੂੰ ਮੁਕਤ ਕਰਾਉਣਾ ਗੁਰੂ ਨਾਨਕ ਪਾਤਸ਼ਾਹ ਦਾ ਇਕ ਜੀਵਨ ਉਦੇਸ਼ ਸੀ। ਭਾਈ ਗੁਰਦਾਸ ਜੀ ਦਾ ਕਥਨ ਹੈ ਕਿ ਧਰਮ ਦੀ ਪੁਕਾਰ ਸੁਣ ਕੇ ਪਰਮਾਤਮਾ ਨੇ ਗੁਰੂ ਨਾਨਕ ਦੇਵ ਨੂੰ ਜਗਤ ਵਿਚ ਭੇਜਿਆ ਅਤੇ ਗੁਰੂ ਨਾਨਕ ਨੇ ਭਰਮਾਂ; ਵਹਿਮਾਂ ਤੇ ਸੰਪ੍ਰਦਾਇਕਤਾ ਤੋਂ ਮੁਕਤ ਕਰਕੇ ਏਕਤਾ ਤੇ ਬਰਾਬਰੀ ਦਾ ਪਾਠ ਪੜਾਇਆ:-

---

1- ਵਾਰਾਂ ਭਾਈ ਗੁਰਦਾਸ, ਪੰਨਾ 29

2- ਓਹੀ, ਪੰਨਾ 38

ਸੁਣੀ ਪੁਕਾਰ ਦਾਤਾਰ ਪ੍ਰਭੁ ਗੁਰ ਨਾਨਕ ਜਗ ਮਾਹਿ ਪਠਾਇਆ।
ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤ ਸਿਖਾਂ ਪੀਲਾਇਆ।
ਪਾਰਬ੍ਰਹਮ ਪੂਰਨ ਬ੍ਰਹਮ ਕਲਿਜੁਗ ਅੰਦਰਿ ਇਕ ਦਿਖਾਇਆ।
ਚਾਰੇ ਪੈਰ ਧਰਮ ਦੇ ਚਾਰ ਵਰਨ ਇਕ ਵਰਨ ਕਰਾਇਆ।
ਰਾਣਾ ਰੰਕ ਬਰਾਬਰੀ ਪੈਰੀ ਪਵਣਾ ਜਗਿ ਵਰਤਾਇਆ।
ਉਲਟਾ ਖੇਲ ਪਿਰੰਮ ਦਾ ਪੈਰਾ ਉਪਰਿ ਸੀਸੁ ਨਿਵਾਇਆ।
ਕਲਿਜੁਗ ਬਾਬੇ ਤਾਰਿਆ ਸਤਿਨਾਮੁ ਪੜਿ ਮੰਤ੍ਰ ਸੁਣਾਇਆ।
ਕਲਿ ਤਾਰਣਿ ਗੁਰੂ ਨਾਨਕ ਆਇਆ।[1]

ਗੁਰੂ ਨਾਨਕ ਦੇਵ ਜੀ ਦੀ ਜਗਤ ਫੇਰੀਆਂ ਨਾਲ ਸਮਾਜ ਵਿਚ ਭਾਰੀ ਬਦਲਾਵ ਆਇਆ ਤੇ ਸਮਾਜ ਦੇ ਵਖ ਵਖ ਵਰਗਾਂ ਵਿਚਲੀ ਤਲਖੀ ਕਾਫੀ ਹੱਦ ਤੱਕ ਖ਼ਤਮ ਹੋਈ। ਲੋਕਾਂ ਨੂੰ ਗੁਰੂ ਨਾਨਕ ਦੇਵ ਨੂੰ ਸਾਂਝੇ ਰੂਪ ਵਿਚ ਆਪਣੀ ਗੁਰੂ ਪੀਰ ਮੰਨਿਆ ਅਤੇ ਉਸ ਅਗੇ ਆਪਣਾ ਸੀਸ ਝੁਕਾਇਆ। ਭਾਈ ਗੁਰਦਾਸ ਜੀ ਇਸ ਦੀ ਪ੍ਰੋੜ੍ਹਤਾ ਕਰਦੇ ਹਨ:-

ੳ) ਭਇਆ ਅਨੰਦ ਜਗਤੁ ਵਿਚਿ ਕਲਿ ਤਾਰਨ ਗੁਰ ਨਾਨਕ ਆਇਆ।
ਹਿੰਦੂ ਮੁਸਲਮਾਨ ਨਿਵਾਇਆ।[2]

ਅ) ਘਰਿ ਘਰਿ ਬਾਬਾ ਪੂਜੀਐ ਹਿੰਦੂ ਮੁਸਲਮਾਨ ਗੁਆਈ।
ਛਪੇ ਨਹਿ ਛਪਾਇਆ ਚੜਿਆ ਸੂਰਜ ਜਗ ਰੁਸ਼ਨਾਈ।[3]

---

1- ਵਾਰਾਂ ਭਾਈ ਗੁਰਦਾਸ, ਪੰਨਾ 19

2- ਓਹੀ, ਪੰਨਾ 33

3- ਓਹੀ, ਪੰਨਾ 30

## ਗੁਰੂ ਪਰੰਪਰਾ ਵਿਚ ਰਾਜਸੀ ਚਿਹਨ ਅਤੇ ਰਾਜਸੀ ਗੁਣ:

ਗੁਰੂ ਪਰੰਪਰਾ ਨਾਲ ਜੁੜਦੇ ਜਾ ਰਹੇ ਵਿਕਲਪਿਕ ਰਾਜ ਦੀ ਕਲਪਨਾ ਦਾ ਪ੍ਰਤਖ ਪ੍ਰਮਾਣ ਗੁਰੂ ਦਰਬਾਰ ਵਿਚ ਮੌਜੂਦ ਰਾਜਸੀ ਚਿਹਨਾਂ ਅਤੇ ਗੁਰੂ ਵਿਅਕਤੀ ਨਾਲ ਸਬੰਧਤ ਰਾਜਸੀ ਸੰਕਲਪ ਹਨ। ਭਾਈ ਗੁਰਦਾਸ ਦੀਆਂ ਵਾਰਾਂ ਵਿਚ ਗੁਰੂ ਦਰਬਾਰ ਵਿਚ ਮੌਜੂਦ ਰਾਜਸੀ ਚਿਹਨਾਂ ਅਤੇ ਗੁਰੂ ਦੇ ਵਿਅਕਤਿਤਵ ਵਿਚ ਸਮਲਿਤ ਰਾਜਸੀ ਗੁਣਾਂ ਦਾ ਵਰਣਨ ਬੜੇ ਵਿਸਤਾਰ ਨਾਲ ਕੀਤਾ ਗਿਆ ਹੈ। ਗੁਰੂ ਦਰਬਾਰ ਵਿਚ ਰਾਜ ਦੇ ਚਿਹਨ-ਤਖ਼ਤ, ਛਤ੍ਰ, ਦੋਹੀ, ਸਿਕਾ ਅਤੇ ਟਿਕਾ ਇਤਿਆਦਿ ਦਾ ਜ਼ਿਕਰ ਭਾਈ ਗੁਰਦਾਸ ਦੀ ਬਾਣੀ ਵਿਚੋਂ ਸਹਿਜੇ ਹੀ ਲਭ ਪੈਂਦਾ ਹੈ:-

ੳ) ਸੋ ਟਿਕਾ ਸੋ ਛਤ੍ਰ ਸਿਰਿ ਸੋਈ ਸਚਾ ਤਖਤ ਟਿਕਾਈ।
ਗੁਰੂ ਨਾਨਕ ਹੰਦੀ ਮੁਹਰ ਹਥਿ ਗੁਰ ਅੰਗਦ ਦੀ ਦੋਹੀ ਫਿਰਾਈ।[1]

ਅ) ਪਾਤਿਸ਼ਾਹੀ ਇਕ ਛਤ ਖਰੀ ਸਖਾਲੀਐ।[2]

ੲ) ਮਾਰਿਆ ਸਿਕਾ ਜਗਤ੍ਰਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ।
ਥਾਪਿਆ ਲਹਿਣਾ ਜੀਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ।[3]

ਸ) ਇਕ ਛਤਿ ਰਾਜ ਕਮਾਵਦਾ ਦੁਸਮਨੁ ਦੂਤੁ ਨ ਸੋਰ ਸਰਾਬਾ।[4]

ਹ) ਸੋ ਟਿਕਾ ਸੋ ਬੈਹਣਾ ਸੋਈ ਸਚਾ ਹੁਕਮੁ ਚਲਾਇਆ।[5]

ਕ) ਕਾਇਮ ਦਾਇਮ ਸਾਹਿਬੀ ਹਾਜਰੁ ਨਾਜਰੁ ਵੇਦ ਕਿਤਾਬ।[6]

---

1- ਵਾਰਾਂ ਭਾਈ ਗੁਰਦਾਸ, ਪੰਨਾ 40

2- ਓਹੀ, ਪੰਨਾ 64

3- ਓਹੀ, ਪੰਨਾ 39

4- ਓਹੀ, ਪੰਨਾ 390

5- ਓਹੀ, ਪੰਨਾ 397

6- ਓਹੀ, ਪੰਨਾ 390

ਖ) ਸਚ ਨੀਸਾਣੁ ਦੀਬਾਣੁ ਸਚੁ ਸਚੁ ਤਾਣੁ ਸਚੁ ਮਾਣੁ ਮਹਤਾ।[1]

ਗੁਰੂ ਦੇ ਵਿਅਕਤਿਤਵ ਵਿਚ ਸਮਲਿਤ ਰਾਜਸੀ ਗੁਣਾਂ ਅਤੇ ਗੁਰੂ ਵਿਅਕਤੀ ਨਾਲ ਸਬੰਧਤ ਰਾਜਸੀ ਸੰਕਲਪਾਂ ਦਾ ਵਰਣਨ ਵੀ ਭਾਈ ਗੁਰਦਾਸ ਜੀ ਨੇ ਆਪਣੀਆਂ ਰਚਨਾਵਾਂ ਵਿਚ ਕੀਤਾ ਹੈ। ਗੁਰੂ ਦਲਭੰਜਨ, ਸੂਰਮਾ, ਜੋਧਾ, ਬੇਪਰਵਾਹ ਤੇ ਬੇਮੁਹਤਾਜ ਹੈ:

ੳ) ਦਲਭੰਜਨ ਗੁਰ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।[2]

ਅ) ਸਤਿਗੁਰ ਸਚਾ ਪਾਤਿਸਾਹੁ ਬੇਪਰਵਾਹ ਅਥਾਹੁ ਸਹਾਬਾ।
ਨਾਉਂ ਗਰੀਬ ਨਿਵਾਜ ਹੈ ਬੇਮੁਹਤਾਜ ਨ ਮੋਹ ਮੁਹਾਬਾ।[3]

ਭਾਈ ਗੁਰਦਾਸ ਜੀ ਨੇ ਗੁਰੂ ਸਾਹਿਬਾਨ ਦੇ ਆਗਮਨ ਅਤੇ ਉਹਨਾਂ ਦੇ ਪ੍ਰਭਾਵ ਦਾ ਵਰਣਨ ਕਰਦਿਆਂ ਇਕ ਸੰਘਰਸ਼ ਤੇ ਲੜਾਈ ਦਾ ਬਿੰਬ ਵਰਤਿਆ ਹੈ। ਉਹਨਾਂ ਅਨੁਸਾਰ ਗੁਰੂ ਸ਼ੇਰ ਦੀ ਤਰ੍ਹਾਂ ਭਬਕਦਾ ਹੈ ਅਤੇ ਸਾਰੀ ਮਿਰਗਾਵਲੀ ਭਜ ਪੈਂਦੀ ਹੈ:

ੳ) ਸਿੰਘ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰ ਧਰੋਆ।[4]

ਅ) ਬੁਕਿਆ ਸਿੰਘ ਉਜਾੜ ਵਿਚਿ ਸਭਿ ਮਿਰਗਾਵਲਿ ਭੰਨੀ ਜਾਈ।[5]

ੲ) ਦੇਵੀ ਦੇਵ ਦੁੜਾਇਅਨ ਜਿਉ ਮਿਰਗਾਵਲਿ ਦੇਖ ਬਘੇਲਾ।[6]

ਭਾਈ ਗੁਰਦਾਸ ਜੀ ਅਨੁਸਾਰ ਗੁਰੂ ਪਰੰਪਰਾ ਨਾਲ 'ਹੁਕਮ' ਦਾ ਸੰਕਲਪ ਜੁੜਿਆ ਹੋਇਆ ਹੈ। ਗੁਰੂ ਦਾ ਹੁਕਮ ਉਸਦੀ ਪ੍ਰਜਾ ਲਈ ਸਚ ਹੈ ਅਤੇ ਉਸ ਨੂੰ ਮੰਨਣਾ ਅਤਿ

---

1- ਵਾਰਾਂ ਭਾਈ ਗੁਰਦਾਸ, ਪੰਨਾ 402

2- ਓਹੀ, ਪੰਨਾ 42

3- ਓਹੀ, ਪੰਨਾ 390

4- ਓਹੀ, ਪੰਨਾ 23

5- ਓਹੀ, ਪੰਨਾ 30

6- ਓਹੀ, ਪੰਨਾ 396

ਆਵਸ਼ਕ ਹੈ। ਗੁਰੂ ਦਾ ਹੁਕਮ ਸਰਵੋਚ ਕਾਨੂੰਨ ਹੈ। ਉਸਦੀ ਅਵਹੇਲਨਾ ਕੋਈ ਨਹੀਂ ਕਰ ਸਕਦਾ। ਹੇਠਲੀਆਂ ਸਤਰਾਂ ਗੁਰੂ ਸਾਹਿਬ ਦੇ ਹੁਕਮ ਦੀ ਮਹੱਤਤਾ ਦਰਸਾਂਦੀਆਂ ਹਨ:-

ੳ) ਹੁਕਮੈ ਅੰਦਰਿ ਸਭ ਕੋ ਕੁਦਰਤਿ ਕਿਸ ਦੀ ਕਰੈ ਜਵਾਬਾ।[1]

ਅ) ਸੋ ਟਿਕਾ ਸੋ ਬੈਹਣਾ ਸੋਈ ਸਚਾ ਹੁਕਮ ਚਲਾਇਆ।[2]

ੲ) ਹੁਕਮ ਰਜਾਈ ਚਲਣਾ ਪਿਛੈ ਲਗੈ ਨਕਿ ਨਕੇਲਾ।[3]

ਗੁਰੂ ਪਰੰਪਰਾ ਵਿਚ 'ਨਿਆਂ' ਕਰਨਾ ਵੀ ਗੁਰੂ ਦੇ ਕਾਰਜ ਖੇਤਰ ਵਿਚ ਸ਼ਾਮਲ ਹੈ। ਗੁਰੂ ਨਿਆਂਸ਼ੀਲ ਹਨ ਅਤੇ ਪੂਰਾ ਨਿਆਂ ਕਰਦੇ ਹਨ। ਗੁਰੂ ਦੇ ਸੱਚੇ ਰਾਜ ਵਿਚ ਕਿਸੇ ਨਾਲ ਜ਼ੁਲਮ ਨਹੀਂ ਹੁੰਦਾ। ਭਾਈ ਗੁਰਦਾਸ ਜੀ ਕਹਿੰਦੇ ਹਨ:

ਆਦਲੁ ਅਦਲੁ ਚਲਾਇਦਾ ਜਾਲਮੁ ਜੁਲਮੁ ਨ ਜੋਰ ਜਰਾਬਾ।[4]

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਮਗਰੋਂ ਜਦੋਂ ਗੁਰੂ ਹਰਗੋਬਿੰਦ ਜੀ ਨੇ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਧਾਰਣ ਕਰ ਲਈਆਂ ਅਤੇ ਹੋਰ ਬਹੁਤ ਸਾਰੇ ਰਾਜਸੀ ਚਿਹਨਾਂ ਨੂੰ ਅਪਣਾ ਲਿਆ ਤਾਂ ਕੁਝ ਸਿੱਖਾਂ ਦੇ ਮਨਾਂ ਵਿਚ ਤਰ੍ਹਾਂ ਤਰ੍ਹਾਂ ਦੇ ਸ਼ੰਕੇ ਉਤਪੰਨ ਹੋ ਗਏ। ਭਾਈ ਗੁਰਦਾਸ ਜੀ ਨੇ ਆਪਣੀ ਬਾਣੀ ਵਿਚ ਇਹਨਾਂ ਸ਼ੰਕਿਆਂ ਦਾ ਨਿਵਾਰਣ ਕਰਦਿਆਂ ਗੁਰੂ ਪਰੰਪਰਾ ਨਾਲ ਜੁੜ ਰਹੇ ਰਾਜ ਦੇ ਚਿਹਨਾਂ ਤੇ ਗੁਣਾਂ ਦਾ ਜ਼ਿਕਰ ਕੀਤਾ ਹੈ:-

ਧਰਮਸਾਲ ਕਰਿ ਬਹੀਦਾ ਇਕਤ ਥਾਉਂ ਨ ਟਿਕੈ ਟਿਕਾਇਆ।

ਪਾਤਿਸਾਹ ਘਰਿ ਆਵਦੇ ਗੜਿ ਚੜਿਆ ਪਾਤਿਸ਼ਾਹ ਚੜਾਇਆ।

---

1- ਵਾਰਾਂ ਭਾਈ ਗੁਰਦਾਸ, ਪੰਨਾ 391

2- ਓਹੀ, ਪੰਨਾ 397

3- ਓਹੀ, ਪੰਨਾ 396

4- ਓਹੀ, ਪੰਨਾ 390

ਓਮਤਿ ਮਹਲੁ ਨ ਪਾਵਦੀ ਨਠਾ ਫਿਰੈ ਨ ਡਰੈ ਡਰਾਇਆ।
ਮੰਜੀ ਬਹਿ ਸੰਤੋਖਦਾ ਕੁਤੇ ਰਖਿ ਸਿਕਾਰੁ ਖਿਲਾਇਆ।
ਬਾਣੀ ਕਰਿ ਸੁਣਿ ਗਾਂਵਦਾ ਕਥੈ ਨ ਸੁਣੈ ਨ ਗਾਵਿ ਸੁਣਾਇਆ।
ਸੇਵਕ ਪਾਸ ਨ ਰਖੀਅਨਿ ਦੋਖੀ ਦੁਸਟ ਆਗੂ ਮੁਹਿ ਲਾਇਆ।
ਸਚੁ ਨ ਲੁਕੈ ਲੁਕਾਇਆ ਚਰਣ ਕਵਲ ਸਿਖ ਭਵਰ ਲੁਭਾਇਆ।
ਅਜਰ ਜਰੈ ਨ ਆਪੁ ਜਣਾਇਆ।[1]

ਇਸ ਪ੍ਰਕਾਰ ਗੁਰੂ ਪਰੰਪਰਾ ਨਾਲ ਬੜੇ ਮਹੱਤਵਸ਼ਾਲੀ ਰਾਜ ਦੇ ਚਿਹਨ ਅਤੇ ਸੰਕਲਪ ਜੁੜੇ ਹੋਏ ਸਨ ਜਿਹਨਾਂ ਦਾ ਜ਼ਿਕਰ ਭਾਈ ਗੁਰਦਾਸ ਜੀ ਬਾਣੀ ਵਿਚ ਰਾਜਨੀਤਕ ਸ਼ਬਦਾਵਲੀ ਦੀ ਵਰਤੋਂ ਨਾਲ ਕੀਤਾ ਗਿਆ ਹੈ।

## ਸੱਚੇ ਪਾਤਸ਼ਾਹ ਦਾ ਸੰਕਲਪ

ਭਾਈ ਗੁਰਦਾਸ ਜੀ ਨੇ ਗੁਰੂ ਪਰੰਪਰਾ ਨਾਲ 'ਸੱਚੇ ਪਾਤਸ਼ਾਹ' ਦੇ ਸੰਕਲਪ ਨੂੰ ਜੋੜਿਆ ਹੈ ਅਤੇ ਆਪਣੀਆਂ ਵਾਰਾਂ ਵਿਚ ਨਿਸੰਗ ਹੋ ਕੇ ਗੁਰੂਆਂ ਨੂੰ ਸੱਚਾ ਪਾਤਸ਼ਾਹ ਕਹਿ ਕੇ ਪੁਕਾਰਿਆ ਹੈ। ਗੁਰੂਆਂ ਵਿਚ ਵਿਦਮਾਨ ਪਾਤਸ਼ਾਹੀ ਗੁਣਾਂ ਅਤੇ ਗੁਰੂ ਦਰਬਾਰ ਵਿਚ ਮੌਜੂਦ ਪਾਤਸ਼ਾਹੀ ਚਿਹਨਾਂ ਦਾ ਜ਼ਿਕਰ ਭਾਈ ਸਾਹਿਬ ਦੀਆਂ ਰਚਨਾਵਾਂ ਵਿਚ ਸਹਿਜੇ ਹੀ ਭਾਲਿਆ ਜਾ ਸਕਦਾ ਹੈ।

ਗੁਰੂ ਨਾਨਕ ਦੇਵ ਜੀ ਦੀ ਉਸਤਤਿ ਕਰਦਿਆਂ ਭਾਈ ਗੁਰਦਾਸ ਜੀ ਦਸਦੇ ਹਨ ਕਿ ਜਗਤ ਗੁਰੂ ਬਾਬਾ ਨਾਨਕ ਸੱਚਾ ਪਾਤਸ਼ਾਹ ਹੈ। ਉਹ ਬੇਪਰਵਾਹ ਤੇ ਅਥਾਹ ਸਾਹਿਬੀ ਵਾਲਾ ਹੈ। ਗਰੀਬ ਨਿਵਾਜ਼ ਹੈ, ਕਿਸੇ ਦਾ ਮੁਥਾਜ ਨਹੀਂ। ਬੇਅੰਤ ਨਿਰੰਕਾਰ ਨੂੰ ਸਿਞਾਣਦਾ ਹੈ। ਉਸਦੀ ਸਾਹਿਬੀ ਸਦਾ ਰਹਿਣ ਵਾਲੀ ਤੇ ਪੱਕੀ ਹੈ। ਉਹ ਅਗੰਮ, ਅਡੋਲ ਤੇ ਅਤੋਲ ਹੈ।

---

1- ਵਾਰਾਂ ਭਾਈ ਗੁਰਦਾਸ, ਪੰਨਾ 437

ਉਹ ਇਕ ਛਤ੍ਰ ਰਾਜ ਕਰਦਾ ਹੈ ਜਿਸ ਵਿਚ ਕੋਈ ਵੈਰ ਨਹੀਂ ਹੈ ਤੇ ਨਾਂ ਹੀ ਉਸਦੇ ਰਾਜ ਵਿਚ ਪ੍ਰਜਾ ਨੂੰ ਦੁਖ ਦੇਣ ਵਾਲਾ ਸ਼ੋਰ ਸ਼ਰਾਬਾ ਹੈ। ਗੁਰੂ ਦੇ ਰਾਜ ਵਿਚ ਪੂਰਨ ਨਿਆਂ ਹੈ; ਜ਼ੁਲਮ ਜਾਂ ਜ਼ੋਰ ਜਬਰਦਸਤੀ ਬਿਲਕੁਲ ਨਹੀਂ ਹੈ।

ਸਤਿਗੁਰ ਸਚਾ ਪਾਤਿਸਾਹੁ ਬੇਪਰਵਾਹੁ ਅਥਾਹੁ ਸਹਾਬਾ।
ਨਾਉ ਗਰੀਬ ਨਿਵਾਜੁ ਹੈ ਬੇਮੁਹਤਾਜ ਨ ਮੋਹ ਮੁਹਾਬਾ।
ਬੇਸੁਮਾਰ ਨਿਰੰਕਾਰ ਹੈ ਅਲਖ ਅਪਾਰੁ ਅਲਾਹ ਸਿਞਾਬਾ।
ਕਾਇਮ ਦਾਇਮ ਸਾਹਿਬੀ ਹਾਜਰੁ ਨਾਜਰੁ ਵੇਦ ਕਿਤਾਬਾ।
ਅਗਮੁ ਅਡੋਲੁ ਅਤੋਲੁ ਹੈ ਤੋਲਣਹਾਰੁ ਨ ਡੰਡੀ ਛਾਬਾ।
ਇਕੁ ਛਤਿ ਰਾਜੁ ਕਮਾਂਵਦਾ ਦੁਸਮਣ ਦੂਤ ਨ ਸ਼ੋਰ ਸ਼ਰਾਬਾ।
ਜਾਹਰ ਪੀਰ ਜਗਤੁ ਗੁਰੂ ਬਾਬਾ।[1]

ਸਤਿਗੁਰੂ ਸੱਚਾ ਪਾਤਸ਼ਾਹ ਤਾਂ ਹੈ ਹੀ ਨਾਲ ਹੀ ਉਸਦੀ ਪਾਤਸ਼ਾਹੀ ਨਾਲ ਸਬੰਧਤ ਹਰ ਸੰਕਲਪ ਤੇ ਹਰ ਵਸਤੂ ਵੀ ਸੱਚ ਹੈ। ਭਾਈ ਗੁਰਦਾਸ ਅਨੁਸਾਰ ਸਤਿਗੁਰੂ ਦਾ ਤਖਤ ਸੱਚਾ ਹੈ, ਟਕਸਾਲ ਸੱਚੀ ਹੈ, ਰਾਜ ਅਟਲ ਤੇ ਸੱਚਾ ਹੈ। ਉਸਦਾ ਹੁਕਮ ਸੱਚਾ ਹੈ। ਸਤਿਗੁਰੂ ਦੀ ਸਿਫਤ ਸੱਚੀ ਹੈ, ਸਤਿਗੁਰੂ ਦੀ ਉਮਤ ਅਰਥਾਤ ਗੁਰਮੁਖ ਪੰਥ ਸੱਚਾ ਹੈ ਅਤੇ ਸਤਿਗੁਰੂ ਦੁਆਰਾ ਦਿੱਤਾ ਉਪਦੇਸ਼ ਵੀ ਸੱਚਾ ਹੈ:-

ਸਤਿਗੁਰ ਸਚਾ ਪਾਤਿਸਾਹੁ ਸਾਧ ਸੰਗਤਿ ਸਚੁ ਤਖਤੁ ਸੁਹੇਲਾ।
ਸਚ ਸਬਦੁ ਟਕਸਾਲ ਸਚੁ ਅਸਟਧਾਤੁ ਇਕ ਪਾਰਸੁ ਮੇਲਾ।
ਸਚਾ ਅਬਿਚਲੁ ਰਾਜ ਹੈ ਸਚੁ ਮਹਲੁ ਨਵਰਾਂਣਿ ਨਵੇਲਾ।
ਸਚਾ ਹੁਕਮੁ ਵਰਤਦਾ ਸਚਾ ਅਮਰੁ ਸਚੈ ਰਸ ਕੇਲਾ।

---

1- ਵਾਰਾਂ ਭਾਈ ਗੁਰਦਾਸ, ਪੰਨਾ 390

ਸਚੀ ਸਿਫਤਿ ਸਲਾਹ ਸਚੁ ਸਚੁ ਸਲਾਹੁਣ ਅੰਮ੍ਰਿਤ ਵੇਲਾ।

ਸਚਾ ਗੁਰਮੁਖਿ ਪੰਥੁ ਹੈ ਸੁਚੁ ਉਪਦੇਸੁ ਨ ਗਰਬਿ ਗਹੇਲਾ।[1]

ਆਪਣੀ ਇਕ ਹੋਰ ਰਚਨਾ ਵਿਚ ਭਾਈ ਗੁਰਦਾਸ ਗੁਰੂ ਪਰੰਪਰਾ ਵਿਚ ਜੁੜ ਰਹੇ ਸੱਚੇ ਪਾਤਸ਼ਾਹ ਦੇ ਸੰਕਲਪ ਦਾ ਵਰਣਨ ਬੜੇ ਸੁਹਣੇ ਢੰਗ ਨਾਲ ਕਰਦੇ ਹਨ:-

ਸਤਿਗੁਰ ਸਚਾ ਪਾਤਿਸਾਹੁ ਪਾਤਿਸਾਹਾ ਪਾਤਿਸਾਹੁ ਸਿਰੰਦਾ।

ਸਚੈ ਤਖਤਿ ਨਿਵਾਸੁ ਹੈ ਸਾਧ ਸੰਗਤਿ ਸਚ ਖੰਡਿ ਵਸੰਦਾ।

ਸਚ ਫੁਰਮਾਣ ਨੀਸਾਣ ਸਚ ਸਚਾ ਹੁਕਮ ਨ ਮੂਲਿ ਫਿਰੰਦਾ।

ਸਚ ਸਬਦ ਟਕਸਾਲ ਸਚ ਗੁਰ ਤੇ ਗੁਰ ਹੁਇ ਸਬਦ ਮਿਲੰਦਾ।

ਸਚੀ ਭਗਤਿ ਭੰਡਾਰ ਸਚੁ ਰਾਗ ਰਤਨ ਕੀਰਤਨੁ ਭਵੰਦਾ।

ਗੁਰਮੁਖਿ ਸਚਾ ਪੰਥੁ ਹੈ ਸਚ ਟੋਹੀ ਸਚੁ ਰਾਜੁ ਕਰੰਦਾ।

ਵੀਹ ਇਕੀਹ ਚੜਾਉ ਚੜੰਦਾ।[2]

ਸੱਚੇ ਪਾਤਸ਼ਾਹ ਦੇ ਰੂਪ ਵਿਚ ਗੁਰੂ ਸਾਹਿਬਾਨ ਦੀ ਹੋਰ ਉਸਤਤਿ ਕਰਦਿਆਂ ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਸਤਿਗੁਰ ਸਚਾ ਪਾਤਸ਼ਾਹ, ਪਾਤਸ਼ਾਹਾਂ ਦਾ ਪਾਤਸ਼ਾਹ ਹੈ, ਉਸ ਨੂੰ ਨਮਸਕਾਰ ਹੈ। ਸਤਿਗੁਰੂ ਆਪਣੀ ਸਾਧ ਸੰਗਤ ਦੇ ਸਚਖੰਡ ਵਿਚ ਆ ਕੇ ਆਪਣੀ ਰਸਨਾ ਨਾਲ ਉਪਦੇਸ਼ ਕਰਦੇ ਹਨ। ਉਸਦੇ ਦਰਬਾਰ ਵਿਚ ਅੰਮ੍ਰਿਤ ਦੀ ਕਿਰਣ ਇਕ ਰਸ ਝਰਦੀ ਹੈ ਤੇ ਅਨਹਦ ਸਬਦ ਵਜਦਾ ਹੈ। ਗੁਰੂ ਪਾਤਸ਼ਾਹ ਦੀ ਮਜਲਸ ਵਿਚ ਪਿਰੀ ਦਾ ਪਿਆਲਾ ਪੀਵਣਾ ਖਰਾ ਔਖਾ ਹੈ। ਜਿਸ ਨੂੰ ਗੁਰੂ ਸਾਕੀ ਹੋ ਕੇ ਦਿੰਦੇ ਹਨ, ਉਸ ਪਿਆਲੇ ਦੀ ਜੂਠ ਵਿਚ ਖਰੀ ਮਸਤੀ ਹੈ:

---

1- ਵਾਰਾਂ ਭਾਈ ਗੁਰਦਾਸ, ਪੰਨਾ 315

2- ਓਹੀ, ਪੰਨਾ 421

ਸਤਿਗੁਰੁ ਸਚਾ ਪਾਤਿਸਾਹੁ ਪਾਤਿਸਾਹਾਂ ਪਾਤਿਸਾਹ ਜੁਹਾਰੀ।
ਸਾਧੁ ਸੰਗਤਿ ਸਚਿ ਖੰਡਿ ਹੈ ਆਇ ਝਰੋਖੇ ਖੋਲੈ ਬਾਰੀ।
ਅਮਿਉ ਕਿਰਣਿ ਨਿਝਰ ਝਰੈ ਅਨਹਦ ਨਾਦ ਵਾਇਨ ਦਰਬਾਰੀ।
ਪਾਤਿਸਾਹਾ ਦੀ ਮਜਲਸੈ ਪਿਰਮ ਪਿਆਲਾ ਪੀਵਣ ਭਾਰੀ।
ਸਾਕੀ ਹੋਇ ਪੀਲਾਵਣਾ ਉਲਸ ਪਿਆਲੇ ਖਰੀ ਖੁਮਾਰੀ।[1]

ਇਸ ਤਰ੍ਹਾਂ ਭਾਈ ਗੁਰਦਾਸ ਜੀ ਸਚੇ ਪਾਤਸ਼ਾਹ ਦੇ ਗੁਣਾਂ ਦਾ ਬਖਾਨ ਕੀਤਾ ਹੈ। ਪਰ ਜਿਥੇ ਸਚੇ ਪਾਤਸ਼ਾਹ ਦੀਆਂ ਸਿਫਤਾਂ ਕੀਤੀਆਂ ਹਨ ਉਥੇ ਦੁਨਿਆਵੀ ਰਾਜਿਆਂ ਅਤੇ ਉਹਨਾਂ ਦੇ ਪੈਰੋਕਾਰਾਂ ਦੀ ਭਰਪੂਰ ਵਿਰੋਧਤਾ ਕੀਤੀ ਹੈ। ਸਤਿਗੁਰੂ ਪਾਤਸ਼ਾਹ ਦੀ ਸਰਵੋਚਤਾ ਸਥਾਪਤ ਕਰਦਿਆਂ, ਭਾਈ ਗੁਰਦਾਸ ਜੀ ਦੇ ਦੁਨਿਆਵੀ ਰਾਜਿਆਂ ਦੇ ਰਾਜ ਕਰਨ ਦੇ ਅਧਿਕਾਰ ਨੂੰ ਚਨੌਤੀ ਦਿੱਤੀ ਹੈ ਅਤੇ ਸਪਸ਼ਟ ਕੀਤਾ ਹੈ ਕਿ ਸਤਿਗੁਰੂ ਹੀ ਸੱਚਾ ਪਾਤਸ਼ਾਹ ਹੈ ਅਤੇ ਦੁਨਿਆਵੀ ਬਾਦਸ਼ਾਹ ਤਾਂ ਝੂਠੇ ਹਨ:-

ਸਤਿਗੁਰੁ ਸਚਾ ਪਾਤਿਸਾਹੁ ਕੂੜੇ ਬਾਦਿਸਾਹ ਦੁਨੀਆਵੇ।[2]

ਭਾਈ ਗੁਰਦਾਸ ਅਨੁਸਾਰ ਅਨਿਆਈ ਵਤੀਰੇ ਕਾਰਣ ਦੁਨਿਆਵੀ ਰਾਜਿਆਂ ਦਾ ਅੰਤ ਬੁਰਾ ਹਾਲ ਹੁੰਦਾ ਹੈ। ਝੂਠੇ ਦਾਵੇ ਬੰਨਣ ਵਾਲੇ ਇਹਨਾਂ ਰਾਜਿਆਂ ਦੇ ਸਿਰ ਬਾਲਣ ਦੀ ਥਾਂ ਜਾਲੇ ਜਾਂਦੇ ਹਨ:-

ਸਿਰ ਪਾਤਿਸਾਹਾ ਲਾਖ ਲਖ ਇਨਿ੍ਹ ਜਾਲਿ ਤਵੇ ਨੋ ਤਾਵੈ।
ਮਰਦੇ ਖਹਿ ਖਹਿ ਦੁਨੀਆਂ ਦਾਵੈ।[3]

---

1- ਵਾਰ ਭਾਈ ਗੁਰਦਾਸ, ਪੰਨਾ 183

2- ਓਹੀ, ਪੰਨਾ 254

3- ਓਹੀ, ਪੰਨਾ 417

ਦੁਨਿਆਵੀ ਬਾਦਸ਼ਾਹਾਂ ਦੇ ਪੈਰੋਕਾਰਾਂ ਨੂੰ ਤਾੜਨਾ ਕਰਦਿਆਂ ਭਾਈ ਗੁਰਦਾਸ ਜੀ ਫੁਰਮਾਉਂਦੇ ਹਨ ਕਿ ਸਤਿਗੁਰੂ ਨੂੰ ਛਡ ਕੇ ਦੁਨਿਆਵੀ ਬਾਦਸ਼ਾਹਾਂ ਦੀ ਚਾਕਰੀ ਕਰਨ ਵਾਲੇ ਮਨਮੁਖ ਹਨ ਅਤੇ ਸਤਿਗੁਰੂ ਤੋਂ ਵਿਛੜ ਕੇ ਉਹਨਾਂ ਨੂੰ ਜੂਨਾਂ ਵਿਚ ਭਟਕਣਾ ਪੈਂਦਾ ਹੈ:-

ਸਤਿਗੁਰ ਸਾਹਿਬ ਛਡਿਕੈ ਮਨਮੁਖ ਹੋਇ ਬੰਦੇ ਦਾ ਬੰਦਾ।
ਹੁਕਮੀ ਬੰਦਾ ਹੋਇਕੈ ਨਿਤ ਉਠਿ ਜਾਇ ਸਲਾਮੁ ਕਰੰਦਾ।
ਆਠ ਪਹਰ ਹਥ ਜੋੜਿ ਕੈ ਹੋਇ ਹਜੂਰੀ ਖੜਾ ਰਹੰਦਾ।
ਨੀਂਦ ਭੁਖ ਨ ਸੁਖ ਤਿਸੁ ਸੂਲੀ ਚੜਿਆ ਰਹੈ ਡਰੰਦਾ।
ਪਾਣੀ ਪਾਲਾ ਧੁਪ ਛਾਉ ਸਿਰ ਉਤੈ ਝਲਿ ਦੁਖ ਸਹੰਦਾ।
ਆਤਸ ਬਾਜੀ ਸਾਰੁ ਵੇਖਿ ਰਣ ਵਿਚਿ ਘਾਇਲ ਹੋਇ ਪਰੰਦਾ।
ਗੁਰ ਪੂਰੇ ਵਿਣੁ ਜੂਨਿ ਭਵੰਦਾ।[1]

ਭਾਈ ਗੁਰਦਾਸ ਜੀ ਦੇ ਕਥਨ ਮੁਤਾਬਕ ਦੁਨਿਆਵੀ ਬਾਦਸ਼ਾਹਾਂ ਦੇ ਲਸ਼ਕਰ ਵਿਚ ਸ਼ਾਮਲ ਸ਼ਹਜਾਦੇ, ਉਮਰਾਓ, ਪਿਆਦੇ, ਵੇਸਵਾਵਾਂ ਦੇ ਟੋਲੇ ਤੇ ਖਿਦਮਤਗਾਰ ਆਦਿਕ ਦਰਗਾਹ ਵਿਚ ਖੁਆਰ ਹੁੰਦੇ ਹਨ। ਪਰ ਜੋ ਗੁਰਮੁਖ ਗੁਰੂ ਦੀ ਕਿਰਪਾ ਵਿਚ ਵਿਚਰਦੇ ਹਨ, ਉਹਨਾਂ ਨੂੰ ਪਾਤਸ਼ਾਹਾਂ ਦੇ ਪਾਤਸ਼ਾਹ ਦਾ ਦਰਜਾ ਪ੍ਰਾਪਤ ਹੁੰਦਾ ਹੈ ਅਤੇ ਉਹ ਸਦਾ ਸੁਖੀ ਰਹਿੰਦੇ ਹਨ:-

ਲਸਕਰ ਅੰਦਰਿ ਲਾਡਲੇ ਪਾਤਿਸਾਹਾ ਜਾਏ ਸਾਹਜਾਦੇ।
ਪਾਤਸਾਹ ਅਗੈ ਚੜਨਿ ਪਿਛੈ ਸਭ ਉਮਰਾਉ ਪਿਆਦੇ।
ਬਣਿ ਬਣਿ ਆਵਨਿ ਤਾਇਫੇ ਓਇ ਸਾਹਜਾਦੇ ਸਾਦ ਮੁਰਾਦੇ।
ਖਿਦਮਤਿਗਾਰ ਵਡੀਰੀਅਨਿ ਦਰਗਹ ਹੋਨਿ ਖੁਆਰ ਕੁਵਾਦੇ।
ਅਗੈ ਢੋਈ ਸੇ ਲਹਨਿ ਸੇਵਾ ਅੰਦਰਿ ਕਾਰ ਕੁਸਾਦੇ।

---

1- ਵਾਰਾਂ ਭਾਈ ਗੁਰਦਾਸ, ਪੰਨਾ 256

ਪਾਤਿਸਾਹਾਂ ਪਾਤਿਸਾਹੁ ਸੋ ਗੁਰਮੁਖਿ ਵਰਤੈ ਗੁਰ ਪਰਸਾਦੇ।

ਸਾਹ ਸੁਹੇਲੇ ਆਦਿ ਜੁਗਾਦੇ।[1]

ਗੁਰੂ ਪਾਤਸ਼ਾਹ ਤੋਂ ਆਕੀ ਪ੍ਰਤੀ ਭਾਈ ਗੁਰਦਾਸ ਜੀ ਸਪਸ਼ਟ ਕਰਦੇ ਹਨ ਕਿ ਉਹ ਹਰਾਮਖ਼ੋਰ ਕਤਲ ਕੀਤਾ ਜਾਂਦਾ ਹੈ ਤੇ ਉਸ ਨੂੰ ਬਾਲਣ, ਖਫਣ, ਚਿਖਾ, ਕਬਰ, ਕੁਝ ਨਸੀਬ ਨਹੀਂ ਹੁੰਦਾ। ਉਸਦਾ ਹਾਲ ਟਕਸਾਲੋਂ ਬਾਹਰ ਘੜੇ ਖੋਟੇ ਪੈਸੇ ਵਰਗਾ ਹੁੰਦਾ ਹੈ। ਝੂਠੇ ਫੁਰਮਾਣ ਜਾਰੀ ਕਰਨ ਵਾਲਾ ਅੰਤ ਹੰਝੂ ਭਰ ਭਰ ਕੇ ਰੋਂਦਾ ਹੈ। ਗੁਰੂ ਪਾਤਸ਼ਾਹ ਤੋਂ ਆਕੀ ਦੀ ਸਾਹਿਬੀ ਉਸ ਗਿਦੜ ਵਰਗੀ ਹੈ ਜਿਹੜਾ ਲਲਾਰੀ ਦੇ ਮੱਟ ਵਿਚ ਰੰਗੇ ਜਾਣ ਤੇ ਆਪਣੇ ਆਪ ਨੂੰ ਜੰਗਲ ਦਾ ਬਾਦਸ਼ਾਹ ਮੰਨ ਬੈਠਾ ਸੀ ਪਰ ਉਸ ਦਾ ਪਾਜ ਰਾਤ ਗਿਦੜਾਂ ਦੇ ਬੋਲਣ ਤੇ ਖੁਲ ਗਿਆ ਸੀ। ਐਸੇ ਆਕੀਆਂ ਦਾ ਅੰਤ ਮਾੜਾ ਹਾਲ ਹੁੰਦਾ ਹੈ:-

ਜੇ ਕੋ ਆਪ ਗਣਾਇਕੈ ਪਾਤਿਸਾਹਾ ਤੇ ਆਕੀ ਹੋਵੈ।

ਹੋਇ ਕਤਲਾਮੁ ਹਰਾਮਖੋਰ ਕਾਣੁ ਨ ਖਫਣੁ ਚਿਤਾ ਨ ਟੋਵੈ।

ਟਕਸਾਲਹੁ ਬਾਹਰਿ ਘੜੇ ਖੋਟੇ ਹਾਰਾ ਜਨਮੁ ਵਿਗੋਵੈ।

ਲਿਬਾਸੀ ਫੁਰਮਾਣੁ ਲਿਖਿ ਹੋਇ ਨੁਕਸਾਨੀ ਅੰਝੂ ਰੋਵੈ।

ਗਿਦੜ ਦੀ ਕਰਿ ਸਾਹਿਬੀ ਬੋਲ ਕਬੋਲੁ ਨ ਅਬਿਚਲ ਹੋਵੈ।

ਮੁਹਿ ਕਾਲੈ ਗਦਹਿ ਚੜੇ ਰਾਉ ਪੜੇ ਵੀ ਭਰਿਆ ਧੋਵੈ।

ਦੂਜੇ ਭਾਇ ਕੁਥਾਇ ਖਲੋਵੈ।[2]

ਦੁਨਿਆਵੀ ਬਾਦਸ਼ਾਹ ਤੇ ਸੱਚੇ ਪਾਤਸ਼ਾਹ ਵਿਚ ਬੁਨਿਆਦੀ ਫਰਕ ਹੈ। ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਦੁਨਿਆਵੀ ਬਾਦਸ਼ਾਹ ਆਪਣੇ ਪੁਤ੍ਰ ਨੂੰ ਪਾਤਸ਼ਾਹੀ ਦੇ ਕੇ ਮਰ ਜਾਂਦਾ ਹੈ। ਪੁਤ੍ਰ ਗੱਦੀ ਤੇ ਬੈਠ ਕੇ ਆਪਣੇ ਨਾਮ ਦੀ ਦੋਹੀ ਫੇਰਦਾ ਹੈ, ਸਿਪਾਹੀਆਂ

---

1- ਵਾਰਾਂ ਭਾਈ ਗੁਰਦਾਸ, ਪੰਨਾ 95-96

2- ਓਹੀ, ਪੰਨਾ 444

ਨੂੰ ਆਪਣੇ ਹੁਕਮ ਦਾ ਪਾਬੰਦ ਕਰਦਾ ਹੈ। ਕਾਜੀ ਮੁਲਾਂ ਪਾਤਸ਼ਾਹ ਦਾ ਕੁਤਬਾ ਪੜਦੇ ਹਨ, ਟਕਸਾਲ ਵਿਚ ਉਸ ਦੇ ਨਾਮ ਦਾ ਸਿੱਕਾ ਚਲਦਾ ਹੈ, ਰੰਗਾ ਤੇ ਮਾੜਾ ਕੰਮ ਉਸਦੇ ਹੁਕਮ ਵਿਚ ਹੁੰਦਾ ਹੈ, ਮਾਲ ਮੁਲਕ ਆਪਣੇ ਵਸ ਕਰਕੇ ਦੁਨਿਆਵੀ ਪਾਤਸ਼ਾਹ ਤਖਤ ਤੇ ਬੇਪਰਵਾਹ ਹੋ ਕੇ ਬਹਿੰਦਾ ਹੈ। ਪਰ ਗੁਰੂ ਨਾਨਕ, ਪਾਤਿਸਾਹ ਦੇ ਦਰਬਾਰ ਵਿਚ ਗੁਰੂ ਦੀ ਰੀਤ ਚਲਦੀ ਹੈ। ਗੁਰੂ ਘਰ ਵਿਚ ਇਕ ਅਕਾਲ ਪੁਰਖ ਦੇ ਨਾਮ ਦੀ ਦੋਹੀ ਫਿਰਦੀ ਹੈ ਤੇ ਉਸ ਇਕ ਅਕਾਲ ਪੁਰਖ ਦੀ ਟਕਸਾਲ ਅਰਥਾਤ ਸਾਧ ਸੰਗਤ ਹੈ। ਕੁਤਬਾ ਤੇ ਤਖਤ ਵੀ ਗੁਰੂ ਘਰ ਵਿਚ ਸਚਾ ਦਰਗਾਹੀ ਹੈ। ਜੇ ਇਉਂ ਕਿਹਾ ਜਾਵੇ ਤਾਂ ਠੀਕ ਹੈ ਕਿ ਦੁਨਿਆਵੀ ਪਾਤਸਾਹਾਂ ਦੀ ਸਾਰੀ ਕਾਰ ਵਿਹਾਰ ਹਉਮੈ ਵਿਚ ਹੈ ਅਤੇ ਗੁਰੂ ਪਾਤਸ਼ਾਹ ਦੇ ਦਰਬਾਰ ਵਿਚ ਹਉਮੈ ਦਾ ਨਾਮੋ ਨਿਸ਼ਾਨ ਨਹੀਂ, ਸਭ ਕੁਝ ਅਕਾਲ ਪੁਰਖ ਦੇ ਨਾਮ ਹੇਠ, ਉਸਦੀ ਰਜਾ ਵਿਚ ਹੁੰਦਾ ਹੈ:

> ਦੁਨੀਆਵਾ ਪਾਤਿਸਾਹੁ ਹੋਇ ਦੇਇ ਮਰੈ ਪੁਤੈ ਪਾਤਸ਼ਾਹੀ।
> ਦੋਹੀ ਫੇਰੈ ਆਪਣੀ ਹੁਕਮੀ ਬੰਦੇ ਸਭ ਸਿਪਾਹੀ।
> ਕੁਤਬਾ ਜਾਇ ਪੜਾਇਦਾ ਕਾਜੀ ਮੁਲਾਂ ਕਰੈ ਉਗਾਹੀ।
> ਟਕਸਾਲੈ ਸਿਕਾ ਪਵੈ ਹੁਕਮੈ ਵਿਚ ਸੁਪੇਦੀ ਸਿਆਹੀ।
> ਮਾਲੁ ਮੁਲਕ ਅਪਣਾਇਦਾ ਤਖਤ ਬਖਤਿ ਚੜਿ ਬੇਪਰਵਾਹੀ।
> ਬਾਬਾਣੈ ਘਰਿ ਚਾਲਿ ਹੈ ਗੁਰਮੁਖਿ ਗਾਡੀ ਰਾਹੁ ਨਿਬਾਹੀ।
> ਇਕ ਦੋਹੀ ਟਕਸਾਲ ਇਕ ਕੁਤਬਾ ਤਖਤੁ ਸਚਾ ਦਰਗਾਹੀ।
> ਗੁਰਮੁਖਿ ਸੁਖ ਫਲੁ ਦਾਦਿ ਇਲਾਹੀ।[1]

ਇਸ ਪ੍ਰਕਾਰ ਭਾਈ ਗੁਰਦਾਸ ਜੀ ਨੇ ਗੁਰੂ ਪਰੰਪਰਾ ਨਾਲ਼ ਸਚੇ ਪਾਤਸ਼ਾਹ ਦੇ ਸੰਕਲਪ ਨੂੰ ਜੋੜਿਆ ਅਤੇ ਦੁਨਿਆਵੀ ਰਾਜਿਆਂ ਉਪਰ ਗੁਰੂ ਪਾਤਸ਼ਾਹ ਦੀ ਸਰਵੋਚਤਾ ਸਥਾਪਤ ਕੀਤੀ।

---

1- ਵਾਰਾਂ ਭਾਈ ਗੁਰਦਾਸ, ਪੰਨਾ 443

ਸੰਸਥਾਗਤ ਗੁਰੂ ਪਰੰਪਰਾ:

ਭਾਈ ਗੁਰਦਾਸ ਦੀਆਂ ਰਚਨਾਵਾਂ ਵਿਚ ਗੁਰੂ ਪਰੰਪਰਾ ਇਕ ਸੰਸਥਾ ਦੇ ਰੂਪ ਵਿਚ ਉਭਰ ਕੇ ਸਾਹਮਣੇ ਆਉਂਦੀ ਹੈ। ਇਹ ਗੁਰੂ ਪਰੰਪਰਾ ਦੀ ਸੰਸਥਾ ਆਪਣੇ ਆਪ ਵਿਚ ਵਿਲੱਖਣ ਹੈ ਅਤੇ ਇਸ ਦੀ ਮਿਸਾਲ ਹੋਰ ਕਿਸੇ ਸੰਸਥਾ ਨਾਲ ਨਹੀਂ ਦਿੱਤੀ ਜਾ ਸਕਦੀ। ਭਾਈ ਗੁਰਦਾਸ ਜੀ ਨੇ ਗੁਰੂ ਸੰਸਥਾ ਦੀ ਵਿਲੱਖਣਤਾ ਸਬੰਧੀ ਆਪਣੀਆਂ ਵਾਰਾਂ ਵਿਚ ਕਈ ਥਾਵਾਂ ਤੇ ਅਸਚਰਜਤਾ ਦਾ ਪ੍ਰਗਟਾਵਾ ਕੀਤਾ ਹੈ:

ੳ) ਲਖਿ ਨ ਕੋਈ ਸਕਈ ਅਚਰਜੇ ਅਚਰਜ ਵਿਖਾਇਆ।[1]

ਅ) ਉਲਟਾ ਖੇਲ ਖਸੰਮ ਕਾ ਉਲਟੀ ਗੰਗ ਸਮੁੰਦ੍ਰਿ ਸਮਾਵੈ।[2]

ੲ) ਫੇਰ ਵਸਾਇਆ ਗੋਇੰਦਵਾਲੁ ਅਚਰਜ ਖੇਲ ਨ ਲਖਿਆ ਜਾਈ।[3]

ਸ) ਗੁਰਸਿਖੁ ਸਿਓ ਗੁਰ ਹੋਇ ਅਚਰਜੁ ਦਿਖਾਇਆ।[4]

ਗੁਰੂ ਪਰੰਪਰਾ ਦਾ ਸਭ ਤੋਂ ਮਹਤਵਪੂਰਣ ਵਿਲਖਣ ਗੁਣ ਉਤਰਿ-ਅਧਿਕਾਰੀ ਦੀ ਚੋਣ ਵਿਵਸਥਾ ਹੈ। ਸੰਸਥਾਗਤ ਗੁਰੂ ਪਰੰਪਰਾ ਵਿਚ ਗੁਰੂ ਆਪਣੇ ਉਤਰ-ਅਧਿਕਾਰੀ ਗੁਰੂ ਦੀ ਚੋਣ ਆਪ ਕਰਦਾ ਹੈ ਅਤੇ ਆਪਣੇ ਹਥੀਂ ਆਪਣੇ ਉਤਰ-ਅਧਿਕਾਰੀ ਨੂੰ ਗੁਰੂ ਥਾਪਦਾ ਹੈ। ਭਾਈ ਗੁਰਦਾਸ ਜੀ ਦੀਆਂ ਰਚਨਾਵਾਂ ਤੋਂ ਇਸ ਗੱਲ ਦੀ ਪ੍ਰੋੜ੍ਹਤਾ ਹੁੰਦੀ ਹੈ:-

ੳ) ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ।
ਜੋਤੀ ਜੋਤਿ ਮਿਲਾਇਕੈ ਸਤਿਗੁਰੁ ਨਾਨਕ ਰੂਪ ਵਟਾਇਆ।[5]

---

1- ਵਾਰਾਂ ਭਾਈ ਗੁਰਦਾਸ, ਪੰਨਾ 39

2- ਓਹੀ, ਪੰਨਾ 41

3- ਓਹੀ, ਪੰਨਾ 40

4- ਓਹੀ, ਪੰਨਾ 332

5- ਓਹੀ, ਪੰਨਾ 39

ਅ) ਲਹਿਣੈ ਪਾਈ ਨਾਨਕੋ ਦੇਣੀ ਅਮਰਦਾਸਿ ਘਰਿ ਆਈ॥[1]

ਉਤਰ-ਅਧਿਕਾਰੀ ਦੀ ਚੋਣ ਗੁਣਾਂ ਦੇ ਆਧਾਰ ਤੇ ਹੁੰਦੀ ਹੈ ਅਤੇ ਵੰਸ-ਪਰੰਪਰਾ ਦੀ ਇਸ ਵਿਚ ਕੋਈ ਭੂਮਿਕਾ ਨਹੀਂ ਹੁੰਦੀ। ਗੁਰੂ ਦੇ ਸੰਸਾਰੀ ਪੁੱਤਰ ਹੋਣ ਦਾ ਉਤਰ-ਅਧਿਕਾਰੀ ਦੀ ਚੋਣ ਸਮੇਂ ਕਿਸੇ ਕਿਸਮ ਲਾਭ ਪ੍ਰਾਪਤ ਨਹੀਂ ਹੁੰਦਾ। ਭਾਈ ਗੁਰਦਾਸ ਜੀ ਨੇ ਸਪਸ਼ਟ ਕੀਤਾ ਹੈ ਕਿ ਜਦੋਂ ਗੁਰੂ ਨਾਨਕ ਦੇਵ ਜੀ ਦੇ ਸੰਸਾਰੀ ਪੁੱਤਰ ਗੁਰੂ ਪਦ ਦੀ ਚੋਣ-ਪਰੀਖਿਆ ਵਿਚ ਖਰੇ ਨਹੀਂ ਉਤਰੇ ਤਾਂ ਗੁਰੂ ਨਾਨਕ ਦੇਵ ਨੇ ਆਪਣੇ ਨਿਮਾਣੇ ਸੇਵਕ, ਜਿਹੜਾ ਪਰੀਖਿਆ ਵਿਚ ਪੂਰਣ ਉਤਰਿਆ, ਨੂੰ ਆਪਣੇ ਹੱਥੀਂ ਆਪਣੀ ਗੁਰਗੱਦੀ ਸੌਂਪ ਦਿੱਤੀ।

ਉਲਟੀ ਗੰਗ ਵਹਾਇਓਨਿ ਗੁਰ ਅੰਗਦੁ ਸਿਰਿ ਉਪਰਿ ਧਾਰਾ।
ਪੁਤਰੀ ਕਉਲ ਨ ਪਾਲਿਆ ਮਨਿ ਖੋਟੇ ਆਕੀ ਨਸਿਆਰਾ।[2]

ਭਾਈ ਗੁਰਦਾਸ ਜੀ ਲਹਿਣਾ ਜੀ ਨੂੰ ਗੁਰੂ ਨਾਨਕ ਦਾ ਸਪੁੱਤਰ ਪੁਤ੍ਰ ਦਸਦੇ ਹਨ:-

ਪੁਤ੍ਰ ਸਪੁਤ੍ਰ ਬਾਬਾਣੈ ਲਹਣਾ।[3]

ਗੁਰੂ ਪਰੰਪਰਾ ਦੀ ਇਕ ਹੋਰ ਵਿਲੱਖਣਤਾ ਗੁਰੂ ਜੋਤਿ ਦਾ ਰੂਪਾਂਤਰਣ ਹੈ। ਸਾਰੇ ਗੁਰੂਆਂ ਵਿਚ ਇਕ ਹੀ ਜੋਤਿ ਕੰਮ ਕਰ ਰਹੀ ਹੈ ਜਿਹੜੀ ਹਰ ਨਵੇਂ ਗੁਰੂ ਦੇ ਗਦੀ ਨਸ਼ੀਨ ਹੋਣ ਨਾਲ ਉਸ ਵਿਚ ਰੂਪਾਂਤਰਿਤ ਹੋ ਜਾਂਦੀ ਹੈ। ਇਹ ਜੋਤਿ ਗੁਰੂ ਨਾਨਕ ਦੀ ਹੈ ਅਤੇ ਸਾਰਿਆਂ ਵਿਚ ਕ੍ਰਿਆਸ਼ੀਲ ਹੈ। ਗੁਰੂ ਦੇ ਬਦਲਣ ਨਾਲ ਸਿਰਫ ਕਾਇਆ ਬਦਲਦੀ ਹੈ ਜੋਤਿ ਉਹੀ ਰਹਿੰਦੀ ਹੈ।ਭਾਈ ਗੁਰਦਾਸ ਜੀ ਵਾਰਾਂ ਚੋ ਹੇਠਲੇ ਉਦਾਹਰਣ ਇਸ ਦ੍ਰਿਸ਼ਟੀ ਨਾਲ ਧਿਆਨਯੋਗ ਹਨ:

- - - - - - - - - - - - - - - - - - - - - - - - - - - - - - -

1- ਵਾਰਾਂ ਭਾਈ ਗੁਰਦਾਸ, ਪੰਨਾ 40

2- ਓਹੀ, ਪੰਨਾ 34

3- ਓਹੀ, ਪੰਨਾ 393

ੳ) ਥਾਪਿਆ ਲਹਿਣਾ ਜੀਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ।
ਜੋਤੀ ਜੋਤਿ ਮਿਲਾਇਕੈ ਸਤਿਗੁਰ ਨਾਨਕ ਰੂਪ ਵਟਾਇਆ।
ਲਖਿ ਨ ਕੋਈ ਸਕਈ ਅਚਰਜੇ ਅਚਰਜ ਦਿਖਾਇਆ।
ਕਾਇਆ ਪਲਟਿ ਸਰੂਪ ਬਣਾਇਆ।[1]

ਅ) ਪੰਜ ਪਿਆਲੇ ਪੰਜ ਪੀਰ ਛਠਮੁ ਪੀਰ ਬੈਠਾ ਗੁਰੁ ਭਾਰੀ।
ਅਰਜਨ ਕਾਇਆ ਪਲਟਿ ਕੈ ਮੂਰਤਿ ਹਰਗੋਬਿੰਦ ਸਵਾਰੀ।[2]

ਗੁਰੂ ਜੋਤਿ ਇਕ ਗੁਰੂ ਤੋਂ ਦੂਜੇ ਗੁਰੂ ਵਿਚ ਪਰਵੇਸ਼ ਕਰਦੀ ਹੈ। ਜਿਸ ਸੇਵਕ ਵਿਚ ਗੁਰੂ ਅਪਣੀ ਜੋਤਿ ਟਿਕਾਉਂਦਾ ਹੈ ਉਹ ਗੁਰੂ ਰੂਪ ਹੋ ਜਾਂਦਾ ਹੈ। ਗੁਰੂ ਪਰੰਪਰਾ ਦੀ ਇਹ ਵਿਲੱਖਣਤਾ ਵੀ ਅਸਚਰਜ ਹੈ ਕਿ ਚੇਲਾ ਗੁਰੂ ਹੋ ਕੇ ਨਿਤਰਦਾ ਹੈ ਅਤੇ ਗੁਰੂ ਉਸ ਚੇਲੇ ਅਗੇ ਮਸਤਕ ਝੁਕਾ ਦਿੰਦਾ ਹੈ। ਇਸ ਪ੍ਰਕਾਰ ਗੁਰੂ ਚੇਲੇ ਵਿਚਲਾ ਭੇਦ ਮਿਟ ਜਾਂਦਾ ਹੈ। ਭਾਈ ਗੁਰਦਾਸ ਦੀ ਬਾਣੀ ਇਸ ਦੀ ਪ੍ਰੋੜ੍ਹਤਾ ਕਰਦੀ ਹੈ:

ੳ) ਗੁਰਸਿਖੁ ਸਿਉ ਗੁਰ ਹੋਇਆ ਅਚਰਜੁ ਦਿਖਾਇਆ।
ਜੋਤੀ ਜੋਤਿ ਜਗਾਇ ਦੀਪੁ ਦੀਪਾਇਆ।
ਨੀਰੈ ਅੰਦਰਿ ਨੀਰੁ ਮਿਲੈ ਮਿਲਾਇਆ।[3]

ਅ) ਗੁਰ ਚੇਲਾ ਚੇਲਾ ਗੁਰੂ ਗੁਰ ਚੇਲੇ ਪਰਚਾ ਪਰਚਾਇਆ।
ਬਿਰਖਹੁ ਫਲੁ ਫਲ ਤੇ ਬਿਰਖੁ ਪਿਉ ਪੁਤਹੁ ਪੁਤ ਪਿਉ ਪਤਿਆਇਆ।[4]

---

1- ਵਾਰਾਂ ਭਾਈ ਗੁਰਦਾਸ, ਪੰਨਾ 39

2- ਓਹੀ, ਪੰਨਾ 42

3- ਓਹੀ, ਪੰਨਾ 332

4- ਓਹੀ, ਪੰਨਾ 391

ਞ) ਗੁਰਮੁਖਿ ਸੁਖ ਫਲੁ ਅਮਰ ਪਦੁ ਅੰਮ੍ਰਿਤ ਬ੍ਰਿਖਿ ਅੰਮ੍ਰਿਤ ਫਲ ਲਾਇਆ।
ਗੁਰ ਚੇਲਾ ਚੇਲਾ ਗੁਰੂ ਪੁਰਖਹੁ ਪੁਰਖ ਉਪਾਇ ਸਮਾਇਆ॥[1]

ਸ) ਗੁਰੂ ਗੋਬਿੰਦ ਗੋਵਿੰਦੁ ਗੁਰੂ ਜੋਤਿ ਇਕ ਦੁਇ ਨਾਵ ਧਰਾਇਆ।
ਪੁਤ ਪਿਆਰੁ ਪਿਉ ਪੁਤ ਤੇ ਵਿਸਮਾਦਹੁ ਵਿਸਮਾਦੁ ਸੁਣਾਇਆ।
ਬਿਰਖਹੁ ਫਲੁ ਫਲ ਤੇ ਬਿਰਖੁ ਆਚਰਜਹੁ ਆਚਰਜੁ ਸੁਹਾਇਆ॥[2]

ਸੰਸਥਾਤਮਕ ਗੁਰੂ ਪਰੰਪਰਾ ਦੀ ਇਕ ਹੋਰ ਵੱਡੀ ਵਿਲੱਖਣਤਾ ਇਸਦੀ ਨਿਰੰਤਰਤਾ ਹੈ। ਗੁਰੂ ਪਰੰਪਰਾ ਨਿਰੰਤਰ ਹੈ, ਉਸ ਵਿਚ ਕਿਤੇ ਕੋਈ ਅਵਰੋਧ ਨਹੀਂ। ਇਕ ਤੋਂ ਬਾਅਦ ਦੂਜੇ ਗੁਰੂ ਵਿਚ ਨਿਰੰਤਰ ਗੁਰੂ ਜੋਤਿ ਦਾ ਪ੍ਰਕਾਸ਼ ਹੁੰਦਾ ਹੈ ਅਤੇ ਗੁਰੂ ਪਰੰਪਰਾ ਵਿਚ ਨਿਰੰਤਰਤਾ ਤੇ ਇਕਸੁਰਤਾ ਬਰਕਰਾਰ ਰਹਿੰਦੀ ਹੈ। ਭਾਈ ਗੁਰਦਾਸ ਨੇ ਗੁਰੂ ਪਰੰਪਰਾ ਵਿਚਲੀ ਨਿਰੰਤਰਤਾ ਨੂੰ ਬਾਣੀ ਵਿਚ ਦਰਸਾਇਆ ਹੈ:-

ੳ) ਸਤਿਗੁਰ ਨਾਨਕ ਦੇਉ ਹੈ ਗੁਰੁ ਅੰਗਦ ਅੰਗਹੁ ਉਪਜਾਇਆ।
ਅੰਗਦ ਤੇ ਗੁਰੂ ਅਮਰਪਦ ਅੰਮ੍ਰਿਤ ਰਾਮ ਨਾਮੁ ਗੁਰੁ ਭਾਇਆ।
ਰਾਮਦਾਸ ਗੁਰੂ ਅਰਜਣ ਛਾਇਆ।[3]

ਅ) ਸਤਿਗੁਰ ਨਾਨਕ ਦੇਉ ਆਪੁ ਉਪਾਇਆ।
ਗੁਰੁ ਅੰਗਦੁ ਗੁਰਸਿਖ ਬਾਬਾਣੇ ਆਇਆ।
ਗੁਰਸਿਖੁ ਹੈ ਗੁਰ ਅਮਰੁ ਸਤਿਗੁਰ ਭਾਇਆ।
ਰਾਮਦਾਸੁ ਗੁਰਸਿੱਖ ਗੁਰ ਸਦਵਾਇਆ।

---

1- ਵਾਰਾਂ ਭਾਈ ਗੁਰਦਾਸ, ਪੰਨਾ 395

2- ਓਹੀ, ਪੰਨਾ 405

3- ਓਹੀ, ਪੰਨਾ 628

ਗੁਰ ਅਰਜਨੁ ਗੁਰ ਸਿੱਖ ਪਰਗਟੀ ਆਇਆ।

ਗੁਰਸਿਖ ਹਰਿ ਗੋਵਿੰਦੁ ਨ ਲੁਕੈ ਲੁਕਾਇਆ॥[1]

ਗੁਰਮੁਖ ਪੰਥ ਦੀ ਸਿਰਜਨਾ:

ਭਾਈ ਗੁਰਦਾਸ ਜੀ ਦੀਆਂ ਵਾਰਾਂ ਚੋਂ ਇਕ ਹੋਰ ਤਥ ਸਾਹਮਣੇ ਆਉਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੇ ਭਰਪੂਰ ਯਤਨਾਂ ਨਾਲ ਰਾਜਸੀ ਤੇ ਸਮਾਜੀ ਜਾਗਰੂਕਤਾ ਨਾਲ ਪੁਰ 'ਗੁਰਮੁਖ ਪੰਥ' ਦੀ ਸਿਰਜਨਾ ਕੀਤੀ ਸੀ। ਇਹ 'ਗੁਰਮੁਖ ਪੰਥ' ਅਗਿਆਨਤਾ ਦੇ ਗਲਬੇ ਹੇਠਾਂ ਦਬੀ ਤਤਕਾਲੀਨ ਪ੍ਰਜਾ ਦੇ ਬਦਲ ਦੇ ਰੂਪ ਵਿਚ ਪ੍ਰਗਟ ਹੋ ਰਿਹਾ ਸੀ।

ਤੱਤਕਾਲੀਨ ਰਾਜ ਤੇ ਸਮਾਜ ਦੀ ਸਥਿਤੀ ਦਾ ਵਰਣਨ ਕਰਦਿਆਂ ਭਾਈ ਗੁਰਦਾਸ ਜੀ ਨੇ ਦਸਿਆ ਹੈ ਕਿ ਉਸ ਵੇਲੇ ਗਿਆਨ ਤੋਂ ਸਖਣੀ ਪ੍ਰਜਾ ਅੰਨ੍ਹੀ ਹੋ ਚੁੱਕੀ ਸੀ ਅਤੇ ਅਗਿਆਨਤਾ ਅਧੀਨ ਪ੍ਰਜਾ ਵਿਚ ਕੂੜ ਜ਼ਿੰਦਗੀ ਦਾ ਅਨਿਖੜਵਾਂ ਹਿੱਸਾ ਬਣ ਗਿਆ ਸੀ:-

ਪ੍ਰਜਾ ਅੰਧੀ ਗਿਆਨ ਬਿਨੁ ਕੂੜੁ ਕੁਸਤਿ ਮੁਖਹੁ ਆਲਾਈ।[2]

ਇਕ ਹੋਰ ਰਚਨਾ ਵਿਚ ਭਾਈ ਗੁਰਦਾਸ ਜੀ ਦਸਦੇ ਹਨ ਕਿ ਪ੍ਰਜਾ ਆਪਣੇ ਅਗਿਆਨ ਕਰਕੇ, ਰਾਜੇ ਹਥੋਂ ਦੁਖ ਪਾਉਂਦੀ ਹੈ। ਉਹਨਾਂ ਅਨੁਸਾਰ ਚਉਰਾਸੀ ਲਖ ਜੂਨੀਆਂ ਵਿਚੋਂ ਮਨੁੱਖ ਉਤਮ ਤਾਂ ਹੈ, ਜੇ ਉਤਮ ਕੰਮ ਕਰੇ। ਪਰ ਮਨੁੱਖ ਨੇ ਇਕ ਰਾਜਾ ਬਣਾ ਦਿੱਤਾ ਹੈ ਅਤੇ ਆਪ ਪਰਜਾ ਬਣ ਬੈਠਾ ਹੈ, ਅਤੇ ਆਪਣੀ ਚੰਗੀ ਭਲੀ ਜ਼ਿੰਦਗੀ ਨੂੰ ਦੁਖੀ ਬਣਾ ਲਿਆ ਹੈ। ਅਸਲ ਵਿਚ ਜੇ ਕੁਤੇ ਨੂੰ ਰਾਜ ਗੱਦੀ ਤੇ ਬਿਠਾ ਦਈਏ ਤਾਂ ਉਹ ਆਪਣੀ ਖਸਲਤ ਨਹੀਂ ਛਡਦਾ।-

ਚਉਰਾਸੀ ਲਖ ਜੂਨਿ ਵਿਚਿ ਉਤਮ ਮਾਣਸ ਜੂਨਿ ਭਲੇਰੇ।

ਉਤਮ ਮਨ ਬਚ ਕਰਮ ਕਰ ਜਨਮੁ ਮਰਣ ਭਵਜਲ ਲਖ ਫੇਰੇ।

---

1- ਵਾਰਾਂ ਭਾਈ ਗੁਰਦਾਸ, ਪੰਨਾ 331-332

2- ਓਹੀ, ਪੰਨਾ 26

ਰਾਜਾ ਪਰਜਾ ਹੋਇਕੈ ਸੁਖ ਵਿਚਿ ਦੁਖ ਹੋਇ ਭਲੇ ਭਲੇਰੇ।
ਕੂੜਾ ਰਾਜ ਬਹਾਲੀਐ ਰਕੀ ਰਟਣ ਜਾਇ ਘਨੇਰੇ।[1]

ਗੁਰੂ ਨਾਨਕ ਦੇਵ ਜੀ ਨੇ ਲੋਕਾਂ ਵਿਚ ਗਿਆਨ ਦੀ ਜੋਤ ਜਗਾਈ ਅਤੇ ਉਹਨਾਂ ਵਿਚ ਰਾਜਸੀ ਤੇ ਸਮਾਜੀ ਜਾਗਰੂਕਤਾ ਪੈਦਾ ਕੀਤੀ। ਗੁਰੂ ਸਾਹਿਬ ਦੇ ਯਤਨਾਂ ਨਾਲ ਗਿਆਨਵਾਨ ਅਤੇ ਰਾਜ ਤੇ ਸਮਾਜ ਪ੍ਰਤੀ ਪੂਰੀ ਤਰ੍ਹਾਂ ਚੇਤੰਨ ਪ੍ਰਜਾ ਦੀ ਸਿਰਜਨਾ ਹੋ ਗਈ ਜਿਸ ਨੂੰ ਭਾਈ ਗੁਰਦਾਸ ਜੀ ਨੇ 'ਗੁਰਮੁਖ ਪੰਥ', 'ਨਿਰਮਲ ਪੰਥ', 'ਗੁਰਮੁਖ ਮਾਰਗ', 'ਪੰਥ ਨਿਰਾਲਾ', ਅਤੇ ਹੋਰ ਕਈਆਂ ਨਾਵਾਂ ਨਾਲ ਪ੍ਰਗਟ ਕੀਤਾ ਹੈ। ਹੇਠਲੀਆਂ ਸਤਰਾਂ ਇਸ ਤਥ ਦੀ ਪ੍ਰਸ਼ਟੀ ਕਰਦੀਆਂ ਹਨ:-

ੳ) ਗੁਰਮੁਖਿ ਪੰਥ ਨਿਰੋਲ ਨ ਰਲੈ ਰਲਾਈਐ।
ਕਥਾ ਅਕਥ ਅਬੋਲ ਨ ਬੋਲ ਬੁਲਾਈਐ।
ਸਦਾ ਅਭੁਲੁ ਅਭੋਲੁ ਨ ਭੋਲਿ ਭੁਲਾਈਐ।
ਗੁਰਮੁਖਿ ਪੰਥ ਅਲੋਲੁ ਸਹਿਜ ਸਮਾਈਐ।[2]

ਅ) ਗੁਰਮੁਖਿ ਪੰਥੁ ਅਗੰਮ ਹੈ ਜਿਉ ਜਲ ਅੰਦਰਿ ਮੀਨ ਚਲੰਦਾ।[3]

ੲ) ਸਤਿਗੁਰ ਸਚਾ ਪਾਤਿਸਾਹੁ ਗੁਰਮੁਖਿ ਗਾਡੀ ਰਾਹੁ ਚਲਾਇਆ।[4]

ਸ) ਬਾਰਹ ਪੰਥ ਮਿਟਾਇਕੈ ਗੁਰਮੁਖਿ ਪੰਥ ਵਡਾ ਪਰਤਾਪੀ।[5]

ਹ) ਮਾਰਿਆ ਸਿਕਾ ਜਗਤ੍ਰ ਵਿਚਿ ਨਾਨਕ ਨਿਰਮਲ ਪੰਥ ਚਲਾਇਆ।[6]

- - - - - - - - - - - - - - - - - - - - - - - - - -

1- ਵਾਰਾਂ ਭਾਈ ਗੁਰਦਾਸ, ਪੰਨਾ 267

2- ਓਹੀ, ਪੰਨਾ 62

3- ਓਹੀ, ਪੰਨਾ 278

4- ਓਹੀ, ਪੰਨਾ 97

5- ਓਹੀ, ਪੰਨਾ 386

6- ਓਹੀ, ਪੰਨਾ 39

ਕ) ਬਾਰਹ ਪੰਥ ਸਮਾਇਕੈ ਗੁਰਮੁਖਿ ਗਾਡੀ ਰਾਹ ਚਲਾਇਆ।[1]

ਖ) ਗੁਰਮੁਖਿ ਮਾਰਗਿ ਪੈਰ ਧਰਿ ਦੁਬਿਧਾ ਵਾਟ ਕੁਵਾਟ ਨ ਸਾਇਆ।[2]

ਗ) ਸਬਦਿ ਜਿਤੀ ਸਿਧ ਮੰਡਲੀ ਕੀਤੋਸੁ ਆਪਣਾ ਪੰਥੁ ਨਿਰਾਲਾ।[3]

ਭਾਈ ਗੁਰਦਾਸ ਜੀ ਨੇ ਆਪਣੀਆਂ ਰਚਨਾਵਾਂ ਵਿਚ ਸਪਸ਼ਟ ਕੀਤਾ ਹੈ ਕਿ ਮਨੁੱਖੀ ਜੀਵਨ ਦੇ ਦੋ ਰਾਹ ਹਨ - ਗੁਰਮੁਖ ਵਾਲਾ ਤੇ ਮਨਮੁਖ ਵਾਲਾ।[4] ਇਕ ਰਾਹ ਰਬ ਨੂੰ ਪ੍ਰਵਾਨ ਤੇ ਗੁਰੂ ਦੇ ਹੁਕਮ ਵਿਚ ਵਿਚਰਨ ਵਾਲਾ ਹੈ ਜਿਸ ਨੂੰ 'ਗੁਰਮੁਖ' ਵਾਲਾ ਰਾਹ ਕਿਹਾ ਜਾਂਦਾ ਹੈ।[5] ਦੂਜਾ ਰਾਹ ਹਉਮੈ ਵਾਲਾ ਹੈ। ਇਸ ਵਿਚ ਮਨੁੱਖ ਮਨ ਦਾ ਗੁਲਾਮ ਹੋ ਕੇ ਮਾਇਆ ਦੇ ਬੰਧਨਾਂ ਵਿਚ ਵਿਚਰਦਾ ਹੈ; ਇਸ ਨੂੰ 'ਮਨਮੁਖ' ਵਾਲਾ ਰਾਹ ਕਹਿੰਦੇ ਹਨ।[6] ਦੋਹਾਂ ਰਾਹਾਂ ਵਿਚ ਬੁਨਿਆਦੀ ਵਿਰੋਧ ਹੈ। ਗੁਰੂਆਂ ਨੇ ਸਮਾਜ ਨੂੰ ਹਉਮੈ ਵਾਲੇ ਮਨਮੁਖੀ ਰਾਹ ਤੋਂ ਵਰਜਿਆ ਹੈ ਗੁਰਮੁਖ ਵਾਲੇ ਰਬੀ ਰਾਹ ਤੇ ਤੋਰਿਆ ਹੈ। ਗੁਰੂ ਸਾਹਿਬਾਨ ਦੀ ਅਣਥਕ ਮੋਹਨਤ ਦੇ ਨਤੀਜੇ ਵਜੋਂ ਇਕ ਵੱਡਾ ਕਾਫਿਲਾ ਆਪ ਹੁਦਰੇ, ਹਉਮੈ ਵਾਲੇ ਮਨਮੁਖੀ ਰਾਹ ਨੂੰ ਛਡ ਕੇ ਗੁਰਮੁਖੀ ਰਾਹ ਤੇ ਤੁਰ ਪਿਆ ਅਤੇ ਇਸ ਤਰ੍ਹਾਂ ਗੁਰਮੁਖ ਪੰਥ ਦੀ ਸਿਰਜਨਾ ਹੋਈ।

ਇਸ 'ਗੁਰਮੁਖ' ਪੰਥ ਨੇ ਹਉਮੈ ਤੇ ਸਵਾਰਥ ਤੇ ਅਧਾਰਿਤ ਰਾਜ ਦਾ ਭਰਵਾਂ ਵਿਰੋਧ ਕੀਤਾ ਅਤੇ ਇਕ ਐਸੇ ਵਿਕਲਪਿਕ ਰਾਜ ਦੀ ਕਲਪਨਾ ਕੀਤੀ ਜਿਹੜਾ ਰੱਬੀ

---

1- ਵਾਰਾਂ ਭਾਈ ਗੁਰਦਾਸ, ਪੰਨਾ 3127

2- ਓਹੀ, ਪੰਨਾ 312

3- ਓਹੀ, ਪੰਨਾ 27

4- ਓਹੀ, ਪੰਨਾ 491 ਅਤੇ 531

5- ਓਹੀ, ਪੰਨਾ 313 ਅਤੇ 316

6- ਓਹੀ, ਪੰਨਾ 98 ਅਤੇ 101

ਕਦਰਾਂ ਕੀਮਤਾਂ ਤੇ ਆਧਾਰਿਤ ਹੈ। ਇਸ ਪ੍ਰਕਾਰ ਇਹ ਸਪਸ਼ਟ ਹੁੰਦਾ ਹੈ ਕਿ ਗੁਰੂਆਂ ਦੁਆਰਾ ਪ੍ਰਦਰਸ਼ਿਤ ਰਾਹ ਤੇ ਚਲਣ ਵਾਲਾ ਗੁਰਮੁਖ ਪੰਥ ਰਾਜ ਤੇ ਸਮਾਜ ਪ੍ਰਤੀ ਪੂਰੀ ਤਰ੍ਹਾਂ ਚੇਤੰਨ ਹੈ ਅਤੇ ਗੁਰੂ ਦੀ ਜਾਗਰੂਕ ਪ੍ਰਜਾ ਹੈ।

ਉਪਰੋਕਤ ਸਾਰੀ ਵਿਆਖਿਆ ਤੋਂ ਇਹ ਤਥ ਨਿਤਰਕੇ ਸਾਹਮਣੇ ਆਉਂਦਾ ਹੈ ਕਿ ਗੁਰੂ ਪਰੰਪਰਾ ਨਾਲ ਇਕ ਵਿਕਲਪਿਕ ਰਾਜ ਦਾ ਸੰਕਲਪ ਜੁੜਦਾ ਰਿਹਾ ਸੀ। ਇਹ ਵਿਕਲਪਿਕ ਰਾਜ ਦਾ ਸੰਕਲਪ ਤਤਕਾਲੀਨ ਰਾਜ ਦੇ ਵਿਰੋਧ ਵਿਚ ਉਭਰ ਰਿਹਾ ਸੀ ਅਤੇ ਗੁਰੂ-ਪਰੰਪਰਾ ਇਸ ਵਿਕਲਪਿਕ ਰਾਜ ਦੀ ਮੋਢੀ ਸੀ। ਗੁਰੂਆਂ ਨੇ ਆਪਣੀ ਸ਼ਖਸੀਅਤ ਨੂੰ ਦੂਵੱਲੀ ਦਸਿਆ ਸੀ ਅਤੇ ਉਹਨਾਂ ਨੇ ਆਪਣੇ ਦਰਬਾਰ ਵਿਚ ਰਾਜਸੀ ਚਿਹਨਾਂ ਨੂੰ ਅਪਣਾਇਆ ਸੀ। ਗੁਰੂਆਂ ਦੇ ਹੀ ਅਣਥੱਕ ਯਤਨਾਂ ਨਾਲ ਐਸੇ ਗੁਰਮੁਖ ਪੰਥ ਦੀ ਸਿਰਜਨਾ ਹੋ ਸਕੀ ਜਿਹੜਾ ਰਾਜ ਅਤੇ ਸਮਾਜ ਪ੍ਰਤੀ ਪੂਰੀ ਤਰ੍ਹਾਂ ਜਾਗਰੂਕ ਅਤੇ ਕ੍ਰਿਆਸ਼ੀਲ ਸੀ।

## 4-ਇਤਿਹਾਸਕ ਲਿਖਤਾਂ ਵਿਚ ਗੁਰੂ ਪਰੰਪਰਾ ਨਾਲ ਜੁੜਿਆ ਵਿਕਲਪਿਕ ਰਾਜ

ਇਤਿਹਾਸਕ ਲਿਖਤਾਂ ਗੁਰੂ ਪਰੰਪਰਾ ਨਾਲ ਜੁੜੇ ਵਿਕਲਪਿਕ ਰਾਜ ਦੇ ਸੰਕਲਪ ਦੀ ਸਪਸ਼ਟ ਰੂਪ ਵਿਚ ਪ੍ਰੋੜਤਾ ਕਰਦੀਆਂ ਹਨ। ਇਹਨਾਂ ਲਿਖਤਾਂ ਵਿਚ ਤਤਕਾਲੀਨ ਇਤਿਹਾਸ ਦੀ ਦ੍ਰਿਸ਼ਟੀ ਤੋਂ ਗੁਰੂ ਪਰੰਪਰਾ ਦੇ ਰਾਜਸੀ ਪੱਖ ਨੂੰ ਉਜਾਗਰ ਕਰਦਿਆਂ ਗੁਰੂ ਪਰੰਪਰਾ ਨਾਲ ਸਬੰਧਤ ਰਾਜਸੀ ਚਿਹਨਾਂ, ਰਾਜਸੀ ਗੁਣਾਂ ਅਤੇ ਰਾਜਸੀ ਸੰਕਲਪਾਂ ਦਾ ਵਰਨਣ ਕੀਤਾ ਗਿਆ ਹੈ।

ਦਸਵੇਂ ਪਾਤਸ਼ਾਹ, ਗੁਰੂ ਗੋਬਿੰਦ ਸਿੰਘ ਦੇ ਜੀਵਨ ਦੀਆਂ ਘਟਨਾਵਾਂ ਦਾ ਵਿਵਰਣ ਦੇਣ ਵਾਲੀ ਕਾਵਿ ਕ੍ਰਿਤ ਸ੍ਰੀ ਗੁਰੂ ਸੋਭਾ ਵਿਚ ਕਵੀ ਸੈਨਾਪਤੀ ਨੇ ਗੁਰੂ ਸਾਹਿਬ ਦੀ ਰਹਿਣੀ ਬਹਿਣੀ ਦਾ ਵਰਣਨ ਕਰਦਿਆਂ ਉਹਨਾਂ ਦੇ ਪਹਿਰਾਵੇ ਵਿਚ ਸ਼ਾਮਲ ਬਹੁਤ ਸਾਰੇ ਰਾਜਸੀ ਚਿਹਨਾਂ ਅਤੇ ਸ਼ਸਤਰਾਂ ਦਾ ਜ਼ਿਕਰ ਕੀਤਾ ਹੈ। ਦਖਣ ਵਲ ਕੂਚ ਵੇਲੇ ਸਤਿਗੁਰੂ ਦੀ ਤਿਆਰੀ ਨੂੰ ਕਵੀ ਨੇ ਆਪਣੀ ਰਚਨਾ ਵਿਚ ਪ੍ਰਸਤੁਤ ਕੀਤਾ ਹੈ:-

ਸੀਸ ਪੈ ਤਾਜ ਨੈ ਸੋਨ ਕਲਗੀ ਧਰੀ, ਲਾਲ ਹੀਰੇ ਜਰੀ ਜਗਮਗਾਵੈ।
ਹੀਰ ਪੰਨਾ ਖਰੇ,ਉਰ ਮੋਤੀ ਜਰੇ,ਝਲਕ ਛਬਿ ਸੋਭ ਤਾਕੀ ਸੁਹਾਵੈ।
ਝੋਕ ਐਸੇ ਲਸੈ, ਜੋਤਿ ਤੁੰਦਨ ਦਿਸੈ, ਸੋਭ ਅਪਾਰ ਨਹੀਂ ਬਰਨ ਆਵੈ।
ਪ੍ਰਗਟਿ ਪ੍ਰਚੰਡ ਤਈ ਲੋਕ ਸੋਭਾ ਕਰੈ, ਪੇਖ ਤਿਹ ਸੰਤ ਸੁਖ ਸਰਬ ਪਾਵੈ।
ਚਿਲਤਾ ਕਰਿ ਕੈ ਸਬ ਸਾਜ ਹੀ ਸੌਂ, ਬਰਨੌ ਹਥਿਆਰ ਕਹੋ ਸਬ ਹੀ।
ਕਟਿ ਸੋ ਤਲਵਾਰ ਬਨੀ ਜਮਧਾਰ, ਅਲੀ ਬੰਦ ਢਾਲ ਫਬੈ ਜਬ ਹੀ।
ਦਿਸ ਦਾਹਨ ਬਾਨ ਕਮਾਣ ਸਜੈ, ਕਰ ਮੈਂ ਬਰਛਾ ਚਮਕੈ ਅਬ ਹੀ।
ਸਬ ਦੂਤਨ ਛਾਰ ਕਰੋ ਛਿਨ ਮੈ, ਕਹਿ ਗੋਬਿੰਦ ਸਿੰਘ ਚੜ੍ਹੇ ਤਬ ਹੀ।[1]

---

1- ਕਵਿ ਸੈਨਾਪਤੀ, ਸ੍ਰੀ ਗੁਰ ਸੋਭਾ, ਪੰਨਾ 104

ਇਸ ਰਚਨਾ ਵਿਚ ਕਵੀ ਨੇ ਰਾਜਸੀ ਚਿਹਨ-ਤਾਜ, ਕਲਗੀ, ਜਰੀ ਦੀ ਪੁਸ਼ਾਕ, ਹੀਰੇ, ਪੰਨੇ ਤੇ ਮੋਤੀਆਂ ਆਦਿ ਅਤੇ ਸ਼ਸਤ੍ਰਾਂ ਵਿਚ - ਕਵਚ, ਤਲਵਾਰ, ਢਾਲ, ਤੀਰ ਕਮਾਨ, ਅਤੇ ਬਰਛੇ ਆਦਿ ਦਾ ਜ਼ਿਕਰ ਕੀਤਾ ਹੈ। ਇਹ ਸਾਰੇ ਰਾਜਸੀ ਚਿਹਨ ਅਤੇ ਸ਼ਸਤ੍ਰ ਗੁਰੂ ਸਾਹਿਬ ਦੇ ਪਹਿਰਾਵੇ ਵਿਚ ਸ਼ਾਮਲ ਸਨ। ਬਹਾਦੁਰ ਸ਼ਾਹ ਨਾਲ ਮੁਲਾਕਾਤ ਦਾ ਵਰਣਨ ਕਰਦਿਆਂ ਵੀ ਕਵੀ ਸੈਨਾਪਤੀ ਨੇ ਗੁਰੂ ਸਾਹਿਬ ਦੇ ਰਾਜਸੀ ਲਿਬਾਸ ਦਾ ਜ਼ਿਕਰ ਕੀਤਾ ਹੈ। ਉਸਦੀ ਕਾਵਿ ਦ੍ਰਿਸ਼ਟੀ ਅਨੁਸਾਰ ਗੁਰੂ ਸਾਹਿਬ ਦੀ ਰਾਜਸੀ ਸਾਜ ਸੱਜਾ ਬਾਦਸ਼ਾਹ ਨੂੰ ਚਕ੍ਰਿਤ ਕਰ ਦੇਣ ਵਾਲੀ ਸੀ। ਸ੍ਰੀ ਗੁਰੂ ਸੋਭਾ ਦੀਆਂ ਇਸ ਆਸ਼ੇ ਦੀਆਂ ਸਤਰਾਂ ਇਸ ਪ੍ਰਕਾਰ ਹਨ:-

ਚੜ੍ਹੀ ਕਮਾਨ ਸ਼ਸਤ੍ਰ ਸਬ ਸਾਰੇ। ਕਲਗੀ ਕੀ ਛਬਿ ਅਪਰ ਅਪਾਰੇ।
ਲਟਕਤ ਚਲਤ ਤਹਾ ਚਲਿ ਆਏ। ਸਾਹ ਪਾਸ ਬੈਠੇ ਇਮ ਜਾਏ।
ਸਾਹ ਆਪ ਤਿਹ ਓਰ ਨਿਹਾਰਾ। ਦਰਸਨ ਦੇਖ ਭਯੋ ਮਤਵਾਰਾ।
ਤਨ ਮਨ ਧਨ ਤੇ ਅਧਿ ਬਿਕਾਨਾ। ਕੰਵਲ ਦੇਖ ਜਯੋ ਭੌਵਰ ਲਭਾਨਾ।[1]

ਸ੍ਰੀ ਗੁਰੂ ਸੋਭਾ ਵਿਚ ਕਵੀ ਗੁਰੂ ਗੋਬਿੰਦ ਸਿੰਘ ਜੀ ਨੂੰ ਇਕ ਰਾਜੇ ਦੇ ਰੂਪ ਵਿਚ ਵੇਖਦਾ ਹੈ ਅਤੇ ਉਹਨਾਂ ਦੇ ਪਹਾੜੀ ਰਾਜਿਆਂ ਅਤੇ ਮੁਗਲ ਹਕੂਮਤ ਨਾਲ ਹੋਏ ਜੰਗਾਂ ਦਾ ਵਿਵਰਣ ਪ੍ਰਸਤੁਤ ਕਰਦਾ ਹੈ। ਕਵੀ ਸੈਨਾਪਤੀ ਨੇ 1703 ਈ. ਵਿਚ ਅਨੰਦਪੁਰ ਵਿਚ ਸਤਿਗੁਰੂ ਦੇ ਰਾਜ ਕਾਇਮ ਹੋਣ ਦਾ ਜ਼ਿਕਰ ਕੀਤਾ ਹੈ। ਉਸ ਅਨੁਸਾਰ ਖਾਲਸੇ ਨੇ ਅਨੰਦਪੁਰ ਦੇ ਆਸੇ ਪਾਸੇ ਦੇ ਇਲਾਕੇ ਤੇ ਵੀ ਆਪਣਾ ਅਧਿਕਾਰ ਸਥਾਪਤ ਕਰ ਲਿਆ ਸੀ। ਨੇੜੇ ਤੇੜੇ ਦੇ ਰਾਜਿਆਂ ਨੂੰ ਸਤਿਗੁਰ ਦੀ ਰਾਜ ਸ਼ਕਤੀ ਤੋਂ ਖਤਰੇ ਦਾ ਆਭਾਸ ਹੋਣ ਲਗ ਪਿਆ ਸੀ ਅਤੇ ਸਾਰੇ ਰਾਜਿਆਂ ਨੇ ਮਿਲ ਕੇ ਸੈਨਾ ਸੰਗਠਿਤ ਕਰਕੇ ਜੰਗ ਕਰਨ ਦਾ ਫੈਸਲਾ ਕਰ ਲਿਆ:-

---

1- ਕਵਿ ਸੈਨਾਪਤਿ; ਸ੍ਰੀ ਗੁਰੂ ਸੋਭਾ; ਪੰਨਾ 120

ਇਹ ਬਿਧਿ ਚਰਚਾ ਭਈ ਅਪਾਰਾ।ਤਬ ਰਾਜਨ ਮਨ ਮਾਹਿ ਬਿਚਾਰਾ।
ਹਮਰੋ ਰਾਜ ਅਕਾਰਥ ਗਯੋ। ਸਤਿਗੁਰੁ ਰਾਜ ਚਹੂੰ ਦਿਸ ਭਯੋ।
ਤਬ ਬਿਚਾਰ ਰਾਜਨ ਮਨ ਆਯੋ। ਠਉਰ ਠਉਰ ਤੇ ਲੋਕ ਬੁਲਾਯੋ।
ਤਬ ਰਾਜਨ ਯਹ ਬਿਧਿ ਕਰੀ ਸੈਨਾ ਲਈ ਬੁਲਾਇ।
ਸਕਲ ਸੰਗ ਦਲ ਜੋਰਿ ਕੈ ਨਿਕਟ ਪਹੂਚੈ ਆਇ।[1]

ਪਹਾੜੀ ਰਾਜੇ ਸਤਿਗੁਰੂ ਦੀ ਫੌਜ ਦਾ ਮੁਕਾਬਲਾ ਕਰਨ ਵਿਚ ਅਸਮਰਥ ਰਹੇ ਅਤੇ ਉਹਨਾਂ ਨੇ ਮੁਗਲ ਬਾਦਸ਼ਾਹ ਨੂੰ ਆਪਣੀ ਫੌਜ ਭੇਜ ਕੇ ਅਨੰਦਪੁਰ ਤੇ ਘੇਰਾ ਪਾਉਣ ਲਈ ਰਾਜੀ ਕਰ ਲਿਆ:

ਰਾਜੇ ਭਾਜਿ ਤੁਰਕ ਪੈ ਆਇ। ਸਭ ਤੁਰਕਨ ਕੋ ਭੇਦ ਬਤਾਏ।
ਅਬ ਹਮਰੋ ਉਪਰਾਲੋ ਕੀਜੈ। ਅਨੰਦ ਗੜ੍ਹ ਹਮ ਕੋ ਲੈ ਦੀਜੈ।
ਤੁਰਕ ਸਭੈ ਮਿਲਿ ਕੈ ਓਠਿ ਧਾਏ। ਸਾਮਾ ਕਰੀ ਬੇਗ ਹੀ ਆਏ।
ਬਹੁਤ ਮੁਗਲ ਅਰੁ ਘਨੈ ਪਠਾਨ। ਚੜ੍ਹੇ ਸਾਜਿ ਦਲ ਚਾਬੇ ਪਾਨ।[2]

ਇਸ ਤਰ੍ਹਾਂ ਸਪਸ਼ਟ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਨਿਰਾ ਰਾਜਸੀ ਚਿਹਨਾਂ ਨੂੰ ਅਪਨਾਇਆ ਹੀ ਨਹੀਂ, ਸਗੋਂ ਇਕ ਰਾਜਸੀ ਸ਼ਕਤੀ ਦੇ ਰੂਪ ਵਿਚ ਖਾਲਸਾ ਸੈਨਾ ਦੀ ਕਮਾਨ ਸੰਭਾਲ ਕੇ ਪਹਾੜੀ ਰਾਜਿਆਂ ਅਤੇ ਮੁਗਲ ਹਕੂਮਤ ਦਾ ਟਾਕਰਾ ਵੀ ਕੀਤਾ।

ਗੁਰਬਿਲਾਸ ਪਾਤਸ਼ਾਹੀ 6 ਦੇ ਰਚਨਾਕਾਰ ਕਵੀ ਸੋਹਨ ਜੀ ਅਨੁਸਾਰ ਗੁਰੂ ਪਰੰਪਰਾ ਪਾਸ ਰਾਜ ਦਾ ਨਿਸਚਿਤ ਸੰਕਲਪ ਸੀ ਅਤੇ ਉਸ ਰਾਜ ਸੰਕਲਪ ਨੂੰ ਹਕੀਕਤ ਵਿਚ ਬਦਲਨ ਲਈ ਗੁਰੂ ਪਰੰਪਰਾ ਦੇ ਦਸੋ ਅਵਤਾਰ ਯਤਨਸ਼ੀਲ ਰਹੇ ਹਨ। ਗੁਰ ਬਿਲਾਸ ਵਿਚ ਦਰਜ ਗੁਰੂ ਨਾਨਕ ਦੇਵ ਜੀ ਦੇ ਬਚਨ ਇਸ ਪ੍ਰਕਾਰ ਹਨ:

- - - - - - - - - - - - - - - - - - - - - - - - - - - - - - - - - - -

1- ਕਵਿ ਸੈਨਾਪਤਿ; ਸ੍ਰੀ ਗੁਰੂ ਸੋਭਾ, ਪੰਨਾ 75-76

2- ਓਹੀ, ਪੰਨਾ 77

ਕਬ ਕਬ ਸ੍ਰੀ ਮੁਖ ਸੋਂ ਕਹੋ ਧਾਰਨੈ ਦਸ ਅਵਤਾਰ।

ਪ੍ਰਗਟਿ ਪੰਥ ਪਾਛੈ ਕਰੌ ਦੇਵੌ ਰਾਜ ਅਪਾਰ।[1]

ਕਵੀ ਸੋਹਨ ਨੇ ਆਪਣੀ ਰਚਨਾ ਵਿਚ ਗੁਰੂ ਪਰੰਪਰਾ ਦੇ ਰਾਜਸੀ ਗੁਣਾਂ ਅਤੇ ਗੁਰੂਆਂ ਦੁਆਰਾ ਅਪਨਾਏ ਗਏ ਰਾਜਸੀ ਚਿਹਨਾਂ ਦਾ ਜ਼ਿਕਰ ਕੀਤਾ ਹੈ। ਅਕਾਲ ਤਖਤ ਉਤੇ ਬਿਰਾਜਮਾਨ ਹੋਣ ਸਮੇਂ ਗੁਰੂ ਹਰਗੋਬਿੰਦ ਦੇ ਪਹਿਰਾਵੇ ਦਾ ਚਿੱਤਰ ਖਿਚਦਿਆਂ ਕਵੀ ਸੋਹਨ ਦਸਦਾ ਹੈ ਕਿ ਗੁਰੂ ਸਾਹਿਬ ਪੀਲੇ ਬਸਤ੍ਰ ਧਾਰਣ ਕਰਕੇ, ਸੀਸ ਉਤੇ ਸੁਹਾਉਣੀ ਕਲਗੀ ਲਾਕੇ, ਬਾਂਹ ਉਤੇ ਬਾਜੂ ਬੰਦ, ਪਿਠ ਤੇ ਢਾਲ ਅਤੇ ਗਲੇ ਵਿਚ ਮੀਰੀ ਪੀਰੀ ਦੀਆਂ ਦੋ ਕ੍ਰਿਪਾਨਾਂ ਪਹਿਨ ਕੇ ਅਕਾਲ ਤਖਤ ਸਾਹਮਣੇ ਆਏ ਹਨ:-

ਪੀਤ ਪੁਸ਼ਾਕ ਧਰੀ ਸੁਖ ਸਾਗਰ ਔ ਕਲਗੀ ਗੁਰ ਸੀਸ ਸੁਹਾਏ।

ਔ ਭੁਜ ਅੰਗਦ ਸੋਹਤਿ ਹੈ ਫੁਨਿ ਪੀਠ ਪੈ ਚਰਮ ਧਰੀ ਛਬ ਪਾਏ।

ਦੋ ਅਸਿ ਲੈ ਭਗਵੰਤ ਤਬੈ ਗੁਰ ਕੈ ਗਰ ਡਾਰ ਦੀਏ ਹਰਖਾਏ।

ਮੀਰੀ ਕੀ ਮੀਰ ਔ ਪੀਰੀ ਕੀ ਪੀਰ ਸੁ ਦੋਉ ਧਾਰੀ ਭਗਵੰਤ ਅਲਾਏ।[2]

ਅਕਾਲ ਤਖਤ ਉਤੇ ਸੋਭਾਇਮਾਨ ਗੁਰੂ ਹਰਗੋਬਿੰਦ ਦੀ ਉਪਮਾ ਕਰਦਿਆਂ ਕਵੀ ਕਹਿੰਦਾ ਹੈ ਕਿ ਗੁਰੂ ਸਾਹਿਬ ਦੀ ਕਲਗੀ ਦੀ ਛਵੀ ਤੋਂ ਸੂਰਜ ਲਜਾ ਰਿਹਾ ਹੈ, ਮਸਤਕ ਦੀ ਜਿਗਾ ਵੇਖਕੇ ਚੰਦਰਮਾ ਦੇ ਮਨ ਵਿਚ ਸ਼ੰਕਾ ਉਤਪੰਨ ਹੋ ਗਈ ਹੈ, ਮੁਖ ਮੰਡਲ ਦੀ ਝਲਕ ਅਸਮਾਨ ਵਿਚ ਚਮਕਦੀ ਬਿਜਲੀ ਵਾਂਗ ਹੈ, ਬੀਰ ਆਸਨ ਵਿਚ ਇਕਾਗਰ ਚਿਤ ਸਤਿਗੁਰੂ ਦੇ ਕੰਠ ਵਿਚ ਦੋ ਕਿਰਪਾਨਾਂ ਅਤੇ ਪਿਠ ਤੇ ਢਾਲ ਸੋਭ ਰਹੀ ਹੈ, ਹਥ ਵਿਚ ਧਨਖ ਦੀ ਸੋਭਾ ਤਕ ਕੇ ਬ੍ਰਹਮਾ ਦਾ ਧਨੁਖ ਵੀ ਸੋਚਾਂ ਵਿਚ ਪੈ ਗਿਆ ਹੈ ਅਤੇ ਗੁਰੂ ਸਾਹਿਬ ਦੇ ਇਸ ਸੁੰਦਰ ਸਰੂਪ ਨੂੰ ਦੇਖ ਕੇ ਕਵੀ ਬਲਿਹਾਰ ਜਾਂਦਾ ਹੈ:-

---

1- ਕਵਿ ਸੋਹਨ ਜੀ, ਸ੍ਰੀ ਗੁਰ ਬਿਲਾਸ ਪਾਤਸ਼ਾਹੀ 6, ਪੰਨਾ 138

2- ਓਹੀ, ਪੰਨਾ 151

ਸੋਹਤਿ ਸੀਸ ਧਰੈ ਕਲਗੀ ਰਵਿ ਕੀ ਪ੍ਰਭਤਾ ਜਿਹ ਦੇਖ ਲਜਾਵੈ।
ਜਿਗਾ ਗੁਰ ਮਸਤਕ ਛਬ ਪਾਵਤੁ ਦੇਖ ਸਸੀ ਮਨ ਮੈ ਖੁਨਸਾਵੈ।
ਮੁਖ ਮੰਡਲ ਕੀ ਛਬ ਕੈਸੇ ਕਹੌ ਸਮ ਪਾਵਕ ਕੋਇ ਨ ਨੈਨ ਦਿਖਾਵੈ।
ਸੁੰਦਰ ਐਸੇ ਸਰੂਪ ਕੇ ਊਪਰ ਦਾਸ ਕਵੀ ਪਿਖ ਕੈ ਬਲ ਜਾਵੈ।
ਬੀਰ ਬਰਾਸਨਿ ਸੋਹ ਨਿਧਾਸਨ ਪੰਕਜ ਹਾਥ ਸੁ ਬਾਨ ਫਿਰਾਵੈ।
ਕੰਠ ਬਿਖੈ ਅਸਿ ਦੋਇ ਬਿਰਾਜਤ ਚਰਮ ਸੁ ਸੁੰਦਰ ਪੀਠ ਸੁਹਾਵੈ।
ਬਾਵੈਂ ਹੀ ਹਾਥ ਬਿਖੈ ਧਨ ਰਾਜਤ ਦੇਖ ਗਾਂਡੀਵ ਮਨੈ ਸੁਕਚਾਵੈ।
ਸੁੰਦਰ ਐਸੇ ਸਰੂਪ ਕੇ ਊਪਰ ਦਾਸ ਕਵੀ ਪਿਖ ਕੈ ਬਲ ਜਾਵੈ।[1]

ਇਹਨਾਂ ਰਚਨਾਵਾਂ ਵਿਚ ਕਵੀ ਨੇ ਗੁਰੂ ਸਾਹਿਬ ਦੇ ਲਿਬਾਸ ਵਿਚ ਸ਼ਾਮਲ ਬਹੁਤ ਸਾਰੇ ਰਾਜਸੀ ਚਿਹਨਾਂ ਨੂੰ ਗਿਣਾਇਆ ਹੈ ਜਿਸ ਤਰ੍ਹਾਂ - ਕਲਗੀ, ਜਿਗਾ, ਬਾਜ਼ੂ ਬੰਦ, ਦੋ ਕਿਰਪਾਨਾਂ, ਢਾਲ ਅਤੇ ਧਨੁਖ ਆਦਿ।

ਇਸ ਤੋਂ ਇਲਾਵਾ ਢਾਡੀਆਂ ਦਾ ਦਰਬਾਰ ਵਿਚ ਸਨਮੁਖ ਖੜੇ ਕੇ ਗੁਰੂ ਉਸਤਤਿ ਗਾਇਨ ਕਰਨਾ ਵੀ ਰਾਜਸੀ ਕਿਸਮ ਦਾ ਗੁਣ ਹੈ ਅਤੇ ਗੁਰੂ ਪਰੰਪਰਾ ਦੇ ਰਾਜਸੀ ਪੱਖ ਨੂੰ ਉਜਾਗਰ ਕਰਦਾ ਹੈ। ਕਵੀ ਸੋਹਨ ਦੇ ਗੁਰ ਬਿਲਾਸ ਅਨੁਸਾਰ ਅਬਦੁਲ ਢਾਡੀ ਨੇ ਗੁਰੂ ਸਾਹਿਬ ਸਾਹਮਣੇ ਖੜੇ ਕੇ ਉਹਨਾਂ ਦੀ ਮਹਿਮਾ ਕਰਦਿਆਂ ਹੇਠਲੀ ਪਉੜੀ ਦਾ ਗਾਇਨ ਕੀਤਾ:

ਸੱਚਾ ਤਖਤ ਸੁਹਾਯੋ ਸ੍ਰੀ ਗੁਰੂ ਪਾਇ ਕੈ।
ਛਬ ਬਰਨੀ ਨਹਿ ਜਾਇ ਕਹੌ ਕਿਆ ਗਾਇਕੈ।
ਰਵਿ ਸਸਿ ਭਏ ਮਲੀਨ ਸੁਦਰਸ ਦਿਖਾਇ ਕੈ।

---

1- ਕਵਿ ਸੋਹਨ ਜੀ, ਸ੍ਰੀ ਗੁਰ ਬਿਲਾਸ ਪਾਤਸ਼ਾਹੀ 6, ਪੰਨਾ 152

ਸ੍ਰੀ ਗੁਰ ਤਖਤ ਬਿਰਾਜੇ ਪ੍ਰਭੂ ਧਿਆਇ ਕੈ।

ਮੀਰ ਅਬਦੁਲ ਔ ਨੱਥਾ ਜਸ ਕਹੈ ਬਨਾਇ ਕੈ।[1]

ਗੁਰੂ ਹਰਿਗੋਬਿੰਦ ਸਾਹਿਬ ਦੇ ਦਰਬਾਰ ਰਾਜਸੀ ਚਿਹਨਾਂ ਨੂੰ ਦੇਖ ਕੇ ਹੀ ਵਿਰੋਧੀਆਂ ਨੇ ਬਾਦਸ਼ਾਹ ਨੂੰ ਸ਼ਿਕਾਇਤ ਕੀਤੀ ਸੀ ਕਿ ਗੁਰੂ ਸਾਹਿਬ ਨੇ ਤਖਤ ਦੀ ਉਸਾਰੀ ਕਰ ਲਈ ਅਤੇ ਸੈਨਾ ਸੰਗਠਿਤਕਰਕੇ ਜੰਗ ਦੀ ਤਿਆਰੀ ਕਰ ਰਹੇ ਹਨ:-

ਹਰਿਗੋਬਿੰਦ ਨਿਜ ਨਾਮ ਰਖਾਯੋ।

ਸੁਧਾ ਸਰੋਵਰ ਤਖਤ ਬਨਾਯੋ।

ਸ਼ਾਹ ਤਖਤ ਸਦ ਹੈ ਚਲ ਆਏ।

ਨਬੀ ਗਦਾਇ ਨ ਤਖਤ ਬਨਾਏ।

ਇਨ ਪੁਨ ਰਾਖੀ ਸੈਨ ਅਪਾਰੀ।

ਭਾਖਤ ਬਦਲਾ ਲੇਵੈ ਭਾਰੀ।[2]

ਇਹਨਾਂ ਸ਼ਿਕਾਇਤਾਂ ਦੀਆਂ ਪੰਕਤੀਆਂ ਵਿਚ ਕਿਹਾ ਗਿਆ ਹੈ ਕਿ ਕਦੇ ਕਿਸੇ ਫਕੀਰ ਨੇ ਵੀ ਤਖਤ ਬਣਾਏ ਹਨ? ਤਖਤ ਤਾਂ ਹਮੇਸ਼ਾਂ ਬਾਦਸ਼ਾਹਾਂ ਦੇ ਚਲਦੇ ਆਏ ਹਨ। ਅਸਲ ਵਿਚ ਗੁਰੂ ਹਰਗੋਬਿੰਦ ਸਾਹਿਬ ਦੀ ਫਕੀਰੀ ਵਿਲਖਣ ਹੈ। ਉਹਨਾਂ ਦੇ ਕਾਰਜ ਖੇਤਰ ਵਿਚ ਲੌਕਿਕ ਸੰਸਾਰ ਅਤੇ ਉਸ ਦੀਆਂ ਸੰਸਥਾਵਾਂ ਸ਼ਾਮਲ ਹਨ ਅਤੇ ਮੀਰੀ ਪੀਰੀ ਦੇ ਨਾਲ ਰਾਜਸੀ ਚਿਹਨ ਗੁਰੂ ਪਰੰਪਰਾ ਦੇ ਅੰਗ ਬਣ ਚੁਕੇ ਹਨ।

ਇਸ ਤੋ ਇਲਾਵਾ, ਸਿੱਖ ਗੁਰੂ ਲਈ ਆਪਣਾ ਤਨ, ਮਨ ਤੇ ਧਨ ਵਾਰਣ ਲਈ ਤੱਤਪਰ ਰਹਿੰਦੇ ਸਨ ਅਤੇ ਗੁਰ ਸਾਹਿਬ ਵੀ ਆਪਣੇ ਸਿੱਖਾਂ ਦੀ ਹਰ ਇੱਛਾ ਪੂਰਣ ਕਰਨ ਵਿਚ ਉਦਾਰਚਿਤ ਸਨ। ਸਿੱਖ ਸੰਗਤਾਂ ਦੀ ਗੁਰੂ ਪ੍ਰਤੀ ਸਮਰਪਣ ਦੀ ਭਾਵਨਾ ਜ਼ਿਕਰ ਕਵੀ ਸੋਹਨ ਨੇ ਇਸ ਪ੍ਰਕਾਰ ਕੀਤਾ ਹੈ:-

---

1- ਕਵਿ ਸੋਹਨ ਜੀਃ ਸ੍ਰੀ ਗੁਰ ਬਿਲਾਸ ਪਾਤਸ਼ਾਹੀ 6, ਪੰਨਾ 152

2- ਓਹੀ, ਪੰਨਾ 160

ਗੁਰ ਦਰਸਨ ਕੋ ਦੇਖ ਕੈ ਸਿਖ ਸੰਗਤ ਹਰਖਾਇ।

ਤਨ ਮਨ ਧਨ ਵਾਰੈਂ ਸਭੀ ਦੇਖ ਰੂਪ ਬਲ ਜਾਇ।[1]

ਅਤੇ ਗੁਰੂ ਸਾਹਿਬ ਦੇ ਉਦਾਰ ਚਿਤ ਹੋ ਕੇ ਬਖਸ਼ਸ਼ਾਂ ਕਰਨ ਦੇ ਸੁਭਾਅ ਦਾ ਵਰਣਨ ਇਹਨਾਂ ਸਤਰਾਂ ਵਿਚ ਹੈ:

ਆਗੈ ਸ੍ਰੀ ਗੁਰੂ ਤਖਤ ਪਰ ਬਡ ਸ਼ੋਭਾ ਛਬ ਦੇਤ।

ਜੋ ਆਵਤ ਗੁਰ ਸ਼ਰਨ ਤਕ ਮਨ ਬਛਤ ਫਲ ਲੇਤ।[2]

ਸਿੱਖਾਂ ਵਲੋਂ ਤਨ, ਮਨ ਤੇ ਧਨ ਅਰਪਣ ਦਾ ਸੰਕਲਪ ਅਤੇ ਗੁਰੂ ਹਰਗੋਬਿੰਦ ਸਾਹਿਬ ਦੀ ਸ਼ਰਨ ਵਿਚ ਆਏ ਮਨੁੱਖ ਦੀਆਂ ਮੁਰਾਦਾਂ ਪੂਰਣ ਕਰਨ ਦਾ ਨੇਮ ਲੌਕਿਕ ਖੇਤਰ ਦੀ ਗਲ ਹੈ ਅਤੇ ਇਹ ਗੁਰੂ ਪਰੰਪਰਾ ਦੇ ਰਾਜਸੀ ਚਰਿੱਤਰ ਨੂੰ ਉਭਾਰਦਾ ਹੈ। ਇਸ ਤਰ੍ਹਾਂ ਸੋਹਨ ਕਵੀ ਦੇ ਗੁਰਬਿਲਾਸ ਪਾਤਸ਼ਾਹੀ 6 ਦੀਆਂ ਰਚਨਾਵਾਂ ਵਿਚੋਂ ਗੁਰੂ ਪਰੰਪਰਾ ਨਾਲ ਜੁੜਦੇ ਜਾ ਰਹੇ ਵਿਕਲਪਿਕ ਰਾਜ ਸੰਕਲਪ ਦਾ ਸਪਸ਼ਟ ਸੰਕੇਤ ਮਿਲਦਾ ਹੈ।

ਗੁਰਬਿਲਾਸ ਪਾਤਸ਼ਾਹੀ 10 ਵਿਚ ਵੀ ਗੁਰੂ ਗੋਬਿੰਦ ਸਿੰਘ ਦੇ ਰਾਜਸੀ ਵਿਅਕਤਿਤਵ ਨੂੰ ਪੂਰੀ ਤਰ੍ਹਾਂ ਉਜਾਗਰ ਕਰਨ ਦੀ ਚੇਸ਼ਟਾ ਕੀਤੀ ਗਈ ਹੈ। ਰਚਨਾਕਾਰ ਕਵੀ ਕੋਇਰ ਸਿੰਘ, ਅਨੰਦਪੁਰ ਵਿਚ ਗੁਰੂ ਸਾਹਿਬ ਦੇ ਦਰਬਾਰ ਦੀਆਂ ਰਾਜਸੀ ਖੂਬੀਆਂ ਦਾ ਵਰਣਨ ਕਰਦਿਆਂ ਉਚੇ ਸਿੰਘਾਸਨ, ਨਾਲ ਵਗਦੇ ਸਤਲੁਜ ਦਰਿਆ ਅਤੇ ਸਤ ਗੁਰਦੁਆਰਿਆਂ ਉਤੇ ਝੂਲਦੇ ਨਿਸ਼ਾਨ ਸਾਹਿਬਾਂ ਦੇ ਨਜ਼ਾਰੇ ਦਾ ਜ਼ਿਕਰ ਕਰਦਾ ਹੈ। ਕਵੀ ਸਤਿਗੁਰੂ ਨੂੰ 'ਮਹਾਰਾਜਾ' ਸਦਦਾ ਹੈ ਅਤੇ ਉਹਨਾਂ ਨੂੰ 'ਤਾਜ' ਧਾਰਣ ਕਰਨ ਵਾਲਾ ਦਸਦਾ ਹੈ। ਅਨੰਦਪੁਰ ਸਾਹਿਬ ਦੇ ਰਾਜਸੀ ਸੰਸਥਾਪਨ ਦਾ ਜ਼ਿਕਰ ਕੁਇਰ ਸਿੰਘ ਨੇ ਇਹਨਾਂ ਸਤਰਾਂ ਵਿਚ ਕੀਤਾ ਹੈ:-

---

1- ਕਵਿ ਸੋਹਨ ਜੀ, ਸ੍ਰੀ ਗੁਰ ਬਿਲਾਸ ਪਾਤਸ਼ਾਹੀ 6, ਪੰਨਾ 155

2- ਓਹੀ, ਪੰਨਾ 159

ਊਚੋ ਪੱਬ ਸੁ ਅਧਿਕ ਬਿਰਾਜੈ। ਤਾ ਪਰ ਸਿੰਘਾਸਨ ਗੁਰ ਛਾਜੈ।

ਸਹਸ ਨਾਰ ਸਰਿਤਾ ਤਟ ਬਹੈ। ਸੁਰ ਨਰ ਜਾਸ ਦਰਸ ਕੋ ਚਹੈ।

ਸਾਤ ਧੁਜਾ ਤਿਹ ਅਦਭੁਤ ਭਾਰੀ।ਸਭ ਸਿਰ ਕੇਸ ਕੋਟ ਅਵਤਾਰੀ।

ਆਦਿ ਰੂਪ ਖਾਲਸੇ ਵਾਸੀ। ਰਿਧਿ ਸਿਧ ਜਿਹ ਕੋਟਿਕ ਦਾਸੀ।

ਅਜ ਗੈਬੀ ਜਹ ਘੁਰਤ ਨਗਾਰੇ। ਕੋਟਿ ਕਵੀ ਕਹਿ ਸਕਤ ਉਚਾਰੇ।

ਬੈਠੇ ਆਨ ਤਹੀ ਮਹਾਰਾਜਾ,। ਅਦੁੱਤ ਅਲਖ ਧਰਹਿ ਸਿਰ ਤਾਜਾ।[1]

ਇਕ ਹੋਰ ਥਾਂ ਤੇ ਕੁਇਰ ਸਿੰਘ, ਗੁਰੂ ਗੋਬਿੰਦ ਸਿੰਘ ਜੀ ਦੀ ਮੀਰੀ ਅਤੇ ਪੀਰੀ ਦੇ ਸੰਯੁਕਤ ਗੁਣਾਂ ਦੀ ਉਪਮਾ ਕਰਦਿਆਂ ਉਹਨਾਂ ਦੇ ਸੀਸ ਦੇ ਛੱਤਰ ਅਤੇ ਰਾਜ ਸਿੰਘਾਸਨ ਦਾ ਵਿਸ਼ੇਸ਼ ਜ਼ਿਕਰ ਕਰਦਾ ਹੈ ਅਤੇ ਅਧਰਮੀ ਦੁਸ਼ਟਾਂ ਦਾ ਨਾਸ ਕਰਨਾ ਗੁਰੂ ਜੀ ਦਾ ਮੁਖ ਕਾਰਜ ਦਸਦਾ ਹੈ:-

ਬੀਰ ਸੁ ਮੀਰਨ ਪੀਰ ਸਿਰੋਮਨਿ,ਜਾਨਤ ਜਾਹਿ ਕਲਾ ਅਤਿ ਭਾਰੀ।

ਬਿਸਨ ਮਹੇਸ ਜਲੇਸ ਨਿਸੇਸ ਸੁਰੇਸ ਧਰਯੋ ਜਿਹ ਸੀਸ ਛਤ੍ਰਾਰੀ।

ਸ੍ਰੀ ਗੁਰ ਨਾਨਕ ਬ੍ਰਹਮ ਮਯੰਬਰ ਤਾ ਪਦ ਰਾਜ ਸਿੰਘਾਸਨ ਕਾਰੀ।

ਜੀਵ ਉਧਾਰ ਕਰੈ ਜਗ ਮਾਲਕ ਨਾਸ ਕਰੈ ਚਵਰੱਤਨ ਭਾਰੀ।[2]

ਗੁਰੂ ਗੋਬਿੰਦ ਸਿੰਘ ਜੀ ਦੀ ਰਹਿਣੀ ਬਹਿਣੀ ਵਿਚ ਸ਼ਾਮਲ ਰਾਜਸੀ ਚਿਹਨਾਂ ਵਲ ਸੰਕੇਤ ਵੀ ਗੁਰ ਬਿਲਾਸ ਵਿਚ ਮਿਲਦਾ ਹੈ। ਕੁਇਰ ਸਿੰਘ ਨੇ ਕਵੀ ਸੈਨਾਪਤੀ ਦੀ ਰਚਨਾ ਨਾਲ ਮਿਲਦੀਆਂ ਜੁਲਦੀਆਂ ਤੁਕਾਂ ਰਾਹੀਂ ਗੁਰੂ ਸਾਹਿਬ ਦੇ ਪਹਿਰਾਵੇ ਵਿਚ ਸ਼ਾਮਲ ਰਾਜਸੀ ਚਿਹਨਾਂ ਦਾ ਵਿਵਰਣ ਇਸ ਪ੍ਰਕਾਰ ਦਿੱਤਾ ਹੈ:-

---

1- ਕੁਇਰ ਸਿੰਘ, ਗੁਰ ਬਿਲਾਸ ਪਾਤਸ਼ਾਹੀ 10, ਪੰਨਾ 127

2- ਓਹੀ, ਪੰਨਾ 67

ਸੀਸ ਪੈ ਤਾ ਜਿਗੈ ਸੋਨ ਕਲਗੀ ਧਰੀ, ਲਾਲ ਹੀਰੇ ਜਰੀ ਜਗ ਮਗਾਵੈ।
ਸਬਜ ਪੰਨਾ ਖਰੈ ਗੁਲਕ ਸੋਭਤ ਸੁਰੈ, ਝਲਕ ਅਨੂਪ ਕਵਿ ਕੌਨ ਗਾਵੈ।
ਤਰਲ ਹੂ ਤਰਗ ਜਯੋ ਅਭ੍ਰ ਮੈ ਬਿਜੁਲੀ ਤਿਵੈ ਹੀ ਚੀਰ ਅਨੂਪ ਭਾਵੈ।
ਸੋਧਿ ਬਰ ਬੀਸ ਅਵਤੰਸ ਕੁਲ ਹੰਸ ਕੇ, ਜਾਹਿ ਕੋ ਦੇਖ ਅਘ ਗਨ ਨਸਾਵੈ।[1]

ਰਾਜਸੀ ਪੋਸ਼ਾਕ ਪਹਿਨ ਕੇ, ਸ਼ਸਤ੍ਰ ਧਾਰਣ ਕਰਕੇ, ਸਿੱਖਾਂ ਸੇਵਕਾਂ ਦੀ ਮੌਜੂਦਗੀ ਵਿਚ ਦਰਬਾਰ ਲਾ ਕੇ ਸਿੰਘਾਸਨ ਤੇ ਬਿਰਾਜਮਾਨ ਹੋਣਾ ਗੁਰੂ ਗੋਬਿੰਦ ਸਿੰਘ ਜੀ ਦਾ ਨੇਮ ਸੀ। ਗੁਰੂ ਦਰਬਾਰ ਦੀ ਬਣਤਰ ਵਿਚ ਪੂਰੇ ਰਾਜਸੀ ਗੁਣ ਮੌਜੂਦ ਸਨ। ਇਸੇ ਲਈ ਕਵੀ ਕੋਇਰ ਸਿੰਘ ਆਪਣੀ ਰਚਨਾ ਵਿਚ ਗੁਰੂ ਗੋਬਿੰਦ ਸਿੰਘ ਜੀ ਨੂੰ ਰਾਜ ਸਿੰਘਾਸਨ ਤੇ ਸੋਭਾਇਮਾਨ ਦਸਦਾ ਹੈ:-

ਤਿਨੈ ਰਾਜ ਸਿੰਘਾਸਨੰ ਤਾਹਿ ਸੂਤੰ। ਮਹਾ ਸੂਰ ਬੀਰੰ ਪ੍ਰਭੂ ਹੈ ਅਭੂਤੰ।[2]

ਇਕ ਹੋਰ ਥਾਂ ਤੇ ਤਾਂ ਕੋਇਰ ਸਿੰਘ ਗੁਰੂ ਦੇ ਰਾਜ ਕਾਇਮ ਹੋਣ ਦੀ ਗਵਾਹੀ ਭਰਦਾ ਹੈ:-

ਆਦਿ ਸਿੰਘਾਸਨ ਦਮਦਮਾ, ਰਾਜ ਧਰਾ ਗੁਰ ਜਾਨ।[3]

ਕੁਇਰ ਸਿੰਘ ਦੀਆਂ ਇਹ ਸਾਰੀਆਂ ਕਾਵਿ ਰਚਨਾਵਾਂ ਗੁਰੂ ਸਾਹਿਬ ਦੇ ਰਾਜਸੀ ਵਿਅਕਤਿੱਤਵ ਅਤੇ ਉਹਨਾਂ ਦੇ ਦਰਬਾਰ ਦੇ ਰਾਜਸੀ ਚਰਿੱਤਰ ਦਾ ਸਪਸ਼ਟ ਪ੍ਰਗਟਾਵਾ ਕਰਦੀਆਂ ਹਨ।

ਬੰਸਾਵਲੀਨਾਮੇ ਵਿਚ ਕੇਸਰ ਸਿੰਘ ਛਿਬਰ ਨੇ ਗੁਰੂ ਪਰੰਪਰਾ ਬਾਰੇ ਕਾਫੀ ਚਰਚਾ ਕੀਤੀ ਹੈ। ਉਸ ਅਨੁਸਾਰ ਇਕਮਿਕਤਾ ਗੁਰੂ ਪਰੰਪਰਾ ਦਾ ਵਿਸ਼ੇਸ਼ ਗੁਣ ਹੈ। ਸਾਰੇ ਗੁਰੂ ਸਾਹਿਬਾਨ ਗੁਰੂ ਨਾਨਕ ਦੇਵ ਦੇ ਹੀ ਰੂਪ ਸਨ ਜਾਂ ਇਸ ਤਰ੍ਹਾਂ ਕਿਹਾ ਜਾਵੇ ਕਿ ਗੁਰੂ ਨਾਨਕ ਦੇਵ ਜੀ ਹੀ ਦਸ ਜਾਮੇ ਧਾਰਣ ਕਰਕੇ ਗੁਰੂ ਪਦ ਤੇ ਸੁਸ਼ੋਭਿਤ ਹੁੰਦੇ ਰਹੇ ਸਨ। ਹੇਠਲੀਆਂ ਤੁਕਾਂ

- - - - - - - - - - - - - - - - - - - - - - - - - - - - - - - -

1- ਕੁਇਰ ਸਿੰਘ, ਗੁਰ ਬਿਲਾਸ ਪਾਤਸ਼ਾਹੀ 10, ਪੰਨਾ 234

2- ਓਹੀ, ਪੰਨਾ 151

3- ਓਹੀ, ਪੰਨਾ 69

ਇਸ ਵਿਚਾਰ ਦਾ ਹੀ ਪ੍ਰਗਟਾਵਾ ਕਰਦੀਆਂ ਹਨ:-

ੳ) ਏਹ ਦਸ ਜਾਮੇ ਬਾਬੇ ਹੀ ਹੈ ਧਾਰੇ। ਯਹਿ ਦਸੋ ਮਹਲ ਨਹੀਂ ਬਾਬੇ ਤੇ ਨਿਆਰੇ।[1]

ਅ) ਦਸ ਅਵਤਾਰ ਇਕੋ ਜੋਤ ਸਮਾਈ। ਨਾਮ ਭਿੰਨ ਭਿੰਨ ਵਸਤ ਇਕੋ ਕਹਾਈ।[2]

ੲ) ਦਸ ਜਾਮੇ ਗੁਰ ਨਾਨਕ ਜੀ ਧਾਰੇ। ਸਭ ਗੁਰੂ ਨਾਨਕ ਜੀ ਦੀ ਵਡਿਆਈ।[3]

ਸ) ਗੁਰੂ ਗੋਬਿੰਦ ਸਿੰਘ ਗੁਰ ਨਾਨਕ ਮੈ ਭੇਦ ਨ ਰਾਈ।
ਜਾਮੇ ਦਸ ਇਕ ਜੋਤਿ ਸਮਾਈ।[4]

ਗੁਰੂ ਜੋਤਿ ਦਾ, ਇਕ ਗੁਰੂ ਤੋਂ ਦੂਜੇ ਗੁਰੂ ਵਿਚ ਪ੍ਰਵੇਸ਼ ਕਰਨ ਦੀ ਪ੍ਰਕਿਰਿਆ ਦਾ ਜ਼ਿਕਰ ਵੀ ਬੰਸਾਵਲੀ ਨਾਮੇ ਚੋਂ ਮਿਲਦਾ ਹੈ। ਗੁਰੂ ਜੋਤਿ ਹੈ ਅਤੇ ਜੋਤਿ ਨਿਰੰਤਰ ਪ੍ਰਕਾਸ਼ਮਾਨ ਹੈ। ਗੁਰੂ ਜੋਤਿ ਦੀ ਨਿਰੰਤਰਤਾ ਗੁਰੂ ਪਰੰਪਰਾ ਦੀ ਵਿਸ਼ੇਸ਼ਤਾ ਹੈ:-

ਸਭ ਬਾਬੇ ਨਾਨਕ ਜੀ ਦੀ ਵਡਿਆਈ।
ਜਿਸ ਦੀ ਬਰਕਤ ਚਲੀ ਹੀ ਆਈ।
ਜਿਉਂ ਦੀਵੇ ਨਾਲੋ ਦੀਵਾ ਰੋਸ਼ਨ ਜਲੇ।
ਪਿਛੋਂ ਭੀ ਪੂਰਨ ਅਗੇ ਪੂਰਨ ਮਲੇ।[5]

ਬੰਸਾਵਲੀਨਾਮੇ ਵਿਚੋ ਉਤਰਾਧਿਕਾਰੀ ਗੁਰੂ ਦੀ ਚੋਣ ਕਰਨ ਦੀ ਵਿਧੀ ਬਾਰੇ ਵੀ ਸਪਸ਼ਟ ਸੰਕੇਤ ਮਿਲਦੇ ਹਨ। ਉਤਰਾਧਿਕਾਰੀ ਗੁਰੂ ਦੀ ਚੋਣ ਗੁਣਾਂ ਦੇ ਅਧਾਰ ਤੇ, ਪਰੀਖਿਆ ਲੈ ਕੇ ਕੀਤੀ

---

1- ਛਿਬਰ, ਕੇਸਰ ਸਿੰਘ, <u>ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ</u>, ਪੰਨਾ 5

2- ਓਹੀ, ਪੰਨਾ 12

3- ਓਹੀ, ਪੰਨਾ 29

4- ਓਹੀ, ਪੰਨਾ 169

5- ਓਹੀ, ਪੰਨਾ 36

ਜਾਂਦੀ ਸੀ। ਗੁਰੂ ਅੰਗਦ ਦੇਵ ਜੀ ਦੀ ਗੁਰਿਆਈ ਦਾ ਜ਼ਿਕਰ ਕਰਦਿਆਂ ਇਸ ਤਥ ਦੀ ਰਚਨਾਕਾਰ ਪ੍ਰੋੜਤਾ ਕਰਦਾ ਹੈ:-

ਗੁਰੂ ਨਾਨਕ ਜੀ ਪੁਤ ਪੋਤੇ ਡਿਠੇ ਅਜਮਾਏ।
ਲਾਇਕ ਗੁਰਿਆਈ ਦੀ ਅੰਗਦ ਠਹਿਰਾਈ।[1]

ਸਪਸ਼ਟ ਹੈ ਕਿ ਉਤਰਾਧਿਕਾਰ ਦੀ ਚੋਣ ਵਿਚ ਵੰਸ਼ ਪਰੰਪਰਾ ਦੀ ਕੋਈ ਵਿਸ਼ੇਸ਼ ਭੂਮਿਕਾ ਨਹੀਂ ਸੀ। ਗੁਰੂ ਜੋਤਿ ਦਾ ਨਿਵਾਸ ਉਸੇ ਵਿਚ ਹੋ ਸਕਦਾ ਸੀ, ਜਿਹੜਾ ਗੁਣਾਂ ਕਰਕੇ ਉਸ ਦੇ ਯੋਗ ਬਣ ਚੁਕਾ ਹੋਵੇ। ਗੁਰੂ ਅੰਗਦ ਦੇਵ ਜੀ ਦੇ ਸੇਵਾ ਦੇ ਗੁਣ ਨੇ ਉਹਨਾਂ ਨੂੰ ਗੁਰਿਆਈ ਦੇ ਹਕਦਾਰ ਬਣਾ ਦਿਤਾ:-

ਦੋਇ ਸਾਲ ਤਿਨ ਟਹਿਲ ਕਮਾਈ।
ਟਹਲਹਿ ਤੇ ਗੁਰਿਆਈ ਪਾਈ।[2]

ਗੁਰੂ ਪਰੰਪਰਾ ਵਿਚ ਇਕ ਗੁਰੂ ਤੋਂ ਬਾਅਦ ਦੂਜੇ ਗੁਰੂ ਦਾ ਗਦੀਨਸ਼ੀਨ ਹੋਣਾ, ਉਤਰਾਧਿਕਾਰੀ ਗੁਰੂ ਦੀ ਬਾਕਾਇਦਾ ਚੋਣ ਕਰਨਾ ਅਤੇ ਗੁਰੂ ਪੱਦ ਦੀਆਂ ਜ਼ਿੰਮੇਵਾਰੀਆਂ ਦਾ ਇਕ ਗੁਰੂ ਤੋਂ ਦੂਜੇ ਗੁਰੂ ਪਾਸ ਪਹੁੰਚਣਾ, ਕਿਸੇ ਨਿਰੇ ਪੁਰੇ ਅਧਿਆਤਮਕ ਉਦੇਸ਼ ਨਾਲ ਪ੍ਰੇਰਿਤ ਨਹੀਂ ਸੀ ਸਗੋਂ ਨਿਰੰਤਰ ਚਲਨ ਵਾਲੀ ਇਸ ਗੁਰੂ ਪਰੰਪਰਾ ਦੀ ਰੁਚੀ ਦੁਨਿਆਵੀ ਖੇਤਰ ਦੀਆਂ ਸੰਸਥਾਵਾਂ ਨਾਲ ਵੀ ਸੰਬੰਧਿਤ ਸੀ।ਇਸੇ ਲਈ ਕੇਸਰ ਸਿੰਘ ਛਿਬਰ ਨੂੰ ਗੁਰੂ ਪਰੰਪਰਾ ਵਿਚੋਂ ਇਕ ਵਿਕਲਪਿਕ ਰਾਜ ਉਸਰਦਾ ਨਜ਼ਰ ਆਉਂਦਾ ਹੈ। ਦਸਵੇਂ ਗੁਰੂ ਗੁਰੂ ਗੋਬਿੰਦ ਸਿੰਘ ਜੀ ਦੀ ਗੁਰਿਆਈ ਧਾਰਣ ਕਰਨ ਦਾ ਜ਼ਿਕਰ ਕਰਦਿਆਂ ਕੇਸਰ ਸਿੰਘ ਛਿਬਰ 'ਤਖਤ', 'ਰਾਜ ਤਖਤ' ਅਤੇ 'ਰਾਜ ਸਿੰਘਾਸਨ' ਸ਼ਬਦਾਂ ਦੀ ਵਰਤੋਂ ਕਰਦਾ ਹੈ:

---

1- ਛਿਬਰ ਕੇਸਰ ਸਿੰਘ, ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ, ਪੰਨਾ 18

2- ਓਹੀ, ਪੰਨਾ 14

ੳ) ਤਖਤ ਬੈਠਾ ਗੁਰੂ ਕਲਗੀਵਾਲਾ ਦੀਦਾਰੁ ਕਰਨ ਚਲੇ ਸਭ ਕੋਈ।[1]

ਅ) ਸਾਇਤ ਸੁਭ ਨਿਛਤ੍ਰ ਦੇਹ ਬਤਾਇ।

ਜੋ ਰਾਜ ਤਖਤੁ ਗੁਰਿਆਈ ਦੇ ਸਾਹਿਬ ਬੈਠਨ ਜਾਇ।[2]

ੲ) ਰਾਜ ਸਿੰਘਾਸਣ ਗੁਰਿਆਈ ਦੇ ਸਾਹਿਬ ਬੈਠੇ ਤਿਲਕ ਲਾਇਆ।[3]

ਤੀਜੇ ਗੁਰੂ, ਗੁਰੂ ਅਮਰਦਾਸ ਜੀ ਦੇ ਜੀਵਨ ਦੀ ਇਕ ਘਟਨਾ ਦਾ ਜ਼ਿਕਰ ਕਰਦਿਆਂ, ਰਚਨਾਕਾਰ 'ਗੁਰੂ ਕੇ ਰਾਜ' ਸ਼ਬਦ ਦਾ ਇਸਤੇਮਾਲ ਕਰਦਾ ਹੈ:-

ਬਚਨ ਕੀਤਾ ਗੁਰੂ ਕੇ ਰਾਜ ਵਿਚਿ ਮਾਪਿਆਂ ਅਗੇ ਪੁਤ੍ਰ ਨ ਮਰਸੀ।

ਵਿਧਵਾ ਨਾਰ ਨ ਸਤਿਗੁਰ ਕਰਸੀ।[4]

ਗੁਰੂ ਅਮਰਦਾਸ ਜੀ ਦੇ ਰਾਜ ਦੀਆਂ ਵਿਸ਼ੇਸ਼ਤਾਵਾਂ ਦਸਦਿਆਂ ਕੇਸਰ ਸਿੰਘ ਦਸਦਾ ਹੈ:-

ਰਾਜ ਗੁਰੂ ਅਮਰਦਾਸ ਜੀ ਦਾ ਆਹਾ।

ਨ ਕੋਈ ਬੈਠੇ ਵਿਧਵਾ ਨ ਪਿਤਾ ਅਗੇ ਪੁਤ ਫਨਾਹ।

ਚੋਰ ਧਾੜ ਜਲੁ ਅਗਨ ਅਉੜ ਕੁਛ ਬਿਘਨ ਨ ਹੋਈ।

ਜਗਤਿ ਮੈ ਚੈਨ ਆਰਾਮ ਦੁਖੀ ਰਹੈ ਨ ਕੋਈ।[5]

ਗੁਰੂ ਦੇ ਇਸ ਵਿਕਲਪਿਕ ਰਾਜ ਦੀ ਮਹੱਤਤਾ ਤੋਂ ਵੇਲੇ ਦੀ ਹਕੂਮਤ ਬੜੀ ਚਿੰਤਾਤੁਰ ਸੀ। ਗੁਰੂ ਸਾਹਿਬਾਨ ਨੂੰ ਉਹਨਾਂ ਦੇ ਪੈਰੋਕਾਰ ਪਾਤਸ਼ਾਹ ਸਦਦੇ ਸਨ ਅਤੇ ਤੱਤਕਾਲੀਨ ਰਾਜ ਅਧਿਕਾਰੀ ਇਸ ਨੂੰ ਗੰਭੀਰ ਖਤਰਾ ਮੰਨਦੇ ਸਨ। ਗੁਰੂ ਅਰਜਨ ਦੇਵ ਜੀ ਵਿਰੁਧ ਪਾਤਸ਼ਾਹ

---

1- ਛਿਬਰ ਕੇਸਰ ਸਿੰਘ, ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ, ਪੰਨਾ 101

2- ਓਹੀ, ਪੰਨਾ 101

3- ਓਹੀ, ਪੰਨਾ 101

4- ਓਹੀ, ਪੰਨਾ 33

5- ਓਹੀ, ਪੰਨਾ 39

• ਅਖਵਾਉਣ ਦੀ ਸ਼ਿਕਾਇਤ ਦਾ ਜ਼ਿਕਰ ਬੰਸਾਵਲੀਨਾਮੇ ਵਿਚ ਇਸ ਪ੍ਰਕਾਰ ਮਿਲਦੀ ਹੈ:-

ਸਾਹੀਆ ਨਾਲ ਤਿਨਾਂ ਕੀਤੀ ਸਲਾਹ।

ਕਹੀਏ ਨਵਾਬ ਨੂੰ ਏਹ ਆਖਦਾ ਹੈ ਸਚਾ ਪਾਤਸ਼ਾਹ।[1]

ਇਸ ਤਰ੍ਹਾਂ ਕੇਸਰ ਸਿੰਘ ਛਿਬਰ ਦੇ ਬੰਸਾਵਲੀਨਾਮੇ ਅਨੁਸਾਰ ਗੁਰੂ ਪਰੰਪਰਾ ਨਾਲ ਇਕ ਵਿਕਲਪਿਕ ਰਾਜ ਦਾ ਸੰਕਲਪ ਸਬੰਧਤ ਹੁੰਦਾ ਨਜ਼ਰ ਆ ਉਂਦਾ ਹੈ।

ਭਾਈ ਰਤਨ ਸਿੰਘ ਭੰਗੂ ਦਾ ਸ੍ਰੀ ਗੁਰੂ ਪੰਥ ਪ੍ਰਕਾਸ਼ ਸਾਰੀ ਗੁਰੂ ਪਰੰਪਰਾ ਵਿਚੋਂ ਇਕ ਸਮਾਨਾਂਤਰ ਰਾਜ ਦੀ ਸਥਾਪਨਾ ਹੁੰਦੀ ਦਰਸਾਉਂਦਾ ਹੈ ਅਤੇ ਗੁਰੂ ਘਰ ਨੂੰ ਪ੍ਰਭੁਤਾ ਸੰਪੰਨ, ਰਾਜਸੀ ਗੁਣਾਂ ਅਤੇ ਚਿਹਨਾਂ ਦਾ ਧਾਰਣੀ ਦਸਦਾ ਹੈ। ਭਾਈ ਰਤਨ ਸਿੰਘ ਅਨੁਸਾਰ: ਪਹਿਲੇ ਗੁਰੂ, ਗੁਰੂ ਨਾਨਕ ਦੇਵ ਤੋਂ ਹੀ ਗੁਰੂ ਪਰੰਪਰਾ ਇਕ ਪਾਤਸ਼ਾਹੀ ਪਰੰਪਰਾ ਦੇ ਰੂਪ ਵਿਚ ਸਥਾਪਿਤ ਹੋਣੀ ਸ਼ੁਰੂ ਹੋ ਗਈ ਸੀ ਅਤੇ ਲੋਕੀਂ ਗੁਰੂ ਨਾਨਕ ਦੇਵ ਜੀ ਨੂੰ ਛੱਤਰਧਾਰੀ ਪਾਤਸ਼ਾਹ ਕਹਿੰਦੇ ਸਨ:-

ਕੋਉ ਕਹੈ ਪਾਤਸ਼ਾਹ ਯਹ, ਹੋਉਗੁ ਸੁ ਛਤ੍ਰਧਾਰ।[2]

ਗੁਰੂ ਅਮਰਦਾਸ ਜੀ ਦੇ ਸਮੇਂ ਤੋਂ ਗੁਰੂ ਪਰੰਪਰਾ ਨੇ ਜਾਹਿਰਾ ਤੌਰ ਤੇ ਪਾਤਸ਼ਾਹੀ ਦਾ ਦਾਵਾ ਕਰਨਾ ਅਰੰਭ ਕਰ ਦਿੱਤਾ ਸੀ:-

ਅੰਗਦ ਤੇ ਗੁਰ ਭਯੋ ਅਮਰਦਾਸ ਕੀਯੋ ਪਾਤਸ਼ਾਹੀ ਦਾਵਾ ਜਾਸ।

ਬਾਈ ਸੂਬੇ ਜਿਨ੍ਹੈਂ ਨਿਵਾਏ ਪਾਤਿਸ਼ਾਹੀ ਦਾਵੇ ਜਿਤਨ ਜਤਾਵੈ।[3]

ਗੁਰੂ ਗੋਬਿੰਦ ਸਿੰਘ ਨੇ ਗੁਰੂ ਪਰੰਪਰਾ ਦੇ ਨਿਰੰਤਰ ਚਲੇ ਆ ਰਹੇ ਇਸ ਪਾਤਸ਼ਾਹੀ ਦਾਵੇ ਨੂੰ ਖਾਲਸਾ ਪੰਥ ਨੂੰ ਬਖਸ਼ ਦਿੱਤਾ:-

---

1- ਛਿਬਰ ਕੇਸਰ ਸਿੰਘ, ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ, ਪੰਨਾ 50

2- ਭੰਗੂ, ਰਤਨ ਸਿੰਘ; ਸ੍ਰੀ ਗੁਰੂ ਪੰਥ ਪ੍ਰਕਾਸ਼, ਪੰਨਾ 44

3- ਓਹੀ, ਪੰਨਾ 60

ਪੁਨ ਗੋਬਿੰਦ ਸਿੰਘ ਭਏ ਜਲਧਾਰੀ ਦੇ ਪਾਤਸ਼ਾਹੀ ਕੀਯੋ ਪੰਥ ਭਾਰੀ।[1]

ਭਾਈ ਰਤਨ ਸਿੰਘ ਅਨੁਸਾਰ ਤਤਕਾਲੀਨ ਮੁਗਲ ਬਾਦਸ਼ਾਹਾਂ ਲਈ ਗੁਰੂ ਸਾਹਿਬਾਨ ਦਾ ਪਾਤਸ਼ਾਹੀ ਦਾਵਾ ਇਕ ਰਾਜਸੀ ਚਨੌਤੀ ਸੀ। ਇਸੇ ਲਈ ਗੁਰੂ ਤੇਗ ਬਹਾਦਰ ਜਦੋਂ ਆਪਣੀ ਸ਼ਹਾਦਤ ਦੇਣ ਲਈ ਦਿੱਲੀ ਆਏ ਤਾਂ ਉਹਨਾਂ ਪਾਸੋਂ ਮੁਗਲ ਬਾਦਸ਼ਾਹ ਨੇ ਇਸੇ ਤੱਥ ਦਾ ਸਪਸ਼ਟੀਕਰਣ ਮੰਗਿਆ ਕਿ ਉਹ ਸੱਚਾ ਪਾਤਸ਼ਾਹ ਕਿਉਂ ਅਖਵਾਉਂਦੇ ਹਨ:

ਆਕੇ ਦਿਖਾਇਉ ਕਰਾਂ ਸੁ ਮਾਤ ਜਿਮ ਗੁਰੂ ਅਖਾਵੈਂ ਦਿਖਾਓ ਸਊ ਬਾਤ।
ਜਿਮ ਤੁਮ ਪਤਸਾਹੁ ਸੱਚੇ ਸਦਵਾਵੈਂ, ਜਿਮ ਕਰ ਹਮਕੋ ਝੂਠ ਠਹਿਰਾਵੈਂ।[2]

ਅਸਲ ਵਿਚ ਗੁਰੂ ਪਰੰਪਰਾ, ਤਤਕਾਲੀਨ ਰਾਜ ਦੇ ਸਮਾਨਾਂਤਰ ਇਕ ਵਿਵਸਥਾ ਦੇ ਰੂਪ ਵਿਚ ਸਥਾਪਿਤ ਹੋ ਚੁੱਕੀ ਸੀ। ਭਾਈ ਰਤਨ ਸਿੰਘ ਅਨੁਸਾਰ ਗੁਰੂ ਤੇਗ਼ ਬਹਾਦਰ ਆਪਣੇ ਸਮਕਾਲੀ ਬਾਦਸ਼ਾਹ ਔਰੰਗਜ਼ੇਬ ਵਿਰੁਧ ਇਕ ਪੂਰਣ ਵਿਵਸਥਾ ਦੇ ਮੋਢੀ ਸਨ ਅਤੇ ਦੁਨੀਆਂ ਸਾਹਮਣੇ ਇਹ ਪ੍ਰਤੱਖ ਹਕੀਕਤ ਸੀ ਕਿ ਇਕ ਪਾਸੇ ਔਰੰਗਜ਼ੇਬ ਹੈ ਅਤੇ ਦੂਜੇ ਪਾਸੇ ਗੁਰੂ ਤੇਗ ਬਹਾਦੁਰ:-

ਇਤ ਨੌਰੰਗ ਉਤ ਤੇਗ਼ ਬਹਾਦੁਰ ਭਏ ਜਗਤ ਮੈ ਦੁਊ ਉਜਾਗਰ।[3]

ਦੋਹਾਂ ਧਿਰਾਂ ਔਰੰਗਜ਼ੇਬ ਅਤੇ ਗੁਰੂ ਤੇਗ਼ ਬਹਾਦੁਰ ਦੇ ਸੰਘਰਸ਼ ਵਿਚ ਗੁਰੂ ਤੇਗ ਬਹਾਦੁਰ ਨੂੰ ਆਪਣੀ ਦੇਹ ਦੀ ਸ਼ਹਾਦਤ ਦੇਣੀ ਪਈ ਪਰ ਇਸ ਕੁਰਬਾਨੀ ਨੇ ਦਿੱਲੀ ਦੀ ਬਾਦਸ਼ਾਹਤ ਦੀ ਜੜ ਉਖੇੜ ਦਿੱਤੀ:-

ਗੁਰ ਤੇਗ ਬਹਾਦਰ ਦੇਹ ਦਿਲੀ ਲਾਈ, ਦਿਲੀ ਪਤਿ ਉਨ ਜੜ੍ਹ ਉਖੜਾਈ।[4]

---

1- ਭੰਗੂ, ਭਾਈ ਰਤਨ ਸਿੰਘ, ਸ੍ਰੀ ਗੁਰੂ ਪੰਥ ਪ੍ਰਕਾਸ਼, ਪੰਨਾ 61

2- ਓਹੀ, ਪੰਨਾ 66

3- ਓਹੀ, ਪੰਨਾ 62

4- ਓਹੀ, ਪੰਨਾ 71

ਗੁਰੂ ਤੇਗ ਬਹਾਦੁਰ ਦੀ ਸ਼ਹਾਦਤ ਉਪਰੰਤ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਿਰਜਨਾ ਕੀਤੀ ਅਤੇ ਲੰਮੇ ਸਮੇਂ ਤੋਂ ਸ਼ੋਸ਼ਣ ਦਾ ਸ਼ਿਕਾਰ ਹੋ ਰਹੀ ਆਮ ਗਰੀਬ ਜਨਤਾ ਨੂੰ ਪਾਤਸ਼ਾਹੀ ਦੇਣ ਦਾ ਸੰਕਲਪ ਕੀਤਾ। ਭਾਈ ਰਤਨ ਸਿੰਘ ਭੰਗੂ ਗੁਰੂ ਗੋਬਿੰਦ ਸਿੰਘ ਦੇ ਇਸੇ ਸੰਕਲਪ ਨੂੰ ਪ੍ਰਗਟਾਉਂਦਿਆਂ ਲਿਖਦੇ ਹਨ:-

ਅਬ ਦਯੋ ਪਾਤਸ਼ਾਹੀ ਗਰੀਬਨ ਉਠਾਇ, ਵੈ ਜਾਨੈ ਗੁਰੁ ਦਈ ਹੈ ਮਾਇ।[1]

ਪਹਾੜੀ ਰਾਜਿਆਂ ਨੂੰ ਹਰਾਉਣ ਤੋਂ ਬਾਅਦ ਅਨੰਦਪੁਰ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਰਾਜ ਸ਼ਕਤੀ ਸਥਾਪਿਤ ਹੋਣ ਦਾ ਜ਼ਿਕਰ ਭਾਈ ਰਤਨ ਸਿੰਘ ਨੇ ਕੀਤਾ ਹੈ:-

ਤੋਂ ਪ੍ਰਬਤੀਯਨ ਅਨ ਮਚਾਈ ਲਰਾਈ ਸਿੰਘਨ ਦੀਏ ਰਾਜੇ ਭਜਾਈ।
ਹੋਇ ਫਿਕੇ ਘਰ ਬੈਠੇ ਜਾਇ, ਮੁਲਕ ਲਯੋ ਉਨ ਸਿੰਘਨ ਉਗਰਾਹਿ।[2]

ਭਾਈ ਰਤਨ ਸਿੰਘ ਅਨੁਸਾਰ ਗੁਰੂ ਸਾਹਿਬ ਦੀ ਫੌਜ ਤੋਂ ਹਾਰ ਖਾ ਕੇ ਪਹਾੜੀ ਰਾਜਿਆਂ ਨੇ ਦਿੱਲੀ ਦੇ ਮੁਗਲ ਬਾਦਸ਼ਾਹ ਨੂੰ ਸ਼ਿਕਾਇਤ ਕੀਤੀ ਕਿ ਗੁਰੂ ਗੋਬਿੰਦ ਸਿੰਘ ਜੀ ਪਾਸ ਸੈਨਿਕ ਸ਼ਕਤੀ ਅਤੇ ਧਨ ਦੀ ਕੋਈ ਕਮੀ ਨਹੀਂ, ਅਤੇ ਉਹ ਪਾਤਸ਼ਾਹੀ ਦਾ ਦਾਵਾ ਕਰਦੇ ਹਨ:-

ਉਨਨੈ ਫੌਜ ਬਹੁਤੋ ਕਰ ਲਈ, ਉਨ ਪਹਿ ਦ੍ਰਬ ਆਵਤ ਬਹੁਤਈ।
ਵਹੁ ਗੁਰੂ ਕਹਾਵੈ ਸਾਰੀ ਹਿੰਦ, ਵਹੁ ਚਾਹੈ ਮਾਰੈ ਪਾਤਸ਼ਾਹਨ ਜਿੰਦ।
ਵਹੁ ਆਪ ਸਚਾ ਪਤਿਸ਼ਾਹ ਕਹਾਵੈ ਵਹੁ ਤੁਮਕੋ ਝੂਠਾ ਸ਼ਾਹ ਬਨਾਵੈ।[3]

ਗੁਰੂ ਗੋਬਿੰਦ ਸਿੰਘ ਜੀ ਦੀ ਰਾਜਸੀ ਸਾਜ ਸੱਜਾ ਦਾ ਜ਼ਿਕਰ ਵੀ ਭਾਈ ਰਤਨ ਸਿੰਘ ਨੇ ਕੀਤਾ ਹੈ। ਉਸ ਅਨੁਸਾਰ ਜਦੋਂ ਗੁਰੂ ਸਾਹਿਬ ਦੱਖਣ ਵਲ ਜਾਂਦੇ ਸਮੇਂ ਦਾਦੂ ਦੁਆਰੇ ਪਹੁੰਚੇ

---

1- ਭੰਗੂ,ਭਾਈ ਰਤਨ ਸਿੰਘ, ਸ੍ਰੀ ਗੁਰੂ ਪੰਥ ਪ੍ਰਕਾਸ਼, ਪੰਨਾ 72

2- ਓਹੀ, ਪੰਨਾ 87

3- ਓਹੀ, ਪੰਨਾ 88

ਤਾਂ ਉਹਨਾਂ ਨਾਲ ਸਿੱਖਾਂ ਦਾ ਵਡਾ ਕਾਫਿਲਾ ਸੀ ਅਤੇ ਕਾਫਿਲੇ ਦਾ ਸਰੂਪ ਪੂਰੀ ਤਰਾਂ ਰਾਜਸੀ ਸਾਜ ਸੱਜਾ ਨਾਲ ਪੁਰ ਸੀ:-

ਬਜੈ ਨਗਾਰੇ ਝੂਲਹਿ ਨਿਸ਼ਾਨ ਪੜ੍ਹੈ ਬਾਣੀਆਂ ਜਿਸ ਕਰੈ ਨਾ ਕਾਣ।
ਚੰਡੀ ਚਰਿਤ੍ਰ ਔ ਚੰਡੀ ਕੀ ਵਾਰ ਅਕਾਲ ਉਸਤਤ ਕੋ ਕਰੈ ਉਚਾਰ।[1]

ਭਾਈ ਰਤਨ ਸਿੰਘ ਨੇ ਬਹੁਤ ਸਾਰੇ ਸੰਗੀਤ-ਸਾਜਾਂ ਦੇ ਨਾਮ ਵੀ ਗਿਣਾਏ ਹਨ; ਜਿਹੜੇ ਗੁਰੂ ਘਰ ਦੀ ਸੰਗੀਤ-ਪਰੰਪਰਾ ਨਾਲ ਜੁੜੇ ਹਨ ਅਤੇ ਉਸਦੀ ਸੁਨੇਹੋਂਕਤ ਅਤੇ ਰਾਜਸੀ ਚਰਿਤਰ ਨੂੰ ਉਭਾਰਦੇ ਹਨ। ਇਨ੍ਹਾਂ ਸਾਜਾਂ ਵਿਚ - ਵਾਜਾ, ਮ੍ਰਿਦੰਗ, ਉਪੰਗ, ਰਬਾਬ, ਵੀਣਾ, ਸਿਤਾਰ, ਤੇ ਤੰਬੂਰਾ ਆਦਿ ਪ੍ਰਮੁੱਖ ਹਨ:-

ਕਿਤ ਝਾਂਝ ਮ੍ਰਿਦੰਗ ਉਪੰਗ ਬਜੈ ਕਿਤ ਦੁਇ ਕਰ ਤਾਲ ਰਬਾਬ ਬਜੈ।
ਜਲਬੀਨ ਸੁ ਬੀਨ ਪ੍ਰਵੀਨ ਸਜੈ, ਕਿਤ ਤਾਰ ਸਤਾਰ ਤੰਬੂਰ ਸਜੈ।
ਜਣ ਕਿੰਨਰ ਨਾਰਦ ਗਹਿ ਹੂ ਹੂ, ਧੁਨ ਤੋਮਰ,ਉਲੂਕ ਸੁਨ ਸਾਜ ਸਜੈ।
ਇਮ ਠਾਠ ਠਟਯੋ ਸੁ ਹਜ਼ੂਰ ਗੁਰੂ ਲਖ ਹੋਤ ਇੰਦ੍ਰਸਨ ਲਾਜ ਲਜੈ।[2]

ਇਨ੍ਹਾਂ ਸਾਰੇ ਪ੍ਰਮਾਣਾਂ ਨਾਲ ਭਾਈ ਰਤਨ ਸਿੰਘ ਭੰਗੂ ਗੁਰੂ ਪਰੰਪਰਾ ਨੂੰ ਇਕ ਵਿਕਲਪਿਕ ਰਾਜ ਦੇ ਰੂਪ ਵਿਚ ਸਥਾਪਿਤ ਕਰਦਾ ਹੈ।

ਗਿਆਨੀ ਗਿਆਨ ਸਿੰਘ ਦੇ ਪੰਥ ਪ੍ਰਕਾਸ਼ ਵਿਚੋਂ ਵੀ ਇਸ ਤੱਥ ਦੀ ਪ੍ਰੋੜਤਾ ਕਰਨ ਵਾਲੇ ਪ੍ਰਮਾਣ ਮਿਲਦੇ ਹਨ ਕਿ ਗੁਰੂ ਪ੍ਰੰਪਰਾ ਨਾਲ ਇਕ ਵਿਕਲਪਿਕ ਰਾਜ ਦਾ ਸੰਕਲਪ ਜੁੜਦਾ ਜਾ ਰਿਹਾ ਸੀ। ਗਿਆਨੀ ਗਿਆਨ ਸਿੰਘ ਅਨੁਸਾਰ ਗੁਰੂ ਪਰੰਪਰਾ ਦੇ ਦਸੇ ਗੁਰੂ ਸਾਹਿਬਾਨ ਮੀਰੀ ਪੀਰੀ ਦੇ ਸੰਯੁਕਤ ਵਿਅਕਤਿਤਵ ਦੇ ਮਾਲਕ ਸਨ ਅਤੇ ਲੋਕੀਂ ਉਹਨਾਂ ਨੂੰ ਇਕ ਵਿਕਲਪ ਦੇ ਰੂਪ ਵਿਚ ਸੱਚਾ ਪਾਤਸ਼ਾਹ ਮੰਨਦੇ ਸਨ:-

---

1- ਭੰਗੂ, ਭਾਈ ਰਤਨ ਸਿੰਘ, ਸ੍ਰੀ ਗੁਰੂ ਪੰਥ ਪ੍ਰਕਾਸ਼, ਪੰਨਾ 118

2- ਓਹੀ, ਪੰਨਾ 118

ਯਾ ਬਿਧਿ ਭੀ ਜੋ ਦਸ ਗੁਰੁ ਗਾਥੇ।

ਸਾਹਿਨ ਸਾਹਿ ਭਏ ਜਗ ਸਾਚੇ।

ਮੀਰ ਪੀਰ ਅਵਤਾਰ ਪਿਰੰਬਰ।

ਭਏ ਗੁਰੂਨ ਮੈ ਚਾਰੋ ਨੰਬਰ।

ਸਾਹੀ ਤੈ ਸਾਚੇ ਪਤਸਾਹਿ।

ਸਭ ਜਨ ਬੋਲਤ ਹੈ ਜਗ ਮਾਹਿ।[1]

ਗਿਆਨੀ ਗਿਆਨ ਸਿੰਘ ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਜੀਵਨ ਵਿਚ ਮਹੱਤਵਪੂਰਣ ਰਾਜਸੀ ਗੁਣਾਂ ਨੂੰ ਅਪਣਾ ਲਿਆ ਸੀ ਅਤੇ ਉਹਨਾਂ ਦੇ ਦਰਬਾਰ ਵਿਚ ਆਵਸ਼ਕ ਰਾਜਸੀ ਚਿਹਨ ਮੌਜੂਦ ਸਨ। ਗੁਰੂ ਦਰਬਾਰ ਦੇ ਰਾਜਸੀ ਚਰਿੱਤਰ ਦੀ ਸ਼ਿਕਾਇਤ ਬਾਦਸ਼ਾਹ ਜਹਾਂਗੀਰ ਪਾਸ ਕੀਤੀ ਗਈ ਜਿਸਦਾ ਜ਼ਿਕਰ ਗਿਆਨੀ ਗਿਆਨ ਸਿੰਘ ਨੇ ਅਪਣੀ ਰਚਨਾ ਵਿਚ ਕੀਤਾ ਹੈ। ਬਾਦਸ਼ਾਹ ਨੂੰ ਸ਼ਿਕਾਇਤ ਵਿਚ ਕਿਹਾ ਗਿਆ ਸੀ ਕਿ ਗੁਰੂ ਹਰਿਗੋਬਿੰਦ ਸਾਹਿਬ ਪਾਸ ਦੌਲਤ ਦਾ ਭੰਡਾਰ ਹੈ; ਉਹਨਾਂ ਨੇ ਫੌਜ ਸੰਗਠਿਤ ਕਰ ਲਈ ਹੈ ਅਤੇ ਸ਼ਿਕਾਰ ਖੇਡਣ ਵੀ ਜਾਂਦੇ ਹਨ। ਗੁਰੂ ਸਾਹਿਬ ਨੇ ਅਕਾਲ ਤਖਤ ਵੀ ਉਸਾਰ ਲਿਆ ਹੈ ਅਤੇ ਉਹ ਸੱਚਾ ਪਾਤਸ਼ਾਹ ਬਣ ਕੇ ਅਪਣੇ ਸੀਸ ਉਤੇ ਚਵਰ ਕਰਵਾਉਂਦੇ ਹਨ। ਸਿੱਖ ਉਹਨਾਂ ਨੂੰ ਅਪਣਾ ਮਾਲਕ ਕਹਿੰਦੇ ਹਨ ਅਤੇ ਸਿੱਖ ਸੰਗਤਾਂ ਵਿਚ ਗੁਰੂ ਦੇ ਰਾਜ ਕਾਇਮ ਹੋਣ ਦੀ ਆਮ ਚਰਚਾ ਹੈ:-

ਅਬ ਉਸਕਾ ਸੁਤ ਹੈ ਹਰਿਗੋਬਿੰਦ। ਜਿਸਕੈ ਢਿਗ ਦੌਲਤ ਹੈ ਬੁਲੰਦ।

ਬਹੁ ਫੌਜ ਲਈ ਉਨ ਰੱਖ ਪਾਸ। ਨਿਤ ਖੇਲਤ ਜਾਤ ਸ਼ਿਕਾਰ ਖਾਸ।

ਰਚ ਲਯੋ ਤਖਤ ਅਕਾਲ ਨਾਮ। ਸਾਚੋ ਪਾਤਿਸ਼ਾਹਿ ਸਦਾ ਇਆਮ।

ਕਰਵਾਵਤ ਮੂਠਾ ਚੌਰ ਸੀਸ। ਸਿਖ ਤਾਂਹਿ ਕਹਿਤ ਅਵਤਾਰ ਈਸ।

---

1- ਗਿਆਨੀ ਗਿਆਨ ਸਿੰਘ; ਸ੍ਰੀ ਗੁਰੂ ਪੰਥ ਪ੍ਰਕਾਸ਼; ਪੰਨਾ 25

ਅਬ ਰਾਜ ਹੋਇ ਹੈ ਗੁਰੂ ਕੇਰ। ਸਬ ਅਪਸ ਮੈਂ ਸਿਖ ਰਹੇ ਟੇਰ।[1]

ਅਨੰਦਪੁਰ ਵਿਖੇ ਗੁਰੂ ਗੋਬਿੰਦ ਸਿੰਘ ਦੀ ਰਾਜਸੀ ਸਾਜ ਸੱਜਾ ਦਾ ਜ਼ਿਕਰ ਕਰਦਿਆਂ ਗਿਆਨੀ ਗਿਆਨ ਸਿੰਘ ਦਾ ਕਥਨ ਹੈ ਕਿ ਗੁਰੂ ਦਰਬਾਰ ਵਿਚ ਅਪਾਰ ਸੰਗਤਾਂ ਗੁਰੂ ਦਰਸ਼ਨਾਂ ਨੂੰ ਆਉਂਦੀਆਂ ਹਨ ਅਤੇ ਮਾਇਆ ਅਰਪਣ ਕਰਦੀਆਂ ਹਨ। ਗੁਰੂ ਸਾਹਿਬ ਉਹਨਾਂ ਦੀਆਂ ਮਨੋਕਾਮਨਾਵਾਂ ਪੂਰੀਆਂ ਕਰਦੇ ਹਨ। ਇਸ ਤੋਂ ਅਲਾਵਾ ਗੁਰੂ ਸਾਹਿਬ ਨਗਾਰੇ ਬਜਵਾ ਕੇ ਸ਼ਿਕਾਰ ਲਈ ਜਾਂਦੇ ਹਨ। ਇਹ ਸਾਰਾ ਕੁਝ ਪਹਾੜੀ ਰਾਜਿਆਂ ਨੂੰ ਨਹੀਂ ਸੁਹਾਉਂਦਾ:-

ਅਨੰਦਪੁਰੀ ਮਝਾਰ ਕੇ ਹੈ ਗੁਰ ਮੋਦ ਧਾਰ,।  
ਸੰਗਤਾਂ ਅਪਾਰ ਆਇ ਦੇਤ ਧਨ ਭਾਰ ਹੈ।  
ਪਾਇ ਮਨੋ ਕਾਮਨਾ ਸਿਧਾਇ ਨਿਜ ਧਾਮ ਕਰ,  
ਧਰਮ ਕ੍ਰਿਤ ਸਬ ਸਾਧਤ ਬਿਹਾਰ ਹੈ।  
ਗੁਰੂ ਜੀ ਨਗਾਰਾ ਬਜਵਾਇ ਜਾਇ ਜੰਗਲੋਂ ਮੈਂ,  
ਖੇਲਤ ਸ਼ਿਕਾਰ ਮ੍ਰਿਗ ਸ਼ੇਰ ਬਹੁ ਮਾਰ ਹੈਂ।  
ਜਦਪਿ ਪਹਾਰੀ ਭੂਪ ਦੇਖ ਕੈ ਗੁਰੂ ਕੋ ਰੂਪ,  
ਮਾਨੇ ਮਨ ਦੂਖ ਖੂਪ ਬਹੇ ਬਲਦਾਰ ਹੈ।[2]

ਗੁਰੂ ਦਰਬਾਰ ਨਾਲ ਜੁੜੀਆਂ ਸਿੱਖ ਸੰਗਤਾਂ ਦੀ ਸਮਰਪਣ ਦੀ ਭਾਵਨਾ ਅਤੇ ਗੁਰੂ ਸਾਹਿਬ ਵਲੋਂ ਉਹਨਾਂ ਦੇ ਕਲਿਆਣ ਦਾ ਸੰਕਲਪ ਕਰਨਾ, ਗੁਰੂ ਪਰੰਪਰਾ ਦੀ ਵਿਲੱਖਣਤਾ ਦਰਸਾਉਂਦਾ ਹੈ। ਗਿਆਨੀ ਗਿਆਨ ਸਿੰਘ ਗੁਰੂ ਪਰੰਪਰਾ ਦੀ ਇਸ ਵਿਲਖਣਤਾ ਨੂੰ ਰਚਨਾ ਰੂਪ ਦੇਂਦੇ ਹਨ:

ਦੇਸ ਬਦੇਸਨ ਤੇ ਨਿਤ ਸੰਗਤ ਆਵਤ ਜਾਵਤ ਸੀਸ ਨਿਵਾਕੈ।  
ਪਾਇਨ ਪਾਸ ਉਪਾਇਨ ਕੋ ਅਰਪਾਇਨ ਪਾਤ ਅਨੇਕ ਲਿਆਕੈ।

---

1- ਗਿਆਨੀ ਗਿਆਨ ਸਿੰਘ; ਸ੍ਰੀ ਗੁਰੂ ਪੰਥ ਪ੍ਰਕਾਸ਼; ਪੰਨਾ 121

2- ਓਹੀ, ਪੰਨਾ 200-201

ਦੇਤ ਅਸੀਸ ਗੁਰੂ ਜਗਦੀਸ ਲਹੈਂ ਫਲ ਬਿਸਵੈ ਬੀਸ ਚਾਹਾ ਕੈ।

ਅਨ ਦਿਵਸ ਵਿਖੈ ਗੁਰੁ ਰਾਜਤ ਛਾਜਤ ਇਦ੍ਰ ਕੇ ਸਮ ਸਭਾ ਕੈ।[1]

ਰਾਗੀ ਤੇ ਰਬਾਬੀਆਂ ਦਾ ਤਰ੍ਹਾਂ ਤਰ੍ਹਾਂ ਦੇ ਸਾਜ਼ਾਂ ਨਾਲ ਰਾਗ ਰਾਗਣੀਆਂ ਉੱਤੇ ਅਧਾਰਤ ਰੱਬੀ ਸੰਗੀਤ ਗਾਇਨ ਕਰਨਾ ਵੀ ਗੁਰੂ ਦਰਬਾਰ ਨੂੰ ਵਿਲਖਣਤਾ ਪ੍ਰਦਾਨ ਕਰਦਾ ਹੈ। ਆਮ ਤੌਰ ਤੇ ਸੰਗੀਤ ਰਾਜ ਦਰਬਾਰ ਦੀ ਸ਼ੋਭਾ ਹੈ। ਗੁਰੂ ਪਰੰਪਰਾ ਨੇ ਸੰਗੀਤ ਨਾਲ ਬਾਣੀ ਜੋੜ ਕੇ ਇਸ ਨੂੰ ਗੁਰੂ ਦਰਬਾਰ ਦੀ ਮਰਿਆਦਾ ਦਾ ਅੰਗ ਬਣਾਇਆ ਹੈ:-

ਰਾਗੀ ਰਬਾਬੀ ਮਿਲਾਇਕੈ ਸਾਜ ਅਲਾਪਤ ਰਾਗਨੀ ਰਾਗ ਅਮਿਤੈ।

ਤਾਰ ਪੁਕਾਰਤ ਹੈ ਕਰਤਾਰ ਅਹੈ ਇਹੁ ਸਾਰ ਸੰਸਾਰ ਅਨਿਤੈ।

ਮੰਜ ਮੰਜੀਰੇ ਮ੍ਰਿਦੰਗ ਉਪੰਗ ਤਾਊਸ ਸਤਾਰ ਬਜੈ ਬਹੁ ਭਿਤੈਂ।

ਗੰਧ੍ਰਪ ਕਿੰਨਰ ਦੇਵ ਰਿਖੀ ਜਨੁ ਆਏ ਰਿਝਾਵਨ ਕੋਗੁਰੁ ਚਿਤੈਂ।[2]

ਗੁਰੂ ਗੋਬਿੰਦ ਸਿੰਘ ਦੀ ਰਾਜਸੀ ਸ਼ਖਸੀਅਤ ਦਾ ਅਨੁਮਾਨ ਪਹਾੜੀ ਰਾਜਿਆਂ ਵਲੋਂ ਬਾਦਸ਼ਾਹ ਔਰੰਗਜ਼ੇਬ ਨੂੰ ਕੀਤੀ ਸ਼ਿਕਾਇਤ ਤੋਂ ਲਾਇਆ ਜਾ ਸਕਦਾ ਹੈ। ਗਿਆਨੀ ਗਿਆਨ ਸਿੰਘ ਨੇ ਇਸ ਸ਼ਿਕਾਇਤ ਨੂੰ ਆਪਣੀ ਕਾਵਿ ਰਚਨਾ ਵਿਚ ਇਸ ਤਰ੍ਹਾਂ ਪ੍ਰਸਤੁਤ ਕੀਤਾ ਹੈ:

ਗੁਰੂ ਨਾਨਕ ਇਕ ਭਯੋ ਫਕੀਰ। ਦੇਸ ਪੰਜਾਬ ਮਾਂਹਿ ਬਡਪੀਰ।

ਤਿਸ ਗਾਦੀ ਪਰ ਦਸਮੀ ਠੋਰੈਂ। ਬਡ ਆਕੜ ਖਾਂ ਬੈਠਯੋ ਘੋਰੈਂ।

ਨਾਮ ਗੋਬਿੰਦ ਸਿੰਘ ਹੈ ਬਡਬੰਕਾ। ਅਪਨਾ ਚਹਿਤ ਬਜਾਯੋ ਡੰਕਾ।

ਹਠੀ ਉਦਾਰ ਸੂਰਮਾ ਭਾਰੀ। ਰਾਮ ਕ੍ਰਿਸ਼ਨ ਸਮ ਬਲੀ ਅਪਾਰੀ।

ਰੁਸਤਮ ਭੀਮ ਕਰਣ ਸਮ ਜੋਧਾ। ਜਿਨ ਲਸ਼ਕਰ ਸ਼ਾਹੀ ਬਹੁ ਸੋਧਾ।[3]

---

1- ਗਿਆਨੀ ਗਿਆਨ ਸਿੰਘ, <u>ਸ੍ਰੀ ਗੁਰੂ ਪੰਥ ਪ੍ਰਕਾਸ਼</u>, ਪੰਨਾ 253

2- ਓਹੀ, ਪੰਨਾ 253

3- ਓਹੀ, ਪੰਨਾ 266

ਪਹਾੜੀ ਰਾਜਿਆਂ ਨੇ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਦੇ ਰਾਜਸੀ ਵਿਅਕਤਿੱਤਵ ਅਤੇ ਜੰਗੀ ਤਿਆਰੀ ਦੀ ਗੰਭੀਰਤਾ ਤੋਂ ਬਾਦਸ਼ਾਹ ਨੂੰ ਆਗਾਹ ਕੀਤਾ ਅਤੇ ਮੁਕਾਬਲੇ ਲਈ ਪੂਰੇ ਬੰਦੋਬਸਤ ਦੀ ਸਲਾਹ ਦਿੱਤੀ। ਇਸ ਆਸ਼ੇ ਦੀ ਗਿਆਨੀ ਗਿਆਨ ਸਿੰਘ ਦੇ ਪੰਥ ਪ੍ਰਕਾਸ਼ ਦੀਆਂ ਪੰਕਤੀਆਂ ਇਸ ਪ੍ਰਕਾਰ ਹੈਨ:-

ਸਾਚੋ ਸ਼ਾਹਿ ਆਪ ਕਹਿਲਾਵੈ। ਤੁਮ ਕੋ ਝੂਠੇ ਸ਼ਾਹਿ ਬਤਾਵੈ।
ਦੇਸ ਮਾਂਹਿ ਬਡ ਗਦਰ ਮਚਾਯਾ। ਅਬ ਚਾਹਿਤ ਦਿੱਲੀ ਪਰ ਆਯਾ।
ਜਬ ਵਹਿ ਆਇ ਧਸੈ ਗੋ ਦਿਲੀ। ਦੇਸ ਦੇਸ ਮੈਂ ਮਚ ਹੈ ਜਿੱਲੀ।
ਹਮਰੀ ਬਾਤ ਨ ਸਮਝੋ ਖਿਲੀ। ਬੰਦੋਬਸਤ ਕਰ ਲਿਹੋ ਬਿਨ ਢਿਲੀ।[1]

ਗਿਆਨੀ ਗਿਆਨ ਸਿੰਘ ਦੀਆਂ ਰਚਨਾਵਾਂ ਦੇ ਇਹਨਾਂ ਪ੍ਰਮਾਣਾਂ ਤੋਂ ਗੁਰੂ ਪਰੰਪਰਾ ਦੇ ਰਾਜਸੀ ਗੁਣ ਸਪਸ਼ਟ ਉਜਾਗਰ ਹੁੰਦੇ ਹਨ ਅਤੇ ਗੁਰੂ ਪਰੰਪਰਾ ਵਿਚੋ ਇਕ ਵਿਕਲਪਿਕ ਰਾਜ ਦੀ ਝਲਕ ਨਜ਼ਰ ਆਉਂਦੀ ਹੈ।

ਉਪਰੋਕਤ ਸਾਰੇ ਵਿਸਤਾਰ ਦੇ ਆਧਾਰ ਉਤੇ ਦੋ ਪ੍ਰਮੁੱਖ ਵਿਚਾਰ ਉਭਰ ਕੇ ਸਾਹਮਣੇ ਆਉਂਦੇ ਹਨ:-

1) ਗੁਰੂਨਾਨਕ ਦੇਵ ਜੀ ਨੇ ਸੰਸਥਾਗਤ ਗੁਰਤਾ ਦੀ ਆਧਾਰਸ਼ਿਲਾ ਰਖ ਕੇ ਵਖ ਵਖ ਜਾਮਿਆਂ ਵਿਚ ਆਪਣੀ ਭੂਮਿਕਾ ਨਿਭਾਈ ਹੈ। ਭੱਟਾਂ ਅਨੁਸਾਰ ਇਹਨਾਂ ਉਦੇਸ਼ਾਂ ਦੀ ਪੂਰਤੀ ਲਈ ਗੁਰੂ ਪਰੰਪਰਾ ਇਕ ਵੰਸ਼ ਦੀ ਤਰ੍ਹਾਂ ਕ੍ਰਿਆਸ਼ੀਲ ਰਹੀ ਹੈ ਜਿਸ ਨੂੰ ਉਹਨਾਂ ਨੇ ਨਾਨਕ-ਕੁਲਿ(ਨਾਨਕ ਵੰਸ਼) ਦਾ ਨਾਮ ਦਿੱਤਾ ਹੈ। ਵਾਸਤਵ ਵਿਚ ਗੁਰੂ ਨਾਨਕ ਦੇਵ ਜੀ ਇਕ ਗੁਰੂ ਤੋਂ ਅਲਾਵਾ ਇਕ ਕੁਲ ਦੇ ਰੂਪ ਵਿਚ ਵੀ ਕ੍ਰਿਆਸ਼ੀਲ ਹਨ। ਇਸਦਾ ਪਰਤੱਖ ਪਰਮਾਣ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਅਧਿਐਨ ਸਹਿਜੇ ਹੀ ਮਿਲਦਾ ਹੈ। ਗੁਰੂ ਗ੍ਰੰਥ ਸਾਹਿਬ

---

1- ਗਿਆਨੀ ਗਿਆਨ ਸਿੰਘ, ਸ੍ਰੀ ਗੁਰੂ ਪੰਥ ਪ੍ਰਕਾਸ਼, ਪੰਨਾ 267

ਵਿਚ ਅੰਕਿਤ ਬਾਣੀ ਦੇ ਰਚਨਾਕਾਰ ਭਾਵੇਂ ਵਖ ਵਖ ਗੁਰੂ ਹਨ ਪਰ ਗੁਰੂ ਨਾਨਕ ਤੋਂ ਬਾਅਦ ਹਰ ਗੁਰੂ ਨੇ ਬਾਣੀ ਦੀ ਰਚਨਾ ਕਰਕੇ ਆਪਣੀ ਪਛਾਣ ਲਈ, ਆਪਣੇ ਵਿਅਕਤੀ ਨਾਮ ਦੀ ਵਰਤੋਂ ਨਹੀਂ ਕੀਤੀ ਬਲਿਕ ਕੁਲ-ਨਾਮ,' ਨਾਨਕ' ਦੀ ਵਰਤੋਂ ਕੀਤੀ ਹੈ। ਇਸ ਤੱਥ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਨਾਨਕ ਇਕ ਗੁਰੂ ਦੇ ਨਾਲ ਨਾਲ ਇਕ ਵੰਸ਼ ਪਰੰਪਰਾ ਵੀ ਸੀ। ਰਘੁਵੰਸ਼ੀ ਰਾਮ ਤੇ ਯਦੁਬੰਸੀ ਕ੍ਰਿਸ਼ਨ ਦੀ ਤਰ੍ਹਾਂ ਗੁਰੂਆਂ ਦਾ ਨਾਨਕ ਵੰਸ਼ ਦੇ ਰੂਪ ਵਿਚ ਇਕ ਵੰਸ਼-ਪਰੰਪਰਾ ਵਿਚ ਜੁੜਨਾ ਮਧਕਾਲੀਨ ਭਾਰਤ ਦੀ ਬੜੀ ਅਨੋਖੀ ਘਟਨਾ ਸੀ। ਇਸ ਨਾਨਕ-ਵੰਸੀ ਪਰੰਪਰਾ ਵਿਚ ਹਰ ਗੁਰੂ ਆਪਣੇ ਉਤਰਾਧਿਕਾਰੀ ਦੀ ਚੋਣ ਆਪ ਕਰਦਾ ਹੈ ਅਤੇ ਗੁਰਗੱਦੀ ਬਖਸ਼ਣ ਸਮੇ ਆਪਣੀ ਜੋਤ ਉਤਰਾਧਿਕਾਰੀ ਗੁਰੂ ਵਿਚ ਟਿਕਾਉਂਦਾ ਹੈ। ਨਾਨਕ ਵੰਸ ਦੀ ਪਰੰਪਰਾ ਦੁਨਿਆਵੀ ਵੰਸ-ਪਰੰਪਰਾ ਕੋਲੋਂ ਭਿੰਨ ਹੈ। ਇਸ ਪਰੰਪਰਾ ਵਿਚ ਪ੍ਰਥਮਿਕਤਾ ਅਧਿਆਤਮਕ ਗੁਣਾਂ ਤੇ ਦੈਵੀ ਕਦਰਾਂ ਨੂੰ ਪ੍ਰਾਪਤ ਹੈ। ਗੁਰੂਆਂ ਦੁਆਰਾ ਉਤਰਾਧਿਕਾਰੀ ਦੀ ਚੋਣ ਵੀ ਦੁਨਿਆਵੀ ਵੰਸ ਪਰੰਪਰਾ ਦੇ ਆਧਾਰ ਤੇ ਨਹੀਂ ਬਲਕਿ ਦੈਵੀ ਗੁਣਾਂ ਦੇ ਆਧਾਰ ਤੇ ਹੁੰਦੀ ਹੈ। ਗੁਰੂ ਆਪਣੇ ਦੈਵੀ-ਪੁੱਤਰ ਨੂੰ ਉਤਰਾਧਿਕਾਰੀ ਬਣਾਉਂਦਾ ਹੈ ਅਤੇ ਗੁਰੂ ਦੇ ਸੰਸਾਰੀ ਪੁੱਤਰ ਨੂੰ ਉਤਰਾਧਿਕਾਰੀ ਦੀ ਚੋਣ ਸਮੇ ਕਿਸੇ ਕਿਸਮ ਦੀ ਪਹਿਲ ਨਹੀਂ ਦਿਤੀ ਜਾਂਦੀ।

ਗੁਰੂਆਂ ਦੀ 'ਨਾਨਕ-ਵੰਸ਼' ਦਾ ਸਥਾਪਤ ਹੋਣਾ ਅਤੇ ਗੁਰੂਆਂ ਦੁਆਰਾ ਆਪਣੇ ਉਤਰਾਧਿਕਾਰੀ ਗੁਰੂ ਦੀ ਚੋਣ ਕਰਕੇ ਆਪਣੇ ਜੀਵਨ ਕਾਲ ਵਿਚ ਹੀ ਗੁਰਗੱਦੀ ਸੌਂਪਣਾ ਇਹ ਸਿੱਧ ਕਰਦਾ ਹੈ ਕਿ ਗੁਰੂ ਪਰੰਪਰਾ ਕੋਈ ਨਿਰੀ ਪੁਰੀ ਅਧਿਆਤਮਕ ਪਰੰਪਰਾ ਨਹੀਂ ਬਲਕਿ ਇਸ ਪਰੰਪਰਾ ਵਿਚ ਅਧਿਆਤਮਕਤਾ ਨਾਲ ਨਾਲ ਰਾਜਸੀ ਤੱਤ ਵੀ ਸ਼ਾਮਲ ਹਨ। ਇਹ ਰਾਜ ਤੇ ਜੋਗ ਦੇ ਸੰਗਮ ਦੀ ਪਰੰਪਰਾ ਹੈ। ਜੇ ਗੁਰੂ ਪਰੰਪਰਾ ਸਿਰਫ ਅਧਿਆਤਮਕ ਹੁੰਦੀ ਅਤੇ ਜੇ ਉਸਦਾ ਮੰਤਵ ਸਿਰਫ਼ ਅਧਿਆਤਮਕ ਸੋਧ ਦੇਣਾ ਹੀ ਹੁੰਦਾ ਤਾਂ ਗੁਰੂਆਂ ਨੂੰ ਨਾਨਕਵੰਸ਼ੀ ਕਹਾ ਕੇ ਇਕ ਗੁਰੂ ਵੰਸ਼-ਪਰੰਪਰਾ ਵਿਚ ਜੁੜਨ ਦੀ ਲੋੜ ਨਹੀਂ ਸੀ ਨਾ ਹੀ ਉਤਰਾਧਿਕਾਰੀ ਦੀ ਚੋਣ ਦੀ ਸਮਸਿਆ ਵਿਚ ਉਲਝਣ ਦੀ ਆਵਸ਼ਕਤਾ ਸੀ।

2) ਸਤੇ ਬਲਵੰਡ ਦੀ ਵਾਰ, ਭੱਟਾਂ ਦੇ ਸਵੈਯਾਂ, ਭਾਈ ਗੁਰਦਾਸ ਦੀਆਂ ਵਾਰਾਂ ਅਤੇ ਵਖ ਵਖ ਇਤਿਹਾਸਕ ਲਿਖਤਾਂ ਵਿਚ ਗੁਰੂ ਪਰੰਪਰਾ ਦੇ ਰਾਜਸੀ ਚਿਹਨਾਂ, ਰਾਜਸੀ ਗੁਣਾਂ ਅਤੇ ਰਾਜਸੀ ਸੰਕਲਪਾਂ ਦੀ ਵਿਆਖਿਆ ਰਾਜਨੀਤਕ ਸ਼ਬਦਾਵਲੀ (Political Terminology ) ਦੇ ਆਧਾਰ ਤੇ ਕੀਤੀ ਗਈ ਹੈ। ਇਸ ਰਾਜਨੀਤਿਕ ਸ਼ਬਦਾਵਲੀ ਦੇ ਸਬੰਧ ਵਿਚ ਵਿਸ਼ੇਸ਼ ਮਹੱਤਵਪੂਰਣ ਤਥ ਇਹ ਹੈ ਕਿ ਇਸ ਸ਼ਬਦਾਵਲੀ ਦੇ ਦੋ ਸ੍ਰੋਤ ਹਨ - ਇਕ ਪੁਰਾਤਨ ਭਾਰਤੀ ਪਰੰਪਰਾ ਅਤੇ ਦੂਜਾ ਤਤਕਾਲੀਨ ਮੁਗਲ ਰਾਜ। ਗੁਰੂ ਪਰੰਪਰਾ ਅਤੇ ਗੁਰੂ ਦਰਬਾਰ ਨਾਲ ਜੁੜੀ ਸਾਰੀ ਰਾਜਨੀਤਿਕ ਸ਼ਬਦਾਵਲੀ ਇਹਨਾਂ ਦੋਹਾਂ ਸ੍ਰੋਤਾਂ ਤੋਂ ਪ੍ਰਭਾਵਿਤ ਸੀ। ਇਹਨਾਂ ਰਚਨਾਵਾਂ ਵਿਚ ਜਿਹੜੀ ਰਾਜਨੀਤਿਕ ਸ਼ਬਦਾਵਲੀ ਦੀ ਵਰਤੋਂ ਕੀਤੀ ਗਈ ਹੈ, ਉਹ ਇਸਤਰ੍ਹਾਂ ਹੈ:

<u>ਗੁਰੂ ਦਰਬਾਰ ਨਾਲ ਸੰਬੰਧਤ</u> - ਛੱਤਰ, ਚਵਰ, ਚੰਦੋਆ, ਆਸਣ, ਬੈਹਣਾ, ਤਖਤ, ਸਿੰਘਾਸਨ, ਰਾਜ-ਤਖਤ, ਰਾਜ ਸਿੰਘਾਸਨ, ਦੋਹੀ, ਧੁਜਾ, ਨਿਸ਼ਾਨ, ਨੀਸ਼ਾਣ, ਦੀਬਾਣ, ਛਾਵਾਣ, ਖੇਮਾ, ਸਰਾਇਚਓ, ਨਗਾਰਾ, ਦਰ, ਮੁਹਰ, ਸਾਹਿਬੀ, ਸਿਕਾ, ਦੌਲਤ, ਦਰਵੇਸ਼, ਪੇਸਕਾਰਿਆ ਆਦਿ।

<u>ਗੁਰੂ ਸਾਹਿਬਾਨ ਦੇ ਲਿਬਾਸ ਨਾਲ ਸੰਬੰਧਤ</u> - ਕਲਗੀ, ਤਾਜ, ਪੁਸ਼ਾਕ, ਜਿਗਾ, ਟਿਕਾ, ਤਿਲਕ, ਝੋਕ, ਭੁਜ-ਅੰਗਦ, ਅਸਿ, ਬਾਜ, ਲਾਲ, ਹੀਰੇ, ਮੋਤੀ , ਪੰਨੇ, ਢਾਲ, ਚਰਮ, ਬਾਜੂਬੰਦ ਆਦਿ।

<u>ਜੰਗ ਨਾਲ ਸਬੰਧਤ</u> - ਫੌਜ, ਹਥਿਆਰ, ਸ਼ੱਸਤ੍ਰ, ਪ੍ਰਾਕਰਮ, ਖੜਗਿ, ਧਨੁਖ, ਸਰਿ, ਸੰਨਾਹੁ, ਨੇਜਾ, ਬਾਣ, ਰਥ, ਜੁਧ, ਸੂਰਮਾ, ਜੋਧਾ, ਸਿੰਘ, ਬਘੇਲ, ਕੋਟ ਆਦਿ।

ਇਸ ਤੋ ਇਲਾਵਾ ਗੁਰੂ ਦਰਬਾਰ ਵਿਚ ਸੰਗੀਤ- ਸਾਜਾਂ - ਮ੍ਰਿਦੰਗ, ਉਪੰਗ, ਰਬਾਬ, ਵੀਣਾ, ਸਿਤਾਰ, ਤੰਬੂਰਾ, ਤਾਊਸ, ਝਾਂਝ ਆਦਿ ਦੇ ਪ੍ਰਯੋਗ ਦਾ ਜ਼ਿਕਰ ਅਤੇ ਗੁਰੂ ਘਰ ਵਿਚ ਸੰਗੀਤ ਗਾਇਨ ਦੀ ਪਰੰਪਰਾ, ਦਰਬਾਰੀ ਕਵੀਆਂ ਦੀ ਮੌਜੂਦਗੀ ਅਤੇ ਢਾਡੀਆਂ ਦੁਆਰਾ ਉਸਤਤਿ ਗਾਉਣ ਦੀ ਪ੍ਰਥਾ ਬਾਰੇ ਸੰਕੇਤ ਵੀ ਉਪਰ ਚਰਚਿਤ ਰਚਨਾਵਾਂ ਵਿਚੋ ਪ੍ਰਾਪਤ ਹੁੰਦਾ ਹੈ।

ਇਹਨਾਂ ਰਚਨਾਵਾਂ ਵਿਚ ਦਰਬਾਰ, ਲੰਗਰ, ਉਮਤ, ਹੁਕਮ, ਆਕੀ ਆਦਿ ਦੇ ਸੰਕਲਪ ਵੀ ਗੁਰੂ ਘਰ ਦੀ ਰਾਜਸੀ ਨੁਹਾਰ ਨੂੰ ਪ੍ਰਗਟ ਕਰਦੇ ਹਨ। ਗੁਰੂ ਸਾਹਿਬਾਨ ਨੂੰ ਸੱਚਾ ਪਾਤਸ਼ਾਹ, ਨ੍ਰਿਪਤਿ, ਰਾਜਾ, ਭੂਪਾਲ, ਸ਼ਹਿਨਸ਼ਾਹ, ਛਤ੍ਰਧਾਰ, ਬਲੀ, ਬੀਰ, ਦਲਭੰਜਨ ਆਦਿ ਨਾਵਾਂ ਨਾਲ ਸਜਣਾ,ਉਹਨਾਂ ਦੀ ਬ੍ਰਹਮਾ ਦੇ ਅਵਤਾਰ ਬਾਵਨ, ਸ੍ਰੀ ਰਾਮ, ਸ੍ਰੀ ਕ੍ਰਿਸ਼ਨ ਅਤੇ ਰਾਜਾ ਜਨਕ ਆਦਿ ਨਾਲ ਤੁਲਨਾ ਕਰਨਾ ਅਤੇ ਇੰਦਰ , ਜਨਕ, ਪਰਸਰਾਮ, ਪਰੀਖਤ, ਮਾਂਧਾਤਾ, ਬਲਿ ਅਤੇ ਪੁਰੂ ਆਦਿ ਰਾਜਿਆਂ ਨੂੰ ਉਸਤਤਿ ਕਰਦਿਆਂ ਦਰਸਾਉਣਾ ਗੁਰੂ ਪਰੰਪਰਾ ਦੇ ਰਾਜਸੀ ਚਰਿਤਰ ਨੂੰ ਪਰਿਪੱਕ ਕਰਦਾ ਹੈ।

ਇਸ ਤਰ੍ਹਾਂ ਗੁਰੂ ਪਰੰਪਰਾ 'ਨਾਨਕ ਕੁਲ' ਦੇ ਰੂਪ ਵਿਚ ਕ੍ਰਿਆਸ਼ੀਲ ਸੀ ਅਤੇ ਰਾਜਸੀ ਚਿਹਨਾਂ, ਰਾਜਸੀ ਗੁਣਾਂ ਤੇ ਰਾਜਸੀ ਸੰਕਲਪਾਂ ਨੇ ਗੁਰੂ ਘਰ ਨੂੰ ਰਾਜਸੀ ਚਰਿਤਰ ਪ੍ਰਦਾਨ ਕਰ ਦਿੱਤਾ ਸੀ। ਗੁਰੂਆਂ ਦੀ ਦੂਵੱਲੀ ਸ਼ਖਸੀਅਤ, ਰਾਜਸੀ ਰਹਿਣੀ ਬਹਿਣੀ ਅਤੇ ਉਹਨਾਂ ਦੇ ਤਤਕਾਲੀਨ ਰਾਜ ਬਾਰੇ ਸਕ੍ਰਿਅ ਪ੍ਰਤੀਕਰਮ ਨੇ ਉਹਨਾਂ ਨੂੰ ਰਾਜਨੀਤਕ ਧਿਰ ਵਜੋਂ ਸਥਾਪਿਤ ਕਰ ਦਿੱਤਾ ਸੀ। ਤੱਤਕਾਲੀਨ ਰਾਜ ਤੋਂ ਪੂਰੀ ਤਰ੍ਹਾਂ ਅਸੰਤੁਸ਼ਟ, ਲੋਕ ਵਿਸ਼ਵਾਸ ਵੀ ਗੁਰੂ ਪ੍ਰੰਪਰਾ ਵਿਚੋਂ ਵਿਕਲਪ ਭਾਲਣ ਲਗ ਪਿਆ ਸੀ। ਗੁਰੂ ਸਾਹਿਬਾਨ ਦਾ ਵੀ ਉਹਨਾਂ ਦੇ ਸਿੱਖਾਂ ਨਾਲ, ਪਾਤਸ਼ਾਹ ਅਤੇ ਉਮਤਿ ਦਾ ਰਿਸ਼ਤਾ ਕਾਇਮ ਹੋ ਗਿਆ ਸੀ। ਇਕ ਪਾਸੇ ਉਮਤਿ ਪ੍ਰਭੁਤਾ ਸੰਪੰਨ ਗੁਰੂ ਦੇ ਹੁਕਮ ਉਤੇ ਆਪਣਾ ਤਨ, ਮਨ, ਧਨ, ਵਾਰਨ ਲਈ ਤਿਆਰ ਸੀ, ਦੂਜੇ ਪਾਸੇ ਗੁਰੂ ਸਾਹਿਬਾਨ ਨੇ ਵੀ ਆਪਣੀ ਉਮਤਿ ਦੇ ਸਮੁੱਚੇ ਕਲਿਆਣ ਦੀ ਜ਼ਿੰਮੇਵਾਰੀ ਆਪਣੇ

ਮੋੜਿਆਂ ਤੇ ਲੈ ਲਈ ਸੀ ਅਤੇ ਇਸ ਮੰਤਵ ਦੀ ਪ੍ਰਾਪਤੀ ਲਈ ਗੁਰੂ ਪਰੰਪਰਾ ਸੈਨਿਕ ਸ਼ਕਤੀ ਸੰਗਠਿਤ ਕਰਕੇ, ਯੁਧ ਕਰਨ ਅਤੇ ਹਰ ਕੁਰਬਾਨੀ ਦੇਣ ਲਈ ਤੱਤਪਰ ਸੀ। ਇਹਨਾਂ ਸਾਰੀਆਂ ਦਲੀਲਾਂ ਤੋਂ ਸਪਸ਼ਟ ਹੈ ਕਿ ਲੋਕ ਵਿਸ਼ਵਾਸ ਨੇ ਗੁਰੂ ਪਰੰਪਰਾ ਨੂੰ ਇਕ ਵਿਕਲਪਿਕ ਰਾਜ ਦਾ ਰੂਪ ਦੇ ਦਿੱਤਾ ਸੀ। ਲੋਕ ਵਿਸ਼ਵਾਸ ਵਿਚ ਜਾਗ੍ਰਿਤਿ ਗੁਰੂ ਪਰੰਪਰਾ ਦਾ ਇਹ ਵਿਕਲਪਿਕ ਰਾਜ ਸ਼ਕਤੀ ਸ੍ਰੋਤ ਰਬ ਨਾਲ ਜੁੜਿਆ, ਧਾਰਮਕ ਅਤੇ ਨੈਤਿਕ ਕਦਰਾਂ ਕੀਮਤਾਂ ਤੇ ਮਰਿਆਦਾਵਾਂ ਵਿਚ ਪਾਬੰਦ, ਲੋਕ ਹਿਤ ਦਾ ਮੁਦੱਈ ਅਤੇ ਲੋਕ ਕਲਿਆਣ ਲਈ ਕਾਰਜਸ਼ੀਲ ਸੀ। ਇਹ ਵਿਕਲਪਿਕ ਰਾਜ ਅਸਲ ਵਿਚ, ਸਿੱਖ ਪਰੰਪਰਾ ਦੇ ਆਦਰਸ਼ ਰਾਜ ਦਾ ਮਾਡਲ ਪ੍ਰਸਤੁਤ ਕਰ ਰਿਹਾ ਸੀ।

## ਅਧਿਆਇ ਪੰਜਵਾਂ

## ਸਿਖ ਰਾਜਨੀਤਿਕ ਸੰਸਥਾਵਾਂ

ਗੁਰੂ ਪਰੰਪਰਾ ਨਾਲ ਜੁੜਦੇ ਜਾ ਰਹੇ ਵਿਕਲਪਿਕ ਰਾਜ ਤੇ ਸੰਕਲਪ ਦੇ ਨਾਲ ਨਾਲ ਕੁਝ ਮਹੱਤਵ-ਪੂਰਣ ਰਾਜਨੀਤਿਕ ਸੰਸਥਾਵਾਂ ਵੀ ਹੋਂਦ ਵਿਚ ਆਈਆਂ। ਇਹ ਰਾਜਨੀਤਿਕ ਸੰਸਥਾਵਾਂ ਧਰਮ ਤੇ ਰਾਜ ਦੇ ਸੰਜੋਗ ਦੇ ਸਿਖ ਸਿਧਾਂਤ ਦੇ ਅਮਲੀ ਰੂਪ ਨੂੰ ਦਰਸਾਉਂਦੀਆਂ ਹਨ ਅਤੇ ਰਾਜ ਦੇ ਸਿਖ ਸੰਕਲਪ ਦੀ ਨੁਹਾਰ ਨਿਰਧਾਰਿਤ ਕਰਨ ਵਿਚ ਵਿਸ਼ੇਸ਼ ਭੂਮਿਕਾ ਨਿਭਾਉਂਦੀਆਂ ਹਨ।ਸਿਖ ਪੰਥ ਨੂੰ ਇਕ ਧਰਮ ਤੋਂ ਇਲਾਵਾ ਰਾਜਸੀ ਪਹਿਚਾਨ ਵਾਲੀ ਜਥੇਬੰਦੀ ਦੇ ਰੂਪ ਵਿਚ ਸਥਾਪਿਤ ਕਰਨ ਵਿਚ ਵੀ ਇਹਨਾਂ ਰਾਜਨੀਤਿਕ ਸੰਸਥਾਵਾਂ ਦਾ ਅਹਿਮ ਹਿੱਸਾ ਹੈ। ਸਿਖ ਧਰਮ ਗ੍ਰੰਥਾਂ ਅਤੇ ਇਤਿਹਾਸਕ ਲਿਖਤਾਂ ਵਿਚੋਂ ਜਿਹਨਾਂ ਰਾਜਨੀਤਿਕ ਸੰਸਥਾਵਾਂ ਬਾਰੇ ਜਾਣਕਾਰੀ ਉਪਲਬਧ ਹੈ ਉਹਨਾਂ ਵਿਚੋਂ ਤਿੰਨ ਪ੍ਰਮੁਖ ਹਨ -

1) ਖਾਲਸਾ ਪੰਥ

2) ਅਕਾਲ ਤਖਤ

3) ਗੁਰਮਤਾ

ਇਹ ਤਿੰਨੇ ਰਾਜਨੀਤਿਕ ਸੰਸਥਾਵਾਂ ਸਿਖ ਪੰਥ ਦੇ ਸੰਸਥਾਤਮਕ ਰੂਪ ਨੂੰ ਪਰਿਪੱਕ ਕਰਦੀਆਂ ਹਨ ਅਤੇ ਉਸਦੇ ਜਥੇਬੰਦਕ ਉਦੇਸ਼ ਦੀ ਪੂਰਤੀ ਵਿਚ ਸਹਾਇਕ ਹੁੰਦੀਆਂ ਹਨ। ਸਿਖ ਪੰਥ ਦੇ ਰਾਜਨੀਤਿਕ ਇਤਿਹਾਸ ਵਿਚ ਇਹ ਸੰਸਥਾਵਾਂ ਪੂਰੀ ਤਰ੍ਹਾਂ ਕਾਰਜਸ਼ੀਲ ਰਹੀਆਂ ਹਨ ਅਤੇ ਸਿਖ ਪੰਥ ਨੂੰ ਰਾਜਨੀਤੀ ਦੇ ਖੇਤਰ ਵਿਚ ਨਿਰਣਾਇਕ ਭੂਮਿਕਾ ਨਿਭਾਉਣ ਵਾਲੀ ਜਥੇਬੰਦਕ ਸ਼ਕਤੀ ਅਤੇ ਰਾਜਨੀਤਿਕ ਧਿਰ ਵਜੋਂ ਸਥਾਪਿਤ ਕਰਦੀਆਂ ਹਨ। ਇਹਨਾਂ ਰਾਜਨੀਤਿਕ ਸੰਸਥਾਵਾਂ ਦੇ ਵਿਕਾਸ, ਬਣਤਰ, ਮੰਤਵ, ਮਹੱਤਵ ਅਤੇ ਹੋਰ ਜ਼ਰੂਰੀ ਪਹਿਲੂਆਂ ਦੀ ਵਿਸਤ੍ਰਿਤ ਜਾਣਕਾਰੀ ਇਥੇ ਪ੍ਰਸਤੁਤ ਕੀਤੀ ਜਾ ਰਹੀ ਹੈ।

## 1- ਖਾਲਸਾ ਪੰਥ

ਖਾਲਸਾ ਪੰਥ ਸਿੱਖ ਪਰੰਪਰਾ ਦੀ ਇਕ ਬੁਨਿਆਦੀ ਰਾਜਨੀਤਿਕ ਸੰਸਥਾ ਹੈ ਅਤੇ ਆਪਣੇ ਸਮਕਾਲੀ ਇਤਿਹਾਸਕ ਦੌਰ ਵਿਚ ਇਸ ਨੇ ਇਕ ਪੂਰਣ ਰਾਜਨੀਤਕ ਧਿਰ ਦੇ ਰੂਪ ਵਿਚ ਮਹੱਤਵਪੂਰਣ ਭੂਮਿਕਾ ਨਿਬਾਹੀ ਹੈ। ਅਸਲ ਵਿਚ ਗੁਰੂ ਸਾਹਿਬਾਨ ਨੇ ਆਪਣੇ ਸਿਖਾਂ ਲਈ ਇਕ ਠੋਸ ਰਾਜਨੀਤਕ ਉਦੇਸ਼ ਮਿਥ ਦਿੱਤਾ ਸੀ ਅਤੇ ਉਹਨਾਂ ਨੂੰ ਇਸ ਗੱਲ ਦਾ ਅਹਿਸਾਸ ਸੀ ਕਿ ਇਸ ਵਿਸ਼ੇਸ਼ ਰਾਜਨੀਤਕ ਉਦੇਸ਼ ਦੀ ਪ੍ਰਾਪਤੀ ਦੇ ਸੰਘਰਸ਼ ਲਈ ਰਾਜਸੀ ਤੌਰ ਤੇ ਪੂਰੀ ਤਰ੍ਹਾਂ ਜਾਗਰੂਕ ਜਥੇਬੰਦਕ ਸ਼ਕਤੀ ਦੀ ਲੋੜ ਹੈ। ਇਸੇ ਲਈ ਗੁਰੂਆਂ ਨੇ ਆਪਣੇ ਪੈਰੋਕਾਰਾਂ ਨੂੰ ਜਿਥੇ ਵਿਚਾਰਧਾਰਕ ਵਿਲੱਖਣਤਾ ਪ੍ਰਦਾਨ ਕੀਤੀ ਉਥੇ ਉਹਨਾਂ ਦੀ ਅਡਰੀ ਜਥੇਬੰਦਕ ਹੋਂਦ ਕਾਇਮ ਕਰਨ ਦਾ ਉਪਰਾਲਾ ਵੀ ਕੀਤਾ। ਗੁਰ-ਇਤਿਹਾਸ ਨੂੰ ਜੇ ਰਾਜਸੀ ਨਿਗਾਹ ਨਾਲ ਘੋਖਿਆ ਜਾਵੇ ਤਾਂ ਇਹ ਤੱਥ ਨਿਖਰ ਕੇ ਸਾਹਮਣੇ ਆਉਂਦਾ ਹੈ ਕਿ ਗੁਰੂ ਸਾਹਿਬਾਨ ਨੇ ਮੁਢ ਤੋਂ ਹੀ ਸਿੱਖਾਂ ਨੂੰ ਇਕ ਜਥੇਬੰਦਕ ਇਕਾਈ ਦੇ ਰੂਪ ਵਿਚ ਸੰਗਠਿਤ ਕਰਨ ਦਾ ਨਿਸਚਿਤ ਕਾਰਜ ਕ੍ਰਮ ਉਲੀਕਿਆ ਹੋਇਆ ਸੀ। ਸਿਖਾਂ ਦੀ ਇਸ ਅਡਰੀ ਰਾਜਨੀਤਕ ਜਥੇਬੰਦਕ ਇਕਾਈ ਦੀ ਸਿਰਜਨਾ ਦਾ ਕਾਰਜ ਗੁਰੂ ਨਾਨਕ ਦੇਵ ਜੀ ਦੇ ਸਮੇ ਤੋਂ ਹੀ ਅਰੰਭ ਹੋ ਗਿਆ ਸੀ।

ਜਨਮਸਾਖੀਆਂ ਵਿਚ ਸਪਸ਼ਟ ਸੰਕੇਤ ਮਿਲਦੇ ਹਨ ਕਿ ਗੁਰੂ ਨਾਨਕ ਦੇਵ ਜੀ ਨੇ ਸਿੱਖਾਂ ਨੂੰ ਜਥੇਬੰਦ ਕਰਨ ਦੇ ਉਪਰਾਲੇ ਸ਼ੁਰੂ ਕਰ ਦਿੱਤੇ ਸਨ। ਗੁਰੂ ਨਾਨਕ ਦੇਵ ਜੀ ਨੇ ਦੇਸ ਦੇ ਵਖ ਵਖ ਹਿੱਸਿਆਂ ਦਾ ਦੌਰਾ ਕਰਕੇ ਆਪਣੇ ਮਿਸ਼ਨ ਦਾ ਪ੍ਰਸਾਰ ਕਰਨ ਅਤੇ ਆਪਣੇ ਪੈਰੋਕਾਰਾਂ ਨੂੰ ਜਥੇਬੰਦ ਕਰਨ ਲਈ 'ਮੰਜੀਆਂ' ਸਥਾਪਤ ਕੀਤੀਆਂ। ਇਹਨਾਂ ਮੰਜੀਆਂ ਤੇ ਆਪਣੇ ਚੋਣਵੇਂ ਸਿੱਖਾਂ - ਸੇਵਕਾਂ ਨੂੰ ਨੀਯਤ ਕੀਤਾ। ਭਾਈ ਬਾਲੇ ਵਾਲੀਂ ਜਨਮਸਾਖੀ ਵਿਚ ਮੰਜੀਆਂ ਸਥਾਪਤ ਕਰਨ ਅਤੇ ਮਸੰਦ ਥਾਪਣ ਦੇ ਬਹੁਤ ਸਾਰੇ ਪ੍ਰਮਾਣ ਮਿਲਦੇ ਹਨ:-

ੳ) "ਜਾਂ ਸਾਲਸਿ ਰਾਇ ਜਉਹਰੀ ਦੀ ਦੇਹ ਛੁਟੀ ਤਾਂ ਗੁਰੂ ਨਾਨਕ ਅਧਰਕੇ ਗੁਲਾਮ ਨੂੰ ਮੰਜੀ ਬੈਠਾਇ ਕਰਿ ਚਲਿਆ।"[1]

ਅ) "ਤਾਂ ਗੁਰੂ ਨਾਨਕ ਝੰਡੇ ਬਾਢੀ ਨੂੰ ਮੰਜੀ ਸਉਪੀ।"[2]

ੲ) "ਤੈਨੂੰ ਰਾਜਾ ਅਤੇ ਮੰਜੀ ਦੋਵੇਂ ਦਿਤੇ ਹੈਨਿ ਤੈਂ ਵਡਾ ਅਸਾਨੂ ਕਰ ਦੇਖਣਾ।"[3]

ਸ) "ਤਾਂ ਗੁਰੂ ਨਾਨਕ ਕਹਿਆ, ਸਹਜਾਦਾ ਇਥੇ ਮਰਦਾਨਾ ਅਤੇ ਤੇਰੀ ਮੰਜੀ ਹੋਵੈਗੀ।"[4]

ਹ) "ਤਾਂ ਗੁਰੂ ਨਾਨਕ ਕਹਿਆ, ਰਾਜੇ ਦੇਵਲੂਤ ਤੈਨੂੰ ਅਸਾਂ ਏਥੋ ਦਾ ਮਸੰਦ ਕੀਤਾ।"[5]

ਸਿੱਖਾਂ ਦੇ ਜਥੇਬੰਦਕ ਰੂਪ ਨੂੰ 'ਪੰਥ' ਕਹਿਣ ਦੀ ਪਰੰਪਰਾ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਪ੍ਰਚਲਿਤ ਹੋ ਗਈ ਸੀ। ਮਿਹਰਬਾਨ ਵਾਲੀ ਜਨਮ ਸਾਖੀ ਅਨੁਸਾਰ ਗੁਰੂ ਨਾਨਕ ਦੇਵ ਜੀ ਸਿਖਾਂ ਨੂੰ 'ਨਾਨਕ ਪੰਥੀ' ਕਿਹਾ ਜਾਣ ਲਗ ਪਿਆ।[6] ਗੁਰੂ ਨਾਨਕ ਦੇਵ ਜੀ ਨੇ ਵਖ ਵਖ ਜਾਤੀ ਦੇ ਲੋਕਾਂ ਨੂੰ ਆਪਣੇ ਵਲ ਆਕਰਸ਼ਿਤ ਕੀਤਾ ਅਤੇ ਜਾਤ-ਪਾਤ ਦੀਆਂ ਹੱਦਾਂ ਤੋੜ ਕੇ ਇਕ ਨਵੀ ਜਥੇਬੰਦੀ ਦੀ ਉਸਾਰੀ ਕੀਤੀ। ਗੁਰੂ ਨਾਨਕ ਦੇਵ ਜੀ ਦੀ ਵਟਾਲੇ ਦੀ ਫੇਰੀ ਦਾ ਜ਼ਿਕਰ ਕਰਦਿਆਂ ਮਿਹਰਬਾਨ ਵਾਲੀ ਜਨਮ ਸਾਖੀਂ ਦਸਦੀ ਹੈ ਕਿ

---

1- ਕਿਰਪਾਲ ਸਿੰਘ; (ਸੰਪਾਦਕ) ਜਨਮ-ਸਾਖੀ ਪਰੰਪਰਾ; ਪੰਨਾ 264

2- ਉਹੀ, ਪੰਨਾ 268

3- ਉਹੀ, ਪੰਨਾ 270

4- ਉਹੀ, ਪੰਨਾ 305

5- ਉਹੀ, ਪੰਨਾ 274

6- ਉਹੀ, ਪੰਨਾ 96,106,121,208,211,125,216 ਆਦਿ

ਗੁਰੂ ਜੀ ਨੇ ਬ੍ਰਾਹਮਣਾਂ ਨੂੰ ਜਾਤ - ਪਾਤ ਦੇ ਭਰਮਾਂ - ਵਹਿਮਾਂ ਤੋਂ ਕਢ ਕੇ ਸਿੱਖੀ ਵਿਚ ਸ਼ਾਮਲ ਕੀਤਾ ਅਤੇ ਫਿਰ ਬ੍ਰਾਹਮਣਾਂ ਨੇ ਲੋਕਾਂ ਨੂੰ ਸਿਖ ਪੰਥ ਵਿਚ ਰਲਣ ਲਈ ਉਤਸਾਹਤ ਕੀਤਾ:-

> "ਹੇ ਭਾਈ ਲੋਗਹੋ! ਜਿ ਕੋਈ ਗੁਰੂ ਬਾਬੇ ਨਾਨਕ ਕੇ
> ਪੰਥ ਮਹਿ ਆਵੇਗਾ, ਸੋ ਨਿਰਸੰਦੇਹ ਮੁਕਤਾ ਹੋਵੇਗਾ।"[1]

ਮਿਹਰਬਾਨ ਦੀ ਜਨਮਸਾਖੀ ਤੋਂ ਇਕ ਤੱਥ ਹੋਰ ਸਪਸ਼ਟ ਰੂਪ ਵਿਚ ਨਿਖਰ ਕੇ ਸਾਹਮਣੇ ਆਉਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਪੰਥ ਸਿਰਜਨਾ ਦੇ ਕਾਰਜ ਪਿਛੇ ਰਬੀ ਸਮਰਥਨ ਮੌਜੂਦ ਸੀ। ਵੇਈਂ ਪ੍ਰਵੇਸ਼ ਦੀ ਸਾਖੀ ਵਿਚ ਦਸਿਆ ਗਿਆ ਹੈ ਕਿ ਪਾਰਬ੍ਰਹਮ ਨੇ ਗੁਰੂ ਨਾਨਕ ਦੇਵ ਜੀ ਨੂੰ ਦੈਵੀ ਗੁਣਾਂ ਦਾ ਖ਼ਜ਼ਾਨਾ ਬਖਸ਼ ਕੇ ਪੰਥ ਚਲਾਉਣ ਲਈ ਵਿਦਾ ਕੀਤਾ ਸੀ:-

> "ਸਤੁ ਸੰਤੋਖੁ ਥਿਤਿ ਜੁਗਤਿ ਸੀਲੁ ਸੰਜਮੁ ਬਕਸਿ ਦੇ
> ਕਰਿ ਕਲਿਜੁਗ ਕੇ ਬਿਖੈ ਜੀਵ ਨਿਸਤਾਰਨ ਕਉ, ਪੰਥ
> ਚਲਾਵਨ ਕੌਉ ਸ੍ਰੀ ਪਾਰਬ੍ਰਹਮ ਜੀ ਬਿਦਾ ਕੀਆ।"[2]

ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚੋਂ ਵੀ ਗੁਰੂ ਨਾਨਕ ਦੇਵ ਜੀ ਦੇ ਪੰਥ ਸਿਰਜਨਾ ਦੇ ਉਪਰਾਲਿਆਂ ਦਾ ਜ਼ਿਕਰ ਮਿਲਦਾ ਹੈ। ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਦੁਆਰਾ ਉਸਾਰੇ ਜਾ ਰਹੇ ਪੰਥ ਨੂੰ 'ਨਿਰਮਲ ਪੰਥ' , 'ਗੁਰਮੁਖ ਪੰਥ' ਅਤੇ 'ਪੰਥ ਨਿਰਾਲਾ' ਆਦਿ ਨਾਵਾਂ ਨਾਲ ਸੰਬੋਧਤ ਕੀਤਾ ਹੈ:-

---

1- ਕਿਰਪਾਲ ਸਿੰਘ(ਸੰਪਾਦਕ); '<u>ਜਨਮਸਾਖੀ ਪਰੰਪਰਾ</u>'; ਪੰਨਾ 187

2- ਓਹੀ , ਪੰਨਾ 87

ੳ) ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ।[1]

ਅ) ਬਾਰਹ ਪੰਥ ਮਿਟਾਇ ਕੈ ਗੁਰਮੁਖਿ ਪੰਥ ਵਡਾ ਪਰਤਾਪੈ।[2]

ੲ) ਸਬਦਿ ਜਿਤੀ ਸਿਧਿ ਮੰਡਲੀ ਕੀਤੋਸੁ ਆਪਣਾ ਪੰਥੁ ਨਿਰਾਲਾ।[3]

ਮਹਿਮਾ ਪ੍ਰਕਾਸ਼ ਵਿਚ ਵੀ ਗੁਰੂ ਨਾਨਕ ਦੇਵ ਜੀ ਅਤੇ ਉਹਨਾਂ ਤੋਂ ਬਾਅਦ ਬਾਕੀ ਗੁਰੂ ਸਾਹਿਬਾਨ ਵਲੋਂ ਪੰਥ ਨੂੰ ਜਥੇਬੰਦ ਕਰਨ ਦੇ ਉਪਰਾਲਿਆਂ ਦਾ ਜ਼ਿਕਰ ਮਿਲਦਾ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੇ ਉਤਰਾਧਿਕਾਰੀ ਗੁਰੂ ਅੰਗਦ ਦੇਵ ਜੀ ਨੂੰ ਪੰਥ ਜਥੇਬੰਦ ਕਰਨ ਲਈ ਜ਼ਰੂਰੀ ਨਿਰਦੇਸ਼ ਦਿੱਤੇ ਸਨ -

ੳ) ਅਬ ਮਿਰਜਾਦ ਪੰਥ ਕੀ ਕਰੋ।
ਯਹ ਆਗਿਆ ਮੇਰੀ ਮਨ ਧਰੋ।[4]

ਅ) ਸਤਿਗੁਰ ਨਾਨਕ ਜੀ ਕਹਿਓ ਸੁਨ ਸਤਪੁਰਖ ਮਤ-ਸਾਰ।
ਗੁਰਮੁਖ ਪੰਥ ਹਰ ਕੋ ਰਚੋ ਗੁਰਮਤ ਮੰਤ੍ਰ ਉਦਾਰ।[5]

ਗੁਰੂ ਅੰਗਦ ਦੇਵ ਜੀ ਨੇ ਵੀ ਗੁਰੂ ਅਮਰਦਾਸ ਜੀ ਨੂੰ ਵਿਰਸਤ ਵਿਚ ਉਹੀ ਨਿਰਦੇਸ਼ ਦਿੱਤਾ ਜਿਹੜਾ ਬਾਬੇ ਗੁਰੂ ਨਾਨਕ ਨੇ ਗੁਰੂ ਅੰਗਦ ਦੇਵ ਜੀ ਨੂੰ ਦਿਤਾ ਸੀ:-

ਜੋ ਗੁਰੂ ਬਾਬੇ ਜੀ ਹਮ ਸੋ ਕਹੀ।
ਸੋ ਹਮਰੇ ਚਿਤ ਮੇ ਦ੍ਰਿੜ ਰਹੀ।

---

1- ਵਾਰਾਂ ਭਾਈ ਗੁਰਦਾਸ, ਪੰਨਾ 39

2- ਓਹੀ, ਪੰਨਾ 386

3- ਓਹੀ, ਪੰਨਾ 27

4- ਭੱਲਾ, ਸਰੂਪ ਦਾਸ, ਮਹਿਮਾ ਪ੍ਰਕਾਸ਼ ਭਾਗ ਪਹਿਲਾ; ਪੰਨਾ 326

5- ਓਹੀ, ਮਹਿਮਾ ਪ੍ਰਕਾਸ਼ ਭਾਗ ਦੂਜਾ; ਪੰਨਾ 9

ਵਹੀ ਬਚਨ ਤੁਮ ਸੋ ਅਬ ਭਾਖੇ।

ਧਰ ਗੁਰਮੁਖ ਪੰਥ ਨੀਵ ਸਚ ਰਾਖੇ।[1]

ਇਸੇ ਪ੍ਰਕਾਰ ਮਹਿਮਾ ਪ੍ਰਕਾਸ਼ ਵਿਚ ਪੰਥਕ ਜਥੇਬੰਦੀ ਨੂੰ ਸੰਗਠਿਤ ਕਰਨ ਦੀ ਦਿਸ਼ਾ ਵਿਚ ਵਖ ਵਖ ਗੁਰੂਆਂ ਦੁਆਰਾ ਚੁਕੇ ਗਏ ਕਦਮਾਂ ਦਾ ਵਿਸਤਾਰ ਨਾਲ ਵਰਣਨ ਮਿਲਦਾ ਹੈ।[2]

ਇਸ ਥਾਂ ਤੇ ਇਕ ਮਹੱਤਵਪੂਰਣ ਇਤਿਹਾਸਕ ਸਚਾਈ ਨੂੰ ਸਮਝਣਾ ਅਤੇ ਵਿਚਾਰਨਾ ਬਹੁਤ ਜ਼ਰੂਰੀ ਹੈ। ਇਹ ਠੀਕ ਹੈ ਕਿ ਪੰਥ ਸਿਰਜਨਾ ਦਾ ਕਾਰਜ ਗੁਰੂ ਨਾਨਕ ਦੇਵ ਜੀ ਨੇ ਆਰੰਭ ਕੀਤਾ ਸੀ ਅਤੇ ਉਹਨਾਂ ਤੋਂ ਬਾਅਦ ਬਾਕੀ ਸਾਰੇ ਗੁਰੂ ਸਾਹਿਬਾਨ ਨੇ ਪੰਥ ਨੂੰ ਜਥੇਬੰਦ ਕਰਨ ਵਿਚ ਆਪਣਾ ਆਪਣਾ ਮਹੱਤਵਪੂਰਣ ਯੋਗਦਾਨ ਪਾਇਆ ਸੀ, ਪਰ ਇਸ ਪੰਥਕ ਜਥੇਬੰਦੀ ਦੇ ਸੰਸਥਾਤਮਕ ਗੁਣਾਂ ਨੂੰ ਉਭਾਰ ਕੇ ਅਤੇ ਇਸ ਨੂੰ ਪੂਰੀ ਤਰ੍ਹਾਂ ਰਾਜਨੀਤਕ ਧਿਰ ਦਾ ਦਰਜਾ ਦੇ ਕੇ ਖਾਲਸਾ ਪੰਥ ਦੇ ਰੂਪ ਵਿਚ ਰੂਪਾਂਤਰਣ ਕਰਨ ਦਾ ਸਾਰਾ ਕਾਰਜ ਗੁਰੂ ਗੋਬਿੰਦ ਸਿੰਘ ਜੀ ਨੇ ਨੇਪਰੇ ਚਾੜ੍ਹਿਆ। ਸਿਖ ਇਤਿਹਾਸ ਦੇ ਅਧਿਐਨ ਤੋਂ ਇਹ ਤਥ ਸਪਸ਼ਟ ਰੂਪ ਵਿਚ ਨਿਖਰ ਕੇ ਸਾਹਮਣੇ ਆਉਂਦਾ ਹੈ ਅਤੇ ਸਾਰੇ ਇਤਿਹਾਸ ਗ੍ਰੰਥ ਇਸ ਤਥ ਪ੍ਰਤੀ ਆਪਣੀ ਸਹਿਮਤੀ ਦਾ ਪ੍ਰਗਟਾਵਾ ਕਰਦੇ ਹਨ।

ਆਪਣੀ ਆਤਮ ਕਥਾ ਵਿਚ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਪੰਥ ਦੀ ਸਿਰਜਨਾ ਅਤੇ ਮੰਤਵ ਦਾ ਵਰਣਨ ਬੜੇ ਸਪਸ਼ਟ ਢੰਗ ਨਾਲ ਕੀਤਾ ਹੈ। ਗੁਰੂ ਗੋਬਿੰਦ ਸਿੰਘ ਜੀ ਅਨੁਸਾਰ ਆਪ ਅਕਾਲ ਪੁਰਖ ਨੇ ਉਹਨਾਂ ਨੂੰ ਆਪਣਾ ਪੁਤਰ ਥਾਪ ਕੇ ਸੰਸਾਰ ਤੇ ਖਾਲਸਾ ਪੰਥ ਦੀ ਸਿਰਜਨਾ ਕਰਨ ਦਾ ਕਾਰਜ ਸੌਂਪਿਆ ਸੀ:-

---

1- ਭੱਲਾ ਸਰੂਪ ਦਾਸ, ਮਹਿਮਾ ਪ੍ਰਕਾਸ਼ ਭਾਗ ਦੂਜਾ, ਪੰਨਾ 57

2- ਉਹੀ, ਪੰਨਾ 95,103,233,358,361,374,741,815,818 ਆਦਿ।

ਮੈਂ ਅਪਨਾ ਸੁਤ ਤੋਹਿ ਨਿਵਾਜਾ॥
ਪੰਥ ਪ੍ਰਚੁਰ ਕਰਬੇ ਕਹੁ ਸਾਜਾ॥[1]

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਰਚਨਾ ਵਿਚ ਦਸਿਆ ਹੈ ਉਹਨਾਂ ਦਾ ਸੰਸਾਰ ਤੇ ਆਉਣ ਦਾ ਮੁਖ ਮਨੋਰਥ ਧਰਮ ਦਾ ਪ੍ਰਸਾਰ ਕਰਨਾ ਅਤੇ ਸੰਤ-ਜਨਾਂ ਦੀ ਰਖਿਆ ਕਰਨਾ ਹੈ। ਪਰ ਗੁਰੂ ਸਾਹਿਬ ਨੇ ਸਪਸ਼ਟ ਕੀਤਾ ਹੈ ਕਿ ਧਰਮ ਦੇ ਪ੍ਰਸਾਰ ਲਈ ਦੁਸ਼ਟਾਂ ਦੀ ਜੜ੍ਹ ਉਖੇੜਨਾ ਵੀ ਉਹਨਾਂ ਕਾਰਜ ਖੇਤਰਾਂ ਦਾ ਇਕ ਜ਼ਰੂਰੀ ਹਿੱਸਾ ਹੈ:-

ਧਰਮ ਚਲਾਵਨ ਸੰਤ ਉਬਾਰਨ ॥
ਦੁਸਟ ਸਭਨ ਕੋ ਮੂਲ ਉਪਾਰਨ॥[2]

ਧਰਮ ਚਲਾਉਣ ਦੇ ਨਾਲ ਦੁਸ਼ਟਾਂ ਦੇ ਨਾਸ ਦਾ ਬੀੜਾ ਚੁਕਣਾ ਗੁਰੂ ਸਾਹਿਬ ਦੇ ਜੀਵਨ ਮੰਤਵ ਦੇ ਰਾਜਸੀ ਪੱਖ ਨੂੰ ਉਜਾਗਰ ਕਰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਾਜੇ ਖਾਲਸਾ ਪੰਥ ਦੇ ਉਦੇਸ਼ ਵਿਚ ਵੀ ਧਰਮ ਦੇ ਪ੍ਰਸਾਰ ਦੇ ਨਾਲ ਨਾਲ ਕੁਰਾਹੇ ਪਏ ਲੋਕਾਂ ਨੂੰ ਸੋਧਨਾ ਸ਼ਾਮਲ ਹੈ:-

ਜਹਾਂ ਤਹਾਂ ਤੈ ਧਰਮ ਚਲਾਇ॥
ਕਬੁਧਿ ਕਰਨ ਤੇ ਲੋਕ ਹਟਾਇ॥[3]

ਗੁਰੂ ਗੋਬਿੰਦ ਸਿੰਘ ਨੇ ਆਪਣੇ ਆਪ ਨੂੰ ਖਾਲਸਾ ਪੰਥ ਵਿਚ ਅਭੇਦ ਕਰ ਲਿਆ ਸੀ ਅਤੇ ਅਕਾਲ ਪੁਰਖ ਪਾਸੋਂ ਪ੍ਰਾਪਤ ਸਾਰੀ ਸੱਤਾ ਖਾਲਸਾ ਪੰਥ ਨੂੰ ਸਮਰਪਤ ਕਰ ਦਿੱਤੀ ਸੀ। ਖਾਲਸਾ ਪੰਥ ਤੋਂ ਆਪਣਾ ਸਭ ਕੁਝ ਕੁਰਬਾਨ ਕਰਨ ਦੀ ਇੱਛਾ ਦੀ ਅਭਿਵਿਅਕਤੀ ਗੁਰੂ ਗੋਬਿੰਦ ਸਿੰਘ ਜੀ ਨੇ ਬੜੇ ਸੁੰਦਰ ਸ਼ਬਦਾਂ ਵਿਚ ਕੀਤੀ ਹੈ:-

---

1- ਦਸਮ ਗ੍ਰੰਥ,(ਸੈਂਚੀ ਪਹਿਲੀ) ; ਪੰਨਾ 57

2- ਓਹੀ, ਪੰਨਾ 57-58

3- ਓਹੀ, ਪੰਨਾ 57

ਮੋ ਗ੍ਰਿਹ ਮੈ ਤਨ ਤੇ ਮਨ ਤੇ

ਸਿਰ ਲਉ ਧਨ ਹੈ ਸਭ ਹੀ ਇਨ ਹੀ ਕੋ॥[1]

ਗੁਰੂ ਗੋਬਿੰਦ ਸਿੰਘ ਨੇ ਖਾਲਸਾ ਪੰਥ ਨਾਲ ਇਕਮਿਕ ਹੋ ਕੇ, ਆਪਣੇ ਜੀਵਨ ਦੀਆਂ ਸਾਰੀਆਂ ਪ੍ਰਾਪਤੀਆਂ ਦਾ ਪੂਰਾ ਸਿਹਰਾ ਵੀ ਖਾਲਸਾ ਪੰਥ ਨੂੰ ਦੇ ਦਿੱਤਾ। ਜੁਧ ਜਿਤਣੇ, ਦਾਨ ਕਰਨੇ, ਔਕੜਾਂ ਦਾ ਟਲ ਜਾਣਾ, ਪਦਾਰਥਾਂ ਨਾਲ ਘਰ ਭਰ ਜਾਣੇ, ਸਸਤ੍ਰ ਵਿਦਿਆ ਵਿਚ ਨਿਪੁੰਨ ਹੋਣਾ ਅਤੇ ਸ਼ਤਰੂਆਂ ਦਾ ਮਾਰੇ ਜਾਣਾ, ਗੁਰੂ ਗੋਬਿੰਦ ਸਿੰਘ ਜੀ ਅਨੁਸਾਰ ਖਾਲਸਾ ਪੰਥ ਦੀ ਕ੍ਰਿਪਾ ਨਾਲ ਹੀ ਸੰਭਵ ਹੋਇਆ ਹੈ। ਗੁਰੂ ਸਾਹਿਬ, ਖਾਲਸਾ ਪੰਥ ਨੂੰ ਹੀ ਸਾਰੀ ਸ਼ਕਤੀ ਦਾ ਸੋਮਾ ਮੰਨਦੇ ਹਨ ਅਤੇ ਇਥੋਂ ਤਕ ਕਹਿੰਦੇ ਹਨ ਕਿ ਖਾਲਸਾ ਪੰਥ ਦੀ ਕ੍ਰਿਪਾ ਨਾਲ ਹੀ ਉਹ ਉਤੇਸ਼ ਤੇ ਕਾਇਮ ਹਨ, ਨਹੀਂ ਤਾਂ ਉਹਨਾਂ ਵਰਗੇ ਕਰੋੜਾਂ ਹੋਰ ਇਸ ਸੰਸਾਰ ਵਿਚ ਮੌਜੂਦ ਹਨ:-

ਜੁਧ ਜਿਤੇ ਇਨਹੀ ਕੇ ਪ੍ਰਸਾਦਿ, ਇਨ ਹੀ ਕੇ ਪ੍ਰਸਾਦਿ ਸੁ ਦਾਨ ਕਰੇ।
ਅਘ ਅਉਘ ਟਰੇ ਇਨ ਹੀ ਕੇ ਪ੍ਰਸਾਦਿ,ਇਨ ਹੀ ਕੀ ਕ੍ਰਿਪਾ ਫੁਨ ਧਾਮ ਭਰੇ।
ਇਨ ਹੀ ਕੇ ਪ੍ਰਸਾਦਿ ਸੁ ਬਿਦਿਆ ਲਈ, ਇਨ ਹੀ ਕੀ ਕ੍ਰਿਪਾ ਸਭ ਸ਼ਤ੍ਰੁ ਮਰੇ।
ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ ਨਹੀਂ ਮੋ ਸੇ ਗਰੀਬ ਕਰੋਰ ਪਰੇ।[2]

ਇਥੇ ਵਿਸ਼ੇਸ਼ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਉਪਰਲੀਆਂ ਪੰਕਤੀਆਂ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੇ ਸਹਿਯੋਗ ਨਾਲ ਜਿਹਨਾਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ ਹੈ ਉਹਨਾਂ ਦਾ ਚਰਿੱਤਰ ਰਾਜਸੀ ਹੈ ਅਤੇ ਇਹ ਰਾਜਸੀ ਪ੍ਰਾਪਤੀਆਂ ਖਾਲਸਾ ਪੰਥ ਨੂੰ ਇਕ ਰਾਜਸੀ ਇਕਾਈ ਵਜੋਂ ਸਥਾਪਤ ਕਰਦੀਆਂ ਹਨ।

---

1- ਦਸਮ ਗ੍ਰੰਥ, (ਸੈਂਚੀ ਪਹਿਲੀ); ਪੰਨਾ 717

2- ਓਹੀ, 716

ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਦੇ ਆਧਾਰ ਤੇ ਇਹ ਸਪਸ਼ਟ ਰੂਪ ਵਿਚ ਮੰਨਿਆ ਜਾ ਸਕਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਿਰਜਨਾ ਦਾ ਕਾਰਜ ਸੰਪੂਰਨ ਕਰਨ ਦੇ ਨਾਲ ਹੀ ਉਸ ਨੂੰ ਪੂਰੀ ਤਰ੍ਹਾਂ ਰਾਜਨੀਤਿਕ ਹੋਂਦ ਵਾਲੀ ਜਥੇਬੰਦੀ ਦਾ ਰੂਪ ਦੇ ਦਿਤਾ।

ਸਰਬ ਲੋਹ ਗ੍ਰੰਥ ਵੀ ਖਾਲਸੇ ਦੀ ਮਹਿਮਾ ਦਾ ਵਰਣਨ ਕਰਦਾ ਹੈ ਅਤੇ ਖਾਲਸਾ ਪੰਥ ਦੀ ਸਿਰਜਨਾ ਤੇ ਮਨੋਰਥ ਦੀ ਭਰਪੂਰ ਜਾਣਕਾਰੀ ਦਿੰਦਾ ਹੈ। ਖਾਲਸਾ ਪੰਥ ਦੀ ਉਤਪਤੀ ਦੇ ਸੰਬੰਧ ਵਿਚ ਸਰਬ ਲੋਹ ਗ੍ਰੰਥ ਵਿਚੋਂ ਸਪਸ਼ਟ ਹੁੰਦਾ ਹੈ ਕਿ ਪ੍ਰਭੂ ਦੀ ਆਗਿਆ ਅਨੁਸਾਰ ਹੀ ਖਾਲਸਾ ਪੰਥ ਸਿਰਜਿਆ ਗਿਆ ਹੈ:-

ਪੰਥ ਖਾਲਸਾ ਭਯੋ ਪੁਨੀਤਾ ਪ੍ਰਭੂ ਆਗਯਾ ਕਰਿ ਉਦਿਤ ਭਏ॥[1]

ਸਰਬ ਲੋਹ ਗ੍ਰੰਥ ਖਾਲਸੇ ਦੀ ਉਪਮਾ ਕਰਦਿਆਂ ਦਸਦਾ ਹੈ ਕਿ ਅਕਾਲ ਪੁਰਖ ਨੇ ਖਾਲਸੇ ਨੂੰ ਅਧਿਆਤਮਕ ਅਤੇ ਸੰਸਾਰਕ ਦੋਹਾਂ ਖੇਤਰਾਂ ਦੇ ਸਾਰੇ ਗੁਣਾਂ ਨਾਲ ਸੁਸ਼ੋਭਿਤ ਕੀਤਾ ਹੈ। ਖਾਲਸਾ ਪੰਥ ਧਰਮ ਅਤੇ ਰਾਜ ਦੋਹਾਂ ਖੇਤਰਾਂ ਵਿਚ ਕ੍ਰਿਆ ਸ਼ੀਲ ਹੈ ਪਰ ਉਸ ਦੀ ਸ਼ਕਤੀ ਦਾ ਸ੍ਰੋਤ ਅਕਾਲ ਪੁਰਖ ਹੈ:-

ਐਸੋ ਗੁਣ ਹਰਿ ਖਾਲਸੇ ਬਖਸਾ, ਭਗਤਿ ਗਯਾਨੀ ਰਾਜ ਜੋਗੇਸੂਰ॥[2]

ਭਾਈ ਗੁਰਦਾਸ ਸਿੰਘ ਜੀ ਦੁਆਰਾ ਰਚਿਤ 'ਵਾਰ ਪਾਤਸ਼ਾਹੀ ਦਸਵੀਂ ਕੀ' ਵਿਚ ਖਾਲਸਾ ਪੰਥ ਦੇ ਸੰਬੰਧ ਵਿਚ ਵਿਸਤ੍ਰਿਤ ਜਾਣਕਾਰੀ ਮਿਲਦੀ ਹੈ। ਖਾਲਸਾ ਪੰਥ ਦੀ ਸਿਰਜਨਾ ਦਾ ਜ਼ਿਕਰ ਕਰਦਿਆਂ ਭਾਈ ਗੁਰਦਾਸ ਸਿੰਘ ਨੇ ਦਸਵੇਂ ਅਵਤਾਰ ਗੁਰੂ ਗੋਬਿੰਦ ਸਿੰਘ ਜੀ ਦੀ ਭਰਪੂਰ ਸਿਫ਼ਤ ਕੀਤੀ ਹੈ ਅਤੇ ਪੰਥ ਸਿਰਜਨ ਦੇ ਕਾਰਜ ਨੂੰ ਹੀ ਉਹਨਾਂ ਦੇ ਜੀਵਨ ਦਾ ਮੁੱਖ ਉਦੇਸ਼ ਦਸਿਆ ਹੈ। ਹੇਠਲੇ ਪਰਮਾਣ ਇਸੇ ਤਥ ਨੂੰ ਉਜਾਗਰ ਕਰਦੇ ਹਨ:-

---

1- ਪਦਮ, ਪਿਆਰਾ ਸਿੰਘ(ਸੰਪਾ); ਰਹਿਤਨਾਮੇ, ਪੰਨਾ 168

2- ਓਹੀ, ਪੰਨਾ 169

ੳ) ਗੁਰ ਗੋਬਿੰਦ ਸਿੰਘ ਪ੍ਰਗਟਿਉ ਦਸਵਾਂ ਅਵਤਾਰਾ।

ਜਿਨ ਅਲਖ ਅਪਾਰ ਨਿਰੰਜਨਾ ਜਪਿਓ ਕਰਤਾਰਾ।

ਨਿਜ ਪੰਥ ਚਲਾਇਓ ਖਾਲਸਾ ਧਰ ਤੇਜ ਕਰਾਰਾ।[1]

ਅ) ਉਹ ਗੁਰੁ ਗੋਬਿੰਦ ਸਿੰਘ ਦਸਵਾਂ ਅਵਤਾਰਾ।

ਜਿਨ ਖਾਲਸਾ ਪੰਥ ਅਚਿੰਤ ਸੁਧਾਰਾ।[2]

ਭਾਈ ਗੁਰਦਾਸ ਸਿੰਘ ਅਨੁਸਾਰ ਹਿੰਦੂ ਅਤੇ ਮੁਸਲਮਾਨ ਫਿਰਕਾਦਾਰੀ ਵਿਚ ਖਚਤ ਸਨ ਅਤੇ ਇਸ ਫਿਰਕਾਦਾਰੀ ਕਾਰਣ ਹਿੰਦੁਸਤਾਨੀ ਸਮਾਜ ਵਿਚ ਆਪਸੀ ਈਰਖਾ ਤੇ ਕਪਟ ਵਧਦਾ ਜਾ ਰਿਹਾ ਸੀ। ਇਸੇ ਸੰਵੇਦਨਸ਼ੀਲ ਸਥਿਤੀ ਵਿਚ ਤੀਸਰਾ ਮਜ਼ਹਬ ਖਾਲਸਾ ਪੰਥ ਇਕ ਸ਼੍ਰੋਮਣੀ ਧਰਮ ਦੇ ਰੂਪ ਵਿਚ ਹੋਂਦ ਵਿਚ ਆਇਆ:-

ਇਓ ਦੋਨੋ ਫਿਰਕੇ ਕਪਟ ਮੈ ਰਚ ਰਹੇ ਨਿਦਾਨਾ।

ਇਹ ਤੀਸਰਾ ਮਜ਼ਹਬ ਖਾਲਸਾ ਉਪਜਿਓ ਪਰਧਾਨਾ।[3]

ਖਾਲਸਾ ਪੰਥ ਦੀ ਸਿਰਜਨਾ ਅਕਾਲ ਪੁਰਖ ਦੇ ਹੁਕਮ ਵਿਚ ਹੋਈ ਹੈ। ਭਾਈ ਗੁਰਦਾਸ ਸਿੰਘ ਦਾ ਕਥਨ ਹੈ ਕਿ ਸ੍ਰੇਸ਼ਟ ਸਤਿਗੁਰੂ ਅਕਾਲ ਪੁਰਖ ਦੇ ਹੁਕਮ ਨਾਲ ਆਤਮ ਗਿਆਨ ਦਾ ਪ੍ਰਕਾਸ਼ ਹੋਇਆ ਅਤੇ ਫਿਰ ਸਹਿਜੇ ਹੀ ਪੂਰਨ ਪੁਰਸ਼ਾਰਥੀ ਖਾਲਸਾ ਪੰਥ ਖਾਲਸਾ ਪੰਥ ਰਚਿਆ ਗਿਆ:-

ਗੁਰਬਰ ਅਕਾਲ ਕੇ ਹੁਕਮ ਸੋ ਉਪਜਿਓ ਬਿਗਿਆਨਾ।

ਤਬ ਸਹਿਜੇ ਰਚਿਓ ਖਾਲਸਾ ਸਾਬਤ ਮਰਦਾਨਾ।[4]

---

1- 'ਵਾਰਾਂ ਭਾਈ ਗੁਰਦਾਸ' ਪੰਨਾ 667

2- ਓਹੀ, ਪੰਨਾ 673

3- ਓਹੀ, ਪੰਨਾ 668

4- ਓਹੀ, ਪੰਨਾ 667

ਖਾਲਸਾ ਪੰਥ ਦਾ ਮੰਤਵ ਦਸਦਿਆਂ ਭਾਈ ਗੁਰਦਾਸ ਸਿੰਘ ਦਾ ਕਹਿਣਾ ਹੈ ਕਿ ਗੁਰੂ ਗੋਬਿੰਦ ਸਿੰਘ ਦੇ ਹੁਕਮ ਅਨੁਸਾਰ ਖਾਲਸਾ ਪੰਥ ਨੇ ਖੜਗ ਧਾਰਣ ਕੀਤੀ ਹੈ ਅਤੇ ਦੁਸਟਾਂ ਦਾ ਨਾਸ ਕਰਨ ਦਾ ਬੀੜਾ ਚੁਕਿਆ ਹੈ। ਖਾਲਸਾ ਪੰਥ ਦਾ ਵਿਸ਼ਵਾਸ ਹੈ ਕਿ ਸਾਰੀਆਂ ਸ਼ਕਤੀਆਂ ਦਾ ਸ੍ਰੋਤ ਅਕਾਲ ਪੁਰਖ ਹੈ ਅਤੇ ਇਸੇ ਲਈ ਅਕਾਲ ਪੁਰਖ ਤੋਂ ਮੁਨਕਰ ਲੋਕਾਂ ਨੂੰ ਹਰ ਹੀਲੇ ਨਾਲ ਮੁੜ ਅਕਾਲ ਪੁਰਖ ਨਾਲ ਜੋੜਨਾ ਹੀ ਉਸਦਾ ਮੁਖ ਮੰਤਵ ਹੈ:-

ਜਿਨ ਗੁਰ ਗੋਬਿੰਦ ਕੇ ਹੁਕਮ ਸੇ ਗਹਿ ਖੜਗ ਦਿਖਾਨਾ।
ਤਿਹ ਸਭ ਦੁਸਟਨ ਕਉ ਛੇਦਿਕੈ ਅਕਾਲ ਜਪਾਨਾ।[1]

ਦੁਨੀਆਵੀ ਸ਼ਕਤੀਆਂ ਨੂੰ ਆਪਣੇ ਹੱਥ ਵਿਚ ਕੇਂਦ੍ਰਿਤ ਰਖਣ ਵਾਲੇ ਰਾਜੇ, ਸ਼ਾਹ ਅਤੇ ਅਮੀਰਾਂ ਨੂੰ ਵੀ ਖਾਲਸਾ ਪੰਥ ਦੇ ਹਥਿਆਰਬੰਦ ਵਿਰੋਧ ਦਾ ਸਾਹਮਣਾ ਕਰਨਾ ਪਿਆ।

ਜਹ ਰਾਜੇ ਸ਼ਾਹ ਅਮੀਰੜੇ ਹੋਏ ਸਭ ਛਾਰਾ।
ਫਿਰ ਸੁਨ ਕਰਿ ਐਸੀ ਧਮਕ ਕੋ ਕਾਂਪੇ ਗਿਰਿ ਭਾਰਾ।[2]

ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੇ ਮੁਖ ਮੰਤਵ ਨੂੰ ਦੁਸਟਾਂ ਦੇ ਨਾਸ ਅਤੇ ਦੁਨਿਆਵੀ ਸ਼ਕਤੀ ਦੇ ਸੁਆਮੀਆਂ ਵਿਰੁਧ ਘੋਲ ਤਕ ਸੀਮਤ ਨਹੀਂ ਰਖਿਆ ਸਗੋਂ ਖਾਲਸੇ ਨੂੰ ਖੁਦ ਹਾਕਮ ਬਨਣ ਲਈ ਉਤਸਾਹਤ ਕੀਤਾ:-

ਤਬ ਸਿੰਘਨ ਕਉ ਬਖਸ਼ ਕਰਿ ਬਹੁ ਸੁਖ ਦਿਖਲਾਏ।
ਫਿਰ ਸਭ ਪ੍ਰਿਥਵੀ ਕੇ ਊਪਰੇ ਹਾਕਮ ਠਹਿਰਾਏ।[3]

ਅਸਲ ਵਿਚ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਅਕਾਲ ਪੁਰਖ ਦੇ ਉਪਾਸ਼ਕ ਖਾਲਸਾ ਪੰਥ ਦੀ ਸਿਰਜਨਾ ਨਾਲ ਇਕ ਨਿਰਭਉ ਰਾਜ ਦੀ ਸਥਾਪਨਾ ਦਾ ਕਾਰਜ ਅਰੰਭ ਹੋ ਗਿਆ ਸੀ

---

1- 'ਵਾਰਾਂ ਭਾਈ ਗੁਰਦਾਸ'; ਪੰਨਾ 668

2- ਓਹੀ, ਪੰਨਾ 667

3- ਓਹੀ, ਪੰਨਾ 669

ਅਤੇ ਇਕ ਸੱਚੇ ਨਿਆਂਇਕ ਰਾਜਨੀਤਕ ਢਾਂਚੇ ਦੀ ਬੁਨਿਆਦ ਰਖੀ ਗਈ ਸੀ। ਭਾਈ ਗੁਰਦਾਸ ਸਿੰਘ ਦੀਆਂ ਇਹ ਸਤਰਾਂ ਖਾਲਸਾ ਪੰਥ ਦੇ ਇਸੇ ਰਾਜਸੀ ਮੰਤਵ ਦਾ ਪ੍ਰਗਟਾਵਾ ਕਰਦੀਆਂ ਹਨ:

ਨਿਜ ਦੋਹੀ ਫਿਰੀ ਗੋਬਿੰਦ ਕੀ ਅਕਾਲ ਜਪਾਏ।
ਤਿਹ ਨਿਰਭਉ ਰਾਜ ਕਮਾਇਅਨੁ ਸਚ ਅਦਲ ਚਲਾਏ।[1]

ਕਵੀ ਸੈਨਾ ਪਤੀ ਨੇ ਸ੍ਰੀ ਗੁਰੂ ਸੋਭਾ ਵਿਚ ਖਾਲਸਾ ਪੰਥ ਦੀ ਸਿਰਜਨਾ ਦੇ ਸਬੰਧ ਵਿਚ ਸਪਸ਼ਟ ਕੀਤਾ ਹੈ ਕਿ ਖਾਲਸਾ ਪੰਥ ਅਕਾਲ ਪੁਰਖ ਦੇ ਹੁਕਮ ਅਨੁਸਾਰ ਸਿਰਜਿਆ ਗਿਆ ਹੈ। ਸੈਨਾਪਤੀ ਅਨੁਸਾਰ ਅਕਾਲ ਪੁਰਖ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਮੁਖ਼ਾਤਿਬ ਕਰਕੇ ਇਹ ਬਚਨ ਕੀਤਾ ਹੈ ਕਿ ਤੁਹਾਨੂੰ ਸੰਸਾਰ ਤੇ ਭੇਜਣ ਦਾ ਮਨੋਰਥ ਇਹੋ ਹੈ ਕਿ ਤੁਸੀਂ ਜਾ ਕੇ ਧਰਮ ਦੀ ਖਾਤਰ ਮੇਰੇ ਪੰਥ ਦੀ ਸਿਰਜਨਾ ਕਰੋ:-

ਤੁਝੈ ਜੋ ਬਨਾਯਾ॥ ਸੁ ਐਹੀ ਉਪਾਯਾ॥
ਕਰਓ ਪੰਥ ਮੇਰਾ॥ ਧਰਮ ਕਾਜ ਕੇਰਾ॥[2]

ਖਾਲਸੇ ਦੀ ਪਰਿਭਾਸ਼ਾ ਕਰਦਿਆਂ ਸੈਨਾਪਤੀ ਨੇ ਦਸਿਆ ਹੈ ਜਿਹੜੇ ਅਕਾਲ ਪੁਰਖ ਦੇ ਨਾਮ ਨਾਲ ਜੁੜੇ ਹੋਣ ਕਰਕੇ ਨਿਰਮਲ ਹਨ ਅਤੇ ਜਿਹਨਾਂ ਦੇ ਅੰਤਹਕਰਣ ਵਿਚ ਪੂਰਾ ਚਾਨਣ ਹੈ ਉਹੀ ਖਾਲਸੇ ਹਨ:-

ਜਿਹ ਜਨ ਉਪਜਤ ਨਾਮ ਸੁਧਿ ਤਿਹ ਜਨ ਨਿਰਮਲ ਰੀਤਿ।
ਭਜਿ ਗੋਬਿੰਦ ਭਏ ਖਾਲਸਾ ਜਿਨ ਅੰਤਰਿ ਪਰਤੀਤ।[3]

ਸੈਨਾਪਤੀ ਦੇ ਵਿਚਾਰ ਵਿਚ ਖਾਲਸਾ ਆਪਣੇ ਨਿਰਧਾਰਤ ਨਿਸ਼ਾਨੇ ਨੂੰ ਪ੍ਰਾਪਤ ਕਰਨ ਲਈ ਪ੍ਰਾਣਾਂ ਦੀ ਆਹੂਤੀ ਦੇਣ ਵਿਚ ਕੋਈ ਸੰਕੋਚ ਨਹੀਂ ਕਰਦਾ। ਨਿਰਮੋਹ ਗੜ੍ਹ ਦੀ ਲੜਾਈ

---

1- 'ਵਾਰਾਂ ਭਾਈ ਗੁਰਦਾਸ'; ਪੰਨਾ 668

2- ਕਵਿ ਸੈਨਾਪਤਿ, 'ਸ੍ਰੀ ਗੁਰੂ ਸੋਭਾ'; ਪੰਨਾ 12

3- ਓਹੀ, ਪੰਨਾ 35

ਦਾ ਜ਼ਿਕਰ ਕਰਦਿਆਂ ਕਵੀ ਸੈਨਾਪਤੀ ਦਾ ਕਥਨ ਹੈ ਕਿ ਪ੍ਰਾਣ ਦੇਣ ਲਈ ਤਤਪਰ ਰਹਿਣ ਵਾਲਾ ਹੀ ਖਾਲਸਾ ਅਖਵਾ ਸਕਦਾ ਹੈ:

ਪ੍ਰਾਨ ਦਿਯੋ ਹੁਇ ਖਾਲਸਾ ਪੂਰਨ ਤਾਕੇ ਭਾਗ।[1]

ਗੁਰੂ ਗੋਬਿੰਦ ਸਿੰਘ ਨੇ ਮਸੰਦਾਂ ਦੀ ਪ੍ਰਥਾ ਹਮੇਸ਼ਾਂ ਲਈ ਖ਼ਤਮ ਕਰਕੇ ਸਾਰੀ ਸਿਖ ਸੰਗਤ ਨੂੰ ਆਪਣੇ ਨਾਲ ਸਿੱਧੇ ਰੂਪ ਵਿਚ ਜੋੜ ਲਿਆ ਸੀ ਅਰਥਾਤ ਸਾਰੇ ਸਿਖਾਂ ਨੂੰ ਖਾਲਸਾ ਬਣਾ ਲਿਆ ਸੀ। ਕਵੀ ਸੈਨਾਪਤੀ ਨੇ ਇਸੇ ਤਥ ਦਾ ਜ਼ਿਕਰ ਇਹਨਾਂ ਪੰਕਤੀਆਂ ਵਿਚ ਕੀਤਾ ਹੈ:-

ਤਬ ਸਿਖਨ ਯਹ ਬਾਤ ਬਤਾਈ।ਸਤਿਗੁਰੁ ਪੁਰਖ ਮਹਾ ਸੁਖਦਾਈ।

ਆਗੇ ਜਿਨ ਕੈ ਨਾਇਬ ਹੋਤੇ। ਨਾਂਵ ਮਸੰਦ ਸਗਲ ਥੇ ਜੇਤੇ।

ਦੋਹਿਰਾ-ਸੋ ਸਤਿਗੁਰੁ ਕਿਯੇ ਦੂਰਿ ਸਬ, ਪਰਮ ਜੋਤਿ ਨਿਜ ਧਾਰਿ।

ਸਗਲ ਸਿਖ ਭਏ ਖਾਲਸਾ ਸੁਨਿਯੋ ਸਾਰ ਬਿਚਾਰ।[2]

ਇਥੇ ਖਾਲਸਾ ਸ਼ਬਦ ਦੀ ਵਰਤੋਂ 'ਬਾਦਸ਼ਾਹੀ ਜਾਇਦਾਦ' ਦੇ ਅਰਥਾਂ ਵਿਚ ਕੀਤੀ ਹੈ। ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨ ਕੋਸ਼ ਵਿਚ ਵੀ ਖਾਲਸਾ ਸ਼ਬਦ ਦੇ ਇਨ੍ਹਾਂ ਅਰਥਾਂ ਦਾ ਜ਼ਿਕਰ ਇਸ ਪ੍ਰਕਾਰ ਹੈ ਕਿ ਖਾਲਸਾ - "ਉਹ ਜ਼ਮੀਨ ਜਾਂ ਮੁਲਕ, ਜੋ ਬਾਦਸ਼ਾਹ ਦਾ ਹੈ, ਜਿਸ ਪੁਰ ਕਿਸੇ ਜਾਗੀਰਦਾਰ ਅਥਵਾ ਜ਼ਿਮੀਦਾਰ ਦਾ ਸਵਤਵ ਨਹੀਂ।"[3] ਸੈਨਾਪਤੀ ਦੀਆਂ ਉਪਰੋਕਤ ਪੰਕਤੀਆਂ ਦਾ ਭਾਵ ਇਹ ਹੈ ਕਿ ਖਾਲਸਾ ਪੰਥ ਸ਼ਾਹੀ ਜਾਇਦਾਦ ਵਾਂਗੂੰ ਸਿਧੇ ਰੂਪ ਵਿਚ ਗੁਰੂ ਸਾਹਿਬ ਨਾਲ ਸਬੰਧਤ ਹੈ ਅਤੇ ਖਾਲਸਾ ਤੇ ਗੁਰੂ ਵਿਚਕਾਰ ਕੋਈ ਵਿਚੋਲਾ ਨਹੀਂ।

---

1- ਕਵਿ ਸੈਨਾਪਤਿ; 'ਸ੍ਰੀ ਗੁਰੂ ਸੋਭਾ'; ਪੰਨਾ 64

2- ਓਹੀ; ਪੰਨਾ 53

3- ਨਾਭਾ, ਭਾਈ ਕਾਨ੍ਹ ਸਿੰਘ; ਮਹਾਨ ਕੋਸ਼; ਪੰਨਾ 374

ਖਾਲਸਾ ਪੰਥ ਦੀ ਸਿਰਜਨਾ ਦਾ ਮੰਤਵ ਦੁਰਜਨਾਂ ਦਾ ਨਾਸ ਕਰਨਾ ਹੈ। ਕਵੀ ਸੈਨਾਪਤੀ ਦੀ ਇਹਨਾਂ ਸਤਰਾਂ ਵਿਚੋਂ ਇਹ ਤਥ ਸਪਸ਼ਟ ਰੂਪ ਵਿਚ ਉਜਾਗਰ ਹੁੰਦਾ ਹੈ:-

ਨਿਰਮਲ ਕਰ ਸੰਸਾਰ ਜਗਤ ਮੈ ਬਚਨਿ ਸੁਨਾਏ।
ਕਿਯੋ ਖਾਲਸਾ ਪ੍ਰਗਟ ਸੁਨਤ ਦੁਰਜਨ ਡਰਪਾਏ।[1]

ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦਾ ਮਨੋਰਥ ਵੀ ਕਵੀ ਸੈਨਾਪਤੀ ਦੀ ਰਚਨਾ ਅਨੁਸਾਰ ਦੁਸਟਾਂ ਦਾ ਨਾਸ ਕਰਨਾ ਤੇ ਸੰਤ ਜਨਾਂ ਦੀ ਰਖਿਆ ਕਰਨਾ ਹੈ ਅਤੇ ਇਸੇ ਮਨੋਰਥ ਦੀ ਪੂਰਤੀ ਲਈ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਪੰਥ ਦੀ ਸਿਰਜਨਾ ਕੀਤੀ ਸੀ। ਸ੍ਰੀ ਗੁਰੂ ਸੋਭਾ ਦੀਆਂ ਇਹ ਪੰਕਤੀਆਂ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਮਨੋਰਥ ਨੂੰ ਸਪਸ਼ਟ ਕਰਦੀਆਂ ਹਨ:

ਦੁਸ਼ਟ ਬਿਡਾਰਣ ਸੰਤ ਉਬਾਰਨ ਸਭ ਜਗ ਤਾਰਣ ਭਵ ਹਰਣੰ।
ਜੈ ਜੈ ਜੈ ਦੇਵ ਕਰੈ ਸਭ ਹੀ ਤਿਹ ਆਨ ਪਰੇ ਗੁਰ ਕੀ ਸਰਣੰ।[2]

ਕੁਇਰ ਸਿੰਘ ਦੀ ਕ੍ਰਿਤ ਗੁਰਬਿਲਾਸ ਪਾਤਸ਼ਾਹੀ 10 ਵਿਚ ਭਾਈ ਮਨੀ ਸਿੰਘ ਜੀ ਦੀ ਜ਼ੁਬਾਨੀ ਗਵਾਹੀ ਦੇ ਆਧਾਰ ਤੇ ਖਾਲਸਾ ਪੰਥ ਸਿਰਜਨਾ ਦੇ ਸਬੰਧ ਵਿਚ ਵੇਰਵੇ ਸਹਿਤ ਪੂਰੀ ਜਾਣਕਾਰੀ ਮਿਲਦੀ ਹੈ। ਗੁਰੂ ਗੋਬਿੰਦ ਸਿੰਘ ਜੀ ਵਲੋਂ ਸੰਗਤਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਪੰਜ ਵਾਰ ਸੀਸ ਦੀ ਮੰਗ ਕਰਨ, ਖੰਡੇ ਦਾ ਅੰਮ੍ਰਿਤ ਤਿਆਰ ਕਰਕੇ ਉਹਨਾਂ ਨੂੰ ਛਕਾਉਣ ਅਤੇ ਮਗਰੋਂ ਉਹਨਾਂ ਸਿੰਘਾਂ ਪਾਸੋਂ ਆਪ ਅੰਮ੍ਰਿਤ ਛਕਣ ਦੀ ਪੂਰੀ ਇਤਿਹਾਸਕ ਘਟਨਾ ਦਾ ਵਰਣਨ ਕੁਇਰ ਸਿੰਘ ਨੇ ਕੀਤਾ ਹੈ।[3]

- - - - - - - - - - - - - - - - - - - - - - - - - - - - - - - - - - - -

1- ਕਵਿ ਸੈਨਾਪਤਿ; ਸ੍ਰੀ ਗੁਰੂ ਸੋਭਾ; ਪੰਨਾ 31

2- ਓਹੀ; ਪੰਨਾ 11

3- ਕੁਇਰ ਸਿੰਘ; 'ਗੁਰ ਬਿਲਾਸ ਪਾਤਸ਼ਾਹੀ 10'; ਪੰਨਾ 127-130

ਖਾਲਸਾ ਪੰਥ ਦਾ ਅਕਾਲ ਪੁਰਖ ਨਾਲ ਸਿਧਾ ਸਬੰਧ ਜੋੜਦਿਆਂ ਅਤੇ ਖਾਲਸਾ ਪੰਥ ਨੂੰ ਗੁਰੂ ਨਾਲ ਸਮਤਾ ਦਿੰਦਿਆਂ ਗੁਰ ਬਿਲਾਸ ਵਿਚ ਲਿਖਿਆ ਹੈ:-

ਅਹੈ ਮਮ ਪੰਥ ਸਮੁੰਦ੍ਰ ਸਮਾਨ ਜੋ ਜਾਪ ਅਕਾਲ ਕੋ ਸੰਗ ਰਹਾਹੀ।
ਸ੍ਰੀ ਗੁਰ ਆਪ ਸਮਾਨ ਕਰਯੋ ਯਹ ਪੰਥ ਅਨੂਪ ਲਖੈ ਆਪ ਜਾਹੀ।[1]

ਕੁਇਰ ਸਿੰਘ ਦਾ ਵਿਚਾਰ ਹੈ ਕਿ ਖਾਲਸਾ ਪੰਥ ਦੀ ਸਿਰਜਨਾ ਚੌਹਾਂ ਵਰਣਾਂ ਨੂੰ ਇਕਾ ਕਰਕੇ ਕੀਤੀ ਗਈ ਹੈ ਅਰਥਾਤ ਖਾਲਸਾ ਪੰਥ ਦੀ ਸਿਰਜਨਾ ਤੋਂ ਬਾਅਦ ਵਰਣ-ਭੇਦ ਖਤਮ ਹੋ ਜਾਂਦੇ ਹਨ ਅਤੇ ਇਕ ਵਰਣ ਦੇ ਰੂਪ ਵਿਚ ਖਾਲਸਾ ਪੰਥ ਕਾਰਜਸ਼ੀਲ ਹੁੰਦਾ ਹੈ-

ਚਾਰ ਬਰਨ ਇਕ ਬਰਨ ਪ੍ਰਕਾਰਾ,
ਨਾਮ ਖਾਲਸਾ ਪੰਥ ਸੁਧਾਰਾ।[2]

ਖਾਲਸਾ ਪੰਥ ਦੀ ਸਿਰਜਨਾ ਦੇ ਮੰਤਵ ਪ੍ਰਤੀ ਵੀ ਕੁਇਰ ਸਿੰਘ ਦਾ ਗੁਰ ਬਿਲਾਸ ਪੂਰੀ ਤਰ੍ਹਾਂ ਸਪਸ਼ਟ ਹੈ। ਖਾਲਸਾ ਪੰਥ ਦੀ ਰਚਨਾ ਨਾਲ ਸਬੰਧਤ, ਗੁਰ ਬਿਲਾਸ ਦੇ ਨੌਵੇਂ ਅਧਿਆਇ ਦੇ ਸ਼ੁਰੂ ਵਿਚ ਪੰਥ ਸਿਰਜਣਾ ਦਾ ਮੰਤਵ ਦਸਦਿਆਂ ਲੇਖਕ ਕਹਿੰਦਾ ਹੈ ਕਿ ਸਤ੍ਰੂਆਂ ਦਾ ਨਾਸ ਅਤੇ ਸੰਤਾ ਲਈ ਸੁਖ ਖਾਲਸਾ ਪੰਥ ਦੀ ਸਿਰਜਨਾ ਦਾ ਮੰਤਵ ਹੈ:-

ਯਾ ਬਿਧਿ ਪੰਥ ਬਨਾਇ ਹੈ ਕਹੌਂ ਨੇਮ ਕੇ ਮਾਹਿ।
ਜਾ ਲਖ ਸਤ੍ਰਨ ਨਾਸ ਹੋਇ ਸੰਤ ਮਨੇ ਸੁਖ ਪਾਹਿ।[3]

ਇਕ ਹੋਰ ਥਾਂ ਤੇ ਕੁਇਰ ਸਿੰਘ ਦਾ ਕਥਨ ਹੈ ਕਿ ਸੰਤ ਜਨਾਂ ਨੂੰ ਸੁਖ ਪ੍ਰਦਾਨ ਕਰਨ ਲਈ ਅਤੇ ਸ਼ਤ੍ਰੂਆਂ ਦਾ ਨਾਸ ਕਰਨ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਸਿਰਜਨ ਦਾ ਕੰਮ ਅਰੰਭਿਆ ਹੈ:

---

1- ਕੁਇਰ ਸਿੰਘ; '<u>ਗੁਰ ਬਿਲਾਸ ਪਾਤਸ਼ਾਹੀ 10</u>'; ਪੰਨਾ 138.

2- ਓਹੀ; ਪੰਨਾ 143

3- ਓਹੀ; ਪੰਨਾ 127

ਸੰਤ ਅਨੰਤ ਬਧੇ ਸੁਖ ਸੋ ਪੁਨਿ ਤੋ ਜਸ ਗਾਇ ਜੁ ਰਾਜ ਕਮਾਵੈ।

ਖਾਲਸਾ ਪੰਥ ਪ੍ਰਕਾਸ਼ ਕਰੋ ਲਖ ਸਤ੍ਰਨ ਸੰਗਰ ਏਕ ਠਹਿਰਾਵੈ।[1]

ਪਰ ਉਪਰਲੀਆਂ ਸਤਰਾਂ ਵਿਚ ਸੰਤਾਂ ਦੇ ਸੁਖ ਅਤੇ ਸਤ੍ਰੂਆਂ ਦੇ ਨਾਸ਼ ਦੇ ਨਾਲ ਜਿਹੜੀ ਵਿਸ਼ੇਸ਼ ਮਹੱਤਤਾ ਦੀ ਗੱਲ ਜੁੜੀ ਹੋਈ ਹੈ, ਉਹ ਧਿਆਨ ਦੇਣ ਯੋਗ ਹੈ, 'ਤੋ ਜਸ ਗਾਇ ਜੁ ਰਾਜ ਕਮਾਵੈ' ਤੋਂ ਸਪਸ਼ਟ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਖਾਲਸਾ ਪੰਥ ਦੀ ਸਿਰਜਨਾ ਦੇ ਨਾਲ ਹੀ ਇਕ ਐਸੇ ਰਾਜ ਦੀ ਕਲਪਨਾ ਕਰਦੇ ਹਨ ਜਿਹੜਾ ਰਾਜ, ਸ਼ਕਤੀ ਦੇ ਮੂਲ ਸ੍ਰੋਤ ਰਬ ਨਾਲ ਜੁੜਿਆ ਹੋਇਆ ਹੈ।

ਇਸ ਤਰ੍ਹਾਂ ਕੁਇਰ ਸਿੰਘ ਦੇ ਗੁਰ ਬਿਲਾਸ ਅਨੁਸਾਰ ਖਾਲਸਾ ਪੰਥ ਦਾ ਮੰਤਵ ਦੁਸ਼ਟਾਂ ਦੇ ਨਾਸ ਤਕ ਸੀਮਤ ਨਹੀਂ ਸਗੋਂ ਉਸਤੋਂ ਅਗਾਂਹ ਇਕ ਆਦਰਸ਼ ਰਾਜ ਦੀ ਕਾਇਮੀ ਹੈ। ਗੁਰ ਬਿਲਾਸ ਵਿਚ ਬਹੁਤ ਸਾਰੇ ਐਸੇ ਪਰਮਾਣ ਮਿਲਦੇ ਹਨ ਜਿਹਨਾਂ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਿਰਜਨਾ ਕਰਕੇ ਉਸਨੂੰ ਤੱਤਕਾਲੀਨ ਰਾਜ ਵਿਵਸਥਾ ਦੀ ਥਾਂ ਤੇ ਇਕ ਨਵੀਂ ਰਾਜ ਵਿਵਸਥਾ ਸਥਾਪਿਤ ਕਰਨ ਦੀ ਪ੍ਰੇਰਨਾ ਦਿਤੀ ਹੈ। ਖਾਲਸਾ ਪੰਥ ਰਾਹੀਂ ਰਾਜਨੀਤਕ ਬਦਲਾਵ ਲਿਆਉਣ ਦਾ ਗੁਰੂ ਗੋਬਿੰਦ ਸਿੰਘ ਜੀ ਦਾ ਸੰਕਲਪ ਹੇਠਲੀਆਂ ਸਤਰਾਂ ਤੋਂ ਪ੍ਰਗਟ ਹੁੰਦਾ ਹੈ:-

ੳ) ਰਾਜਭਵੇ ਤੁਮਰੋ ਜਗ ਭੀਤਰ ਸੰਤ ਅਨੰਤ ਬਸੈ ਸੁਖ ਪਾਵੈਂ।[2]

ਅ) ਜੋ ਜੋ ਮਨੇ ਕਾ ਸਿਖ ਭਯੋ। ਸੋ ਸੋ ਰਾਜ ਪਾਇ ਤਰ ਗਯੋ।[3]

ੲ) ਰਾਜ ਲਹੈ ਤੁਮਰੋ ਸਭ ਹੀ ਇਹੁ ਪੰਥ ਅਕਾਲ ਕੋ ਸ੍ਰੀ ਗੁਰੁ ਸਾਜੀ।[4]

---

1- ਕੁਇਰ ਸਿੰਘ; 'ਗੁਰ ਬਿਲਾਸ ਪਾਤਸ਼ਾਹੀ 10'; ਪੰਨਾ 114

2- ਓਹੀ; ਪੰਨਾ 114

3- ਓਹੀ; ਪੰਨਾ 136

4- ਓਹੀ; ਪੰਨਾ 139

ਸ) ਬਾਜ ਉਡਾਇ ਸਦਾ ਕਰ ਰਾਜ ਨਹੀਂ ਮਨ ਚੰਚਲ ਝੂਠ ਲਖਾਗੀ।[1]

ਹ) ਤੀਨ ਲੋਕ ਸਭ ਕੰਪਤ ਭਏ। ਮਨੋ ਰਾਜ ਅਬੈ ਇਨ ਲਏ।[2]

ਕੁਇਰ ਸਿੰਘ ਦਾ ਵਿਚਾਰ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਨੂੰ ਖਾਲਸਾ ਰਾਜ ਸਥਾਪਿਤ ਕਰਨ ਦਾ ਟੀਚਾ ਮਿਥ ਦਿੱਤਾ ਸੀ। ਗੁਰ ਬਿਲਾਸ ਵਿਚ ਬਹੁਤ ਸਾਰੇ ਵਾਕ ਗੁਰੂ ਗੋਬਿੰਦ ਸਿੰਘ ਜੀ ਦੇ ਮੁਖ ਤੋਂ ਨਿਕਲੇ ਦਰਸਾਏ ਗਏ ਹਨ ਜਿਹਨਾਂ ਵਿਚ ਖਾਲਸਾ ਰਾਜ ਦੀ ਸਥਾਪਨਾ ਦੀ ਕਲਪਨਾ ਕੀਤੀ ਗਈ ਹੈ:-

ੳ) ਜਬੈ ਖਾਲਸਾ ਧਰ ਮੈ ਹੋਈ। ਪ੍ਰਿਥਮੈ ਦੁਖ ਪੇਖੇਗਾ ਸੋਈ।
ਪੁਨਿ ਜਬ ਰਾਜ ਦਿੱਲੀ ਮੈ ਕਰਹੀ।ਪਾਵੈ ਸੁਖ ਸੋ ਅਕਾਲ ਉਚਰੀ।[3]

ਅ) ਤਾਕੋ ਆਗਮ ਸਭ ਨਜਰਾਵਾ।ਹੋਇ ਖਾਲਸਾ ਰਾਜ ਸੁਹਾਵਾ।[4]

ੲ) ਜਬ ਹੀ ਰਾਜ ਖਾਲਸ ਕਾ ਹੋਈ।ਤਬ ਮਾਲੂਮ ਏਹ ਵਸਤ ਸੋ ਸੋਈ।[5]

ਸ) ਜਹਿ ਤੁਰਕਨ ਕੇ ਹੋਇ ਅਖਾਰੇ। ਜਾਂਹਿ ਸੀਸ ਲਾਗੀ ਬਹੁ ਪਧਾਰੇ।
ਤਾਂਹਿ ਖਾਲਸਾ ਕਰ ਹੈ ਰਾਜ। ਸੀਸ ਲਗੈ ਜੋ ਸਤਿਗੁਰ ਕਾਜ।[6]

ਖਾਲਸਾ ਪੰਥ ਦੀ ਸਿਰਜਨਾ ਦੇ ਪਿਛੇ ਗੁਰੂ ਗੋਬਿੰਦ ਸਿੰਘ ਜੀ ਜਿਹੜਾ ਦ੍ਰਿੜ੍ਹ ਸੰਕਲਪ ਅਤੇ ਜਿਹੜੀ ਮਾਨਸਿਕਤਾ ਕਾਰਜਸ਼ੀਲ ਹੈ ਉਸ ਨੂੰ ਵੀ ਕੁਇਰ ਸਿੰਘ ਨੇ ਆਪਣੀ ਰਚਨਾ ਵਿਚ ਉਭਾਰਿਆ ਹੈ। ਚਿੜੀਆਂ ਕੋਲੋਂ ਬਾਜ ਮਰਵਾਉਣ ਅਤੇ ਸਹੇ ਨੂੰ ਸ਼ੇਰ ਬਣਾਉਣ ਦਾ ਗੁਰੂ ਸੰਕਲਪ

---

1- ਕੁਇਰ ਸਿੰਘ; '<u>ਗੁਰਬਿਲਾਸ ਪਾਤਸ਼ਾਹੀ 10</u>'; ਪੰਨਾ 130

2- ਓਹੀ; ਪੰਨਾ 139

3- ਓਹੀ; ਪੰਨਾ 96

4- ਓਹੀ, ਪੰਨਾ 135

5- ਓਹੀ, ਪੰਨਾ 218

6- ਓਹੀ, ਪੰਨਾ 283

ਨਿਸਚਿਤ ਰੂਪ ਵਿਚ ਵਿਤਕਰਿਆਂ ਅਤੇ ਸ਼ੋਸ਼ਣ ਦੀ ਸ਼ਿਕਾਰ ਆਮ ਜਨਤਾ ਨੂੰ ਸਮਾਜ ਵਿਚ ਉਚੇ ਦਰਜੇ ਤੇ ਪਹੁੰਚਾਉਣ ਅਤੇ ਰਾਜ ਦੀ ਸੰਪ੍ਰਭੁਤਾ ਦਿਵਾਉਣ ਦਾ ਸੰਕਲਪ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਸੰਕਲਪ ਦਾ ਵਰਣਨ ਕੁਇਰ ਸਿੰਘ ਨੇ ਇਸ ਪ੍ਰਕਾਰ ਕੀਤਾ ਹੈ:

ਮੈਂ ਅਸਿ ਪਾਨਿਜ ਤਬ ਲਖੋ ਕਰੋ ਐਸ ਯੋ ਕਾਮ।
ਚਿੜੀਅਨ ਬਾਜ ਤੁਰਘ ਹੋਂ ਸਭੇ ਕਰੇ ਸਿੰਘ ਸਾਮ।
ਬਾਜ ਚਿੜੀ ਕਹੁ ਮਾਰ ਹੈ ਏ ਪ੍ਰਭੁਤਾ ਕਛੂ ਨਾਹ।
ਤਾਤੇ ਕਾਲ ਕੀਓ ਇਹੈ ਬਾਜ ਹਨੈ ਚਿੜੀਆਹ ।[1]

ਖਾਲਸਾ ਕੌਣ ਹੈ? - ਇਸ ਪ੍ਰਸ਼ਨ ਦਾ ਉਤਰ ਪ੍ਰੇਮ ਸੁਮਾਰਗ ਗ੍ਰੰਥ ਦੇ ਕਰਤਾ ਨੇ ਬੜੇ ਸਪਸ਼ਟ ਸ਼ਬਦਾਂ ਵਿਚ ਇਸ ਪ੍ਰਕਾਰ ਦਿਤਾ ਹੈ:-

"ਸੋ ਕਉਨ ਖਾਲਸਾ ਹੈਨਿ? ਜਿਨ੍ਹੀਂ ਕਿਨ੍ਹੀਂ ਆਪਣਾ ਤਨੁ ਮਨੁ ਧਨੁ ਗੁਰੂ ਸ੍ਰੀ ਅਕਾਲ ਪੁਰਖੁ ਜੀ ਕਉ ਸਉਂਪਿਆ ਹੈ। ਕਿਸੀ ਬਾਤ ਕਾ ਉਨ ਕਉ ਹਰਖ ਸੋਗੁ ਨਾਹੀਂ। ਅਰ ਕਿਸੀ ਕੀ ਆਸਾ ਨਾਹੀਂ ਕਰਤੇ। ਅਰੁ ਇੰਦ੍ਰੀਆਂ ਆਪਣੀਆਂ ਕਉ ਜੀਤ ਬੈਠੇ ਹੈਨਿ। ਅਰੁ ਚਿਤਵਨੀ ਅਪਨੀ ਕਉ ਸ੍ਰੀ ਅਕਾਲ ਪੁਰਖ ਜੀ ਕੇ ਚਰਨਾਰਬਿੰਦ ਬਿਖੈ ਰਖਿਆ ਹੈ।"[2]

ਬੰਸਾਵਲੀ ਨਾਮੇ ਵਿਚ ਕੇਸਰ ਸਿੰਘ ਛਿਬਰ ਨੇ ਗੁਰੂ ਗੋਬਿੰਦ ਸਿੰਘ ਦੇ ਖਾਲਸਾ ਪੰਥ ਦੇ ਦੋ ਗੁਣ ਦਸੇ ਹਨ। ਇਕ ਤਾਂ ਖਾਲਸਾ ਸ਼ਸਤ੍ਰਧਾਰੀ ਹੈ ਅਤੇ ਦੂਜਾ ਉਹ ਗੁਰੂ ਗ੍ਰੰਥ ਸਾਹਿਬ ਦੇ ਦੱਸੇ ਮਾਰਗ ਤੇ ਚਲਣ ਵਾਲਾ ਹੈ:-

ਸਸਤ੍ਰਧਾਰੀ ਹੋਵੇਗਾ ਗੁਰੂ ਕਾ ਪੰਥ।
ਗੁਰੂ ਕੇ ਸਿਖ ਚਲਨਗੇ ਮਥੇ ਗ੍ਰੰਥ।[3]

---

1- ਕੁਇਰ ਸਿੰਘ; ਗੁਰਬਿਲਾਸ ਪਾਤਸ਼ਾਹੀ 10, ਪੰਨਾ 138
2- ਰਣਧੀਰ ਸਿੰਘ (ਸੰਪਾਦਕ) ਪ੍ਰੇਮ ਸੁਮਾਰਗ ਗ੍ਰੰਥ, ਪੰਨਾ 8-9
3- ਛਿਬਰ, ਕੇਸਰ ਸਿੰਘ, ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, ਪੰਨਾ 143

ਬੰਸਾਵਲੀਨਾਮੇ ਅਨੁਸਾਰ ਸੁਸਤ੍ਰਧਾਰੀ ਨਿਆਰੇ ਖਾਲਸਾ ਪੰਥ ਦੀ ਸਿਰਜਨਾ ਰਾਜ ਲਈ ਹੋਈ ਹੈ:-

ਜੋ ਪੰਥ ਨਿਆਰਾ ਰਾਜ ਦਾ ਜਗਤ ਤੇ ਕਰੀਏ।
ਕਟਿ ਸਸਤ੍ਰ ਬੰਧਵਾਇ ਸਿਪਾਹੀ ਕਰਿ ਧਰੀਏ।[1]

ਭਾਈ ਰਤਨ ਸਿੰਘ ਭੰਗੂ ਦਾ 'ਸ੍ਰੀ ਗੁਰੂ ਪੰਥ ਪ੍ਰਕਾਸ਼' ਖਾਲਸਾ ਪੰਥ ਦੀ ਉਤਪਤੀ, ਵਿਕਾਸ ਅਤੇ ਉਸਦੇ ਮੰਤਵ ਦੀ ਵਿਆਖਿਆ ਕਰਨ ਵਾਲਾ ਮਹੱਤਵਪੂਰਣ ਇਤਿਹਾਸਕ ਦਸਤਾਵੇਜ਼ ਹੈ। ਖਾਲਸਾ ਪੰਥ ਦੀ ਸਿਰਜਨਾ ਅਤੇ ਉਸਦੇ ਇਤਿਹਾਸਕ ਸੰਘਰਸ਼ ਦਾ ਮੁਖ ਉਦੇਸ਼, ਭਾਈ ਰਤਨ ਸਿੰਘ ਭੰਗੂ ਅਨੁਸਾਰ ਖਾਲਸਾ ਰਾਜ ਦੀ ਸਥਾਪਨਾ ਹੈ ਅਤੇ ਖਾਲਸਾ ਪੰਥ ਨੂੰ ਆਪਣੀ ਪਾਤਸ਼ਾਹੀ ਸਥਾਪਿਤ ਕਰਨ ਦਾ ਵਰਦਾਨ ਗੁਰੂ ਸਾਹਿਬਾਨ ਪਾਸੋਂ ਪ੍ਰਾਪਤ ਹੋਇਆ ਹੈ। ਇਸ ਤੋਂ ਸਪਸ਼ਟ ਹੈ ਕਿ ਭਾਈ ਰਤਨ ਸਿੰਘ ਭੰਗੂ ਦੇ ਵਿਚਾਰ ਵਿਚ ਖਾਲਸਾ ਪੰਥ ਦੁਆਰਾ ਖਾਲਸਾ ਰਾਜ ਦੀ ਸਥਾਪਨਾ ਦੇ ਸਾਰੇ ਘੋਲ ਪਿਛੇ ਗੁਰੂ ਸਾਹਿਬਾਨ ਦੀ ਸਵੀਕ੍ਰਿਤੀ ਮੌਜੂਦ ਹੈ।

ਸ੍ਰੀ ਗੁਰੂ ਪੰਥ ਪ੍ਰਕਾਸ਼ ਦੇ ਸ਼ੁਰੂ ਦੇ ਪੰਨਿਆਂ ਵਿਚ ਹੀ ਭਾਈ ਰਤਨ ਸਿੰਘ ਭੰਗੂ ਨੇ ਕਪਤਾਨ ਮਰੀ ਸਾਹਿਬ ਦੇ ਇਸ ਪ੍ਰਸ਼ਨ ਦਾ ਜ਼ਿਕਰ ਕੀਤਾ ਹੈ ਕਿ ਆਖਰ ਖਾਲਸੇ ਨੇ ਪਾਤਸ਼ਾਹੀ ਕਿਸਤਰ੍ਹਾਂ ਪ੍ਰਾਪਤ ਕੀਤੀ ਹੈ:-

ਤੋ ਮਾਲੀ ਨੇ ਹਮ ਕਹਯੋ 'ਇਤਨੀ ਬਾਤ ਬਤਾਹੁ'।
ਸਿੰਘਨ ਪਾਯੋ ਰਾਜ ਕਿਮ ਕੋ ਦੀਨੋ ਕਿਨ ਪਾਤਿਸ਼ਾਹੁ।[2]

ਇਸ ਪ੍ਰਸ਼ਨ ਦੇ ਉਤਰ ਵਿਚ ਭਾਈ ਰਤਨ ਸਿੰਘ ਭੰਗੂ ਨੇ ਸਪਸ਼ਟ ਰੂਪ ਵਿਚ ਇਹ ਦਸਿਆ ਹੈ ਕਿ ਸਿੰਘਾਂ ਨੂੰ ਪਾਤਸ਼ਾਹੀ ਦੇਣ ਵਾਲਾ ਸੱਚਾ ਪਾਤਿਸ਼ਾਹ ਗੁਰੂ ਨਾਨਕ ਦੇਵ ਹੈ:-

- - - - - - - - - - - - - - - - - - - - - - - - - - - - - - - -

1- ਛਿਬਰ, ਕੇਸਰ ਸਿੰਘ, '<u>ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ</u>,' ਪੰਨਾ 110

2- ਭੰਗੂ, ਭਾਈ ਰਤਨ ਸਿੰਘ, <u>ਸ੍ਰੀ ਗੁਰੂ ਪੰਥ ਪ੍ਰਕਾਸ਼</u>, ਪੰਨਾ 41

ਤਿਸੈ ਬਾਤ ਮੈਂ ਐਸੇ ਕਹੀ, 'ਸਿੰਘਨ ਪਾਤਸ਼ਾਹੀ ਸਾਹਿ ਸੱਚੇ ਦਈ'।

ਮਰੀ ਕਹਯੋ ਸ਼ਾਹ ਸੱਚੋ ਕੋਇ? ਅਸਾਂ ਕਹਯੋ 'ਸ਼ਾਹ ਨਾਨਕ ਜੋਇ'।[1]

ਇਹ ਠੀਕ ਹੈ ਕਿ ਖਾਲਸਾ ਪੰਥ ਨੂੰ ਪਾਤਸ਼ਾਹੀ ਗੁਰੂ ਨਾਨਕ ਸੱਚੇ ਪਾਤਸ਼ਾਹ ਦੀ ਦੇਣ ਹੈ ਪਰ ਖਾਲਸਾ ਪੰਥ ਨੂੰ ਇਕ ਸੰਸਥਾਤਮਕ ਰੂਪ ਵਿਚ ਸੰਗਠਿਤ ਕਰਨ ਅਤੇ ਉਸ ਨੂੰ ਪ੍ਰਤੱਖ ਰੂਪ ਵਿਚ ਪਾਤਸ਼ਾਹੀ ਦਾ ਦਾਵੇਦਾਰ ਬਣਾਉਣ ਦਾ ਕਾਰਜ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਆਰੰਭ ਹੋ ਕੇ ਨਿਰੰਤਰ ਸਾਰੇ ਗੁਰੂ ਸਾਹਿਬਾਨ ਦੀ ਆਪਣੇ ਆਪਣੇ ਸਮੇਂ ਮੁਨਾਸਿਬ ਅਗਵਾਈ ਤੇ ਸਹਿਯੋਗ ਨਾਲ, ਗੁਰੂ ਗੋਬਿੰਦ ਸਿੰਘ ਦੇ ਸਮੇਂ ਹੀ ਨੇਪਰੇ ਚੜ੍ਹਿਆ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਿਰਜਨਾ ਮੁਕੰਮਲ ਕਰਕੇ ਉਸ ਨੂੰ ਪਾਤਸ਼ਾਹੀ ਦੀ ਦਾਵੇਦਾਰੀ ਦਿੱਤੀ ਹੈ:-

ਪੁਨ ਗੋਬਿੰਦ ਸਿੰਘ ਭਏ ਕਲਧਾਰੀ, ਦੇ ਪਾਤਸ਼ਾਹੀ ਕੀਯੋ ਪੰਥ ਭਾਰੀ।[2]

ਖਾਲਸਾ ਪੰਥ ਦੀ ਪਾਤਸ਼ਾਹੀ ਸਥਾਪਤ ਕਰਨ ਦਾ ਪਿਛੋਕੜ ਭਾਈ ਸਾਹਿਬ ਨੇ ਤਤਕਾਲੀਨ ਸਮੇਂ ਦੀ ਦਸ਼ਾ ਦਾ ਵਰਣਨ ਕੀਤਾ ਹੈ। ਉਹਨਾਂ ਅਨੁਸਾਰ ਲੋਕਾਂ ਵਿਚ ਹਲਚਲ ਸੀ ਅਤੇ ਧਰਮ ਦੀ ਥਾਂ ਤੇ ਕੁਧਰਮ ਦਾ ਬੋਲਬਾਲਾ ਸੀ। ਰਾਜੇ ਆਪਣੀ ਸਵਾਰਥ ਸਿੱਧੀ ਵਿਚ ਲਗੇ ਹੋਏ ਸਨ ਅਤੇ ਉਹਨਾਂ ਨੇ ਆਪਣੇ ਧਰਮ ਨੂੰ ਮਾਨੋ ਖੂਹ ਵਿਚ ਸੁਟ ਦਿੱਤਾ ਸੀ ਅਰਥਾਤ ਉਹ ਧਰਮ ਤੋਂ ਪੂਰੀ ਤਰ੍ਹਾਂ ਟੁਟ ਚੁੱਕੇ ਸਨ:-

ਕਲਯੁਗ ਮੈਂ ਬਡ ਪਰ ਗਯੋ ਦੁੰਦ, ਵਧਯੋ ਕੁਧਰਮ ਧਰਮ ਭਯੋ ਮੰਦ।

ਲਾਲਚ ਲਾਗੇ ਮਾਇਆ ਭੂਪ, ਰਾਜਨ ਪਾਏ ਨਿਜ ਧਰਮ ਕੂਪ।[3]

---

1- ਭੰਗੂ, ਭਾਈ ਰਤਨ ਸਿੰਘ; 'ਸ੍ਰੀ ਗੁਰੂ ਪੰਥ ਪ੍ਰਕਾਸ਼'; ਪੰਨਾ 41

2- ਓਹੀ; ਪੰਨਾ 61

3- ਓਹੀ; ਪੰਨਾ 42

ਖ਼ਾਲਸੇ ਨੂੰ ਪੂਰਨ ਪ੍ਰਭੂ ਸੱਤਾ ਦਾ ਮਾਲਕ ਅਤੇ ਖ਼ੁਦਮੁਖਤਿਆਰ ਦਰਸਾਉਂਦਿਆਂ, ਭਾਈ ਰਤਨ ਸਿੰਘ ਭੰਗੂ ਦਾ ਕਥਨ ਹੈ ਕਿ ਖਾਲਸਾ ਪੰਥ ਕਿਸੇ ਦੀ ਈਨ ਮੰਨਣ ਵਾਲਾ ਨਹੀਂ ਕਿਉਂਕਿ ਉਹ ਆਪ ਖ਼ੁਦਾਈ ਸ਼ਕਤੀ ਦਾ ਪ੍ਰਤੀਕ ਹੈ ਅਤੇ ਖ਼ੁਦਾਈ ਗੁਣਾਂ ਦਾ ਧਾਰਨੀ ਹੈ। ਇਥੇ ਰਚਨਾਕਾਰ ਨੇ ਖਾਲਸਾ ਪੰਥ ਨੂੰ ਰਬੀ ਸ਼ਕਤੀ ਨਾਲ ਜੁੜਿਆ ਦਸ ਕੇ ਉਸ ਦੇ ਰਾਜਸੀ ਮਨੋਰਥ ਨੂੰ ਦੈਵੀ ਸਵੀਕ੍ਰਿਤੀ ਪ੍ਰਦਾਨ ਕੀਤੀ ਹੈ:-

ਖਾਲਸੋ ਹੋਵੈ ਖ਼ੁਦ ਖ਼ੁਦਾ ਜਿਮ ਖ਼ੂਬੀ ਖ਼ੂਬ ਖ਼ੁਦਾਇ।
ਆਨ ਨ ਮਾਨੈ ਆਨ ਕੀ ਇਕ ਸੱਚੇ ਬਿਨ ਪਾਤਿਸ਼ਾਹ।[1]

ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖਾਲਸਾ ਪੰਥ ਦੀ ਸਿਰਜਨਾ ਦੇ ਪਿਛੇ ਜਿਹੜਾ ਰਾਜਨੀਤਕ ਮਨੋਰਥ ਕੰਮ ਕਰ ਰਿਹਾ ਸੀ ਉਸ ਦਾ ਜ਼ਿਕਰ ਵੀ ਭਾਈ ਰਤਨ ਸਿੰਘ ਭੰਗੂ ਨੇ ਵਿਸਤਾਰ ਨਾਲ ਕੀਤਾ ਹੈ। ਉਹਨਾਂ ਅਨੁਸਾਰ ਹਿੰਦੁਸਤਾਨੀ ਸਮਾਜ ਵਖ ਵਖ ਜਾਤੀਆਂ ਅਤੇ ਫਿਰਕਿਆਂ ਵਿਚ ਵੰਡਿਆ ਹੋਇਆ ਸੀ ਅਤੇ ਰਾਜਨੀਤੀ ਪ੍ਰਤੀ ਪੂਰੀ ਤਰ੍ਹਾਂ ਅਣਜਾਣ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਇਹ ਸੰਕਲਪ ਕੀਤਾ ਕਿ ਉਹ ਸਦੀਆਂ ਤੋਂ ਸ਼ੋਸ਼ਣ ਅਤੇ ਵਿਤਕਰਿਆਂ ਦੀ ਸ਼ਿਕਾਰ, ਭਾਰਤੀ ਸਮਾਜ ਦੀਆਂ ਵਖ ਵਖ ਜਾਤਾਂ ਅਤੇ ਫਿਰਕਿਆਂ ਨੂੰ ਏਕਤਾ ਦੇ ਸੂਤਰ ਵਿਚ ਪਰੋ ਕੇ ਅਰਥਪੂਰਣ ਜੀਵਣ ਜੀਉਣ ਦੀ ਜਾਚ ਸਿਖਾਉਣਗੇ ਅਤੇ ਫਿਰ ਇਸ ਸਾਰੀ ਗਰੀਬ ਜਨਤਾ ਨੂੰ ਖਾਲਸਾ ਪੰਥ ਦੇ ਰੂਪ ਵਿਚ ਸੰਗਠਿਤ ਕਰਕੇ ਉਹਨਾਂ ਦੀ ਪਾਤਸ਼ਾਹੀ ਸਥਾਪਿਤ ਕਰਨਗੇ:-

ਸਤ ਸਨਾਤਿ ਔ ਬਾਰਹ ਜਾਤ, ਜਾਨ ਨਹਿ ਰਾਜਨੀਤ ਕੀ ਬਾਤ।
ਜਟ ਬੂਟ ਕਹਿੰ ਜਿੰਹ ਜਗ ਮਾਹੀਂ, ਬਣੀਏ ਬਕਾਲ ਕਿਰਾੜ ਖਤ੍ਰੀ ਸਦਾਈਂ।

---

1- ਭੰਗੂ, ਭਾਈ ਰਤਨ ਸਿੰਘ; 'ਸ੍ਰੀ ਗੁਰੂ ਪੰਥ ਪ੍ਰਕਾਸ਼'; ਪੰਨਾ 74

ਲੁਹਾਰ ਤ੍ਰਖਾਣ ਹੁਤ ਜਾਤ ਕਮੀਨੀ, ਛੀਪੇ ਕਲਾਲ ਨੀਚਨ ਪੈ ਕ੍ਰਿਪਾ ਕੀਨੀ।

ਗੁੱਜਰ ਗਵਾਰ ਹੀਰ ਕਮਜਾਤ, ਕੰਬੋਇ ਸੂਦਨ ਕੋਇ ਪੁਛੈ ਨ ਬਾਤ।

ਝੀਵਰ ਨਾਈ ਰੋੜੇ ਘੁਮਿਆਰ, ਸਾਂਇਣੀ ਸੁਨਿਆਰੇ ਚੂੜ੍ਹੇ ਚਮਿਆਰ।

ਭੱਟ ਔ ਬਾਹਮਣ ਹੁਤੇ ਮੰਗਵਾਰ, ਬਹੁਰੂਪੀਏ ਲੁਬਾਣੇ ਔ ਘੁਮਿਆਰ।

ਇਨ ਗ੍ਰੀਬ ਸਿੰਘਨ ਕੌ ਦਯੈ ਪਾਤਿਸ਼ਾਹੀ, ਏ ਯਾਦ ਰਖੈਂ ਹਮਰੀ ਗੁਰਿਆਈ।[1]

ਭਾਈ ਰਤਨ ਸਿੰਘ ਭੰਗੂ ਖਾਲਸਾ ਪੰਥ ਦੀ ਅਡਰੀ ਹੋਂਦ ਦੀ ਮੁਦਈ ਹੈ। ਉਹਨਾਂ ਦੇ ਵਿਚਾਰ ਵਿਚ ਸ਼ਸਤਰਧਾਰੀ ਅਤੇ ਅੰਮ੍ਰਿਤਧਾਰੀ ਸਿੰਘਾਂ ਦਾ ਪੰਥ ਆਪਣੀ ਰਹਿਣੀ ਬਹਿਣੀ ਕਰ ਕੇ ਇਕ ਵਖਰੇ ਅਸਤਿੱਤਵ ਦਾ ਮਾਲਕ ਹੈ ਜਿਸ ਨੂੰ ਕਿਸੇ ਵੀ ਤਰ੍ਹਾਂ ਲੁਕਾਇਆ-ਛੁਪਾਇਆ ਨਹੀਂ ਜਾ ਸਕਦਾ। ਗੁਰੂ ਸਾਹਿਬ ਦੁਆਰਾ ਬਣਾਏ ਖਾਲਸਾ ਪੰਥ ਲਈ ਯੁਧ ਵੀ ਅਨਿਵਾਰਯ ਹੈ ਕਿਉਂਕਿ ਯੁਧ ਤੋਂ ਬਿਨਾਂ ਖਾਲਸਾ ਪੰਥ ਦੀ ਪਾਤਸ਼ਾਹੀ ਸਥਾਪਿਤ ਨਹੀਂ ਹੋ ਸਕਦੀ। ਸ੍ਰੀ ਗੁਰੂ ਪੰਥ ਪ੍ਰਕਾਸ਼ ਵਿਚ ਲੇਖਕ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਇਸ ਪ੍ਰਕਾਰ ਕੀਤਾ ਹੈ:-

ਸਿੰਘਨ ਪੰਥ ਕਬ ਲੁਕ ਛਿਪ ਹੋਯੋ, ਸਿੰਘਨ ਪੰਥ ਕਬ ਲੁਕੈ ਲੁਕੋਯੋ।

ਸਿੰਘਨ ਪੰਥ ਜੁਧ ਕੋ ਭਇਓ, ਸਿੰਘਨ ਜਨਮ ਸੰਗ ਸ਼ਸਤ੍ਰਨ ਲਇਓ।

ਸਿੰਘਨ ਪਹੁਲ ਖੰਡੇ ਕੀ ਦਈ, ਸਿੰਘਨ ਗੁੜਤੀ ਖੰਡੇ ਕੀ ਲਈ।

ਸਿਰ ਪਰ ਚੱਕਰ ਕਰਦੈਂ ਧਾਰੈ, ਕਦ ਵਹ ਲੁਕੈ ਜਿਮ ਸ਼ੇਰ ਨਖ ਵਾਰੈਂ।

ਪੰਥ ਰਚਯੋ ਇਸ ਸਤਿਗੁਰ ਪੂਰੇ, ਜੁੱਧੈ ਖਾਤਰ ਕਰਨ ਜਰੂਰੇ।

ਬਿਨ ਜੁੱਧੈ ਕਬ ਪਯਤ ਪਾਤਿਸ਼ਾਹੀ, ਆਹਿ ਜੁੱਧੈ ਬਿਧਿ ਗੁਰੂ ਉਠਾਈ।[2]

---

1- ਭੰਗੂ, ਭਾਈ ਰਤਨ ਸਿੰਘ, '<u>ਸ੍ਰੀ ਗੁਰੂ ਪੰਥ ਪ੍ਰਕਾਸ਼</u>', ਪੰਨਾ 72-73

2- ਉਹੀ, ਪੰਨਾ 71

ਗਿਆਨੀ ਗਿਆਨ ਸਿੰਘ ਦੇ ਪੰਥ ਪ੍ਰਕਾਸ਼ ਅਨੁਸਾਰ ਖ਼ਾਲਸਾ ਪੰਥ ਨੂੰ ਗੁਰੂ ਗੋਬਿੰਦ ਸਿੰਘ ਜੀ ਆਪਣਾ ਪੁੱਤਰ ਮੰਨਦੇ ਹਨ। ਜਿਸ ਤਰ੍ਹਾਂ ਬ੍ਰਹਮਣ ਦਾ ਪੁਤਰ ਬ੍ਰਾਹਮਣ ਅਤੇ ਛਤਰੀ ਦਾ ਪੁਤਰ ਛਤਰੀ ਹੁੰਦਾ ਹੈ ਉਸੇ ਪ੍ਰਕਾਰ ਖਾਲਸਾ ਪੰਥ ਗੁਰੂ ਗੋਬਿੰਦ ਸਿੰਘ ਜੀ ਦਾ ਆਪਣਾ ਪੁਤਰ ਹੈ:-

ਜਯੋ ਬ੍ਰਹਮਣ ਕਾ ਸੁਤ ਹੁਇ ਬ੍ਰਹਮਣ ਛਤਰੀ ਕਾ ਹੁਇ ਛਤਰੀ।
ਤਯੋਂ ਹੀ ਪੰਥ ਖਾਲਸਾ ਹਮਰਾ ਹੈ ਸੁਤ ਅਤਰੀ ਅਤਰੀ।[1]

ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖਾਲਸਾ ਪੰਥ ਨੂੰ ਗੁਰਿਆਈ ਦੀ ਜ਼ਿਮੇਵਾਰੀ ਸੌਂਪਣ ਦਾ ਜ਼ਿਕਰ ਕਰਦਿਆਂ ਵੀ ਗਿਆਨੀ ਗਿਆਨ ਸਿੰਘ ਨੇ ਇਸੇ ਤਥ ਨੂੰ ਹੋਰ ਸਪਸ਼ਟਤਾ ਨਾਲ ਉਜਾਗਰ ਕੀਤਾ ਹੈ ਕਿ ਖਾਲਸਾ ਪੰਥ ਗੁਰੂ ਗੋਬਿੰਦ ਸਿੰਘ ਦੀ ਸੰਤਾਨ ਹੈ। ਆਪਣੀ ਬਿੰਦੀ ਸੰਤਾਨ ਦੀ ਸ਼ਹਾਦਤ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਫ਼ੈਸਲਾ ਕੀਤਾ ਕਿ ਗੁਰਿਆਈ ਦੀ ਹਕਦਾਰ ਉਹਨਾਂ ਦੀ ਨਾਦੀ ਸੰਤਾਨ ਅਰਥਾਤ ਖਾਲਸਾ ਪੰਥ ਹੈ:-

ਪੁਨ ਸਤਗੁਰੁ ਮਨ ਐਸ ਵਿਚਾਰੀ।
ਬਿੰਦੀ ਸੰਤਤਿ ਰਹਿ ਨ ਹਮਾਰੀ।
ਨਾਦੀ ਸੰਤਤਿ ਹਮਰੀ ਜੋ ਹੈ।
ਬਲੀ ਬਿਸਾਲ ਅਧਕ ਜਗ ਹੋ ਹੈ।
ਗੁਰ ਘਰ ਕੀ ਇਹੁ ਬਸਤੂ ਗੁਰਿਆਈ।
ਦੇਵੌਂ ਅਬੀ ਖਾਲਸੇ ਤਾਈ।[2]

ਖਾਲਸਾ ਪੰਥ ਦੀਆਂ ਵਿਸ਼ੇਸ਼ਤਾਵਾਂ ਦਸਦਿਆਂ ਗਿਆਨੀ ਗਿਆਨ ਸਿੰਘ ਦਾ ਕਥਨ ਹੈ ਕਿ ਖਾਲਸਾ ਪੰਥ ਇਕ ਅਕਾਲ ਪੁਰਖ ਦਾ ਉਪਾਸ਼ਕ ਹੈ ਅਤੇ ਸ਼ਸਤ੍ਰ ਵਿਦਿਆ ਨਾਲ ਉਸ ਨੂੰ

---

1- ਗਿਆਨੀ ਗਿਆਨ ਸਿੰਘ; 'ਪੰਥ ਪ੍ਰਕਾਸ਼'; ਪੰਨਾ 251

2- ਓਹੀ, ਪੰਨਾ 285

ਗਹਿਰਾ ਪਿਆਰ ਹੈ। ਆਪਣੇ ਸਮੂਹਕ ਉਦੇਸ਼ ਦੀ ਪ੍ਰਾਪਤੀ ਲਈ ਖਾਲਸਾ ਪੰਥ ਸਾਰੇ ਸੰਸਾਰਕ ਬੰਧਨਾਂ ਦਾ ਤਿਆਗ ਕਰ ਦਿੰਦਾ ਹੈ:-

ਇਕ ਅਕਾਲ ਕੀ ਕਰਤ ਬੰਦਗੀ।
ਸ਼ਸਤ੍ਰ ਬਿਦਿਯਾ ਬਹੁ ਪਸਿੰਦਗੀ।
ਨਾਮ ਸਿੰਘ ਬਨ ਮਜਬ ਖਾਲਸਾ।
ਛੋਡ ਦੇਤ ਸਭ ਜਗਤ ਜਾਲਸਾ।[1]

ਗਿਆਨੀ ਗਿਆਨ ਸਿੰਘ ਅਨੁਸਾਰ ਖਾਲਸਾ ਪੰਥ ਦਾ ਸਮੂਹਕ ਵਿਅਕਤਿੱਤਵ ਅਦੁਤੀ ਹੈ। ਮਿਤਰਾਂ ਦੀ ਰਖਿਆ ਕਰਨਾ ਅਤੇ ਸ਼ਤ੍ਰੂਆਂ ਦਾ ਨਾਸ ਕਰਨਾ ਖਾਲਸਾ ਪੰਥ ਦਾ ਮੁਖ ਕਰਤਵ ਹੈ। ਇਕ ਅਕਾਲ ਪੁਰਖ ਦੀ ਉਪਾਸਨਾ ਕਰਨ ਵਾਲਾ ਖਾਲਸਾ, ਧਰਮ ਦੀ ਪਾਲਨਾ ਤੇ ਪ੍ਰਸਾਰ ਨਾਲ ਸੰਸਾਰ ਨੂੰ ਪ੍ਰਕਾਸ਼ਮਾਨ ਕਰਨ ਲਈ ਦ੍ਰਿੜ੍ਹ ਸੰਕਲਪ ਹੈ:-

ਚਾਲਸਾ ਅਨੂਪ ਚਾਲ ਸਾਲਸਾ ਕੁਸਤ੍ਰਨ ਕੋ,
ਮਿਤ੍ਰਨ ਕੋ ਪਾਲਸਾ ਪ੍ਰਯੋਗਾ ਦਾਸ ਲਾਲਸਾ।
ਗਾਲਸਾ ਚੁਕਤਨ ਕੁਪੱਤਨ ਕੁਸੱਤਨ ਕੋ,
ਪਤਨ ਧਰਮ ਗਯਨ ਸਿੰਘ ਸੌਦ ਪਾਲਸਾ।
ਬਾਲਸਾ ਅਕਾਲਸਾ ਖੁਜ਼ਲਸਾ ਰਹੀ ਜੈ ਸਦ,
ਜਗਤ ਓਜਾਲਸਾ ਕਰੱਯਾ ਪੰਥ ਖਾਲਸਾ।[2]

ਆਪਣੀ ਸ਼ਰਨ ਵਿਚ ਆਏ ਦੀਨ-ਦੁਖੀ ਦੀ ਰਖਿਆ ਕਰਨ ਅਤੇ ਉਸਦੀ ਇੱਛਾ ਦੀ ਪੂਰਤੀ ਕਰਨ ਦੀ ਸਮਰਥਾ ਖਾਲਸਾ ਪੰਥ ਵਿਚ ਹੈ ਅਤੇ ਇਹੀ ਖਾਲਸਾ ਪੰਥ ਦਾ ਪ੍ਰਮੁੱਖ ਰਾਜਸੀ

---

1- ਗਿਆਨੀ ਗਿਆਨ ਸਿੰਘ; 'ਪੰਥ ਪ੍ਰਕਾਸ਼'; ਪੰਨਾ 727

2- ਓਹੀ; ਪੰਨਾ 1004

ਗੁਣ ਵੀ ਹੈ। ਅਸਲ ਵਿਚ ਇਤਿਹਾਸਕ ਦ੍ਰਿਸ਼ਟੀ ਨਾਲ ਵੇਖਿਆ ਜਾਵੇ ਤਾਂ ਜਿਹੜਾ ਵੀ ਖਾਲਸਾ ਪੰਥ ਦੀ ਸ਼ਰਨ ਵਿਚ ਆਇਆ ਹੈ ਖਾਲਸਾ ਪੰਥ ਨੇ ਉਸਦੀ ਰਖਿਆ ਪੂਰੀ ਸਮਰਥਾ ਨਾਲ ਕੀਤੀ ਹੈ। ਇਤਿਹਾਸ ਗਵਾਹ ਹੈ ਕਿ ਖਾਲਸਾ ਪੰਥ ਹਿੰਦੂਆਂ ਅਤੇ ਹਿੰਦੁਸਤਾਨ ਦੀ ਢਾਲ ਬਣ ਕੇ ਤੁਰਕਾਂ ਨਾਲ ਸੰਘਰਸ਼ ਕਰਦਾ ਰਿਹਾ ਹੈ। ਗਿਆਨੀ ਗਿਆਨ ਸਿੰਘ ਨੇ ਇਸੇ ਖ਼ਿਆਲ ਦਾ ਪ੍ਰਗਟਾਵਾ ਇਸ ਪ੍ਰਕਾਰ ਕੀਤਾ ਹੈ:-

ਦਾਰਦੀ ਦੁਖਾਰੋ ਦੀਨ ਆਵੈ ਜੋ ਸਰਨ ਚੀਨ,  
ਤਾਹੂੰ ਕੀ ਛਿਨੇਕ ਮਾਂਹਿ ਪੂਰੇ ਪ੍ਰੰਜ ਲਾਲਸਾ।  
ਹਿੰਦੁਨ ਕੋ ਢਾਲਸਾ ਰੱਖਯਾ ਤੁਰਕ ਜਾਲਸਾ।  
ਤੈ ਭਾਨੁ ਸੋ ਉਜਾਲਾ ਕਰੱਯਾ ਪੰਥ ਖਾਲਸਾ।[1]

ਗਿਆਨੀ ਗਿਆਨ ਸਿੰਘ ਆਪਣੇ ਪੰਥ ਪ੍ਰਕਾਸ਼ ਵਿਚ ਖਾਲਸਾ ਪੰਥ ਨੂੰ ਸੰਗਠਿਤ ਕਰਨ ਦੀ ਪ੍ਰਕ੍ਰਿਆ ਦਾ ਵਰਣਨ ਕਰਦਿਆਂ ਇਸ ਤਥ ਦਾ ਜ਼ਿਕਰ ਕਰਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਵੰਸ਼ ਦੇ ਬੇਦੀ, ਤ੍ਰੇਹਣ, ਭੱਲੇ ਅਤੇ ਸੋਢੀ ਸਾਰਿਆਂ ਨੂੰ ਸੱਦਾ ਭੇਜਿਆ ਅਤੇ ਉਹਨਾਂ ਨੂੰ ਖਾਲਸਾ ਪੰਥ ਵਿਚ ਸ਼ਾਮਲ ਹੋ ਕੇ ਉਸਦੇ ਮੁਖੀ ਬਨਣ ਦੀ ਪੇਸ਼ਕਸ਼ ਕੀਤੀ:

ਬੇਦੀ ਤ੍ਰੇਹਣ ਭਲੇ ਸੋਢੀ ਜੋ ਥੇ ਗੁਰ ਢਿਗ ਆਏ।  
ਅੰਮ੍ਰਿਤ ਖੰਡੇ ਕਾ ਛਕਨੇ ਹਿਤ ਗੁਰੂ ਕਹਯੋ ਤਿਨ ਤਾਏ।  
ਸਜ ਸਿੰਘ ਮੁਖੀਏ ਬਨੋ ਪੰਥ ਕੇ ਦੀਨ ਦੁਨੀ ਲਿਹੁ ਸ਼ਾਹੀ।  
ਨੈਨ ਤੁਰਸ਼ ਕਰ ਬੋਲੇ ਸੋ ਕਿਆ ਹਮ ਹੈਂ ਅਗੇ ਪਾਹੀ।[2]

---

1- ਗਿਆਨੀ ਗਿਆਨ ਸਿੰਘ; 'ਪੰਥ ਪ੍ਰਕਾਸ਼'; ਪੰਨਾ 1005

2- ਓਹੀ, ਪੰਨਾ 251

ਪਰ ਗੁਰੂ ਕੁਲ ਦੇ ਪ੍ਰਤੀਨਿਧਾਂ ਨੂੰ ਇਹ ਪੇਸ਼ਕਸ਼ ਮੰਜ਼ੂਰ ਨਹੀਂ ਸੀ ਅਤੇ ਉਹ ਆਪਣੀ ਉੱਚੀ ਕੁੱਲ ਦੇ ਮਾਣ ਅਧੀਨ ਗੁਰੂ ਗੋਬਿੰਦ ਸਿੰਘ ਦੁਆਰਾ ਸੰਗਠਿਤ ਕੀਤੇ ਜਾ ਰਹੇ, ਭਾਰਤੀ ਸਮਾਜ ਦੀ ਸਚੀ ਨੁਮਾਇੰਦਗੀ ਕਰਨ ਵਾਲੇ, ਖਾਲਸਾ ਪੰਥ ਵਿਚ ਸ਼ਾਮਲ ਹੋਣ ਲਈ ਤਿਆਰ ਨਹੀਂ ਹੋਏ। ਗਿਆਨੀ ਗਿਆਨ ਸਿੰਘ ਅਨੁਸਾਰ ਉਹਨਾਂ ਦਾ ਉੱਤਰ ਇਸ ਪ੍ਰਕਾਰ ਸੀ:-

ਹਮ ਹੈ ਖਤਰੀ ਉਤਮ ਜਾਤੀ ਜਨਮੇ ਗੁਰ ਕੁਲ ਮੇ ਹੈਂ।
ਪੰਥ ਤੁਮਾਰੇ ਸੂਦਰ ਸੇ ਮਿਲ ਹਮ ਕਿਉਂ ਸੂਦਰ ਥੇ ਹੈਂ।[1]

ਫਿਰ ਗੁਰੂ ਗੋਬਿੰਦ ਸਿੰਘ ਜੀ ਨੇ ਪਹਾੜੀ ਰਾਜਿਆਂ ਨੂੰ ਖਾਲਸਾ ਪੰਥ ਵਿਚ ਸ਼ਾਮਲ ਹੋਣ ਦਾ ਸਦਾ ਦਿੱਤਾ। ਗੁਰੂ ਸਾਹਿਬ ਨੇ ਪਹਾੜੀ ਰਾਜਿਆਂ ਨੂੰ ਕਿਹਾ ਕਿ ਹਿੰਦੁਸਤਾਨੀ ਜਨਤਾ ਤੁਰਕਾਂ ਹਥੋਂ ਭੇਡਾਂ ਬਕਰੀਆਂ ਦੀ ਤਰ੍ਹਾਂ ਮਾਰੀ ਜਾਂਦੀ ਹੈ ਅਤੇ ਇਸ ਮਜ਼ਲੂਮ ਜਨਤਾ ਵਿਚ ਬੀਰ ਰਸ ਭਰਨ ਦੀ ਖਾਤਰ ਖਾਲਸਾ ਪੰਥ ਦੀ ਸਿਰਜਨਾ ਕੀਤੀ ਜਾ ਰਹੀ ਹੈ। ਇਸ ਵਿਚ ਸ਼ਾਮਲ ਹੋ ਕੇ, ਪੰਥ ਖਾਲਸੇ ਦੇ ਮੁਖੀ ਬਣ ਕੇ ਸ਼ੱਤਰੂ ਨਾਲ ਸੰਘਰਸ਼ ਵਿਚ ਅਗਵਾਈ ਕਰੋ:-

ਹਿੰਦੁਨ ਕੋ ਬਕਰੀ ਭੇਡਨ ਸਮ ਸਮਝ ਰਖਯੋ ਹੈ ਤੁਰਕਾ।
ਉਨ ਕੋ ਬਕਰਯੋ ਸਮ ਮਾਰਨ ਹਿਤ ਹਮ ਰਚਿਓ ਸਿੰਘ ਬੁਰਕਾ।
ਕਾਇਰ ਕੀਰ ਬਨ ਰਹੇ ਹਿੰਦੂ ਜੋ ਗਰੀਬ ਅਬ ਭਾਰੇ।
ਇਨ ਮੈਂ ਕਠਨ ਬੀਰ ਰਸ ਭਰਕੈ ਕਰ ਹੋਂ ਰਾਠ ਕਰਾਰੇ।
ਸੂਰ ਬੀਰ ਜੋਧੇ ਇਹੁ ਜੰਗੀ ਥੇ ਹੈਂ ਸਭ ਸਿੰਘ ਸਜ ਕੈ।
ਜੋ ਅਬ ਡਰਤ ਪੇਖ ਤੁਰਕਨ ਕੋ ਇਹੋ ਹਤੈਂਗੇ ਗਜ ਕੈ।
ਤੁਮ ਭੀ ਛਕ ਖੰਡੇ ਕਾ ਅੰਮ੍ਰਿਤ ਸਜੋ ਸਿੰਘ ਗੁਰ ਘਰ ਕੇ।
ਮੁਖੀਏ ਪੰਥ ਖਾਲਸੇ ਕੈ ਬਨ ਮਾਰਹੁ ਸਤ੍ਰਹਿ ਲਰ ਕੇ।[2]

---

1- ਗਿਆਨੀ ਗਿਆਨ ਸਿੰਘ; '<u>ਪੰਥ ਪ੍ਰਕਾਸ਼</u>'; ਪੰਨਾ 251

2- ਓਹੀ; ਪੰਨਾ 252

ਫਿਰ ਪਹਾੜੀ ਰਾਜਿਆਂ ਨੂੰ ਹੋਰ ਸਪਸ਼ਟ ਕਰਤਿਆਂ ਗੁਰੂ ਗੋਬਿੰਦ ਸਿੰਘ ਜੀ ਫੁਰਮਾਇਆ ਕਿ ਜੇ ਤੁਸੀਂ ਖਾਲਸਾ ਪੰਥ ਵਿਚ ਸ਼ਾਮਲ ਹੋਵੋਗੇ ਤਾਂ ਭਾਰਤ ਭੂਮੀ ਤੇ ਤੁਹਾਡਾ ਹੀ ਰਾਜ ਹੋਵੇਗਾ। ਅਤੇ ਹਿੰਦੂ ਤੇ ਤੁਰਕ ਤੁਹਾਡੀ ਪਰਜਾ ਬਣ ਕੇ ਰਹਿਣਗੇ:-

ਬਾਤਸ਼ਾਹ ਫਿਰ ਤੁਮ ਹੀ ਥੈ ਹੋ ਭਾਰਤ ਭੂਮੀ ਕੇਰੇ।
ਹਿੰਦੂ ਤੁਰਕ ਤੁਮਾਰੀ ਪਰਜਾ ਕੈ ਹੈ ਬਨੀ ਬਧੇਰੇ।[1]

ਪਰ ਗਿਆਨੀ ਗਿਆਨ ਸਿੰਘ ਦੇ ਕਥਨ ਅਨੁਸਾਰ ਪਹਾੜੀ ਰਾਜੇ ਵੀ ਆਪਣੀ ਜਾਤੀ ਅਤੇ ਕੁਲ ਦੇ ਹੰਕਾਰ ਕਾਰਣ ਗੁਰੂ ਗੋਬਿੰਦ ਸਿੰਘ ਜੀ ਖਾਲਸਾ ਪੰਥ ਦੇ ਸੰਗਠਨ ਵਿਚ ਸ਼ਾਮਲ ਹੋਣ ਤੋਂ ਮੁਨਕਰ ਹੋ ਗਏ। ਪਹਾੜੀ ਰਾਜਿਆਂ ਦਾ ਮਤ ਸੀ ਕਿ ਗੁਰੂ ਦਾ ਖਾਲਸਾ ਪੰਥ ਚਾਰੇ ਵਰਨਾਂ ਨੂੰ ਇਕੋ ਮੰਨਦਾ ਹੈ ਅਤੇ ਜਾਤ-ਭੇਦ ਵਿਚ ਵਿਸ਼ਵਾਸ ਨਹੀਂ ਰਖਦਾ। ਖਾਲਸਾ ਪੰਥ ਵਿਚ ਸ਼ਾਮਲ ਹੋ ਕੇ ਉਹ ਨੀਵੀਂ ਜਾਤ ਦੇ ਲੋਕਾਂ ਅਤੇ ਸ਼ੂਦਰਾਂ ਵਿਚ ਸ਼ਾਮਲ ਨਹੀਂ ਹੋ ਸਕਦੇ:-

ਸੁਨ ਗੁਰਬਚਨ ਨ੍ਰਿਪ ਪੁਨ ਬੋਲੇ ਹਮ ਛਤ੍ਰੀ ਕੁਲਵੰਤੇ।
ਜੰਞੂ ਟਿਕਾ ਠਾਕੁਰ ਪੂਜਾ ਜਾਤ ਭੇਦ ਵਰਤੰਤੇ।
ਚਾਰ ਵਰਨ ਕੇ ਏਕੋ ਭਾਈ ਸਿੰਘ ਤੁਮਾਰੇ ਭੰਨ ਹੈਂ।
ਤੁਮਰੇ ਸਿੰਘ ਘਨੇ ਹੈਂ ਸੂਦਰ ਹਮ ਮਿਲ ਸੂਦਰ ਬਨ ਹੈਂ।[2]

ਇਸ ਸਥਿਤੀ ਵਿਚ ਗੁਰੂ ਗੋਬਿੰਦ ਸਿੰਘ ਜੀ ਆਮ ਜਨਤਾ ਵਿਚ ਇਕ ਨਵੀਂ ਰੂਹ ਫੂਕਣਾ ਚਾਹੁੰਦੇ ਸਨ। ਪਹਾੜੀ ਰਾਜਿਆਂ ਨੂੰ ਚੇਤਾਵਨੀ ਦੇਂਦਿਆਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਇਸ ਦ੍ਰਿੜ੍ਹ ਨਿਸਚੇ ਦਾ ਪ੍ਰਗਟਾਵਾ ਕੀਤਾ ਹੈ ਜਿਹਨਾਂ ਨੂੰ ਤੁਸੀਂ ਸ਼ੂਦਰ ਕਹਿੰਦੇ ਹੋ ਉਹਨਾਂ ਦੀਨਾਂ ਨੂੰ ਰਾਜ ਸ਼ਕਤੀ ਦਾ ਮਾਲਕ ਬਣਾਉਣਾ ਉਹਨਾਂ ਦਾ ਮੁੱਖ ਉਦੇਸ਼ ਹੈ:-

---

1- ਗਿਆਨੀ ਗਿਆਨ ਸਿੰਘ; '<u>ਪੰਥ ਪ੍ਰਕਾਸ਼</u>'; ਪੰਨਾ 252

2- ਓਹੀ; ਪੰਨਾ 252

ਸੋਢ ਬੀਸ ਛਤ੍ਰੀ ਕਰ ਇਨਕੋ ਰਾਜ ਜੋਗ ਮੈ ਦੀਓ।
ਬਾਜ ਬਟੇਰ ਬੁਜਨ ਤੈ ਕੇਹਰ ਪੰਥ ਖਾਲਸਾ ਥੀਓ।
ਪਰਜਾ ਤੈ ਹਾਕਮ ਕਰ ਦੀਨੇ ਹਿੰਦੂ ਤਰਕ ਤੈ ਨਿਆਰੇ।
ਜਮਨਾ ਤੈ ਕਾਬਲ ਲੋ ਇਨ ਕਾ ਰਾਜ ਹੋਇ ਹੈ ਸਾਰੇ।
ਤੁਮ ਭੀ ਇਨਕੀ ਪਰਜਾ ਥੈਹੋ ਸੂਦ੍ਰ ਜਿਨੈ ਬਤੈ ਹੋ।
ਦੀਨ ਬੰਧ ਮੈਂ ਤਬੈ ਸਦਾਓ ਦੀਨਨ ਰਾਜ ਭੁਗੈ ਹੋ।[1]

ਗੁਰੂ ਗੋਬਿੰਦ ਸਿੰਘ ਜੀ ਦੇ ਉਦੇਸ਼ ਨੂੰ ਸਪਸ਼ਟ ਕਰਦਿਆਂ ਪੰਥ ਪ੍ਰਕਾਸ਼ ਦੀਆਂ ਉਪਰੋਕਤ ਪੰਕਤੀਆਂ ਵਿਚ ਦਸਿਆ ਗਿਆ ਹੈ ਕਿ ਗੁਰੂ ਸਾਹਿਬ ਨੇ ਸਮਾਜ ਦੀਆਂ ਨੀਵੀਆਂ ਅਤੇ ਸ਼ੋਸ਼ਤ ਜਾਤੀਆਂ ਨੂੰ ਖਾਲਸਾ ਪੰਥ ਦੇ ਰੂਪ ਵਿਚ ਸੰਗਠਿਤ ਕਰਕੇ ਰਾਜ ਤੇ ਜੋਗ ਦੋਹਾਂ ਖੇਤਰਾਂ ਵਿਚ ਵਿਸ਼ੇਸ਼ ਰਚਨਾਤਮਕ ਭੂਮਿਕਾ ਨਿਭਾਉਣ ਲਈ ਸਕ੍ਰਿਆ ਕੀਤਾ ਹੈ। 'ਪਰਜਾ ਤੈ ਹਾਕਮ'. ਕਰਨ ਦਾ ਗੁਰੂ ਗੋਬਿੰਦ ਸਿੰਘ ਜੀ ਦਾ ਉਦੇਸ਼ ਦੋ ਤਥਾਂ ਵਲ ਸੰਕੇਤ ਕਰਦਾ ਹੈ। ਇਕ ਤਾਂ ਸਮਾਜ ਦੇ ਸ਼ੋਸ਼ਤ ਵਰਗ ਨੂੰ ਰਾਜ ਸੱਤਾ ਦਾ ਭਾਗੀਦਾਰ ਬਣਾਉਣਾ ਅਤੇ ਦੂਜਾ ਰਾਜ ਸ਼ਕਤੀ ਦਾ ਕਿਸੇ ਵਿਸ਼ੇਸ਼ ਵਰਗ ਦੇ ਹਥਾਂ ਵਿਚ ਕੇਂਦ੍ਰੀਕਰਣ ਨਾ ਹੋਣ ਦੇਣਾ। ਇਸੇ ਮੁਖ ਉਦੇਸ਼ ਦੀ ਪ੍ਰਾਪਤੀ ਲਈ ਹੀ ਗੁਰੂ ਸਾਹਿਬ ਨੇ ਖਾਲਸਾ ਪੰਥ ਦੀ ਸਿਰਜਨਾ ਕੀਤੀ।

ਗੁਰੂ ਗੋਬਿੰਦ ਸਿੰਘ ਦੇ ਖਾਲਸਾ ਪੰਥ ਸਿਰਜਨ ਦੇ ਉਦੇਸ਼ ਨੂੰ ਹੋਰ ਸਪਸ਼ਟ ਰੂਪ ਵਿਚ ਉਜਾਗਰ ਕਰਨ ਲਈ ਗਿਆਨੀ ਗਿਆਨ ਸਿੰਘ ਦੀਆਂ ਹੇਠਲੀਆਂ ਤੁਕਾਂ ਬਹੁਤ ਸਹਾਇਕ ਹੋਣਗੀਆਂ:

ੳ) ਇਨ ਚਿੜੀਅਨ ਤੈ ਬਾਜ ਤੁੜਾਵੋ।
ਅਜਾ ਸੁਤਨ ਤੈ ਸ਼ੇਰ ਕੁਹਾਵੋ।
ਸਿਖਨ ਕੋ ਭੁਗਤੈ ਹੋ ਰਾਜ।
ਤਬੈ ਸਦੈ ਹੂੰ ਗਰੀਬ ਨਿਵਾਜ।[2]

---

1- ਗਿਆਨੀ ਗਿਆਨ ਸਿੰਘ; 'ਪੰਥ ਪ੍ਰਕਾਸ਼'; ਪੰਨਾ 253

2- ਓਹੀ; 223

ਅ) ਜੈਸੇ ਲਘੁ ਬ੍ਰਿਛਨ ਕੋ ਪਾਵਨ।

ਚੰਦਨ ਚੰਦਨ ਕਰ ਹੈ ਪਾਵਨ।

ਤਥੋ ਹੀ ਲਘੁ ਜਾਤਿਨ ਕੇ ਛਾਈ

ਰਾਜ ਬਿਭੌ ਸੁਤ ਦੈਹੁ ਬਡਾਈ।[1]

ੲ) ਇਹੁ ਵਿਚਾਰ ਕਰ ਸਤਗੁਰੂ ਪੰਥ ਖਾਲਸਾ ਕੀਨ।

ਭੀਰੂ ਜਾਤਿਨ ਕੇ ਤਈਂ ਅਤੀ ਬਡਪਨ ਦੀਨ।[2]

ਅੰਗ੍ਰੇਜ਼ਾਂ ਤੇ ਸਿੰਘਾਂ ਦੀ ਪਹਿਲੀ ਲੜਾਈ ਦਾ ਵਰਣਨ ਕਰਦਿਆਂ ਸ਼ਾਹ ਮੁਹੰਮਦ ਨੇ ਆਪਣੇ ਜੰਗ ਨਾਮੇ ਵਿਚ ਵੀ ਖਾਲਸਾ ਪੰਥ ਦੇ ਇਤਿਹਾਸਕ ਵਿਅਕਤਿਤਵ ਦਾ ਜ਼ਿਕਰ ਕੀਤਾ ਹੈ। ਉਸ ਦੀ ਰਚਨਾ ਵਿਚ ਖਾਲਸਾ ਤੇ ਪੰਥ ਦੋਹਾਂ ਸ਼ਬਦਾਂ ਦੀ ਵਰਤੋਂ ਸਿਖ ਫੌਜ ਲਈ ਕੀਤੀ ਗਈ ਹੈ। ਜੰਗਨਾਮੇ ਦੀਆਂ ਹੇਠਲੀਆਂ ਪੰਕਤੀਆਂ ਇਸ ਤੱਥ ਦੀ ਪ੍ਰੋੜ੍ਹਤਾ ਕਰਦੀਆਂ ਹਨ:-

ੳ) ਅਜ ਹੋਵੇ ਸਰਕਾਰ ਤਾਂ ਮੁਲ ਪਾਵੇ,

ਜਿਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੇ।[3]

ਅ) ਕਲਗੀਵਾਲੇ ਦੇ ਖਾਲਸੇ ਹੋਣ ਅਗੇ,

ਅਗੇ ਹੋਰ ਗਰੀਬ ਨਾ ਧਕਣੇ ਜੀ।[4]

ੲ) ਇਥੋਂ ਹੋ ਗਿਆ ਹਰਨ ਹੈ ਖਾਲਸਾ ਜੀ

ਚੌਦਾਂ ਹਥਾਂ ਦੀ ਮਾਰ ਕੇ ਜਾਣ ਛਾਲੀ।[5]

---

1- ਗਿਆਨੀ ਗਿਆਨ ਸਿੰਘ; 'ਪੰਥ ਪ੍ਰਕਾਸ਼' ਪੰਨਾ 224

2- ਓਹੀ; ਪੰਨਾ 224

3- ਅਸ਼ੋਕ ਸ਼ਮਸ਼ੇਰ ਸਿੰਘ (ਸੰਪਾਦਕ); 'ਪ੍ਰਾਚੀਨ ਵਾਰਾਂ ਤੇ ਜੰਗਨਾਮੇ'; ਪੰਨਾ 335

4- ਓਹੀ; ਪੰਨਾ 324

5- ਓਹੀ; ਪੰਨਾ 331

ਸ) ਸਾਰੇ ਪੰਥ ਨੂੰ ਸੱਦ ਕੇ ਕਹਿਣ ਲਗੀ,
ਮੈਥੋਂ ਗਏ ਖਜ਼ਾਨੇ ਨਿਖੁਟ ਵਾਰੀ।[1]

ਹ) ਉਹੋ ਪੰਥ ਤੇਰੇ ਉਤੇ ਆਣ ਚੜ੍ਹਿਆ,
ਜੇੜ੍ਹਾ ਆਇਆ ਸੀ ਜੰਮੂ ਨੂੰ ਮਾਰ ਕੇ ਜੀ।[2]

ਸ਼ਾਹ ਮੁਹੰਮਦ ਦੀ ਰਚਨਾ ਤੋਂ ਇਹ ਸਪਸ਼ਟ ਰੂਪ ਵਿਚ ਉਜਾਗਰ ਹੁੰਦਾ ਹੈ ਕਿ ਖਾਲਸਾ ਪੰਥ ਪੰਜਾਬ ਦੀ ਪਾਤਸ਼ਾਹੀ ਦੀ ਪੂਰੀ ਤਰ੍ਹਾਂ ਪ੍ਰਤੀਨਿਧ ਜਥੇਬੰਦੀ ਸੀ। ਜੰਗ ਦੇ ਮੈਦਾਨ ਵਿਚ ਖਾਲਸਾ ਪੰਥ ਇਕ ਸੈਨਿਕ ਜਥੇਬੰਦੀ ਦੇ ਰੂਪ ਵਿਚ ਵੈਰੀ ਦਾ ਟਾਕਰਾ ਕਰਦਾ ਹੈ ਅਤੇ ਪੰਜਾਬ ਦੀ ਸੰਪ੍ਰਭੁਤਾ ਦੀ ਰਖਿਆ ਲਈ ਅਪਣਾ ਸਾਰਾ ਤਾਣ ਲਾਉਂਦਾ ਹੈ। ਪਰ ਰਾਜਨੀਤਕ ਦ੍ਰਿਸ਼ਟੀ ਤੋਂ ਜੇ ਘੋਖ ਕੀਤੀ ਜਾਵੇ ਤਾਂ ਇਸ ਵਿਚ ਕੋਈ ਸੰਦੇਹ ਨਹੀਂ ਰਹਿੰਦਾ ਕਿ ਖਾਲਸਾ ਪੰਥ ਪੂਰੀ ਤਰ੍ਹਾਂ ਇਕ ਰਾਜਨੀਤਕ ਜਥੇਬੰਦੀ ਹੈ ਅਤੇ ਇਕ ਰਾਜਨੀਤਕ ਧਿਰ ਦੇ ਰੂਪ ਵਿਚ ਕਾਰਜਸ਼ੀਲ ਹੈ। ਸ਼ਾਹ ਮੁਹੰਮਦ ਨੇ ਖਾਲਸਾ ਪੰਥ ਦੀ ਰਾਜਨੀਤਕ ਸੱਤਾ ਤੇ ਸਮਰੱਥਾ ਦੀ ਅਭਿਵਿਅਕਤੀ ਇਹਨਾਂ ਸ਼ਬਦਾਂ ਵਿਚ ਕੀਤੀ ਹੈ:-

ਸ਼ਾਹ ਮੁਹੰਮਦਾ ਗੱਲ ਤਾਂ ਸੋਈ ਹੋਣੀ,
ਜੇੜ੍ਹੀ ਕਰੇਗਾ ਖਾਲਸਾ ਪੰਥ ਮੀਆਂ।[3]

ਉਪਰੋਕਤ ਸਾਰੇ ਵਿਚਾਰ ਅਤੇ ਵਿਸਤਾਰ ਦੇ ਆਧਾਰ ਤੇ ਸਿਟਾ ਕਢਿਆ ਜਾ ਸਕਦਾ ਹੈ ਕਿ ਖਾਲਸਾ ਪੰਥ ਸਿਧੇ ਰੂਪ ਵਿਚ ਅਕਾਲ ਪੁਰਖ ਨਾਲ ਜੁੜੀ ਜਥੇਬੰਦੀ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਕਥਨ -'ਪੂਰਨ ਜੋਤ ਜਗੈ ਘਟ ਮੈ ਤਬ ਖਾਲਸਾ ਤਾਹਿ ਨਿਖਾਲਸ ਜਾਨੈ,'[4] ਤੋਂ

---

1- ਅਸ਼ੋਕ ਸ਼ਮਸ਼ੇਰ ਸਿੰਘ (ਸੰਪਾਦਕ); 'ਪ੍ਰਾਚੀਨ ਵਾਰਾਂ ਤੇ ਜੰਗਨਾਮੇ'; ਪੰਨਾ 324

2- ਓਹੀ; ਪੰਨਾ 328

3- ਓਹੀ; ਪੰਨਾ 328

4- ਦਸਮ ਗ੍ਰੰਥ(ਸੈਂਚੀ ਪਹਿਲੀ) ਪੰਨਾ 712

ਸਪਸ਼ਟ ਹੈ ਕਿ ਖਾਲਸਾ ਉਹੀ ਹੈ ਜਿਸਦੇ ਹਿਰਦੇ ਵਿਚ ਅਕਾਲ ਪੁਰਖ ਦੀ ਜੋਤ ਪ੍ਰਕਾਸ਼ਮਾਨ ਹੈ। ਅਸਲ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਿਰਜਨਾ ਦਾ ਕਾਰਜ ਸੰਪੂਰਨ ਕਰਕੇ ਆਪਣੇ ਆਪ ਨੂੰ ਖਾਲਸੇ ਵਿਚ ਅਭੇਦ ਕਰ ਲਿਆ ਸੀ ਅਤੇ ਖਾਲਸਾ ਪੰਥ ਨੂੰ ਸਿਧਾ ਅਕਾਲ ਪੁਰਖ ਨਾਲ ਜੋੜ ਦਿੱਤਾ ਸੀ। ਇਸਤਰ੍ਹਾਂ ਅਕਾਲ ਪੁਰਖ, ਗੁਰੂ ਸਾਹਿਬ ਅਤੇ ਖਾਲਸਾ ਪੰਥ ਇਕਮਿਕ ਹੋ ਚੁੱਕੇ ਸਨ ਅਤੇ ਸਰਬ ਲੋਹ ਗ੍ਰੰਥ ਅਨੁਸਾਰ ਗੁਰੂ ਗੋਬਿੰਦ ਸਿੰਘ ਦਾ ਕਥਨ ਹੈ ਕਿ ਇਸ ਇਕਮਿਕਤਾ ਵਿਚ ਨਾਮ ਮਾਤਰ ਵੀ ਤਰੇੜ ਨਹੀਂ ਪੈ ਸਕਦੀ:-

ਆਤਮ ਰਸ ਜੋ ਜਾਨਹੀ ਸੋ ਹੈ ਖਾਲਸਾ ਦੇਵ।
ਪ੍ਰਭ ਮਹਿ ਮੋ ਮਹਿ ਤਾਸ ਮਹਿ ਰੰਚਕ ਨਾਹਿਨ ਭੇਵ।[1]

ਸਰਬ ਲੋਹ ਗ੍ਰੰਥ ਨੇ ਹੋਰ ਸਪਸ਼ਟ ਕੀਤਾ ਕਿ ਖਾਲਸਾ ਪੰਥ ਦੀ ਸਿਰਜਨਾ ਅਕਾਲ ਪੁਰਖ ਦੀ ਇੱਛਾ ਅਨੁਸਾਰ ਹੋਈ ਹੈ ਅਤੇ ਇਹ ਜਥੇਬੰਦੀ ਅਕਾਲ ਪੁਰਖ ਦੀ ਫੌਜ ਰੂਪ ਵਿਚ ਕ੍ਰਿਆਸ਼ੀਲ ਰਹਿੰਦੀ ਹੈ:-

ਖਾਲਸਾ ਅਕਾਲ ਪੁਰਖ ਕੀ ਫੌਜ।
ਪ੍ਰਗਟਯੋ ਖਾਲਸਾ ਪ੍ਰਮਾਤਮ ਕੀ ਮੌਜ।[2]

ਪੰਥ ਨੂੰ ਜਥੇਬੰਦ ਕਰਨ ਦਾ ਕਾਰਜ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਅਰੰਭ ਹੋ ਗਿਆ ਸੀ ਅਤੇ ਸਾਰੇ ਗੁਰੂਆਂ ਨੇ ਆਪਣੇ ਆਪਣੇ ਸਮੇਂ ਇਸ ਦਿਸ਼ਾ ਵਿਚ ਵਿਸ਼ੇਸ਼ ਯੋਗਦਾਨ ਪਾਇਆ ਸੀ। ਪਰ ਸਿਖ ਪੰਥ ਨੂੰ ਪੂਰਨ ਤੌਰ ਤੇ ਜਥੇਬੰਦ ਕਰਕੇ ਖਾਲਸਾ ਪੰਥ ਦਾ ਰੂਪ ਦੇਣ ਅਤੇ ਉਸ ਨੂੰ ਇਕ ਸੁਤੰਤਰ ਰਾਜਨੀਤਕ ਹਸਤੀ ਪ੍ਰਦਾਨ ਕਰਨ ਦਾ ਕਾਰਜ ਗੁਰੂ ਗੋਬਿੰਦ ਸਿੰਘ ਜੀ ਨੇ ਨੇਪਰੇ ਚਾੜ੍ਹਿਆ ਸੀ।

---

1- ਪਦਮ ਪਿਆਰਾ ਸਿੰਘ(ਸੰਪਾਦਕ); 'ਰਹਿਤਨਾਮੇ' ਪੰਨਾ 171

2- ਓਹੀ; ਪੰਨਾ 171

ਖਾਲਸਾ ਪੰਥ ਦੇ ਮੰਤਵ ਦੇ ਸਬੰਧ ਵਿਚ ਸਪਸ਼ਟ ਹੈ ਕਿ ਧਰਮ ਦਾ ਪ੍ਰਸਾਰ ਕਰਨਾ ਅਤੇ ਧਰਮ ਦੇ ਦੋਖੀਆਂ ਦਾ ਨਾਸ ਕਰਨਾ ਖਾਲਸਾ ਪੰਥ ਦਾ ਮੁਖ ਮੰਤਵ ਹੈ। ਪਰ ਜਿਸ ਤਰ੍ਹਾਂ ਅਸੀਂ ਪਿਛੇ ਦਸ ਚੁੱਕੇ ਹਾਂ, ਬਹੁਤ ਸਾਰੇ ਇਤਿਹਾਸ ਗ੍ਰੰਥਾਂ ਨੇ ਖਾਲਸਾ ਪੰਥ ਦੇ ਮੰਤਵ ਨੂੰ ਧਰਮ ਦੇ ਪ੍ਰਸਾਰ ਅਤੇ ਧਰਮ ਦੇ ਦੋਖੀਆਂ ਦੇ ਨਾਸ ਤਕ ਸੀਮਤ ਨਾ ਰਖ ਕੇ ਸਪਸ਼ਟ ਰੂਪ ਵਿਚ 'ਖਾਲਸਾ ਰਾਜ' ਦੀ ਸਥਾਪਨਾ ਕਰਨਾ ਮੰਨਿਆ ਹੈ। ਉਹਨਾਂ ਅਨੁਸਾਰ ਅਕਾਲ ਪੁਰਖ ਨਾਲ ਪ੍ਰਤੱਖ ਰੂਪ ਵਿਚ ਜੁੜੇ ਖਾਲਸਾ ਪੰਥ ਦੁਆਰਾ ਖਾਲਸਾ ਰਾਜ ਦੀ ਸਥਾਪਨਾ ਨਾਲ ਹੀ ਧਰਮ ਦਾ ਪ੍ਰਸਾਰ ਅਤੇ ਅਧਰਮ ਦਾ ਨਾਸ ਸੰਭਵ ਹੈ।

ਇਕ ਹੋਰ ਤਥ ਵਿਸ਼ੇਸ਼ ਤੌਰ ਤੇ ਮਹੱਤਵਪੂਰਣ ਹੈ ਕਿ ਖਾਲਸਾ ਪੰਥ ਦੇ ਪ੍ਰਸਾਰ ਵਿਚ ਬਹੁਤਾ ਹਿੱਸਾ ਉਹਨਾਂ ਜਾਤੀਆਂ ਦਾ ਸੀ ਜਿਹਨਾਂ ਨੂੰ ਹਿੰਦੁਸਤਾਨੀ ਸਮਾਜੀ - ਢਾਂਚੇ ਨੇ ਤਿਰਸਕਾਰਿਆ ਹੋਇਆ ਸੀ। ਗੁਰੂ ਸਾਹਿਬਾਨ ਵਲੋਂ ਖਾਲਸਾ ਪੰਥ ਨੂੰ ਸੰਗਠਿਤ ਕਰਨ ਦੇ ਪਿਛੋਕੜ ਵਿਚ, ਰਾਜਨੀਤੀ ਪ੍ਰਤੀ ਪੂਰੀ ਤਰ੍ਹਾਂ ਉਦਾਸੀਨ, ਇਸੇ ਤਿਰਸਕਾਰੀ ਹੋਈ ਆਮ ਜਨਤਾ ਨੂੰ ਰਾਜ ਸੱਤਾ ਦੇ ਸਿੰਘਾਸਨ ਤੇ ਪਹੁੰਚਾਉਣ ਦਾ ਸੰਕਲਪ ਕੰਮ ਕਰ ਰਿਹਾ ਸੀ।

ਇਸ ਤਰ੍ਹਾਂ ਇਹ ਕਿਹਾ ਜਾ ਸਕਦਾ ਹੈ ਕਿ ਖਾਲਸਾ ਪੰਥ ਇਕ ਸੁਤੰਤਰ ਰਾਜਨੀਤਕ ਹੋਂਦ ਵਾਲੀ ਜਥੇਬੰਦਕ ਸੰਸਥਾ ਹੈ ਅਤੇ ਉਸਦਾ ਇਕ ਨਿਸ਼ਚਿਤ ਰਾਜਨੀਤਕ ਮੰਤਵ ਹੈ। ਇਤਿਹਾਸ ਗ੍ਰੰਥਾਂ ਦੀ ਗਵਾਹੀ ਦੇ ਅਧਾਰ ਤੇ ਅਸੀਂ ਇਸ ਸਿੱਟੇ ਤੇ ਪਹੁੰਚੇ ਹਾਂ ਕਿ ਆਪਣੇ ਸਾਰੇ ਸਮਕਾਲੀ ਇਤਿਹਾਸਕ ਪ੍ਰਵਾਹ ਵਿਚ ਖਾਲਸਾ ਪੰਥ ਰਾਜਨੀਤਕ ਇਕਾਈ ਦੇ ਰੂਪ ਵਿਚ ਇਕ ਧਿਰ ਬਣ ਕੇ ਸਕ੍ਰਿਅ ਰਿਹਾ ਹੈ।

## 2- ਅਕਾਲ ਤਖ਼ਤ

ਅਕਾਲ ਤਖ਼ਤ ਸਿੱਖਾਂ ਦੀ ਅਹਿਮ ਰਾਜਨੀਤਕ ਸੰਸਥਾ ਹੈ। ਗੁਰੂ ਅਰਜਨ ਦੇਵ ਦੇ ਸਪੁੱਤਰ, ਗੁਰੂ ਹਰਗੋਬਿੰਦ ਸਾਹਿਬ ਨੇ ਇਸ ਮਹਤਵਪੂਰਣ ਸੰਸਥਾ ਦੀ ਬੁਨਿਆਦ ਰਖੀ ਅਤੇ ਇਸ ਨੂੰ ਇਕ ਮੁਕੰਮਲ ਰਾਜਨੀਤਕ ਮੰਤਵ ਪ੍ਰਦਾਨ ਕੀਤਾ। ਗੁਰੂ ਅਰਜਨ ਦੇਵ ਜੀ ਨੇ ਆਪਣੇ ਤੋਂ ਪਹਿਲੇ ਗੁਰੂ ਸਾਹਿਬਾਨ ਦੁਆਰਾ ਅਰੰਭੇ ਸਿੱਖ ਪੰਥ ਦੀ ਪ੍ਰਗਤੀ ਅਤੇ ਵਿਕਾਸ ਦੇ ਕਾਰਜਾਂ ਨੂੰ ਠੋਸ ਤੇ ਨਿਸਚਿਤ ਰੂਪ ਦੇ ਦਿੱਤਾ ਸੀ। ਹਰਿਮੰਦਰ ਸਾਹਿਬ ਦੀ ਸਥਾਪਨਾ ਅਤੇ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਨਾਲ ਸਿੱਖ ਪੰਥ ਨੂੰ ਜਥੇਬੰਦ ਕਰਨ ਵਿਚ ਬਹੁਤ ਮਦਦ ਮਿਲੀ ਅਤੇ ਸਿੱਖ ਪੰਥ ਦਾ ਜਥੇਬੰਦਕ ਅਤੇ ਸੰਸਥਾਤਮਕ ਰੂਪ ਉਭਰ ਕੇ ਸਾਹਮਣੇ ਆ ਗਿਆ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਸਿੱਖ ਪੰਥ ਦੇ ਜਥੇਬੰਦਕ ਅਤੇ ਸੰਸਥਾਤਮਕ ਰੂਪ ਨੂੰ ਸੰਪੂਰਣਤਾ ਵਲ ਲੈ ਜਾਣ ਦੀ ਜ਼ਿੰਮੇਵਾਰੀ ਗੁਰੂ ਹਰਗੋਬਿੰਦ ਸਾਹਿਬ ਤੇ ਆ ਗਈ।

ਗੁਰੂ ਹਰਗੋਬਿੰਦ ਸਾਹਿਬ ਨੇ ਗੁਰਗੱਦੀ ਧਾਰਣ ਕਰਨ ਸਮੇਂ ਹੀ ਮੀਰੀ-ਪੀਰੀ ਦੀਆਂ ਦੋ ਕਿਰਪਾਨਾਂ ਪਹਿਨ ਲਈਆਂ ਅਤੇ ਹੋਰ ਬਹੁਤ ਸਾਰੇ ਰਾਜਸੀ ਚਿਹਨਾਂ ਨੂੰ ਅਪਣਾ ਲਿਆ ਸੀ। ਪਰ ਅਕਾਲ ਤਖ਼ਤ ਦੀ ਸਥਾਪਨਾ ਗੁਰੂ ਹਰਗੋਬਿੰਦ ਸਾਹਿਬ ਦੇ ਗੁਰੂ ਜੀਵਨ ਦੀ ਸਭ ਤੋਂ ਵਡਮੁੱਲੀ ਉਪਲਬਧੀ ਸੀ। ਅਸਲ ਵਿਚ ਅਕਾਲ ਤਖ਼ਤ ਦੀ ਸਿਰਜਨਾ ਨਾਲ ਅਤੇ ਫਿਰ ਅਕਾਲ ਤਖ਼ਤ ਉਤੇ ਹੋਣ ਵਾਲੀਆਂ ਗਤੀਵਿਧੀਆਂ ਨਾਲ ਸਿੱਖ ਪੰਥ ਸਿੱਧੇ ਰੂਪ ਵਿਚ ਇਕ ਰਾਜਨੀਤਕ ਇਕਾਈ ਬਣ ਗਿਆ। ਇਥੇ ਇਹ ਸਪਸ਼ਟ ਕਰਨ ਦੀ ਲੋੜ ਹੈ ਕਿ ਸਿਧਾਂਤਕ ਰੂਪ ਵਿਚ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਸਾਰੇ ਗੁਰੂ ਸਾਹਿਬਾਨ ਆਪਣੇ ਆਲੇ ਦੁਆਲੇ ਦੀ ਤੱਤਕਾਲੀਨ ਰਾਜਨੀਤੀ ਪ੍ਰਤੀ ਪੂਰੀ ਤਰ੍ਹਾਂ ਜਾਗਰੂਕ ਸਨ ਅਤੇ ਰਾਜ ਦੇ ਇਕ ਨਿਸ਼ਚਿਤ ਸੰਕਲਪ ਦੀ ਉਸਾਰੀ ਵਿਚ ਭਾਈਵਾਲ ਸਨ। 'ਤਖ਼ਤ' ਦਾ ਸੰਕਲਪ ਵੀ ਗੁਰੂ ਪਰੰਪਰਾ ਵਿਚ ਸ਼ੁਰੂ ਤੋਂ ਮੌਜੂਦ ਸੀ। ਪਰ ਗੁਰੂ ਹਰਗੋਬਿੰਦ ਸਾਹਿਬ ਨੇ ਅਕਾਲ ਤਖ਼ਤ ਦੀ ਸਿਰਜਣਾ ਕਰਕੇ ਸਿੱਖ ਪੰਥ ਦੀ ਰਾਜਨੀਤਕ ਪਹਿਚਾਨ ਕਾਇਮ ਕੀਤੀ ਅਤੇ ਸਿੱਖ ਰਾਜ ਸੰਕਲਪ ਨੂੰ ਇਕ

ਮਜ਼ਬੂਤ ਆਧਾਰ ਪ੍ਰਦਾਨ ਕੀਤਾ। ਇਥੇ ਅਸੀਂ ਇਤਿਹਾਸਕ ਲਿਖਤਾਂ ਦੇ ਆਧਾਰ ਤੇ ਅਕਾਲ ਤਖ਼ਤ ਦੀ ਸਥਾਪਨਾ, ਮੰਤਵ ਅਤੇ ਇਤਿਹਾਸਕ ਮਹੱਤਵ ਦੀ ਚਰਚਾ ਕਰ ਰਹੇ ਹਾਂ।

ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨ ਕੋਸ਼ ਵਿਚ ਅਕਾਲ ਤਖ਼ਤ ਦੀ ਸਿਰਜਨਾ ਅਤੇ ਮੰਤਵ ਦੀ ਵਿਆਖਿਆ ਕਰਦਿਆਂ ਲਿਖਿਆ ਹੈ ਕਿ," ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਸੰਮਤ 1665 ਵਿਚ ਅੰਮ੍ਰਿਤਸਰ ਹਰਿਮੰਦਰ ਦੇ ਸਾਮ੍ਹਣੇ ਇਕ ਉਚਾ ਰਾਜ-ਸਿੰਘਾਸਨ (ਸ਼ਾਹੀ-ਤਖ਼ਤ) ਤਿਆਰ ਕਰਵਾਕੇ ਉਸ ਦਾ ਨਾਉਂ "ਅਕਾਲ ਬੁੰਗਾ" ਰਖਿਆ, ਜਿਸ ਥਾਂ ਸਵੇਰੇ ਅਤੇ ਸੰਝ ਨੂੰ ਦੀਵਾਨ ਲਗਾਕੇ ਸੰਗਤਾਂ ਨੂੰ ਨਿਹਾਲ ਕਰਦੇ ਸਨ, ਅਕਾਲ ਬੁੰਗਾ ਪੰਥਕ ਜਥੇਬੰਦੀ ਦਾ ਕੇਂਦਰ ਹੈ, ਪੰਥ ਇਸ ਥਾਂ ਤੇ ਮੁੱਢ ਤੋਂ ਗੁਰਮਤੇ ਸੋਧਦਾ ਆਇਆ ਹੈ, ਇਹ ਗੁਰਦੁਆਰਾ ਸਿੱਖਾਂ ਦਾ ਪਹਿਲਾ ਤਖ਼ਤ ਹੈ।"[1]

ਸੋਹਨ ਕਵਿ ਦੁਆਰਾ ਰਚਿਤ 'ਗੁਰ ਬਿਲਾਸ ਪਾਤਸ਼ਾਹੀ ਛੇਵੀਂ' ਵਿਚ ਗੁਰੂ ਹਰਗੋਬਿੰਦ ਦੇ ਸੰਪੂਰਨ ਜੀਵਨ ਕਾਲ ਦੀਆਂ ਘਟਨਾਵਾਂ ਦਾ ਵਿਸਤਾਰ ਨਾਲ ਜ਼ਿਕਰ ਮਿਲਦਾ ਹੈ। ਗੁਰੂ ਹਰਗੋਬਿੰਦ ਸਾਹਿਬ ਦੇ ਜੀਵਨ ਦਾ ਵਿਸਤ੍ਰਿਤ ਵਰਣਨ ਕਰਦਿਆਂ ਜਿਥੇ ਇਕ ਪਾਸੇ ਕਵੀ ਨੇ ਇਤਿਹਾਸ ਦੀ ਸਿਰਜਨਾ ਕੀਤੀ ਹੈ ਉਥੇ ਦੂਜੇ ਪਾਸੇ ਕਿਤੇ ਕਿਤੇ ਕਵੀ ਹਰਗੋਬਿੰਦ ਸਾਹਿਬ ਪ੍ਰਤੀ ਅਥਾਹ ਸ਼ਰਧਾ ਦਾ ਪ੍ਰਗਟਾਵਾ ਕਰਦਿਆਂ ਕਾਵਿਕ ਉਡਾਰੀਆਂ ਦੇ ਸਹਾਰੇ ਕਲਪਨਾ ਦੇ ਖੇਤਰ ਵਿਚ ਪ੍ਰਵੇਸ਼ ਕਰ ਗਿਆ ਜਾਪਦਾ ਹੈ। ਅਕਾਲ ਤਖਤ ਦੀ ਸਿਰਜਨਾ ਦੇ ਸਬੰਧ ਵਿਚ ਕਵੀ ਸੋਹਨ ਦੇ ਗੁਰ ਬਿਲਾਸ ਦਾ ਮਤ ਹੈ ਕਿ ਇਹ ਅਕਾਲ ਪੁਰਖ ਦੇ ਹੁਕਮ ਵਿਚ ਹੋਈ ਹੈ। ਗੁਰੂ ਅਰਜਨ ਦੇਵ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਅਕਾਲ ਪੁਰਖ ਨੇ ਆਪ ਗੁਰੂ ਹਰਿਗੋਬਿੰਦ ਸਾਹਿਬ ਨੂੰ ਇਹ ਬਚਨ ਕਹੇ ਕਿ ਤੇਰੇ ਅਤੇ ਮੇਰੇ ਵਿਚ ਕੋਈ ਭੇਦ ਨਹੀਂ

---

1- ਨਾਭਾ, ਭਾਈ ਕਾਨ੍ਹ ਸਿੰਘ; '<u>ਮਹਾਨ ਕੋਸ਼</u>' ਪੰਨਾ 36

2- ਕਵਿ ਸੋਹਨ ਜੀ; '<u>ਸ੍ਰੀ ਗੁਰ ਬਿਲਾਸ ਪਾਤਸ਼ਾਹੀ 6</u>'; ਪੰਨਾ 147

ਹੈ ਅਤੇ ਤੇਰੇ ਪਿਤਾ ਨੂੰ ਅਸੀਂ ਇਹ ਬਚਨ ਕੀਤਾ ਸੀ ਤੁਹਾਡਾ ਪੁਤਰ ਤੁਹਾਡੇ ਦਰਬਾਰ ਦੇ ਪਾਸ ਮੇਰਾ ਤਖਤ ਬਣਾਵੇਗਾ। ਇਸ ਲਈ ਪਹਿਲਾਂ ਇਸ ਥਾਂ ਤਖ਼ਤ ਦੀ ਰਚਨਾ ਕਰੋ ਅਤੇ ਮੀਰੀ-ਪੀਰੀ ਦੀਆਂ ਦੋ ਕ੍ਰਿਪਾਨਾਂ ਧਾਰਣ ਕਰੋ:-

ਅਕਾਲ ਪੁਰਖ ਪੁਨਿ ਬਚਨ ਉਚਾਰੇ।ਹਰਿ ਗੋਬਿੰਦ ਸੁਨੀਐ ਨਿਰਧਾਰੇ।

ਤੁਮ ਹਮਰੇ ਮਹਿ ਭੇਦ ਨ ਕੋਈ। ਤੋਹਿ ਅਵਤਾਰ ਹੇਤ ਇਹ ਹੋਈ।

ਦੋਹਰਾ।।ਤੋਰ ਪਿਤਾ ਕੋ ਬਚ ਕਹੇ ਪਾਛੇ ਮੁਹਿ ਇਹ ਭਾਇ।

ਸੁਤ ਤੁਮਰਾ ਤੁਮਰੇ ਨਿਕਟ ਮੇਰੋ ਤਖਤ ਬਨਾਇ।

ਚੌਪਈ।।ਔਰ ਸੰਤ ਬਚ ਅਟਲ ਪਛਾਨੋ। ਬੁਢੇ ਮੁਝਮੈਂ ਭੇਦ ਨਾ ਮਾਨੋ।

ਪ੍ਰਿਥਮੇ ਇਹ ਥਾਂ ਤਖਤ ਸਵਾਰੋ। ਮੀਰੀ ਪੀਰੀ ਅਸਿ ਦੋ ਧਾਰੋ।[1]

ਗੁਰੂ ਹਰਿਗੋਬਿੰਦ ਦੁਆਰਾ ਰਚੇ ਜਾਣ ਵਾਲੇ ਤਖ਼ਤ ਦੇ ਨਾਂ ਦੀ ਚੋਣ ਵੀ ਅਕਾਲ ਪੁਰਖ ਨੇ ਆਪ ਕੀਤੀ ਅਤੇ ਹੁਕਮ ਕੀਤਾ ਕਿ ਤਖਤ ਦਾ ਨਾਂ "ਅਕਾਲ ਤਖ਼ਤ" ਰਖਿਆਂ ਜਾਵੇ:-

ਤਾਤੇ ਇਹੁ ਠਾਂ ਤਖਤ ਸਵਾਰੋ। ਮੇਰੇ ਨਾਮ ਤਾਂਹਿ ਮੈ ਧਾਰੋ।

ਤਖਤ ਅਕਾਲ ਨਾਮ ਤਿੰਹ ਦੀਜੈ।ਤਾਂਹਿ ਬੈਠ ਪਿਤ ਬਦਲਾ ਲੀਜੈ।

ਮੀਰੀ ਪੀਰੀ ਦੋਓ ਧਾਰੋ। ਧਰਾ ਭਾਰ ਸਭ ਦੂਰ ਨਿਵਾਰੋ।

ਅਸ ਕਹਿ ਪ੍ਰਭ ਭਏ ਅੰਤ੍ਰ ਧਿਆਨਾ।।ਤਬ ਸਭ ਮਨ ਮੈਂ ਬਿਸਮੈ ਠਾਨਾ।।[2]

ਸੋਹਨ ਕਵੀ ਅਨੁਸਾਰ ਅਕਾਲ ਤਖ਼ਤ ਦੀ ਉਸਾਰੀ ਉਸੇ ਥਾਂ ਤੇ ਕੀਤੀ ਗਈ ਜਿਹੜੀ ਅਕਾਲ ਪੁਰਖ ਨੇ ਆਪ ਨਿਸ਼ਚਿਤ ਕੀਤੀ ਸੀ:-

ਗੁਰਦਾਸ ਬੁੱਢੇ ਕੋ ਲੈ ਸਾਥਾ।ਤਖਤ ਅਰੰਭ ਕਰ ਦੀਨਾ ਨਾਥਾ।

ਜਹ ਭਗਵਤ ਥੀ ਆਗਿਆ ਦਈ।ਤਹਾਂ ਅਰੰਭ ਗੁਰੂ ਜੀ ਕਈ।[3]

---

1- ਕਵਿ ਸੋਹਨ ਜੀ; 'ਸ੍ਰੀ ਗੁਰ ਬਿਲਾਸ ਪਾਤਸ਼ਾਹੀ 6'; ਪੰਨਾ 147

2- ਓਹੀ; ਪੰਨਾ 147

3- ਓਹੀ; ਪੰਨਾ 151

ਗੁਰੂ ਹਰਿਗੋਬਿੰਦ ਸਾਹਿਬ ਨੂੰ ਆਪ ਅਕਾਲ ਪੁਰਖ ਨੇ ਅਕਾਲ ਤਖ਼ਤ ਦੀ ਜ਼ਿੰਮੇਵਾਰੀ ਸੌਂਪੀ। ਸੋਹਨ ਕਵੀ ਦੇ ਗੁਰਬਿਲਾਸ ਅਨੁਸਾਰ ਆਪ ਅਕਾਲ ਪੁਰਖ ਨੇ ਗੁਰੂ ਹਰਿਗੋਬਿੰਦ ਦੀ ਬਾਂਹ ਫੜ ਕੇ ਅਕਾਲ ਤਖ਼ਤ ਤੇ ਬਿਰਾਜਮਾਨ ਕੀਤਾ:

ਐਸੇ ਕਹਿ ਗੁਰ ਭੁਜਾ ਗਹਾਏ। ਅਕਾਲ ਪੁਰਖ ਮਨ ਮੈ ਹਰਖਾਏ।
ਸ੍ਰੀ ਗੁਰ ਊਪਰ ਤਖ਼ਤ ਬਹਾਯੋ। ਸੁਰ ਨਰ ਜੈ ਜੈ ਕਾਰ ਬੁਲਾਯੋ।[1]

ਅਕਾਲ ਤਖ਼ਤ ਦੀ ਨੀਂਹ ਗੁਰੂ ਹਰਿਗੋਬਿੰਦ ਪਾਤਸ਼ਾਹ ਨੇ ਆਪਣੇ ਹੱਥਾਂ ਨਾਲ ਰਖੀ ਅਤੇ ਅਕਾਲ ਤਖ਼ਤ ਦੀ ਉਸਾਰੀ ਵਿਚ ਕਿਸੇ ਰਾਜ ਜਾਂ ਮਿਸਤਰੀ ਦੀ ਸਹਾਇਤਾ ਨਹੀਂ ਲਈ ਗਈ। ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਆਪ ਅਕਾਲ ਤਖ਼ਤ ਦੀ ਉਸਾਰੀ ਦੀ ਅਗਵਾਈ ਕੀਤੀ ਸੀ:-

ਕਰ ਅਰਦਾਸ ਸ੍ਰੀ ਸਤਿ ਗੁਰੂ ਪੁਨ ਪ੍ਰਸਾਦਿ ਵਰਤਾਇ।
ਪ੍ਰਿਥਮ ਨੀਂਵ ਸ੍ਰੀ ਗੁਰੂ ਰਖੀ ਅਚਲ ਤਖਤ ਸੁਹਾਇ।
ਚੌਪਈ।। ਕਿਸੀ ਰਾਜ ਨਹਿੰ ਹਾਥ ਲਗਾਯੋ।
ਬੁੱਢੇ ਔ ਗੁਰਦਾਸ ਬਨਾਯੋ।[2]

ਅਕਾਲ ਤਖ਼ਤ ਦੀ ਸਾਰੀ ਮਰਿਆਦਾ ਵੀ ਗੁਰੂ ਹਰਿਗੋਬਿੰਦ ਸਾਹਿਬ ਨੇ ਆਪ ਨਿਸਚਿਤ ਕੀਤੀ। ਅਕਾਲ ਤਖ਼ਤ ਤੇ ਗੁਰੂ ਗ੍ਰੰਥ ਦਾ ਪ੍ਰਕਾਸ਼ ਗੁਰੂ ਹਰਿਗੋਬਿੰਦ ਸਾਹਿਬ ਦੇ ਆਦੇਸ਼ ਅਨੁਸਾਰ ਭਾਈ ਗੁਰਦਾਸ ਜੀ ਨੇ ਕੀਤਾ ਅਤੇ ਸਾਰੀਆਂ ਸਿੱਖ ਸੰਗਤਾਂ ਨੇ ਸਤਿਕਾਰ ਵਿਚ ਗੁਰੂ ਗ੍ਰੰਥ ਸਾਹਿਬ ਅਗੇ ਆਪਣਾ ਸੀਸ ਝੁਕਾਇਆ:-

---

1- ਕਵਿ ਸੋਹਨ ਜੀ; 'ਸ੍ਰੀ ਗੁਰ ਬਿਲਾਸ ਪਾਤਸ਼ਾਹੀ 6'; ਪੰਨਾ 151

2- ਓਹੀ; ਪੰਨਾ 151

ਕਰਿ ਇਸਨਾਨ ਸਭੀ ਇਕਠਾਏ। ਦਿਵਾਨ ਲਾਇ ਨਿਸ ਜਾਮ ਰਹਾਏ।

ਸ੍ਰੀ ਗੁਰ ਤਬ ਗੁਰਦਾਸ ਕੋ ਕਹਾ। ਲਿਆਵੇ ਗੁਰੂ ਗ੍ਰੰਥ ਸੁਖ ਲਹਾ।

ਦੋਹਰਾ॥ ਗੁਰੂ ਗ੍ਰੰਥ ਕੀ ਲੋਨੜੀ ਭਾਈ ਤਹਿਤੇ ਲਯਾਇ।

ਗੁਰੂ ਗ੍ਰੰਥ ਧਰ ਤਖਤ ਪਰ ਸਭ ਨਿਜ ਸੀਸ ਝੁਕਾਇ।[1]

ਅਕਾਲ ਤਖ਼ਤ ਦੀ ਸੇਵਾ ਸੰਭਾਲ ਲਈ ਗੁਰੂ ਹਰਿਗੋਬਿੰਦ ਸਾਹਿਬ ਨੇ ਭਾਈ ਗੁਰਦਾਸ ਦੀ ਨਿਯੁਕਤੀ ਕੀਤੀ ਅਤੇ ਉਹਨਾਂ ਨੂੰ ਤਖ਼ਤ ਦਾ ਸਾਰਾ ਕੰਮ ਕਾਜ ਸੌਂਪ ਦਿੱਤਾ:-

ਤਖ਼ਤ ਪੂਜ ਕਰਬੇ ਨਮਿਤ ਗੁਰਦਾਸ ਭਾਈ ਠਹਿਰਾਇ।

ਨਿਤ ਕਰਾਇ ਸਨਾਨ ਸੋ ਪੁਸ਼ਪ ਸੁਗੰਧ ਲਗਾਇ।[2]

ਅਕਾਲ ਤਖ਼ਤ ਉਤੇ ਬੀਰ ਰਸੀ ਵਾਰਾਂ ਦੇ ਗਾਇਨ ਦੀ ਪ੍ਰਥਾ ਵੀ ਗੁਰੂ ਹਰਿਗੋਬਿੰਦ ਸਾਹਿਬ ਨੇ ਆਰੰਭ ਕੀਤੀ। ਗੁਰਬਿਲਾਸ ਵਿਚ ਬਹੁਤ ਥਾਵਾਂ ਤੇ ਗੁਰੂ ਸਾਹਿਬ ਵਲੋਂ ਸੂਰਮਿਆਂ ਦੀਆਂ ਵਾਰਾਂ ਗਾਇਨ ਕਰਨ ਵਾਲੇ ਢਾਡੀਆਂ ਨੂੰ ਅਕਾਲ ਤਖ਼ਤ ਤੇ ਸੱਦਾ ਦੇਣ ਦੇ ਪ੍ਰਮਾਣ ਮਿਲਦੇ ਹਨ। ਢਾਡੀ ਮੀਰ ਅਬਦੁਲ ਤੇ ਨਥਾ ਨੂੰ ਗੁਰੂ ਹਰਿਗੋਬਿੰਦ ਸਾਹਿਬ ਨੇ ਉਚੇਚੇ ਤੌਰ ਤੇ ਸੱਦਾ ਘੱਲ ਕੇ ਅਕਾਲ ਤਖ਼ਤ ਤੇ ਬੁਲਵਾਇਆ ਅਤੇ ਉਹਨਾਂ ਨੂੰ ਰੋਜ਼ ਸੂਰਮਿਆਂ ਦੀਆਂ ਵਾਰਾਂ ਸੁਣਾਉਣ ਲਈ ਕਿਹਾ:-

ੳ) ਸਾਹਿਬ ਬੁੱਢੇ ਅਸ ਕਹਾ ਸੁਨੋ ਪ੍ਰਭੂ ਸੁਖ ਪਾਇ।

ਸੁਤਰੀ ਔਰ ਨਿਸ਼ਾਨ ਕੋ ਢਾਡੀ ਲੇਹੁ ਮੰਗਾਇ।

ਢਾਡੀ ਲੇਹੁ ਮੰਗਾਇ ਰਹੇ ਸੁਰ ਸਿੰਘ ਗੁਨ ਸਦਨਾ।

ਅਬਦੁਲ ਤਾਂ ਕਾ ਨਾਮ ਤਾਹਿ ਮਨ ਮੋਹੁ ਸੁ ਮਦਨਾ।

---

1- ਕਵਿ ਸੋਹਨ ਜੀ; "ਸ੍ਰੀ ਗੁਰ ਬਿਲਾਸ ਪਾਤਸ਼ਾਹੀ 6"; ਪੰਨਾ 158

2- ਓਹੀ; ਪੰਨਾ 154

ਬੁੱਢੇ ਬਚ ਸੁਨ ਸਿਖ ਪਠਯੋ ਗੁਰੂ ਪ੍ਰਭੁ ਸੁਖ ਪਾਇ।
ਸੁਤਰੀ ਨਿਸਲ ਮੰਗਾਯੋ ਅਬਦੁਲ ਲੀਯੋ ਮੰਗਾਇ।[1]

ਅ) ਪੁਨ ਢਾਡੀ ਕੋ ਬਚਨ ਸੁਨਾਏ। ਰਹੋ ਨਿਕਟ ਹਮਰੇ ਸੁਖ ਪਾਏ।
ਵਾਰ ਸਭੀ ਸੂਰਨ ਕੀ ਗਾਵੋ। ਠਾਢੇ ਆਗੇ ਨਿੱਤ ਸੁਨਾਵੋ।[2]

ੲ) ਹਰਿਗੁਬਿੰਦ ਗੁਰ ਪਰਉਪਕਾਰੀ। ਢਾਡੀ ਅਬਦੁਲ ਲੀਓ ਹਕਾਰੀ।
ਇਹੁ ਬਿਧ ਤਾਕੋ ਬਚਨ ਸੁਨਾਏ। ਸੁਨਾਵੋ ਵਾਰ ਅਧਕ ਮਨ ਲਾਏ।[3]

ਅਕਾਲ ਤਖ਼ਤ ਦੀ ਰਚਨਾ ਦਾ ਮੰਤਵ ਸੋਹਨ ਕਵੀ ਨੇ ਗੁਰ ਬਿਲਾਸ ਵਿਚ ਸਪਸ਼ਟ ਕੀਤਾ ਹੈ। ਉਸ ਅਨੁਸਾਰ ਅਕਾਲ ਤਖਤ ਦੀ ਸਥਾਪਨਾ ਜਗਤ ਨੂੰ ਤਾਰਨ ਲਈ ਅਤੇ ਸ਼ਤਰੂਆਂ ਦਾ ਨਾਸ ਕਰਨ ਲਈ ਕੀਤੀ ਗਈ ਹੈ। ਹੇਠਲੀਆਂ ਸੱਤਰਾਂ ਅਕਾਲ ਤਖਤ ਉਸਾਰਨ ਦੇ ਮੰਤਵ ਨੂੰ ਦਰਸਾਉਂਦੀਆਂ ਹਨ:-

ੳ) ਇਹ ਬਿਧ ਤਖਤ ਬਨਾਇਓ ਸ੍ਰੀ ਗੁਰ ਅਪਨੇ ਹਾਥ।
ਜਨੁ ਜਹਾਜ ਜਗੁ ਤਾਰਨ ਕੋ ਰਚਯੋ ਸੁ ਦੀਨਨਾਥ।[4]

ਅ) ਕਹਿ ਭਗਵਤ ਯਾ ਪਰ ਪਗਧਾਰੋ।
ਬੈਠ ਤਖ਼ਤ ਨਿਜ ਸ਼ਤ੍ਰਨ ਮਾਰੋ।[5]

ਕਵਿ ਸੋਹਨ ਨੇ ਆਪਣੀ ਰਚਨਾ ਵਿਚ ਅਕਾਲ ਤਖ਼ਤ ਦਾ ਮੰਤਵ ਹੋਰ ਸਪਸ਼ਟ ਕਰਦਿਆਂ ਉਸ

---

1- ਕਵਿ ਸੋਹਨ ਜੀ; 'ਸ੍ਰੀ ਗੁਰ ਬਿਲਾਸ ਪਾਤਸ਼ਾਹੀ 6'; ਪੰਨਾ 151
2- ਉਹੀ; ਪੰਨਾ 152-153
3- ਉਹੀ; ਪੰਨਾ 154
4- ਉਹੀ; ਪੰਨਾ 151
5- ਉਹੀ; ਪੰਨਾ 151

ਨੂੰ ਪੁਰਾਤਨ ਭਾਰਤੀ ਪਰੰਪਰਾ ਨਾਲ ਜੋੜਿਆ ਹੈ। ਅਕਾਲ ਤਖ਼ਤ ਤੇ ਬਿਰਾਜਮਾਨ ਗੁਰੂ ਹਰਿਗੋਬਿੰਦ ਸਾਹਿਬ ਨੂੰ ਪੁਰਾਤਨ ਅਵਤਾਰਵਾਦੀ ਪਰੰਪਰਾ ਨਾਲ ਜੋੜਦਿਆਂ ਕਵੀ ਨੇ ਸ੍ਰੀ ਰਾਮ ਅਤੇ ਸ੍ਰੀ ਕ੍ਰਿਸ਼ਨ ਜੀ ਦੀ ਤਰ੍ਹਾਂ ਦੁਸ਼ਟਾਂ ਦਾ ਨਾਸ ਕਰਨ ਵਾਲਾ ਦਸਿਆ ਹੈ:-

ਰਾਮ ਕ੍ਰਿਸ਼ਨ ਤੇ ਆਦਿ ਲੈ ਪਾਛੇ ਜੋ ਅਵਤਾਰ।
ਜੈਸੇ ਉਨ ਰਾਕਸ਼ ਹਨੇ ਤੈਸੇ ਤੁਮ ਇਨ ਮਾਰ।[1]

ਕਵਿ ਸੋਹਨ ਅਨੁਸਾਰ ਢਾਡੀ ਮੀਰ ਅਬਦੁਲ ਅਤੇ ਨਥੇ ਨੇ ਵੀ ਅਕਾਲ ਤਖ਼ਤ ਤੇ ਬਿਰਾਜਮਾਨ ਗੁਰੂ ਹਰਿਗੋਬਿੰਦ ਸਾਹਿਬ ਦੀ ਉਸਤਤ ਕਰਦਿਆਂ ਕਿਹਾ ਸੀ ਕਿ ਗੁਰੂ ਸਾਹਿਬ ਉਸੇ ਤਰ੍ਹਾਂ ਆਪਣੇ ਸੇਵਕਾਂ ਦੀ ਤਪਤ ਮਿਟਾਉਂਦੇ ਹਨ ਜਿਸ ਤਰ੍ਹਾਂ ਸ੍ਰੀ ਰਾਮ ਅਤੇ ਸ੍ਰੀ ਕ੍ਰਿਸ਼ਨ ਆਪਣੇ ਸਮੇਂ ਵਿਚ ਆਪਣੇ ਸੇਵਕਾਂ ਦੀ ਤਪਤ ਮਿਟਾਉਂਦੇ ਰਹੇ ਹਨ:-

ਰਾਮ ਔ ਕ੍ਰਿਸ਼ਨ ਸਮਾਨ ਬਿਰਾਜਤ ਗੁਰੂ ਨਿਜ ਦਾਸਨ ਘਾਮ ਮਿਟਾਵੈ।[2]

ਸੋਹਨ ਕਵਿ ਦੇ ਗੁਰ ਬਿਲਾਸ ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ ਮਹੱਤਵਪੂਰਣ ਫੈਸਲੇ ਲੈਣ ਤੋਂ ਪਹਿਲਾਂ ਅਕਾਲ ਤਖਤ ਤੇ ਆਪਣੇ ਸਿੱਖਾਂ ਸੇਵਕਾਂ ਨਾਲ ਸਲਾਹ ਮਸ਼ਵਰਾਂ ਕਰਿਆ ਕਰਦੇ ਸਨ। ਜਹਾਂਗੀਰ ਵਲੋਂ ਦਿੱਲੀ ਆਉਣ ਦੇ ਸੱਦੇ ਦੇ ਸੰਬੰਧ ਵਿਚ ਕੋਈ ਵੀ ਫੈਸਲਾ ਲੈਣ ਤੋਂ ਪਹਿਲਾਂ ਗੁਰੂ ਹਰਿਗੋਬਿੰਦ ਸਾਹਿਬ ਨੇ ਅਕਾਲ ਤਖ਼ਤ 'ਤੇ ਸਿੱਖ ਸੰਗਤਾਂ ਦੀ ਉਚੇਚੀ ਇਕੱਤਰਤਾ ਬੁਲਾਈ ਅਤੇ ਇਹ ਮਹੱਤਵਪੂਰਣ ਮਸਲਾ ਉਹਨਾਂ ਦੇ ਸਨਮੁਖ ਵਿਚਾਰ ਲਈ ਰਖ ਦਿੱਤਾ।-

ਜਾਇ ਸਾਮ ਫਿਰ ਤੁਰਤੇ ਆਵੇ। ਨਿਜ ਨਿਜ ਸਭੇ ਸਲਾਹ ਬਤਾਵੇ।
ਬਾਦਸ਼ਾਹ ਮੁਹਿ ਨਿਕਟ ਬੁਲਾਯੋ। ਜਾਵਨ ਬਨੈ ਕਿ ਨਹੀਂ ਸੁਹਾਯੋ।

---

1- ਕਵਿ ਸੋਹਨ ਜੀ; 'ਸ੍ਰੀ ਗੁਰ ਬਿਲਾਸ ਪਾਤਸ਼ਾਹੀ 6'; ਪੰਨਾ 147

2- ਉਹੀ; ਪੰਨਾ 152

ਇਹ ਸੁਨ ਨਿਜ ਨਿਜ ਗ੍ਰੇਹ ਸਿਧਾਏ। ਨਿਜ ਮਨ ਗਿਨਤੀ ਸਭ ਪਾਏ।
ਚਾਰ ਘਰੀ ਨਿਸ ਜਬੈ ਬਿਹਾਈ। ਆਏ ਸਭੈ ਗੁਰੂ ਨਿਕਟਾਈ।
ਦੋਹਰਾ॥ ਬੂਢੇ ਆਦਿਕ ਸਭ ਆਏ ਮਾਤਾ ਲਈ ਬੁਲਾਇ।
ਦੀਵਾਨ ਆਦਿ ਲਾਗੇ ਸਭਨ ਸ੍ਰੀ ਗੁਰੂ ਕਹੀ ਸੁਨਾਇ।[1]

ਫਿਰ ਗੁਰੂ ਸਾਹਿਬ ਨੇ ਸਾਰਿਆਂ ਨੂੰ ਦੀਵਾਨ ਵਿਚ ਆਪਣਾ ਆਪਣਾ ਮਤ ਪ੍ਰਗਟਾਉਣ ਲਈ ਕਿਹਾ ਅਤੇ ਵਿਸਤਾਰ ਨਾਲ ਸਲਾਹ ਮਸ਼ਵਰੇ ਤੋਂ ਬਾਅਦ ਦਿੱਲੀ ਰਵਾਨਾ ਹੋਣ ਦਾ ਫੈਸਲਾ ਕੀਤਾ। ਗੁਰ ਬਿਲਾਸ ਦੀਆਂ ਹੇਠਲੀਆਂ ਪੰਕਤੀਆਂ ਵਿਚ ਦੀਵਾਨ ਵਿਚ ਹੋਏ ਵਿਚਾਰ ਵਟਾਂਦਰੇ ਦਾ ਜ਼ਿਕਰ ਹੈ:-

ਪ੍ਰਿਥਮ ਮਸੰਦਨ ਸੋ ਕਹਿ ਐਸੇ। ਭਾਖੋ ਨਿਜ ਨਿਜ ਮਤ ਤੁਮ ਜੈਸੇ।
ਕੋ ਭਾਖੈ ਪ੍ਰਭ ਤਹਾਂ ਨ ਜਾਇ। ਸ੍ਰੀ ਗੁਰ ਆਗੈ ਤਹਾਂ ਹਤਾਇ।
ਕੋਊ ਕਹੈ ਕਿਹ ਠਾਂ ਭਜ ਜੱਯੈ। ਦਿਲੀ ਓਰ ਚਰਨ ਜਿਨ ਦੱਯੈ।
ਸਭ ਮਸੰਦ ਐਸੇ ਹੀ ਗਾਯੋ। ਬੁੱਢੇ ਕੋ ਗੁਰ ਬਚਨ ਸੁਨਾਯੋ।
ਦੋਹਰਾ॥ ਗੁਰਦਾਸ ਬੁੱਢਾ ਜੀ ਤੁਮ ਕਹੋ ਮਾਤ ਸਲਾਇ ਰਲਾਇ।
ਤਿਨ ਆਗੈ ਐਸੇ ਕਹਾ ਜੋ ਕੁਛ ਤੁਮੈ ਰਜਾਇ।
ਚੌਪਈ॥ ਪ੍ਰਭੂ ਦਰਸ ਕੋ ਤਿਨ ਨਨ ਗਯਾਨਾ। ਇਹ ਬਿਧਿ ਸੋ ਤਿਨ ਬਚਨ ਬਖਾਨਾ।
ਹੇ ਗੁਰ ਸੰਗਤਿ ਕਰੋ ਨਿਹਾਲ। ਚੰਦੂ ਮਾਰੋ ਕਰੋ ਬਿਹਾਲ।
ਤੁਮ ਕੋ ਜਾਵਨ ਹੀ ਬਨਿ ਆਵੈ। ਆਗੈ ਜੋ ਤੁਮਰੇ ਮਨ ਭਾਵੈ।
ਸ੍ਰੀ ਗੁਰ ਭਲੀ ਬਾਤ ਇਹ ਮਾਨੀ। ਕਰੈ ਪਿਆਨ ਇਹ ਮਨ ਠਾਨੀ।[2]

---

1- ਕਵਿ ਸੋਹਨ ਜੀ; 'ਸ੍ਰੀ ਗੁਰ ਬਿਲਾਸ ਪਾਤਸ਼ਾਹੀ 6'; ਪੰਨਾ 162

2- ਓਹੀ; ਪੰਨਾ 162

ਗੁਰੂ ਹਰਿਗੋਬਿੰਦ ਸਾਹਿਬ ਨੇ ਅਕਾਲ ਤਖ਼ਤ ਨੂੰ ਸਿੱਖ ਪੰਥ ਦੀਆਂ ਜਥੇਬੰਦਕ ਅਤੇ ਸੈਨਿਕ ਗਤੀਵਿਧੀਆਂ ਦਾ ਕੇਂਦਰ ਬਣਾ ਦਿੱਤਾ। ਅਕਾਲ ਤਖ਼ਤ ਉਤੇ ਦੇਸ਼ ਦੇ ਵਖ ਵਖ ਹਿੱਸਿਆਂ ਤੋਂ ਸਿੱਖ ਹਥਿਆਰ ਅਤੇ ਘੋੜੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਭੇਟ ਕਰਨ ਲਈ ਪਹੁੰਚਣ ਲਗ ਪਏ ਅਤੇ ਇਸ ਪ੍ਰਕਾਰ ਅਕਾਲ ਤਖਤ ਸਿੱਖ ਸੈਨਾ ਲਈ ਹਥਿਆਰਾਂ ਅਤੇ ਜੰਗੀ ਅਭਿਆਸ ਦਾ ਮੁਕਾਮ ਬਣ ਗਿਆ। ਸੋਹਨ ਕਵਿ ਦੇ ਗੁਰ ਬਿਲਾਸ ਅਨੁਸਾਰ ਗੁਰੂ ਹਰਗੋਬਿੰਦ ਨੇ ਗੁਰਗੱਦੀ ਸੰਭਾਲਦਿਆਂ ਹੀ ਸਿੱਖਾਂ ਤੇ ਨਾਂ ਹੁਕਮਨਾਮੇ ਜਾਰੀ ਕਰ ਕੇ ਅਕਾਲ ਤਖ਼ਤ ਤੇ ਹਥਿਆਰ ਭੇਟਾ ਕਰਨ ਲਈ ਕਿਹਾ:-

ਹਾੜ ਪ੍ਰਿਥਮ ਏਕਮ ਥਿਤ ਮਾਹੀ। ਹਰਿਗੋਬਿੰਦ ਗੁਰ ਪਾਗ ਬੰਧਾਹੀਂ।
ਹੁਕਮ ਨਾਵੇ ਦਿਨ ਦੁਤੀਆ ਲਖਾਏ। ਸ੍ਰੀ ਗੁਰ ਦੇਸਨ ਦੇਸ਼ ਪਠਾਏ।
ਦੋਹਰਾ।। ਐਸੇ ਬਚਨ ਧਾਮੇ ਲਿਖੇ ਭੇਟ ਸਸਤ੍ਰ ਹੈ ਲਿਆਇ।
ਪੱਖ ਦਿਵਸ ਮੈਂ ਆਇ ਸਭ ਧਾਮੇ ਦੇਰ ਨ ਲਾਇ।[1]

ਅਕਾਲ ਤਖ਼ਤ ਤੇ ਹੀ ਸਿੱਖ ਸੈਨਾ ਨੂੰ ਸੰਗਠਿਤ ਕਰਨ ਦਾ ਕੰਮ ਅਰੰਭਿਆ ਗਿਆ। ਸ਼ੁਰੂ ਵਿਚ ਚਾਰ ਸੌ ਸਿੱਖਾਂ ਨੂੰ ਭਰਤੀ ਕੀਤਾ ਗਿਆ ਅਤੇ ਉਹਨਾਂ ਨੂੰ ਦ੍ਰਿੜ ਕਰਾਇਆ ਗਿਆ ਕਿ ਉਹ ਧਰਮ ਲਈ ਆਪਣਾ ਸੀਸ ਦੇਣ ਲਈ ਤਿਆਰ ਹਨ। ਇਥੋਂ ਇਹ ਸਪਸ਼ਟ ਹੁੰਦਾ ਹੈ ਕਿ ਗੁਰੂ ਹਰਗੋਬਿੰਦ ਸਾਹਿਬ ਦੀ ਸੈਨਾ ਵਿਚ ਭਰਤੀ ਸੈਨਿਕਾਂ ਨੂੰ ਕਿਸੇ ਨਿਸਚਿਤ ਤਨਖ਼ਾਹ ਤੇ ਨਹੀਂ ਸੀ ਰਖਿਆ ਜਾਂਦਾ ਸਗੋਂ ਇਹ ਮਰਜੀਵੜੇ ਧਰਮ ਲਈ ਖ਼ੁਦ ਆਪਾ ਕੁਰਬਾਨ ਕਰਨ ਲਈ ਸਿਖ ਸੈਨਾ ਵਿਚ ਸ਼ਾਮਲ ਹੁੰਦੇ ਸਨ:-

ਦੀਨ ਹੇਤ ਸਿਰ ਦੇਹਿੰਗੇ ਐਸ ਬਾਤ ਦ੍ਰਿੜ੍ਹ ਕੀਨ।
ਚਾਰ ਸਹਸ ਸੂਰਾ ਬਲੀ ਕ੍ਰਿਪਾ ਸਿੰਧ ਮਨ ਚੀਨ।[2]

---

1- ਕਵਿ ਸੋਹਨ ਜੀ; 'ਸ੍ਰੀ ਗੁਰ ਬਿਲਾਸ ਪਾਤਸ਼ਾਹੀ 6'; ਪੰਨਾ 150

2- ਓਹੀ; ਪੰਨਾ 153

ਸਿੱਖ ਸੈਨਾ ਦੀ ਇਕ ਮਹੱਤਵਪੂਰਣ ਵਿਸ਼ੇਸ਼ਤਾ ਇਹ ਸੀ ਕਿ ਇਸ ਵਿਚ ਸਾਰੀਆਂ ਜਾਤਾਂ ਦੇ ਲੋਕ ਸ਼ਾਮਲ ਸਨ। ਖ਼ਾਸ ਤੌਰ ਤੇ ਉਹਨਾਂ ਜਾਤੀਆਂ ਦੇ ਲੋਕ ਸਿੱਖ ਸੈਨਾ ਵਲ ਵਧ ਆਕਰਸ਼ਿਤ ਹੋਏ ਜਿਹਨਾਂ ਨਾਲ ਵਕਤ ਦੇ ਰਾਜ ਅਤੇ ਸਮਾਜ ਨੇ ਭਰਪੂਰ ਵਿਤਕਰਾ ਕੀਤਾ ਸੀ:-

ਛੀਪੇ ਝੀਵਰ ਔਰ ਤਖਾਨ।ਨਾਈ ਗੁਰ ਉਤਰੇ ਸਭ ਆਨ।

ਸੋ ਗੁਰ ਆਗੇ ਖਰੇ ਨਿਹਾਰੇ। ਗਰੀਬ ਨਿਵਾਜ ਬਿਰਦ ਜਿਹ ਭਾਰੇ।[1]

ਅਕਾਲ ਤਖ਼ਤ ਤੇ ਸਿੱਖਾਂ ਵੱਲੋਂ ਭੇਟ ਚੜ੍ਹਾਏ ਹੋਏ ਸ਼ਸਤ੍ਰਾਂ ਦਾ ਅਪਾਰ ਭੰਡਾਰ ਸੀ। ਇਸੇ ਲਈ ਭਰਤੀ ਕੀਤੇ ਗਏ ਚਾਰ ਸੌ ਸੈਨਿਕਾਂ ਨੂੰ ਗੁਰੂ ਸਾਹਿਬ ਨੇ ਬਹੁਤ ਸਾਰੇ ਸ਼ਸਤ੍ਰ ਦਿੱਤੇ ਅਤੇ ਹਰ ਸੈਨਿਕ ਨੂੰ ਇਕ ਇਕ ਘੋੜਾ ਵੀ ਦਿੱਤਾ। ਫਿਰ ਸੈਨਾ ਦੇ ਸੰਗਠਨ ਨੂੰ ਹੋਰ ਮਜ਼ਬੂਤ ਕਰਨ ਲਈ ਚਾਰ ਸੈਨਾਪਤੀ (ਬਿਧੀਆ, ਪੈੜਾ, ਪਿਰਾਣਾ ਅਤੇ ਜੇਠਾ) ਨਿਯੁਕਤ ਕੀਤੇ ਅਤੇ ਇਹਨਾਂ ਨੂੰ ਸੌ ਸੌ ਸੈਨਿਕਾਂ ਦੀ ਜ਼ਿੰਮੇਵਾਰੀ ਸੌਂਪ ਦਿੱਤੀ:-

ਮੁਖ ਸੋ ਧਨ ਧਨ ਬਚਨ ਉਚਾਰੇ।ਦੀਏ ਅਸ਼ੂ ਪੁਨ ਸ਼ਸਤ੍ਰ ਅਪਾਰੇ।

ਚਾਰ ਸਹਿਸ ਹੈ ਦੀਏ ਅਮੋਲਾ। ਇਕ੍ਹਾ ਚਾਰੀ ਸੂਰ ਅਡੋਲਾ।

ਬਿਧੀਆ ਪੈੜਾ ਔਰ ਪਿਰਾਣਾ। ਚੌਥਾ ਜੇਠਾ ਕਹੋ ਬਖਾਨਾ।

ਸਹਸ ਸਹਸ ਤਾਬਿਆ ਇਨ ਦੀਏ। ਚਾਰੋ ਸਿਖ ਸੈਨਾਪਤਿ ਕੀਏ।[2]

ਇਸ ਪ੍ਰਕਾਰ ਸੈਨਾ ਦੇ ਸੰਗਠਿਤ ਹੋਣ ਨਾਲ ਅਕਾਲ ਤਖ਼ਤ ਇਕ ਪੂਰਨ ਰਾਜਸੀ ਸੰਸਥਾ ਦੇ ਰੂਪ ਵਿਚ ਸਥਾਪਿਤ ਹੋ ਗਿਆ। ਗੁਰੂ ਹਰਗੋਬਿੰਦ ਸਾਹਿਬ ਵੀ ਅਕਾਲ ਤਖ਼ਤ ਉਤੇ ਰਾਜਸੀ ਅਤੇ ਸੰਸਾਰਕ ਸੱਤਾ ਦੇ ਪ੍ਰਤੀਕ ਬਣ ਕੇ ਬੈਠਿਆ ਕਰਦੇ ਸਨ। ਸੋਹਨ ਕਵਿ ਦੇ ਕਥਨ

- - - - - - - - - - - - - - - - - - - - - - - - - - - - - -

1- ਕਵਿ ਸੋਹਨ ਜੀ; '<u>ਸ੍ਰੀ ਗੁਰ ਬਿਲਾਸ ਪਾਤਸ਼ਾਹੀ 6</u>'; ਪੰਨਾ 153

2- ਓਹੀ; ਪੰਨਾ 153

ਅਨੁਸਾਰ ਗੁਰੂ ਹਰਗੋਬਿੰਦ ਸਾਹਿਬ ਜਦੋਂ ਹਰਿਮੰਦਰ ਸਾਹਿਬ ਵਿਚ ਹੁੰਦੇ ਸਨ ਉਦੋਂ ਉਹ ਸ਼ਾਂਤ ਰੂਪ ਹਨ ਪਰ ਜਦੋਂ ਉਹ ਅਕਾਲ ਤਖ਼ਤ ਤੇ ਬੈਠਦੇ ਹਨ ਉਦੋਂ ਉਹਨਾਂ ਦਾ ਰੂਪ ਰਾਜਸੀ ਹੁੰਦਾ ਹੈ:-

ਸਾਂਤ ਰੂਪ ਹ੍ਵੈ ਮੈ ਰਹੌਂ ਹਰਿਮੰਦਰ ਕੈ ਮਾਂਹਿ।
ਰਜੋ ਰੂਪ ਇਹ ਠਾਂ ਰਹੌਂ ਅਕਾਲ ਤਖਤ ਸੁਖ ਪਾਇ।[1]

ਭਾਈ ਰਤਨ ਸਿੰਘ ਭੰਗੂ ਨੇ ਅਕਾਲ ਤਖ਼ਤ ਦੀ ਇਤਿਹਾਸਕ ਮਹੱਤਤਾ ਉਤੇ ਜ਼ੋਰ ਦਿੱਤਾ ਹੈ ਅਤੇ ਸਿੱਖ ਇਤਿਹਾਸ ਦੇ ਵਖ ਵਖ ਪੜਾਵਾਂ ਤੇ ਅਕਾਲ ਤਖ਼ਤ ਉਤੇ ਹੁੰਦੀਆਂ ਰਹੀਆਂ ਗਤੀਵਿਧੀਆਂ ਦਾ ਜ਼ਿਕਰ ਕੀਤਾ ਹੈ। ਉਹਨਾਂ ਅਨੁਸਾਰ ਸਾਲ ਵਿਚ ਦੋ ਵਾਰੀ ਦੀਵਾਲੀ ਅਤੇ ਵਿਸਾਖੀ ਦੇ ਅਵਸਰ ਤੇ ਅੰਮ੍ਰਿਤਸਰ ਵਿਖੇ ਸਿੱਖਾਂ ਦਾ ਵੱਡਾ ਇਕਠ ਹੁੰਦਾ ਸੀ ਅਤੇ ਅਕਾਲ ਤਖ਼ਤ ਤੇ ਦੀਵਾਨ ਲਾ ਕੇ ਗੁਰਮਤੇ ਕੀਤੇ ਜਾਂਦੇ ਸਨ। ਸਰਬਤ ਖਾਲਸਾ ਵੀ ਅਕਾਲ ਤਖ਼ਤ ਤੇ ਹੀ ਜੁੜਦਾ ਸੀ ਅਤੇ ਉਸੇ ਵਿਚ ਮਹੱਤਵਪੂਰਣ ਫੈਸਲੇ ਲਏ ਜਾਂਦੇ ਸਨ:-

ਮੁਲਕ ਲੂਟ ਅੰਮ੍ਰਿਤ ਆਵੈ, ਦਿਵਾਲੀ ਬਿਸਾਖੀ ਮੇਲਾ ਲਾਵੈਂ।
ਬੈਠ ਹਰਿਮੰਦਰ ਸੁਨੈਂ ਸੁ ਗਯਾਨ, ਗੁਰਬਚਨਨ ਪਰ ਲਾਵੇ ਧਯਾਨ।
ਅਕਾਲ ਬੁੰਗੈ ਚੜ੍ਹ ਤਖ਼ਤੈ ਬਹਿ ਹੈਂ, ਲਾਇ ਦੀਵਾਨ ਗੁਰਮਤੇ ਮਤੈ ਹੈਂ।
ਸ੍ਰਬਤ ਖਾਲਸੈ ਹੋਇ ਅਦਾਲਤ, ਅਸਿਖਨ ਗਾਰ ਸਿੰਘਨ ਪ੍ਰਤਿਪਾਲਤ।[2]

ਇਕ ਅਦਾਲਤ ਦੇ ਰੂਪ ਵਿਚ ਅਕਾਲ ਤਖ਼ਤ ਦੀ ਭੂਮਿਕਾ ਇਤਿਹਾਸਕ ਦ੍ਰਿਸ਼ਟੀ ਨਾਲ ਬਹੁਤ ਮਹੱਤਵਪੂਰਣ ਹੈ। ਸਿੱਖਾਂ ਵਿਚ ਉਤਪੰਨ ਹੋਏ ਆਪਸੀ ਝਗੜਿਆਂ ਦਾ ਨਿਪਟਾਰਾ ਕਰਨ

---

1- ਕਵਿ ਸੋਹਨ ਜੀ; 'ਸ੍ਰੀ ਗੁਰ ਬਿਲਾਸ ਪਾਤਸ਼ਾਹੀ 6'; ਪੰਨਾ 154

2- ਭੰਗੂ, ਭਾਈ ਰਤਨ ਸਿੰਘ; 'ਸ੍ਰੀ ਗੁਰ ਪੰਥ ਪ੍ਰਕਾਸ਼'; ਪੰਨਾ 417-418

ਲਈ ਅਕਾਲ ਤਖ਼ਤ ਇਕ ਅਦਾਲਤ ਦੀ ਭੂਮਿਕਾ ਨਿਭਾਉਂਦਾ ਰਿਹਾ ਹੈ ਅਤੇ ਇਨਸਾਫ਼ ਕਰਦਾ ਰਿਹਾ ਹੈ:-

ਲੂਟੇ ਖੋਹੇ ਹੋਇ ਜੋਊ ਤਿਨ ਕੋ ਮਿਲੈ ਨਸਾਫ਼।
ਝੂਠਨ ਕੋ ਤਨਖ਼ਾਹ ਕਰੈਂ ਔ ਸੱਚਨ ਕਰਾਵੈਂ ਮਾਫ਼।[1]

ਭਾਈ ਰਤਨ ਸਿੰਘ ਭੰਗੂ ਅਨੁਸਾਰ ਨਵਾਬ ਕਪੂਰ ਸਿੰਘ ਦੀ ਅਗਵਾਈ ਸਮੇਂ ਸਿੱਖ ਪੰਥ ਅਕਾਲ ਤਖ਼ਤ ਉਤੇ ਦੀਵਾਨ ਲਾਉਂਦਾ ਸੀ ਅਤੇ ਉਥੇ ਹੀ ਲਾਹੌਰ ਵਲੋਂ ਆਈ ਮਾਇਆ ਨੂੰ ਪੰਥ ਵਿਚ ਵੰਡਿਆ ਜਾਂਦਾ ਸੀ:-

ਫੇਰ ਬਾਤ ਸਿੰਘਨ ਪਰ ਆਈ, ਸੁਨੋ ਸੰਤ ਔ ਗੁਰਮੁਖ ਭਾਈ।
ਪੰਥ ਡੇਰਾ ਆਇ ਗੁਰ ਚੱਕ ਪਾਯੋ, ਨਿਤ ਨਿਤ ਖਾਲਸੇ ਹੁਵੈ ਸਵਾਯੋ।
ਨਿਤਪ੍ਰਤਿ ਆਵਹਿ ਟਕੇ ਲਾਹੌਰ, ਨਿਵਾਬ ਵਰਤਾਵਹਿ ਪੰਥਹਿ ਕੋਰ।
ਅਕਾਲ ਬੁੰਗੇ ਬਹਿ ਲਗੇ ਦਿਵਾਨ, ਕਰੈਂ ਪ੍ਰਾਤਿ ਸਰ ਅੰਮ੍ਰਿਤ ਸ੍ਨਾਨ।[2]

ਹੋਰ ਵੀ ਇਧਰੋਂ ਉਧਰੋਂ ਆਈ ਹੋਈ ਮਾਇਆ ਵੀ ਅਕਾਲ ਤਖ਼ਤ ਤੇ ਹੀ ਇਕੱਠੀ ਹੁੰਦੀ ਸੀ ਅਤੇ ਉਸ ਨੂੰ ਖਾਲਸੇ ਵਿਚ ਵੰਡਿਆ ਜਾਂਦਾ ਸੀ:-

ਟਕੇ ਜੁ ਆਵੈ ਇਤ ਓਤੇ, ਸੋ ਧਰੈ ਦਿਵਾਨਹਿ ਪਾਸ।
ਦਿਵਾਨ ਬਰਤਾਵੈ ਖਾਲਸੈ ਕਰ ਕਰ ਨਿਤ ਅਰਦਾਸ।[3]

ਭਾਈ ਰਤਨ ਸਿੰਘ ਭੰਗੂ ਦੇ ਪੰਥ ਪ੍ਰਕਾਸ਼ ਵਿਚ ਇਸ ਗੱਲ ਦੇ ਪ੍ਰਮਾਣ ਮਿਲਦੇ ਹਨ ਕਿ ਖਾਲਸਾ ਪੰਥ ਜਥੇਬੰਦ ਕਰਨ ਲਈ ਜ਼ਰੂਰੀ ਵਿਚਾਰਾਂ ਅਕਾਲ ਤਖ਼ਤ ਤੇ ਕੀਤੀਆਂ ਜਾਂਦੀਆਂ ਸਨ। ਨਵਾਬ

---

1- ਭੰਗੂ, ਭਾਈ ਰਤਨ ਸਿੰਘ; 'ਸ੍ਰੀ ਗੁਰ ਪੰਥ ਪ੍ਰਕਾਸ਼'; ਪੰਨਾ 418

2- ਓਹੀ; ਪੰਨਾ 287

3- ਓਹੀ; ਪੰਨਾ 287

ਕਪੂਰ ਸਿੰਘ ਦੇ ਸਮੇਂ ਖਾਲਸਾ ਪੰਥ ਵਿਚ ਬਹੁਤ ਵਾਧਾ ਹੋਇਆ ਅਤੇ ਪੰਥ ਦੀ ਠੀਕ ਸੰਭਾਲ ਕਰਨ ਲਈ ਨਵੀਂ ਤਰ੍ਹਾਂ ਜਥੇਬੰਦ ਕਰਨ ਦੀ ਲੋੜ ਮਹਿਸੂਸ ਕੀਤੀ ਗਈ। ਇਸ ਜਥੇਬੰਦਕ ਮਸਲੇ ਦੇ ਹਲ ਲਈ ਨਵਾਬ ਕਪੂਰ ਸਿੰਘ ਨੇ ਖਾਲਸੇ ਦੀ ਇਕੱਤਰਤਾ ਅਕਾਲ ਤਖ਼ਤ ਤੇ ਬੁਲਾ ਲਈ:-

ਬਹੁਤ ਪੰਥ ਕੋ ਬਾਧਾ ਹੁਯੋ, ਇਕ ਥਾਂ ਬਹੁਤੇ ਥੰਭਿ ਨ ਭਯੋ।

ਤਉ ਨਿਬਾਬ ਚਿਤ ਕੀਯੋ ਬਿਚਾਰ, ਕੋਊ ਜੁਗਤ ਬਣਾਈਐ ਜਿਤ ਹੋਇ ਸੰਭਾਰ।

ਦੋਹਰਾ॥ਉਸੀ ਦਿਨ ਸੱਦ ਖਾਲਸੇ ਅਕਾਲ ਬੁੰਗੇ ਤਖਤ ਮਕਾਨ।

ਦੀਨੋ ਸਭਨ ਉਚਾਰ ਫਿਰ ਨਿਬਾਬੈ ਸਿੰਘ ਸੁਜਾਨ।[1]

ਨਵਾਬ ਕਪੂਰ ਸਿੰਘ ਨੇ ਸਾਰੇ ਸਿੱਖਾਂ ਦੇ ਸਲਾਹ ਮਸ਼ਵਰੇ ਨਾਲ, ਸਿੱਖਾਂ ਨੂੰ ਜਥੇਬੰਦ ਕਰਨ ਲਈ ਪੰਜ ਡੇਰੇ ਸਥਾਪਤ ਕਰ ਦਿਤੇ ਅਤੇ ਇਹਨਾਂ ਪੰਜਾਂ ਡੇਰਿਆਂ ਦੇ ਜਥਿਆਂ ਦੇ ਆਪਣੇ ਆਪਣੇ ਝੰਡੇ ਅਕਾਲ ਤਖ਼ਤ ਉਤੇ ਲਾ ਦਿੱਤੇ ਗਏ:-

ਪੰਜ ਡੇਰਨ ਬਿਧ ਰਚ ਦਈ, ਪੰਜ ਨਿਸ਼ਾਨ ਬਨਾਇ।

ਪੰਜੋ ਝੰਡੇ ਤੋ ਗਡੇ, ਸ੍ਰੀ ਅਕਾਲ ਬੁੰਗੇ ਤੇ ਲਗਾਇ।[2]

ਇਸ ਤਰ੍ਹਾਂ ਅਕਾਲ ਤਖ਼ਤ ਤੋ ਸਿੱਖਾਂ ਨੂੰ ਆਪਸੀ ਸਹਿਮਤੀ ਦੇ ਆਧਾਰ ਤੇ ਇਕ ਸੁਚੱਜੀ ਜਥੇਬੰਦਕ ਵਿਵਸਥਾ ਕਾਇਮ ਕਰਨ ਦੀ ਪ੍ਰੇਰਨਾ ਮਿਲਦੀ ਰਹੀ ਹੈ।

ਇਤਿਹਾਸ ਇਸ ਤਥ ਦਾ ਸਾਖੀ ਹੈ ਕਿ ਵੱਡੀਆਂ ਮੁਹਿਮਾਂ ਅਤੇ ਜੰਗਾਂ ਦੀਆਂ ਤਿਆਰੀਆਂ ਵੀ ਅਕਾਲ ਤਖ਼ਤ ਉਤੇ ਕੀਤੀਆਂ ਜਾਂਦੀਆਂ ਸਨ। ਭਾਈ ਰਤਨ ਸਿੰਘ ਭੰਗੂ ਅਨੁਸਾਰ ਅਹਿਮਦਸ਼ਾਹ ਦੀ ਫੌਜ ਦਾ ਮੁਕਾਬਲਾ ਕਰਨ ਲਈ ਸ਼ਹੀਦ ਗੁਰਬਖਸ਼ ਸਿੰਘ ਨਿਹੰਗ

---

1- ਭੰਗੂ, ਭਾਈ ਰਤਨ ਸਿੰਘ; 'ਸ੍ਰੀ ਗੁਰ ਪੰਥ ਪ੍ਰਕਾਸ਼'; ਪੰਨਾ 287

2- ਓਹੀ; ਪੰਨਾ 288

ਨੇ ਅਕਾਲ ਤਖ਼ਤ ਦੀਵਾਨ ਕੀਤਾ ਅਤੇ ਉਥੇ ਹੀ ਗੁਰਮਤਾ ਕਰਕੇ ਖਾਲਸਾ ਫੌਜ ਨੂੰ ਹਿਦਾਇਤਾਂ ਦਿੱਤੀਆਂ:-

ਪੜ੍ਹੈ ਰਹਿਰਾਸ ਲਗਯੋ ਪੰਥ ਦੀਵਾਨ, ਅਕਾਲ ਬੁੰਗੇ ਵਿਚ ਤਕਤ ਮਕਾਨ।
ਕਰ ਗੁਰਮਤੋ ਦੀਯੋ ਬਹੀਰ ਤੁਰਾਇ, ਛਡੀ ਫੌਜ ਕਿਸ ਰਹੀ ਉਸ ਥਾਇ।[1]

ਅਕਾਲ ਤਖ਼ਤ ਦੇ ਸਨਮੁਖ ਖਾਲਸਾ ਫੌਜ ਦੀਆਂ ਤਿਆਰੀਆਂ ਦਾ ਬੜਾ ਸੁੰਦਰ ਦ੍ਰਿਸ਼ ਭਾਈ ਰਤਨ ਸਿੰਘ ਭੰਗੂ ਨੇ ਆਪਣੀ ਰਚਨਾ ਵਿਚ ਖਿਚਿਆ ਹੈ:-

ਕਿਸੈ ਪੁਸ਼ਾਕ ਥੀ ਨੀਲੀ ਸਜਾਈ, ਕਿਨੈ ਸੇਤ ਕਿਸੈ ਕੇਸਰੀ ਰੰਗਵਾਈ।
ਸ੍ਰੀ ਅਕਾਲ ਬੁੰਗੇ ਸਨਮੁਖ ਦਰਬਾਰ, ਪੀ ਸੁਖੇ ਸਿੰਘ ਭਏ ਤਿਆਰ।[2]

ਸ਼ਹੀਦ ਗੁਰਬਖਸ਼ ਸਿੰਘ ਨਿਹੰਗ ਦੇ ਜੰਗੀ ਬਾਣਾ ਪਹਿਨਕੇ ਅਕਾਲ ਤਖ਼ਤ ਤੋਂ ਖਾਲਸਾ ਫੌਜ ਦੀ ਅਗਵਾਈ ਲਈ ਤਿਆਰ ਹੋਣ ਦਾ ਜ਼ਿਕਰ ਵੀ ਭਾਈ ਰਤਨ ਸਿੰਘ ਭੰਗੂ ਨੇ ਬੜੇ ਰੌਚਕ ਢੰਗ ਨਾਲ ਕੀਤਾ ਹੈ:-

ਉਠ ਅੰਮ੍ਰਿਤਸਰ ਸਿੰਘ ਜੀ ਨ੍ਹਾਯੋ, ਅਕਾਲ ਬੁੰਗੇ ਪਰ ਤਖ਼ਤ ਬਹਾਯੋ।
ਨਈ ਪੁਸ਼ਾਕ ਸਿੰਘ ਪਹਿਰ ਸੁਹਾਯੋ, ਜੰਘ ਕੱਛ ਗਲ ਚੋਲਾ ਪਾਯੋ।
ਸੀਸ ਪੱਗ ਲਈ ਖ਼ੂਬ ਛਿਕਾਇ, ਧਰੈ ਚਕ੍ਰ ਸਿਰ ਪੇਚੈ ਦਾਇ।
ਚੰਦ੍ਰਕ੍ਹ ਕੈ ਮੱਧ ਕਰਦ ਗਡੋਈ, ਜਨੁ ਲਾਏ ਸਿਰ ਕਲਗੀ ਸੋਹੀ।[3]

ਜੰਗ ਤੋਂ ਬਾਅਦ ਸ਼ਹੀਦ ਸਿੰਘਾਂ ਦੀਆਂ ਲੋਥਾਂ ਨੂੰ ਅਕਾਲ ਤਖ਼ਤ ਤੇ ਇਕੱਠਾ ਕੀਤਾ ਗਿਆ ਅਤੇ ਅਕਾਲ ਤਖ਼ਤ ਦੇ ਪਿਛੇ ਹੀ ਇਕੋ ਥਾਂ ਤੇ ਚਿਖਾ ਬਣਾਕੇ ਸਾਰਿਆਂ ਦਾ ਸਸਕਾਰ ਕੀਤਾ ਗਿਆ:

---

1- ਭੰਗੂ, ਭਾਈ ਰਤਨ ਸਿੰਘ; 'ਸ੍ਰੀ ਗੁਰੂ ਪੰਥ ਪ੍ਰਕਾਸ਼', ਪੰਨਾ 513

2- ਓਹੀ; ਪੰਨਾ 515

3- ਓਹੀ; ਪੰਨਾ 515

ਮਿਲ ਸਿੰਘਨ ਯੋ ਬਾਤ ਠਹਿਰਾਈ, ਇਕ ਥਾਂ ਸਬਹਨ ਚਿਖਾ ਚਿਣਾਈ।
ਚਕ ਸਿੰਘਨ ਬਹੁ ਲਕੜੀ ਆਣੀ, ਅਕਾਲ ਬੂੰਗੇ ਕੇ ਪਿਛੈ ਠਾਣੀ।[1]

ਤਵਾਰੀਖ਼ ਗੁਰੂ ਖਾਲਸਾ ਵਿਚ ਅਕਾਲ ਤਖ਼ਤ ਦੀ ਸਥਾਪਨਾ ਬਾਰੇ ਲਿਖਿਆ ਹੈ ਕਿ ਗੁਰੂ ਹਰਗੋਬਿੰਦ ਸਾਹਿਬ ਨੇ "ਪੰਜ ਹਾੜ ਐਤਵਾਰ ਸੰ:1666 ਬਿ: ਨੂੰ ਅਕਾਲ ਬੁੰਗੇ ਦੀ ਨੀਉਂ ਰਖ ਕੇ ਉਥੇ ਬੈਠ ਕੇ ਸਭਾ ਲਾਉਣ ਲਗੇ ਤੇ ਗਯਾਨ ਉਪਦੇਸ ਕਰਨ ਲੱਗੇ। ਗੁਰੂ ਸਾਹਿਬ ਪਾਸ ਜਿਉਂ ਜਿਉਂ ਦੌਲਤ ਆਵਣ ਲਗੀ ਤਿਉਂ ਤਿਉਂ ਸੈਨਾ ਰਖੇਣੀ ਅਰੰਭ ਕਰ ਦਿੱਤੀ। ਸੈਂਕੜੇ ਮੁਸਲਮਾਨ ਭੀ ਆ ਭਰਤੀ ਹੋਏ। ਗੁਰੂ ਜੀ ਹਮੇਸ਼ਾਂ ਵਾਡੀਆਂ ਤੋਂ ਸੂਰਮਿਆਂ ਦੀਆਂ ਵਾਰਾਂ ਸੁਣਦੇ, ਜਿਨ੍ਹਾਂ ਵਿਚੋਂ 9 ਧੁਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਭੀ ਚੜ੍ਹਾਈਆਂ ਅਤੇ ਵਾਰਾਂ ਸੁਣ ਕੇ ਬਹੁਤ ਪ੍ਰਸੰਨ ਹੁੰਦੇ, ਵਾਡੀ ਭੀ ਐਸੇ ਜੋਸ਼ ਨਾਲ ਪੜ੍ਹਦੇ ਕਿ ਕਾਇਰ ਭੀ ਸੁਣਕੇ ਸੂਰਮਾਂ ਹੋ ਜਾਂਦਾ ਸੀ। ਰਹਿਰਾਸ ਪੜ੍ਹਕੇ ਅਰਦਾਸ ਕਰਨੇ, ਸ਼ਬਦ ਪੜ੍ਹਨੇ, ਚੌਂਕੀ ਚੜ੍ਹਨੇ ਦੀ ਰੀਤੀ ਇਨ੍ਹਾਂ ਗੁਰੂ ਸਾਹਿਬਾਂ ਨੇ ਸੰ:1669 ਬਿ: ਵਿਚ ਚਲਾਈ ਹੈ।"[2] ਗੁਰੂ ਹਰਗੋਬਿੰਦ ਸਾਹਿਬ ਜੀ ਦੇ ਰੋਜ਼ਾਨਾ ਜੀਵਨ ਦੀ ਇਕ ਝਲਕ ਪੇਸ਼ ਕਰਦਿਆਂ ਤਵਾਰੀਖ ਗੁਰੂ ਖਾਲਸਾ ਵਿਚ ਦਸਿਆ ਗਿਆ ਹੈ ਕਿ ਗੁਰੂ ਸਾਹਿਬ "ਪਹੁ ਫੁਟੀ ਤੋਂ ਬਸਤ੍ਰ ਸ਼ਸਤ੍ਰ ਜਿਗਾ ਕਲਗੀ ਸਜਾ ਕੇ ਸਿੱਖਾਂ ਸੇਵਕਾਂ ਸਮੇਤ ਮਹਿਲਾਂ ਤੋਂ ਆ ਕੇ ਪਹਿਲੇ ਦਰਸ਼ਨੀ ਦਰਵਾਜ਼ੇ ਅਗੇ ਮਥਾ ਟੇਕਦੇ, ਫੇਰ ਹਰਿਮੰਦਰ ਜੀ ਵਿਚ ਗੁਰੂ ਗ੍ਰੰਥ ਸਾਹਿਬ ਜੀ ਨੂੰ ਬੰਦਨਾ ਕਰਕੇ ਛੋਟੀ ਤੇ ਵੱਡੀ ਪ੍ਰਕਰਮਾਂ ਕਰਕੇ ਅਕਾਲ ਬੁੰਗੇ ਸਿੰਘਾਸਨ ਉਪਰ ਆ ਬੈਠਦੇ, ਸਭਾ ਲਗ ਜਾਂਦੀ। ਸੱਤੇ ਬਲਵੰਡ ਤੋਂ ਆਸਾ ਦੀ ਵਾਰ ਤੇ ਹੋਰ ਧਰਮ ਜੁੱਧ ਦੇ ਸਾਕੇ ਤੇ ਵਾਰਾਂ ਸੁਣਦੇ।"[3]

---

1- ਭੰਗੂ, ਭਾਈ ਰਤਨ ਸਿੰਘ, '<u>ਸ੍ਰੀ ਗੁਰੂ ਪੰਥ ਪ੍ਰਕਾਸ਼</u>'; ਪੰਨਾ 523

2- ਗਿਆਨੀ ਗਿਆਨ ਸਿੰਘ; '<u>ਤਵਾਰੀਖ ਗੁਰੂ ਖਾਲਸਾ</u>'; ਪੰਨਾ 416

3- ਉਹੀ, ਪੰਨਾ 416

ਸ੍ਰੀ ਗੁਰੂ ਪੰਥ ਪ੍ਰਕਾਸ਼ ਵਿਚ ਗਿਆਨੀ ਗਿਆਨ ਸਿੰਘ ਨੇ ਅਕਾਲ ਤਖ਼ਤ ਦੀ ਰਚਨਾ ਬਾਰੇ ਵਿਸਤਾਰ ਨਾਲ ਵਰਣਨ ਕਰਦਿਆਂ ਦਸਿਆ ਹੈ ਕਿ ਗੁਰੂ ਅਰਜਨ ਦੇਵ ਦੇ ਪੁੱਤਰ ਹਰਿਗੋਬਿੰਦ ਪਾਸ ਅਥਾਹ ਦੌਲਤ ਹੈ, ਉਹਨਾਂ ਨੇ ਫੌਜ ਵੀ ਆਪਣੇ ਪਾਸ ਰਖ ਲਈ ਹੈ, ਉਹ ਰੋਜ਼ ਸ਼ਿਕਾਰ ਨੂੰ ਵੀ ਜਾਂਦੇ ਹਨ ਅਤੇ ਉਹਨਾਂ ਅਕਾਲ ਤਖ਼ਤ ਦੀ ਰਚਨਾ ਵੀ ਕਰ ਲਈ ਹੈ। ਸਾਰਿਆਂ ਸਿੱਖਾਂ ਵਿਚ ਆਮ ਪ੍ਰਚਲਤ ਚਰਚਾ ਹੈ ਕਿ ਹੁਣ ਗੁਰੂ ਦਾ ਰਾਜ ਹੋਵੇਗਾ:-

ਅਬ ਉਸਕਾ ਸੁਤ ਹੈ ਹਰਿਗੋਬਿੰਦ।  
ਜਿਸਕੇ ਢਿਗ ਦੌਲਤ ਹੈ ਬੁਲੰਦ।  
ਬਹੁਤ ਫੌਜ ਲਈ ਉਨ ਰੱਖ ਪਾਸ।  
ਨਿਤ ਖੇਲਨ ਜਾਤ ਸ਼ਿਕਾਰ ਖਾਸ।  
ਰਚ ਲਯੋ ਤਖਤ ਅਕਾਲ ਨਾਮ।  
ਸਾਰੇ ਪਾਤਸ਼ਾਹਿ ਸਦਾ ਇਮਾਮ।  
ਕਰਵਾਵਤ ਪੂਠਾ ਚੌਰ ਸੀਸ।  
ਸਿਖ ਤਾਂਹਿ ਕਹਿਤ ਅਵਤਾਰ ਈਸ।  
ਅਬ ਰਾਜ ਹੋਇ ਹੈ ਗੁਰੂ ਕੇਰ।  
ਸਬ ਆਪਸ ਮੈ ਸਿੱਖ ਰਹੇ ਟੇਰ।[1]

ਅਕਾਲ ਤਖਤ ਉਤੇ ਜੁੜਨ ਵਾਲੇ ਸਿੰਘਾਂ ਦੇ ਦੀਵਾਨਾਂ ਅਤੇ ਨਿਤ ਦੀ ਮਰਿਆਦਾ ਦਾ ਜ਼ਿਕਰ ਵੀ ਗਿਆਨੀ ਗਿਆਨ ਸਿੰਘ ਨੇ ਆਪਣੀ ਰਚਨਾ ਵਿਚ ਕੀਤਾ ਹੈ। ਉਸ ਅਨੁਸਾਰ ਜਦੋ ਪੰਥ ਨੇ ਨਵਾਬੀ ਕਪੂਰ ਸਿੰਘ ਬਖਸ਼ ਦਿੱਤੀ ਤਾਂ ਉਸ ਨੇ ਨਿਤ ਅਕਾਲ ਤਖਤ ਤੇ ਦੀਵਾਨ ਲਾਉਣਾ ਆਰੰਭ ਕੀਤਾ। ਅਕਾਲ ਤਖਤ ਦੀ ਨਿਤ ਦੀ ਇਕੱਤਰਤਾ ਵਿਚ ਰਾਗੀ ਕੀਰਤਨ ਕਰਦੇ ਸਨ ਅਤੇ ਢਾਡੀ ਸਾਕੇ ਅਤੇ ਵਾਰਾਂ ਗਾਉਂਦੇ ਸਨ:

---

1- ਗਿਆਨੀ ਗਿਆਨ ਸਿੰਘ; 'ਸ੍ਰੀ ਗੁਰੂ ਪੰਥ ਪ੍ਰਕਾਸ਼'; ਪੰਨਾ 121

ਮਹਤ ਪੰਥ ਹੁਕਮ ਸਭ ਤਿਸਕਾ ਵਹ ਦਿਵਾਨ ਨਿਤ ਲਾਵੈ।
ਬੂੰਗੀ ਤਖਤ ਅਕਾਲ ਅਗਾਰੀ ਦੇਵਨ ਜਸੋ ਛਬ ਛਾਵੈ।
ਰਾਗੀ ਔਰ ਰਬਾਬੀ ਕੀਰਤਨ ਗੰਧ੍ਰਬ ਕੇ ਸਮ ਕਰਹੀਂ।
ਢਾਡੀ ਸਾਕੇ ਵਾਰਾਂ ਗਾਵੈਂ ਜੋ ਸੁਨ ਕਾਇਰ ਨਰਹੀਂ।[1]

ਅਕਾਲ ਤਖਤ ਵਲੋਂ ਤਨਖ਼ਾਹ ਲਾਏ ਜਾਣ ਦਾ ਜ਼ਿਕਰ ਵੀ ਗਿਆਨੀ ਗਿਆਨ ਸਿੰਘ ਦੇ ਪੰਥ ਪ੍ਰਕਾਸ਼ ਵਿਚ ਮਿਲਦਾ ਹੈ। ਨਵਾਬ ਕਪੂਰ ਸਿੰਘ ਦੇ ਸਮੇਂ ਅਕਾਲ ਤਖ਼ਤ ਤੇ ਪੰਥਕ ਜਥੇਬੰਦੀ ਇਤਨੀ ਮਜ਼ਬੂਤ ਸੀ ਕਿ ਜਥੇਬੰਦਕ ਅਸੂਲਾਂ ਦੀ ਉਲੰਘਣਾ ਕਰਨ ਵਾਲੇ ਨੂੰ ਤਨਖ਼ਾਹ ਲਾਈ ਜਾਂਦੀ ਸੀ ਅਤੇ ਜਦ ਤਕ ਉਹ ਭੁੱਲ ਨਾ ਬਖਸ਼ਾਏ ਉਸ ਨੂੰ ਪੰਥ ਵਿਚ ਵਾਪਸ ਸ਼ਾਮਲ ਨਹੀਂ ਕੀਤਾ ਜਾਂਦਾ ਸੀ:-

ਸਿੰਘ ਜੁ ਰਹੇ ਰਾਤ ਇਕ ਬਾਹਰ ਕੇ ਬਿਨ ਪੂਛੇ ਜਾਵੈ।
ਬਿਨ ਤਨਖ਼ਾਹ ਲਗਾਏ ਕੋਊ ਮਿਲਣ ਪੰਥ ਨਹਿ ਪਾਵੈ।[2]

ਇਸ ਪ੍ਰਕਾਰ ਉਪਰੋਕਤ ਸਾਰੀ ਵਿਆਖਿਆ ਤੋਂ ਸਪਸ਼ਟ ਹੁੰਦਾ ਹੈ ਕਿ ਅਕਾਲ ਤਖ਼ਤ ਸਿੱਖਾਂ ਦੀ ਇਕ ਪ੍ਰਮੁੱਖ ਰਾਜਨੀਤਕ ਸੰਸਥਾ ਦੇ ਰੂਪ ਵਿਚ ਇਤਿਹਾਸ ਦੇ ਹਰ ਦੌਰ ਵਿਚ ਇਕ ਮਹੱਤਵਪੂਰਣ ਭੂਮਿਕਾ ਨਿਭਾਉਂਦਾ ਰਿਹਾ ਹੈ। ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਹਥੀਂ ਇਸ ਸੰਸਥਾ ਦੀ ਸਥਾਪਨਾ ਕਰ ਕੇ ਸਿਖਾਂ ਨੂੰ ਜਥੇਬੰਦ ਕੀਤਾ ਅਤੇ ਸਿੱਖ ਪੰਥ ਦੀ ਸਮੁੱਚੀ ਰਾਜਸੀ ਇੱਛਾ ਦਾ ਪ੍ਰਗਟਾਵਾ ਕੀਤਾ। ਪਰ ਇਥੇ ਦੋ ਤੱਥ ਵਿਸ਼ੇਸ਼ ਧਿਆਨ ਦੇਣ ਵਾਲੇ ਹਨ। ਪਹਿਲਾ; ਮੀਰੀ-ਪੀਰੀ ਦੀਆਂ ਦੋ ਕ੍ਰਿਪਾਨਾਂ ਤੇ ਧਾਰਣੀ, ਅਧਿਆਤਮਕ ਅਤੇ ਸੰਸਾਰਕ ਪ੍ਰਭੁਸੱਤਾ ਦੇ ਪ੍ਰਤੀਕ

---

1- ਗਿਆਨੀ ਗਿਆਨ ਸਿੰਘ; '<u>ਸ੍ਰੀ ਗੁਰੂ ਪੰਥ ਪ੍ਰਕਾਸ਼</u>'; ਪੰਨਾ 658-659

2- ਓਹੀ; ਪੰਨਾ 659

ਗੁਰੂ ਹਰਗੋਬਿੰਦ ਸਾਹਿਬ ਨੇ ਤਖ਼ਤ ਦੀ ਰਚਨਾ ਅਕਾਲ ਪੁਰਖ ਦੇ ਨਾਂ ਤੇ ਕੀਤੀ ਹੈ, ਕਿਉਂਕਿ ਗੁਰੂ ਸਾਹਿਬ ਅਧਿਆਤਮਕ ਅਤੇ ਸੰਸਾਰਕ ਦੋਹਾਂ ਸ਼ਕਤੀਆਂ ਦਾ ਸ੍ਰੋਤ ਅਕਾਲ ਪੁਰਖ ਨੂੰ ਮੰਨਦੇ ਹਨ। ਦੂਜਾ, ਗੁਰੂ ਹਰਿਗੋਬਿੰਦ ਸਾਹਿਬ ਨੇ ਅਕਾਲ ਤਖ਼ਤ ਤੇ ਸਿੱਖਾਂ ਦੇ ਇਕੱਠ ਕਰਨ ਦੀ ਪਰੰਪਰਾ ਆਰੰਭ ਕੀਤੀ ਅਤੇ ਗੁਰੂ ਸਾਹਿਬ ਨੇ ਹਰ ਮਹੱਤਵਪੂਰਣ ਫੈਸਲਾ ਅਕਾਲ ਤਖ਼ਤ ਤੇ ਦੀਵਾਨ ਸਜਾ ਕੇ, ਸਿੱਖਾਂ ਦੇ ਸਲਾਹ ਮਸ਼ਵਰੇ ਅਨੁਸਾਰ, ਪੂਰਨ ਲੋਕਤੰਤਰਿਕ ਢੰਗ ਨਾਲ ਕਰਨ ਦੀ ਪ੍ਰਥਾ ਨਿਸਚਿਤ ਕੀਤੀ। ਇਹਨਾਂ ਦੋਹਾਂ ਗਲਾਂ ਦਾ ਪ੍ਰਭਾਵ ਗੁਰੂ ਸਾਹਿਬਾਨ ਦੇ ਬਾਅਦ ਦੇ ਸਿੱਖ ਇਤਿਹਾਸ ਦੇ ਅਧਿਐਨ ਤੋਂ ਸਪਸ਼ਟ ਨਜ਼ਰ ਆਉਂਦਾ ਹੈ। ਇਤਿਹਾਸ ਦੇ ਹਰ ਔਖੇ ਪੜਾਹ ਤੇ ਅਕਾਲ ਤਖ਼ਤ ਨੂੰ ਅਕਾਲ ਪੁਰਖ ਦਾ ਸਥਾਨ ਮੰਨ ਕੇ, ਸਿੱਖ ਆਪਣੀਆਂ ਜਾਤੀ ਰੰਜਸ਼ਾਂ ਅਤੇ ਆਪਣੇ ਜਾਤੀ ਮੁਫਾਦ ਤਿਆਗ ਕੇ ਇਕੱਠੇ ਹੁੰਦੇ ਰਹੇ ਹਨ ਅਤੇ ਆਪਸੀ ਸਲਾਹ ਮਸ਼ਵਰੇ ਨਾਲ ਲੋਕਤਾਂਤ੍ਰਿਕ ਆਧਾਰ ਤੇ ਪੰਥ ਦੇ ਭਵਿੱਖ ਲਈ ਫੈਸਲੇ ਲੈਂਦੇ ਰਹੇ ਹਨ।

## 3- ਗੁਰਮਤਾ

ਗੁਰਮਤਾ, ਸਿੱਖ ਰਾਜ ਸੰਕਲਪ ਦੀ ਇਕ ਮਹੱਤਵਪੂਰਣ ਸੰਸਥਾ ਹੈ ਅਤੇ ਖਾਲਸਾ ਪੰਥ ਦੇ ਜਥੇਬੰਦਕ ਅਤੇ ਰਾਜਨੀਤਕ ਨਿਰਦੇਸ਼ਨ ਕਰਨ ਵਿਚ ਗੁਰਮਤਿਆਂ ਦੀ ਵਿਸ਼ੇਸ਼ ਭੂਮਿਕਾ ਹੈ। ਸਿਖ ਇਤਿਹਾਸ ਦੇ ਵਖ ਵਖ ਦੌਰਾਂ ਵਿਚ ਪੰਥ ਦੀ ਨੀਤੀ ਨਿਰਧਾਰਿਤ ਕਰਨ ਅਤੇ ਮਹੱਤਵਪੂਰਣ ਨਿਰਣੈ ਲੈਣ ਲਈ ਗੁਰਮਤੇ ਹੁੰਦੇ ਰਹੇ ਹਨ। ਇਹਨਾਂ ਗੁਰਮਤਿਆਂ ਨੇ ਪੂਰੇ ਪੰਥ ਨੂੰ ਇਕ ਜਥੇਬੰਦਕ ਏਕਤਾ ਵਿਚ ਬੰਨ੍ਹੇ ਰੱਖਣ ਦਾ ਕਾਰਜ ਕੀਤਾ ਹੈ ਅਤੇ ਖਾਲਸਾ ਪੰਥ ਦੀ ਰਾਜਨੀਤਕ ਹੋਂਦ ਨੂੰ ਪਰਿਪੱਕ ਕਰਨ ਵਿਚ ਆਪਣਾ ਅਹਿਮ ਯੋਗਦਾਨ ਦਿੱਤਾ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਗੁਰਮਤੇ ਦੀ ਵਿਆਖਿਆ ਇਸ ਪ੍ਰਕਾਰ ਕੀਤੀ ਹੈ:-

"ਪੁਰਾਣੇ ਸਿੰਘ ਸੰਸਾਰ ਅਤੇ ਧਰਮ ਦੇ ਕੰਮਾਂ ਨੂੰ ਆਰੰਭ ਕਰਨ ਤੋਂ ਪਹਿਲਾਂ ਦੀਵਾਨ ਵਿੱਚ ਸਲਾਹ ਕਰਦੇ ਸਨ, ਜੋ ਗੁਰ ਨਿਯਮਾਂ ਅਨੁਸਾਰ ਸਾਰੇ ਦੀਵਾਨ ਦੀ ਸੰਮਤੀ ਹੁੰਦੀ, ਉਸ ਦਾ ਨਾਉਂ 'ਗੁਰਮਤਾ' ਕਿਹਾ ਜਾਂਦਾ; ਜੋ ਗੁਰਮਤੇ ਦੇ ਵਿਰੁਧ ਕੋਈ ਕਰਮ ਕਰੇ ਉਹ ਤਨਖ਼ਾਹੀਆ ਹੁੰਦਾ ਸੀ ; ਖਾਲਸੇ ਦੇ ਗੁਰਮਤੇ ਅਕਾਲ ਬੁੰਗੇ ਸਾਹਿਬ ਦੇ ਦੀਵਾਨ ਵਿਚ ਖ਼ਾਸ ਕਰਕੇ ਅਤੇ ਹੋਲੇ ਮਹੱਲੇ ਦੇ ਸਮੇਂ ਤਖ਼ਤ ਕੇਸਗੜ੍ਹ ਹੋਇਆ ਕਰਦੇ ਸਨ, ਗੁਰਮਤੇ ਲਈ ਜਾਤੀ ਵੈਰ ਵਿਰੋਧ ਦੂਰ ਕਰਕੇ ਸਿੰਘ ਦੀਵਾਨ ਵਿਚ ਬੈਠਿਆ ਕਰਦੇ ਸਨ।"[1]

ਭਾਈ ਵੀਰ ਸਿੰਘ ਅਨੁਸਾਰ ਗੁਰਮਤਾ ਇਕ ਜਥੇਬੰਦੀ, ਸੰਸਥਾ, ਆਸ਼੍ਰਮ, ਮਰਿਆਦਾ ਹੈ। ਗੁਰਮਤੇ ਦੀ ਪਰਿਭਾਸ਼ਾ ਕਰਦਿਆਂ ਭਾਈ ਵੀਰ ਸਿੰਘ ਦਾ ਕਥਨ ਹੈ ਕਿ "ਕਿਸੇ ਰੈਜ਼ੂਲਯੂਸ਼ਨ ਨੂੰ ਮਤਾ ਤਾਂ ਕਿਹਾ ਜਾ ਸਕਦਾ ਹੈ ਪਰ ਗੁਰਮਤਾ ਨਹੀਂ; ਕਿਉਂਕਿ ਗੁਰਮਤਾ ਤਾਂ ਇਕ ਜਥੇਬੰਦੀ ਹੈ, ਇਕ ਉਚਾ ਆਸ਼੍ਰਮ ਹੈ, ਪਵਿੱਤ੍ਰਤਾ, ਨਾਮ ਤੇ ਤਯਾਗ ਦੀਆਂ ਨੀਹਾਂ ਤੇ ਉਸਰਿਆ ਇਕ ਮੰਦਰ ਹੈ, ਇਕ ਮਰਿਯਾਦਾ ਹੈ, ਜਿਸ ਵਿਚ ਖ਼ੁਦਗਰਜ਼ੀ, ਮਾਦੀ ਲਾਭ, ਸੁਆਰਥ, ਪੱਖਵਾਦ, ਈਰਖਾ ਤੇ ਨੀਵੇਂ ਤਰੀਕਿਆਂ ਨਾਲ ਆਪਣਾ ਬਲ ਬਣਾ ਕੇ ਹਾਰ ਜਿੱਤ ਦੇ ਮਨਸੂਬੇ ਸਿਰੇ ਚਾੜ੍ਹਨ ਦੇ ਤ੍ਰੀਕਿਆਂ ਦੀ ਗੁੰਜਾਇਸ਼ ਨਹੀਂ।"[2] ਗੁਰਮਤੇ ਦੇ ਅਰਥਾਂ ਨੂੰ ਹੋਰ ਸਪਸ਼ਟਤਾ ਪ੍ਰਦਾਨ ਕਰਦਿਆਂ ਪ ਭਾਈ ਵੀਰ ਸਿੰਘ ਜੀ ਕਹਿੰਦੇ ਹਨ; "ਗੁਰਮਤਾ ਉਚੇ ਮਨਾਂ; ਸੁੱਚੇ ਮਨਾਂ; ਗਰਜਾਂ ਤੋਂ ਧੋਤੇ ਮਨਾਂ ਦਾ ਸਾਂਝੇ ਪੰਥਕ ਹਾਨ ਲਾਭ ਤੇ ਆਪੇ ਨੂੰ 'ਮੈਂ ਮੇਰੀ' ਤੋਂ ਧੋਤਾ, ਸਾਫ਼ ਰਖਕੇ ਨਿਰੋਲ ਪੰਥਕ ਭਲੇ ਦੇ ਵਿਚਾਰ ਦੇ ਆਸ਼੍ਰਮ ਤੇ ਮਰਿਯਾਦਾ ਦਾ ਨਾਮ ਸੀ।"[3]

---

1- ਨਾਭਾ, ਭਾਈ ਕਾਨ੍ਹ ਸਿੰਘ; 'ਮਹਾਨਕੋਸ਼'; ਪੰਨਾ 420-421

2- ਭਾਈ ਵੀਰ ਸਿੰਘ; 'ਸ੍ਰੀਮਤੀ ਸਤਵੰਤ ਕੌਰ'; ਪੰਨਾ 257

3- ਓਹੀ; ਪੰਨਾ 257

ਸਿੱਖ ਰਾਜ ਸੰਕਲਪ ਦੀ ਇਕ ਅਹਿਮ ਸੰਸਥਾ ਦੇ ਰੂਪ ਵਿਚ 'ਗੁਰਮਤਾ' ਦੀ ਵਿਆਖਿਆ ਅਤੇ ਵਿਧਾਨ ਦਾ ਵਿਸਤ੍ਰਿਤ ਵਰਣਨ ਕਰਦਿਆਂ ਭਾਈ ਵੀਰ ਸਿੰਘ ਨੇ ਦਸਿਆ ਹੈ ਕਿ:

"ਗੁਰਮਤਾ ਨਾਮ ਪੰਥ ਦੀ ਸ਼੍ਰੋਮਣੀ ਜਥੇਬੰਦੀ ਦਾ ਸੀ, ਹਾਂ, ਇਹ ਇਕ ਪੰਥਕ ਆਸ਼੍ਰਮ ਸੀ - ਜਥੇਬੰਦੀ ਦਾ। ਉਸਦਾ ਤਰੀਕਾ ਇਹ ਹੁੰਦਾ ਸੀ ਕਿ ਅਕਾਲ ਬੁੰਗੇ ਦੇ ਅਕਾਲੀ ਪੰਥ ਦੇ ਸਾਰੇ ਜਥੇਦਾਰਾਂ ਤੇ ਜ਼ਿੰਮੇਵਾਰ ਸਰਦਾਰਾਂ, ਗ੍ਰਿਥੀਆਂ ਤੇ ਪ੍ਰਸਿੱਧ ਧਾਰਮਕ ਬਜ਼ੁਰਗੀ ਵਾਲਿਆਂ ਤੇ ਹੋਰ ਜ਼ਰੂਰੀ ਸਿੱਖਾਂ ਨੂੰ ਸਦਿਆ ਕਰਦੇ ਸਨ। ਨੀਯਤ ਸਮੇਂ ਤੇ ਸਭ ਨੇ ਆ ਹਾਜ਼ਰ ਹੋਣਾ। ਜੇ ਕਦੇ ਦੋ ਸਿੱਖ ਜਥੇ ਆਪੋ ਵਿਚ ਲੜ ਬੀ ਰਹੇ ਹੋਣ(ਜੋ ਮਿਸਲਾਂ ਦੇ ਸਮੇਂ ਦੀ ਗਲ ਹੈ) ਤਾਂ ਗੁਰਮਤੇ ਦਾ ਸੱਦਾ ਪਹੁੰਚਦੇ ਸਾਰ ਲੜਾਈ ਬੰਦ ਕਰਕੇ ਦੋਵੇਂ ਟੁਰ ਪੈਣਗੇ, ਰਸਤੇ ਵਿਚ ਯਾ ਗੁਰਦੁਵਾਰੇ ਅੱਪੜ ਕੇ ਆਪੋ ਵਿਚ ਕੋਈ ਬਦਲਾ ਨਹੀਂ ਲੈਣਗੇ, ਇਕ ਦੂਜੇ ਤੇ ਵਾਰ ਨਹੀਂ ਕਰਨਗੇ। ਗੁਰਮਤੇ ਦੇ ਨੀਯਤ ਸਮੇਂ ਅਕਾਲ ਬੁੰਗੇ ਦੇ ਹਜ਼ੂਰ ਸਭ ਪਾਸੇ ਤੋਂ ਰਸਤੇ ਬੰਦ ਕਰ ਮੈਦਾਨ ਵਿਚ ਦੀਵਾਨ ਸਜਦਾ, ਕੀਰਤਨ ਹੋ ਕੇ ਆਵਾਜ਼ਾ ਲਿਆ ਜਾਂਦਾ, ਫੇਰ ਕੜਾਹ ਪ੍ਰਸ਼ਾਦ ਵਰਤਦਾ, ਸਾਰੇ ਛਕਦੇ। ਚਾਹੇ ਕਿਸੇ ਜ਼ਾਤ ਕਿਸੇ ਮਜ਼੍ਹਬ ਤੇ ਕਿਸੇ ਕੌਮ ਤੋਂ ਸਜੇ ਹੋਏ ਸਿੰਘ ਹੋਣ ਜੋ ਗੁਰਮਤੇ ਵਿਚ ਸ਼ਾਮਲ ਹੁੰਦੇ, ਸਾਰੇ ਉਸ ਵੇਲੇ ਇਕੱਠੇ ਛਕਦੇ ਫੇਰ ਅਕਾਲੀ ਜਥੇਦਾਰ ਸਿੰਘ ਅਰਦਾਸਾ ਸੋਧਦਾ, ਇਸ ਤੋਂ ਮਗਰੋਂ ਹਰੇਕ ਆਇਆ ਸੱਜਣ ਉਠ ਕੇ ਅਕਾਲੀ ਜਥੇਦਾਰ ਦੇ ਸਨਮੁਖ ਹੋ ਆਖਦਾ ਕਿ ਮੈਂ ਸਚੇ ਸਤਿਗੁਰੂ ਦੀ ਹਜ਼ੂਰੀ ਵਿਚ ਪੰਥ ਦੇ ਸਾਂਝੇ ਲਾਭ ਲਈ ਆਇਆ ਹਾਂ, ਮੇਰਾ ਨਿਜ ਦਾ ਹਾਨ ਲਾਭ, ਕੋਈ ਲੋਭ ਲਾਲਚ, ਮੇਰੇ ਰਸਤੇ ਵਿਚ, ਮੇਰੀਆਂ ਵਿਚਾਰਾਂ ਵਿਚ ਕੋਈ ਖੋਟ, ਕੋਈ ਰਲਾ ਨਹੀਂ ਪਾਊਣਗੇ। ਇਸ ਪ੍ਰਤਿੱਗਯਾ ਦੇ ਮਗਰੋਂ ਫਿਰ ਅਰਦਾਸਾ ਸੋਧ ਕੇ ਕਾਰਜ ਅਰੰਭ ਹੁੰਦਾ। ਵਿਚਾਰਾਂ ਹੋ ਕੇ ਜੋ ਮਤਾ ਸੁਧ ਜਾਂਦਾ,

ਅਰਥਾਤ ਫ਼ੈਸਲਾ ਹੋ ਜਾਂਦਾ, ਉਹ ਅਕਾਲੀ ਜਥੇਦਾਰ ਸਭ ਨੂੰ ਸੁਣਾ ਦੇਂਦਾ।" ਇਸ ਤਰ੍ਹਾਂ ਭਾਈ ਵੀਰ ਸਿੰਘ ਦੇ ਵਿਚਾਰ ਵਿਚ ਗੁਰਮਤਾ ਪੰਥ ਦੀ ਸ਼੍ਰੋਮਣੀ ਜਥੇਬੰਦੀ ਦਾ ਨਾਮ ਹੈ ਅਤੇ ਨਾਲ ਹੀ ਗੁਰਮਤਾ ਇਕ ਮਰਿਆਦਾ ਹੈ ਜਿਸ ਅਨੁਸਾਰ ਪੰਥਕ ਮੁਖੀ ਉਚੇ ਤੇ ਸੁੱਚੇ ਮਨ ਨਾਲ ਮਹੱਤਵਪੂਰਣ ਨਿਰਣੈ ਲੈਂਦੇ ਸਨ।[1]

ਮੈਲਕਮ ਨੇ ਆਪਣੀ ਪੁਸਤਕ ' Sketch of the Sikhs ' ਵਿਚ ਗੁਰਮਤਾ ਕਰਨ ਦੀ ਵਿਧੀ ਦਾ ਬੜੇ ਵਿਸਤਾਰ ਨਾਲ ਜ਼ਿਕਰ ਇਸ ਪ੍ਰਕਾਰ ਕੀਤਾ ਹੈ:-

"When a Guru-mata, or great national council, is called,(as always is, or ought to be, when any imminent danger threatens the country, or any large expedition is to be undertaken) all the Sikh chiefs assemble at Amritsar. The assembly, which is called the Guru-mata, is convened by the Acalis; and when the chiefs meet upon this solemn occasion, it is concluded that all private animosities cease, and that every man sacrifices his personal feelings at the shrine of the general good; and, actuated by principles of pure patriotism, thinks of nothing but the interests of the religion, and commonwealth, to which he belongs.

When the chiefs and principal leaders are seated, the Adi-Granth and Dasama Padshah Ka Grant'h are placed before them. They all bend their heads before these scriptures,

---

1- ਭਾਈ ਵੀਰ ਸਿੰਘ; 'ਸ੍ਰੀ ਮਤੀ ਸਤਵੰਤ ਕੌਰ'; ਪੰਨਾ 253-255

and exclaim, Wa! Guruji ka Khalsa! Wa! Guruji ki Fateh!
A great quantity of cakes made of wheat,butter and sugar are then placed before the volumes of their sacred writings and covered with a cloth. These holy cakes which are in commemoration of the injunction of Nanac to eat and to give to others to eat next receive the saluation of the assembly, who then rise and the Acalis pray aloud, while the musicians play. The Acalis, when the prayers are finished, desire the council to be seated. They sit down, and the cakes being uncovered, are eaten of by all classes of Sikhs: those distinctions of original tribes, which are, on other occasions, kept up, being on this occasion laid aside, in token of their general and complete union in one cause.
The Acalis then exclaim;Sirdars! (chiefs) this is a Guru-mata! on which prayers are again said aloud. The chiefs, after this sit closer, and say to each other: The sacred Granth is betwixt "us,let us swear by our scripture to forget all 'internal disputes,and to be united". This moment of religious fervor and ardent patriotism, taken to reconcile all animosities. They then proceed to consider the danger with which they are threatened, to settle the best plans for averting it and to choose the generals who are to lead their armies against the common enemy.[1]"

---

1. Malcolm, <u>Sketch of the Sikhs</u>, P 95-98

ਅਸਲ ਵਿਚ 'ਗੁਰ' ਅਤੇ ਮਤਾ' ਦੋਹਾਂ ਸ਼ਬਦਾਂ ਦੇ ਸੁਮੇਲ ਨਾਲ ਘੜੇ ਨਵੇਂ ਸ਼ਬਦ 'ਗੁਰਮਤਾ' ਦਾ ਅਰਥ ਗੁਰੂ ਦਾ ਮਤਾ ਜਾਂ ਗੁਰੂ ਦਾ ਫੈਸਲਾ ਹੈ। ਸਿੱਖ ਮਾਨਸਿਕਤਾ ਦੀ ਇਹ ਦ੍ਰਿੜ ਧਾਰਣਾ ਹੈ ਕਿ ਗੁਰੂ ਦਾ ਨਿਰਣਾ ਵਿਅਕਤੀ ਦੁਆਰਾ ਕੀਤੇ ਨਿਰਣਿਆਂ ਤੋਂ ਨਿਸਚਿਤ ਰੂਪ ਵਿਚ ਉਤਮ ਹੁੰਦਾ ਹੈ ਅਤੇ ਇਸੇ ਲਈ ਖਾਲਸਾ ਪੰਥ ਆਪਣੇ ਸਮੂਹਕ ਨਿਰਣੈ ਗੁਰੂ ਦੇ ਨਾਂ ਤੇ ਕਰਦਾ ਹੈ। ਇਸ ਤਰ੍ਹਾਂ ਇਹ ਸਪਸ਼ਟ ਹੁੰਦਾ ਹੈ ਕਿ 'ਗੁਰਮਤਾ' ਸਿੱਖ ਰਾਜ ਸੰਕਲਪ ਵਿਚ ਮੌਜੂਦ ਉਹ ਵਿਧੀ; ਪ੍ਰਕ੍ਰਿਆ ਜਾਂ ਮਰਿਯਾਦਾ ਹੈ ਜਿਸ ਨਾਲ ਖਾਲਸਾ ਪੰਥ ਮਹੱਤਵਪੂਰਣ ਨਿਰਣੈ ਲੈਂਦਾ ਹੈ।

ਸਿੱਖ ਧਰਮ ਗ੍ਰੰਥਾਂ ਅਤੇ ਇਤਿਹਾਸਕ ਲਿਖਤਾਂ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਗੁਰਮਤਾ ਤੋਂ ਪਹਿਲਾਂ ਵੀ 'ਮਤਾ' ਸ਼ਬਦ ਦੀ ਵਰਤੋਂ ਸਿੱਖ ਪਰੰਪਰਾ ਵਿਚ ਆਮ ਪ੍ਰਚਲਿਤ ਸੀ ਅਤੇ ਇਸ ਸ਼ਬਦ ਦੀ ਵਰਤੋਂ ਆਮ ਅਰਥਾਂ ਵਿਚ ਕੀਤੀ ਜਾਂਦੀ ਸੀ। ਪਰ ਸਮਾਂ ਪਾ ਕੇ 'ਮਤਾ' ਸ਼ਬਦ ਸਿੱਖ ਪੰਥ ਵਿਚ ਵਿਸ਼ੇਸ਼ ਅਰਥਾਂ ਦਾ ਧਾਰਣੀ ਬਣ ਗਿਆ ਅਤੇ ਇਸ ਸ਼ਬਦ ਦੀ ਵਰਤੋਂ ਵਿਸ਼ੇਸ਼ ਸੰਦਰਭ ਵਿਚ ਕੀਤੀ ਜਾਣ ਲਗ ਪਈ। ਸਿੱਖਾਂ ਦੇ ਗੁਰੂਆਂ ਪ੍ਰਤੀ ਅਥਾਹ ਵਿਸ਼ਵਾਸ਼ ਅਤੇ ਇਤਿਹਾਸਕ ਘਟਨਾਕ੍ਰਮ ਦੇ ਯਥਾਰਥ ਨੇ 'ਗੁਰਮਤਾ' ਰੂਪੀ ਸੰਸਥਾ ਨੂੰ ਵਿਕਸਿਤ ਕੀਤਾ ਅਤੇ ਇਹ ਮਹੱਤਵਪੂਰਣ ਸੰਸਥਾ ਸਿਖ ਵਿਚਾਰਧਾਰਾ ਦੇ ਰਾਜ ਸੰਕਲਪ ਦਾ ਅਨਿਖੜਵਾਂ ਅੰਗ ਬਣ ਗਈ।

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਕਈ ਥਾਵਾਂ ਤੇ 'ਮਤਾ' ਸ਼ਬਦ ਦੀ ਵਰਤੋਂ ਮਿਲਦੀ ਹੈ ਅਤੇ ਜਿਹਨਾਂ ਅਰਥਾਂ ਵਿਚ ਇਸ ਸ਼ਬਦ ਦੀ ਵਰਤੋਂ ਹੋਈ ਹੈ ਉਹ ਹਨ - 'ਪ੍ਰਸਤਾਵ ਕਰਨਾ' ਜਾਂ 'ਫੈਸਲਾ ਕਰਨਾ'। ਉਦਾਹਰਣ ਵਜੋਂ ਹੇਠਲੀਆਂ ਪੰਕਤੀਆਂ ਧਿਆਨਯੋਗ ਹਨ:-

ੳ) ਮਤਾ ਕਰਉ ਸੋ ਪਕਨਿ ਨ ਦੇਈ॥ਸੀਲ ਸੰਜਮ ਕੈ ਨਿਕਟਿ ਖਲੋਈ॥[1]

- - - - - - - - - - - - - - - - - - - - - - - - - - - - - - - -

1- 'ਆਦਿ ਗ੍ਰੰਥ'; ਪੰਨਾ 371

ਅ) ਮਤਾ ਕਰੈ ਪਛਮ ਕੈ ਤਾਈ ਪੂਰਬ ਹੀ ਲੈ ਜਾਤ॥
ਖਿਨ ਮਹਿ ਥਾਪਿ ਉਥਾਪਨਹਾਰਾ ਆਪਨ ਹਾਥਿ ਮਤਾਤ॥[1]

ੲ) ਗੁਣੀ ਗਿਆਨੀ ਬਹਿ ਮਤਾ ਪਕਾਇਆ ਫੇਰੇ ਤਤੁ ਦਿਵਾਏ॥[2]

ਸ) ਆਈ ਆਗਿਆ ਪਿਰਹੁ ਬੁਲਾਇਆ॥
ਨ ਧਨ ਪੁਛੀ ਨ ਮਤਾ ਪਕਾਇਆ॥[3]

ਹ) ਅਭੁਲੁ ਨ ਭੁਲੈ ਲਿਖਿਓ ਨ ਚਲਾਵੈ ਮਤਾ ਨ ਕਰੇ ਪਚਾਸਾ॥[4]

ਸੁਲਹੀ ਖਾਂ ਜਦੋਂ ਗੁਰੂ ਅਰਜਨ ਦੇਵ ਜੀ ਤੇ ਹਮਲਾ ਕਰਕੇ ਅੰਮ੍ਰਿਤਸਰ ਵਲ ਆ ਰਿਹਾ ਸੀ ਤਾਂ ਸਿਖ ਸੰਗਤਾਂ ਵਿਚ ਬਚਾਅ ਦੇ ਉਪਾਉ ਕਰਨ ਲਈ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਬਹੁਤ ਸਾਰੇ ਮਤੇ ਸਾਹਮਣੇ ਆਏ। ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਵਿਚ ਇਹਨਾਂ ਮਤਿਆਂ ਦਾ ਜ਼ਿਕਰ ਕੀਤਾ ਹੈ:-

ਪ੍ਰਥਮੇ ਮਤਾ ਜਿ ਪ੍ਰਤ੍ਰੀ ਚਲਾਵਉ॥
ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ॥
ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ॥
ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ॥[5]

---

1- 'ਆਦਿ ਗ੍ਰੰਥ'; ਪੰਨਾ 496
2- ਓਹੀ ; ਪੰਨਾ 773
3- ਓਹੀ ; ਪੰਨਾ 1072
4- ਓਹੀ ; ਪੰਨਾ 1211
5- ਓਹੀ ; ਪੰਨਾ 371

ਸੋਹਨ ਕਵੀ ਅਤੇ ਕਵੀ ਸੈਨਾਪਤ ਨੇ ਆਪਣੀਆਂ ਰਚਨਾਵਾਂ ਵਿਚ 'ਮਤਾ' ਸ਼ਬਦ ਦੀ ਵਰਤੋਂ ਕੀਤੀ ਹੈ। ਇਹਨਾਂ ਕਵੀਆਂ ਲਈ ਮਤਾ ਸ਼ਬਦ ਆਮ ਤੌਰ ਤੇ ਖਾਲਸਾ ਪੰਥ ਦੁਆਰਾ ਲਏ ਗਏ ਫੈਸਲਿਆਂ ਦਾ ਪ੍ਰਤੀਕ ਹੈ।

ਸੋਹਨ ਕਵੀ ਦੇ ਗੁਰਬਿਲਾਸ ਵਿਚ ਲਾਹੌਰ ਦੇ ਸਿੱਖਾਂ ਵਲੋਂ ਦੁਸ਼ਮਨ ਨਾਲ ਯੁਧ ਦਾ 'ਮਤਾ' ਪਾਸ ਕਰਨ ਦਾ ਜ਼ਿਕਰ ਮਿਲਦਾ ਹੈ। ਲਾਹੌਰ ਦੇ ਸਿੱਖਾਂ ਨੇ ਇਕਤ੍ਰ ਹੋ ਕੇ ਗੁਰੂ ਹਰਗੋਬਿੰਦ ਸਾਹਿਬ ਨੂੰ ਦੁਸ਼ਮਨ ਦੀਆਂ ਗਤੀਵਿਧੀਆਂ ਤੋਂ ਜਾਣੂ ਕਰਾਉਣ ਦਾ ਫੈਸਲਾ ਕੀਤਾ ਅਤੇ ਇਕ ਦੂਤ ਰਾਹੀਂ ਲਿਖਤੀ ਇਤਲਾਹ ਭੇਜੀ। ਇਸੇ ਇਕਤ੍ਰਤਾ ਵਿਚ ਲਾਹੌਰ ਵਾਸੀ ਸਿੱਖਾਂ ਨੇ ਖੁਦ ਹਥਿਆਰਬੰਦ ਹੋ ਕੇ ਦੁਸ਼ਮਣ ਨਾਲ ਯੁਧ ਕਰਨ ਦਾ 'ਮਤਾ' ਪਾਸ ਕੀਤਾ :-

ਦੋਹਰਾ।। ਸੰਧਯਾ ਸਮੇਂ ਵਿਚਾਰ ਅਸ ਵਾਸੀ ਸਿਖ ਲਾਹੌਰ।
ਨਿਜ ਬਿਨਤੀ ਪਤੀਆ ਲਿਖੀ ਦਯਾ ਸਿੰਧ ਕੀ ਓਰ।
ਝੂਲਨਾ।। ਦੂਤ ਤੁਮ ਦੌਰ ਬਿਧ ਜਾਇ ਸ੍ਰੀ ਗੁਰੂ ਕਹੁ ਚੜਿਯੋ ਮਲੇਛ ਸੰਗ ਸੂਰ ਲੀਨਾ।
ਆਪ ਪਕਰ ਹਥਿਆਰ ਤਿਆਰ ਹੁਇ ਲਰਨ ਕੋ ਤਾਹਿ ਤੇ ਜੁਧ ਕਾ ਮਤਾ ਕੀਨਾ।[1]

ਕਵੀ ਸੈਨਾਪਤਿ ਨੇ ਸ੍ਰੀ ਗੁਰੂ ਸੋਭਾ ਵਿਚ ਖਾਲਸੇ ਦੀ ਸਮਾਜਕ ਕੁਰੀਤੀਆਂ ਵਿਰੁੱਧ ਆਰੰਭੀ ਮੁਹਿੰਮ ਦਾ ਜ਼ਿਕਰ ਕਰਦਿਆਂ 'ਕੀਨੋ ਮਤਾ' ਤੇ 'ਮਤ ਧਾਰਾ' ਸ਼ਬਦਾਂ ਦੀ ਵਰਤੋਂ ਕੀਤੀ ਹੈ। ਸ੍ਰੀ ਗੁਰੂ ਸੋਭਾ ਦੀਆਂ ਹੇਠਲੀਆਂ ਸਤਰਾਂ ਉਦਾਹਰਣ ਵਜੋਂ ਪ੍ਰਸਤੁਤ ਹਨ:-

ੳ) ਮਿਲਿ ਪੰਚਨ ਕੀਨੋ ਮਤਾ, ਧਰਿਯੋ ਸੰਗਿ ਅਪਾਰ।
ਏਕ ਓਰ ਭਯੋ ਖਾਲਸਾ, ਏਕ ਓਰ ਸੰਸਾਰ।[2]

---

1- ਕਵਿ ਸੋਹਨ ਜੀ; 'ਗੁਰ ਬਿਲਾਸ ਪਾਤਸ਼ਾਹੀ 6'; ਪੰਨਾ 273

2- ਸੈਨਾਪਤਿ; 'ਸ੍ਰੀ ਗੁਰੂ ਸੋਭਾ'; ਪੰਨਾ 54

ਅ) ਪਾਤਸ਼ਾਹ ਦਿਲੀ ਪਤਿ ਸੋਈ। ਕਹਤ ਖਾਲਸਾ ਤਾ ਕੋ ਹੋਈ।

ਤੁਮੈ ਖਾਲਸਾ ਕਿਆ ਮਤ ਧਾਰਾ।ਸੋ ਬਿਧਿ ਕਹੀਐ ਸੋਚ ਬਿਚਾਰਾ।[1]

ਭਾਈ ਰਤਨ ਸਿੰਘ ਭੰਗੂ ਦੇ ਸ੍ਰੀ ਗੁਰੂ ਪੰਥ ਪ੍ਰਕਾਸ਼ ਵਿਚ ਗੁਰਮਤੇ ਦੀ ਪਰੰਪਰਾ ਅਤੇ ਖਾਲਸਾ ਪੰਥ ਦੇ ਇਤਿਹਾਸ ਵਿਚ ਸਮੇਂ ਸਮੇਂ ਹੁੰਦੇ ਰਹੇ ਗੁਰਮਤਿਆਂ ਦਾ ਵਿਸਤ੍ਰਿਤ ਵਰਣਨ ਮਿਲਦਾ ਹੈ। ਆਪਣੀ ਰਚਨਾ ਵਿਚ ਭਾਈ ਰਤਨ ਸਿੰਘ ਭੰਗੂ 'ਮਤਾ' ਅਤੇ 'ਗੁਰਮਤਾ' ਦੋਹਾਂ ਸ਼ਬਦਾਂ ਦੀ ਵਰਤੋਂ ਕਰਦਾ ਹੈ ਅਤੇ ਉਸ ਲਈ ਦੋਹਾਂ ਸ਼ਬਦਾਂ ਵਿਚ ਕੋਈ ਭੇਦ ਨਹੀਂ। ਉਸ ਨੇ ਖਾਲਸਾ ਪੰਥ ਦੁਆਰਾ ਲਏ ਗਏ ਫੈਸਲਿਆਂ ਨੂੰ ਕਿਤੇ 'ਮਤਾ' ਅਤੇ ਕਿਤੇ 'ਗੁਰਮਤਾ' ਕਹਿ ਕੇ ਪੁਕਾਰਿਆ ਹੈ।

ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਅਕਾਲ ਤਖ਼ਤ ਤੇ ਖਾਲਸੇ ਦਾ ਇਕਤ੍ਰ ਹੋਣਾ ਅਤੇ ਉਥੇ ਬੈਠ ਕੇ ਆਪਸੀ ਵਿਚਾਰਾਂ ਦੇ ਆਧਾਰ ਤੇ ਮਹੱਤਵਪੂਰਣ ਫੈਸਲੇ ਲੈਣ ਲਈ ਮਤੇ ਕਰਨੇ ਖਾਲਸਾ ਪੰਥ ਦੀ ਪੁਰਾਤਨ ਪਰੰਪਰਾ ਰਹੀ ਹੈ। ਭਾਈ ਰਤਨ ਸਿੰਘ ਭੰਗੂ ਅਨੁਸਾਰ ਖਾਲਸਾ ਆਪਣੇ ਛੁਪਣਵਾਲੇ ਸਥਾਨਾਂ ਤੋਂ ਨਿਕਲ ਕਿਸੇ ਨ ਕਿਸੇ ਤਰ੍ਹਾਂ ਇਕੱਤ੍ਰਤਾ ਕਰਨ ਲਈ ਅੰਮ੍ਰਿਤਸਰ ਪਹੁੰਚਦਾ ਸੀ ਅਤੇ ਅਕਾਲ ਤਖ਼ਤ ਤੇ ਬੈਠ ਕੇ ਸਾਰੇ ਮਤੇ ਕਰਦਾ ਸੀ -

ਨਿਕਲ ਖੱਡ ਖਡੌਲ ਤੇ ਖਾਲਸੈ ਜੀ ਅੰਮ੍ਰਿਤਸਰ ਮੇਲੋ ਤੋ ਜਰੂਰ ਲਾਇਣਾ।

ਤਿਹ ਨ੍ਹਾਇ ਕਿੱਲਾਇਕੇ ਬੁੰਗੇ ਬੈਠੇ ਤੋ ਅਕਾਲ ਬੁੰਗੇ ਬੈਠ ਮਤੋ ਸਭ ਮਤਾਇਣਾ।[2]

ਆਮ ਤੌਰ ਤੇ ਸਾਲ ਵਿਚ ਦੋ ਵਾਰੀ, ਵਿਸਾਖੀ ਅਤੇ ਦਿਵਾਲੀ ਦੇ ਅਵਸਰ ਤੇ ਅੰਮ੍ਰਿਤਸਰ ਵਿਖੇ ਖਾਲਸੇ ਦੀ ਇਕਤ੍ਰਤਾ ਜ਼ਰੂਰ ਹੋਇਆ ਕਰਦੀ ਸੀ ਅਤੇ ਖਾਲਸਾ ਪੰਥ ਦੀਵਾਨ ਲਾ ਕੇ ਗੁਰਮਤੇ ਕਰਿਆ ਕਰਦਾ ਸੀ:-

---

1- ਸੈਨਾਪਤਿ; 'ਸ੍ਰੀ ਗੁਰੂ ਸੋਭਾ'; ਪੰਨਾ 53

2- ਭੰਗੂ, ਭਾਈ ਰਤਨ ਸਿੰਘ; 'ਸ੍ਰੀ ਗੁਰੂ ਪੰਥ ਪ੍ਰਕਾਸ਼'; ਪੰਨਾ 294

ਮੁਲਕ ਲੂਟ ਅੰਮ੍ਰਿਤਸਰ ਆਵੈਂ, ਦਿਵਾਲੀ ਵਿਸਾਖੀ ਮੇਲਾ ਲਾਵੈਂ।
ਬੈਠ ਹਰਿਮੰਦਰ ਸੁਨੈਂ ਸੁ ਗਯਾਨ, ਗੁਰ ਚਰਨਨ ਪਰ ਲਾਵੈਂ ਧਯਾਨ।
ਅਕਾਲ ਬੁੰਗੇ ਚੜ੍ਹ ਤਖ਼ਤੈ ਬਹਿ ਹੈਂ, ਲਾਇ ਦੀਵਾਨ ਗੁਰਮਤੇ ਮਤੈ ਹੈ।
ਸੂਬਤ ਖਾਲਸੈ ਹੋਇ ਅਦਾਲਤ, ਅਸਿਖਨ ਗਾਰ ਸਿੱਖਨ ਪ੍ਰਤਿਪਾਲਤ।[1]

ਗੁਰਮਤਾ ਕਰਦੇ ਸਮੇਂ ਖਾਲਸਾ ਪੰਥ ਦੇ ਵਖ ਵਖ ਧੜੇ ਆਪਣਾ ਜਾਤੀ ਵੈਰ ਵਿਰੋਧ ਤਿਆਗ ਕੇ ਅਕਾਲ ਤਖ਼ਤ ਉਤੇ ਇਕਤ੍ਰ ਹੋਇਆ ਕਰਦੇ ਸਨ। ਸੰ:1817 ਬਿ:(1760 ਈ) ਵਿਚ ਕਸੂਰ ਤੇ ਹਮਲਾ ਕਰਨ ਦੇ ਗੁਰਮਤੇ ਦੇ ਸਬੰਧ ਵਿਚ ਭਾਈ ਰਤਨ ਸਿੰਘ ਭੰਗੂ ਨੇ ਸਪਸ਼ਟ ਕੀਤਾ ਹੈ ਕਿ ਅਕਾਲ ਤਖ਼ਤ ਤੇ ਸਾਰੀਆਂ ਮਿਸਲਾਂ ਦੇ ਪ੍ਰਤੀਨਿਧ ਸਿਖ ਆਪਸੀ ਵੈਰ ਵਿਰੋਧ ਤਿਆਗ ਕੇ ਗੁਰੂ ਦੀ ਹਜ਼ੂਰੀ ਵਿਚ ਦੀਵਾਨ ਲਾ ਕੇ ਗੁਰਮਤੇ ਕਰਿਆ ਕਰਦੇ ਸਨ:-

ਸਈ ਅਠਾਰਾਂ ਸਤ੍ਰਾਹੇ ਸਾਲ, ਡੇਰੇ ਕਰੇ ਗਿਰਦ ਅੰਮ੍ਰਿਤ ਤਾਲ।
ਬਸਾਖੀ ਨ੍ਹਾਇ ਸਿੰਘ ਭਏ ਤਿਆਰ, ਅੱਧਾ ਦਲ ਭਯੋ ਬਿਆਹੋ ਪਾਰ।
ਪੰਜ ਮਿਸਲ ਥੀ ਉਹਾਂ ਰਹੀ, ਰਾਮਗੜ੍ਹੀਏ, ਘੱਨਯੇ, ਸੁਕ੍ਰਚਕੀਏ, ਨਕਈ।
ਭੰਗੀ ਹਰੀ ਸਿੰਘ ਥੋ ਉਹਾਂ ਰਹਯੋ, ਕਿਲ੍ਹੇ ਅਪਨੇ ਸੋ ਸੋ ਬਹਯੋ।
ਅਕਾਲ ਬੁੰਗੇ ਪਹਰ ਤੀਜੇ ਆਵੈ, ਸੁਨ ਰਹਿਰਾਸ ਫਿਰ ਕਿਲ੍ਹੇ ਸਿਧਾਵੈ।
ਨਿਤਪ੍ਰਤਿ ਐਸੋ ਕਰਤ ਖ਼ਿਆਲ, ਬਰਸੈ ਮੀਂਹ ਭਾਵੇ ਵਗੈ ਵਾਲ।
ਇਸੀ ਤੌਰ ਸਭ ਖਾਲਸੋ ਆਵੈ, ਸੁਨ ਅਰਦਾਸ ਸਭ ਡੇਰੈ ਸਿਧਾਵੈ।
ਬੈਰ ਪਾਪ ਤਹਿਂ ਕਰੈ ਨ ਕੋਇ, ਲਾਇ ਦਿਵਾਨ ਸਭ ਗੁਰਮਤੋ ਹੋਇ॥[2]

---

1- ਭੰਗੂ, ਭਾਈ ਰਤਨ ਸਿੰਘ; 'ਸ੍ਰੀ ਗੁਰੂ ਪੰਥ ਪ੍ਰਕਾਸ਼'; ਪੰਨਾ 417-418

2- ਉਹੀ; ਪੰਨਾ 477

ਇਤਿਹਾਸ ਵਿਚ ਐਸੇ ਅਵਸਰ ਵੀ ਆਏ ਹਨ ਜਦੋਂ ਖਾਲਸਾ ਪੰਥ ਗੁਰਮਤਾ ਕਰਨ ਲਈ ਇਕ ਮਤ ਨਹੀਂ ਹੋ ਸਕਿਆ ਅਤੇ ਸਾਰੀਆਂ ਧਿਰਾਂ ਨੇ ਫੈਸਲਾ ਗੁਰੂ ਗ੍ਰੰਥ ਸਾਹਿਬ ਤੇ ਛਡ ਦਿੱਤਾ। ਭਾਈ ਰਤਨ ਸਿੰਘ ਭੰਗੂ ਅਨੁਸਾਰ ਇਕ ਬ੍ਰਹਮਣ ਨੇ ਆ ਕੇ ਅਕਾਲ ਤਖ਼ਤ ਤੇ ਸਜੇ ਦੀਵਾਨ ਵਿਚ ਬੇਨਤੀ ਕੀਤੀ ਕਿ ਕਸੂਰ ਤੇ ਪਠਾਣਾਂ ਨੇ ਉਸਦੀ ਪਤਨੀ ਖੋਹ ਲਈ ਹੈ ਅਤੇ ਖਾਲਸਾ ਪੰਥ ਤੋਂ ਬਿਨਾਂ ਉਸ ਨੂੰ ਕਿਸੇ ਹੋਰ ਤੋਂ ਮਦਦ ਦੀ ਆਸ ਨਹੀਂ। ਖਾਲਸਾ ਪੰਥ ਨੇ ਅਕਾਲ ਤਖਤ ਤੇ ਸਜੇ ਦੀਵਾਨ ਵਿਚ ਬਹੁਤ ਗੰਭੀਰਤਾ ਨਾਲ ਵਿਚਾਰ ਕੀਤਾ ਪਰ ਆਮ ਸਹਿਮਤੀ ਨਾਲ ਕਿਸੇ ਗੁਰਮਤੇ ਤੇ ਨ ਪਹੁੰਚ ਸਕੇ। ਕੁਝ ਦਾ ਵਿਚਾਰ ਸੀ ਕਿ ਕਸੂਰ ਤੇ ਹਮਲਾ ਕਰਕੇ ਬ੍ਰਾਹਮਣ ਦੀ ਮਦਦ ਕਰਨੀ ਚਾਹੀਦੀ ਹੈ ਅਤੇ ਕੁਝ ਸਿੰਘਾਂ ਦਾ ਵੀਚਾਰ ਸੀ ਕਿ ਕਸੂਰ ਦੇ 12 ਲੱਖ ਤੁਰਕਾਂ ਦਾ ਮੁਕਾਬਲਾ ਕੁਝ ਹਜ਼ਾਰ ਸਿੰਘਾਂ ਦੀ ਫੌਜ ਨਾਲ ਨਹੀਂ ਕਰਨਾ ਚਾਹੀਦਾ। ਪਰ ਅੰਤ ਵਿਚ ਸਾਰੇ ਸਿੰਘ ਇਸ ਗੱਲ ਤੇ ਰਾਜੀ ਹੋ ਗਏ ਕਿ ਗੁਰੂ ਗ੍ਰੰਥ ਸਾਹਿਬ ਵਿਚੋਂ ਹੁਕਮ ਲਿਆ ਜਾਵੇ ਅਤੇ ਉਸ ਅਨੁਸਾਰ ਫੈਸਲਾ ਕੀਤਾ ਜਾਵੇ। ਬਸੰਤ ਕੀ ਵਾਰ ਚੋਂ ਆਏ ਹੁਕਮ "ਪੰਜੇ ਬਧੇ ਮਹਾਬਲੀ ਕਰ ਸਚਾ ਢੋਆ" ਅਨੁਸਾਰ ਸਿੰਘਾਂ ਨੇ ਕਸੂਰ ਤੇ ਹਮਲਾ ਕਰਨ ਦਾ ਫੈਸਲਾ ਕੀਤਾ ਅਤੇ ਫਤਹਿ ਹਾਸਲ ਕੀਤੀ।[1]

ਭਾਈ ਰਤਨ ਸਿੰਘ ਭੰਗੂ ਨੇ ਸਿਖ ਇਤਿਹਾਸਕ ਪ੍ਰਵਾਹ ਵਿਚ ਹੋਏ ਹੋਰ ਬਹੁਤ ਸਾਰੇ ਗੁਰਮਤਿਆਂ ਦਾ ਜ਼ਿਕਰ ਕੀਤਾ ਹੈ। 1745 ਈ: ਵਿਚ ਭਾਈ ਤਾਰੂ ਸਿੰਘ ਕੈਦ ਚੋਂ ਛੁਡਾਉਣ ਅਤੇ ਉਸ ਸਮੇਂ ਦੇ ਹਾਲਾਤ ਦਾ ਟਾਕਰਾ ਕਰਨ ਲਈ ਖਾਲਸਾ ਪੰਥ ਨੇ ਮਤਾ ਕਰਕੇ ਮਹੱਤਵਪੂਰਣ ਨਿਰਣੈ ਲਏ ਜਿਸਦਾ ਜ਼ਿਕਰ ਭਾਈ ਰਤਨ ਸਿੰਘ ਭੰਗੂ ਨੇ ਇਸ ਪ੍ਰਕਾਰ ਕੀਤਾ ਹੈ:-

> ਤਬ ਸਿੰਘਨ ਯੋ ਮਤਾ ਮਤਾਯਾ, ਤਾਰੂ ਸਿੰਘ ਕੋ ਆਨ ਸੁਨਾਇਆ।
> ਹਮ ਅਹਿਦੀਅਨ ਕੋ ਦੈ ਹੈ ਮਾਰ, ਕਰ ਜਾਵੈਂਗੇ ਪਿੰਡ ਉਜਾਰ।

- - - - - - - - - - - - - - - - - - - - - - - - - - - -

1- ਭੰਗੂ,ਭਾਈ ਰਤਨ ਸਿੰਘ; 'ਸ੍ਰੀ ਗੁਰੂ ਪੰਥ ਪ੍ਰਕਾਸ਼'; ਪੰਨਾ 482

ਸਿਖ ਛੁਡਾਵਨ ਹੈ ਬਡ ਧਰਮ, ਗਊ ਬ੍ਰਹਮਣ ਤੇ ਸੋ ਗੁਨ ਕਰਮ।

ਇਮ ਕਹਨੇ ਕੋ ਤਯਾਰ ਹੋ ਆਏ, ਤਾਰੂ ਸਿੰਘ ਸੁਨ ਤੁਰਤ ਹਟਾਏ।[1]

ਸਰਹਿੰਦ ਦੇ ਸੂਬੇ ਨਵਾਬ ਜੈਨ ਖਾਂ ਨੂੰ ਮਾਰਨ ਦਾ ਫੈਸਲਾ ਖਾਲਸਾ ਪੰਥ ਨੇ 1763 ਈ.ਵਿਚ ਸਰਹਿੰਦ ਦੇ ਨੇੜੇ ਇਕ ਗੁਰਮਤਾ ਕਰਕੇ ਕੀਤਾ ਸੀ:-

ਤੌ ਮਿਲ ਖਾਲਸੈ ਗੁਰਮਤਾ ਸਾਜਾ ਪਹਿਲੇ ਕਰੋ ਜੈਨੇ ਕੋ ਕਾਜਾ।

ਅਬ ਹਥ ਆਯੋ ਸੂਰ ਮਦਾਨੇ ਮਤ ਕਤ ਵੜੈ ਬਹਿ ਔਖੇ ਥਾਨੇ।[2]

ਸਰਹਿੰਦ ਵਿਚ ਸ਼ਹੀਦਾਂ ਦੀ ਯਾਦਗਾਰ ਉਸਾਰਨ ਦਾ ਫੈਸਲਾ ਸਰਹਿੰਦ ਵਿਚ ਹੀ ਖਾਲਸਾ ਪੰਥ ਨੇ ਮਤਾ ਕਰਕੇ ਕੀਤਾ। ਸਰਹਿੰਦ ਦੇ ਸੂਬੇ ਨੂੰ ਮਾਰਨ ਅਤੇ ਸਰਹੰਦ ਨੂੰ ਤੀਜੀ ਵਾਰ ਲੁਟਣ ਤੋਂ ਬਾਅਦ ਸਰਬਤ ਖਾਲਸੇ ਨੇ ਮਤਾ ਕੀਤਾ ਕਿ ਜਿਸ ਅਸਥਾਨ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਹੋਈ ਹੈ ਉਸ ਅਸਥਾਨ ਤੇ ਯਾਦਗਾਰ ਕਾਇਮ ਕੀਤੀ ਜਾਵੇ:-

ਸਭ ਖਾਲਸੈ ਮਿਲ ਮਤੋ ਠਹਿਰਾਯੋ, ਚਹੀਯਤ ਇਕ ਹੀ ਦੇਹਰੋ ਬਨਵਾਯੋ।

ਜਿਸ ਜਾਗ੍ਹਾ ਗੁਰ ਸੁਤ ਹੈਂ ਘਾਏ, ਜਿਸੈ ਠੌਰ ਉਨ ਗਲੇ ਕਟਾਇ।[3]

ਕਸੂਰ ਦੀ ਜੰਗ ਸਮੇਂ ਖਾਲਸੇ ਨੇ ਸ਼ਹਿਰ ਦੇ ਨੇੜੇ ਗੁਰਮਤਾ ਕਰਕੇ ਫੈਸਲਾ ਕੀਤਾ ਕਿ ਦੁਸ਼ਮਨ ਦਾ ਪੂਰੀ ਤਰ੍ਹਾਂ ਸਫ਼ਾਇਆ ਕਰਨ ਤੋਂ ਪਹਿਲਾਂ ਸ਼ਹਿਰ ਨੂੰ ਲੁਟਨ ਬਾਰੇ ਸੋਚਿਆ ਵੀ ਨ ਜਾਵੇ। ਇਹ ਗੁਰਮਤਾ ਕਰਕੇ ਖਾਲਸਾ ਫੌਜ ਚੁਪ ਚੁਪੀਤੇ ਸ਼ਹਿਰ ਵਲ ਨੂੰ ਤੁਰ ਪਈ ਅਤੇ ਫੌਜ ਦੇ ਸਰਦਾਰ ਵਪਾਰੀਆਂ ਵਾਂਗ ਅਗੇ ਅਗੇ ਤੁਰਨ ਲਗ ਪਏ:-

- - - - - - - - - - - - - - - - - - - - - - - - - - - - - - - -

1- ਭੰਗੂ, ਭਾਈ ਰਤਨ ਸਿੰਘ; 'ਸ੍ਰੀ ਗੁਰੂ ਪੰਥ ਪ੍ਰਕਾਸ਼'; ਪੰਨਾ 348

2- ਓਹੀ; ਪੰਨਾ 499

3- ਓਹੀ; ਪੰਨਾ 503

ਗੁਰਮਤੋ ਖਾਲਸੇ ਥੋ ਯੋ ਕਰ ਲਯੋ, ਪਠਾਣ ਕਟੇ ਬਿਨ ਲੁਟਨ ਨ ਡਹਯੋ।

ਮੁਹਰੇ ਤੁਰੈਂ ਸੁ ਆਪ ਸੁਦਾਰ, ਜਿਮ ਕਰ ਵਪਾਰੀਏ ਆਏ ਵਪਾਰ।[1]

1765 ਈ. ਵਿਚ ਅਹਿਮਦ ਸ਼ਾਹ ਅਬਦਾਲੀ ਦੀ ਫੌਜ ਦਾ ਟਾਕਰਾ ਕਰਨ ਅਤੇ ਹਰਿਮੰਦਰ ਸਾਹਿਬ ਦੀ ਰਖਿਆ ਕਰਨ ਲਈ ਖਾਲਸਾ ਪੰਥ ਨੇ ਅਕਾਲ ਤਖਤ ਵਿਖੇ ਦੀਵਾਨ ਲਾ ਕੇ ਗੁਰਮਤਾ ਕੀਤਾ। ਨਿਹੰਗ ਗੁਰਬਖਸ਼ ਸਿੰਘ ਨੇ ਸਿੰਘਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੋਈ ਰਹਿਤਵਾਨ ਸਿੰਘ ਜਿਹੜਾ ਭਾਈ ਤਾਰੂ ਸਿੰਘ ਵਾਂਗ ਆਪਣੀ ਸੀਸ ਲਾਉਣ ਲਈ ਤੱਤਪਰ ਹੋਵੇ, ਉਹੀ ਇਸ ਵੇਲੇ ਸਿੰਘਾਂ ਦੀ ਬਹੁਤ ਥੋੜੀ ਸੈਨਾਂ ਦੀ ਅਗਵਾਈ ਕਰਕੇ ਅਹਿਮਦਸ਼ਾਹ ਦਾ ਮੁਕਾਬਲਾ ਕਰ ਸਕਦਾ ਹੈ। ਸਾਰੇ ਸਿੰਘਾਂ ਨੇ ਇਕ ਮਤ ਹੋ ਕੇ ਨਿਹੰਗ ਗੁਰਬਖਸ਼ ਸਿੰਘ ਨੂੰ ਅਗਵਾਈ ਕਰਨ ਦੀ ਬੇਨਤੀ ਕੀਤੀ ਅਤੇ ਉਹਨਾਂ ਨੇ ਖਾਲਸੇ ਅਗੇ ਹਥ ਜੋੜ ਕੇ ਸ਼ਹੀਦੀ ਗਾਨਾ ਬੰਨ੍ਹ ਲਿਆ।

ਪੜ੍ਹੈ ਰਹੁਰਾਸ ਲਗਯੋ ਪੰਥ ਦੀਵਾਨ, ਅਕਾਲ ਬੁੰਗੈ ਵਿਗ ਤਕਤ ਮਕਾਨ।<br>
ਕਰ ਗੁਰਮਤੋ ਕੀਯ ਬਹੀਰ ਤੁਰਾਇ, ਛੜੀ ਫੌਜ ਕਿਸ ਰਹੀ ਉਸ ਥਾਇ।<br>
ਤਬ ਨਿਹੰਗ ਸਿੰਘ ਬਾਤ ਉਚਾਰੀ, ਹੈ ਕੋਓ ਇਸ ਪੰਥ ਮਝਾਰੀ।<br>
ਲਾਇ ਸੀਸ ਕਰੈ ਦਰਗਹਿ ਪੁਕਾਰ, ਸੋ ਪੁਕਾਰ ਉਸ ਮੰਨੇ ਕਰਤਾਰ।<br>
ਹਠੀਆ, ਤਪੀਆ, ਜਪੀਆ ਜੋਇ, ਰਹਤਵਾਨ ਸਚਿਆਰ ਭੀ ਹੋਇ।<br>
ਪਰ ਸਵਾਰਥ ਹਿਤ ਤੇਹਿ ਸੁ ਲਾਵੈ, ਵਾਂਗ ਤਾਰੂ ਸਿੰਘ ਤੁਰਕਨ ਗਲਾਵੈ।<br>
ਸੋ ਸਿੰਘਨ ਸੁਨ ਐਸੇ ਕਹਯੋ, ਤੁਮ ਤੇ ਸਿਖ ਭਲੋ ਕੋ ਭਯੋ।<br>
ਐਸੀ ਸ਼ੁਕਤਿ ਔਰ ਕਿਸ ਮਾਂਹਿ, ਪੁਜੈ ਪੁਕਾਰ ਸਚੀ ਦਰਗਾਹਿ।

---

1- ਭੰਗੂ, ਰਤਨ ਸਿੰਘ; 'ਸ਼੍ਰੀ ਗੁਰੂ ਪੰਥ ਪ੍ਰਕਾਸ਼'; ਪੰਨਾ 481

ਦੋਹਰਾ।। ਸੋ ਸੁਨ ਸਿੰਘ ਜੀ ਮੰਨ ਲਈ, ਹਥ ਜੋਰ ਸਿਰ ਨਾਇ।

ਖਾਲਸੇ ਅਗੈ ਜੋੜ ਹਥ, ਗਲਾ ਲਯੋ ਬੰਧਾਇ।[1]

ਇਕ ਹੋਰ ਥਾਂ ਤੇ ਭਾਈ ਰਤਨ ਸਿੰਘ ਭੰਗੂ ਨੇ ਅਹਿਮਦਸ਼ਾਹ ਅਬਦਾਲੀ ਦੀ ਫੌਜ ਦਾ ਟਾਕਰਾ ਕਰਨ ਲਈ ਸਿੰਘਾਂ ਵਲੋਂ ਕੀਤੇ ਗੁਰਮਤੇ ਦਾ ਜ਼ਿਕਰ ਕੀਤਾ ਹੈ। ਉਸ ਅਨੁਸਾਰ ਸਰਹੰਦ ਲੁੱਟ ਕੇ ਜਦੋਂ ਸਿੰਘਾਂ ਨੇ ਲਾਹੌਰ ਵਲ ਪ੍ਰਸਥਾਨ ਕੀਤਾ ਤਾਂ ਰਸਤੇ ਵਿਚ ਇਕ ਥਾਂ ਤੇ ਦੀਵਾਨ ਲਾ ਕੇ ਇਹ ਗੁਰਮਤਾ ਕੀਤਾ ਕਿ ਹੁਣ ਅਹਿਮਦਸ਼ਾਹ ਅਬਦਾਲੀ ਨਾਲ ਜਮ ਕੇ ਲੜਨ ਦਾ ਸਮਾਂ ਆ ਗਿਆ ਹੈ ਅਤੇ ਉਸ ਦੇ ਰੋਜ਼ ਰੋਜ਼ ਦੇ ਹੱਲਿਆਂ ਤੋਂ ਮੁਕਤੀ ਪਾਉਣ ਲਈ ਇਕੋ ਵਾਰ ਫੈਸਲਾਕੁਨ ਲੜਾਈ ਲੜਨੀ ਚਾਹੀਦੀ ਹੈ:-

ਸਿੰਘਨ ਸਭ ਮਿਲ ਲਯੋ ਦਿਵਾਨ, ਇਕ ਥਾ ਬਹਿ ਲੀਓ ਗੁਰਮਤਾ ਠਾਨ।
ਅਬ ਖੜ ਲੜੈ ਸ਼ਾਹ ਕੇ ਸਾਥ, ਦੇਖ ਦਿਖਾਵੇ ਤਿਸ ਕੋ ਹਾਥ।
ਨਿਤਪ੍ਰਤਿ ਆਨ ਦੇਤ ਹਮ ਦੁਖ, ਬਿਨਾ ਲੜੇ ਕਬ ਪਾਈਐ ਸੁਖ।
ਜੋ ਬਚ ਰਹੂਗੁ ਸੋ ਦੁਖ ਨ ਪਾਊਗੁ, ਜੋ ਜੋ ਮਰੂਗੁ ਸਵਰਗ ਸਿਧਾਊਗੁ।
ਯਹੀ ਬਾਤ ਲਈ ਪੰਥੈ ਠੱਟ, ਸੁਖ ਸੋ ਗੱਲ ਜਾਇ ਨ ਹੱਟ।
ਸਿੰਘ ਭੁਜੰਗਨ ਇਸ ਉਦਮ ਕੀਓ, ਜੈ ਜੈ ਕਾਰ ਪੰਥ ਉਚਰੀਓ।[2]

ਇਸ ਤਰ੍ਹਾਂ ਭਾਈ ਰਤਨ ਸਿੰਘ ਭੰਗੂ ਦੇ ਸ੍ਰੀ ਗੁਰੂ ਪੰਥ ਪ੍ਰਕਾਸ਼ ਵਿਚ ਖਾਲਸਾ ਪੰਥ ਵਲੋਂ ਕੀਤੇ ਗਏ ਬਹੁਤ ਸਾਰੇ ਗੁਰਮਤਿਆਂ ਦਾ ਜ਼ਿਕਰ ਮਿਲਦਾ ਹੈ ਅਤੇ ਇਹਨਾਂ ਗੁਰਮਤਿਆਂ ਦੀ ਇਤਿਹਾਸਕ ਮਹੱਤਤਾ ਵੀ ਉਜਾਗਰ ਹੁੰਦੀ ਹੈ।

ਗਿਆਨੀ ਗਿਆਨ ਸਿੰਘ ਦੇ ਪੰਥ ਪ੍ਰਕਾਸ਼ ਵਿਚ ਗੁਰਮਤਿਆਂ ਦੀ ਪਰੰਪਰਾ ਦੇ ਸਬੰਧ ਵਿਚ ਬਹੁਤ ਸਾਰੀ ਜਾਣਕਾਰੀ ਮਿਲਦੀ ਹੈ। ਉਹਨਾਂ ਅਨੁਸਾਰ, ਗੁਰਮਤੇ ਦੀ ਪਰੰਪਰਾ ਨਾਲ

---

1- ਭੰਗੂ, ਰਤਨ ਸਿੰਘ; 'ਸ੍ਰੀ ਗੁਰੂ ਪੰਥ ਪ੍ਰਕਾਸ਼'; ਪੰਨਾ 513-514

2- ਓਹੀ; ਪੰਨਾ 531

ਖਾਲਸਾ ਪੰਥ ਦੀ ਜਥੇਬੰਦਕ ਸ਼ਕਤੀ ਨੂੰ ਪਰਿਪੱਕਤਾ ਪ੍ਰਾਪਤ ਹੋਈ। ਹਰ ਔਕੜ ਦੇ ਸਮੇਂ ਸਿੰਘ ਆਪਣਾ ਜਾਤੀ ਮੁਫ਼ਾਦ ਤਿਆਗ ਕੇ, ਪੰਥਕ ਹਿਤ ਨੂੰ ਪ੍ਰਾਥਮਿਕਤਾ ਦੇਂਦਿਆਂ ਗੁਰਮਤਾ ਕਰਕੇ ਫ਼ੈਸਲਾ ਲਿਆ ਕਰਦੇ ਸਨ ਅਤੇ ਇਸ ਗੁਰਮਤੇ ਨੂੰ ਸਾਰਾ ਪੰਥ ਇਕਸਾਰ ਸਵੀਕਾਰ ਕਰ ਲੈਂਦਾ ਸੀ। ਗਿਆਨੀ ਗਿਆਨ ਸਿੰਘ ਦੀਆਂ ਹੇਠਲੀਆਂ ਸਤਰਾਂ ਇਸੇ ਤੱਥ ਨੂੰ ਦਰਸਾਉਂਦੀਆਂ ਹਨ:-

ਕਾਮ ਪਰਤ ਥਾ ਜੋ ਕੁਛ ਕਬਹੀ।
ਕਰਤ ਗੁਰਮਤਾ ਮਿਲ ਕਰ ਸਭ ਹੀ।
ਜਥੇਦਾਰ ਜੋ ਕਿਛ ਕਹਿ ਦੇਤਾ।
ਸੋਈ ਪੰਥ ਮਾਨ ਸਭ ਲੇਤਾ।[1]

ਪੰਥ ਪ੍ਰਕਾਸ਼ ਵਿਚ ਗਿਆਨੀ ਗਿਆਨ ਸਿੰਘ ਨੇ ਵੀ ਬਹੁਤ ਸਾਰੇ ਮਹੱਤਵਪੂਰਣ ਗੁਰਮਤਿਆਂ ਦਾ ਵਰਣਨ ਕੀਤਾ ਹੈ। ਕੁਝ ਗੁਰਮਤਿਆਂ ਦਾ ਜ਼ਿਕਰ ਅਸੀਂ ਇਥੇ ਕਰ ਰਹੇ ਹਾਂ। ਬੰਦਾ ਸਿੰਘ ਬਹਾਦਰ ਦੇ ਸਮੇਂ ਤੋਂ ਬਾਅਦ ਜ਼ਕਰੀਆ ਖਾਨ ਨੇ ਸਿੰਘਾਂ ਉਪਰ ਮਨ ਭਾਉਂਦੇ ਜ਼ੁਲਮ ਕੀਤੇ। ਸਿੰਘਾਂ ਦੇ ਘਰ ਬਾਰ ਜਾਇਦਾਦਾਂ ਕੁਰਕ ਕਰ ਲਈਆਂ ਗਈਆਂ ਅਤੇ ਬੰਦਾ ਬਹਾਦਰ ਦੇ ਸਮੇਂ ਹੋਏ ਲੋਕਾਂ ਦੇ ਨੁਕਸਾਨ ਨੂੰ ਪੂਰਾ ਕਰਨ ਦੇ ਬਹਾਨੇ ਸਿੰਘਾਂ ਤੇ ਡਿਗਰੀਆਂ ਕੀਤੀਆਂ ਗਈਆਂ। ਸਿੰਘਾਂ ਨੇ ਇਕੱਤਰ ਹੋ ਕੇ ਇਸ ਜ਼ੁਲਮ ਦਾ ਮੁਕਾਬਲਾ ਕਰਨ ਦਾ ਫ਼ੈਸਲਾ ਕਰਕੇ ਲੁਟਮਾਰ ਸ਼ੁਰੂ ਕਰ ਦਿੱਤੀ ਅਤੇ ਕੁਝ ਸਮੇਂ ਵਿਚ ਹੀ ਤੁਰਕਾਂ ਨੂੰ ਇਹ ਸਮਝ ਆ ਗਈ ਕਿ ਸਿੱਖਾਂ ਨਾਲ ਸੁਲਾਹ ਸਫ਼ਾਈ ਕਰਨ ਵਿਚ ਹੀ ਉਹਨਾਂ ਦਾ ਭਲਾ ਹੈ। ਇਸ ਲਈ ਨਾਇਬ ਨਾਜ਼ਮ ਅਸਲਮ ਖ਼ਾਨ ਨੇ ਸਿੰਘਾਂ ਨਾਲ ਸਮਝੌਤਾ ਕਰਨ ਦੀ ਪੇਸ਼ਕਸ਼ ਕੀਤੀ। ਪਰ ਸਿੰਘਾਂ ਨੇ ਗੁਰਮਤਾ ਕਰਕੇ ਪੇਸ਼ਕਸ਼ ਠੁਕਰਾ ਦਿੱਤੀ ਅਤੇ ਸਪਸ਼ਟ ਕੀਤਾ ਕਿ ਉਹਨਾਂ ਨੂੰ ਤੁਰਕਾਂ ਤੇ ਕੋਈ ਭਰੋਸਾ ਨਹੀਂ। ਇਸ ਗੁਰਮਤੇ ਦਾ ਵਰਣਨ ਇਸ ਪ੍ਰਕਾਰ ਹੈ:-

---

1- ਗਿਆਨੀ ਗਿਆਨ ਸਿੰਘ; 'ਪੰਥ ਪ੍ਰਕਾਸ਼'; ਪੰਨਾ 661

ਕਰ ਗੁਰਮਤਾ ਪੰਥ ਨੇ ਉਤਰ ਦੀਓ ਇਸ ਪਰਕਾਰੈਂ।

ਪਹਿਲੇ ਭੀ ਬਿਗਾਰ ਤੁਮ ਦੀਨੋ ਅਬ ਭੀ ਤੁਹੀਂ ਬਿਗਾਰੈਂ।

ਹਮਰੇ ਹਰਖ ਸੋਗ ਨਹਿ ਕੋਈ ਬਚਨ ਗੁਰੂ ਕੇ ਧਾਰੈਂ।

ਜੀਤੈਂ ਭੋਗੈਂ ਰਾਜ ਧਰਾਕਾ ਮਰੈਂ ਤੁ ਭਿਸ਼ਤ ਸਿਧਾਰੈਂ।

ਤੁਹੂ ਹਾਥ ਹੈ ਅੰਮ੍ਰਿਤ ਫਲ ਪਹਰੇ ਗੁਰ ਕ੍ਰਿਪਾ ਤੇ ਖੇ ਹੈਂ।

ਤੁਮਕੋ ਛੂਠੇ ਕਰ ਕਰ ਮਾਰੇ ਪਾਤਿਸ਼ਾਹੀ ਫਿਰ ਲੈ ਹੈਂ।[1]

ਸਰਦਾਰ ਕਪੂਰ ਸਿੰਘ ਦੀ ਨਵਾਬੀ ਸਮੇਂ ਪੰਥ ਦੀ ਜਥੇਬੰਦੀ ਨੂੰ ਹੋਰ ਮਜ਼ਬੂਤ ਕਰਨ ਲਈ ਇਕ ਗੁਰਮਤਾ ਕੀਤਾ ਗਿਆ। ਇਸ ਗੁਰਮਤੇ ਅਨੁਸਾਰ ਖਾਲਸਾ ਪੰਥ ਦੇ ਪੰਜ ਜਥੇ ਬਣਾਏ ਗਏ ਅਤੇ ਪੰਥ ਵਿਚ ਹੋ ਰਹੇ ਵਾਧੇ ਨੂੰ ਪੂਰਨ ਜਥੇਬੰਦਕ ਰੂਪ ਦੇ ਦਿੱਤਾ ਗਿਆ:-

ਕਿਤਕ ਕਾਲ ਜਬ ਸੋ ਬਿਤਯੋ ਪੰਥ ਬਢ ਗਯੋ ਸਾਰ।

ਕਰ ਸਿੰਘਨ ਫਿਰ ਗੁਰਮਤਾ ਜਥੇ ਬਨਾਏ ਪਾਂਚ।[2]

ਗਿਆਨੀ ਗਿਆਨ ਸਿੰਘ ਦੇ ਪੰਥ ਪ੍ਰਕਾਸ਼ ਅਨੁਸਾਰ ਸੰ:1807 ਬਿ:(1750 ਈ) ਵਿਚ ਵਿਸਾਖੀ ਦੇ ਅਵਸਰ ਤੇ ਸ੍ਰੀ ਅੰਮ੍ਰਿਤਸਰ ਵਿਚ ਸਿੰਘਾਂ ਨੇ ਜੰਗੀ ਤਿਆਰੀ ਲਈ ਗੁਰਮਤਾ ਕਰਕੇ ਰਾਮ ਗੜ੍ਹ ਦਾ ਕਿਲਾ ਉਸਾਰਨ ਦਾ ਫੈਸਲਾ ਕੀਤਾ। ਇਸ ਗੁਰਮਤੇ ਦਾ ਜ਼ਿਕਰ ਇਸ ਪ੍ਰਕਾਰ ਮਿਲਦਾ ਹੈ:-

ਅੰਮ੍ਰਿਤਸਰ ਬੈਸਾਖਿ ਇਸਨਾਨ।

ਕੀਨੇ ਦਰਸ਼ਨ ਹਰਸ ਮਹਾਨ।

ਵੀਰ ਦਿਵਾਨ ਸਿੰਘਨ ਕੇ ਬਾਤ।

ਇਕ ਦਿਨ ਚਲੀ ਇਹੁ ਬਖਯਾਤ।

---

1- ਗਿਆਨੀ ਗਿਆਨ ਸਿੰਘ; 'ਪੰਥ ਪ੍ਰਕਾਸ਼'; ਪੰਨਾ 543

2- ਉਹੀ; ਪੰਨਾ 661

ਕਰਯੋ ਗੁਰੁਮਤਾ ਗਾੜ ਇਕ ਕਰੀਏ।
ਜੰਗੀ ਵਸਤੁ ਤਾਂਹਿ ਮੈਂ ਭਰੀਏ।
ਵਖਤ ਬਿਵਖਤ ਕਾਮ ਸੋ ਦੇਹੈ।
ਇਹੋ ਸਲਾਹ ਠਟੀ ਸਭ ਨੇ ਹੈ।

--- ---

ਸਾਲ ਅਠਾਰਾਂ ਸੈ ਥਾ ਸਾਤ।
ਕਿਲਾ ਰਾਮ ਗੜ ਰਚਯੋ ਬਖਯਾਤ।[1]

ਕਸੂਰ ਤੇ ਹੱਲਾ ਕਰਨ ਦਾ ਫੈਸਲਾ ਵੀ ਖਾਲਸਾ ਪੰਥ ਨੇ ਗੁਰਮਤਾ ਕਰਕੇ ਕੀਤਾ ਸੀ। ਗਿਆਨੀ ਗਿਆਨ ਸਿੰਘ ਅਨੁਸਾਰ ਇਕ ਬ੍ਰਹਮਣ ਦੀ ਇਹ ਪੁਕਾਰ ਸੁਣ ਕੇ ਕਿ ਕਸੂਰ ਦੇ ਪਠਾਣ ਉਸਦੀ ਪਤਨੀ ਚੁੱਕ ਕੇ ਲੈ ਗਏ, ਖਾਲਸਾ ਪੰਥ ਕਸੂਰ ਤੇ ਹਮਲਾ ਕਰਨ ਦਾ ਗੁਰਮਤਾ ਕੀਤਾ:-

ਯੋ ਸੁਨਹੇ ਦ੍ਵਿਜ ਕੀ ਬਤੀਆਂ ਤਿਯਾਗਿ ਘਨੋ ਮੁਦ ਪੰਥ ਭਨੈ ਹੈ।
ਧੀਰਜ ਦੈ ਦ੍ਵਿਜ ਕੋ ਸਰਦਾਰ ਨ ਬੈਠ ਕਰਯੋ ਗੁਰਮਤਾ ਭਲੈ ਹੈ।
ਬੋਲ ਉਠਿਓ ਸਭਸੈ ਪਹਿਲੈ ਸਰਦਾਰ ਹਰੀ ਸਿੰਘ ਬੀਰ ਇਦੈ ਹੈ।
ਭੋਦ੍ਵਿਜ ਸੱਤ੍ਰ ਮਾਰ ਝੁਮਾਰਨ ਲਿੱਤ੍ਰ ਤੁਮੈ ਹਮ ਕਾਲ ਦਿਵੈ ਹੈ।
ਲੈ ਨਾਰ ਤੁਮਾਰੀ ਪੰਥ ਦੈ ਹੈ ਤੁਰਕ ਗਨਕੋ ਮਾਰਕੈ।
ਤਜ ਸ਼ੋਕ ਹੋਹੁ ਬਿਸ਼ੋਕ ਤੁਮਹੂੰ ਠੀਕ ਨਿਸਚੈ ਧਾਰ ਕੈ।[2]

ਸੰ:1819 ਬਿਕ੍ਰਮੀ (1762 ਈ.) ਵਿਚ ਅਹਿਮਦਸ਼ਾਹ ਵਲੋਂ ਦਰਬਾਰ ਸਾਹਿਬ ਢਾਹੇ ਜਾਣ ਅਤੇ ਸਰੋਵਰ ਪੂਰ ਕਰਨ ਤੋਂ ਬਾਅਦ ਖਾਲਸਾ ਪੰਥ ਨੇ ਨਵੇਂ ਸਿਰਿਓਂ ਦਰਬਾਰ ਸਾਹਿਬ

---

1- ਗਿਆਨੀ ਗਿਆਨ ਸਿੰਘ; 'ਪੰਥ ਪ੍ਰਕਾਸ਼'; ਪੰਨਾ 795 ਤੋਂ 797

2- ਓਹੀ; ਪੰਨਾ 936

ਦੀ ਉਸਾਰੀ ਲਈ ਗੁਰਮਤਾ ਕੀਤਾ। ਇਸ ਗੁਰਮਤੇ ਅਨੁਸਾਰ ਮਿਸਲਦਾਰਾਂ ਅਤੇ ਸਰਦਾਰਾਂ ਨੇ ਉਸਾਰੀ ਲਈ ਬਹੁਤ ਸਾਰਾ ਧਨ ਦਿੱਤਾ ਅਤੇ ਹੋਰ ਵੀ ਮੁਲਕ ਵਿਚੋਂ ਉਗਰਾਹੀ ਕਰਨ ਦਾ ਫੈਸਲਾ ਕੀਤਾ ਗਿਆ:-

ਮੁਦਾ ਪਾਇ ਲਾਇ ਦਿਵਾਨ ਸਿੰਘਨ ਗੁਰਮਤਾ ਪੁਨ ਯੋ ਕਰਯੋ।
ਅਬ ਰਚੋ ਜਯੋਂ ਤਯੋਂ ਫੇਰ ਯਹਿ ਦਰਬਾਰ ਮੰਦ੍ਰ ਹਰਿ ਵਰਿਓ।
ਰਚ ਦੇਹੁ ਮੇਲਾ ਦੀਪ ਮਾਲਾ ਭੇਟ ਜੋ ਧਨ ਆਵਹੀ।
ਪੁਨ ਸਿੰਘ ਮਿਸਲਦਾਰ ਤੇ ਸਰਦਾਰ ਬਹੁ ਧਨ ਪਾਵਹੀਂ।
ਫਿਰ ਮੁਲਕ ਔਰ ਉਗਰਾਇ ਲੇਉ ਕਾਜੁ ਯਹਿ ਸੁਭ ਕੀਜੀਏ।
ਯਹਿ ਟਹਿਲ ਹੈ ਨਿਜ ਇਸ੍ਟ ਕੀ ਅਤਿ ਸ੍ਰਿਸ੍ਟ ਮਨ ਕਰੀਜੀਏ।[1]

ਇਕ ਹੋਰ ਗੁਰਮਤਾ ਕਰਕੇ ਦੇਸ ਵਿਦੇਸ਼ ਦੀਆਂ ਸਿੱਖ ਸੰਗਤਾਂ ਨੂੰ ਦੀਪਮਾਲਾ ਦੇ ਅਵਸਰ ਤੇ ਸ੍ਰੀ ਅੰਮ੍ਰਿਤਸਰ ਪਹੁੰਚਣ ਦਾ ਸੱਦਾ ਪੱਤਰ ਭੇਜਿਆ ਗਿਆ ਅਤੇ ਜਦੋਂ ਸੰਗਤਾਂ ਅੰਮ੍ਰਿਤਸਰ ਪਹੁੰਚੀਆਂ ਤਾਂ ਫਿਰ ਦਰਬਾਰ ਸਾਹਿਬ ਉਸਾਰੀ ਲਈ ਬਹੁਤ ਸਾਰਾ ਧਨ ਇਕੱਠਾ ਕੀਤਾ ਗਿਆ:-

ਠਟ ਗੁਰਮਤਾ ਇਹੁ ਪੰਥ ਚਿੱਠੀ ਪਠੀ ਦੇਸ ਬਦੇਸ ਹੈ।
ਸੁਨ ਦੀਪਮਾਲਾ ਕਰਨ ਹਿਤ ਮਿਲ ਆਈ ਸੰਗਤ ਸੇਸ ਹੈ।
ਪਿਖ ਹਾਲ ਤਬ ਦਰਬਾਰ ਦਾ ਸਬ ਤੁਰਕ ਕੋ ਧਿਰਕਾਰ ਹੀਂ।
ਧਨ ਭਯੋ ਕੱਠਾ ਹੇਤ ਮੰਦ੍ਰ ਸਿਖ ਬਹੁ ਸਬ ਚਾਰਹੀਂ।[2]

ਗਿਆਨੀ ਗਿਆਨ ਸਿੰਘ ਨੇ ਇਕ ਹੋਰ ਗੁਰਮਤੇ ਦਾ ਜ਼ਿਕਰ ਕੀਤਾ ਹੈ ਜਿਸ ਅਨੁਸਾਰ ਖਾਲਸਾ ਪੰਥ ਨੇ ਬਾਦਸ਼ਾਹ ਵਲੋਂ ਕੀਤੀ ਪੇਸ਼ਕਸ਼ ਨੂੰ ਠੁਕਰਾ ਦਿੱਤਾ ਸੀ। ਉਸ ਅਨੁਸਾਰ ਚੜਤ

- - - - - - - - - - - - - - - - - - - - - - - - - -

1- ਗਿਆਨੀ ਗਿਆਨ ਸਿੰਘ; 'ਪੰਥ ਪ੍ਰਕਾਸ਼'; ਪੰਨਾ 973

2- ਓਹੀ; ਪੰਨਾ 974

ਸਿੰਘ ਬਾਦਸ਼ਾਹ ਵਲੋਂ ਇਕ ਲਿਖਤੀ ਪੇਸ਼ਕਸ਼ ਲੈ ਕੇ ਖਾਲਸਾ ਪੰਥ ਕੋਲ ਆਇਆ ਸੀ। ਇਸ ਲਿਖਤ ਵਿਚ ਖਾਲਸਾ ਪੰਥ ਨੂੰ ਇਹ ਬੇਨਤੀ ਕੀਤੀ ਗਈ ਸੀ ਕਿ ਜਿਸ ਪ੍ਰਕਾਰ ਸ੍ਰ: ਆਲਾ ਸਿੰਘ ਨੇ ਬਾਦਸ਼ਾਹ ਦੀ ਤਾਬੇਦਾਰੀ ਮਨਜ਼ੂਰ ਕਰਕੇ ਰਾਜਸੀ ਖ਼ਿਤਾਬ ਹਾਸਲ ਕੀਤਾ ਹੈ ਉਸੇ ਪ੍ਰਕਾਰ ਖਾਲਸਾ ਪੰਥ ਬਾਦਸ਼ਾਹ ਦੀ ਤਾਬੇਦਾਰੀ ਲਿਖ ਦੇਵੇ ਅਤੇ ਫਿਰ ਪੰਜਾਬ ਵਿਚ ਅਮਨ ਚੈਨ ਨਾਲ ਰਾਜ ਕਰੇ। ਪਰ ਖਾਲਸੇ ਨੇ ਗੁਰਮਤਾ ਕਰਕੇ ਇਹ ਪੇਸ਼ਕਸ਼ ਨਾ ਮਨਜ਼ੂਰ ਕਰ ਦਿੱਤੀ ਅਤੇ ਇਹ ਜਵਾਬ ਲਿਖ ਘਲਿਆ ਕਿ ਖਾਲਸਾ ਪੰਥ ਕਦੀ ਵੀ ਤੁਰਕਾਂ ਦੀ ਤਾਬੇਦਾਰੀ ਕਬੂਲ ਨਹੀਂ ਕਰ ਸਕਦਾ। ਖਾਲਸਾ ਪੰਥ ਆਪਣੀ ਤੇਗ਼ ਦੇ ਜ਼ੋਰ ਨਾਲ ਰਾਜਨੀਤਕ ਸੱਤਾ ਸਥਾਪਿਤ ਕਰੇਗਾ। ਇਸ ਸਾਰੀ ਘਟਨਾ ਦਾ ਵਰਣਨ ਪੰਥ ਪ੍ਰਕਾਸ਼ ਵਿਚ ਇਸ ਪ੍ਰਕਾਰ ਕੀਤਾ ਗਿਆ ਹੈ:-

ਆਲਾ ਸਿੰਘ ਨ੍ਰਿਪ ਨੇ ਜਿਵੇਂ ਸਾਲਾਨਾ ਛੈ ਲਾਖ।
ਲਿਖ ਦੀਓ ਹੈ ਰਜਤ ਪਣ ਪਕਰਯੋ ਹਮਰਾ ਪਾਖ।
ਤੈਸ ਪੰਜਾਬੀ ਸਿੰਘਨ ਤੈ ਤੁਮਹੂੰ ਦੇਹੁ ਲਿਖਾਇ।
ਜਥਾ ਜੋਗ ਦੇਤੇ ਰਹੈਂ ਕੋਉ ਕਲੇਸ਼ ਨ ਥਾਹਿ।
ਏਹੁ ਲਿਖਤ ਪਾਤਿਸ਼ਾਹੀ ਕੀ ਚੜ੍ਹਤ ਸਿੰਘ ਨੇ ਲਯਾਇ।
ਧਰੀ ਪੰਥ ਆਗੇ ਜਬੈ ਸ੍ਰੀਅੰਮ੍ਰਿਤਸਰ ਮੈਂ ਆਇ।
ਸੁਨ ਪਿਖ ਸਭ ਸਿੰਘਨ ਤਬੈ ਕਰ ਗੁਰਮਤਾ ਵਿਚਾਰ।
ਕਹਯੋ ਨ ਹਵੈ ਹਮ ਤੁਕ ਕੇ ਕਬਹੂੰ ਤਾਬੇਦਾਰ।
ਆਲਾ ਸਿੰਘ ਨੇ ਚਾਲ ਵਰ ਕੀਨੀ ਸਮਾਂ ਵਿਚਾਰ।
ਹਮ ਸਬ ਲੈਹੈਂ ਮੁਲਕ ਅਬ ਜੋਰ ਤੇਗ਼ ਕੇ ਮਾਰ।
ਮੇਲ ਤੁਰਕ ਸੇ ਸਿੰਘਨ ਕਾ ਜਲ ਅਗਨੀ ਸਮ ਆਹਿ।
ਗੁਰ ਕਹਯੋ ਨਹਿ ਕੀਜੀਏ ਤੁਰਕਨ ਕੋ ਵੇਸਾਹਿ।

ਇਹੁ ਠਟ ਸਿੰਘਨ ਸੁਨਹਿ ਕੋ ਲਿਖਯੋ ਐਸ ਜਵਾਬ।

ਹਮਰਾ ਤੁਮਰਾ ਤੇਗ ਸੈ ਮਿਲਬੋ ਆਹਿ ਸਵਾਬ।[1]

ਸਰਹੰਦ ਵਿਖੇ ਸਿੰਘਾਂ ਵਲੋਂ ਗੁਰਮਤਾ ਕਰਨ ਦਾ ਜ਼ਿਕਰ ਪੰਥ ਪ੍ਰਕਾਸ਼ ਵਿਚ ਗਿਆਨੀ ਗਿਆਨ ਸਿੰਘ ਨੇ ਇਸ ਪ੍ਰਕਾਰ ਕੀਤਾ ਹੈ:-

ਫਿਰ ਮਿਲ ਪੰਥ ਗੁਰਮਤਾ ਕਰਕੈ।

ਗੁਰੁ ਕਾ ਬਚਨ ਰਿਦੈ ਮੈ ਧਰ ਕੈ।

ਜਾਹਿ ਕਿਲੈ ਕੀ ਭੀਤ ਮਝਾਰੇ।

ਥੇ ਸਾਹਿਬਜ਼ਾਦੇ ਚਿਣ ਮਾਰੇ।

ਢਾਹਿ ਸਫ਼ਾਇ ਦੁਰਗ ਸੋ ਕੀਓ।

ਗਿਠ ਗਿਠ ਭਰ ਸਿੰਘਨ ਬੰਡ ਲੀਓ।[2]

ਇਸ ਪ੍ਰਕਾਰ ਗਿਆਨੀ ਗਿਆਨ ਸਿੰਘ ਨੇ ਇਤਿਹਾਸ ਦੇ ਵਖ ਵਖ ਪੜਾਵਾਂ ਤੇ ਖਾਲਸੇ ਪੰਥ ਦੁਆਰਾ ਕੀਤੇ ਗਏ ਗੁਰਮਤਿਆਂ ਨੂੰ ਆਪਣੀ ਰਚਨਾ ਪੰਥ ਪ੍ਰਕਾਸ਼ ਵਿਚ ਅੰਕਿਤ ਕੀਤਾ ਹੈ ਅਤੇ ਇਹਨਾਂ ਗੁਰਮਤਿਆਂ ਰਾਹੀਂ ਸੁਦ੍ਰਿੜ ਹੋ ਰਹੀ ਜਥੇਬੰਦਕ ਸ਼ਕਤੀ ਦਾ ਪ੍ਰਗਟਾਵਾ ਕੀਤਾ ਹੈ।

ਤਵਾਰੀਖ਼ ਗੁਰੂ ਖਾਲਸਾ ਅਨੁਸਾਰ ਸਮੇਂ ਸਮੇਂ ਖਾਲਸਾ ਪੰਥ ਗੁਰਮਤੇ ਕਰਕੇ ਅਹਿਮ ਫੈਸਲਾ ਕਰਦਾ ਰਿਹਾ ਹੈ। ਭਾਈ ਕਪੂਰ ਸਿੰਘ ਦੀ ਨਵਾਬੀ ਦੇ ਦੌਰ ਵਿਚ ਖਾਲਸਾ ਪੰਥ ਵਿਚ ਕੁਝ ਜਥੇਬੰਦਕ ਸਮੱਸਿਆਵਾਂ ਉਤਪੰਨ ਹੋ ਗਈਆਂ ਸਨ। ਇਹਨਾਂ ਸਮੱਸਿਆਵਾਂ ਨੂੰ ਹਲ ਕਰਨ ਲਈ ਗੁਰਮਤਾ ਕੀਤਾ ਗਿਆ ਜਿਸ ਦਾ ਜ਼ਿਕਰ ਤਵਾਰੀਖ ਗੁਰੂ ਖਾਲਸਾ ਵਿਚ

---

1- ਗਿਆਨੀ ਗਿਆਨ ਸਿੰਘ; 'ਪੰਥ ਪ੍ਰਕਾਸ਼'; ਪੰਨਾ 978

2- ਓਹੀ; ਪੰਨਾ 988

ਇਸ ਪ੍ਰਕਾਰ ਹੈ -" ਤਾਂ ਬੁਢਾ ਦਲ ਦੇ ਮੁਖੀਏ ਸਿੰਘਾਂ ਨੇ ਗੁਰਮਤਾ ਪੱਕ ਪਕਾਕੇ ਤਰਣੇ ਦਲ ਦੇ ਪੰਜ ਜਥੇ ਬਣਾ ਦਿੱਤੇ ਅਤੇ ਇਹ ਬੀ ਅਰਦਾਸ ਕਰਾ ਦਿੱਤੀ ਕਿ ਜਿਸ ਸਿੰਘ ਦਾ ਮਨ ਜਿਸ ਜਥੇਦਾਰ ਪਾਸ ਯਾ ਜਥੇ ਵਿਚ ਰਹਿਣ ਨੂੰ ਚਾਹੇ ਉਹ ਬੇਸ਼ਕ, ਉਸੇ ਥਾਂ ਜਾ ਰਹੇ; ਸਭਥ ਥਾਂ ਗੁਰੂ ਕਾ ਪੰਥ ਗੁਰੂ ਕਾ ਘਰ ਇਕੋ ਹੈ, ਪਰ ਜਿਸ ਕਿਸੇ ਸਿੰਘ ਉਤੇ ਬਿਨਾਂ ਕਾਰਣ ਜ਼ਾਹਰ ਕੀਤੇ ਕੁਛ ਬੁਰਾਈ ਉਠਾਵੇਗੀ, ਉਸ ਨੂੰ ਤਨਖ਼ਾਹੀਆ ਕਰਕੇ ਪੰਥ ਵਿਚੋਂ ਕਢਿਆ ਜਾਵੇਗਾ।"[1] ਆਪਣੀ ਸੁਰਖਿਆ ਲਈ ਕਿਲੇ ਦੇ ਉਸਾਰਨ ਜੰਗੀ ਸਾਜ਼ੋ ਸਾਮਾਨ ਇਕੱਤ੍ਰ ਕਰਨ ਅਤੇ ਜੰਗ ਦੀ ਤਿਆਰੀ ਕਰਨ ਦੇ ਫ਼ੈਸਲੇ ਵੀ ਖਾਲਸਾ ਪੰਥ ਗੁਰਮਤੇ ਰਾਹੀ ਕਰਦਾ ਰਿਹਾ ਹੈ। ਤਵਾਰੀਖ਼ ਗੁਰੂ ਖਾਲਸਾ ਅਨੁਸਾਰ ਰਾਮਗੜ੍ਹ ਦਾ ਕਿਲ੍ਹਾ ਉਸਾਰਨ ਅਤੇਉਸ ਵਿਚ ਜੰਗੀ ਤਿਆਰੀ ਕਰਨ ਦਾ ਫ਼ੈਸਲਾ ਪੰਥ ਨੇ ਗੁਰਮਤਾ ਕਰਕੇ ਕੀਤਾ। "ਉਸ ਸਮੇਂ ਸਿੰਘਾਂ ਨੇ ਗੁਰਮਤਾ ਕਰਕੇ ਸ੍ਰੀ ਅੰਮ੍ਰਿਤਸਰ ਵਿਚ ਰਾਮਸਰ ਤੀਰਥ ਦੇ ਕਿਨਾਰੇ ਸੰ:1807 ਬਿ:ਵਿਚ ਇਕ ਕੱਚਾ ਕਿਲ੍ਹਾ ਰਾਮਗੜ੍ਹ ਨਾਮੀ ਉਸਾਰਿਆ, ਜਿਸਦੇ ਨਿਸ਼ਾਨ ਬੁਰਜ ਕੋਧਾਂ ਅਸਾਂ ਅਖੀਂ ਵੇਖੇ ਹਨ, ਹੁਣ ਉਥੇ ਗੁਰਦੁਵਾਰੇ ਦੇ ਪੁਜਾਰੀਆਂ ਨੇ ਆਪਣੀ ਮਰਜ਼ੀ ਦੇ ਮਕਾਨ ਬਣਾ ਲੀਤੇ, ਕੁਛ ਬੁਰਜ ਖੜੇ ਬੀ ਹਨ, ਇਸ ਕਿਲ੍ਹੇ ਦੇ ਚੁਫੇਰੇ ਸਿੰਘਾਂ ਨੇ ਜਿਹੜੀ ਪੈਲੀ ਬੀਜੀ ਸੀ ਉਸ ਜ਼ਮੀਨ ਦਾ ਨਾਮ ਰਾਮ ਰੌਣੀ ਮਸ਼ਹੂਰ ਹੋ ਗਿਆ ਜੋ ਹੁਣ ਤਕ ਬੋਲੀ ਜਾਂਦੀ ਹੈ। ਏਸ ਕਿਲੇ ਵਿਚ ਏਧਰੋ ਉਧਰੋ ਜੰਗੀ ਸਾਮਾਨ ਘਾਟ, ਅੰਨ ਦਾ ਜਖੀਰਾ, ਸਿੰਘਾਂ ਨੇ ਬਹੁਤ 'ਕੱਠਾ ਕਰ ਲਿਆ।"[2]

ਤਵਾਰੀਖ਼ ਗੁਰੂ ਖਾਲਸਾ ਅਨੁਸਾਰ;"ਲਖਪਤ ਰਾਇ ਦੀ ਲੱਖਾਂ ਦੀ ਫੌਜ ਨਾਲ ਮੁਕਾਬਲਾ ਕਰਨ ਦਾ ਫ਼ੈਸਲਾ ਸਿੰਘਾਂ ਨੇ ਗੁਰਮਤਾ ਕਰਕੇ ਕੀਤਾ -"ਓਸ ਸਮੇਂ ਸਭ ਸਿੰਘ ਗੁਰਮਤਾ ਕਰਕੇ ਪੰਦ੍ਰਾਂ ਕੁ ਹਜ਼ਾਰ ਕਾਹਨੂੰਵਾਣ ਦੇ ਛੰਭ ਵਿਚ ਜਾ ਕੱਠੇ ਹੋਏ।"[3] ਤਿੰਨ ਮਹੀਨੇ ਦੀ ਜੰਗ ਤੋ

---

1- ਗਿਆਨੀ ਗਿਆਨ ਸਿੰਘ; '<u>ਤਵਾਰੀਖ਼ ਗੁਰੂ ਖਾਲਸਾ</u>'(ਹਿੱਸਾ ਦੂਜਾ);ਪੰਨਾ 119

2- ਓਹੀ; ਪੰਨਾ 162

3- ਓਹੀ; ਪੰਨਾ 157

ਬਾਅਦ ਜਦੋਂ ਖਾਲਸੇ ਪਾਸ ਜੰਗ ਲਈ ਸਾਰਾ ਸਮਾਨ ਮੁੱਕ ਗਿਆ ਤਾਂ ਉਹਨਾਂ ਨੇ ਗੁਰਮਤਾ ਕਰਕੇ ਪਹਾੜਾਂ ਵੱਲ ਨਿਕਲ ਜਾਣ ਦਾ ਫੈਸਲਾ ਕੀਤਾ। ਤਵਾਰੀਖ਼ ਗੁਰੂ ਖਾਲਸਾ ਅਨੁਸਾਰ "ਜਦ ਸਿੰਘਾਂ ਪਾਸ ਜੰਗੀ ਸਮਾਨ ਨ ਰਿਹਾ ਤਾਂ ਗੁਰਮਤਾ ਕਰਕੇ ਇਕ ਪਾਸੇ ਨੂੰ ਨਿਕਲ ਪਏ।"[1] ਪਹਾੜਾਂ, ਜੰਗਲਾਂ ਅਤੇ ਕੰਧਰਾਂ ਵਿਚ ਪਹੁੰਚ ਕੇ ਖਾਲਸੇ ਨੇ ਇਕ ਹੋਰ ਗੁਰਮਤਾ ਕੀਤਾ ਕਿ ਜਦੋਂ ਦੁਸ਼ਮਣ ਰਾਤ ਨੂੰ ਬੇਫ਼ਿਕਰੀ ਵਿਚ ਸੁਤਾ ਪਿਆ ਹੋਵੇ ਉਸ ਵੇਲੇ ਉਸਦੀ ਲੱਖਾਂ ਦੀ ਫੌਜ ਵਿਚ ਭੜਥੂ ਪਾ ਕੇ ਬਦਲਾ ਮੁਕਾਉਣਾ ਹੈ। ਤਵਾਰੀਖ਼ ਗੁਰੂ ਖਾਲਸਾ ਵਿਚ ਇਸ ਗੁਰਮਤੇ ਦਾ ਜ਼ਿਕਰ ਇਸ ਪ੍ਰਕਾਰ ਹੈ-"ਮੁਸਲਮਾਨੀ ਲਸ਼ਕਰ ਤੇ ਉਨ੍ਹਾਂ ਦੇ ਪੈਹਰੂ ਸਿੰਘਾਂ ਵੱਲੋਂ ਬੇਖਟਕੇ ਹੋ ਕੇ ਸੌਂ ਗਏ, ਉਧਰ ਸਰਦਾਰ ਜੱਸਾ ਸਿੰਘ, ਸੁੱਖਾ ਸਿੰਘ, ਕਪੂਰ ਸਿੰਘ, ਦਲੇਰ ਸਿੰਘ, ਭੋਮਾ ਸਿੰਘ, ਭਾਗ ਸਿੰਘ, ਜੈ ਸਿੰਘ ਆਦਿਕਾਂ ਨੇ ਗੁਰਮਤਾ ਕਰਕੇ ਆਵਾਜ਼ਾ ਦਿੱਤਾ, ਖਾਲਸਾ ਜੀ! ਵੈਰੀਆਂ ਨੂੰ ਹਥ ਦਿਖਾਉਣ ਦਾ ਹੁਣ ਵੇਲਾ ਹੈ, ਕਿਉਂਕਿ ਕੁਛ ਤਾਂ ਉਨ੍ਹਾਂ ਨੂੰ ਊਂਘ ਨੇ ਦਬਿਆ ਹੋਇਆ ਹੈ, ਕੁਛ ਤੁਸੀਂ ਚਲ ਦਬੋ। ਏਹ ਗੱਲ ਸਾਰੇ ਖਾਲਸੇ ਨੇ ਮੰਨ ਲਈ ਤੇ ਫੜ ਵਾਗਾਂ ਲਈਆਂ, ਪੰਜ ਛੇ ਘੜੀ ਰਾਤ ਰਹਿੰਦੀ ਸੀ ਧਾਵਾ ਕਰ ਕੇ ਦੁਸ਼ਮਣਾਂ ਉਤੇ ਜਾ ਪਏ, ਝਟਪਟ ਬੇਸ਼ੁਮਾਰਾਂ ਨੂੰ ਕਟ ਕੁਟ ਸ਼ਸਤ੍ਰ ਬਸਤ੍ਰ ਚੰਗੇ ਘੋੜੇ ਲੈ ਕੇ ਤੁਰਕਾਂ ਦੇ ਮਸਾਲ ਮਤਾਬੀਆਂ ਜਗਾਉਂਦਿਆਂ ਨੂੰ ਜਿਥੋਂ ਤਾਈ ਹਥ ਮਾਰਿਆ ਗਿਆ ਮਾਰਕੇ ਮੁੜ ਗਏ।"[2]

1763 ਈ.ਵਿਚ ਸਿੰਘਾਂ ਨੇ ਸਰਹੰਦ ਉਤੇ ਹਮਲਾ ਕਰਨ ਦਾ ਫੈਸਲਾ ਵੀ ਗੁਰਮਤਾ ਕਰਕੇ ਕੀਤਾ। ਤਵਾਰੀਖ਼ ਗੁਰੂ ਖਾਲਸਾ ਅਨੁਸਾਰ -"ਖਾਲਸੇ ਨੇ ਗੁਰਮਤਾ ਕਰਕੇ ਸਰਹੰਦ ਉਪਰ ਧਾਵਾ ਕਰਨ ਲਈ ਸਭ ਮਝੈਲ ਤੇ ਮਲਵਈ ਸਿੰਘ ਬੁਲਾ ਭੇਜੇ। ਸਰਹੰਦ ਪਰ ਧਾਵਾ ਸੁਣਦੇ ਹੀ ਸਿੰਘਾਂ ਨੂੰ ਤਾਂ ਰੋਹ ਚੜ੍ਹ ਗਿਆ, ਸਰਹੰਦ ਦੇ ਸੂਬੇ ਨੂੰ ਖ਼ਬਰ ਭੀ ਨਾ ਹੋਣ ਦਿੱਤੀ

---

1- ਗਿਆਨੀ ਗਿਆਨ ਸਿੰਘ; 'ਤਵਾਰੀਖ਼ ਗੁਰੂ ਖਾਲਸਾ' (ਹਿਸਾ ਦੂਜਾ); ਪੰਨਾ 157

2- ਓਹੀ; ਪੰਨਾ 158

ਤੇ ਆਸ ਪਾਸ ਠੋਏ ਨਦੀ ਦੇ ਕਿਨਾਰੇ ਜੰਗਲ ਵਿਚ ਪੰਜਾਹ ਹਜ਼ਾਰ ਅਸਵਾਰ ਪਯਾਦਾ ਇਕੱਠਾ ਹੋ ਗਿਆ। ਚਾਰ ਕੁ ਹਜ਼ਾਰ ਸਿੰਘ ਜੋ ਮੁਰਿੰਡੇ ਵੱਲੀ ਪਹਿਲੇ ਹੀ ਫਿਰ ਰਿਹਾ ਸੀ, ਜਦ ਉਹ ਮੋਰਿੰਡੇ ਨੂੰ ਸੋਧਦੇ ਹੋਏ ਸਰਹੰਦ ਦੀਆਂ ਕੰਧਾਂ ਤਕ ਆ ਫਿਰੇ, ਤੇ ਜੈਨ ਖਾਂ ਸੂਬਾ ਫੌਜ ਲੈ ਕੇ ਉਨ੍ਹਾਂ ਦੇ ਪਿਛੇ ਲਗ ਪਿਆ, ਤਾਂ ਖਾਲਸੇ ਨੇ ਚੰਗਾ ਮੌਕਾ ਵੇਖ ਕੇ ਅਰਦਾਸ ਸੋਧ ਕੇ ਪੰਦਰਾਂ ਕੋਹਾਂ ਤੋਂ ਹੱਲਾ ਕਰ ਦਿੱਤਾ।"[1] ਤਵਾਰੀਖ਼ ਗੁਰੂ ਖਾਲਸਾ ਵਿਚ ਹੋਲੇ ਮਹੱਲੇ ਦੇ ਅਵਸਰ ਤੇ ਅਨੰਦਪੁਰ ਸਾਹਿਬ ਵਿਖੇ ਗੁਰਮਤਾ ਕਰਨ ਦਾ ਹਵਾਲਾ ਵੀ ਮਿਲਦਾ ਹੈ। 1769 ਈ. ਵਿਚ ਦੁਰਾਨੀਆਂ ਉਪਰ ਹਮਲਾ ਕਰਨ ਦਾ ਫੈਸਲਾ ਅਨੰਦਪੁਰ ਸਾਹਿਬ ਵਿਖੇ ਗੁਰਮਤਾ ਕਰਕੇ ਕੀਤਾ ਗਿਆ। ਇਸ ਗੁਰਮਤੇ ਦਾ ਜ਼ਿਕਰ ਇਸ ਪ੍ਰਕਾਰ ਹੈ:-" ਜਦ ਸੰ:1826 ਬਿ:(1769 ਈ.) ਨੂੰ ਅਨੰਦਪੁਰ ਹੋਲੇ ਪਰ ਬਹੁਤ ਪੰਥ ਕਠਾ ਹੋਯਾ ਤਾਂ ਗੁਰਮਤਾ ਕਰਕੇ ਸਭ ਸਿੰਘ ਦੁਰਾਨੀਆਂ ਉਪਰ ਕਸਬੇ ਨਕੋਦਰ ਪਾਸ ਤਲਵਾਰਾਂ ਖਿਚਕੇ ਜਾ ਪਏ, ਫੇਰ ਤਾਂ ਖੂਬ ਕਟਾ ਵਢ ਹੋਈ ਅਤੇ ਲਾਹੌਰ ਤਕ ਪਿਛਾ ਦਬਾਈ ਚਲੇ ਗਏ।"[2]

ਭਾਈ ਵੀਰ ਸਿੰਘ ਜੀ ਦੇ ਇਤਿਹਾਸਕ ਨਾਵਲ ਸਤਵੰਤ ਕੌਰ ਵਿਚ ਵੀ ਕੁਝ ਗੁਰਮਤਿਆਂ ਦਾ ਜ਼ਿਕਰ ਮਿਲਦਾ ਹੈ। ਦੁਆਬੇ ਦੇ ਹਾਕਮ ਅਦੀਨਾਬੇਗ ਦੀ ਮਦਦ ਕਰਨ ਦਾ ਫੈਸਲਾ ਖਾਲਸੇ ਨੇ ਗੁਰਮਤਾ ਕਰਕੇ ਕੀਤਾ - "ਖਾਲਸੇ ਦੇ ਦਲ ਮੱਤੇ ਹੋਏ ਸ਼ੇਰਾਂ ਵਾਂਗੂ ਉਮੰਡ ਆਏ। ਇਕ ਭਾਰੀ ਫੌਜ ਇਕੱਤ੍ਰ ਹੋ ਗਈ। ਗੁਰਮਤਾ ਹੋ ਕੇ ਆਦੀਨਾਬੇਗ ਨਾਲ ਸ਼ਰਤਾਂ ਦਾ ਫੈਸਲਾ ਹੋਇਆ ਤੇ ਖਾਲਸੇ ਦੇ ਜਥੇਦਾਰ ਨਵਾਬ ਸਾਹਿਬ ਕਪੂਰ ਸਿੰਘ ਜੀ ਇਸ ਜੰਗ ਦੀ ਸਰਕਰਦਗੀ ਕਰਨੇ ਲਈ ਤੁਰਕੀ ਤੇ ਸਿੰਘ ਦੁਹਾਂ ਦਲਾਂ ਪਰ ਥਾਪੇ ਗਏ।"[3] ਮਰਹੱਟਿਆਂ ਪ੍ਰਤੀ

---

1- ਗਿਆਨੀ ਗਿਆਨ ਸਿੰਘ; 'ਤਵਾਰੀਖ਼ ਗੁਰੂ ਖਾਲਸਾ' (ਹਿੱਸਾ ਦੂਜਾ); ਪੰਨਾ 209

2- ਓਹੀ; ਪੰਨਾ 219

3- ਭਾਈ ਵੀਰ ਸਿੰਘ; 'ਸ੍ਰੀ ਮਤੀ ਸਤਵੰਤ ਕੌਰ'; ਪੰਨਾ 136

ਨੀਤੀ ਨਿਰਧਾਰਿਤ ਕਰਨ ਲਈ ਖਾਲਸੇ ਨੇ ਅੰਮ੍ਰਿਤਸਰ ਵਿਖੇ ਇਕੱਤਰਤਾ ਕਰਕੇ ਇਕ ਗੁਰਮਤਾ ਪਾਸ ਕੀਤਾ। ਭਾਈ ਵੀਰ ਸਿੰਘ ਤੇ ਇਸੇ ਨਾਵਲ ਵਿਚ ਇਸ ਗੁਰਮਤੇ ਦਾ ਵਰਣਨ ਇਸ ਪ੍ਰਕਾਰ ਕੀਤਾ ਹੈ -"ਖਾਲਸਾ ਜੀ ਪੈਰ ਉਠਾਉਂਦਾ ਸਿਧਾ ਅੰਮ੍ਰਿਤਸਰ ਨੂੰ ਹੋਇਆ ਤੇ ਉਥੇ ਗੁਰਮਤੇ ਲਈ ਸਾਹ ਲੀਤਾ। ਤੇਜ਼ ਸਾਰੇ ਸੱਦੇ ਫਿਰ ਗਏ ਕਿ ਇਕ ਭਾਰੇ ਗੁਰਮਤੇ ਲਈ ਪ੍ਰਬੰਧ ਹੋਯਾ ਹੈ ਕਿ ਪੰਥ ਨੇ ਮਰਹੱਟਿਆਂ ਨਾਲ ਕੀਕੂੰ ਵਰਤਣਾ ਹੈ।"[1] ਫਿਰ ਦਸਿਆ ਹੈ ਕਿ "ਖਾਲਸੇ ਦੇ ਇਸ ਗੁਰਮਤੇ ਦਾ ਜੋ ਅੰਮ੍ਰਿਤਸਰ ਹੋਇਆ ਸੀ, ਇਹ ਫੈਸਲਾ ਹੋਇਆ ਕਿ ਮਰਹੱਟਿਆਂ ਨਾਲ ਲੜਨਾ ਨਹੀਂ ਹੈ, ਮੇਲ ਕਰਨ ਤਾਂ ਕਰ ਲੈਣਾ ਹੈ, ਪਰ ਜੇ ਸੁਲਾ ਮੰਗਣ ਤਾਂ ਨਹੀਂ ਲੈਣੀ। ਆਕੜਨ, ਮੁਕਾਬਲਾ ਕਰਨ ਤਾਂ ਡਟ ਕੇ ਲੜਨਾ, ਬਹੁੰ ਬਲ ਪੈ ਜਾਏ ਤਾਂ ਬਾਰਾਂ ਵਿਚ ਜਾ ਵੜਨਾ ਹੈ। ਇਸ ਫੈਸਲੇ ਪਰ ਸਿੱਖਾਂ ਦੇ ਦਲ ਥਾਂ ਥਾਂ ਫੈਲ ਗਏ।"[2]

ਉਪਰੋਕਤ ਸਾਰੇ ਵਿਸਤਾਰ ਦੇ ਆਧਾਰ ਤੇ ਇਹ ਸਪਸ਼ਟ ਰੂਪ ਵਿਚ ਨਿਖਰ ਕੇ ਸਾਹਮਣੇ ਆਉਂਦਾ ਹੈ ਕਿ ਇਤਿਹਾਸਕ ਦ੍ਰਿਸ਼ਟੀ ਨਾਲ ਗੁਰਮਤਿਆਂ ਦੀ ਸਿੱਖ ਪਰੰਪਰਾ ਵਿਚ ਵਿਸ਼ੇਸ਼ ਮਹੱਤਤਾ ਹੈ। ਪਰ ਇਥੇ ਇਕ ਪ੍ਰਸ਼ਨ ਉਠਦਾ ਹੈ ਕਿ ਇਕ ਸੰਸਥਾ ਦੇ ਰੂਪ ਵਿਚ ਗੁਰਮਤੇ ਦੀ ਪਰੰਪਰਾ ਕਦੋਂ ਆਰੰਭ ਹੋਈ। ਇਸ ਸੰਬੰਧ ਵਿਚ ਭਾਈ ਵੀਰ ਸਿੰਘ ਦੇ ਵਿਚਾਰ ਇਸ ਪ੍ਰਕਾਰ ਹਨ: "ਇਸ ਗੁਰਮਤੇ ਦੀ ਮਰਿਯਾਦਾ ਦਾ ਮੁੱਢ ਚਮਕੌਰ ਵਿਚ ਹੋਇਆ, ਮਾਨੋ ਪਹਿਲਾ ਗੁਰਮਤਾ ਉਸ ਕਸ਼ਟ ਵੇਲੇ ਹੋਇਆ ਤੇ ਹਜ਼ੂਰ ਸਾਹਿਬ ਸਤਿਗੁਰਾਂ ਨੇ ਸਿੰਘਾਂ ਨੂੰ ਇਸ ਦੀ ਪੂਰੀ ਜਾਚ ਸਿਖਾਈ।"[3] ਡਾ: ਹਰੀ ਰਾਮ ਗੁਪਤਾ ਵੀ ਇਸ ਵਿਚਾਰ ਨਾਲ ਪੂਰੀ ਤਰ੍ਹਾਂ ਸਹਿਮਤ ਹਨ। ਉਹਨਾਂ ਅਨੁਸਾਰ ਪਹਿਲਾ ਗੁਰਮਤਾ

---

1- ਭਾਈ ਵੀਰ ਸਿੰਘ; '<u>ਸ੍ਰੀ ਮਤੀ ਸਤਵੰਤ ਕੌਰ</u>'; ਪੰਨਾ 144

2- ਓਹੀ; ਪੰਨਾ 145

3- ਓਹੀ; ਪੰਨਾ 255

1704 ਈ. ਵਿਚ ਚਮਕੌਰ ਵਿਖੇ ਹੋਇਆ। ਚਮਕੌਰ ਦੀ ਲੜਾਈ ਵਿਚ ਦੋਵੇਂ ਵੱਡੇ ਸਾਹਿਬਜ਼ਾਦੇ ਤੇ ਬਹੁਤ ਸਾਰੇ ਸਿੰਘ ਸ਼ਹੀਦ ਹੋ ਗਏ ਸਨ, ਅਤੇ ਗੁਰੂ ਗੋਬਿੰਦ ਸਿੰਘ ਜੀ ਨਾਲ ਕੇਵਲ ਪੰਜ ਸਿੰਘ ਬਾਕੀ ਰਹਿ ਗਏ ਸਨ। ਇਸ ਸਥਿਤੀ ਵਿਚ ਗੁਰੂ ਸਾਹਿਬ ਨੇ ਆਪ ਮੈਦਾਨੇ-ਜੰਗ ਵਿਚ ਜਾ ਕੇ ਦੁਸ਼ਮਨ ਦੀ ਭਾਰੀ ਫ਼ੌਜ ਨਾਲ ਲੜਨ ਦਾ ਫੈਸਲਾ ਕਰ ਲਿਆ। ਪਰ ਗੁਰੂ ਸਾਹਿਬ ਦੇ ਸਾਥੀ ਪੰਜਾਂ ਸਿੰਘਾਂ ਨੂੰ ਉਹਨਾਂ ਦਾ ਜੰਗ ਵਿਚ ਜਾਣਾ ਪਰਵਾਨ ਨਹੀਂ ਸੀ। ਪੰਜਾਂ ਸਿੰਘਾਂ ਨੇ ਗੁਰਮਤਾ ਕਰਕੇ ਸਪਸ਼ਟ ਕੀਤਾ ਕਿ ਇਸ ਵੇਲੇ ਪੰਜਾਂ ਸਿੰਘਾਂ ਦੇ ਰੂਪ ਵਿਚ ਉਹ ਗੁਰੂ ਹਨ ਅਤੇ ਗੁਰੂ ਗੋਬਿੰਦ ਸਿੰਘ ਜੀ ਖਾਲਸਾ ਹਨ। ਪੰਜਾਂ ਸਿੰਘਾਂ ਦੁਆਰਾ ਕੀਤੇ ਗੁਰਮਤੇ ਅਨੁਸਾਰ ਇਹ ਹੁਕਮ ਕੀਤਾ ਗਿਆ ਕਿ ਪੰਥ ਦੇ ਹਿੱਤ ਵਿਚ ਗੁਰੂ ਸਾਹਿਬ ਨੂੰ ਇਸ ਸਥਾਨ ਤੋਂ ਨਿਕਲ ਜਾਣਾ ਚਾਹੀਦਾ ਹੈ। ਗੁਰੂ ਸਾਹਿਬ ਇਸ ਗੁਰਮਤੇ ਨੂੰ ਸਵੀਕਾਰ ਕਰਕੇ ਉਥੋਂ ਨਿਕਲ ਜਾਣ ਲਈ ਰਾਜੀ ਹੋ ਗਏ।"[1]

ਭਾਈ ਵੀਰ ਸਿੰਘ ਅਨੁਸਾਰ, "ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਦ ਪਹਿਲਾ ਪੰਥਕ ਗੁਰਮਤਾ ਬਾਬਾ ਸੰਤੋਖ ਸਿੰਘ ਜੀ ਦੀ ਜਥੇਦਾਰੀ ਵਿਚ ਹਜ਼ੂਰ ਸਾਹਿਬ ਹੋਇਆ ਤੇ ਆਖ਼ਰੀ ਗੁਰਮਤਾ ਨੌਸ਼ਹਿਰੇ ਦੀ ਲੜਾਈ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਜਥੇਦਾਰੀ ਤੇ ਬਾਬਾ ਫੂਲਾ ਸਿੰਘ ਅਕਾਲੀ ਦੇ ਪ੍ਰਬੰਧ ਵਿਚ ਹੋਇਆ।"[2] ਡਾ: ਹਰੀ ਰਾਮ ਗੁਪਤਾ ਨੇ ਗੁਰਮਤਿਆਂ ਦੇ ਇਤਿਹਾਸ ਦਾ ਵਿਸ਼ਲੇਸ਼ਣ ਕਰਦਿਆਂ ਦਸਿਆ ਹੈ ਕਿ ਪਹਿਲਾ ਰਾਜਨੀਤਕ ਗੁਰਮਤਾ 1710 ਈ. ਵਿਚ ਸਰਹੰਦ ਦੀ ਲੜਾਈ ਤੋਂ ਪਹਿਲਾਂ ਬੰਦਾ ਬਹਾਦਰ ਨੇ ਕੀਤਾ ਅਤੇ ਆਖ਼ਰੀ ਰਾਜਨੀਤਕ ਗੁਰਮਤਾ 1809 ਈ. ਵਿਚ ਅੰਮ੍ਰਿਤਸਰ ਦੇ ਅਹਿਦਨਾਮੇ ਦੇ ਦਸਖਤ ਕਰਨ ਤੋਂ ਪਹਿਲਾਂ ਮਹਾਰਾਜਾ ਰਣਜੀਤ ਸਿੰਘ ਨੇ ਕੀਤਾ।[3] ਮੈਲਕਮ ਅਨੁਸਾਰ ਪਹਿਲਾ ਗੁਰਮਤਾ ਗੁਰੂ

---

1- Gupta, Hari Ram, History of the Sikhs (Vol. IV), P.381-382

2- ਭਾਈ ਵੀਰ ਸਿੰਘ; ਸ੍ਰੀ ਮਤੀ ਸਤਵੰਤ ਕੌਰ; ਪੰਨਾ 255

3- Gupta Hari Ram, History of the Sikhs (Vol. IV), P-385

ਗੋਬਿੰਦ ਸਿੰਘ ਦੇ ਸਮੇਂ ਅਤੇ ਅੰਤਿਮ 1805 ਈ.ਵਿਚ ਹੋਇਆ ਸੀ।[1]

ਵਿਦਵਾਨਾਂ ਦੀਆਂ ਇਹਨਾਂ ਦਲੀਲਾਂ ਦੇ ਆਧਾਰ ਤੇ ਇਹ ਸਿੱਟਾ ਕਢਿਆ ਜਾ ਸਕਦਾ ਹੈ ਕਿ ਪੂਰੀ 18ਵੀਂ ਸਦੀ ਵਿਚ ਖਾਲਸਾ ਪੰਥ ਦਾ ਜਥੇਬੰਦਕ ਅਤੇ ਰਾਜਨੀਤਕ ਜੀਵਨ ਗੁਰਮਤਿਆਂ ਦੁਆਰਾ ਨਿਰਦੇਸ਼ਤ ਹੁੰਦਾ ਰਿਹਾ ਹੈ। ਪਰ ਅਸਲ ਵਿਚ ਗੁਰਮਤੇ ਬਾਰੇ ਇਹ ਸਿਟਾ ਪੂਰੀ ਤਰਾਂ ਤਥਾਂ ਉਪਰ ਆਧਾਰਿਤ ਨਹੀਂ। ਕਿਉਂਕਿ ਜੇ ਵਿਆਪਕ ਨਜ਼ਰੀਏ ਨਾਲ ਸਾਰੇ ਇਤਿਹਾਸ ਨੂੰ ਘੋਖਿਆ-ਪਰਖਿਆ ਜਾਵੇ ਤਾਂ ਸਪਸ਼ਟ ਹੋਵੇਗਾ ਕਿ ਗੁਰਮਤਾ ਬੀਜ ਰੂਪ ਵਿਚ ਗੁਰੂ ਪਰੰਪਰਾ ਵਿਚ ਮੁੱਢ ਤੋਂ ਹੀ ਚਲਿਆ ਆ ਰਿਹਾ ਹੈ ਅਤੇ ਦੂਜੇ ਪਾਸੇ ਗੁਰਮਤੇ ਦੀ ਪਰੰਪਰਾ ਖਾਲਸਾ ਪੰਥ ਵਿਚ ਅਜ ਤਕ ਮੌਜੂਦ ਹੈ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਸਿੰਘਾਂ ਦੇ ਗੁਰਮਤਾ ਕਰਨ ਦੀ ਗਵਾਹੀ ਤਾਂ ਸ਼ਾਹ ਮੁਹੰਮਦ ਦੇ ਜੰਗਨਾਮੇ ਚੋਂ ਵੀ ਮਿਲਦੀ ਹੈ:-

ੳ) ਸਿੰਘਾਂ ਸਾਰਿਆਂ ਬੈਠ ਗੁਰਮਤਾ ਕੀਤਾ
ਚਲੋ ਜਾਇ ਫਿਰੰਗੀ ਨੂੰ ਮਾਰੀਏ ਜੀ।[2]

ਅ) ਪਿਛੇ ਬੈਠ ਸਰਦਾਰ ਗੁਰਮਤਾ ਕਰਦੇ,
ਕੋਈ ਅਕਲ ਦਾ ਕਰੋ ਇਲਾਜ ਯਾਰੋ।[3]

ਇਸ ਤਰ੍ਹਾਂ ਇਹ ਕਹਿਣਾ ਗਲਤ ਹੋਵੇਗਾ ਕਿ ਗੁਰਮਤਾ ਸਿਰਫ 18ਵੀਂ ਸਦੀ ਦੀ ਹੀ ਸਕ੍ਰਿਆ ਸੰਸਥਾ ਸੀ। ਗੁਰੂ ਪਰੰਪਰਾ ਦੇ ਮੁਢ ਤੋਂ ਇਹ ਸੰਸਥਾ ਬੀਜ ਰੂਪ ਵਿਚ ਮੌਜੂਦ ਸੀ ਅਤੇ ਅਜ ਦੇ ਦੌਰ ਵਿਚ ਵੀ ਖਾਲਸਾ ਪੰਥ ਮਹੱਤਵਪੂਰਣ ਧਾਰਮਕ, ਸਮਾਜਿਕ ਅਤੇ ਰਾਜਨੀਤਕ ਨਿਰਣੇ ਗੁਰਮਤੇ ਰਾਹੀਂ ਕਰਦਾ ਹੈ।

---

1- Malcolm, Sketch of the Sikhs, P-98

2- ਅਸ਼ੋਕ, ਸ਼ਮਸ਼ੇਰ ਸਿੰਘ; (ਸੰਪਾਦਕ); ਪ੍ਰਾਚੀਨ ਵਾਰਾਂ ਤੇ ਜੰਗਨਾਮੇ; ਪੰਨਾ 325

3- ਓਹੀ; ਪੰਨਾ 334

ਗੁਰਮਤੇ ਦੇ ਸੰਦਰਭ ਵਿਚ ਦੋ ਹੋਰ ਸੰਸਥਾਵਾਂ ਦਾ ਜ਼ਿਕਰ ਕਰਨਾ ਇਥੇ ਜ਼ਰੂਰੀ ਹੈ। ਇਹ ਹਨ ਅਕਾਲ ਤਖ਼ਤ ਅਤੇ ਸਰਬਤ ਖਾਲਸਾ। ਇਹਨਾਂ ਸੰਸਥਾਵਾਂ ਦਾ ਸਿੱਧਾ ਸਬੰਧ ਗੁਰਮਤੇ ਨਾਲ ਹੈ। ਅਕਾਲ ਤਖਤ ਗੁਰਮਤਾ ਕਰਨ ਦੇ ਸਥਾਨ ਦੇ ਰੂਪ ਵਿਚ ਸਿੱਖ ਪਰੰਪਰਾ ਦੀ ਇਕ ਮੱਹਤਵ ਪੂਰਣ ਸੰਸਥਾ ਰਹੀ ਹੈ। ਸਿੱਖ ਇਤਿਹਾਸਕ ਲਿਖਤਾਂ ਖਾਸ ਕਰਕੇ ਭਾਈ ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਦੀਆਂ ਰਚਨਾਵਾਂ ਦੇ ਆਧਾਰ ਤੇ ਅਸੀਂ ਸਪਸ਼ਟ ਕਰ ਚੁੱਕੇ ਹਾਂ ਕਿ ਖਾਲਸਾ ਪੰਥ ਨੇ ਅਕਾਲ ਤਖਤ ਨੂੰ ਗੁਰਮਤੇ ਕਰਨ ਦੇ ਸਥਾਨ ਦੇ ਰੂਪ ਵਿਚ ਨਿਸ਼ਚਿਤ ਕੀਤਾ ਹੋਇਆ ਸੀ ਅਤੇ ਘੱਟੋ ਘੱਟ ਸਾਲ ਵਿਚ ਦੋ ਵਾਰ ਵਿਸਾਖੀ ਅਤੇ ਦਿਵਾਲੀ ਅਕਾਲ ਤਖ਼ਤ ਉਤੇ ਗੁਰਮਤੇ ਕੀਤੇ ਜਾਂਦੇ ਸਨ। ਇਹ ਠੀਕ ਹੈ ਕਿ ਸਿਖ ਇਤਿਹਾਸ ਵਿਚ ਬਹੁਤ ਸਾਰੇ ਐਸੇ ਅਵਸਰ ਆਏ ਹਨ ਜਦੋ ਖਾਲਸਾ ਪੰਥ ਨੂੰ ਜੰਗਾਂ ਤੇ ਔਕੜਾਂ ਦੇ ਹਾਲਾਤ ਵਿਚ ਅਕਾਲ ਤਖ਼ਤ ਤੋਂ ਅਲਾਵਾ ਹੋਰ ਥਾਵਾਂ ਤੇ ਗੁਰਮਤੇ ਕਰਨੇ ਪਏ ਹਨ ਪਰ ਆਮ ਹਾਲਾਤ ਵਿਚ ਗੁਰਮਤਾ ਅਕਾਲ ਤਖ਼ਤ ਨਾਲ ਹੀ ਸਬੰਧਤ ਰਿਹਾ ਹੈ। ਇਸੇ ਪ੍ਰਕਾਰ ਸਰਬਤ ਖਾਲਸਾ ਵੀ ਗੁਰਮਤੇ ਨਾਲ ਸਬੰਧਤ ਸੰਸਥਾ ਹੈ ਅਤੇ ਗੁਰਮਤਾ ਕਰਨ ਲਈ ਹੀ ਸਰਬਤ ਖਾਲਸਾ ਜੁੜਦਾ ਰਿਹਾ ਹੈ। ਅਸਲ ਵਿਚ ਸਰਬਤ ਖਾਲਸਾ, ਪੰਥ ਦੀ ਉਹ ਨੁਮਾਇੰਦਾ ਜਥੇਬੰਦੀ ਹੈ ਜਿਹੜੀ ਪੰਥਕ ਹਿਤ ਵਿਚ ਮਿਲ ਬੈਠ ਕੇ ਗੁਰਮਤੇ ਸੋਧਦੀ ਹੈ। ਭਾਈ ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਦੀਆਂ ਰਚਨਾਵਾਂ ਵਿਚ ਆਮ ਤੌਰ ਤੇ ਜਿਥੇ ਵੀ ਗੁਰਮਤਾ ਕਰਨ ਦਾ ਜ਼ਿਕਰ ਮਿਲਦਾ ਹੈ ਉਥੇ ਹੀ ਨਾਲ ਸਰਬਤ ਖਾਲਸਾ, ਸਭ ਖਾਲਸਾ ਜਾਂ ਇਹਨਾਂ ਅਰਥਾਂ ਵਾਲੇ ਹੋਰ ਸ਼ਬਦਾਂ ਦਾ ਪਰਯੋਗ ਮਿਲਦਾ ਹੈ। ਹੇਠਲੇ ਉਦਾਹਰਣ ਇਸ ਤਥ ਨੂੰ ਪ੍ਰਮਾਣਿਤ ਕਰਦੇ ਹਨ:-

ੳ) ਅਕਾਲ ਬੁੰਗੇ ਚੜ੍ਹ ਤਖਤੈ ਬਹਿ ਹੈਂ, ਲਾਇ ਦੀਵਾਨ ਗੁਰਮਤੇ ਮਤੈ ਹੈਂ।
ਸ੍ਰਬਤ ਖਾਲਸੈ ਹੋਇ ਅਦਾਲਤ, ਅਸਿਖਨ ਗਾਰ ਸਿੰਘਨ ਪ੍ਰਤਿਪਾਲਤ।[1]

---

1- ਭੰਗੂ, ਭਾਈ ਰਤਨ ਸਿੰਘ; 'ਸ੍ਰੀ ਗੁਰੂ ਪੰਥ ਪ੍ਰਕਾਸ਼'; ਪੰਨਾ 418

ਅ) ਇਸੀ ਤੌਰ ਸਭ ਖਾਲਸੋ ਆਵੈ, ਸੁਨ ਅਰਦਾਸ ਸਭ ਡੇਰੈ ਸਿਧਾਵੈ।
ਬੈਰ ਪਖ ਤਹਿ ਕਰੈ ਨ ਕੋਇ, ਲਾਇ ਦਿਵਾਨ ਸਭ ਗੁਰਮਤੋ ਹੋਇ।[1]

ੲ) ਸਭ ਖਾਲਸੈ ਮਿਲ ਮਤੋ ਠਹਿਰਾਯੋ, ਚਹੀਯਤ ਇਕ ਹੀ ਦੇਹਰੋ ਬਨਵਾਯੋ।[2]

ਸ) ਸਿੰਘਨ ਸਭ ਮਿਲ ਲਾਯੋ ਦਿਵਾਨ, ਇਕ ਥਾਂ ਬਹਿ ਲੀਓ ਗੁਰਮਤਾ ਠਾਨ।[3]

ਹ) ਕਾਮ ਪਰਤ ਥਾ ਜੋ ਕੁਛ ਕਬ ਹੀ।
ਕਰਤ ਗੁਰਮਤਾ ਮਿਲ ਕਰ ਸਭ ਹੀ।[4]

ਕ) ਸੁਨ ਪਿਖ ਸਭ ਸਿੰਘਨ ਤਬੈ ਕਰ ਗੁਰਮਤਾ ਵਿਚਾਰ।[5]

ਇਸ ਤਰ੍ਹਾਂ ਇਹ ਕਿਹਾ ਜਾ ਸਕਦਾ ਹੈ ਕਿ ਗੁਰਮਤਾ ਉਹ ਮਹੱਤਵਪੂਰਣ ਸੰਸਥਾ ਹੈ ਜਿਸ ਰਾਹੀਂ ਖਾਲਸਾ ਪੰਥ ਆਪਣੀ ਜਥੇਬੰਦਕ ਅਤੇ ਰਾਜਨੀਤਕ ਇੱਛਾ ਦਾ ਪ੍ਰਗਟਾਵਾ ਕਰਦਾ ਰਿਹਾ ਹੈ। ਗੁਰਮਤਾ, ਖਾਲਸਾ ਪੰਥ ਦੀ ਜਥੇਬੰਦਕ ਸ਼ਕਤੀ ਨੂੰ ਦ੍ਰਿੜਤਾ ਪ੍ਰਦਾਨ ਕਰਦਾ ਰਿਹਾ ਹੈ ਅਤੇ ਇਤਿਹਾਸ ਦੇ ਅਤਿ ਬਿਖੜੇ ਦੌਰ ਵਿਚ ਵੀ ਖਾਲਸਾ ਪੰਥ ਨੂੰ ਨਿਰਣਾਇਕ ਭੂਮਿਕਾ ਨਿਭਾਉਣ ਦੇ ਸਮਰੱਥ ਬਣਾਉਂਦਾ ਰਿਹਾ ਹੈ। ਗੁਰੂ ਸਾਹਿਬਾਨ ਦੇ ਉਪਦੇਸ਼ਾਂ ਤੇ ਆਧਾਰਿਤ ਅਤੇ ਇਤਿਹਾਸ ਦੀ ਕਸੌਟੀ ਉਤੇ ਖਰੀ ਉਤਰੀ ਇਸ ਸੰਸਥਾ ਨੇ ਖਾਲਸਾ ਪੰਥ ਨੂੰ ਇਕ ਪੂਰਣ ਰਾਜਨੀਤਕ ਧਿਰ ਦੇ ਰੂਪ ਵਿਚ ਸਥਾਪਿਤ ਕਰਨ ਵਿਚ ਵਿਸ਼ੇਸ਼ ਭੂਮਿਕਾ ਨਿਭਾਈ ਹੈ।

- - - - - - - - - - - - - - - - - - - - - - - - - - - - - -

1- ਭੰਗੂ, ਭਾਈ ਰਤਨ ਸਿੰਘ; 'ਸ੍ਰੀ ਗੁਰੂ ਪੰਥ ਪ੍ਰਕਾਸ਼'; ਪੰਨਾ 477

2- ਓਹੀ; ਪੰਨਾ 503

3- ਓਹੀ; ਪੰਨਾ 531

4- ਗਿਆਨੀ ਗਿਆਨ ਸਿੰਘ; ਪੰਥ ਪ੍ਰਕਾਸ਼, ਪੰਨਾ 661

5- ਓਹੀ; ਪੰਨਾ 978

ਪਰ ਇਥੇ ਇਸ ਤੱਥ ਦਾ ਜ਼ਿਕਰ ਕਰਨਾ ਬਹੁਤ ਜ਼ਰੂਰੀ ਹੈ ਕਿ ਗੁਰਮਤੇ ਵਿਚ ਰਾਜਨੀਤਕ ਦੁਨੀਆਂ ਦੇ ਲੋਕਤਾਂਤ੍ਰਿਕ ਅਤੇ ਅਧਿਆਤਮਕ ਦੁਨੀਆਂ ਦੇ ਦੈਵੀ, ਦੋਵੇਂ ਗੁਣ ਮੌਜੂਦ ਹਨ। ਅਸਲ ਵਿਚ ਗੁਰਮਤੇ ਦੀ ਮਰਿਆਦਾ ਵਿਚ ਗੁਰੂ ਗ੍ਰੰਥ ਮੌਜੂਦਗੀ ਵਿਚ ਵਖ ਵਖ ਮਤਾਂ ਦੇ ਪ੍ਰਗਟਾਵੇ ਤੋਂ ਬਾਅਦ, ਗੁਰੂ ਨੂੰ ਹਾਜ਼ਰ ਨਾਜ਼ਰ ਮੰਨ ਕੇ ਅਤੇ ਆਪਣੇ ਜਾਤੀ ਹਿੱਤਾਂ ਤੋਂ ਉਪਰ ਉਠ ਕੇ ਸਾਂਝੇ ਪੰਥਕ ਹਿੱਤਾਂ ਵਿਚ ਕੀਤਾ ਗੁਰਮਤਾ ਇਕ ਪਾਸੇ ਪੂਰੀ ਤਰ੍ਹਾਂ ਲੋਕਤਾਂਤ੍ਰਿਕ ਸਿਧਾਂਤਾਂ ਦੇ ਅਨੁਕੂਲ ਹੈ ਅਤੇ ਦੂਜੇ ਪਾਸੇ ਪੂਰੀ ਤਰ੍ਹਾਂ ਦੈਵੀ ਇੱਛਾ ਤੇ ਸਵੀਕ੍ਰਿਤੀ ਦਾ ਪ੍ਰਤੀਕ ਹੈ।

ਸਿਖ ਧਰਮ ਗ੍ਰੰਥਾਂ ਅਤੇ ਇਤਿਹਾਸਕ ਲਿਖਤਾਂ ਉਪਰ ਅਧਾਰਿਤ ਉਪਰੋਕਤ ਵਿਸਤਾਰ ਤੋਂ ਸਪਸ਼ਟ ਰੂਪ ਵਿਚ ਉਜਾਗਰ ਹੁੰਦਾ ਹੈ ਕਿ ਖਾਲਸਾ ਪੰਥ, ਅਕਾਲ ਤਖਤ ਤੇ ਗੁਰਮਤਾ ਸਿਖ ਪਰੰਪਰਾ ਦੀਆਂ ਮਹੱਤਵਪੂਰਣ ਰਾਜਨੀਤਿਕ ਸੰਸਥਾਵਾਂ ਹਨ। ਖਾਲਸਾ ਪੰਥ ਸਿਖਾਂ ਦੀ ਰਾਜਨੀਤਿਕ ਜਥੇਬੰਦੀ (Political Organization ) ਹੈ; ਅਕਾਲ ਤਖਤ, ਖਾਲਸਾ ਪੰਥ ਦਾ ਸੰਸਾਰਕ ਖੇਤਰ ਵਿਚ ਪ੍ਰਭੁਤਾ ਸੰਪੰਨ ਅਸਥਾਨ (Seat of Temporal Sovereignty )ਹੈ ਅਤੇ ਗੁਰਮਤਾ ਖਾਲਸਾ ਪੰਥ ਦੁਆਰਾ ਅਪਨਾਈ ਜਾਂਦੀ ਨਿਰਣੈ ਲੈਣ ਦੀ ਲੋਕਤਾਂਤ੍ਰਿਕ ਪ੍ਰਕ੍ਰਿਆ ( Democratic Process of Decision Making) ਹੈ। ਸਰਬਤ ਖਾਲਸਾ ਇਹਨਾਂ ਨਾਲ ਸਬੰਧਤ ਉਹ ਰਾਜਨੀਤਿਕ ਸੰਸਥਾ ਹੈ ਜਿਸ ਦੁਆਰਾ ਸਮੁੱਚਾ ਖਾਲਸਾ, ਖਾਲਸਾ ਪੰਥ ਪ੍ਰਤੀ ਆਪਣੀ ਅਟਲ ਨਿਸ਼ਠਾ (Unflinching loyalty ) ਦਾ ਪ੍ਰਗਟਾਵਾ ਕਰਦਾ ਹੈ। ਇਹਨਾਂ ਰਾਜਨੀਤਿਕ ਸੰਸਥਾਵਾਂ ਬਾਰੇ ਇਕ ਮਹੱਤਵਪੂਰਣ ਤਥ ਇਹ ਹੈ ਕਿ ਇਹ ਸਿਧਾਂਤ ਰੂਪ ਵਿਚ ਅਧਿਆਤਮਕ ਸੱਤਾ ਨਾਲ ਜੁੜੀਆਂ ਹੋਈਆਂ ਹਨ। ਖਾਲਸਾ ਪੰਥ ਵਿਚ ਪੰਥ ਦਾ ਖਾਲਸਾਈ ਰੂਪ ਉਸ ਦੇ ਅਕਾਲ ਪੁਰਖ ਨਾਲ ਜੁੜੇ ਹੋਣ ਵਲ ਸੰਕੇਤ ਕਰਦਾ ਹੈ। ਅਕਾਲ ਤਖਤ ਨਾਲ 'ਅਕਾਲ' ਦਾ ਸਬੰਧ ਅਤੇ ਗੁਰਮਤੇ

ਨਾਲ'ਗੁਰੂ' ਦਾ ਰਿਸ਼ਤਾ ਇਸੇ ਹਕੀਕਤ ਦਾ ਗਵਾਹ ਹੈ। ਇਕ ਹੋਰ ਇਹਨਾਂ ਸਿਖ ਰਾਜਨੀਤਿਕ ਸੰਸਥਾਵਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਇਹਨਾਂ ਦਾ ਵਿਹਾਰਕ ਰੂਪ ਲੋਕਤੰਤ੍ਰੀ ਹੈ ਅਤੇ ਇਹ ਸਾਮੂਹਿਕਤਾ ਦੀਆਂ ਪ੍ਰਤੀਕ ਹਨ। ਅਧਿਆਤਮਕ ਅਤੇ ਸੰਸਾਰਕ ਗੁਣਾਂ ਦੀਆਂ ਧਾਰਣੀ ਇਹ ਰਾਜਨੀਤਿਕ ਸੰਸਥਾਵਾਂ ਰਾਜ ਤੇ ਸਿਖ ਸੰਕਲਪ ਦੀ ਨੁਹਾਰ ਸਿਰਜਣ ਲਈ ਪੈਟਰਨ ( Pattern )ਦੇ ਰੂਪ ਵਿਚ ਕਾਰਜਸ਼ੀਲ ਹਨ।

## ਅਧਿਆਇ ਛੇਵਾਂ

## ਰਾਜ ਦਾ ਸਿਖ ਸੰਕਲਪ : ਮੂਲ ਸਿਧਾਂਤ

ਗੁਰੂ ਪਰੰਪਰਾ ਨਾਲ ਜੁੜੇ ਵਿਕਲਪਿਕ ਰਾਜ ਦੇ ਸੰਕਲਪ ਤੋਂ ਸਪਸ਼ਟ ਹੁੰਦਾ ਹੈ ਕਿ ਗੁਰੂ ਪਰੰਪਰਾ ਇਕ ਧਰਮ ਪਰੰਪਰਾ ਦੇ ਨਾਲ ਨਾਲ ਵਿਕਲਪਿਕ ਰਾਜ ਦੇ ਰੂਪ ਵਿਚ ਕਾਰਜਸ਼ੀਲ ਸੀ ਅਤੇ ਉਸਨੇ ਰਾਜ ਨਾਲ ਸਬੰਧਤ ਮਹੱਤਵ-ਪੂਰਣ ਮੁੱਦਿਆਂ ਉਪਰ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕੀਤਾ ਹੈ। ਗੁਰੂ ਪਰੰਪਰਾ ਅਤੇ ਗੁਰੂਆਂ ਤੋਂ ਬਾਅਦ ਸਿਖ ਪਰੰਪਰਾ ਨਾਲ ਜੁੜੇ ਲਿਖਾਰੀ ਵੀ ਇਹਨਾਂ ਰਾਜਨੀਤਿਕ ਮੁੱਦਿਆਂ ਪ੍ਰਤੀ ਪੂਰੀ ਤਰ੍ਹਾਂ ਚੇਤੰਨ ਹਨ ਅਤੇ ਆਪਣੀਆਂ ਰਚਨਾਵਾਂ ਵਿਚ ਆਵਸ਼ਕਤਾ ਅਨੁਸਾਰ ਇਹਨਾਂ ਰਾਜਸੀ ਪ੍ਰਸ਼ਨਾਂ ਦੇ ਉਤਰ ਪ੍ਰਸਤੁਤ ਕਰਦੇ ਹਨ।

ਰਾਜ ਦੇ ਸੰਕਲਪ ਨੂੰ ਨਿਸਚਿਤ ਕਰਨ ਲਈ ਤਿੰਨ ਮਹੱਤਵਪੂਰਣ ਸਿਧਾਂਤਕ ਪ੍ਰਸ਼ਨਾਂ ਦਾ ਉਤਰ ਨਿਰਧਾਰਿਤ ਕਰਨਾ ਆਵਸ਼ਕ ਹੈ।ਇਹ ਤਿੰਨ ਸਿਧਾਂਤਕ ਪ੍ਰਸ਼ਨ ਹਨ:

1) ਰਾਜ ਦੀ ਉਤਪੱਤੀ

2) ਰਾਜ ਦੀ ਪ੍ਰਕ੍ਰਿਤੀ

3) ਰਾਜ ਦੇ ਪ੍ਰਕਾਰਜ

ਸਿਖ ਧਰਮ ਗ੍ਰੰਥਾਂ ਅਤੇ ਇਤਿਹਾਸਕ ਲਿਖਤਾਂ ਵਿਚੋਂ ਇਹਨਾਂ ਸਿਧਾਂਤਕ ਮੁੱਦਿਆਂ ਨਾਲ ਸਬੰਧਤ ਜ਼ਰੂਰੀ ਜਾਣਕਾਰੀ ਉਪਲਬਧ ਹੈ ਅਤੇ ਇਥੇ ਅਸੀਂ ਇਸਦਾ ਵਿਸਤਾਰ ਨਾਲ ਵਰਣਨ ਕਰ ਰਹੇ ਹਾਂ।

### 1- ਰਾਜ ਦੀ ਉਤਪੱਤੀ

ਰਾਜ ਦੀ ਉਤਪਤੀ ਦਾ ਪ੍ਰਸ਼ਨ ਰਾਜਨੀਤਕ ਵਿਚਾਰਧਾਰਮਕ ਪ੍ਰਵਾਹ ਵਿਚ ਬਹੁਤ ਮਹੱਤਵਪੂਰਣ ਹੈ। ਆਮ ਤੌਰ ਤੇ ਐਸੇ ਪ੍ਰਸ਼ਨਾਂ ਦਾ ਉਤਰ ਭਾਲਣ ਲਈ ਇਤਿਹਾਸ ਦਾ ਸਹਾਰਾ ਲਿਆ ਜਾਂਦਾ ਹੈ ਪਰ ਰਾਜ ਦੀ ਉਤਪਤੀ ਦੇ ਪ੍ਰਸ਼ਨ ਤੇ ਇਤਿਹਾਸ ਸ਼ਾਂਤ ਹੈ। ਇਸ ਲਈ ਇਤਿਹਾਸਕ ਤਥਾਂ ਦੇ ਅਭਾਵ ਵਿਚ ਕਲਪਨਾ ਦੇ ਆਧਾਰ ਤੇ ਰਾਜ ਦੀ ਉਤਪਤੀ

ਸਬੰਧੀ ਬਹੁਤ ਸਾਰੇ ਸਿਧਾਂਤ ਨਿਖਰ ਕੇ ਸਾਹਮਣੇ ਆਏ। ਇਹਨਾਂ ਵਿਚੋਂ ਪ੍ਰਮੁੱਖ ਹਨ - ਦੈਵੀ ਉਤਪੱਤੀ ਦਾ ਸਿਧਾਂਤ, ਸ਼ਕਤੀ ਦਾ ਸਿਧਾਂਤ, ਸਮਾਜਿਕ ਸਮਝੌਤੇ ਦਾ ਸਿਧਾਂਤ, ਅਨੁਵੰਸ਼ਿਕ ਸਿਧਾਂਤ ਅਤੇ ਵਿਕਾਸਵਾਦੀ ਸਿਧਾਂਤ।

ਦੈਵੀ ਉਤਪਤੀ ਦੇ ਸਿਧਾਂਤ ਅਨੁਸਾਰ ਰਾਜ ਕੋਈ ਕ੍ਰਿਤ੍ਰਿਮ ਸੰਸਥਾ ਨਹੀਂ ਅਤੇ ਨਾ ਹੀ ਮਨੁੱਖੀ ਦਿਮਾਗ਼ ਦੀ ਉਪਜ ਹੈ, ਬਲਕਿ ਇਹ ਰੱਬੀ ਦੇਣ ਹੈ। ਸ਼ਕਤੀ ਦੇ ਸਿਧਾਂਤ ਮੁਤਾਬਕ ਰਾਜ ਦੀ ਉਤਪਤੀ ਦਾ ਕਾਰਣ ਸ਼ਕਤੀ ਹੈ। ਰਾਜ ਦੀ ਉਤਪਤੀ ਸ਼ਕਤੀਸ਼ਾਲੀਆਂ ਦੀ ਸ਼ਕਤੀਹੀਨਾਂ ਤੇ ਜਿੱਤ ਕਾਰਣ ਹੋਈ। ਸਮਾਜਿਕ ਸਮਝੌਤੇ ਦੇ ਵਿਚਾਰਕਾਂ ਅਨੁਸਾਰ ਰਾਜ ਦੀ ਉਤਪਤੀ ਇਕ ਸਮਝੌਤੇ ਰਾਹੀਂ ਹੋਈ। ਮਨੁੱਖ ਪ੍ਰਕ੍ਰਿਤਿਕ ਅਵਸਥਾ ਵਿਚ ਰਹਿੰਦਾ ਸੀ ਅਤੇ ਲੋੜ ਪੈਣ ਤੇ ਉਸਨੇ ਇਕ ਸਮਝੌਤਾ ਕੀਤਾ ਅਤੇ ਰਾਜ ਦੀ ਸਥਾਪਨਾ ਕੀਤੀ। ਇਸ ਸਿਧਾਂਤ ਦੇ ਤਿੰਨ ਪ੍ਰਮੁੱਖ ਵਿਚਾਰਕ ਹਨ - ਹਾਬਸ, ਲਾਕ ਅਤੇ ਰੂਸੋ। ਇਹਨਾਂ ਤਿੰਨਾਂ ਵਿਚਾਰਕਾਂ ਨੇ ਆਪਣੇ ਆਪਣੇ ਢੰਗ ਨਾਲ ਰਾਜ ਦੀ ਉਤਪਤੀ ਲਈ ਹੋਏ ਸਮਝੌਤੇ ਦਾ ਵਰਣਨ ਕੀਤਾ ਹੈ। ਅਨੁਵੰਸ਼ਿਕ ਸਿਧਾਂਤ, ਪਰਿਵਾਰ ਨੂੰ ਵਿਅਕਤੀਆਂ ਦੇ ਸਮੂਹ ਦਾ ਸਭ ਤੋਂ ਪੁਰਾਣਾ ਰੂਪ ਮੰਨਦਾ ਹੈ ਅਤੇ ਵਿਅਕਤੀ ਦੀ ਥਾਂ ਤੇ ਪਰਿਵਾਰ ਨੂੰ ਸਮਾਜ ਦੀ ਇਕਾਈ ਦੇ ਰੂਪ ਵਿਚ ਦੇਖਦਾ ਹੈ। ਇਸ ਸਿਧਾਂਤ ਅਨੁਸਾਰ ਪਰਿਵਾਰ ਵਿਚ ਹੀ ਰਾਜ ਦੇ ਪ੍ਰਾਰੰਭਿਕ ਗੁਣ ਮਿਲਦੇ ਹਨ ਇਸ ਲਈ ਰਾਜ ਨੂੰ ਪਰਿਵਾਰ ਦਾ ਵਿਕਸਿਤ ਰੂਪ ਮੰਨਿਆ ਜਾਣਾ ਚਾਹੀਦਾ ਹੈ। ਇਸ ਸਿਧਾਂਤ ਦੇ ਦੋ ਰੂਪ ਹਨ: ਪਿਤ੍ਰਾਤਮਕ ਸਿਧਾਂਤ, ਜਿਸ ਵਿਚ ਪਿਤਾ ਨੂੰ ਪਰਿਵਾਰ ਦਾ ਮੁਖੀ ਮੰਨਿਆਂ ਜਾਂਦਾ ਹੈ ਅਤੇ ਮਾਤ੍ਰਾਤਮਕ ਸਿਧਾਂਤ, ਜਿਸ ਵਿਚ ਮਾਤਾ ਦੇ ਨਾਂ ਤੇ ਪਰਿਵਾਰ ਚਲਦਾ ਹੈ। ਵਿਕਾਸਵਾਦੀ ਸਿਧਾਂਤ ਵਿਚ ਰਾਜ ਨੂੰ ਵਿਕਾਸ ਦਾ ਪਰਿਣਾਮ ਮੰਨਿਆ ਜਾਂਦਾ ਹੈ। ਸਭਿਅਤਾ ਦੇ ਵਿਕਾਸ ਨਾਲ ਮਨੁੱਖੀ ਸਮਾਜ ਜਟਿਲ ਹੁੰਦਾ ਗਿਆ ਅਤੇ ਉਸਦੀਆਂ ਸਮੱਸਿਆਵਾਂ ਵਧਦੀਆਂ ਗਈਆਂ। ਵਿਕਾਸ ਨਾਲ ਰਾਜਨੀਤਕ ਜਾਗ੍ਰਤੀ ਉਜਾਗਰ ਹੋਈ ਅਤੇ ਨਵੀ ਆਂ ਨਵੀਆਂ ਸੰਸਥਾਵਾਂ ਦਾ ਜਨਮ ਹੋਇਆ। ਰਾਜ ਇਹਨਾਂ ਸੰਸਥਾਵਾਂ ਦਾਂ

ਪੂਰਣ ਵਿਕਸਿਤ ਰੂਪ ਹੈ। ਰਾਜ ਦੇ ਵਿਕਾਸ ਵਿਚ ਜਿਨ੍ਹਾਂ ਪ੍ਰਮੁਖ ਤੱਤਾਂ ਦਾ ਯੋਗਦਾਨ ਹੈ ਉਹ ਇਸ ਪ੍ਰਕਾਰ ਹਨ - ਰਕਤ - ਸਬੰਧ (Kinship ); ਧਰਮ (Religion ); ਸ਼ਕਤੀ (Force ); ਆਰਥਕ ਲੋੜਾਂ (Economic neccesities ) ਅਤੇ ਰਾਜਨੀਤਕ ਚੇਤਨਾ ( Political Consciousness )। ਸਿੱਖ ਧਰਮ ਗ੍ਰੰਥਾਂ ਤੇ ਇਤਿਹਾਸ ਗ੍ਰੰਥਾਂ ਵਿਚੋਂ ਉਜਾਗਰ ਹੁੰਦਾ ਰਾਜ ਦੀ ਉਤਪਤੀ ਦਾ ਸਿਧਾਂਤ ਕਾਫੀ ਹੱਦ ਤੱਕ ਦੈਵੀ ਸਿਧਾਂਤ ਤੋਂ ਪ੍ਰਭਾਵਿਤ ਹੈ ਇਸੇ ਲਈ ਇਥੇ ਰਾਜ ਦੀ ਉਤਪਤੀ ਦੇ ਦੈਵੀ ਸਿਧਾਂਤ ਦੀ ਥੋੜੀ ਵਿਸਤਾਰ ਨਾਲ ਵਿਆਖਿਆ ਕਰਨਾ ਉਚਿਤ ਹੋਵੇਗਾ।

ਦੈਵੀ ਉਤਪੱਤੀ ਦਾ ਸਿਧਾਂਤ-

ਦੈਵੀ ਉਤਪੱਤੀ ਦਾ ਸਿਧਾਂਤ ਸਭ ਤੋਂ ਪੁਰਾਤਨ ਸਿਧਾਂਤ ਹੈ। ਇਸ ਸਿਧਾਂਤ ਅਨੁਸਾਰ ਸੰਸਾਰ ਦੀਆਂ ਸਾਰੀਆਂ ਸੰਸਥਾਵਾਂ ਈਸ਼ਵਰ ਦੁਆਰਾ ਬਣਾਈਆਂ ਗਈਆਂ ਹਨ ਅਤੇ ਰਾਜ ਵੀ ਈਸ਼ਵਰੀ ਕ੍ਰਿਤ ਹੈ। ਰਾਜ ਮਨੁਖੀ ਨਹੀਂ ਸਗੋਂ ਦੈਵੀ ਸੰਸਥਾ ਹੈ। ਈਸ਼ਵਰ ਆਪਣੇ ਪ੍ਰਤੀਨਿਧੀ ਦੁਆਰਾ ਰਾਜ ਤੇ ਸ਼ਾਸਨ ਕਰਦਾ ਹੈ। ਅਸਲ ਵਿਚ ਮਨੁੱਖ ਦੇ ਕਲਿਆਣ ਲਈ ਈਸ਼ਵਰ ਨੇ ਰਾਜ ਰੂਪੀ ਸੰਸਥਾ ਨੂੰ ਜਨਮ ਦਿੱਤਾ ਹੈ ਅਤੇ ਰਾਜਾ ਈਸ਼ਵਰ ਦੇ ਪ੍ਰਤੀਨਿਧੀ ਦੇ ਰੂਪ ਵਿਚ ਮਨੁੱਖੀ ਕਲਿਆਣ ਲਈ ਕਾਰਜਸ਼ੀਲ ਹੁੰਦਾ ਹੈ।

ਰਾਜ ਦੀ ਉਤਪਤੀ ਦਾ ਇਹ ਸਿਧਾਂਤ ਧਰਮ ਨਾਲ ਜੁੜਿਆ ਹੋਇਆ ਹੈ ਅਤੇ ਵਖ ਵਖ ਧਰਮਾਂ ਦੇ ਧਰਮ ਗ੍ਰੰਥਾਂ ਤੇ ਹੋਰ ਲਿਖਤਾਂ ਵਿਚ ਇਸ ਦਾ ਜ਼ਿਕਰ ਮਿਲਦਾ ਹੈ। ਗੀਤਾ ਵਿਚ ਸ੍ਰੀ ਕ੍ਰਿਸ਼ਨ ਨੇ ਕਿਹਾ ਹੈ ਕਿ ਮਨੁੱਖਾਂ ਵਿਚ ਮੈਂ ਰਾਜਾ ਹਾਂ।[1] ਯੂਰੋਪ ਵਿਚ ਈਸਾਈ ਧਰਮ ਦੇ ਫੈਲਣ ਨਾਲ ਦੈਵੀ ਸਿਧਾਂਤ ਨੂੰ ਮਹਾਨਤਾ ਪ੍ਰਾਪਤ ਹੋ ਗਈ ਅਤੇ ਰਾਜਾ ਨੂੰ ਈਸ਼ਵਰ ਦਾ ਪ੍ਰਤੀਨਿਧੀ ਮੰਨਿਆ ਜਾਣ ਲਗ ਪਿਆ। ਸੈਂਟ ਪਾਲ ਨੇ ਇਸ ਸਿਧਾਂਤ ਦਾ ਭਰਪੂਰ ਸਮਰਥਨ

---

1- ਸ੍ਰੀ ਮਦ ਭਾਗਵਦ ਗੀਤਾ, ਪੰਨਾ 332

ਕਰਦਿਆਂ ਕਿਹਾ ਹੈ ਕਿ ਸਾਰੀਆਂ ਆਤਮਾਵਾਂ ਨੂੰ ਉਚੀਆਂ ਸ਼ੁਕਤੀਆਂ ਦੇ ਅਧੀਨ ਹੋਣਾ ਚਾਹੀਦਾ ਹੈ ਕਿਉਂਕਿ ਈਸ਼ਵਰੀ ਸ਼ੁਕਤੀ ਤੋਂ ਇਲਾਵਾ ਕੋਈ ਸ਼ੁਕਤੀ ਨਹੀਂ ਹੈ। ਸਾਰੀਆਂ ਸੰਸਾਰਕ ਸ਼ੁਕਤੀਆਂ ਈਸ਼ਵਰ ਦੀਆਂ ਦਿੱਤੀਆਂ ਹਨ। ਇਸ ਲਈ ਜਿਹੜਾ ਉਹਨਾਂ ਦੀ ਅਵਗਿਆ ਕਰਦਾ ਹੈ ਉਹ ਈਸ਼ਵਰ ਦੀ ਅਵਗਿਆ ਕਰਦਾ ਹੈ ਅਤੇ ਐਸਾ ਮਨੁੱਖ ਨਰਕ ਦਾ ਭਾਗੀ ਹੁੰਦਾ ਹੈ।[1] ਇਸਲਾਮ ਦੀ ਵਿਚਾਰਧਾਰਾ ਅਨੁਸਾਰ ਸੱਚੀ ਸੰਪ੍ਰਭੁਤਾ ਰਬ ਕੋਲ ਹੈ। ਖਲੀਫ਼ਾ ਜਾਂ ਕੋਈ ਹੋਰ ਹੁਕਮਰਾਨ ਸੁਤੰਤਰ ਨਹੀਂ ਸਗੋਂ ਰੱਬ ਦੇ ਉਸ ਸਾਧਨ ਮਾਤਰ ਹਨ ਜਿਸ ਨਾਲ ਉਹ ਮਨੁੱਖੀ ਖੇਤਰ ਤੇ ਆਪਣਾ ਨਿਯੰਤ੍ਰਣ ਰਖਦਾ ਹੈ। ਰਾਜੇ ਨੂੰ ਸਮਰਪਤ ਹੋਣਾ ਮੁਸਲਮਾਨ ਲਈ, ਰਬ ਦੇ ਉਦੇਸ਼ਾਂ ਨੂੰ ਸਮਰਪਤ ਹੋਣ ਦੇ ਤੁਲ ਹੈ ਅਤੇ ਰਾਜੇ ਵਿਰੁੱਧ ਬਗ਼ਾਵਤ ਕਰਨ ਦਾ ਅਰਥ ਰਬ ਅਤੇ ਮੁਹੰਮਦ ਸਾਹਿਬ ਦੇ ਉਦੇਸ਼ਾਂ ਵਿਰੁੱਧ ਬਗਾਵਤ ਹੈ।[2]

- - - - - - - - - - - - - - - - - - - - - - - - - - - - - - - -

1- "Let every soul be subject unto the higher powers. For there isno power but of God: the powers that are ordained of God. Whosoever therefore, resisteth the ordinance of God; and they that resist shall receive to themselves damnation."

-Sabine, George H, A History of Political Theory, P-177

2- "True sovereignty, it was held, rested with God. Caliph or any other ruler over muslims was not an independent agent but a means by which God controlled the affairs of men. To submit to the ruler meant for a muslim to submit to the purpose of God and to revolt against the ruler should than be tantamount to revolt against the purpose of God and the Prophet."

-Askari, Hasan, 'Society and State in Islam An Introduction;'P-91.

ਪੁਰਾਤਨ ਗ੍ਰੀਕ ਵਿਚਾਰਧਾਰਾ ਵਿਚ ਵੀ ਦੈਵੀ ਸਿਧਾਂਤ ਦੇ ਹਵਾਲੇ ਮਿਲਦੇ ਹਨ। ਸੋਫਿਸਟਾਂ ਤੋਂ ਪਹਿਲਾਂ ਦਾ ਗ੍ਰੀਕ ਵਿਚਾਰਕ ਹੋਮਰ ਦੈਵੀ ਸਿਧਾਂਤ ਵਿਚ ਵਿਸ਼ਵਾਸ ਰਖਦਾ ਸੀ। ਉਸ ਅਨੁਸਾਰ ਰਾਜੇ ਪਾਸ ਦੈਵੀ ਪ੍ਰਮਾਣਿਕਤਾ ਹੁੰਦੀ ਹੈ।[1] ਬਹੁਤ ਸਾਰੇ ਵਿਦਵਾਨ ਮਹਾਨ ਗ੍ਰੀਕ ਵਿਚਾਰਕ ਪਲੈਟੋ ਨੂੰ ਦੈਵੀ ਸਿਧਾਂਤ ਦਾ ਸਮਰਥਕ ਮੰਨਦੇ ਹਨ ਅਤੇ ਉਸਦੀ ਵਿਚਾਰਧਾਰਾ ਵਿਚੋਂ ਦੈਵੀ ਤੱਤਾਂ ਦੀ ਭਾਲ ਕਰਦੇ ਹਨ।[2] ਆਰਨੈਸਟ ਬਾਰਕਰ ਅਨੁਸਾਰ ਪ੍ਰੋਟੈਗੋਰਸ ਨੇ ਵੀ ਪਲੈਟੋ ਦੇ ਦੈਵੀ ਸਿਧਾਂਤ ਪ੍ਰਤੀ ਝੁਕਾਅ ਨੂੰ ਪੂਰਵ ਅਨੁਮਾਨਿਤ ਕਰਕੇ ਦੈਵੀ ਸਿਧਾਂਤ ਦਾ ਸਮਰਥਨ ਕੀਤਾ ਸੀ। ਉਸ ਨੇ ਰਾਜ ਨੂੰ ਮਨੁੱਖੀ ਕ੍ਰਿਤ ਦੀ ਥਾਂ ਰੱਬੀ ਹੁਕਮ ਦੀ ਤਾਮੀਲ ਮੰਨਿਆ ਹੈ।[3]

---

1- "The Homeric King has his title as an officer of the community. All the chieftains of a stem bear the name of 'Kings' and all claim divine descent: the King can only be, and only is distinguished from his fellows by the fact that he is the appointed officer of the whole community."
-Barker Ernest, Greek Political Theory, P-47.

2- Barker Ernest, Greek Political Theory, P-318.

3- "It would be truer to say that he (Protagoras) anticipated Plato in teaching the doctrine of the educational state resting on divine basis of justice; and he certainly conceived the state as an ordinance of God, and existing 'rure divino', rather than as a creation of men, existing 'ex contractent'."
- Ibid, P-72

ਰਾਜਨੀਤਕ ਵਿਚਾਰਕ ਐਡਮੰਡ ਬਰਕ ਅਨੁਸਾਰ ਕੋਈ ਸਰਕਾਰ ਜਾਂ ਸਮਾਜ, ਸਿਰਫ਼ ਵਿਅਕਤੀ ਨਾਲ ਸਬੰਧਿਤ ਮਾਮਲਾ ਨਹੀਂ ਸਗੋਂ ਐਸੀ ਦੈਵੀ ਨੈਤਿਕ ਵਿਵਸਥਾ ਦਾ ਹਿੱਸਾ ਹੈ ਜਿਸ ਨਾਲ ਰਬ ਸੰਸਾਰ ਦੀ ਕਾਰ-ਵਿਹਾਰ ਚਲਾਉਂਦਾ ਹੈ।[1] ਮਹਾਨ ਵਿਚਾਰਕ ਹੀਗਲ ਦੇ ਕਥਨ ਅਨੁਸਾਰ ਰਬ ਦੁਨੀਆਂ ਦੀ ਕਾਰ ਵਿਹਾਰ ਦਾ ਸੰਚਾਲਕ ਹੈ, ਉਸਦੀ ਸਰਕਾਰ ਦੀ ਕਾਰਗੁਜ਼ਾਰੀ ਅਤੇ ਉਸਦੀ ਵਿਉਂਤ ਨੂੰ ਨੇਪਰੇ ਚਾੜ੍ਹਨਾ ਹੀ ਸੰਸਾਰ ਦਾ ਇਤਿਹਾਸ ਹੈ।[2] ਰਾਜ ਪ੍ਰਤੀ ਆਪਣੇ ਨਜ਼ਰੀਏ ਨੂੰ ਸਪਸ਼ਟ ਕਰਦਿਆਂ ਹੀਗਲ ਕਹਿੰਦਾ ਹੈ ਕਿ ਰਾਜ ਧਰਤੀ ਉੱਤੇ ਦੈਵੀ ਵਿਚਾਰ ਦਾ ਪ੍ਰਗਟਾਵਾ ਹੈ।[3] ਕੁਝ ਵਿਦਵਾਨ ਤਾਂ ਹਾਬਸ ਦੇ ਸਮਾਜਕ ਸਮਝੌਤੇ ਦੇ ਸਿਧਾਂਤ ਨੂੰ ਵੀ ਦੈਵੀ ਸਿਧਾਂਤ ਤੋਂ ਪ੍ਰਭਾਵਿਤ ਮੰਨਦੇ ਹਨ ਅਤੇ ਉਹਨਾਂ ਅਨੁਸਾਰ ਹਾਬਸ ਜਿਸ ਤਰ੍ਹਾਂ ਦੀ ਰਾਜਤੰਤ੍ਰੀ ਵਿਵਸਥਾ ਦੀ ਵਕਾਲਤ ਕਰਦਾ ਹੈ, ਉਹ ਦੈਵੀ ਸਿਧਾਂਤ ਦੇ ਰਾਜ ਕੋਲੋਂ ਵਖਰੀ ਨਹੀਂ। ਇਸ ਤਰ੍ਹਾਂ ਰਾਜਨੀਤੀ ਦੇ ਇਤਿਹਾਸ ਵਿਚ ਸ਼ੁਰੂ ਤੋਂ

- - - - - - - - - - - - - - - - - - - - - - - - - - - - - - - -

1- "Bruke never could feel that any government or any society was a matter of human concern alone; it was a part of the divine moral order wherewith God governs the world."
-Sabine, George.H, 'A History of Political Theory';P-556.

2- "God governs the world; the actual working of his government-the carrying out of hisplan- is the History of the world."- Hegel.
-Man and the State-The Political Philosophers,P-442.

3- "The State is the Divine Idea as it exists on earth".
-Hegel.
-Ebenstein, William, Modern Political Thought, P-335

ਦੈਵੀ ਸਿਧਾਂਤ ਦਾ ਇਕ ਮਹੱਤਵਪੂਰਨ ਸਥਲ ਰਿਹਾ ਹੈ ਅਤੇ ਵਖ ਵਖ ਵਿਦਵਾਨਾਂ ਨੇ ਇਸ ਸਿਧਾਂਤ ਵਿਕਾਸ ਵਿਚ ਆਪਣਾ ਯੋਗਦਾਨ ਪਾਇਆ ਹੈ।

ਰਾਜ ਦੀ ਉਤਪੱਤੀ ਦਾ ਸਿੱਖ ਸਿਧਾਂਤ

ਸਿੱਖ ਮਤ ਵਿਚ ਰਾਜ ਦੀ ਉਤਪਤੀ ਦਾ ਸੰਕਲਪ ਰਬ ਨਾਲ ਜੁੜਿਆ ਹੋਇਆ ਹੈ। ਰਾਜ ਦੀ ਉਤਪਤੀ ਦੇ ਸਿੱਖ ਸੰਕਲਪ ਨੂੰ ਸਮਝਣ ਲਈ ਰਾਜ ਦੇ ਸੰਦਰਭ ਵਿਚ ਰੱਬ ਦੇ ਸੰਕਲਪ ਨੂੰ ਸਮਝਣਾ ਅਤਿ ਆਵਸ਼ਕ ਹੈ। ਗੁਰੂ ਗ੍ਰੰਥ ਸਾਹਿਬ ਵਿਚ ਬਹੁਤ ਸਾਰੇ ਐਸੇ ਪ੍ਰਮਾਣ ਮਿਲਦੇ ਹਨ ਜਿਹਨਾਂ ਦੇ ਆਧਾਰ ਤੇ ਰਬ ਦਾ, ਰਾਜ ਨਾਲ ਸਿੱਧਾ ਸਬੰਧ ਉਜਾਗਰ ਹੁੰਦਾ ਹੈ ਅਤੇ ਉਨ੍ਹਾਂ ਵਿਰਲਾ ਰਿਸ਼ਤਾ ਉਘੜ ਕੇ ਸਾਹਮਣੇ ਆਉਂਦਾ ਹੈ।

ਗੁਰਬਾਣੀ ਵਿਚ ਰਬ ਰਾਜੇ ਦਾ ਸੰਕਲਪ

ਬਾਣੀ ਪਰਮਾਤਮਾ ਨੂੰ ਇਕ ਰਾਜੇ ਦੇ ਰੂਪ ਵਿਚ ਵੇਖਦੀ ਹੈ ਅਤੇ ਥਾਂ ਥਾਂ ਤੇ ਰਬ ਦੀ ਪਛਾਣ ਇਕ ਰਾਜੇ ਦੇ ਰੂਪ ਵਿਚ ਸਥਾਪਿਤ ਕਰਦੀ ਹੈ। ਗੁਰੂ ਨਾਨਕ ਦੇਵ ਲਈ ਪਰਮੇਸ਼ਰ ਪਾਤਸ਼ਾਹ ਹੈ ਅਤੇ ਉਸ ਨੇ ਸੰਸਾਰ-ਰਚਨਾ ਰਾਹੀਂ ਆਪਣਾ ਆਪ ਵਿਖਾਲਿਆ ਹੈ:-

ਪਪੈ ਪਾਤਿਸਾਹੁ ਪਰਮੇਸਰੁ ਵੇਖਣ ਕਉ ਪਰਪੰਚੁ ਕੀਆ॥[1]

ਮਾਰੂ ਰਾਗ ਵਿਚ ਗੁਰੂ ਨਾਨਕ ਦੇਵ ਜੀ ਰਬ ਨੂੰ ਰਾਜੇ ਦੇ ਰੂਪ ਵਿਚ ਦਰਸਾਂਦਿਆਂ ਸਪਸ਼ਟ ਕਰਦੇ ਹਨ ਕਿ ਆਪਣੇ ਲੋਕਾਂ ਦੇ ਕਾਜ ਸਵਾਰਨਾ ਰਬ-ਰਾਜੇ ਦਾ ਪ੍ਰਮੁੱਖ ਕਾਰਜ ਹੈ:

ਤੂੰ ਏਕੰਕਾਰੁ ਨਿਰਾਲਮੁ ਰਾਜਾ॥
ਤੂ ਆਪਿ ਸਵਾਰਹਿ ਜਨ ਕੇ ਕਾਜਾ॥[2]

ਰਬ ਨੂੰ ਦੁਨਿਆਵੀ ਰਾਜਿਆਂ ਕੋਲੋਂ ਨਿਖੇੜਨ ਅਤੇ ਉਸ ਦੀ ਸਰਵੋਚਤਾ ਨੂੰ ਉਜਾਗਰ ਕਰਨ

---

1- ਆਦਿ ਗ੍ਰੰਥ, ਪੰਨਾ 433

2- ਆਦਿ ਗ੍ਰੰਥ, ਪੰਨਾ 1039

ਲਈ ਬਾਣੀ ਵਿਚ ਕਈ ਥਾਈਂ 'ਪੂਰਾ' ਅਤੇ 'ਵਡ' ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਰਬ ਨੂੰ 'ਪੂਰਾ ਪਾਤਿਸਾਹ', 'ਵੱਡ ਰਾਜਾ' ਅਤੇ 'ਵਡ ਪਾਤਿਸਾਹ' ਆਦਿ ਨਾਵਾਂ ਨਾਲ ਵਿਸ਼ੇਸ਼ਿਤ ਕੀਤਾ ਗਿਆ ਹੈ। ਗੁਰੂ ਅਰਜਨ ਦੇਵ ਜੀ ਦੇ ਕਥਨ ਅਨੁਸਾਰ ਰਬ 'ਪੂਰਾ ਪਾਤਸ਼ਾਹ' ਹੈ ਕਿਉਂਕਿ ਉਸ ਨੂੰ ਕਿਸੇ ਦੀ ਮੁਹਤਾਜਗੀ ਨਹੀਂ। ਉਹ ਆਪਣੇ ਆਪ ਤੋਂ ਸ਼ਕਤੀ ਪ੍ਰਾਪਤ ਕਰਦਾ ਹੈ ਅਰਥਾਤ ਸਾਰੀ ਸ਼ਕਤੀ ਦਾ ਸ੍ਰੋਤ ਉਹ ਆਪ ਹੈ:-

ੳ) ਬੇਮੁਹਤਾਜੁ ਪੂਰਾ ਪਾਤਿਸਾਹੁ॥
ਪ੍ਰਭ ਸੇਵਕ ਸਾਚਾ ਵੇਸਾਹੁ॥[1]

ਅ) ਏਕੋ ਆਪਿ ਤੂ ਹੈ ਵਡ ਰਾਜਾ॥
ਹੁਕਮਿ ਸਾਚੈ ਕੈ ਪੂਰੇ ਕਾਜਾ॥[2]

ੲ) ਆਪੇ ਵਡ ਪਾਤਿਸਾਹੁ ਆਪ ਵਜੀਰਟਿਆ॥
ਕੋਇ ਨ ਜਾਣੈ ਕੀਮ ਕੇਵਡ ਮਟਿਆ॥[3]

ਗੁਰਬਾਣੀ ਰਬ ਨੂੰ ਇਕ ਅਦੁੱਤੀ ਰਾਜੇ ਦੇ ਰੂਪ ਵਿਚ ਸਥਾਪਤ ਕਰਦੀ ਹੈ ਅਤੇ ਸਪਸ਼ਟ ਕਰਦੀ ਹੈ ਕਿ ਉਹ ਆਪਣੇ ਵਰਗਾ ਇਕੋ ਇਕ ਰਾਜਾ ਹੈ। ਬਹੁਤ ਸਾਰੇ ਐਸੇ ਪਰਮਾਣ ਬਾਣੀ ਵਿਚ ਉਪਲਬਧ ਹਨ ਜਿਨ੍ਹਾਂ ਵਿਚ ਰਬ ਨੂੰ 'ਏਕੋ ਰਾਜਾ' ( Absolute King ) ਕਹਿ ਕੇ ਸਲਾਹਿਆ ਹੈ:-

ੳ) ਸਭ ਨਗਰੀ ਮਹਿ ਏਕੋ ਰਾਜਾ ਸਭੇ ਪਵਿੱਤ ਹਹਿ ਥਾਵਾ॥[4]

ਅ) ਏਕੋ ਤਖਤ ਏਕੋ ਪਾਤਿਸਾਹੁ ਸਰਬੀ ਥਾਈ ਵੇਪਰਵਾਹੁ॥[5]

---

1- ਆਦਿ ਗ੍ਰੰਥ, ਪੰਨਾ 184
2- ਆਦਿ ਗ੍ਰੰਥ, ਪੰਨਾ 1074
3- ਓਹੀ, ਪੰਨਾ 957
4- ਓਹੀ, ਪੰਨਾ 993
5- ਓਹੀ, ਪੰਨਾ 1188

ੲ- ਏਕੋ ਅਮਰ ਏਕਾ ਪਾਤਿਸਾਹੀ ਜੁਗ ਜੁਗ ਸਿਰਿਕਾਰ ਬਣਾਈ ਹੇ॥[1]

ਕਈ ਥਾਵੇਂ ਬਾਣੀ ਵਿਚ ਇਸ ਤਰ੍ਹਾਂ ਦੇ ਹਵਾਲੇ ਮਿਲਦੇ ਹਨ ਜਿਨ੍ਹਾਂ ਦੇ ਅਧਾਰ ਤੇ ਇਹ ਤੱਥ ਨਿਖਰ ਕੇ ਸਾਹਮਣੇ ਆਉਂਦਾ ਹੈ ਕਿ ਰਾਜਾ ਤਾਂ ਹੈ ਹੀ ਇੱਕੋ ਰੱਬ ਅਤੇ ਉਸ ਰੱਬ ਤੋਂ ਛੁੱਟ ਹੋਰ ਕੋਈ ਰਾਜਾ ਹੋ ਹੀ ਨਹੀਂ ਸਕਦਾ:

ੳ- ਤਾੜੈ ਰੂੜਾ ਹਰਿ ਜੀਉ ਸੋਈ।
ਤਿਸ ਬਿਨੁ ਰਾਜਾ ਅਵਰੁ ਨ ਕੋਈ॥[2]

ਅ- ਤਿਸੁ ਬਿਨੁ ਅਵਰੁ ਨ ਕੋਈ ਰਾਜਾ ਕਰਿ ਤਪਾਵਸੁ ਬਣਤ ਬਣਾਈ॥[3]

ੲ- ਪਾਤਿਸਾਹੁ ਛਤ੍ਰ ਸਿਰ ਸੋਊ॥
ਨਾਨਕ ਦੂਸਰ ਅਵਰ ਨ ਕੋਊ॥[4]

ਰਬ ਰਾਜੇ ਦਾ ਰਾਜ ਨਿਹਚਲ ਹੈ। ਨਾ ਇਸ ਰਾਜ ਦੀ ਉਤਪੱਤੀ ਹੁੰਦੀ ਹੈ ਅਤੇ ਨਾ ਹੀ ਇਹ ਰਾਜ ਕਦੇ ਖ਼ਤਮ ਹੁੰਦਾ ਹੈ। ਹਮੇਸ਼ਾ ਅਟਲ ਰਹਿਣ ਵਾਲਾ ਰਬੀ ਰਾਜ ਆਪਣੇ ਆਪ ਵਿਚ ਵਿਲੱਖਣ ਹੈ। ਬਾਣੀ ਵਿਚ ਰਬ ਦੇ 'ਨਿਹਚਲ ਰਾਜ' ਦਾ ਜ਼ਿਕਰ ਬਹੁਤ ਥਾਵਾਂ ਤੇ ਮਿਲਦਾ ਹੈ:

ੳ- ਬਿਨਵੰਤ ਨਾਨਕ ਰਾਜੁ ਨਿਹਚਲੁ ਪੂਰਨ ਪੁਰਖ ਭਗਵਨਾ॥[5]

ਅ- ਨਿਹਚਲ ਰਾਜੁ ਸਦਾ ਹਰਿ ਕੇਰਾ ਤਿਸ ਬਿਨੁ ਅਵਰ ਨ ਕੋਈ ਰਾਮ॥[6]

---

1- ਆਦਿ ਗ੍ਰੰਥ, ਪੰਨਾ 1046

2- ਉਹੀ, ਪੰਨਾ 936

3- ਉਹੀ, ਪੰਨਾ 912

4- ਉਹੀ, ਪੰਨਾ 258

5- ਉਹੀ, ਪੰਨਾ 248

6- ਉਹੀ, ਪੰਨਾ 769

ਏ- ਹਉ ਬਲਿਹਾਰੀ ਸਾਚੇ ਨਾਵੈ॥
ਰਾਜੁ ਤੇਰਾ ਕਬਹੂ ਨ ਜਾਵੈ॥
ਰਾਜੋ ਤ ਤੇਰਾ ਸਦਾ ਨਿਹਚਲੁ ਏਹੁ ਕਬਹੁ ਨ ਜਾਵਏ॥[1]

ਸ- ਨਿਹਚਲ ਰਾਜੁ ਹੈ ਸਦਾ ਤਿਸ ਕੇਰਾ ਨ ਆਵੈ ਨ ਜਾਈ॥[2]

ਹ- ਰਾਜ ਹਮਾਰਾ ਸਦ ਹੀ ਨਿਹਚਲੁ॥
ਮਾਲੁ ਹਮਾਰਾ ਅਖੂਟੁ ਅਬੇਚਲ॥[3]

## ਰਬ-ਰਾਜੇ ਦਾ ਦਰਬਾਰ

ਰਬ-ਰਾਜੇ ਦੇ ਦਰਬਾਰ ਦਾ ਜ਼ਿਕਰ ਵੀ ਆਦਿ ਗ੍ਰੰਥ ਵਿਚ ਬੜੇ ਵਿਸਤ੍ਰਿਤ ਰੂਪ ਵਿਚ ਮਿਲਦਾ ਹੈ। ਆਦਿ ਗ੍ਰੰਥ ਵਿਚ ਦਰਜ ਬਹੁਤ ਸਾਰੇ ਸ਼ਬਦਾਂ ਦੇ ਅਧਾਰ ਤੇ ਇਹ ਸਿੱਟਾ ਕਢਿਆ ਜਾ ਸਕਦਾ ਹੈ ਕਿ ਸਰਬ ਸ਼ਕਤੀਮਾਨ ਰਬ-ਰਾਜੇ ਦਾ ਦਰਬਾਰ ਸ੍ਰਿਸ਼ਟੀ ਦੇ ਸਾਰੇ ਕਾਰ-ਵਿਹਾਰ ਦਾ ਨਿਰਦੇਸ਼ਨ ਕਰਦਾ ਹੈ ਅਤੇ ਸਾਰੀਆਂ ਸ਼ਕਤੀਆਂ ਦਾ ਸੋਮਾ ਹੈ। ਸੰਸਾਰ ਦੇ ਸਾਰੇ ਜੀਵਾਂ ਦੀ ਉਤਪੱਤੀ ਤੇ ਸੰਭਾਲ ਰਬ ਦੇ ਦਰਬਾਰ ਚੋ ਹੋ ਰਹੀ ਹੈ। ਸੰਸਾਰ ਵਿਚ ਮੌਜੂਦ ਹਰ ਸੰਸਥਾ ਉਸਦੇ ਹੁਕਮ ਵਿਚ ਚਲ ਰਹੀ ਹੈ ਅਤੇ ਉਸ ਦਾ ਮੁੱਢ ਰੱਬ ਹੀ ਹੈ। ਗੁਰੂ ਨਾਨਕ ਦੇਵ ਜੀ ਦੁਆਰਾ ਰਚਿੱਤ ਜਪੁਜੀ ਸਾਹਿਬ ਦੀ 27ਵੀਂ ਪਉੜੀ ਇਸ ਸਬੰਧ ਵਿਚ ਬਹੁਤ ਮਹੱਤਵਪੂਰਣ ਹੈ। ਇਸ ਪਉੜੀ ਦੀ ਪਹਿਲੀ ਸਤਰ ਵਿਚ ਬੜੀ ਅਸਚਰਜਤਾ ਦਾ ਪ੍ਰਗਟਾਵਾ ਕਰਦਿਆਂ, ਗੁਰੂ ਨਾਨਕ ਦੇਵ ਜੀ ਨੇ ਇਹ ਸਵਾਲ ਕੀਤਾ ਹੈ ਕਿ ਉਹ ਦਰ ਅਤੇ

- - - - - - - - - - - - - - - - - - - - - - - - - - - - - - - - - - - -

1- ਆਦਿ ਗ੍ਰੰਥ, ਪੰਨਾ 567

2- ਓਹੀ, ਪੰਨਾ 592

3- ਓਹੀ, ਪੰਨਾ 1141

ਉਹ ਘਰ ਕੇਹੋ ਜਿਹਾ ਹੈ ਜਿਥੇ ਬਹਿ ਕੇ ਰੱਬ ਸਾਰਿਆਂ ਦੀ ਸੰਭਾਲ ਕਰਦਾ ਹੈ :

ਸੋ ਦਰੁ ਕੇਹਾ ਸੁ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥[1]

ਅਗਲੀਆਂ ਪੰਗਤੀਆਂ ਵਿਚ ਰੱਬ ਦੇ ਦਰ-ਘਰ ਦੇ ਗੁਣਾਂ ਤੇ ਕਾਰਜ-ਖੇਤਰ ਦੀ ਸਮੀਖਿਆ ਕੀਤੀ ਗਈ ਹੈ ਅਤੇ ਦਸਿਆ ਹੈ ਕਿ ਕਿਸਤਰ੍ਹਾਂ ਪਰਾ-ਲੌਕਿਕ ਤੇ ਲੌਕਿਕ ਦੋਹਾਂ ਖੇਤਰਾਂ ਵਿਚ ਪਰਮਾਤਮਾ ਸਰਵ-ਉਚ ਹੈ ਅਤੇ ਦੋਹਾਂ ਲੋਕਾਂ ਵਿਚ ਉਸਦੇ ਗੁਣਾਂ ਦਾ ਗਾਇਨ ਹੋ ਰਿਹਾ ਹੈ:-

ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ॥
ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ॥
ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ॥
ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ॥
ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ॥
ਗਾਵਹਿ ਇੰਦ ਇੰਦਾਸਣਿ ਬੈਠੇ ਦੇਵਤਿਆਂ ਦਰ ਨਾਲੇ॥
ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ॥
ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ॥
ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ॥
ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ॥
ਗਾਵਹਿ ਜੋਧ ਮਹਾ ਬਲ ਸੂਰਾ ਗਾਵਹਿ ਖਾਣੀ ਚਾਰੇ॥
ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ॥
ਸੇਈ ਤੁਧਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ॥
ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ॥[2]

---

1- ਆਦਿ ਗ੍ਰੰਥ, ਪੰਨਾ 6

2- ਆਦਿ ਗ੍ਰੰਥ, ਪੰਨਾ 6

ਫਿਰ ਇਸੇ ਪਉੜੀ ਵਿਚ ਗੁਰੂ ਨਾਨਕ ਦੇਵ ਜੀ ਦਸਦੇ ਹਨ ਕਿ ਸ੍ਰਿਸ਼ਟੀ ਦੀ ਰਚਨਾ ਕਰਨ ਵਾਲਾ ਰਬ ਹਮੇਸ਼ਾ ਕਾਇਮ ਰਹਿੰਦਾ ਹੈ। ਉਹ ਸਾਹਿਬ ਸੱਚਾ ਹੈ ਅਤੇ ਉਸਦੀ ਵਡਿਆਈ ਵੀ ਸਦਾ ਅਟੱਲ ਹੈ। ਕਈ ਰੰਗਾਂ, ਕਿਸਮਾਂ ਤੇ ਜਿਨਸਾਂ ਦੀ ਦੁਨੀਆਂ ਦੀ ਰਚਨਾ ਕਰਨ ਵਾਲਾ ਰਬ ਹੀ ਉਸਦੀ ਸੰਭਾਲ ਕਰਦਾ ਹੈ:-

ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ॥
ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ॥
ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ॥
ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ॥[1]

ਪਉੜੀ ਦੇ ਅੰਤ ਵਿਚ ਗੁਰੂ ਜੀ ਫੁਰਮਾਉਂਦੇ ਹਨ ਕਿ ਰੱਬ ਨੂੰ ਜੋ ਭਾਉਂਦਾ ਹੈ ਉਹੋ ਕਰਦਾ ਹੈ। ਕੋਈ ਜੀਵ ਉਸਦੀ ਕਾਰ ਵਿਹਾਰ ਤੇ ਕਿੰਤੂ ਨਹੀਂ ਕਰ ਸਕਦਾ। ਉਹ ਪਰਮਾਤਮਾ ਪਾਤਿਸਾਹ ਹੈ, ਪਾਤਿਸਾਹਾਂ ਦਾ ਪਾਤਿਸਾਹ ਹੈ ਅਤੇ ਉਸਦੀ ਰਜ਼ਾ ਵਿਚ ਵਿਚਰਨਾ ਹੀ ਠੀਕ ਹੈ:-

ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ॥
ਸੋ ਪਾਤਿਸਾਹੁ ਸਾਹਾ ਪਾਤਿ ਸਾਹਿਬੁ ਨਾਨਕ ਰਹਣੁ ਰਜਾਈ॥[2]

ਭਗਤ ਨਾਮਦੇਵ ਜੀ ਨੇ ਆਪਣੀ ਇਕ ਬੜੀ ਸੁੰਦਰ ਰਚਨਾ ਵਿਚ ਰੱਬ ਨੂੰ ਇਕ ਅਦੁੱਤੀ ਰਾਜੇ ਦੇ ਰੂਪ ਵਿਚ ਸਲਾਹਿਆ ਹੈ। ਰੱਬ ਦੇ ਰਾਜਸੀ ਵਿਅਕਤਿਤਵ ਅਤੇ ਉਸਦੀ ਸਰਵੋਚਤਾ ਸਥਾਪਿਤ ਕਰਨ ਵਾਲੇ ਬਹੁਤ ਸਾਰੇ ਗੁਣਾਂ ਤੇ ਤੱਤਾਂ ਦਾ ਵਰਣਨ ਇਸ ਰੋਚਕ ਰਚਨਾ ਵਿਚ ਕੀਤਾ ਗਿਆ ਹੈ। ਰਚਨਾ ਵਿਚ ਰਬ ਦਾ ਰਾਜ ਦੁਨਿਆਵੀ ਹੱਦਾਂ ਤੋਂ ਰਹਿਤ ਦਸਿਆ ਗਿਆ ਹੈ ਅਤੇ ਸਪਸ਼ਟ ਕੀਤਾ ਗਿਆ ਹੈ ਕਿ ਸਾਰੀ ਸ੍ਰਿਸ਼ਟੀ ਹੀ ਰੱਬ - ਰਾਜੇ ਦੀ ਰਈਅਤ ਹੈ।

---

1- ਆਦਿ ਗ੍ਰੰਥ, ਪੰਨਾ 6

2- ਓਹੀ, ਪੰਨਾ 6

ਸ੍ਰਿਸ਼ਟੀ ਦਾ ਕਾਰ-ਵਿਹਾਰ ਚਲਾਉਣ ਲਈ ਰਬ-ਰਾਜੇ ਪਾਸ ਇਕ ਪੂਰਣ ਵਿਵਸਥਾ ਮੌਜੂਦ ਹੈ। ਇਸ ਵਿਵਸਥਾ ਦਾ ਹਰ ਅੰਗ ਉਸ ਰਬ-ਰਾਜੇ ਦੇ ਹੁਕਮ ਅਨੁਸਾਰ ਆਪਣੇ ਆਪਣੇ ਨਿਸ਼ਚਿਤ ਕਾਰਜ ਖੇਤਰ ਵਿਚ ਕਾਰਜਸ਼ੀਲ ਹੈ। ਰਬ ਨੂੰ ਰਾਜਾ ਸਥਾਪਿਤ ਕਰਨ ਦੇ ਵਿਚਾਰ ਨੂੰ ਪਰਿਪੱਕਤਾ ਪ੍ਰਦਾਨ ਕਰਨ ਲਈ ਭਗਤ ਨਾਮਦੇਵ ਨੇ ਆਪਣੀ ਇਸ ਰਚਨਾ ਵਿਚ ਵਾਰ ਵਾਰ, ਵਖ ਵਖ ਦ੍ਰਿਸ਼ਟੀਕੋਣ ਨਾਲ -'ਰਾਜਾ ਸ੍ਰੀ ਨਰਹਰੀ', 'ਰਾਜਾ ਸ੍ਰੀ ਗੋਪਾਲ', 'ਰਾਜਾ ਤ੍ਰਿਭਵਣ ਪਤੀ' ਤੇ 'ਰਾਜਾ ਤ੍ਰਿਭਵਣ ਧਣੀ' ਕਹਿ ਕੇ ਸਲਾਹਿਆ ਹੈ। ਇਹ ਸੁੰਦਰ ਰਚਨਾ ਇਸ ਪ੍ਰਕਾਰ ਹੈ:-

ਜਾਂ ਚੈ ਘਰਿ ਦਿਗ ਦਿਸੈ ਸਰਾਇਚਾ ਬੈਕੁੰਠ ਭਵਨ ਚਿਤ੍ਰਸਾਲਾ
ਸਪਤ ਲੋਕ ਸਮਾਨਿ ਪੂਰੀਅਲੇ॥
ਜਾਂ ਚੈ ਘਰਿ ਲਛਿਮੀ ਕੁਮਾਰੀ
ਚੰਦੁ ਸੂਰਜੁ ਦੀਵੜੇ ਕਉਤਕੁ ਕਾਲੁ ਬਪੁੜਾ ਕੋਟਵਾਲੁ ਸੁ ਕਰਾ ਸਿਰੀ॥
ਸੁ ਐਸਾ ਰਾਜ ਸ੍ਰੀ ਨਰਹਰੀ॥
ਜਾਂ ਚੈ ਘਰਿ ਕੁਲਾਲੁ ਬ੍ਰਹਮਾ ਚਤੁਰ ਮੁਖੁ ਡਾਂਵੜਾ ਜਿਨਿ ਬਿਸਵ ਸੰਸਾਰੁ ਰਾਚੀਲੇ॥
ਜਾਂ ਕੈ ਘਰਿ ਈਸਰੁ ਬਾਵਲਾ ਜਗਤ ਗੁਰੂ ਤਤ ਸਾਰਖਾ ਗਿਆਨੁ ਭਾਖੀਲੇ॥
ਪਾਪੁ ਪੁੰਨੁ ਜਾਂਚੈ ਡਾਂਗੀਆ ਦੁਆਰੈ ਚਿਤ੍ਰ ਗੁਪਤੁ ਲੇਖੀਆ॥
ਧਰਮਰਾਇ ਪਰੁਲੀ ਪ੍ਰਤਿਹਾਰੁ॥
ਸੋ ਐਸਾ ਰਾਜਾ ਸ੍ਰੀ ਗੋਪਾਲੁ॥
ਜਾਂ ਚੈ ਘਰਿ ਗਣ ਗੰਧਰਬ ਰਿਖਿ ਬਪੁੜੇ ਢਾਢੀਆ ਗਾਂਵੰਤ ਆਛੈ॥
ਸਰਬ ਸਾਸਤ੍ਰ ਬਹੁ ਰੂਪੀਆ ਅਨਗਰੂਆ ਆਖਾੜਾ ਮੰਡਲੀਕ ਬੋਲ ਬੋਲਹਿ ਕਾਛੇ॥
ਚਉਰ ਢੂਲ ਜਾਂ ਚੈ ਹੈ ਪਵਣੁ॥
ਚੇਰੀ ਸਕਤਿ ਜੀਤਿ ਲੇ ਭਵਣੁ॥

ਸੀਡ ਟੂਕ ਜਾ ਕੈ ਭਸਮਤੀ॥

ਸੋ ਐਸਾ ਰਾਜਾ ਤ੍ਰਿਭਵਣ ਪਤੀ॥

ਜਾ ਕੈ ਘਰਿ ਕੂਰਮਾ ਪਾਲੁ ਸਹਸ੍ਰਫਨੀ ਬਾਸਕੁ ਸੇਜ ਵਾਲੂਆ॥

ਅਠਾਰਹ ਭਾਰ ਬਨਾਸਪਤੀ ਮਾਲਣੀ ਛਿਨਵੈ ਕਰੋੜੀ ਮੇਘ ਮਾਲਾ ਪਾਣੀ ਹਾਰੀਆ॥

ਨਖ ਪ੍ਰਸੇਵ ਜਾ ਕੈ ਸੁਰ ਸਰੀ॥

ਸਪਤ ਸਮੁੰਦ ਜਾ ਕੈ ਘੜਥਲੀ॥

ਏਤੇ ਜੀਅ ਜਾ ਕੈ ਵਰਤਣੀ॥

ਸੋ ਐਸਾ ਰਾਜਾ ਤ੍ਰਿਭਵਣ ਧਣੀ॥[1]

ਉਪਰੋਕਤ ਵਿਆਖਿਆ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਰਬ-ਰਾਜੇ ਦਾ ਦਰਬਾਰ ਅਥਾਹ ਸ਼ਕਤੀਆਂ ਦਾ ਸੋਮਾ ਹੈ, ਬੇਅੰਤ ਸਮਰਥਾ ਦਾ ਮਾਲਕ ਹੈ ਅਤੇ ਉਸਦਾ ਕਾਰਜ-ਖੇਤਰ ਸੰਪੂਰਣ ਸ੍ਰਿਸ਼ਟੀ ਹੈ।

## ਰਾਜਾ-ਰਾਮ ਦਾ ਸੰਕਲਪ

ਆਦਿ ਗ੍ਰੰਥ ਵਿਚ ਸ਼ਾਮਲ ਭਗਤਾਂ ਦੀ ਬਾਣੀ ਵਿਚ ਆਮ ਤੌਰ ਤੇ ਅਤੇ ਗੁਰੂਆਂ ਦੀ ਬਾਣੀ ਵਿਚ ਵੀ ਕਿਤੇ ਕਿਤੇ 'ਰਾਜਾ ਰਾਮ' ਅਤੇ 'ਰਾਮ ਰਾਜਾ' ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਇਹ ਸ਼ਬਦ ਵੀ ਵਿਸਤ੍ਰਿਤ ਅਰਥਾਂ ਵਿਚ ਰਾਜ ਦੇ ਸੰਦਰਭ ਵਿਚ ਪਰਮਾਤਮਾ ਲਈ ਵਰਤੇ ਗਏ ਹਨ। ਰਾਜਾ ਰਾਮ ਨੂੰ ਰਚਨਾਕਾਰਾਂ ਨੇ ਸੁਖਦਾਈ, ਤਾਰਣਹਾਰ, ਮਾਇਆ ਫੇਰਣ ਵਾਲਾ, ਮੰਗਲਕਾਰੀ, ਪੈਜ ਰਖਣ ਵਾਲਾ, ਨਿਰਭਉ, ਉਚੇ ਤੋਂ ਉਚਾ ਤੇ ਜਨਮ-ਮਰਣ ਕਟਣ ਵਾਲਾ ਆਦਿ ਦਸ ਕੇ ਸਲਾਹਿਆ ਹੈ:-

---

1- ਆਦਿ ਗ੍ਰੰਥ, ਪੰਨਾ 1292

ੳ- ਰਾਜਾ ਰਾਮ ਰਮਤ ਸੁਖ ਪਾਇਓ ਬਰਸੁ ਮੇਘ ਸੁਖਦਾਈ॥[1](ਗੁਰੂ ਅਰਜਨ ਦੇਵ)

ਅ- ਰਾਜਾ ਰਾਮ ਜਪਤ ਕੋ ਕੋ ਨ ਤਰਿਓ॥[2] (ਨਾਮਦੇਵ)

ੲ- ਗਿਰਿ ਤਲ ਜਲ ਜੁਆਲਾ ਭੈ ਰਾਖਿਓ ਰਾਜਾ ਰਾਮ ਮਾਇਆ ਫੇਰੀ॥[3] (ਨਾਮਦੇਵ)

ਸ- ਮੰਗਲਾ ਹਰਿ ਮੰਗਲਾ॥

ਨਿਤ ਮੰਗਲ ਰਾਜਾ ਰਾਮ ਰਾਇ ਕੋ॥[4] (ਸ੍ਰੀ ਸੈਣ)

ਹ- ਕਹੈ ਰਵਿਦਾਸ ਇਕ ਬੇਨਤੀ ਹਰਿ ਸਿਉ ਪੈਜ ਰਾਖਹੁ ਰਾਜਾ ਰਾਮ ਮੇਰੀ॥[5](ਰਵਿਦਾਸ)

ਕ- ਰਾਜਾ ਰਾਮ ਤੂੰ ਐਸਾ॥

ਨਿਰਭਉ ਤਰਨ ਤਾਰਨ ਰਾਮਰਾਇਆ॥[6](ਕਬੀਰ)

ਖ- ਕਹਿ ਕਬੀਰ ਰਾਜਾ ਰਾਮ ਨ ਛੋਡਓ ਸਗਲ ਊਚ ਤੇ ਊਚਾ॥[7](ਕਬੀਰ)

ਗ- ਅਬ ਮੋ ਕਉ ਭਏ ਰਾਜਾ ਰਾਮ ਸਹਾਈ॥

ਜਨਮ ਮਰਨ ਕਟਿ ਪਰਮ ਗਤਿ ਪਾਈ॥[8] (ਕਬੀਰ)

ਉਪ੍ਰੋਕਤ ਸਤਰਾਂ ਤੋਂ ਅਲਾਵਾ ਆਦਿ ਗ੍ਰੰਥ ਵਿਚ ਹੋਰ ਬਹੁਤ ਸਾਰੀਆਂ ਥਾਵਾਂ ਤੇ 'ਰਾਜਾ ਰਾਮ' ਸ਼ਬਦ ਵਰਤੇ ਦੇਖਣ ਵਿਚ ਆਉਂਦੀ ਹੈ। ਹੇਠਲੀਆਂ ਪੰਕਤੀਆਂ ਇਸ ਪੱਖੋਂ ਹੋਰ ਧਿਆਨਯੋਗ ਹਨ:

---

1- ਆਦਿ ਗ੍ਰੰਥ, ਪੰਨਾ 1268

2- ਓਹੀ, ਪੰਨਾ 1105

3- ਓਹੀ, ਪੰਨਾ 1165

4- ਓਹੀ, ਪੰਨਾ 695

5- ਓਹੀ, ਪੰਨਾ 694

6- ਓਹੀ, ਪੰਨਾ 339

7- ਓਹੀ, ਪੰਨਾ 338

8- ਓਹੀ, ਪੰਨਾ 331

ਓ- ਨਾਨਕ ਦਾਸ ਸਦਾ ਬਲਿਹਾਰੀ॥
ਸੇਵਕ ਸੰਤ ਰਾਜਾ ਰਾਮ ਮੁਰਾਰੀ॥[1]

ਅ- ਰਾਜਾ ਰਾਮ ਕੀ ਸਰਣਾਇ॥
ਨਿਰਭਉ ਭਏ ਗੋਬਿੰਦ ਗੁਨ ਗਾਵਤ ਸਾਧ ਸੰਗਿ ਦੁਖ ਜਾਇ॥[2]

ੲ- ਨਿਜ ਪਦ ਊਪਰ ਲਾਗੋ ਧਿਆਨ॥
ਰਾਜਾ ਰਾਮ ਨਾਮ ਮੋਰਾ ਬ੍ਰਹਮ ਗਿਆਨ॥[3]

ਸ- ਰਾਜਾ ਰਾਮ ਮਉਲਿਆ ਅਨਤ ਭਾਇ॥
ਜਤ ਦੇਖਉ ਤਹ ਰਹਿਆ ਸਮਾਇ॥[4]

ਹ- ਜਾਨੀ ਜਾਨੀ ਰੇ ਰਾਜਾ ਰਾਮ ਕੀ ਕਹਾਨੀ॥
ਅੰਤਰਿ ਜੋਤਿ ਰਾਮ ਪਰਗਾਸਾ ਗੁਰਮੁਖਿ ਬਿਰਲੈ ਜਾਨੀ॥[5]

ਕ- ਮੇਰੀ ਜਾਤਿ ਕਮੀਨੀ ਪਾਂਤਿ ਕਮੀਨੀ ਓਛਾ ਜਨਮੁ ਹਮਾਰਾ॥
ਤੁਮ ਸਰਨਾਗਤਿ ਰਾਜਾ ਰਾਮ ਚੰਦ ਕਹਿ ਰਵਿਦਾਸ ਚਮਾਰਾ॥[6]

ਖ- ਗਾਉ ਗਾਉ ਰੀ ਦੁਲਹਨੀ ਮੰਗਲਚਾਰਾ॥
ਮੇਰੇ ਗ੍ਰਿਹ ਆਏ ਰਾਜਾ ਰਾਮ ਭਤਾਰਾ॥[7]

ਗ- ਬਿਖਿਆ ਅਜਹੁ ਸੁਰਤਿ ਸੁਖ ਆਸਾ॥
ਕੈਸੇ ਹੋਈ ਹੈ ਰਾਜਾ ਰਾਮ ਨਿਵਾਸਾ॥[8]

---

1- ਆਦਿ ਗ੍ਰੰਥ, ਪੰਨਾ 742,
2- ਓਹੀ, ਪੰਨਾ 899
3- ਓਹੀ, ਪੰਨਾ 1159
4- ਓਹੀ, ਪੰਨਾ 1193
5- ਓਹੀ, ਪੰਨਾ 970
6- ਓਹੀ, ਪੰਨਾ 659
7- ਓਹੀ, ਪੰਨਾ 482
8- ਓਹੀ, ਪੰਨਾ 330

ਘ- ਉਬਰਤ ਰਾਜਾ ਰਾਮ ਕੀ ਸਰਣੀ॥
ਸਰਬ ਲੋਕ ਮਾਇਆ ਕੇ ਮੰਡਲ ਗਿਰ ਗਿਰ ਪਰਤੇ ਧਰਣੀ॥[1]

ਇਹ ਠੀਕ ਹੈ ਕਿ 'ਰਾਜਾ ਰਾਮ' ਸ਼ਬਦ ਪਰਮਾਤਮਾ ਲਈ ਵਰਤਿਆ ਗਿਆ ਹੈ ਪਰ ਇਹ ਵੀ ਸਪਸ਼ਟ ਹੋਣਾ ਚਾਹੀਦਾ ਹੈ ਕਿ ਇਹ ਸ਼ਬਦ ਕਿਸੇ ਖ਼ਾਸ ਸੰਦਰਭ ਵਿਚ ਪਰਮਾਤਮਾ ਵਲ ਸੰਕੇਤ ਕਰਦਾ ਹੈ। ਆਦਿ ਗ੍ਰੰਥ ਵਿਚ ਪਰਮਾਤਮਾ ਲਈ ਇਕੱਲਾ ਰਾਮ ਸ਼ਬਦ ਅਨੰਤ ਥਾਵਾਂ ਤੇ ਵਰਤਿਆ ਹੈ,ਪਰ ਜਿਥੇ ਰਾਜਾ ਸ਼ਬਦ ਨੂੰ ਰਾਮ ਨਾਲ ਜੋੜਿਆ ਗਿਆ ਹੈ, ਉਥੇ ਰਬ ਨੂੰ ਇਕ ਖ਼ਾਸ ਦ੍ਰਿਸ਼ਟੀਕੋਣ ਤੋਂ ਵੇਖਿਆ ਗਿਆ ਹੈ। ਇਹ ਦ੍ਰਿਸ਼ਟੀਕੋਣ ਰਾਜਸੀ ਹੈ ਅਤੇ ਇਸ ਅਨੁਸਾਰ ਰੱਬ ਨੂੰ ਰਾਜੇ ਵਜੋਂ ਰੂਪਮਾਨ ਕੀਤਾ ਗਿਆ ਹੈ।

ਕਈ ਵਾਰ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਗੁਰੂਆਂ ਅਤੇ ਵਿਸ਼ੇਸ਼ ਤੌਰ ਤੇ ਭਗਤਾਂ ਦੇ ਅਚੇਤਨ ਮਨ ਵਿਚ ਪਰੰਪਰਾਗਤ 'ਰਾਮ ਰਾਜ' ਦਾ ਸੰਕਲਪ ਮੌਜੂਦ ਸੀ ਅਤੇ ਉਸੇ ਦਾ ਪ੍ਰਗਟਾਵਾ ਰਬ ਨੂੰ ਰਾਜੇ ਦੇ ਰੂਪ ਵਿਚ ਦਰਸਾਂਦਿਆਂ ਜਾਂ ਧਰਤੀ ਉਪਰ ਰਾਮ ਰਾਜ ਦੀ ਸਥਾਪਨਾ ਕਰਨ ਦੀ ਪ੍ਰੇਰਨਾ ਕਰਦਿਆਂ ਬਾਣੀ ਵਿਚੋਂ ਸਹਿਜੇ ਹੀ ਹੁੰਦਾ ਹੈ। ਵਾਰ ਮਲਾਰ ਵਿਚ ਗੁਰੂ ਨਾਨਕ ਦੇਵ ਜੀ ਸਿਧੇ ਸ਼ਬਦਾਂ ਵਿਚ ਰਾਮ ਰਾਜੇ ਵਲ ਸੰਕੇਤ ਕਰਦਿਆਂ ਦਸਦੇ ਹਨ ਕਿ ਦਸਾਂ ਅਵਤਾਰਾਂ ਵਿਚ ਵਰਤਦਾ ਰਾਮ ਰਾਜਾ ਹੋਇਆ ਹੈ ਜਿਸ ਨੇ ਰਬ ਦੇ ਹੁਕਮ ਵਿਚ ਧਾਵਾ ਬੋਲ ਕੇ ਦੈਂਤਾਂ ਦਾ ਸੰਘਾਰ ਕੀਤਾ ਅਰਥਾਤ ਆਪਣੇ ਰਾਜ ਨੂੰ ਦੈਂਤਾਂ ਤੋਂ ਮੁਕਤ ਕੀਤਾ:-

ਦਸ ਅਵਤਾਰੀ ਰਾਮੁ ਰਾਜਾ ਆਇਆ॥
ਦੈਂਤਾਂ ਮਾਰੇ ਧਾਇ ਹੁਕਮਿ ਸਬਾਇਆ॥[2]

---

1- ਆਦਿ ਗ੍ਰੰਥ, ਪੰਨਾ 215

2- ਓਹੀ, ਪੰਨਾ 1279

ਭਗਤ ਕਬੀਰ ਜੀ ਲਈ 'ਰਘੁਪਤਿ ਰਾਜਾ' ਆਦਰਸ਼ ਹੈ। ਰਘੁਪਤਿ ਰਾਜੇ ਨਾਲੋਂ ਟੁੱਟ ਕੇ ਉਸਦਾ ਕੋਈ ਕਾਰਜ ਸਿਰੇ ਨਹੀਂ ਚੜ੍ਹ ਰਿਹਾ। ਭਾਵੇਂ ਕਬੀਰ ਦੇ ਰਘੁਪਤਿ ਰਾਜਾ ਤੋਂ ਭਾਵ ਰਬ ਹੈ ਪਰ ਉਸਦੇ ਅਚੇਤਨ ਵਿਚ 'ਰਾਮ ਰਾਜ' ਦਾ ਸੰਕਲਪ ਅਤੇ ਉਸ ਸੰਕਲਪ ਵਿਚ ਮੌਜੂਦ ਰਾਮ ਦਾ ਪ੍ਰਭਾਵ ਸਪਸ਼ਟ ਨਜ਼ਰ ਆਉਂਦਾ ਹੈ। ਕਬੀਰ ਜੀ ਦੀਆਂ ਪੰਕਤੀਆਂ ਇਸ ਪ੍ਰਕਾਰ ਹਨ:-

ਮਨ ਰੇ ਸਰਿਓ ਨ ਏਕੈ ਕਾਜਾ॥
ਭਜਿਓ ਨ ਰਘੁਪਤਿ ਰਾਜਾ॥[1]

ਭਗਤ ਨਾਮਦੇਵ ਦੇ ਅਚੇਤਨ ਮਨ ਵਿਚ ਦਸਰਥ ਦੇ ਪੁੱਤਰ ਰਾਜਾ ਰਾਮ ਚੰਦਰ ਦੀ ਛਵੀ ਮੌਜੂਦ ਹੈ। ਉਸ ਲਈ ਤੱਤ ਰਸ, ਨਾਮ ਅੰਮ੍ਰਿਤ ਹੀ ਰਾਜਾ ਰਾਮ ਹੈ ਜਿਹੜਾ ਰਾਜਾ ਜਸਰਥ ਦਾ ਪੁੱਤਰ ਹੈ:-

ਜਸਰਥ ਰਾਇ ਨੰਦ ਰਾਜਾ ਮੇਰਾ ਰਾਮ ਚੰਦ
ਪ੍ਰਣਵੈ ਨਾਮਾ ਤਤ ਰਸੁ ਅੰਮ੍ਰਿਤ ਪੀਜੈ॥[2]

ਇਹ ਠੀਕ ਹੈ ਕਿ ਭਗਤ ਨਾਮਦੇਵ ਨਾਮ ਰਸ ਪੀਵਣ ਦੀ ਗੱਲ ਕਰਦਾ ਹੈ ਪਰ ਉਸ ਨਾਮ ਰਸ ਵਿਚੋਂ ਉਸ ਨੂੰ ਰਾਜਾ ਰਾਮ ਚੰਦ੍ਰ ਦੀ ਝਲਕ ਦਿਸਦੀ ਹੈ।

ਉਪਰੋਕਤ ਸਾਰੀਆਂ ਟੂਕਾਂ ਤੇ ਵਿਆਖਿਆ ਦੁਆਰਾ ਇਹ ਸਪਸ਼ਟ ਰੂਪ ਵਿਚ ਨਿਖਰ ਕੇ ਸਾਹਮਣੇ ਆਉਂਦਾ ਹੈ ਕਿ ਭਗਤਾਂ ਦਾ ਸਿਧਾ ਸਬੰਧ ਰਬ ਨਾਲ ਹੁੰਦਿਆਂ ਹੋਇਆਂ ਵੀ ਕਿਤੇ ਕਿਤੇ ਉਹਨਾਂ ਦੀਆਂ ਰਚਨਾਵਾਂ ਚੋਂ ਉਹਨਾਂ ਦੇ ਅਚੇਤਨ ਮਨ ਵਿਚ ਸਮਾਈ ਹੋਈ ਰਾਜਾ ਰਾਮ ਚੰਦ੍ਰ ਦੀ ਛਵੀ ਦਾ ਪ੍ਰਗਟਾਵਾ ਹੁੰਦਾ ਹੈ। ਭਗਤਾਂ ਦੀ ਬਾਣੀ ਚੋਂ ਉਜਾਗਰ ਰਾਜਾ ਰਾਮ ਦਾ

---

1- ਆਦਿ ਗ੍ਰੰਥ, ਪੰਨਾ 654

2- ਓਹੀ, ਪੰਨਾ 973

ਸੰਕਲਪ ਰਬ ਰਾਜੇ ਦੇ ਸੰਕਲਪ ਨਾਲੋਂ ਵਖਰਾ ਨਹੀਂ ਪਰ ਰਬ ਨੂੰ ਰਾਜੇ ਦੇ ਰੂਪ ਵਿਚ ਪ੍ਰਸਤੁਤ ਕਰਨ ਵੇਲੇ ਉਹਨਾਂ ਦੇ ਅਚੇਤਨ ਮਨ ਵਿਚ ਧਰਤੀ ਉਤੇ ਸੁਚੱਜੀ ਰਾਜ ਵਿਵਸਥਾ ਕਾਇਮ ਕਰਨ ਵਾਲੇ 'ਰਾਜਾ ਰਾਮ' ਦਾ ਪ੍ਰਭਾਵ ਮੌਜੂਦ ਹੈ।

## ਦੁਨਿਆਵੀ ਰਾਜ ਦੇ ਰਚਨਾਕਾਰ ਦੇ ਰੂਪ ਵਿਚ ਰਬ:

ਦੁਨਿਆਵੀ ਰਾਜ ਦੇ ਰਚਨਾਕਾਰ ਦੇ ਰੂਪ ਵਿਚ ਰਬ ਦੀ ਭੂਮਿਕਾ ਬਹੁਤ ਮਹਤਵਪੂਰਣ ਹੈ। ਗੁਰਬਾਣੀ ਵਿਚ ਰਬ ਨੂੰ ਦੁਨਿਆਵੀ ਰਾਜਿਆਂ ਦੇ ਉਪਰ ਰਾਜ ਕਰਨ ਵਾਲੇ ਰਾਜੇ ਦੇ ਰੂਪ ਵਿਚ ਵੀ ਦਰਸਾਇਆ ਗਿਆ ਹੈ ਅਤੇ ਦੁਨਿਆਵੀ ਰਾਜਿਆਂ ਨੂੰ ਸਰੋਵਰ ਰਾਜੇ-ਰਬ ਦੇ ਅਧੀਨ ਮੰਨਿਆ ਗਿਆ ਹੈ। ਰੱਬ ਨੂੰ 'ਸਿਰਿ ਸਾਹ ਪਾਤਿਸਾਹ' (King of Kings ) ਦੇ ਰੂਪ ਵਿਚ ਪ੍ਰਸਤੁਤ ਕਰਨ ਵਾਲੇ ਬਹੁਤ ਸਾਰੇ ਉਦਾਹਰਣ ਬਾਣੀ ਚੋਂ ਪ੍ਰਾਪਤ ਹੁੰਦੇ ਹਨ:-

ੳ- ਨਾਨਕ ਤਰੀਐ ਸਚਿ ਨਾਮਿ ਸਿਰਿ ਸਾਹਾ ਪਾਤਿਸਾਹੁ ॥[1]

ਅ- ਨਾਨਕ ਸਾਚੁ ਮਿਲੈ ਪਤਿ ਰਾਖਹੁ ਤੂ ਸਿਰਿ ਸਾਹਾ ਪਾਤਿਸਾਹਾ ਹੇ ॥[2]

ੲ- ਮੇਰਾ ਪ੍ਰਭੁ ਸਾਚਾ ਸਦ ਹੀ ਸਾਚਾ ਸਿਰਿ ਸਾਹਾ ਪਾਤਿਸਾਹਾ ਹੇ ॥[3]

ਸ- ਹੁਕਮੁ ਮੰਨੇ ਸੋਈ ਸੁਖੁ ਪਾਏ ਹੁਕਮੁ ਸਿਰਿ ਸਾਹਾ ਪਾਤਿਸਾਹਾ ਹੇ ॥[4]

ਹ- ਸੋਈ ਧਿਆਈਐ ਜੀਅੜੇ ਸਿਰਿ ਸਾਹਾਂ ਪਾਤਿਸਾਹੁ ॥[5]

ਕ- ਕਰਿ ਸੇਵਾ ਸੁਖ ਸਾਗਰੈ ਸਿਰਿ ਸਾਹਾ ਪਾਤਿਸਾਹੁ ॥[6]

---

1- ਆਦਿ ਗ੍ਰੰਥ, ਪੰਨਾ 64

2- ਆਦਿ ਗ੍ਰੰਥ, ਪੰਨਾ 1033

3- ਓਹੀ, ਪੰਨਾ 1056

4- ਓਹੀ, ਪੰਨਾ 1055

5- ਓਹੀ, ਪੰਨਾ 44

6- ਓਹੀ, ਪੰਨਾ 46

ਗੁਰੂ ਅਰਜਨ ਦੇਵ ਜੀ ਦਾ ਕਥਨ ਇਸ ਸਬੰਧ ਵਿਚ ਬਹੁਤ ਮਹੱਤਵਪੂਰਣ ਹੈ। ਉਹਨਾਂ ਅਨੁਸਾਰ ਅਸਲ ਮਿਤਰ ਸਦਾ ਕਾਇਮ ਰਹਿਣ ਵਾਲਾ 'ਸਚਾ ਪਾਤਿਸਾਹ' ਹੈ ਜਿਹੜਾ ਦੁਨਿਆਵੀ ਪਾਤਿਸਾਹਾਂ ਦਾ ਪਾਤਿਸਾਹ ਹੈ। ਉਹ ਪਾਤਿਸਾਹ ਸਭ ਜੀਵਾਂ ਦਾ ਆਸਰਾ ਹੈ ਅਤੇ ਉਸਦੇ ਪਾਸ ਬੈਠਣ ਨਾਲ ਸੋਭਾ ਮਿਲਦੀ ਹੈ:-

ਸਜਣੁ ਸਚਾ ਪਾਤਿਸਾਹੁ ਸਿਰਿ ਸਾਹਾਂ ਦੇ ਸਾਹੁ॥
ਜਿਸ ਪਾਸਿ ਬਹਿਠਿਆ ਸੋਹੀਐ ਸਭਨਾ ਦੇ ਵੇਸਾਹੁ॥[1]

ਸਚੇ ਪਾਤਸ਼ਾਹ, ਪਰਮਾਤਮਾ ਦਾ ਹੁਕਮ ਸਚਾ ਹੈ ਅਤੇ ਸਾਰੀ ਸ੍ਰਿਸ਼ਟੀ ਤੇ ਵਰਤਦਾ ਹੈ। ਸੰਸਾਰ ਦੀ ਸਾਰੀ ਕਾਰ ਵਿਹਾਰ ਉਸ ਸਚੇ ਪਾਤਸ਼ਾਹ ਦੇ 'ਸਚੇ ਅਮਰ' ਅਧੀਨ ਹੈ। ਬਾਣੀ ਦੀਆਂ ਹੇਠਲੀਆਂ ਤੁਕਾਂ ਇਸ ਤਥ ਵਲ ਸੰਕੇਤ ਕਰਦੀਆਂ ਹਨ:-

ੳ- ਸਚਾ ਅਮਰ ਸਚਾ ਪਾਤਿਸਾਹੁ॥
ਮਨ ਸਾਚੇ ਰਾਤੇ ਹਰਿ ਵੇਪਰਵਾਹੁ॥[2]

ਅ- ਸਚਾ ਅਮਰ ਸਚੀ ਪਾਤਸਾਹੀ ਸਚੇ ਸੇਤੀ ਰਾਤੇ॥
ਸਚਾ ਸੁਖ ਸਚੀ ਵਡਿਆਈ ਜਿਸਕੇ ਸੇ ਤਿਨਿ ਜਾਤੇ॥[3]

ੲ- ਸਚ ਪਾਤਿਸਾਹੀ ਅਮਰ ਸਚੁ ਸਚੇ ਸਚਾ ਥਾਨੁ॥
ਸਚੀ ਕੁਦਰਤਿ ਧਾਰੀਅਨੁ ਸਚਿ ਸਿਰਜਿਓਨੁ ਜਹਾਨੁ॥[4]

ਸ- ਜਾ ਕਾ ਹੁਕਮੁ ਨ ਮੇਟੈ ਕੋਇ॥
ਸਿਰਿ ਪਾਤਿਸਾਹਾ ਸਾਚਾ ਸੋਇ॥[5]

---

1- ਆਦਿ ਗ੍ਰੰਥ, ਪੰਨਾ 1426

2- ਓਹੀ, ਪੰਨਾ 161

3- ਓਹੀ, ਪੰਨਾ 749

4- ਓਹੀ, ਪੰਨਾ 481

5- ਓਹੀ, ਪੰਨਾ 1145

ਪਰਮਾਤਮਾ ਸਚੇ ਪਾਤਸਾਹ ਦਾ ਤਖ਼ਤ ਸਚਾ ਹੈ ਉਸਦਾ ਖਜ਼ਾਨਾ ਸਚ ਲਈ ਹੈ। ਉਸ ਦੀ ਕੁਦਰਤਿ ਸਚ ਹੈ ਅਤੇ ਉਸਦੀ ਸਿਫ਼ਤ ਸਲਾਹ ਵੀ ਸਚੀ ਹੈ:-

ੳ) ਸਚਾ ਤਖਤੁ ਸਚੀ ਪਾਤਸਾਹੀ॥
ਸਚੁ ਖਜੀਨਾ ਸਾਚਾ ਸਾਹੀ॥ [1]

ਅ) ਅਚਰਜੁ ਤੇਰੀ ਕੁਦਰਤਿ ਤੇਰੇ ਕਦਮ ਸਲਾਹ॥
ਗਨੀਵ ਤੇਰੀ ਸਿਫਤਿ ਸਚੇ ਪਾਤਿਸਾਹ॥ [2]

ੲ) ਸਚੀ ਤੇਰੀ ਸਿਫਤਿ ਸਚੀ ਸਾਲਾਹ॥
ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹੁ॥ [3]

ਗੁਰੂ ਅਰਜਨ ਦੇਵ ਜੀ ਰਬ ਨੂੰ ਹਰ ਖੇਤਰ ਵਿਚ ਸੰਪੂਰਣ ਮੰਨਿਦਿਆਂ ਹੋਇਆਂ ਉਸ ਨੂੰ ਆਪਣੀ ਬਾਣੀ ਵਿਚ ਬੜੇ ਸਪਸ਼ਟ ਰੂਪ ਵਿਚ ਰਾਜਿਆਂ ਦਾ ਰਾਜਾ ( King of Kings ) ਦਸਦੇ ਹਨ:-

ੳ) ਰਾਜਨ ਮਹਿ ਤੂੰ ਰਾਜਾ ਕਹੀਅਹ ਭੂਮਨ ਮਹਿ ਭੂਮਾ॥ [4]

ਅ) ਰਾਜ ਮਹਿ ਰਾਜ ਜੋਗ ਮਹਿ ਜੋਗੀ॥ [5]

ਗੁਰੂ ਗੋਬਿੰਦ ਸਿੰਘ ਜੀ ਨੇ ਵੀ ਜਾਪੁ ਸਾਹਿਬ ਵਿਚ ਰਬ ਨੂੰ ਦੁਨਿਆਵੀ ਰਾਜਿਆਂ ਉਪਰ ਇਕ ਸਰਵੋਚ ਰਾਜੇ ਦੇ ਰੂਪ ਵਿਚ ਸਥਾਪਿਤ ਕੀਤਾ ਹੈ। ਰਬ ਨੂੰ 'ਸਾਹ ਸਾਹਾਣਿ',

---

1- ਆਦਿ ਗ੍ਰੰਥ, ਪੰਨਾ 1073
2- ਆਦਿ ਗ੍ਰੰਥ, ਪੰਨਾ 1138
3- ਓਹੀ, ਪੰਨਾ 463
4- ਓਹੀ, ਪੰਨਾ 507
5- ਓਹੀ, ਪੰਨਾ 284

'ਸਰਬ ਭੂਪੇ', 'ਸਾਹ ਸਾਹੇ', 'ਭੂਪ ਭੂਪੇ', 'ਰਾਜੇ ਪ੍ਰਭਾ', 'ਸਰਬਤ੍ਰ ਰਾਜੇ', 'ਨ੍ਰਿਪ ਨਾਇਕ', ਦੇ ਰੂਪ ਵਿਚ ਪ੍ਰਸਤੁਤ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੇ ਰਾਜ ਬਾਰੇ ਰਬ ਦੀ ਸਰਵੋਚ ਸੱਤਾ ਨੂੰ ਨਮਸਕਾਰ ਕੀਤੀ ਹੈ।[1]

ਭਗਤ ਕਬੀਰ ਇਸੇ ਤੱਥ ਦੀ ਪ੍ਰੋੜਤਾ ਕਰਦਿਆਂ ਦਸਿਆ ਹੈ ਕਿ ਸਾਰੇ ਦੁਨਿਆਵੀ ਰਾਜੇ 'ਚਾਰ ਦਿਵਸੀ' ਹਨ ਅਰਥਾਤ ਉਨ੍ਹਾਂ ਦਾ ਰਾਜ ਹਮੇਸ਼ਾਂ ਰਹਿਣ ਵਾਲਾ ਨਹੀਂ ਅਤੇ ਇਸੇ ਲਈ ਇਹਨਾਂ ਦੁਨਿਆਵੀ ਰਾਜਿਆਂ ਦੇ ਰਾਜ-ਪ੍ਰਤਾਪ ਦੇ ਵਿਖਾਵੇ ਵੀ ਝੂਠ ਹਨ। ਅਸਲ ਵਿਚ ਨਿਹਚਲ ਰਾਜ ਕਮਾਉਣ ਵਾਲੇ ਰਬ-ਰਾਜੇ ਦੀ ਬਰਾਬਰੀ ਕੋਈ 'ਚਾਰ ਦਿਵਸੀ' ਦੁਨਿਆਵੀ ਰਾਜਾ ਨਹੀਂ ਕਰ ਸਕਦਾ। ਅਤੇ ਨਾ ਹੀ ਰਬ ਵਰਗਾ ਕੋਈ ਰਾਜਾ ਹੋ ਸਕਦਾ ਹੈ:-

ਕੋਊ ਹਰਿ ਸਮਾਨਿ ਨਹੀ ਰਾਜਾ ॥
ਏਹੁ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ॥[2]

ਇਸ ਤਰ੍ਹਾਂ ਬਾਣੀ ਵਿਚ ਰਬ ਨੂੰ ਦੁਨਿਆਵੀ ਰਾਜਿਆਂ ਉਪਰ ਇਕ ਸਰਬ-ਉਚ ਰਾਜੇ ਦੇ ਰੂਪ ਵਿਚ ਪ੍ਰਸਤੁਤ ਕੀਤਾ ਗਿਆ ਹੈ ਜਿਹੜਾ ਹਰ ਖੇਤਰ ਵਿਚ ਸੰਪੂਰਣ ਹੈ ਅਤੇ ਹਰ ਤਰ੍ਹਾਂ ਅਦੁੱਤੀ ਹੈ।

ਸਰਵੋਚ ਸ਼ਕਤੀ ਦਾ ਮਾਲਕ, ਨਿਹਚਲ ਰਾਜ ਵਾਲਾ ਪਰਮਾਤਮਾ ਹੀ ਦੁਨਿਆਵੀ ਰਾਜ ਦੀ ਰਚਨਾ ਕਰਨ ਵਾਲਾ ਹੈ। ਉਸਦੇ ਹੁਕਮ ਨਾਲ ਹੀ ਰਾਜ ਦੀ ਉਤਪਤੀ ਹੋਈ ਹੈ ਅਤੇ ਉਸਦੇ ਹੁਕਮ ਵਿਚ ਰਾਜ ਦੀ ਹੋਂਦ ਕਾਇਮ ਹੈ। ਗੁਰੂ ਅਮਰਦਾਸ ਜੀ ਦਸਦੇ ਹਨ ਕਿ ਜਿਤਨੇ ਵੀ ਦੁਨਿਆਵੀ ਸ਼ਕਤੀ ਦੇ ਪ੍ਰਤੀਕ ਹਨ ਅਰਥਾਤ, ਸ਼ਾਹ, ਪਾਤਿਸ਼ਾਹ, ਰਾਜੇ,

---

1- ਦਸਮ ਗ੍ਰੰਥ, (ਸੈਂਚੀ ਪਹਿਲੀ), ਪੰਨਾ 1-10

2- ਆਦਿ ਗ੍ਰੰਥ, ਪੰਨਾ 856

ਖਾਨ, ਅਮੀਰ ਤੇ ਸਰਦਾਰ ਹਨ, ਉਹ ਸਾਰੇ ਪਰਮਾਤਮਾ ਦੇ ਪੈਦਾ ਕੀਤੇ ਹੋਏ ਹਨ। ਦੁਨਿਆਵੀ ਸ਼ਕਤੀ ਦੇ ਇਹਨਾਂ ਮਾਲਕਾਂ ਦੇ ਕਾਰਜ ਵੀ ਪਰਮਾਤਮਾ ਆਪ ਨਿਸ਼ਚਿਤ ਕਰਦਾ ਹੈ। ਇਕ ਤਥ ਹੋਰ ਸਪਸ਼ਟ ਹੈ ਕਿ ਦੁਨਿਆਵੀ ਸ਼ਾਹ, ਪਾਤਸ਼ਾਹ ਆਦਿ ਭਾਵੇਂ ਦੁਨਿਆਵੀ ਸ਼ਕਤੀ ਦੇ ਮਾਲਕ ਹਨ ਪਰ ਉਹ ਰਬ ਦੇ ਦਰ ਦੇ ਮੰਗਤੇ (ਅਰਥੀਏ) ਹਨ:-

ਜਿਤਨੇ ਪਾਤਿਸਾਹ ਸਾਹ ਰਾਜੇ ਖਾਨ ਉਮਰਾਵ ਸਿਕਦਾਰ ਹਹਿ
ਤਿਤਨੇ ਸਭਿ ਹਰਿ ਕੇ ਕੀਏ॥
ਜੋ ਕਿਛੁ ਹਰਿ ਕਰਾਵੈ ਸੁ ਓਇ ਕਰਹਿ
ਸਭਿ ਹਰਿ ਕੇ ਅਰਥੀਏ॥[1]

ਗੁਰੂ ਨਾਨਕ ਦੇਵ ਜੀ ਨੇ ਰਬ ਦੇ ਵਿਆਪਕ ਅਧਿਕਾਰ ਖੇਤਰ ਦਾ ਜ਼ਿਕਰ ਕਰਦਿਆਂ ਫੁਰਮਾਇਆ ਹੈ ਕਿ ਸਾਰੀਆਂ ਪਾਤਸ਼ਾਹੀਆਂ ਤੇ ਹਕੂਮਤਾਂ, ਖੁਸ਼ੀਆਂ ਤੇ ਖਾਣੇ, ਮਨੁੱਖ ਤੇ ਦੇਵਤੇ, ਜੋਗੀਆਂ ਦੇ ਧਿਆਨ ਧਰਤੀ ਦੇ ਸਾਰੇ ਮੰਡਲ ਤੇ ਹਿੱਸੇ ਅਤੇ ਸਾਰੇ ਜੀਅ ਜੰਤ - ਸਭਨਾਂ ਨੂੰ ਰਬ ਆਪਣੇ ਹੁਕਮ ਵਿਚ ਚਲਾਉਂਦਾ ਹੈ ਅਰਥਾਤ ਸਭ ਦੇ ਪਿਛੋਕੜ ਵਿਚ ਸ਼ਕਤੀ ਦੇ ਸ੍ਰੋਤ, ਰਬ ਦੀ ਸੱਤਾ ਹੀ ਕ੍ਰਿਆਸ਼ੀਲ ਹੈ:-

ਸਭਿ ਪਾਤਿਸਾਹੀਆਂ ਅਮਰ ਸਭਿ ਸਭਿ ਖੁਸੀਆਂ ਸਭਿ ਖਾਨ॥
ਸਭੇ ਮਾਣਸ ਦੇਵ ਸਭਿ ਸਭੇ ਜੋਗ ਧਿਆਨ॥
ਸਭੇ ਪੁਰੀਆ ਖੰਡ ਸਭਿ ਸਭੇ ਜੀਅ ਜਹਾਨ॥
ਹੁਕਮ ਚਲਾਏ ਆਪਣੇ ਕਰਮੀ ਵਹੈ ਕਲਾਮ॥
ਨਾਨਕ ਸਚਾ ਸਚਿ ਨਾਇ ਸਚੁ ਸਭਾ ਦੀਬਾਣੁ॥[2]

- - - - - - - - - - - - - - - - - - - - - - - - - - - - - - - -

1- ਆਦਿ ਗ੍ਰੰਥ, ਪੰਨਾ 851

2- ਓਹੀ, ਪੰਨਾ 1241

ਗੁਰੂ ਅਮਰਦਾਸ ਜੀ ਅਨੁਸਾਰ ਰਬ ਪ੍ਰਸੰਨ ਹੋ ਕੇ ਆਪਣੇ ਭਗਤਾਂ ਦੇ ਸਿਰ ਤੇ ਛਤਰ ਝੁਲਾ ਕੇ, ਉਹਨਾਂ ਨੂੰ ਪਾਤਸ਼ਾਹੀ ਬਖਸ਼ ਦੇਂਦਾ ਹੈ ਅਤੇ ਭਗਤ, ਗੁਰੂ ਦੀ ਦੱਸੀ ਕਾਰ ਕਮਾ ਕੇ ਸੁਖੀਏ ਤੇ ਪਵਿੱਤਰ ਰਹਿੰਦੇ ਹਨ:-

ਭਗਤ ਜਨਾ ਕੰਉ ਆਪਿ ਤੁਠਾ ਮੇਰਾ ਪਿਆਰਾ ਆਪੇ ਲਾਇਨੁ ਜਨ ਲਾਇ॥
ਪਾਤਸਾਹੀ ਭਗਤ ਜਨਾ ਕਉ ਦਿਤੀਅਨੁ ਸਿਰਿ ਛਤੁ ਸਚਾ ਹਰਿ ਬਣਾਇ॥
ਸਦਾ ਸੁਖੀਏ ਨਿਰਮਲੇ ਸਤਿਗੁਰ ਕੀ ਕਾਰ ਕਮਾਇ॥[1]

ਬੰਸਾਵਲੀ ਨਾਮੇ ਵਿਚ ਵੀ ਰਾਜ ਨੂੰ ਰਬੀ ਦਾਤ ਦਸਿਆ ਗਿਆ ਹੈ:-

ਜੋ ਰਾਜ ਭਾਗ ਮਾਇਆ ਪਾਇ ਅਪਨਾ ਕਛ ਨ ਜਾਣੈ।
ਦਾਤਿ ਵਾਹਿਗੁਰ ਦੀ ਸਿਖ ਸੰਤ ਸਾਧ ਗ੍ਰੰਥ ਨੂੰ ਪਛਾਣੈ।[2]

ਰਾਜ ਸਬੰਧੀ ਰਬ ਦੀਆਂ ਅਥਾਹ ਸ਼ੁਕਤੀਆਂ:

ਗੁਰੂ ਨਾਨਕ ਦੇਵ ਜੀ ਆਪਣੀ ਇਕ ਬੜੀ ਮਹੱਤਵਪੂਰਣ ਰਚਨਾ ਵਿਚ ਸਰਬ ਸ਼ਕਤੀਮਾਨ ਰਬ ਦੀਆਂ ਅਥਾਹ ਸ਼ਕਤੀਆਂ ਦਾ ਵਰਣਨ ਕਰਦਿਆਂ ਦਸਦੇ ਹਨ ਕਿ ਉਹ ਰੱਬ, ਸ਼ੇਰਾਂ, ਬਾਜ਼ਾਂ, ਚਰਗਾਂ ਤੇ ਕੁਹੀਆਂ ਆਦਿ ਮਾਸਹਾਰੀਆਂ ਨੂੰ ਘਾਹ ਖਵਾ ਦੇਂਦਾ ਹੈ ਅਤੇ ਜਿਹੜੇ ਜੀਵ ਘਾਹ ਖਾਣ ਵਾਲੇ ਹਨ ਉਹਨਾਂ ਨੂੰ ਮਾਸ ਖਾਣ ਦੀ ਰਾਹ ਤੇ ਤੋਰ ਦੇਂਦਾ ਹੈ। ਰੱਬ ਨਦੀਆਂ ਵਿਚ ਟਿੱਬੇ ਵਿਖਾਲ ਦੇਂਦਾ ਹੈ ਅਤੇ ਰੇਤਲੇ ਥਾਵਾਂ ਨੂੰ ਡੂੰਘੇ ਪਾਣੀ ਵਾਲਾ ਬਣਾ ਦੇਂਦਾ ਹੈ। ਕੀੜੇ ਨੂੰ ਬਾਦਸ਼ਾਹੀ ਦੇ ਤਖਤ ਤੇ ਥਾਪ ਦੇਂਦਾ ਹੈ ਅਤੇ ਬਾਦਸ਼ਾਹਾਂ ਦੇ ਲਸ਼ਕਰਾਂ ਨੂੰ ਸੁਆਹ ਕਰ ਦੇਂਦਾ ਹੈ:-

---

1- ਆਦਿ ਗ੍ਰੰਥ, ਪੰਨਾ 590

2- ਛਿਬਰ, ਕੇਸਰ ਸਿੰਘ, ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ, ਪੰਨਾ 200

ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ॥

ਘਾਹੁ ਖਾਨਿ ਤਿਨਾ ਮਾਸੁ ਖਵਾਲੇ ਏਹਿ ਚਲਾਏ ਰਾਹ॥

ਨਦੀਆ ਵਿਚਿ ਟਿਬੇ ਦੇਖਾਲੇ ਥਲੀ ਕਰੇ ਅਸਗਾਹ॥

ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ॥[1]

ਗੁਰਬਾਣੀ ਵਿਚ ਹੋਰ ਕਈ ਥਾਈਂ ਕੀੜੇ ਨੂੰ ਪਾਤਸਾਹੀ ਤਖਤ ਤੇ ਥਾਪਨ ਦੀ ਗਲ ਮਿਲਦੀ ਹੈ। ਸੁਖਮਨੀ ਵਿਚ ਗੁਰੂ ਅਰਜਨ ਦੇਵ ਜੀ ਦਾ ਕਥਨ ਹੈ ਕਿ ਉਹ ਗਰੀਬ ਨਿਵਾਜ ਰਬ ਖਿਨ ਵਿਚ ਕੀੜੇ ਵਰਗੇ ਕੀਟ ਨੂੰ ਰਾਜ ਬਖਸ਼ ਦੇਂਦਾ ਹੈ:-

ਖਿਨ ਮਹਿ ਨੀਚ ਕੀਟ ਕਉ ਰਾਜ॥

ਪਾਰਬ੍ਰਹਮ ਗਰੀਬ ਨਿਵਾਜ॥[2]

ਇਕ ਹੋਰ ਥਾਂ ਤੇ ਗੁਰੂ ਅਰਜਨ ਦੇਵ ਜੀ ਦਸਦੇ ਹਨ ਕਿ ਰਬ ਇਕ ਖਿਨ ਵਿਚ ਨੀਵੇਂ, ਕੀਟ ਵਰਗੇ ਨਾਚੀਜ਼ਾਂ ਨੂੰ ਨਿਵਾਜ ਕੇ ਰਾਜੇ ਥਾਪ ਦੇਂਦਾ ਹੈ:-

ਖਿਨ ਮਹਿ ਥਾਪਿ ਨਿਵਾਜੇ ਠਾਕੁਰ

ਨੀਚ ਕੀਟ ਤੇ ਕਰਹਿ ਰਾਜੰਗਾ॥[3]

ਉਪਰੋਕਤ ਪੰਗਤੀਆਂ ਵਿਚੋਂ ਦੋ ਤੱਥ ਉਭਰ ਕੇ ਸਾਹਮਣੇ ਆਉਂਦੇ ਹਨ। ਪਹਿਲਾਂ, ਰਾਜ ਦੀ ਸਥਾਪਨਾ ਰਬ ਦੇ ਹੁਕਮ ਵਿਚ ਹੋਈ ਹੈ। ਦੂਜਾ, ਰਾਜ ਨੂੰ ਵਿਸਥਾਪਿਤ ਕਰਨ ਦੀ ਸ਼ਕਤੀ ਵੀ ਉਸ ਰੱਬ ਪਾਸ ਹੈ। 'ਕੀੜਾ ਥਾਪ ਦੇਇ ਪਾਤਿਸਾਹੀ' ਰੱਬ ਦੀ ਉਸ ਅਸੀਮ ਸ਼ਕਤੀ ਵਲ ਸੰਕੇਤ ਹੈ ਜਿਸ ਨਾਲ ਉਹ ਕੀੜੇ ਵਰਗੇ ਨੀਵੇਂ ਤੇ ਨਿਮਾਣੇ ਵਿਅਕਤੀ ਪਾਸੋਂ

- - - - - - - - - - - - - - - - - - - - - - - - - - - - - - -

1- ਆਦਿ ਗ੍ਰੰਥ, ਪੰਨਾ 144

2- ਓਹੀ, ਪੰਨਾ 277

3- ਓਹੀ, ਪੰਨਾ 824

ਪਾਤਿਸਾਹੀ ਕਰਵਾਉਂਦਾ ਹੈ। 'ਕੀੜਾ' ਸ਼ਬਦ ਇਥੇ ਉਸ ਆਮ ਸਧਾਰਣ ਬੰਦੇ ਲਈ ਵਰਤਿਆ ਗਿਆ ਹੈ ਜਿਹੜਾ ਸਮਾਜਕ ਵਿਤਕਰਿਆਂ ਦਾ ਸ਼ਿਕਾਰ ਹੈ ਅਤੇ ਸਮਾਜ ਦੇ ਉਸ ਵਰਗ ਦੀ ਨੁਮਾਇੰਦਗੀ ਕਰਦਾ ਹੈ ਜਿਹੜਾ ਸ਼ੋਸ਼ਿਤ ਅਤੇ ਨੀਵਾਂ ਹੈ। 'ਲਸਕਰ ਕਰੈ ਸੁਆਹ' ਪਰਮਾਤਮਾ ਦੀ ਉਸ ਸਮਰਥਾ ਦਾ ਪ੍ਰਤੀਕ ਹੈ ਜਿਸ ਨਾਲ ਉਹ ਰਾਜ ਮਦ ਵਿਚ ਫਸੇ ਬਾਦਸ਼ਾਹਾਂ ਦੇ ਲਸਕਰ ਫਨਾਹ ਕਰ ਦੇਂਦਾ ਹੈ ਅਰਥਾਤ ਉਹਨਾਂ ਦੀ ਬਾਦਸ਼ਾਹੀ ਖੋਹ ਲੈਂਦਾ ਹੈ।

ਬਣਾਉਣਾ ਅਤੇ ਬਣਾਕੇ ਢਾਹ ਦੇਣਾ ਅਰਥਾਤ ਥਾਪਨਾ ਤੇ ਵਿਸਥਾਪਤ ਕਰਨਾ ਉਸ ਰਬ ਦੀ ਸਮਰਥਾ ਵਿਚ ਹੈ। ਰਾਜੇ ਨੂੰ ਵਿਸਥਾਪਤ ਕਰਕੇ ਰੰਕ ਕਰ ਦੇਣਾ ਅਤੇ ਨੀਚ ਵਿਚ ਜੋਤ ਰਖ ਕੇ ਉਤਮ ਬਣਾ ਦੇਣਾ, ਰਬ ਲਈ ਇਕ ਖਿਨ ਵਿਚ ਸੰਭਵ ਹੈ:-

ਖਿਨ ਮਹਿ ਥਾਪਿ ਉਥਾਪਨਹਾਰਾ ਕੀਮਤ ਜਾਇ ਨ ਕਰੀ॥
ਰਾਜਾ ਰੰਕ ਕਰੈ ਖਿਨ ਭੀਤਰਿ ਨੀਚਹ ਜੋਤਿ ਧਰੀ॥[1]

ਗੁਰੂ ਗੋਬਿੰਦ ਸਿੰਘ ਜੀ ਵੀ ਆਪਣੀ ਇਕ ਰਚਨਾ ਵਿਚ ਰਾਜ ਬਾਰੇ ਰਬ ਦੀ ਅਥਾਹ ਸ਼ਕਤੀਆਂ ਦਾ ਜਿਕਰ ਕਰਦੇ ਹਨ। ਉਹਨਾਂ ਅਨੁਸਾਰ ਰਬ ਕਿਤੇ ਤਾਂ ਰਾਜਿਆਂ ਨੂੰ ਰਾਜ ਸੱਤਾ ਦਾ ਅਥਾਹ ਅਨੰਦ ਮਾਨਣ ਦਾ ਦਾਨ ਦੇਂਦਾ ਹੈ ਅਤੇ ਕਿਤੇ ਉਹਨਾਂ ਦੇ ਅਧਿਕਾਰ ਚੋਂ ਸਾਰੀ ਧਰਤੀ ਖੋਹ ਲੈਂਦਾ ਹੈ ਅਰਥਾਤ ਸੱਤਾ-ਹੀਨ ਕਰ ਦੇਂਦਾ ਹੈ:-

ਕਹੂੰ ਮਹਾਰਾਜਨ ਕੋ ਦੀਜਤ ਅਨੰਤ ਦਾਨ॥
ਕਹੂੰ ਮਹਾਰਾਜਨ ਤੇ ਛੀਨ ਛਿਤ ਲੇਤ ਹੋ॥[2]

ਭਗਤ ਕਬੀਰ ਜੀ ਆਪਣੀ ਬਾਣੀ ਵਿਚ ਦਸਦੇ ਹਨ ਕਿ ਰਬ ਰਾਜੇ ਦੀ ਸੰਸਾਰ ਰਚਨਾ ਦੀ ਮਿਤ ਨਹੀਂ ਜਾਣੀ ਜਾ ਸਕਦੀ। ਉਹ ਭਿਖਾਰੀ ਪਾਸੋਂ ਰਾਜ ਕਰਾਉਣ ਅਤੇ ਰਾਜੇ ਨੂੰ ਭਿਖਾਰੀ ਕਰ ਦੇਣ ਦੀ ਸਮਰਥਾ ਰਖਦਾ ਹੈ:-

---

1- ਆਦਿ ਗ੍ਰੰਥ ; ਪੰਨਾ 499

2- ਦਸਮ ਗ੍ਰੰਥ, (ਸੈਂਚੀ ਪਹਿਲੀ), ਪੰਨਾ 12

ਰਾਜਾ ਸ੍ਰਮ ਮਿਤਿ ਨਹੀ ਜਾਨੀ ਤੇਰੀ॥- - - -

ਭੇਖਾਰੀ ਤੇ ਰਾਜੁ ਕਰਾਵੈ ਰਾਜਾ ਤੇ ਭੇਖਾਰੀ॥[1]

ਗਉੜੀ ਰਾਗ ਵਿਚ ਕਬੀਰ ਜੀ ਦਸਦੇ ਹਨ ਕਿ ਉਸ ਪਰਮਾਤਮਾ ਦੀ ਰਜਾ ਵਿਚ ਮਨੁੱਖ ਕਦੀ ਛਤ੍ਰਧਾਰੀ ਰਾਜਾ ਅਤੇ ਕਦੀ ਭੇਖਾਰੀ ਦੇ ਰੂਪ ਵਟਾਉਂਦਾ ਹੈ:-

ਕਬਹੂ ਰਾਜਾ ਛਤ੍ਰਪਤਿ ਕਬਹੂ ਭੇਖਾਰੀ॥[2]

ਰਬ ਨੇ ਦੁਖ ਸੁਖ ਦੇ ਬੰਧਨ ਵਿਚ ਸੰਸਾਰ ਨੂੰ ਬੰਨ੍ਹਿਆ ਹੋਇਆ ਹੈ, ਇਸੇ ਲਈ ਉਹ ਮਨੁੱਖ ਪਾਸੋਂ ਕਦੇ ਰਾਜ ਕਰਾਉਂਦਾ ਹੈ ਤੇ ਕਦੇ ਉਸ ਨੂੰ ਮੰਗਣਹਾਰ ਬਣਾ ਦੇਂਦਾ ਹੈ:-

ਕਬ ਹੀ ਰਾਜ ਕਬ ਮੰਗਨਹਾਰੁ॥

ਦੂਖ ਸੂਖ ਬਾਧੋ ਸੰਸਾਰ॥[3]

ਅਸਲ ਵਿਚ ਦੁਨਿਆਵੀ ਖੇਤਰ ਵਿਚ ਵਾਪਰਨ ਵਾਲੀ ਹਰ ਘਟਨਾ ਉਸ ਸਰਵੋਚ ਸ਼ਕਤੀ ਦੇ ਮਾਲਕ, ਰਬ ਦੇ ਹੁਕਮ ਦੀ ਤਾਮੀਲ ਹੈ। ਭਿਖ ਮੰਗਣ ਵਾਲੇ ਭਿਖਾਰੀ ਤੋਂ ਲੈ ਕੇ ਰਾਜ ਕਰਨ ਵਾਲੇ ਰਾਜੇ ਤਕ, ਸਭ ਉਸਦੇ ਹੁਕਮ ਦੇ ਪਾਬੰਦ ਹਨ। ਉਸਦੀ ਰਜ਼ਾ ਵਿਚ ਹੀ ਕੋਈ ਭੀਖਕ ਬਣ ਕੇ ਭਿਖ ਮੰਗ ਰਿਹਾ ਹੈ ਅਤੇ ਕੋਈ ਰਾਜਾ ਬਣਕੇ ਰਾਜ ਕਮਾ ਰਿਹਾ ਹੈ:-

ੳ- ਇਕਿ ਤੁਝ ਹੀ ਕੀਏ ਰਾਜੇ ਇਕਨਾ ਭਿਖ ਭਵਾਈਆ॥[4]

ਅ- ਕੋਈ ਭੀਖਕੁ ਭੀਖਿਆ ਖਾਇ॥

ਕੋਈ ਰਾਜਾ ਰਹਿਆ ਸਮਾਇ॥[5]

---

1- ਆਦਿ ਗ੍ਰੰਥ, ਪੰਨਾ 1252

2- ਓਹੀ, ਪੰਨਾ 326

3- ਓਹੀ, ਪੰਨਾ 1192

4- ਓਹੀ, ਪੰਨਾ 566

5- ਓਹੀ, ਪੰਨਾ 354

ੲ- ਇਕਿ ਰਾਜੇ ਤਖਤਿ ਨਿਤ ਸੁਖੀਏ ਇਕਨਾ ਭਿਖ ਮੰਗਾਈਆ ਜੀਉ॥[1]

ਰਬ ਦੀ ਸਰਵੋਚਤਾ ਤੇ ਕਿਸੇ ਕਿਸਮ ਦਾ ਸੰਦੇਹ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਉਸਦੀ ਕੀਤੀ ਕਿਸੇ ਕਾਰ ਤੇ ਕਿੰਤੂ ਕੀਤਾ ਜਾ ਸਕਦਾ ਹੈ। ਜੋ ਕੁਝ ਉਹ ਕਰ ਰਿਹਾ ਹੈ ਉਹ ਅੰਤਿਮ ਹੈ, ਉਸ ਵਿਚ ਫੇਰ-ਬਦਲ ਦੀ ਕੋਈ ਗੁੰਜਾਇਸ਼ ਨਹੀਂ। ਗੁਰੂ ਨਾਨਕ ਦੇਵ ਜੀ ਇਸ ਤਥ ਨੂੰ ਪੇਸ਼ ਕਰਦਿਆਂ ਦਸਦੇ ਹਨ ਕਿ ਉਸ ਪਰਮਾਤਮਾ ਨੇ ਕਿਸੇ ਨੂੰ ਘਾਹ ਖੋਤਣ ਲਾ ਦਿੱਤਾ ਹੈ ਅਤੇ ਕਿਸੇ ਨੂੰ ਰਾਜਾ ਬਣਾ ਦਿੱਤਾ। ਉਸਦੇ ਇਹਨਾਂ ਕੰਮਾਂ ਵਿਚੋਂ ਕਿਸੇ ਨੂੰ ਗਲਤ ਨਹੀਂ ਕਿਹਾ ਜਾ ਸਕਦਾ:-

ਇਕ ਹੀ ਕਉ ਘਾਸਿ ਇਕ ਹੀ ਕਉ ਰਾਜਾ॥
ਇਨ ਮਹਿ ਕਹੀਐ ਕਿਆ ਕੂੜਾ॥[2]

ਰਬ ਦੇ ਹੁਕਮ ਵਿਚ ਵਿਚਰਦਿਆਂ ਮਨੁੱਖ ਹਰ ਰੂਪ ਵਿਚ ਇਕੋ ਜਿਹਾ ਰਹਿੰਦਾ ਹੈ। ਰਾਜੇ ਦੇ ਰੂਪ ਵਿਚ ਮਨੁੱਖ, ਰਬ ਦੇ ਸਨਮੁੱਖ ਕੋਈ ਵੱਡਾ ਨਹੀਂ ਬਣ ਜਾਂਦਾ ਅਤੇ ਭਿਖਾਰੀ ਦੇ ਰੂਪ ਵਿਚ ਮਨੁੱਖ ਰੱਬ ਦੇ ਸਾਹਮਣੇ ਕੋਈ ਨੀਵਾਂ ਨਹੀਂ ਹੋ ਜਾਂਦਾ। ਭਗਤ ਨਾਮਦੇਵ ਦੀਆਂ ਇਹ ਸਤਰਾਂ ਇਸ ਤਥ ਵਲ ਸੰਕੇਤਿਤ ਹਨ:-

ਜੇ ਰਾਜ ਦੇਹਿ ਤ ਕਵਨ ਬਡਾਈ॥
ਜੇ ਭੀਖ ਮੰਗਾਵਹਿ ਤ ਕਿਆ ਘਟਿ ਜਾਈ॥[3]

ਅਸਲ ਵਿਚ ਰਬ ਤੇ ਮਨੁੱਖ ਵਿਚਲਾ ਰਿਸ਼ਤਾ ਮਾਲਕ ਤੇ ਗੁਲਾਮ ਦਾ ਹੈ। ਮਨੁੱਖ ਭਾਵੇਂ ਕਿਸੇ ਰੂਪ ਵਿਚ ਹੋਵੇ, ਰਬ ਦੇ ਸਨਮੁਖ ਉਹ ਇਕ ਗੁਲਾਮ ਹੀ ਹੈ। ਗੁਰੂ ਰਾਮਦਾਸ ਜੀ ਦੀ ਇਕ ਰਚਨਾ ਵਿਚ ਇਹ ਸਪਸ਼ਟ ਕੀਤਾ ਗਿਆ ਹੈ ਕਿ ਖਰੀਦੇ ਹੋਏ ਗੁਲਾਮ ਦੀ ਕੋਈ

- - - - - - - - - - - - - - - - - - - - - - - - - - - - - - -

1- ਆਦਿ ਗ੍ਰੰਥ, ਪੰਨਾ 173

2- ਓਹੀ, ਪੰਨਾ 1081

3- ਓਹੀ, ਪੰਨਾ 1192

ਚਤੁਰਾਈ ਨਹੀਂ ਚਲ ਸਕਦੀ। ਰਬ ਜੇ ਮਨੁੱਖ ਨੂੰ ਰਾਜ ਤਖਤ ਤੇ ਬਿਠਾ ਦੇਵੇ ਤਾਂ ਵੀ ਉਹ ਪਰਮਾਤਮਾ ਦਾ ਗੁਲਾਮ ਹੀ ਰਹਿੰਦਾ ਹੈ ਅਤੇ ਜੇ ਘਸਿਆਰਾ ਬਣਾ ਦੇਵੇ ਤਾਂ ਵੀ ਉਹ ਪਰਮਾਤਮਾ ਦਾ ਹੀ ਨਾਮ ਜਪਦਾ ਹੈ:-

ਲਾਲਾ ਹਾਟ ਵਿਹਾਝਿਆ ਕਿਆ ਤਿਸੁ ਚਤੁਰਾਈ॥
ਜੇ ਰਾਜਿ ਬਹਾਲੇ ਤਾ ਹਰਿ ਗੁਲਾਮੁ ਘਾਸੀ ਕਉ ਹਰਿ ਨਾਮੁ ਕਢਾਈ॥
ਜਨੁ ਨਾਨਕੁ ਹਰਿ ਕਾ ਦਾਸੁ ਹੈ ਹਰਿ ਕੀ ਵਡਿਆਈ॥[1]

ਸਾਰੇ ਵਿਸਤਾਰ ਦੇ ਅਧਾਰ ਤੇ ਕਿਹਾ ਜਾ ਸਕਦਾ ਹੈ ਕਿ ਸਿੱਖ ਵਿਚਾਰਧਾਰਾ ਵਿਚ ਰਬ ਨੂੰ ਇਕ ਅਨੂੱਠੀ ਰਾਜੇ ਦੇ ਰੂਪ ਵਿਚ ਸਥਾਪਿਤ ਕੀਤਾ ਗਿਆ ਹੈ। ਰਬ ਰਾਜੇ ਨੂੰ ਪੂਰਾ ਪਾਤਸ਼ਾਹ, ਵਡ ਰਾਜਾ ਅਤੇ ਇਕੋ ਇਕ ਰਾਜਾ ਕਹਿ ਕੇ ਸਲਾਹਿਆ ਗਿਆ ਹੈ। ਉਸ ਦੇ ਰਾਜ ਨੂੰ ਨਿਹਚਲ ਮੰਨਿਆ ਗਿਆ ਹੈ ਅਤੇ ਸਾਰੀ ਸ੍ਰਿਸ਼ਟੀ ਨੂੰ ਉਸਦੇ ਰਾਜ ਦੇ ਅਧਿਕਾਰ ਖੇਤਰ ਦੀ ਸੀਮਾ ਵਿਚ ਲਿਆਂਦਾ ਗਿਆ ਹੈ। ਇਸ ਤੋਂ ਅਲਾਵਾ ਦੁਨਿਆਵੀ ਰਾਜਿਆਂ ਦੇ ਉਪਰ ਸਰਵੋਚ ਰਾਜੇ ਦੇ ਰੂਪ ਵਿਚ ਰਬ ਰਾਜੇ ਦੀ ਭੂਮਿਕਾ ਬਹੁਤ ਮਹੱਤਵਪੂਰਣ ਮੰਨੀ ਗਈ ਹੈ। ਅਸਲ ਵਿਚ ਰਬ-ਰਾਜਾ ਦੁਨਿਆਵੀ ਰਾਜ ਦੀ ਥਾਪਨਾ ਤੇ ਉਥਾਪਨਾ ਕਰਨ ਵਿਚ ਪੂਰਣ ਤੌਰ ਤੇ ਸਮਰਥ ਹੈ। ਇਸੇ ਲਈ ਦੁਨਿਆਵੀ ਰਾਜ ਨੂੰ ਪੂਰੀ ਤਰ੍ਹਾਂ ਰਬੀ ਰਾਜ ਦੇ ਅਧੀਨ ਅਤੇ ਰਬ-ਰਾਜੇ ਦੇ ਹੁਕਮ ਦੀ ਪਾਬੰਦ ਸੰਸਥਾ ਦੇ ਰੂਪ ਵਿਚ ਵੇਖਿਆ ਗਿਆ ਹੈ। ਰਾਜ ਦੀ ਉਤਪਤੀ ਰਬ ਦੇ ਹੁਕਮ ਵਿਚ ਹੋਈ ਹੈ ਅਤੇ ਇਸ ਲਈ ਰਾਜ ਰਬੀ ਇੱਛਾ ਦਾ ਪ੍ਰਗਟਾਵਾ ਹੈ।

---

1- ਆਦਿ ਗ੍ਰੰਥ, ਪੰਨਾ 166

## 2-ਰਾਜ ਦੀ ਪ੍ਰਕ੍ਰਿਤੀ

ਰਾਜ ਦੀ ਉਤਪਤੀ ਦੇ ਦੈਵੀ ਸਿਧਾਂਤ ਦੇ ਆਧਾਰ ਤੇ ਰਾਜਾ ਦੇ ਦੈਵੀ ਅਧਿਕਾਰਾਂ ਦੇ ਵਿਚਾਰ ਨੂੰ ਸਮਰਥਨ ਮਿਲਨਾ ਸ਼ੁਰੂ ਹੋ ਗਿਆ। ਆਪਣੀ ਅਸੀਮ ਸੱਤਾ ਨੂੰ ਸਥਾਪਿਤ ਕਰਨ ਲਈ ਮਧਕਾਲ ਵਿਚ ਰਾਜਿਆਂ ਨੇ ਦੈਵੀ ਅਧਿਕਾਰਾਂ ਦੇ ਵਿਚਾਰ ਦਾ ਸਹਾਰਾ ਲਿਆ। ਇਸ ਗਲ ਦਾ ਪ੍ਰਚਾਰ ਕੀਤਾ ਗਿਆ ਕਿ ਰਾਜਾ ਕਿਉਂਕਿ ਰੱਬ ਦਾ ਪ੍ਰਤੀਨਿਧੀ ਹੈ ਇਸ ਲਈ ਕੇਵਲ ਈਸ਼ਵਰ ਪ੍ਰਤੀ ਉਤਰਦਾਈ ਹੈ। ਲੋਕਾਂ ਨੂੰ ਰਾਜੇ ਦੀ ਹਰ ਆਗਿਆ ਦਾ ਪਾਲਨ ਕਰਨਾ ਚਾਹੀਦਾ ਹੈ ਅਤੇ ਉਸ ਨੂੰ ਈਸ਼ਵਰੀ ਆਗਿਆ ਦੇ ਤੁਲ ਮੰਨਣਾ ਚਾਹੀਦਾ ਹੈ। ਰਾਜੇ ਦਾ ਵਿਰੋਧ ਕਰਨ ਦਾ ਲੋਕਾਂ ਨੂੰ ਕੋਈ ਅਧਿਕਾਰ ਪ੍ਰਾਪਤ ਨਹੀਂ ਕਿਉਂਕਿ ਰਾਜਾ ਲੋਕਾਂ ਪ੍ਰਤੀ ਉਤਰਦਾਈ ਨਹੀਂ।

ਸਿੱਖ ਧਰਮ-ਗ੍ਰੰਥ ਤੇ ਇਤਿਹਾਸ-ਗ੍ਰੰਥ ਰਾਜ ਦੀ ਉਤਪੱਤੀ ਸਬੰਧੀ ਦੈਵੀ ਸਿਧਾਂਤ ਦੇ ਸਮਰਥਕ ਹਨ, ਪਰ ਰਾਜੇ ਦੇ ਦੈਵੀ ਅਧਿਕਾਰਾਂ ਦੇ ਵਿਚਾਰ ਨੂੰ ਸਿੱਖ ਵਿਚਾਰਧਾਰਾ ਤੋਂ ਕਿਸੇ ਕਿਸਮ ਦਾ ਸਮਰਥਨ ਪ੍ਰਾਪਤ ਨਹੀਂ ਹੁੰਦਾ। ਸਿੱਖ ਪਰੰਪਰਾ ਰਾਜੇ ਦੀਆਂ ਅਸੀਮ ਸ਼ਕਤੀਆਂ ਦੀ ਹਾਮੀ ਨਹੀਂ ਅਤੇ ਨਾ ਹੀਉਹ ਰਾਜੇ ਨੂੰ ਲੋਕਾਂ ਤੋਂ ਉਪਰ ਜਾਂ ਲੋਕਾਂ ਤੋਂ ਕਿਸੇ ਨਿਸਚਿਤ ਵਿਥ ਤੇ ਰਹਸਮਈ ਦੈਵੀ ਅਧਿਕਾਰਾਂ ਦਾ ਧਾਰਣੀ ਮੰਨਦੀ ਹੈ। ਸਿੱਖੀ ਵਿਚਾਰਧਾਰਾ ਵਿਚ ਰਾਜਾ ਲੋਕਾਂ ਵਿਚ ਵਿਚਰਦਾ ਹੈ, ਉਨ੍ਹਾਂ ਵਿਚੋਂ ਇਕ ਹੈ ਅਤੇ ਉਸਦੇ ਅਧਿਕਾਰ ਰੱਬੀ ਨਹੀਂ ਸਗੋਂ ਲੋਕ ਪ੍ਰਵਾਨਗੀ ਵਿਚੋਂ ਪੈਦਾ ਹੁੰਦੇ ਹਨ ਅਤੇ ਨਿਸਚਿਤ ਹੁੰਦੇ ਹਨ। ਰਾਜੇ ਦੇ ਅਧਿਕਾਰਾਂ ਦਾ ਲੋਕ ਪ੍ਰਵਾਨਗੀ ਨਾਲ ਸਿੱਧਾ ਸਬੰਧ ਹੈ। ਰਾਜੇ ਦੇ ਅਧਿਕਾਰ ਉਹੋ ਹਨ ਜਿਹਨਾਂ ਨੂੰ ਲੋਕ-ਪ੍ਰਵਾਨਗੀ ਪ੍ਰਾਪਤ ਹੋਵੇ। ਰਬੀ ਪ੍ਰਵਾਨਗੀ ਵੀ ਰਾਜੇ ਦੇ ਉਹਨਾਂ ਅਧਿਕਾਰਾਂ ਪ੍ਰਾਪਤ ਹੋਵੇਗੀ ਜਿਹਨਾਂ ਨੂੰ ਲੋਕ ਪ੍ਰਵਾਨਗੀ ਹੋਵੇਗੀ ਅਤੇ ਜਿਹੜੇ ਲੋਕ-ਹਿੱਤ ਵਿਚ ਵਰਤੇ ਜਾਣਗੇ। ਇਹ ਗਲ ਠੀਕ ਹੈ ਕਿ ਰਾਜਾ ਪਰਮਾਤਮਾ ਪ੍ਰਤੀ ਉਤਰਦਾਈ ਹੈ। ਪਰ ਉਹ ਉਤਰਦਾਈ ਕਿਸ ਲਈ ਹੈ ਇਹ ਸਪਸ਼ਟ ਕਰਨ ਦੀ ਲੋੜ ਹੈ। ਸਿੱਖ ਦ੍ਰਿਸ਼ਟੀਕੋਣ ਮੁਤਾਬਕ ਰਾਜਾ ਲੋਕ-ਹਿੱਤ, ਪ੍ਰਤੀ ਆਪਣੇ ਕਾਰਜਾਂ ਲਈ ਪਰਮਾਤਮਾ ਦੇ ਸਨਮੁੱਖ ਉਤਰਦਾਈ ਹੈ।

ਗੁਰੂ ਸਾਹਿਬਾਨ ਨੇ ਆਪਣੇ ਸਮਕਾਲੀ ਰਾਜ ਦਾ ਭਰਪੂਰ ਵਿਰੋਧ ਕੀਤਾ। ਵਿਰੋਧ ਦਾ ਪ੍ਰਮੁੱਖ ਕਾਰਣ ਤੱਤਕਾਲੀਨ ਰਾਜ ਦਾ ਨਿਰੰਕੁਸ਼ ਰਾਜਤੰਤ੍ਰੀ ਸਰੂਪ ਸੀ। ਰਾਜਾ ਦੈਵੀ ਅਧਿਕਾਰਾਂ ਦੇ ਸਿਧਾਂਤ ਦੀ ਆੜ ਵਿਚ ਅਸੀਮ ਸ਼ਕਤੀਆਂ ਦਾ ਧਾਰਣੀ ਬਣਦਾ ਜਾ ਰਿਹਾ ਸੀ ਅਤੇ ਲੋਕ-ਹਿਤ ਨੂੰ ਅਖੋ ਉਹਲੇ ਕਰਕੇ ਆਪਣੇ ਸਵਾਰਥੀ ਮਨੋਰਥਾਂ ਦੀ ਪੂਰਤੀ ਲਈ ਰਾਜ-ਸ਼ਕਤੀ ਦਾ ਦੁਰ-ਉਪਯੋਗ ਕਰ ਰਿਹਾ ਸੀ। ਗੁਰੂ ਸਾਹਿਬਾਨ ਨੇ ਆਪਣੇ ਸਮਕਾਲੀ ਰਾਜ ਦੀ ਪ੍ਰਕ੍ਰਿਤੀ ਦੀ ਵਿਸਤ੍ਰਿਤ ਜਾਣਕਾਰੀ ਦਿੱਤੀ ਹੈ। ਉਹ ਆਪਣੇ ਸਮਕਾਲੀ ਰਾਜ ਤੋਂ ਸੰਤੁਸ਼ਟ ਨਹੀਂ ਸਨ ਅਤੇ ਆਪਣੀ ਬਾਣੀ ਵਿਚ ਥਾਂ ਥਾਂ ਤੇ ਉਹਨਾਂ ਨੇ ਅਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ ਹੈ। ਗੁਰੂ ਨਾਨਕ ਦੇਵ ਜੀ ਆਪਣੇ ਸਮੇਂ ਦੇ ਰਾਜ ਦਾ ਜ਼ਿਕਰ ਕਰਦਿਆਂ ਦਸਦੇ ਹਨ ਕਿ ਰਾਜੇ ਸ਼ੇਰ ਬਣ ਗਏ ਹਨ, ਉਹਨਾਂ ਦੇ ਅਹਲਕਾਰ ਮਾਨੋ ਕੁੱਤੇ ਹਨ, ਬੈਠੇ-ਸੁੱਤੇ ਬੰਦਿਆਂ ਨੂੰ ਜਾ ਜਗਾਂਦੇ ਹਨ। ਇਹ ਅਹਲਕਾਰ ਨਹੁੰਦ੍ਰਾਂ ਨਾਲ ਲੋਕਾਂ ਦਾ ਘਾਤ ਕਰਦੇ ਹਨ ਅਤੇ ਰਾਜੇ ਇਹਨਾਂ ਅਹਲਕਾਰਾਂ ਰਾਹੀਂ ਲੋਕਾਂ ਦਾ ਖ਼ੂਨ ਪੀਂਦੇ ਹਨ:-

> ਰਾਜੇ ਸੀਹ ਮੁਕਦਮ ਕੁਤੇ॥
> ਜਾਇ ਜਗਾਇਨਿ ਬੈਠੇ ਸੁਤੇ॥
> ਚਾਕਰ ਨਹਦਾ ਪਾਇਨਿ ਘਾਉ॥
> ਰਤੁ ਪਿਤੁ ਕੁਤਿਹੋ ਚਟਿ ਜਾਹੁ॥[1]

ਤਤਕਾਲੀਨ ਰਾਜ ਅਤੇ ਸੰਸਾਰ ਦੀ ਆਮ ਹਾਲਤ ਬਿਆਨ ਕਰਦਿਆਂ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਕਲਜੁਗੀ ਸੁਭਾਉ ਛੁਰੀ ਹੈ, ਰਾਜੇ ਕਸਾਈ ਬਣ ਚੁੱਕੇ ਹਨ ਅਤੇ ਧਰਮ ਖੰਭ ਲਾ ਕੇ ਉਡ ਗਿਆ ਹੈ। ਕੂੜ ਦੀ ਮਸਿਆ ਵਿਚ ਸਚ ਰੂਪ ਚੰਦ੍ਰਮਾ ਕਿਤੇ ਚੜ੍ਹਿਆ ਦਿਸਦਾ ਨਹੀਂ:-

---

1- ਆਦਿ ਗ੍ਰੰਥ, ਪੰਨਾ 1288

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥

ਕੂੜ ਅਮਾਵਸ ਸਚ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥[1]

ਆਸਾ ਦੀ ਵਾਰ ਵਿਚ ਤਤਕਾਲੀਨ ਰਾਜ ਦੀ ਵਿਆਖਿਆ ਕਰਦਿਆਂ ਗੁਰੂ ਨਾਨਕ ਦੇਵ ਜੀ ਦਸਦੇ ਹਨ ਕਿ ਲੋਭ ਰਾਜਾ ਹੈ, ਪਾਪ ਵਜੀਰ ਅਤੇ ਝੂਠ ਚੌਧਰੀ ਹੈ। ਇਸ ਲੋਭ ਤੇ ਪਾਪ ਦੇ ਰਾਜ ਦਰਬਾਰ ਵਿਚ ਕਾਮ ਨਾਇਬ ਹੈ ਜਿਸਦੀ ਸਦ ਕੇ ਸਲਾਹ ਪੁਛੀ ਜਾਂਦੀ ਹੈ। ਪਰਜਾ ਗਿਆਨ ਤੋਂ ਸਖਣੀ ਹੋਣ ਕਾਰਨ ਅੰਨ੍ਹੀ ਹੋ ਚੁੱਕੀ ਹੈ ਅਤੇ ਤ੍ਰਿਸ਼ਨਾ ਰੂਪੀ ਅੱਗ ਦੀ ਚਟੀ ਭਰ ਰਹੀ ਹੈ:-

ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ॥

ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ॥

ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ॥[2]

ਉਪਰੋਕਤ ਉਦਾਹਰਣਾਂ ਤੋਂ ਸਪਸ਼ਟ ਹੈ ਕਿ ਤਤਕਾਲੀਨ ਰਾਜ ਆਪਣੇ ਮੂਲ ਸ੍ਰੋਤ ਰਬ ਤੋਂ ਟੁੱਟਾ ਹੋਇਆ ਸੀ ਅਤੇ ਇਸ ਰਾਜ ਦੀ ਪ੍ਰਕ੍ਰਿਤੀ ਲੋਕਹਿਤਕਾਰੀ ਨਹੀਂ ਸੀ। ਰਾਜੇ ਲਈ ਉਸਦੀ ਸਵਾਰਥਸਿਧੀ ਹੀ ਇਕਮਾਤਰ ਉਦੇਸ਼ ਸੀ ਅਤੇ ਇਸ ਸਵਾਰਥ ਸਿਧੀ ਲਈ ਉਹ ਨਿਰੰਕੁਸ਼ ਹੋ ਕੇ ਅਸੀਮ ਅਧਿਕਾਰਾਂ ਦਾ ਪ੍ਰਯੋਗ ਕਰਦਾ ਸੀ। ਦੈਵੀ ਅਧਿਕਾਰਾਂ ਦੇ ਸਿਧਾਂਤ ਤੋਂ ਉਸ ਨੂੰ ਨੈਤਿਕ ਬਲ ਪ੍ਰਾਪਤ ਹੁੰਦਾ ਸੀ ਅਤੇ ਉਹ ਆਪਣੀ ਕਾਰਗੁਜ਼ਾਰੀ ਨੂੰ ਉਚਿਤ ਠਹਿਰਾਉਂਦਾ ਸੀ। ਗੁਰੂ ਸਾਹਿਬਾਨ ਨੇ ਇਸ ਸਾਰੀ ਵਿਵਸਥਾ ਦਾ ਵਿਰੋਧ ਕੀਤਾ ਅਤੇ ਬਾਣੀ ਵਿਚ ਰਾਜਿਆਂ ਦੀ ਨਿਰੰਕੁਸ਼ਤਾ ਦਾ ਪਰਦਾ ਉਘੇੜਿਆ।

---

1- ਆਦਿ ਗ੍ਰੰਥ, ਪੰਨਾ 145

2- ਓਹੀ, ਪੰਨਾ 468

ਰੱਬੀ ਸੋਧ ਪ੍ਰਤੀ ਅਚੇਤ ਰਾਜ ਮਨੁੱਖੀ ਭਲਾਈ ਵਲੋ ਮੁਨਕਰ ਹੋ ਜਾਂਦਾ ਹੈ; ਐਸੇ ਰਾਜ ਨੂੰ ਗੁਰੂ ਸਾਹਿਬਾਨ ਨੇ ਆਪਣੀ ਸਵੀਕ੍ਰਿਤੀ ਨਹੀਂ ਦਿੱਤੀ। ਰਬ ਦੇ ਸਚੇ ਰਾਜ ਦੀ ਤੁਲਨਾ ਵਿਚ ਦੁਨਿਆਵੀ ਰਾਜ ਨੂੰ ਝੂਠ ਕਰਾਰ ਦਿੰਦਿਆਂ ਗੁਰੂ ਸਾਹਿਬਾਨ ਨੇ ਰਾਜਿਆਂ ਨੂੰ ਰਾਜ ਨਾਲ ਮੋਹ ਲਾਉਣ ਤੋਂ ਰੋਕਿਆ ਕਿਉਂਕਿ ਰਾਜ ਨਾਲ ਝੂਠੇ ਮੋਹ ਕਾਰਣ ਹੀ ਰਾਜ ਵਿਚ ਸਵਾਰਥੀ ਤੱਤ ਭਾਰੂ ਹੋ ਜਾਂਦੇ ਹਨ ਅਤੇ ਲੋਕਹਿਤ ਅਖੋਉਹਲੇ ਹੋ ਜਾਂਦਾ ਹੈ। ਗੁਰੂ ਸਾਹਿਬਾਨ ਅਨੁਸਾਰ ਸਚਾ ਤੇ ਅਟਲ ਰਾਜ ਪਰਮਾਤਮਾ ਦਾ ਹੈ ਇਸ ਲਈ ਦੁਨਿਆਵੀ ਰਾਜ ਪਰਮਾਤਮਾ ਦੇ ਰਾਜ ਅਧੀਨ ਹਨ ਅਤੇ ਦੁਨਿਆਵੀ ਰਾਜਾਂ ਦੀ ਪਰਮਾਤਮਾ ਦੇ ਸਚੇ ਰਾਜ ਸਾਹਮਣੇ ਕੋਈ ਸਥਿਰ ਹੋਂਦ ਨਹੀਂ। ਬਾਣੀ ਨੇ ਦੁਨੀਆਂ ਦੇ ਰਾਜ ਨੂੰ ਮਿਥਿਆ, ਝੂਠ, ਕੂੜ ਅਤੇ ਤਰਵਰ ਦੀ ਛਾਂ ਵਰਗਾ ਦਸਿਆ ਹੈ। ਬਾਣੀ ਦੀਆਂ ਹੇਠਲੀਆਂ ਤੁਕਾਂ ਧਿਆਨਯੋਗ ਹਨ:-

ੳ- ਮਿਥਿਆ ਰਾਜ ਜੋਬਨ ਧਨ ਮਾਲ॥[1]

ਅ- ਮਿਥਿਆ ਰਾਜ ਜੋਬਨੁ ਅਰੁ ਉਮਰੇ ਮੀਰ ਮਲਕ ਅਰ ਖਾਨ॥[2]

ੲ- ਰਾਜ ਮਾਲ ਝੂਠੀ ਸਭ ਮਾਇਆ॥[3]

ਸ- ਰਾਜੁ ਰੂਪੁ ਝੂਠਾ ਦਿਨ ਚਾਰਿ॥[4]

ਹ- ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ॥[5]

ਕ- ਰਾਜ ਰੰਗ ਰੂਪ ਸਭਿ ਕੂਰ॥[6]

---

1- ਆਦਿ ਗ੍ਰੰਥ, ਪੰਨਾ 268

2- ਓਹੀ, ਪੰਨਾ 1215

3- ਓਹੀ, ਪੰਨਾ 1155

4- ਓਹੀ, ਪੰਨਾ 796

5- ਓਹੀ, ਪੰਨਾ 468

6- ਓਹੀ ਪੰਨਾ 888

ਖ- ਨਚ ਰਾਜ ਸੁਖ ਮਿਸਟੰ ਨਚ ਭੋਗ ਰਸ ਮਿਸਟੰ

ਨਚ ਮਿਸਟੰ ਸੁਖ ਮਾਇਆ॥[1]

ਗ- ਰਾਜ ਮਾਲ ਜੋਬਨ ਸਭ ਛਾਵ॥[2]

ਘ- ਰਾਜ ਮਾਲ ਅਨੇਕ ਭੋਗ ਰਸ ਸਗਲ ਤਰਵਰ ਕੀ ਛਾਮ॥[3]

ਰਾਜ ਅਤੇ ਰਾਜ ਕਰਨ ਵਾਲੇ ਰਾਜੇ ਥਿਰ ਰਹਿਣ ਵਾਲੇ ਨਹੀਂ ਹਨ। ਉਹਨਾਂ ਦਾ ਅੰਤ ਨਿਸ਼ਚਿਤ ਹੈ। ਬਾਣੀ ਵਿਚ ਬਹੁਤ ਸਾਰੇ ਐਸੇ ਉਦਾਹਰਣ ਮਿਲਦੇ ਹਨ ਜਿਹਨਾਂ ਵਿਚ ਰਾਜ ਨੂੰ ਨਾਸ਼ਵਾਨ ਸੰਸਥਾ ਦਸਿਆ ਹੈ ਅਤੇ ਰਾਜਿਆਂ ਨੂੰ ਵੀ ਚਾਰ ਦਿਨ ਦਾ ਮਾਲਕ ਕਿਹਾ ਹੈ:-

ੳ- ਰਾਜ ਬਿਨਾਸੀ ਤਾਮ ਬਿਨਾਸੀ ਸਾਤਕ ਭੀ ਬੇਨਾਹਾ॥

ਦ੍ਰਿਸ਼ਟਮਾਨ ਹੈ ਸਗਲ ਬਿਨਾਸੀ ਇਕਿ ਸਾਧ ਬਚਨ ਆਗਾਧਾ॥[4]

ਅ- ਸੁਲਤਾਨ ਖਾਨ ਬਾਦਿਸਾਹ ਨਹੀਂ ਰਹਨਾ॥

ਨਾਮਹੁ ਭੂਲੇ ਜਮ ਕਾ ਦੁਖ ਸਹਨਾ॥[5]

ੲ- ਏਹ ਭੂਪਤਿ ਰਾਣੇ ਰੰਗ ਦਿਨ ਚਾਰਿ ਸੁਹਾਵਣਾ॥

ਏਹ ਮਾਇਆ ਰੰਗ ਕਸੁੰਭ ਖਿਨ ਮਹਿ ਲਹਿ ਜਾਵਣਾ॥[6]

ਸ- ਰਾਜੇ ਰਾਇ ਰੰਕ ਨਹੀਂ ਰਹਣਾ ਆਇ ਜਾਇ ਜੁਗ ਚਾਰੇ॥[7]

---

1- ਆਦਿ ਗ੍ਰੰਥ, ਪੰਨਾ 708

2- ਓਹੀ, ਪੰਨਾ 1257

3- ਓਹੀ, ਪੰਨਾ 713

4- ਓਹੀ, ਪੰਨਾ 1204

5- ਓਹੀ, ਪੰਨਾ 227

6- ਓਹੀ, ਪੰਨਾ 645

7- ਓਹੀ, ਪੰਨਾ 931

ਹ- ਰਾਜੇ ਰਯਤਿ ਸਿਕਦਾਰ ਕੋਇ ਨ ਰਹਸੀਓ॥
ਹਟ ਪਟਣ ਬਜਾਰ ਹੁਕਮੀ ਢਹਸੀਓ॥[1]

ਕ- ਧਰਤਿ ਆਕਾਸ ਪਾਤਾਲ ਹੈ ਚੰਦੁ ਸੂਰੁ ਬਿਨਾਸੀ॥
ਬਾਦਿਸਾਹ ਸਾਹ ਉਮਰਾਵ ਖਾਨ ਢਾਹਿ ਡੇਰੇ ਜਾਸੀ॥[2]

ਧਰਤੀ ਦੇ ਰਾਜ ਨੂੰ ਗੁਰੂ ਤੇਗ਼ ਬਹਾਦੁਰ ਸਾਹਿਬ ਨੇ ਰੇਤ ਦੀ ਕੰਧ ਨਾਲ ਤੁਲਨਾ ਦਿਤੀ ਹੈ। ਉਹਨਾਂ ਅਨੁਸਾਰ ਦੁਨਿਆਵੀ ਰਾਜ 'ਬਾਰੂ ਕੀ ਭੀਤਿ' ਦੀ ਤਰ੍ਹਾਂ ਹੈ।

ਬਾਰੂ ਕੀ ਭੀਤਿ ਜੈਸੇ ਬਸੁਧਾ ਕੋ ਰਾਜ ਹੈ॥[3]

ਦੁਨਿਆਵੀ ਰਾਜ ਜਿਥੇ ਕੂੜਾ ਅਤੇ ਨਾਸਵਾਨ ਹੈ ਉਥੇ ਉਸ ਵਿਚ ਹੋਰ ਵੀ ਦੋਸ਼ ਹਨ ਜਿਹਨਾਂ ਬਾਰੇ ਬਾਣੀ ਸੁਚੇਤ ਕਰਦੀ ਹੈ। ਦੁਨਿਆਵੀ ਰਾਜ ਪ੍ਰਤੀ ਦੋ ਤੱਥ ਬਾਣੀ ਸਪਸ਼ਟ ਕਰਦੀ ਹੈ। ਪਹਿਲਾ, ਦੁਨਿਆਵੀ ਰਾਜ ਤ੍ਰਿਸ਼ਨਾ ਵਧਾਉਂਦਾ ਹੈ ਅਤੇ ਰਬ ਤੋਂ ਟੁਟੇ ਹੋਣ ਕਰਕੇ ਇਹ ਰਾਜ ਅਸੰਤੋਖ ਪੈਦਾ ਕਰਦਾ ਹੈ। ਅਸਲ ਵਿਚ ਤ੍ਰਿਪਤੀ ਕੇਵਲ ਪ੍ਰਮਾਤਮਾ ਨਾਲ ਜੁੜੇ ਰਹਿਣ ਵਿਚ ਹੈ। ਉਸ ਪਰਮਾਤਮਾ ਤੋਂ ਟੁੱਟ ਕੇ ਜਿਤਨੀ ਵੀ ਮਾਇਆ ਹੈ ਉਹ ਮਨੁੱਖ ਦੀ ਤ੍ਰਿਸ਼ਨਾ ਵਧਾਉਂਦੀ ਹੈ। ਬਾਣੀ ਵਿਚ ਕਈ ਥਾਈਂ ਇਸ ਤ੍ਰਿਸਨਾ ਦਾ ਜ਼ਿਕਰ ਹੈ ਅਤੇ ਸਪਸ਼ਟ ਕੀਤਾ ਗਿਆ ਹੈ ਰਾਜ ਦੀ ਪ੍ਰਾਪਤੀ ਨਾਲ ਵੀ ਤ੍ਰਿਸਨਾ ਮੁਕਦੀ ਨਹੀਂ:-

ੳ- ਰਾਜ ਮਿਲਖ ਅਰ ਬਹੁਤ ਫੁਰਮਾਇਸਿ॥
ਮਨ ਨਹੀ ਧ੍ਰਾਪੈ ਤ੍ਰਿਸਨਾ ਨ ਜਾਇਸਿ॥[4]

---

1- ਆਦਿ ਗ੍ਰੰਥ, ਪੰਨਾ 141
2- ਓਹੀ, ਪੰਨਾ 1100
3- ਓਹੀ, ਪੰਨਾ 1352
4- ਓਹੀ, ਪੰਨਾ 373

ਅ- ਵਡੇ ਵਡੇ ਰਾਜਨ ਅਰੁ ਭੂਮਨ ਤਾ ਕੀ ਤ੍ਰਿਸਨ ਨ ਬੂਝੀ॥
ਲਪਟਿ ਰਹੇ ਮਾਇਆ ਰੰਗ ਮਾਤੇ ਲੋਚਨ ਕਛੂ ਨ ਸੂਝੀ॥[1]

ੲ- ਨਹ ਤ੍ਰਿਪਤਾਨੋ ਰਾਜ ਜੋਬਨਿ ਧਨਿ ਬਹੁਰਿ ਬਹੁਰਿ ਫਿਰਿ ਧਾਇਆ॥
ਸੁਖੁ ਪਾਇਆ ਤ੍ਰਿਸਨਾ ਸਭ ਬੁਝੀ ਹੈ ਸਾਂਤਿ ਪਈ ਗੁਨ ਗਾਇਆ॥[2]

ਸ- ਦਰਬ ਸੰਚਿ ਸੰਚਿ ਰਾਜੇ ਮੂਏ ਗਡਿ ਲੇ ਕੰਚਨ ਭਾਰੀ॥[3]

ਹ- ਮਾਰੂ ਮੀਹਿ ਨ ਤ੍ਰਿਪਤਿਆ ਅਗੀ ਲਹੈ ਨ ਭੁਖ ॥
ਰਾਜਾ ਰਾਜਿ ਨ ਤ੍ਰਿਪਤਿਆ ਸਾਇਰ ਭਰੇ ਕਿ ਸੁਕ॥
ਨਾਨਕ ਸਚੇ ਨਾਮ ਕੀ ਕੇਤੀ ਪੁਛਾ ਪੁਛ॥[4]

ਦੂਸਰਾ, ਰਾਜ ਸ਼ਕਤੀ ਅਹੰਕਾਰ ਨੂੰ ਜਨਮ ਦਿੰਦੀ ਹੈ ਅਤੇ ਅਹੰਕਾਰ ਕਾਰਣ ਰਾਜੇ ਖੁਆਰ ਹੁੰਦੇ ਹਨ। ਰਾਜ ਸ਼ਕਤੀ ਦਾ ਅਹੰਕਾਰ, ਰਾਜ ਦੇ ਕਰਿੰਦਿਆਂ ਅਤੇ ਰਾਜ ਦੀ ਪਰਜਾ ਵਿਚਕਾਰ ਇਕ ਦੀਵਾਰ ਬਣ ਜਾਂਦਾ ਹੈ, ਅਤੇ ਰਾਜ ਦੀ ਖੁਆਰੀ ਦਾ ਕਾਰਣ ਬਣਦਾ ਹੈ। ਬਾਣੀ ਦੀਆਂ ਹੇਠਲੀਆਂ ਸਤਰਾਂ ਰਾਜ ਅਤੇ ਅਹੰਕਾਰ ਦੇ ਮੰਦਭਾਗੇ ਜੋੜ ਵਲ ਸੰਕੇਤ ਕਰਦੀਆਂ ਹਨ:-

ੳ- ਹਉਮੈ ਕਰਿ ਰਾਜੇ ਬਹੁ ਧਾਵਹਿ॥
ਹਉਮੈ ਖਪਹਿ ਜਨਮਿ ਮਰਿ ਜਾਵਹਿ॥[5]

---

1- ਆਦਿ ਗ੍ਰੰਥ, ਪੰਨਾ 672
2- ਓਹੀ, ਪੰਨਾ 1300
3- ਓਹੀ, ਪੰਨਾ 654
4- ਓਹੀ, ਪੰਨਾ 148
5- ਓਹੀ, ਪੰਨਾ 226

ਅ- ਮਹਰ ਮਲੂਕ ਕਹਾਈਐ ਰਾਜਾ ਰਾਓ ਕਿ ਖਾਨੁ ॥
ਚਉਧਰੀ ਰਾਉ ਸਦਾਈਐ ਜਲਿ ਬਲੀਐ ਅਭਿਮਾਨੁ ॥
ਮਨਮੁਖਿ ਨਾਮੁ ਵਿਸਾਰਿਆ ਜਿਉ ਡਵਿ ਦਧਾ ਕਾਨੁ ॥[1]

ੲ- ਦਰਬ ਵੰਤ ਦਰਬੁ ਦੇਖਿ ਗਰਬੈ ਭੂਮਵੰਤ ਅਭਿਮਾਨੀ ॥
ਰਾਜਾ ਜਾਨੈ ਸਗਲ ਰਾਜ ਹਮਰਾ ਤਿਉ ਹਰਿ ਜਨ ਟੇਕ ਸੁਆਮੀ ॥[2]

ਸ- ਮਾਇਆ ਸੰਚਿ ਰਾਜੇ ਅਹੰਕਾਰੀ ॥
ਮਾਇਆ ਸਾਥਿ ਨ ਚਲੈ ਪਿਆਰੀ ॥[3]

ਗੁਰੂ ਨਾਨਕ ਦੇਵ ਜੀ ਨੇ ਆਪਣੀ ਇਕ ਬਹੁਤ ਸੁੰਦਰ ਰਚਨਾ ਵਿਚ, ਅਹੰਕਾਰ ਕਾਰਣ ਜਿਹੜੇ ਰਾਜ ਤਬਾਹ ਹੋਏ ਹਨ ਅਤੇ ਜਿਹਨਾਂ ਰਾਜਿਆਂ ਨੂੰ ਅਹੰਕਾਰ ਕਾਰਣ ਹਾਰ ਦਾ ਮੂੰਹ ਵੇਖਣਾ ਪਿਆ ਹੈ, ਦਾ ਜ਼ਿਕਰ ਕੀਤਾ ਹੈ। ਗੁਰੂ ਸਾਹਿਬ ਅਨੁਸਾਰ ਗੁਰੂ ਦੀ ਸ਼ਰਨ ਤੋਂ ਬਿਨਾਂ ਅਹੰਕਾਰ ਤੋਂ ਬਚਣਾ ਅਸੰਭਵ ਹੈ ਅਤੇ ਅਗਰ ਅਹੰਕਾਰ ਤੋਂ ਕੋਈ ਸ਼ਕਤੀ ਬਚਾ ਸਕਦੀ ਹੈ ਤਾਂ ਉਹ ਸਿਰਫ ਰੱਬੀ ਸ਼ਕਤੀ ਹੈ। ਗੁਰੂ ਨਾਨਕ ਦੇਵ ਨੇ ਇਸ ਰਚਨਾ ਵਿਚ ਉਹਨਾਂ ਰਾਜਿਆਂ ਦੇ ਨਾਂ ਗਿਣਾ ਕੇ ਦਸਿਆ ਹੈ ਜਿਹਨਾਂ ਦਾ ਅਹੰਕਾਰ ਕਾਰਣ ਮਾੜਾ ਹਸ਼ਰ ਹੋਇਆ ਹੈ। ਜਿਹਨਾਂ ਰਾਜਿਆਂ ਦਾ ਖ਼ਾਸ ਤੌਰ ਤੇ ਜ਼ਿਕਰ ਹੈ ਉਹ ਹਨ -ਬਲਿ ਰਾਜਾ, ਹਰੀ ਚੰਦ, ਹਰਣਾਖਸ, ਰਾਵਣ, ਸਹਸਬਾਹੂ, ਜਰਾਸੰਧਿ, ਦੁਰਜੋਧਨ, ਜਨਮੇਜਾ ਅਤੇ ਕੰਸ। ਇਹ ਮਹੱਤਵਪੂਰਣ ਰਚਨਾ ਇਸ ਪ੍ਰਕਾਰ ਹੈ:-

---

1- ਆਦਿ ਗ੍ਰੰਥ, ਪੰਨਾ 63

2- ਓਹੀ; ਪੰਨਾ 679

3- ਓਹੀ, ਪੰਨਾ 1342

ਐਸਾ ਗਰਬੁ ਬੁਰਾ ਸੰਸਾਰੈ॥ ਜਿਸੁ ਗੁਰ ਮਿਲੈ ਤਿਸੁ ਗਰਬੁ ਨਿਵਾਰੈ॥ ਰਹਾਉ॥

ਬਲਿ ਰਾਜਾ ਮਾਇਆ ਅਹੰਕਾਰੀ॥ ਜਗਨ ਕਰੈ ਬਹੁ ਭਾਰ ਅਫਾਰੀ॥

ਬਿਨੁ ਗੁਰ ਪੂਛੇ ਜਾਇ ਪਇਆਰੀ॥

ਹਰੀਚੰਦੁ ਦਾਨੁ ਕਰੈ ਜਸੁ ਲੇਵੈ। ਬਿਨੁ ਗੁਰ ਅੰਤੁ ਨ ਪਾਇ ਅਭੇਵੈ॥

ਆਪਿ ਭੁਲਾਇ ਆਪੇ ਮਤਿ ਦੇਵੈ॥

ਦੁਰਮਤਿ ਹਰਣਾਖਸੁ ਦੁਰਾਚਾਰੀ॥ ਪ੍ਰਭੁ ਨਾਰਾਇਣੁ ਗਰਬ ਪ੍ਰਹਾਰੀ॥

ਪ੍ਰਹਲਾਦ ਉਧਾਰੇ ਕਿਰਪਾ ਧਾਰੀ॥

ਭੂਲੋ ਰਾਵਣੁ ਮੁਗਧੁ ਅਚੇਤਿ॥ ਲੂਟੀ ਲੰਕਾ ਸੀਸ ਸਮੇਤਿ॥

ਗਰਬਿ ਗਇਆ ਬਿਨੁ ਸਤਿਗੁਰ ਹੇਤਿ॥

ਸਹਸ ਬਾਹੁ ਮਧੁ ਕੀਟ ਮਹਿਖਾਸਾ॥ ਹਰਣਾਖਸੁ ਲੇ ਨਖਹੁ ਬਿਧਾਸਾ॥

ਦੈਤ ਸੰਘਾਰੇ ਬਿਨੁ ਭਗਤ ਅਭਿਆਸਾ॥

ਜਰਾਸੰਧਿ ਕਾਲ ਜਮੁਨ ਸੰਘਾਰੇ॥ ਰਕਤਬੀਜੁ ਕਾਲੁ ਨੇਮ ਬਿਦਾਰੇ॥

ਦੈਤ ਸੰਘਾਰਿ ਸੰਤ ਨਿਸਤਾਰੇ॥

ਆਪੇ ਸਤਿਗੁਰੁ ਸਬਦੁ ਬੀਚਾਰੇ॥ ਦੂਜੈ ਭਾਇ ਦੈਤ ਸੰਘਾਰੇ॥

ਗੁਰਮੁਖਿ ਸਾਚਿ ਭਗਤਿ ਨਿਸਤਾਰੇ॥

ਬੂਡਾ ਦੁਰਜੋਧਨੁ ਪਤਿ ਖੋਈ॥ ਰਾਮੁ ਨ ਜਾਨਿਆ ਕਰਤਾ ਸੋਈ॥

ਜਨ ਕਉ ਦੂਖਿ ਪਚੈ ਦੁਖੁ ਹੋਈ॥

ਜਨਮੇਜੈ ਗੁਰਸਬਦੁ ਨ ਜਾਨਿਆ॥ ਕਿਉ ਸੁਖੁ ਪਾਵੈ ਭਰਮਿ ਭੁਲਾਨਿਆ॥

ਇਕੁ ਤਿਲੁ ਭੂਲੇ ਬਹੁਰਿ ਪਛੁਤਾਨਿਆ॥

ਕੰਸੁ ਕੇਸੁ ਚਾਂਡੂਰੁ ਨ ਕੋਈ॥ ਰਾਮੁ ਨ ਚੀਨਿਆ ਅਪਨੀ ਪਤਿ ਖੋਈ॥

ਬਿਨੁ ਜਗਦੀਸ ਨ ਰਾਖੈ ਕੋਈ॥

ਬਿਨ ਗੁਰ ਗਰਬੁ ਨ ਮੇਟਿਆ ਜਾਇ ॥

ਗੁਰਮਤਿ ਧਰਮ ਧੀਰਜੁ ਹਰਿ ਨਾਇ ॥

ਨਾਨਕ ਨਾਮੁ ਮਿਲੈ ਗੁਣ ਗਾਇ ॥[1]

ਸੁਖਮਨੀ ਸਾਹਿਬ ਵਿਚ ਗੁਰੂ ਅਰਜਨ ਦੇਵ ਜੀ ਸਪਸ਼ਟ ਕਰਦੇ ਹਨ ਕਿ ਜਿਸ ਦੇ ਅੰਦਰ ਰਾਜ ਦਾ ਅਭਿਮਾਨ ਹੈ ਉਹ ਨਰਕ ਦਾ ਭਾਗੀ ਹੈ:-

ਜਿਸਕੈ ਅੰਤਰਿ ਰਾਜ ਅਭਿਮਾਨੁ ॥ ਸੋ ਨਰਕਪਾਤੀ ਹੋਵਤ ਸੁਆਨੁ ॥[2]

ਗੁਰੂ ਅਰਜਨ ਦੇਵ ਜੀ ਇਕ ਹੋਰ ਬਾਤ ਤੇ ਸਪਸ਼ਟਤਾ ਨਾਲ ਸਮਝਾਉਂਦੇ ਹਨ। ਇਹ ਤਨ ਆਪਣਾ ਨਹੀਂ, ਨਾ ਹੀ ਇਹ ਰਾਜ ਤੇ ਮਿਲਖ ਆਪਣੇ ਹਨ ਫਿਰ ਅਹੰਕਾਰ ਕਿਸ ਗਲ ਦਾ ਹੈ:-

ਆਪਨ ਤਨੁ ਨਹੀ ਜਾ ਕੋ ਗਰਬਾ ॥

ਰਾਜ ਮਿਲਖ ਨਹੀ ਆਪਨ ਦਰਬਾ ॥[3]

ਦੁਨਿਆਵੀ ਰਾਜ ਦੇ ਇਹਨਾਂ ਦੋਸ਼ਾਂ ਦਾ ਮੁਖ ਕਾਰਣ ਉਸਦਾ ਰਬ ਨਾਲੋਂ ਟੁੱਟੇ ਹੋਣਾ ਹੈ। ਰਬ ਤੋਂ ਟੁਟ ਕੇ ਦੁਨਿਆਵੀ ਰਾਜ ਕੂੜਾ ਤੇ ਨਾਸਵਾਨ ਹੋ ਜਾਂਦਾ ਹੈ ਅਤੇ ਇਸ ਤੋਂ ਤ੍ਰਿਸ਼ਨਾ ਤੇ ਅਹੰਕਾਰ ਦੀ ਉਤਪਤੀ ਹੁੰਦੀ ਹੈ।

ਗੁਰੂ ਸਾਹਿਬਾਨ ਵਲੋਂ ਆਪਣੇ ਸਮਕਾਲੀ ਰਾਜ ਦਾ ਵਿਰੋਧ ਕਰਨਾ ਸੁਭਾਵਕ ਸੀ। ਤਤਕਾਲੀਨ ਨਿਰੰਕੁਸ਼ ਰਾਜ ਦੇ ਵਿਰੋਧ ਵਿਚੋ ਗੁਰੂ ਪਰੰਪਰਾ ਇਕ ਵਿਕਲਪਿਕ ਰਾਜ ਦੀ ਵਿਵਸਥਾ ਉਜਾਗਰ ਕਰ ਰਹੀ ਸੀ। ਇਸ ਵਿਰੋਧ ਵਿਚੋਂ ਹੀ ਗੁਰੂ ਸਾਹਿਬਾਨ ਦੀ ਦੁਵੱਲੀ ਸੁਖਸੀਅਤ ਦਾ ਪ੍ਰਗਟਾਵਾ ਹੋ ਰਿਹਾ ਸੀ ਅਤੇ ਲੋਕ ਉਹਨਾਂ ਵਿਚੋ ਵਿਕਲਪਿਕ ਰਾਜੇ ਦੀ ਮੂਰਤ

---

1- ਆਦਿ ਗ੍ਰੰਥ, ਪੰਨਾ 224-225

2- ਓਹੀ, ਪੰਨਾ 278

3- ਓਹੀ, ਪੰਨਾ 187

ਦੇਖਣ ਲਗ ਪਏ ਸਨ। ਅਸਲ ਵਿਚ ਗੁਰੂ ਤਤਕਾਲੀਨ ਰਾਜ ਦੇ ਵਿਰੋਧ ਵਿਚ ਪ੍ਰਤਿਰੂਪ / ਆਦਰਸ਼/ਰਾਜੇ (Model King) ਦੇ ਰੂਪ ਵਿਚ ਲੋਕਾਂ ਦੇ ਸਾਹਮਣੇ ਉਭਰ ਰਹੇ ਸਨ। ਲੋਕ ਉਹਨਾਂ ਕੋਲੋਂ ਅਧਿਆਤਮਕ ਦੇ ਨਾਲ ਨਾਲ ਦੁਨਿਆਵੀ ਖੇਤਰ ਵਿਚ ਮਾਰਗਦਰਸ਼ਨ ਪ੍ਰਾਪਤ ਕਰਦੇ ਸਨ ਅਤੇ ਉਹਨਾਂ ਨੂੰ ਦੀਨ - ਦੁਨੀ, ਲੋਕ - ਪਰਲੋਕ ਅਤੇ ਮੀਰੀ-ਪੀਰੀ ਦੇ ਮਾਲਕ ਤੇ ਪਾਤਸ਼ਾਹ ਮੰਨਣ ਲਗ ਪਏ ਸਨ। ਗੁਰੂ, ਇਕ ਪਾਸੇ ਰਬ ਨਾਲ ਜੁੜੇ ਹੋਏ ਸਨ ਤਾਂ ਦੂਜੇ ਪਾਸੇ ਲੋਕਾਈ ਨਾਲ। ਰਬ ਪਾਸੋਂ ਉਹਨਾਂ ਨੂੰ ਜੋ ਪ੍ਰਾਪਤ ਹੁੰਦਾ ਉਹ ਲੋਕਾਈ ਨੂੰ ਵੰਡ ਦਿੰਦੇ ਅਤੇ ਇਸ ਪ੍ਰਕਾਰ ਉਨ੍ਹਾਂ ਨੇ ਸਾਰੀ ਲੋਕਾਈ ਨੂੰ ਵੀ ਰਬ ਨਾਲ ਜੋੜ ਦਿੱਤਾ।

ਰਬ ਨਾਲ ਇਕਸੁਰ ਹੁੰਦਿਆਂ ਲੋਕਾਈ ਨਾਲ ਬਿਗਮਿਕ ਹੋ ਜਾਣਾ ਗੁਰੂ ਸਾਹਿਬਾਨ ਦੀ ਵਿਲੱਖਣਤਾ ਸੀ। ਗੁਰੂ ਨਾਨਕ ਦੇਵ ਜੀ ਤੋਂ ਗੁਰੂ ਗੋਬਿੰਦ ਸਿੰਘ ਤਕ ਸਾਰੇ ਗੁਰੂ ਸਾਹਿਬਾਨ ਲੋਕਾਈ ਵਿਚ ਵਿਚਰਦੇ ਰਹੇ ਅਤੇ ਹਮੇਸ਼ਾਂ ਉਹਨਾਂ ਵਿਚ ਆਪਣੇ ਆਪ ਨੂੰ ਦੇਖਦੇ ਰਹੇ। ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਸਿਖ ਮਤ ਨੂੰ ਮੁਕੰਮਲ ਸੰਸਥਾਤਮਕ ਰੂਪ ਦਿੰਦਿਆਂ ਆਪਣੇ ਆਪ ਨੂੰ ਆਪਣੀ ਉਮੱਤ ਨਾਲ ਅਭੇਦ ਕਰ ਲਿਆ। ਗੁਰੂ ਸਾਹਿਬ ਨੇ ਆਪਣੀ ਗੁਰਤਾ ਨੂੰ ਆਪਣੇ ਚੇਲਿਆਂ ਵਿਚੋਂ ਦੇਖਿਆ ਅਤੇ ਇਸਤਰ੍ਹਾਂ ਗੁਰੂ-ਚੇਲੇ ਦਾ ਭੇਦ ਮਿਟਾ ਦਿੱਤਾ। ਭਾਈ ਗੁਰਦਾਸ ਸਿੰਘ ਦੀ ਵਾਰ ਵਿਚੋਂ ਇਸ ਤਥ ਦੀ ਪ੍ਰੋੜਤਾ ਹੁੰਦੀ ਹੈ:-

ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ॥
ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ॥[1]

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਦੀਆਂ ਸਾਰੀਆਂ ਕਾਮਯਾਬੀਆਂ ਦਾ ਸਿਹਰਾ ਆਪਣੀ ਉਮਤ ਨੂੰ ਦਿੱਤਾ ਹੈ। ਉਹਨਾਂ ਨੇ ਕਿਹਾ ਹੈ ਕਿ ਜੰਗਾਂ ਵਿਚ ਜਿੱਤਾਂ, ਦਾਨ ਪੁੰਨ ਕਰਨੇ, ਔਕੜਾਂ ਦਾ ਟਲ ਜਾਣਾ, ਪਦਾਰਥਾਂ ਨਾਲ ਘਰ ਭਰ ਜਾਣਾ, ਵਿਦਿਆ ਦੀ ਪ੍ਰਾਪਤੀ ਅਤੇ ਸ਼ਤਰੂਆਂ ਦਾ ਨਾਸ਼, ਸਾਰਾ ਕੁਝ ਇਨ੍ਹਾਂ ਸਿੰਘਾਂ ਦੀ ਕਿਰਪਾ ਨਾਲ ਹੀ ਸੰਭਵ ਹੋਇਆ ਹੈ।

---

1- ਵਾਰਾਂ ਭਾਈ ਗੁਰਦਾਸ, ਪੰਨਾ 663

ਉਨ੍ਹਾਂ ਨੇ ਇਥੋਂ ਤੱਕ ਕਹਿ ਦਿੱਤਾ ਹੈ ਕਿ ਮੈਂ ਜੋ ਕੁਝ ਵੀ ਹਾਂ ਖਾਲਸੇ ਦੀ ਕ੍ਰਿਪਾ ਨਾਲ ਹਾਂ, ਨਹੀਂ ਤਾਂ ਮੇਰੇ ਵਰਗੇ ਨਿਮਾਣੇ ਕਰੋੜਾਂ ਹਨ:-

ਜੁਧ ਜਿਤੇ ਇਨ ਹੀ ਕੇ ਪ੍ਰਸਾਦਿ ਇਨ ਹੀ ਕੇ ਪ੍ਰਸਾਦਿ ਸੁ ਦਾਨ ਕਰੇ॥
ਅਘ ਅਓਘ ਟਰੇ ਇਨ ਹੀ ਕੇ ਪ੍ਰਸਾਦਿ ਇਨ ਹੀ ਕੀ ਕ੍ਰਿਪਾ ਫੁਨ ਧਾਮ ਭਰੇ॥
ਇਨ ਹੀ ਕੇ ਪ੍ਰਸਾਦਿ ਸੁ ਬਿਦਿਆ ਲਈ ਇਨ ਹੀ ਕੀ ਕ੍ਰਿਪਾ ਸਭ ਸ਼ਤ੍ਰੁ ਮਰੇ॥
ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈ ਨਹੀ ਮੋ ਸੇ ਗਰੀਬ ਕਰੋਰ ਪਰੇ॥[1]

ਆਪਣੀ ਉਮਤ, ਖਾਲਸੇ ਨੂੰ ਮਹੱਤਤਾ ਦਿੰਦਿਆਂ ਗੁਰੂ ਗੋਬਿੰਦ ਸਿੰਘ ਜੀ ਫੁਰਮਾਉਂਦੇ ਹਨ ਕਿ ਉਹਨਾਂ ਨੂੰ ਆਪਣੇ ਖਾਲਸੇ ਦੀ ਸੇਵਾ ਚੰਗੀ ਲਗਦੀ ਹੈ ਹੋਰ ਕਿਸੇ ਦੀ ਸੇਵਾ ਉਨ੍ਹਾਂ ਦੇ ਮਨ ਨੂੰ ਭਾਉਂਦੀ ਨਹੀਂ। ਦਾਨ ਵੀ ਉਹ ਖਾਲਸੇ ਨੂੰ ਦੇਣਾ ਪਸੰਦ ਕਰਦੇ ਹਨ, ਕਿਸੇ ਹੋਰ ਨੂੰ ਨਹੀਂ। ਰਬੀ ਦਰਗਾਹ ਵਿਚ ਵੀ ਖਾਲਸੇ ਨੂੰ ਦਿੱਤਾ ਦਾਨ ਹੀ ਪ੍ਰਵਾਨ ਹੋਵੇਗਾ, ਹੋਰ ਦਾਨ ਸਾਰੇ ਨਿਰਾਰਥਕ ਸਾਬਤ ਹੋਣਗੇ। ਗੁਰੂ ਸਾਹਿਬ ਹੋਰ ਕਹਿੰਦੇ ਹਨ ਕਿ ਮੇਰੇ ਗ੍ਰਹਿ ਵਿਚ ਤਨ, ਮਨ, ਧਨ ਅਤੇ ਇਥੋਂ ਤਕ ਕਿ ਮੇਰਾ ਸਿਰ ਵੀ ਮੇਰੇ ਖਾਲਸੇ ਦੀ ਅਮਾਨਤ ਹੈ:-

ਸੇਵ ਕਰੀ ਇਨ ਹੀ ਕੀ ਭਾਵਤ ਅਉਰ ਕੀ ਸੇਵ ਸੁਹਾਤ ਨ ਜੀ ਕੋ॥
ਦਾਨ ਦਯੋ ਇਨ ਹੀ ਕੋ ਭਲੋ ਅਰੁ ਆਨ ਕੋ ਦਾਨ ਨ ਲਾਗਤ ਨੀਕੋ॥
ਆਗੈ ਫਲੈ ਇਨ ਹੀ ਕੋ ਦਯੋ ਜਗ ਮੈ ਜਸੁ ਅਉਰ ਦਯੋ ਸਭ ਫੀਕੋ॥
ਮੋ ਗ੍ਰਿਹ ਮੈ ਤਨ ਤੇ ਮਨ ਤੇ ਸਿਰ ਲਉ ਧਨ ਹੈ ਸਭ ਹੀ ਇਨ ਹੀ ਕੋ॥[2]

ਇਸ ਪ੍ਰਕਾਰ ਗੁਰੂ ਗੋਬਿੰਦ ਸਿੰਘ ਨੇ ਸਿੱਖੀ ਦੇ ਸੰਸਥਾਤਮਕ ਰੂਪ ਨੂੰ ਸੰਪੂਰਣਤਾ ਪ੍ਰਦਾਨ ਕਰਦਿਆਂ ਖਾਲਸਾ ਪੰਥ ਨੂੰ ਰਾਜਨੀਤਕ ਇਕਾਈ ਬਣਾ ਦਿਤਾ ਅਤੇ ਆਪਣਾ ਸਭ ਕੁਝ ਖਾਲਸਾ ਪੰਥ ਨੂੰ ਸਮਰਪਿਤ ਕਰ ਦਿੱਤਾ।

---

1- ਦਸਮ ਗ੍ਰੰਥ, (ਸੈਂਚੀ ਪਹਿਲੀ), ਪੰਨਾ 716

2- ਓਹੀ, ਪੰਨਾ 717

ਸਿੱਖ ਸਿੱਧਾਂਤ, ਅਨੁਸਾਰ ਸਾਰੇ ਸੰਸਾਰ ਦੀ ਉਤਪਤੀ ਰਬ ਦੇ ਹੁਕਮ ਵਿਚ ਹੈ। ਆਮ ਵਿਅਕਤੀ ਹੋਵੇ ਜਾਂ ਰਾਜਾ, ਰਾਜ ਹੋਵੇ ਜਾਂ ਸਮਾਜ ਸਭ ਦੀ ਉਤਪਤੀ ਰਬ ਦੇ ਹੁਕਮ ਵਿਚ ਹੈ। ਉਤਪਤੀ ਤੋਂ ਬਾਅਦ ਸੰਸਾਰ ਵਿਚ ਹਰ ਵਿਅਕਤੀ ਜਾਂ ਸੰਸਥਾ ਦੇ ਕਾਰਜ ਧੁਰੋਂ ਨਿਸਚਿਤ ਹਨ ਅਤੇ ਰਬ ਦੁਆਰਾ ਨਿਸਚਿਤ ਕਾਰਜਾਂ ਨੂੰ ਨੇਪਰੇ ਚਾੜ੍ਹਨਾ ਹਰ ਵਿਅਕਤੀ ਤੇ ਸੰਸਥਾ ਦਾ ਮੁੱਖ ਕਰਤਵ ਹੈ। ਇਸੇ ਰਿਸ਼ਤੇ ਨਾਲਸੰਸਾਰ ਵਿਚ ਵਿਚਰਦਿਆਂ ਹੋਇਆਂ ਹਰ ਵਿਅਕਤੀ ਤੇ ਸੰਸਥਾ ਰਬ ਨਾਲ ਸਬੰਧਤ ਰਹਿੰਦੇ ਹਨ। ਪਰ ਦੁਨਿਆਵੀ ਮਾਇਆ ਮਨੁੱਖ ਨੂੰ ਰਬ ਨਾਲੋਂ ਤੋੜ ਦਿੰਦੀ ਹੈ ਅਤੇ ਫਿਰ ਮਨੁੱਖ ਇਕ ਵਿਅਕਤੀ ਦੇ ਰੂਪ ਜਾਂ ਇਕ ਰਾਜੇ ਦੇ ਰੂਪ ਵਿਚ ਆਪਣੇ ਸ਼ਕਤੀ ਦੇ ਸਰੋਤ, ਰਬ ਤੋਂ ਟੁਟ ਜਾਂਦਾ ਹੈ। ਰੱਬ ਤੋਂਟੁਟ ਕੇ ਮਨੁੱਖ ਆਪਣੇ ਕਰਤੱਵ ਤੋਂ ਮੂੰਹ ਮੋੜ ਲੈਂਦਾ ਹੈ ਅਤੇ ਸਵਾਰਥ ਸਿੱਧੀ ਵਲ ਤੁਰ ਪੈਂਦਾ ਹੈ। ਅਸਲ ਵਿਚ, ਆਪਣੇ ਅਧਿਕਾਰਾਂ ਨੂੰ ਅਸੀਮ ਅਤੇ ਰੱਬੀ ਕਹਿਣ ਵਾਲਾ ਰਾਜਾ ਵੀ ਆਪਣੇ ਉਤਪਤੀ ਦੇ ਸਰੋਤ ਰਬ ਨਾਲੋਂ ਟੁੱਟਾ ਹੋਇਆ ਹੁੰਦਾ ਹੈ ਅਤੇ ਲੋਕ ਪ੍ਰਵਾਨਗੀ ਦੀ ਅਣਹੋਂਦ ਵਿਚ ਆਪਣੀ ਸਵਾਰਥ ਸਿੱਧੀ ਨੂੰ ਦੈਵੀ ਅਧਿਕਾਰਾਂ ਦੇ ਨਾਂ ਤੇ ਲੋਕਾਂ ਉਤੇ ਥੋਪਣਾ ਚਾਹੁੰਦਾ ਹੈ।

ਸੰਸਾਰ ਰਚਨਾ ਬਾਰੇ, ਆਸਾ ਦੀ ਵਾਰ ਵਿਚ ਗੁਰੂ ਨਾਨਕ ਦੇਵ ਨੇ ਇਕ ਸਮਨਵਿਤ ਦ੍ਰਿਸ਼ਟੀਕੋਣ ਪੇਸ਼ ਕੀਤਾ ਹੈ। ਇਸ ਦ੍ਰਿਸ਼ਟੀਕੋਣ ਦਾ ਅਧਿਐਨ ਕਰਨਾ ਇਥੇ ਬਹੁਤ ਜ਼ਰੂਰੀ ਹੋਵੇਗਾ। ਗੁਰੂ ਸਾਹਿਬ ਅਨੁਸਾਰ ਰਬ ਨੇ ਜਿਸ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਉਹ ਸਾਰੀ ਸਚ ਹੈ। ਖੰਡ ਬ੍ਰਹਮੰਡ ਸਚੇ ਹਨ, ਲੋਕ ਤੇ ਅਕਾਰ ਸਚੇ ਹਨ, ਅਤੇ ਫੁਰਮਾਨ ਸਚ ਹਨ। ਉਸਦੀ ਬਖਸ਼ਿਸ਼ ਅਤੇ ਨੀਸਾਣ ਸੱਚ ਹੈ। ਲੱਖਾਂ ਕਰੋੜ ਜੀਵ ਜੋ ਤੈਨੂੰ ਸਿਮਰ ਰਹੇ ਹਨ, ਸਚੇ ਹਨ। ਸਾਰੇ ਹੀ ਸਚੇ ਰਬ ਦੇ ਤਾਣ ਤੇ ਜ਼ੋਰ ਵਿਚ ਹਨ। ਤੇਰੀ ਸਿਫ਼ਤ-ਸਲਾਹ ਸੱਚ ਹੈ। ਤੇਰੀ ਸਾਰੀ ਰਚਨਾ ਸਚ ਹੈ। ਜੋ ਜੀਵ ਰਬ ਨੂੰ ਸਿਮਰਦੇ ਹਨ ਉਹ ਸਚ ਹਨ, ਪਰ ਜਿਹੜੇ ਰਬ ਤੋਂ ਟੁੱਟ ਜਨਮ ਮਰਣ ਦੇ ਗੇੜ ਵਿਚ ਹਨ ਉਹ ਬਿਲਕੁਲ ਕੱਚੇ ਹਨ:-

ਸਚੇ ਤੇਰੇ ਖੰਡ ਸਚੇ ਬ੍ਰਹਮੰਡ॥
ਸਚੇ ਤੇਰੇ ਲੋਅ ਸਚੇ ਆਕਾਰ॥
ਸਚੇ ਤੇਰੇ ਕਰਣੇ ਸਰਬ ਬੀਚਾਰ॥
ਸਚਾ ਤੇਰਾ ਅਮਰੁ ਸਚਾ ਦੀਬਾਣੁ॥
ਸੱਚਾ ਤੇਰਾ ਹੁਕਮੁ ਸਚਾ ਫੁਰਮਾਣੁ॥
ਸਚਾ ਤੇਰਾ ਕਰਮੁ ਸਚਾ ਨੀਸਾਣੁ॥
ਸਚੇ ਤੁਧੁ ਆਖਹਿ ਲਖ ਕਰੋੜਿ॥
ਸਚੈ ਸਭਿ ਤਾਣਿ ਸਚੈ ਸਭਿ ਜੋਰਿ॥
ਸਚੀ ਤੇਰੀ ਸਿਫਤਿ ਸਚੀ ਸਾਲਾਹ॥
ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ॥
ਨਾਨਕ ਸਚੁ ਧਿਆਇਨਿ ਸਚੁ॥
ਜੋ ਮਰਿ ਜੰਮੇ ਸੁ ਕਚੁ ਨਿਕਚੁ॥[1]

ਪਰ ਆਸਾ ਦੀ ਵਾਰ ਵਿਚ ਇਕ ਹੋਰ ਥਾਂ ਤੇ ਬੜੇ ਵਿਸਤਾਰ ਨਾਲ ਸੰਸਾਰ ਰਚਨਾ ਦੇ ਹਰ ਪਹਿਲੂ ਨੂੰ ਕੂੜ ਦਸਿਆ ਹੈ। ਗੁਰੂ ਨਾਨਕ ਦੇਵ ਜੀ ਆਪਣੀ ਇਸ ਰਚਨਾ ਵਿਚ ਕਹਿੰਦੇ ਹਨ ਕਿ ਰਾਜਾ, ਪਰਜਾ ਅਤੇ ਸਾਰਾ ਸੰਸਾਰ ਕੂੜ ਹੈ। ਰਾਜੇ ਦੇ ਸ਼ਾਮਿਆਨੇ ਅਤੇ ਮਹਲ ਮਾੜੀਆਂ ਵੀ ਕੂੜ ਹਨ, ਇਹਨਾਂ ਵਿਚ ਬੈਠਣ ਵਾਲਾ ਵੀ ਕੂੜ ਹੈ। ਸੋਨਾ, ਚਾਂਦੀ ਅਤੇ ਪਹਿਨਣ ਵਾਲਾ ਕੂੜ ਹੈ। ਇਹ ਕਾਇਆ, ਕਪੜੇ ਅਤੇ ਸੋਹਣਾ ਰੂਪ ਵੀ ਸਾਰੇ ਕੂੜ ਹਨ। ਪੁਰਖ ਅਤੇ ਇਸਤ੍ਰੀ ਵੀ ਕੂੜ ਹਨ ਜੋ ਸੰਸਾਰ ਦੀ ਮਾਇਆ ਵਿਚ ਖਚਿਤ ਹੋ ਕੇ ਖੁਆਰ ਹੋ ਰਹੇ ਹਨ। ਕੂੜ ਵਿਚ ਫਸੇ ਜੀਵਾਂ ਦਾ ਕੂੜ ਨਾਲ ਹੀ ਮੋਹ ਪੈ ਗਿਆ ਹੈ ਅਤੇ ਉਹ ਰਬ ਨੂੰ ਭੁਲ ਚੁੱਕੇ ਹਨ। ਇਸ ਸਾਰੇ ਕੂੜੇ ਨਾਸਵੰਤ ਜਗ ਵਿਚ ਕਿਸੇ ਨਾਲ ਮੋਹ ਨਹੀਂ

---

1- ਆਦਿ ਗ੍ਰੰਥ, ਪੰਨਾ 463

ਪਾਉਣਾ ਚਾਹੀਦਾ। ਪਰ ਸਾਰੇ ਜੀਵਾਂ ਨੂੰ ਕੂੜਾ ਸੰਸਾਰ ਮਿੱਠਾ ਲਗਦਾ ਹੈ ਮਾਖਿਉ ਲਗਦਾ ਹੈ ਅਤੇ ਇਸ ਤਰ੍ਹਾਂ ਇਹ ਕੂੜ ਸਾਰੇ ਜੀਵਾਂ ਨੂੰ ਡੋਬ ਰਿਹਾ ਹੈ। ਨਾਨਕ ਤਾਂ ਬੇਨਤੀ ਕਰਦਾ ਹੈ ਕਿ ਹੇ ਪਰਮਾਤਮਾ ਤੇਰੇ ਬਿਨਾਂ ਇਹ ਸਾਰਾ ਸੰਸਾਰ ਕੂੜ ਹੈ:-

ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ॥
ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ॥
ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨਣਹਾਰੁ॥
ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ॥
ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ॥
ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ॥
ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ॥
ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ॥
ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ॥[1]

ਇਸ ਤਰ੍ਹਾਂ ਇਕ ਪਾਸੇ ਸੰਸਾਰ ਰਚਨਾ ਨੂੰ ਸਚ ਕਿਹਾ ਗਿਆ ਹੈ ਅਤੇ ਦੂਜੇ ਪਾਸੇ ਇਸ ਨੂੰ ਕੂੜ ਸਾਬਤ ਕੀਤਾ ਗਿਆ ਹੈ। ਇਸ ਭੇਦ ਨੂੰ ਗੁਰੂ ਨਾਨਕ ਦੇਵ ਜੀ ਦੇ ਦ੍ਰਿਸ਼ਟੀਕੋਣ ਤੋਂ ਸਮਝਣ ਦੀ ਲੋੜ ਹੈ। ਜਦੋਂ ਰਬ ਦੀ ਸਾਰੀ ਸੰਸਾਰ ਰਚਨਾ ਨੂੰ ਸਚ ਕਿਹਾ ਗਿਆ ਹੈ ਓਦੋਂ ਸੰਸਾਰ-ਰਚਨਾ ਨੂੰ ਰਬ ਨਾਲ ਜੁੜਿਆ ਵੇਖਿਆ ਗਿਆ ਹੈ। 'ਨਾਨਕ ਸਚੁ ਧਿਆਇਨਿ ਸਚੁ' ਵਾਲੀ ਪੰਕਤੀ ਇਸ ਗਲ ਵਲ ਸੰਕੇਤ ਕਰਦੀ ਹੈ ਕਿ ਉਹੋ ਸਚਾ ਹੈ ਜਿਸ ਨੂੰ ਸਚਾ ਰਬ ਚੇਤੇ ਹੈ। ਰਬ ਨੂੰ ਭੁਲਾ ਕੇ ਸੰਸਾਰ ਦੀ ਹਰ ਸ਼ਹਿ ਕੂੜ ਹੋ ਜਾਂਦੀ ਹੈ। 'ਤੁਧੁ ਬਾਝੁ ਕੂੜੋ ਕੂੜੁ' ਦੀ ਤੁਕ ਇਸ ਤਥ ਦੀ ਪ੍ਰੋੜ੍ਹਤਾ ਕਰਦੀ ਹੈ ਕਿ ਰਬ ਤੋਂ ਟੁੱਟ ਕੇ ਬਾਕੀ ਸਭ ਕੁਝ ਕੂੜ ਰਹਿ ਜਾਂਦਾ ਹੈ। ਇਸ ਲਈ ਰਬ ਤੋਂ ਟੁਟਿਆ ਚਾਹੇ ਰਾਜਾ ਹੋਵੇ ਜਾਂ ਆਮ ਵਿਅਕਤੀ, ਉਹ ਕੂੜ ਹੈ।

---

1- ਆਦਿ ਗ੍ਰੰਥ, ਪੰਨਾ 468

ਰਬੀ ਅਤੇ ਦੈਵੀ ਕਦਰਾਂ ਤੋਂ ਸਖਣਾ ਭਾਵੇਂ ਰਾਜਾ ਹੋਵੇ ਜਾਂ ਆਮ ਵਿਅਕਤੀ, ਬਾਣੀ ਨੇ ਉਸ ਨੂੰ ਸਚਾ ਨਹੀਂ ਮੰਨਿਆ ਅਤੇ ਖੁੱਲ੍ਹੇ ਰੂਪ ਵਿਚ ਉਸ ਨੂੰ 'ਕੂੜ' ਕਿਹਾ ਹੈ।

ਅਸਲ ਵਿਚ, ਮਨੁੱਖ, ਰਬ ਤੋਂ ਜੋਤਿ ਰੂਪੀ ਸ਼ਕਤੀ ਹਾਸਲ ਕਰਕੇ ਸੰਸਾਰ ਤੇ ਆਉਂਦਾ ਹੈ ਅਤੇ ਆਮ ਤੌਰ ਤੇ ਸੰਸਾਰ ਦੀ ਮਾਇਆ ਵਿਚ ਫਸ ਕੇ ਆਪਣਾ ਮੂਲ ਸ੍ਰੋਤ ਭੁਲ ਜਾਂਦਾ ਹੈ। ਗੁਰਬਾਣੀ ਮਨੁੱਖ ਨੂੰ ਆਪਣੇ ਮੂਲ ਸ੍ਰੋਤ ਨਾਲ ਜੁੜੇ ਰਹਿਣ ਦਾ ਉਪਦੇਸ਼ ਦਿੰਦੀ ਹੈ:-

ਮਨ ਤੂ ਜੋਤਿ ਸਰੂਪ ਹੈ ਆਪਣਾ ਮੂਲ ਪਛਾਣੁ॥[1]

ਸਾਰੀ ਸ੍ਰਿਸ਼ਟ ਦਾ ਮੂਲ ਪਰਮਾਤਮਾ ਹੈ। ਗੁਰੂ ਅਮਰਦਾਸ ਜੀ ਮਨੁੱਖ ਨੂੰ ਉਪਦੇਸ਼ ਦੇਣ ਲਈ ਆਪਣੇ ਸਰੀਰ ਨੂੰ ਸੰਬੋਧਨ ਕਰਦਿਆਂ ਆਖਦੇ ਹਨ ਕਿ ਪਰਮਾਤਮਾ ਨੇ ਜਗਤ ਰਚਨਾ ਦਾ ਮੁੱਢ ਬੱਧਾ, ਤੇਰੇ ਅੰਦਰ ਆਪਣੀ ਜੋਤਿ ਪਾਈ, ਤਦੋਂ ਤੂੰ ਜਗਤ ਵਿਚ ਜਨਮ ਪ੍ਰਾਪਤ ਕੀਤਾ ਹੈ:-

ਕਹੈ ਨਾਨਕੁ ਸ੍ਰਿਸਟਿ ਕਾ ਮੂਲ ਰਚਿਆ ਜੋਤਿ ਰਾਖੀ
ਤਾ ਤੂ ਜਗ ਮਹਿ ਆਇਆ॥[2]

ਸ੍ਰਿਸ਼ਟੀ ਵਿਚ ਜਨਮ ਲੈਣ ਤੋਂ ਬਾਅਦ ਦੁਨਿਆਵੀ ਮਾਇਆ ਵਿਚ ਫਸ ਕੇ ਜਿਹੜਾ ਮਨੁੱਖ ਆਪਣੇ ਮੂਲ ਤੋਂ ਟੁੱਟ ਜਾਂਦਾ ਹੈ, ਉਹ ਆਪਣੇ ਨਿਸਚਿਤ ਮਕਸਦ ਤੋਂ ਵਿਚਲਿਤ ਹੋ ਜਾਂਦਾ ਹੈ। ਉਹ ਐਸੇ ਕਰਮ ਕਮਾਉਂਦਾ ਹੈ ਜਿਹੜੇ ਉਸ ਨੂੰ ਰਬ ਤੋਂ ਦੂਰ ਕਰ ਦਿੰਦੇ ਹਨ। ਅਸਲ ਵਿਚ ਪਰਮਾਤਮਾ ਮਨੁੱਖ ਨੂੰ ਸੰਸਾਰ ਵਿਚ ਭੇਜਦਾ ਹੈ, ਪਰ ਸੰਸਾਰ ਵਿਚ ਆ ਕੇ ਕਰਮ ਮਨੁੱਖ ਦੇ ਆਪਣੇ ਹੁੰਦੇ ਹਨ ਅਤੇ ਕਰਮਾਂ ਕਰਕੇ ਉਹ ਪਰਮਾਤਮਾ ਤੋਂ ਦੂਰ ਜਾਂ ਨੇੜੇ ਹੁੰਦਾ ਹੈ। ਗੁਰੂ ਅਮਰਦਾਸ ਜੀ ਦਾ ਇਹ ਸ਼ਬਦ ਇਥੇ ਸਾਰੀ ਗਲ ਸਪਸ਼ਟ ਕਰਦਾ ਹੈ:-

---

1- ਆਦਿ ਗ੍ਰੰਥ, ਪੰਨਾ 441

2- ਉਹੀ, ਪੰਨਾ 921

ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇ ਕੈ ਕਿਆ ਤੁਧੁ ਕਰਮ ਕਮਾਇਆ॥

ਕਿ ਕਰਮ ਕਮਾਇਆ ਤੁਧੁ ਸਰੀਰਾ ਜਾ ਤੂ ਜਗ ਮਹਿ ਆਇਆ॥

ਜਿਨਿ ਹਰਿ ਤੇਰਾ ਰਚਨੁ ਰਚਿਆ ਸੋ ਹਰਿ ਮਨਿ ਨ ਵਸਾਇਆ॥

ਗੁਰ ਪਰਸਾਦੀ ਹਰਿ ਮੰਨਿ ਵਸਿਆ ਪੂਰਬਿ ਲਿਖਿਆ ਪਾਇਆ॥

ਕਹੈ ਨਾਨਕੁ ਏਹੁ ਸਰੀਰੁ ਪਰਵਾਣੁ ਹੋਆ

ਜਿਨਿ ਸਤਿਗੁਰ ਸਿਉ ਚਿਤੁ ਲਾਇਆ॥[1]

ਇਕ ਹੋਰ ਥਾਂ ਤੇ ਗੁਰੂ ਅਮਰਦਾਸ ਜੀ ਦਸਦੇ ਹਨ ਕਿ ਜਦੋਂ ਪਰਮਾਤਮਾ ਦੀ ਰਜ਼ਾ ਹੁੰਦੀ ਹੈ ਮਨੁੱਖ ਜਨਮ ਲੈਂਦਾ ਹੈ ਪਰ ਸੰਸਾਰ ਦੀ ਮਾਇਆ ਦੀ ਤ੍ਰਿਸ਼ਨਾ ਮਨੁੱਖ ਨੂੰ ਰਬ ਨਾਲੋਂ ਤੋੜ ਦਿੰਦੀ ਹੈ:

ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ॥

ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥[2]

ਬਾਣੀ ਵਿਆਪਕ ਰੂਪ ਵਿਚ ਮਨੁੱਖ ਨੂੰ ਤਾੜਨਾ ਕਰਦੀ ਹੈ ਕਿ ਰਬ ਤੋਂ ਟੁੱਟ ਕੇ ਮਨੁੱਖ ਦੁਖੀ ਹੁੰਦਾ ਹੈ, ਸਾਰੀਆਂ ਤਕਲੀਫ਼ਾਂ ਤੇ ਰੋਗ ਉਸ ਨੂੰ ਘੇਰ ਲੈਂਦੇ ਹਨ:-

ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥[3]

ਇਸਤਰ੍ਹਾਂ ਮਨੁੱਖ ਜਦੋਂ ਰਬ ਤੋਂ ਟੁੱਟ ਜਾਂਦਾ ਹੈ, ਆਪਣੇ ਮੂਲ ਸ੍ਰੋਤ ਤੋਂ ਟੁਟ ਜਾਂਦਾ ਹੈ ਤਾਂ ਅਸਲ ਵਿਚ ਉਹ ਇਕ ਰਬੀ ਸੰਜਮ ਦੀ ਸੀਮਾਂ ਦੀ ਉਲੰਘਣਾ ਕਰ ਦਿੰਦਾ ਹੈ। ਰਾਜਾ ਵੀ ਜਦੋਂ ਰਬ ਤੋਂ ਟੁੱਟ ਕੇ ਦੈਵੀ ਕਦਰਾਂ ਕੀਮਤਾਂ ਭੁਲ ਜਾਂਦਾ ਹੈ, ਰਬੀ ਸੰਜਮ ਦੀ ਸੀਮਾਂ ਟੱਪ

---

1- ਆਦਿ ਗ੍ਰੰਥ, ਪੰਨਾ 921

2- ਓਹੀ, ਪੰਨਾ 921

3- ਓਹੀ, ਪੰਨਾ 135

ਕੇ ਨਿਰੰਕੁਸ਼ ਹੋ ਜਾਂਦਾ ਹੈ। ਧੁਰੇ ਤੋਂ ਟੁੱਟੇ ਹੋਣ ਕਾਰਣ ਐਸਾ ਰਾਜਾ ਦਿਸ਼ਾਹੀਨ ਹੋ ਜਾਂਦਾ ਹੈ।

ਸਿੱਖ ਸਿਧਾਂਤ ਦੇ ਆਦਰਸ਼ ਰਾਜ ਵਿਚ ਲੋਕ-ਹਿਤ ਅਤੇ ਲੋਕ-ਭਲਾਈ ਅਤਿ ਮਹੱਤਵ-ਪੂਰਣ ਤੱਤ ਹਨ। ਗੁਰੂ ਸਾਹਿਬਾਨ ਦੀ ਬਾਣੀ ਅਨੁਸਾਰ ਰਬੀ ਦਰਗਾਹ ਵਿਚ ਪਰਵਾਨਗੀ ਅਤੇ ਸਤਿਕਾਰ ਉਸੇ ਨੂੰ ਮਿਲਦਾ ਹੈ ਜਿਹੜਾ ਇਸ ਦੁਨੀਆਂ ਵਿਚ ਮਨੁੱਖੀ ਭਲਾਈ ਲਈ ਕੰਮ ਕਰਦਾ ਹੈ। ਲੋਕ ਵਿਚ ਪਰਲੌਕਿਕ ਸੁਖ ਦਾ ਅਨੁਭਵ ਇਸ ਦੁਨੀਆਂ ਵਿਚ ਸੇਵ ਕਮਾਉਣ ਵਾਲੇ ਨੂੰ ਪ੍ਰਾਪਤ ਹੁੰਦਾ ਹੈ:-

ਵਿਚ ਦੁਨੀਆ ਸੇਵ ਕਮਾਈਐ॥
ਤਾ ਦਰਗਹ ਬੈਸਣ ਪਾਈਐ॥
ਕਹੁ ਨਾਨਕ ਬਾਹ ਲੁਡਾਈਐ॥[1]

ਰਬੀ ਹੁਕਮ ਵਿਚ ਵਿਚਰਦਿਆਂ ਦੁਨੀਆਂ ਵਿਚ ਸੇਵਾ ਕਰਨ ਵਾਲੇ ਨੂੰ ਰਬ ਦੀ ਦਰਗਾਹ ਵਿਚ ਮਾਣ ਪ੍ਰਾਪਤ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਦੇ ਆਸਾ ਦੀ ਵਾਰ ਵਿਚਲੇ ਇਹ ਸ਼ਬਦ ਮਹੱਤਵਪੂਰਣ ਹਨ:-

ਸਾਹਿਬੁ ਹੋਇ ਦਇਆਲੁ ਕਿਰਪਾ ਕਰੇ ਤਾ ਸਾਈ ਕਾਰ ਕਰਾਇਸੀ॥
ਸੋ ਸੇਵਕ ਸੇਵਾ ਕਰੇ ਜਿਸ ਨੋ ਹੁਕਮੁ ਮਨਾਇਸੀ॥
ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ॥
ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਸੋ ਫਲੁ ਪਾਇਸੀ॥
ਤਾ ਦਰਗਹਿ ਪੈਧਾ ਜਾਇਸੀ॥[2]

ਦੁਨੀਆਂ ਵਿਚ ਮਨੁੱਖ ਦੀ ਸੇਵਾ ਕਰਨ ਵਾਲੇ ਨੂੰ ਰਬੀ ਦਰਗਾਹ ਵਿਚ ਸਤਿਕਾਰ ਤੇ ਪ੍ਰਵਾਨਗੀ

---

1- ਆਦਿ ਗ੍ਰੰਥ, ਪੰਨਾ 25

2- ਓਹੀ, ਪੰਨਾ 471

ਮਿਲਣ ਦਾ ਸਿਧਾਂਤ ਬਾਣੀ ਵਿਚੋਂ ਉਜਾਗਰ ਹੁੰਦਾ ਹੈ। ਇਸ ਸਿਧਾਂਤ ਦਾ ਅਧਾਰ ਸਾਰੀ ਸ੍ਰਿਸ਼ਟੀ ਵਿਚ ਅਮੂਰਤ ਰੂਪ ਵਿਚ ਰਬੀ ਹੋਂਦ ਹੈ। ਰਬ ਹੀ ਵਿਅਕਤੀ, ਸੰਸਥਾ, ਸਮਾਜ ਅਤੇ ਰਾਜ ਵਿਚ ਸਮਾਇਆ ਹੋਇਆ ਹੈ। ਗੁਰੂ ਨਾਨਕ ਦੇਵ ਜੀ ਦੀ ਇਹ ਤੁਕ ਇਸ ਸਿਧਾਂਤ ਵਲ ਸੰਕੇਤ ਕਰਦੀ ਹੈ :

ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ਅਕਲ ਕਲਾ ਭਰਪੂਰਿ ਰਹਿਆ॥[1]

ਭਗਤ ਕਬੀਰ ਜੀ ਵੀ ਇਸ ਸਿਧਾਂਤ ਦੀ ਪ੍ਰੋੜਤਾ ਕਰਦਿਆਂ ਫੁਰਮਾਉਂਦੇ ਹਨ:-

ਖਾਲਿਕ ਖਲਕ ਖਲਕ ਮਹਿ ਖਾਲਕੁ ਪੂਰਿ ਰਹਿਓ ਸ੍ਰਬ ਠਾਂਈ॥[2]

ਬਾਬਾ ਫਰੀਦ ਜੀ ਦੇ ਸਲੋਕਾਂ ਵਿਚੋਂ ਵੀ ਇਸ ਸਿਧਾਂਤ ਦਾ ਸਮਰਥਨ ਹੁੰਦਾ ਹੈ:-

ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ॥[3]

ਖਾਲਕ, ਖਲਕ ਵਿਚ ਵਸਦਾ ਹੈ ਖਾਲਕ ਤੇ ਖਲਕ ਵਿਚ ਕੋਈ ਭੇਦ ਨਹੀਂ, ਇਸ ਲਈ ਖਲਕ ਦੀ ਸੇਵ ਕਰਨ ਵਾਲੇ ਨੂੰ ਖਾਲਕ ਦੀ ਦਰਗਾਹ ਵਿਚ ਪ੍ਰਵਾਨਗੀ ਤੇ ਸਤਿਕਾਰ ਮਿਲਦਾ ਹੈ।

ਗੁਰੂ ਸਾਹਿਬਾਨ ਨੇ ਰਬ ਨੂੰ ਲੋਕ-ਪਰਲੋਕ ਦੋਹਾਂ ਦਾ ਮਾਲਕ ਮੰਨਿਆ ਹੈ। ਸਾਰੀ ਸੰਸਾਰੀ ਸ਼ਕਤੀ ਦੇ ਸ੍ਰੋਤ ਰਬ ਨੂੰ ਸਿੱਖ ਵਿਚਾਰਧਾਰਾ ਵਿਚ ਇਕ ਸਰਵੋਚ ਅਤੇ ਸਚੇ ਰਾਜੇ ਦੇ ਰੂਪ ਵਿਚ ਵੇਖਿਆ ਗਿਆ ਹੈ। ਰਾਗ ਵਡਹੰਸ ਵਿਚ ਗੁਰੂ ਨਾਨਕ ਦੇਵ ਜੀ ਦਾ ਕਥਨ ਹੈ ਕਿ ਪਰਮਾਤਮਾ, ਸਚਾ ਪਾਤਸ਼ਾਹ ਧੰਨ ਹੈ ਜਿਸ ਨੇ ਸੰਸਾਰ ਦੇ ਸਾਰੇ ਜੀਵਾਂ ਦੇ ਕਾਰਜ ਨਿਸਚਿਤ ਕੀਤੇ ਹੋਏ ਹਨ ਅਤੇ ਸਾਰਿਆਂ ਨੂੰ ਆਪਣੇ ਆਪਣੇ ਕਾਰਜ ਵਿਚ ਲਾਇਆ ਹੋਇਆ ਹੈ:-

- - - - - - - - - - - - - - - - - - - - - - - - - - - - - -

1- ਆਦਿ ਗ੍ਰੰਥ, ਪੰਨਾ 469

2- ਓਹੀ, ਪੰਨਾ 1349

3- ਓਹੀ, ਪੰਨਾ 1381

ਧੰਨੁ ਸਿਰੰਦਾ ਸਚਾ ਪਾਤਿਸਾਹੁ ਜਿਨਿ ਜਗੁ ਧੰਧੈ ਲਾਇਆ॥[1]

ਇਸ ਤਰ੍ਹਾਂ ਰਬ ਇਕ 'ਸੱਚੇ ਪਾਤਸ਼ਾਹ' ਦੇ ਰੂਪ ਵਿਚ ਸੰਸਾਰ ਦੀ ਕਾਰ-ਵਿਹਾਰ ਚਲਾ ਰਿਹਾ ਹੈ ਅਤੇ ਉਸਦੇ ਹੁਕਮ ਵਿਚ ਹੀ ਸੰਸਾਰ ਦੇ ਸਾਰੇ ਮਨੁੱਖ ਅਤੇ ਸੰਸਥਾਵਾਂ ਆਪਣੇ ਨਿਸਚਿਤ ਕਾਰਜ ਖੇਤਰ ਵਿਚ ਕਾਰਜਸ਼ੀਲ ਹਨ। ਰਬ ਨਾਲੋਂ ਟੁੱਟ ਕੇ, ਉਸਦੇ ਹੁਕਮ ਦੀ ਉਲੰਘਣਾ ਕਰਕੇ ਕੋਈ ਵੀ ਮਨੁੱਖ ਜਾਂ ਸੰਸਥਾ ਸਹੀ ਰੂਪ ਵਿਚ ਆਪਣੇ ਨਿਸਚਿਤ ਕਾਰਜ ਖੇਤਰ ਵਿਚ ਕਾਮਯਾਬੀ ਹਾਸਲ ਨਹੀਂ ਕਰ ਸਕਦਾ ਅਤੇ ਨਾ ਹੀ ਉਹ ਲੋਕਹਿਤਕਾਰੀ ਹੋ ਸਕਦੀ ਹੈ। ਇਸ ਲਈ ਦੁਨਿਆਵੀ ਰਾਜ ਨੂੰ ਰਬੀ ਰਾਜ ਦੀ ਸੇਧ ਵਿਚ ਚਲਣਾ ਚਾਹੀਦਾ ਹੈ। ਇਹ ਸਪਸ਼ਟ ਹੈ ਕਿ ਗੁਰੂ ਸਾਹਿਬਾਨ ਨੇ ਰਬੀ ਕਦਰਾਂ ਕੀਮਤਾਂ ਤੋਂ ਟੁੱਟੇ ਹੋਏ ਅਤੇ ਦੈਵੀ ਅਧਿਕਾਰਾਂ ਦੇ ਸਿਧਾਂਤ ਦੀ ਆੜ ਵਿਚ ਅਸੀਮ ਸ਼ਕਤੀਆਂ ਵਾਲੇ ਨਿਰੰਕੁਸ਼ ਰਾਜਤੰਤ੍ਰ ਦਾ ਭਰਪੂਰ ਵਿਰੋਧ ਕੀਤਾ। ਇਸ ਵਿਰੋਧ ਕਾਰਣ ਗੁਰੂਆਂ ਦੀ ਦੁਵੱਲੀ ਸ਼ਖਸੀਅਤ ਉਜਾਗਰ ਹੋਈ ਅਤੇ ਲੋਕਾਂ ਨੇ ਉਹਨਾਂ ਨੂੰ ਵਿਕਲਪਿਕ ਰਾਜੇ ਦੇ ਰੂਪ ਵਿਚ ਵੇਖਣਾ ਸ਼ੁਰੂ ਕਰ ਦਿਤਾ। ਗੁਰੂ, ਅਧਿਆਤਮਕ ਦੇ ਨਾਲ ਨਾਲ ਦੁਨਿਆਵੀ ਖੇਤਰ ਵਿਚ ਵੀ ਲੋਕਾਂ ਦੀ ਅਗੁਵਾਈ ਕਰਨ ਲਗ ਪਏ। ਗੁਰੂਆਂ ਦਾ ਵਿਕਲਪਿਕ ਰਾਜ ਰਬ ਅਤੇ ਲੋਕਾਂ ਦੋਹਾਂ ਨਾਲ ਜੁੜਿਆ ਹੋਇਆ ਸੀ ਅਤੇ ਰਾਜ ਵਿਚ ਦੈਵੀ ਅਤੇ ਲੌਕਿਕ ਦੋਵੇਂ ਤੱਤ ਮੌਜੂਦ ਸਨ।

ਇਸ ਪ੍ਰਕਾਰ ਸਿੱਖ ਮਤ ਵਿਚ ਆਦਰਸ਼ ਰਾਜ ਦੀ ਪ੍ਰਕ੍ਰਿਤੀ ਸਪਸ਼ਟ ਹੈ। ਸਿੱਖ ਮਤ ਅਨੁਸਾਰ, ਰਬ ਇਕ ਸਿਧਾਂਤ-ਪੁਰਖ ਵਾਂਗ ਹੈ ਅਤੇ ਉਹ ਅਮੂਰਤ ਸਿਧਾਂਤ (Abstract Principle ) ਦੀ ਤਰ੍ਹਾਂ ਸ੍ਰਿਸ਼ਟੀ ਵਿਚ ਸਮਾਇਆ ਹੋਇਆ ਹੈ। ਲੋਕ ਅਤੇ ਪਰਲੋਕ ਦੋਵੇਂ ਉਸਦੇ ਅਧਿਕਾਰ-ਖੇਤਰ ਵਿਚ ਹਨ। ਰਬ ਰਾਜਾ ਵੀ ਅਮੂਰਤ-ਰਾਜਤੰਤ੍ਰ ( Abstract Kingship )ਦੇ ਰੂਪ ਵਿਚ ਸ੍ਰਿਸ਼ਟੀ ਤੇ ਕਾਰਜਸ਼ੀਲ ਹੈ ਅਤੇ ਸਾਰੀਆਂ ਪਰਲੌਕਿਕ ਅਤੇ ਲੌਕਿਕ ਸ਼ਕਤੀਆਂ ਦਾ ਮੂਲ ਸ੍ਰੋਤ ਹੈ। ਦੁਨਿਆਵੀ ਰਾਜਾ ਇਕ ਟ੍ਰਸਟੀ (Trustee )

---

1- ਆਦਿ ਗ੍ਰੰਥ, ਪੰਨਾ 578

ਦੀ ਤਰ੍ਹਾਂ ਦੁਨਿਆਵੀ ਰਾਜ ਦਾ ਕਾਰ ਵਿਹਾਰ ਚਲਾਉਂਦਾ ਹੈ ਅਤੇ ਆਪਣੇ ਕਾਰਜਾਂ ਲਈ ਰਬ ਪ੍ਰਤੀ ਉਤਰਦਾਈ ਹੈ। ਸਿਖ ਸਿਧਾਂਤ ਅਨੁਸਾਰ ਇਕ ਆਦਰਸ਼ ਰਾਜਾ ਉਹ ਹੈ ਜਿਹੜਾ ਅਮੂਰਤ ਦੈਵੀ ਸਿਧਾਂਤਾਂ ਦੁਆਰਾ ਨਿਰਦੇਸ਼ਤ ਹੁੰਦਾ ਹੈ ਅਤੇ ਹਮੇਸ਼ਾਂ ਆਪਣੇ ਮੂਲ ਸ੍ਰੋਤ ਰਬ ਨਾਲ ਜੁੜਿਆ ਹੋਇਆ ਲੋਕ ਹਿਤ ਲਈ ਕਾਰਜਸ਼ੀਲ ਹੁੰਦਾ ਹੈ। ਇਕ ਆਦਰਸ਼ ਰਾਜ ਦੈਵੀ ਸਚ ( Divine Truth ) ਅਤੇ ਮਨੁੱਖ ਭਲਾਈ (Human Good) ਨਾਲ ਜੁੜਿਆ ਹੁੰਦਾ ਹੈ। ਰਬ ਤੇ ਵਿਅਕਤੀ (Divine and Human ), ਸਚਾਈ ਅਤੇ ਭਲਾਈ (True and Good ) ਨਾਲ ਜੁੜਿਆ ਰਾਜ ਹੀ ਸਿੱਖ ਮਤ ਦਾ ਆਦਰਸ਼ ਹੈ।

## 3-ਰਾਜ ਦੇ ਪ੍ਰਕਾਰਜ

ਰਾਜ ਦੇ ਪ੍ਰਕਾਰਜ ਰਾਜ ਦੇ ਉਦੇਸ਼ਾਂ ਤੇ ਨਿਰਭਰ ਕਰਦੇ ਹਨ। ਉਦੇਸ਼ਾਂ ਦੀ ਪ੍ਰਾਪਤੀ ਲਈ ਰਾਜ ਜਿਹੜੇ ਕੰਮ ਕਰਦਾ ਹੈ ਉਹਨਾਂ ਨੂੰ ਰਾਜ ਦੇ ਪ੍ਰਕਾਰਜ ਕਹਿੰਦੇ ਹਨ। ਯੂਰੋਪ ਵਿਚ ਕਾਫ਼ੀ ਸਮੇਂ ਤਕ ਰਾਜ ਦੇ ਪ੍ਰਕਾਰਜ ਸੀਮਿਤ ਮੰਨੇ ਜਾਂਦੇ ਰਹੇ ਹਨ। ਸ਼ਾਂਤੀ ਵਿਵਸਥਾ ਸਥਾਪਿਤ ਕਰਨਾ ਅਤੇ ਸੁਰਖਿਆ ਦਾ ਪ੍ਰਬੰਧ ਕਰਨਾ ਹੀ ਰਾਜ ਦੇ ਪ੍ਰਕਾਰਜ ਸਨ। ਪਰ ਹੁਣ ਰਾਜ ਦਾ ਉਦੇਸ਼ ਐਸੇ ਸਮਾਜ ਦੀ ਸਥਾਪਨਾ ਕਰਨਾ ਹੈ ਜਿਸ ਵਿਚ ਸਾਰੇ ਨਾਗਰਿਕਾਂ ਦੀ ਹਰ ਪਖੋਂ ਭਲਾਈ ਸੰਭਵ ਹੋਵੇ। ਰਾਜ ਦੇ ਇਸ ਵਿਆਪਕ ਉਦੇਸ਼ ਦੀ ਪ੍ਰਾਪਤੀ ਲਈ ਰਾਜ ਦੇ ਪ੍ਰਕਾਰਜਾਂ ਵਿਚ ਵੱਡੀ ਪੱਧਰ ਤੇ ਵਾਧਾ ਹੋਇਆ ਹੈ।

ਰਾਜ ਦੇ ਪ੍ਰਕਾਰਜਾਂ ਦੇ ਸਬੰਧ ਵਿਚ ਤਿੰਨ ਸਿਧਾਂਤ ਆਮ ਪ੍ਰਚਲਿਤ ਹਨ - ਵਿਅਕਤੀਵਾਦੀ ਸਿਧਾਂਤ, ਸਮਾਜਵਾਦੀ ਸਿਧਾਂਤ ਅਤੇ ਲੋਕ-ਕਲਿਆਣਕਾਰੀ ਸਿਧਾਂਤ। ਵਿਅਕਤੀਵਾਦੀ ਸਿਧਾਂਤ ਅਨੁਸਾਰ ਰਾਜ ਇਕ ਆਵਸ਼ਕ ਬੁਰਾਈ (Neccessary Evil) ਹੈ ਅਤੇ ਰਾਜ ਦਾ ਕਾਰਜ ਖੇਤਰ ਵੱਧ ਤੋਂ ਵੱਧ ਸੀਮਿਤ ਹੋਣਾ ਚਾਹੀਦਾ ਹੈ। ਇਸ ਵਿਚਾਰ-

ਅਨੁਸਾਰ ਰਾਜ ਦੇ ਪ੍ਰਕਾਰਜ ਪੁਲਿਸ ਵਾਲੇ ਹੀ ਹਨ। ਰਾਜ ਦੇ ਪ੍ਰਕਾਰਜ ਅਸਲ ਵਿਚ ਦੋ ਹੀ ਹਨ ਇਕ ਰਾਜ ਵਿਚ ਅੰਤਰਿਕ ਸੁਰਖਿਆ ਵਿਵਸਥਾ ਕਾਇਮ ਕਰਨਾ ਅਤੇ ਦੂਜਾ ਰਾਜ ਦੀ ਬਾਹਰੀ ਆਕਰਮਣ ਤੋਂ ਰਖਿਆ ਕਰਨਾ। ਵਿਅਕਤੀਵਾਦੀਆਂ ਦਾ ਕਥਨ ਹੈ ਉਹ ਸਰਕਾਰ ਸਭ ਤੋਂ ਅੱਛੀ ਸਰਕਾਰ ਹੈ ਜਿਹੜੀ ਘੱਟ ਤੋਂ ਘੱਟ ਸ਼ਾਸਨ ਕਰਦੀ ਹੈ। ਸਮਾਜਵਾਦੀ ਵਿਚਾਰਧਾਰਾ ਅਨੁਸਾਰ ਰਾਜ ਨੂੰ ਉਹ ਸਾਰੇ ਕਾਰਜ ਕਰਨੇ ਚਾਹੀਦੇ ਹਨ ਜਿਹੜੇ ਸਮਾਜ ਦੀ ਉਨਤੀ ਲਈ ਆਵਸ਼ਕ ਹਨ। ਰਾਜ ਦੇ ਪ੍ਰਕਾਰਜਾਂ ਦੀ ਇਸ ਧਾਰਣਾ ਨਾਲ ਸਮਾਜਕ ਜੀਵਨ ਦੇ ਲਗਭਗ ਸਾਰੇ ਕਾਰਜ ਰਾਜ ਦੇ ਕਾਰਜ ਖੇਤਰ ਵਿਚ ਆ ਜਾਂਦੇ ਹਨ। ਇਸ ਵਿਚਾਰਧਾਰਾ ਵਿਚ ਇਹ ਵੀ ਮੰਨਿਆ ਗਿਆ ਹੈ ਕਿ ਜਿਹੜੇ ਕਾਰਜ ਵਿਅਕਤੀਗਤ ਖੇਤਰ ਵਿਚ ਨਹੀਂ ਹੋ ਸਕਦੇ ਉਹ ਸਾਰੇ ਕਾਰਜ ਰਾਜ ਨੂੰ ਕਰਨੇ ਚਾਹੀਦੇ ਹਨ। ਵਿਅਕਤੀਵਾਦੀ ਸਿਧਾਂਤ ਵਿਚ ਮਿਥੇ ਰਾਜ ਦੇ ਪ੍ਰਕਾਰਜਾਂ ਅੰਤਰਿਕ ਸੁਰਖਿਆ ਅਤੇ ਬਾਹਰੀ ਹਮਲਿਆਂ ਤੋਂ ਰਖਿਆ ਤੋਂ ਇਲਾਵਾ, ਰਾਜ ਦੇ ਕਾਰਜ ਖੇਤਰ ਵਿਚ ਉਹ ਸਾਰੇ ਕਾਰਜ ਆ ਜਾਂਦੇ ਹਨ ਜਿਨ੍ਹਾਂ ਦਾ ਸਬੰਧ ਸਮਾਜ ਨਾਲ ਹੈ। ਸਮਾਜਵਾਦੀ ਸਿਧਾਂਤ ਅਨੁਸਾਰ ਰਾਜ ਦੇ ਪ੍ਰਕਾਰਜਾਂ ਵਿਚੋਂ ਪ੍ਰਮੁੱਖ-ਆਰਥਕ ਕ੍ਰਿਆਂ ਦੀ ਸਥਾਪਨਾ ਕਰਨਾ ਹੈ। ਕਲਿਆਣਕਾਰੀ ਸਿਧਾਂਤ ਵਿਚ 19ਵੀਂ ਸਦੀ ਦੇ ਵਿਅਕਤੀਵਾਦ ਅਤੇ 20ਵੀਂ ਸਦੀ ਦੇ ਸਮਾਜਵਾਦ ਦਾ ਸੁਮੇਲ ਹੈ। ਇਸ ਸਿਧਾਂਤ ਅਨੁਸਾਰ ਰਾਜ ਦਾ ਮੁੱਖ ਉਦੇਸ਼ ਐਸੀ ਵਿਵਸਥਾ ਕਾਇਮ ਕਰਨਾ ਹੈ ਜਿਸ ਵਿਚ ਵਿਅਕਤੀ ਦੀਆਂ ਬੁਨਿਆਦੀ ਆਵਸ਼ਕਤਾਵਾਂ ਪੂਰੀਆਂ ਹੋ ਸਕਣ ਅਤੇ ਉਸ ਨੂੰ ਅਵਸਰ ਦੀ ਸਮਾਨਤਾ (Equality of opportunity ) ਤੇ ਸਮਾਜਕ ਸੁਰਖਿਆ (Social Security ) ਪ੍ਰਾਪਤ ਹੋ ਸਕੇ। ਇਸ ਉਦੇਸ਼ ਦੀ ਪੂਰਤੀ ਲਈ ਰਾਜ ਦੇ ਪ੍ਰਕਾਰਜ ਬਹੁਤ ਵਧ ਜਾਂਦੇ ਹਨ। ਰਾਜ ਦੀ ਸੁਰਖਿਆ ਤੋਂ ਸਾਰਵਜਨਿਕ ਸੇਵਾਵਾਂ ਤਕ ਸਾਰੇ ਕਾਰਜ ਰਾਜ ਦੇ ਅਧਿਕਾਰ ਖੇਤਰ ਵਿਚ ਹੁੰਦੇ ਹਨ।

ਸਿਖ ਧਰਮ ਗ੍ਰੰਥਾਂ ਅਤੇ ਇਤਿਹਾਸਕ ਲਿਖਤਾਂ ਦੇ ਅਧਾਰ ਤੇ ਰਾਜ ਦੇ ਪ੍ਰਕਾਰਜਾਂ ਦਾ ਖੇਤਰ ਬਹੁਤ ਵਿਸਤ੍ਰਿਤ ਹੈ। ਰਾਜ ਦੇ ਪ੍ਰਕਾਰਜਾਂ ਬਾਰੇ ਸਿਖ ਦ੍ਰਿਸ਼ਟੀਕੋਣ, ਅਧੁਨਿਕ

ਕਲਿਆਣਕਾਰੀ ਰਾਜ ਵਰਗਾ ਹੈ। ਮਨੁਖੀ ਕਲਿਆਣ ਅਤੇ ਮਨੁਖ ਦੇ ਬਹੁਪੱਖੀ ਵਿਕਾਸ ਲਈ ਅਨੁਕੂਲ ਪਰਿਸਥਿਤੀਆਂ ਜੁਟਾਉਣਾ, ਸਿਖ ਸਿਧਾਂਤ ਅਨੁਸਾਰ ਰਾਜ ਦਾ ਪ੍ਰਮੁਖ ਉਦੇਸ਼ ਹੈ। ਇਸ ਲਈ ਰਾਜ ਨੂੰ ਉਹ ਸਾਰੇ ਕਾਰਜ ਕਰਨੇ ਚਾਹੀਦੇ ਹਨ ਜਿਹਨਾਂ ਦਾ ਸਬੰਧ ਮਨੁਖੀ ਕਲਿਆਣ ਨਾਲ ਹੈ ਅਤੇ ਜਿਹੜੇ ਮਨੁਖੀ ਵਿਕਾਸ ਲਈ ਅਨੁਕੂਲ ਪਰਿਸਥਿਤੀਆਂ ਜੁਟਾਉਣ ਲਈ ਜ਼ਰੂਰੀ ਹਨ।

ਇਥੇ ਇਸ ਤੱਥ ਨੂੰ ਸਪਸ਼ਟ ਰੂਪ ਵਿਚ ਸਮਝ ਲੈਣਾ ਚਾਹੀਦਾ ਹੈ ਕਿ ਗੁਰਬਾਣੀ ਵਿਚ ਰਾਜ ਦੇ ਪ੍ਰਕਾਰਜਾਂ ਬਾਰੇ ਬਹੁਤ ਸਾਰੀ ਜਾਣਕਾਰੀ ਸਿਧਾਂਤ ਰੂਪ ਵਿਚ ਉਪਲਬਧ ਹੈ। ਗੁਰਬਾਣੀ ਵਿਚੋਂ ਐਸੇ ਸਪਸ਼ਟ ਸਿਧਾਂਤਾਂ ਦਾ ਪ੍ਰਤੀਪਾਦਨ ਹੁੰਦਾ ਹੈ ਜਿਹਨਾਂ ਦੁਆਰਾ ਰਾਜ ਦੇ ਪ੍ਰਕਾਰਜ ਨਿਰਦੇਸ਼ਿਤ ਹੁੰਦੇ ਹਨ। ਗੁਰੂ ਨਾਨਕ ਦੇਵ ਜੀ ਨੇ ਵਿਸ਼ੇਸ਼ ਰੂਪ ਵਿਚ ਆਪਣੀ ਸਾਰੀ ਬਾਣੀ ਵਿਚ ਤਤੱਕਾਲੀਨ ਰਾਜ ਵਿਵਸਥਾ ਦਾ ਵਿਸ਼ਲੇਸ਼ਣ ਕਰਦਿਆਂ ਅਤੇ ਬਾਬਰ ਦੇ ਹਿੰਦੁਸਤਾਨ ਉਤੇ ਹਮਲੇ ਤੋਂ ਉਤਪੰਨ ਸਥਿਤੀ ਨੂੰ ਮੁਖ ਰਖਦਿਆਂ ਰਾਜ ਦੇ ਪ੍ਰਕਾਰਜਾਂ ਵਲ ਸੰਕੇਤ ਕੀਤੇ ਹਨ। ਇਸ ਤੋਂ ਇਲਾਵਾ ਹੋਰ ਵੀ ਕਈ ਥਾਈਂ ਬਾਣੀ ਵਿਚ ਰਾਜ ਦੇ ਪ੍ਰਕਾਰਜਾਂ ਬਾਰੇ ਮਹੱਤਵਪੂਰਣ ਜਾਣਕਾਰੀ ਮਿਲਦੀ ਹੈ। ਰਾਜ ਦੇ ਪ੍ਰਕਾਰਜਾਂ ਦੇ ਸਬੰਧ ਵਿਚ 'ਪ੍ਰੇਮ ਸੁਮਾਰਗ ਗ੍ਰੰਥ' ਦੀ ਆਪਣੀ ਵਿਸ਼ੇਸ਼ ਮਹੱਤਤਾ ਹੈ। ਇਸ ਗ੍ਰੰਥ ਵਿਚ ਬੜੇ ਵਿਸਤਾਰ ਨਾਲ ਰਾਜ ਦੇ ਪ੍ਰਕਾਰਜਾਂ ਦਾ ਵਿਵਰਣ ਪ੍ਰਸਤੁਤ ਕੀਤਾ ਗਿਆ ਹੈ।

ਸਿਖ ਸਾਹਿਤ ਦੇ ਅਧਿਐਨ ਦੇ ਅਧਾਰ ਤੇ ਰਾਜ ਦੇ ਪ੍ਰਮੁਖ ਪ੍ਰਕਾਰਜਾਂ ਨੂੰ ਤਿੰਨ ਹਿਸਿਆਂ ਵਿਚ ਵੰਡਿਆ ਜਾ ਸਕਦਾ ਹੈ:-

1) ਰਾਜਨੀਤਿਕ ਪ੍ਰਕਾਰਜ

2) ਸਮਾਜਿਕ ਅਤੇ ਆਰਥਿਕ ਪ੍ਰਕਾਰਜ

3) ਨਿਆਇਕ ਪ੍ਰਕਾਰਜ

1-ਰਾਜਨੀਤਕ ਪ੍ਰਕਾਰਜ

ਰਾਜ ਦੇ ਪ੍ਰਮੁੱਖ ਰਾਜਨੀਤਕ ਪ੍ਰਕਾਰਜ, ਬਾਹਰੀ ਅਤੇ ਅੰਤਰਿਕ ਪ੍ਰਭੁਸੱਤਾ ਕਾਇਮ ਰਖਣਾ ਹੈ। ਬਾਹਰੀ ਆਕ੍ਰਮਣ ਤੋਂ ਦੇਸ਼ ਦੀਆਂ ਸੀਮਾਵਾਂ ਦੀ ਰਖਿਆ ਕਰਨਾ ਅਤੇ ਖੇਤਰੀ ਅਖੰਡਤਾ ਨੂੰ ਕਾਇਮ ਰਖਣਾ ਰਾਜ ਦਾ ਪ੍ਰਮੁੱਖ ਕਰਤੱਵ ਹੈ। ਵਿਦੇਸ਼ੀ ਹਮਲਿਆਂ ਤੋਂ ਉਤਪੰਨ ਹੋਏ ਹਾਲਾਤ ਦਾ ਵਰਣਨ ਗੁਰੂ ਨਾਨਕ ਦੇਵ ਜੀ ਨੇ ਬਾਬਰ-ਵਾਣੀ ਵਿਚ ਕੀਤਾ ਹੈ। ਪਰ ਇਥੇ ਚੇਤੇ ਰਖਣ ਵਾਲੀ ਗਲ ਹੈ ਕਿ ਗੁਰੂ ਨਾਨਕ ਦੇਵ ਜੀ ਪਿਛਲੀਆਂ ਤਕਰੀਬਨ ਪੰਜ ਸਦੀਆਂ ਤੋਂ ਲਗਾਤਾਰ ਹਿੰਦੁਸਤਾਨ ਦੀ ਖੇਤਰੀ ਅਖੰਡਤਾ ਤੇ ਹੋ ਰਹੇ ਹਮਲੇ ਪ੍ਰਤੀ ਜਾਗਰੂਕ ਹਨ ਅਤੇ ਉਸ ਜਾਗਰੂਕਤਾ ਦਾ ਪ੍ਰਗਟਾਵਾ ਆਪਣੀ ਬਾਣੀ ਵਿਚ ਕਰਦੇ ਹਨ। ਗੁਰੂ ਨਾਨਕ ਦੇਵ ਜੀ ਆਪਣੇ ਵੇਲੇ ਦੇ ਹੁਕਮਰਾਨਾਂ ਦੀ ਦੇਸ਼ ਦੀ ਰਾਖੀ ਪ੍ਰਤੀ ਬੇਰੁਖੀ ਨੂੰ ਘੋਖਿਆ ਅਤੇ ਇਸਦਾ ਪੂਰੀ ਤਰ੍ਹਾਂ ਵਿਸ਼ਲੇਸ਼ਣ ਕੀਤਾ। ਗੁਰੂ ਸਾਹਿਬ ਅਨੁਸਾਰ ਹਿੰਦੁਸਤਾਨੀ ਹੁਕਮਰਾਨਾਂ ਨੇ ਬਾਬਰ ਦੇ ਹਮਲੇ ਵੇਲੇ ਆਪਣੀ ਸੰਪ੍ਰਭੁਤਾ ਦੀ ਰਖਿਆ ਲਈ ਅਮਲੀ ਕਦਮ ਚੁਕਣ ਦੀ ਥਾਂ ਤੇ ਗੈਬੀ ਸ਼ਕਤੀਆਂ ਦੀ ਉਪਾਸਨਾ ਕਰਨੀ ਸ਼ੁਰੂ ਕਰ ਦਿੱਤੀ। ਫਲਸਰੂਪ ਸ਼ਹਿਰ ਫੂਕੇ ਗਏ ਅਤੇ ਕਿਸੇ ਵੀ ਹਮਲਾਵਰ ਦਾ ਕੁਝ ਨ ਵਿਗੜਿਆ:-

ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ॥
ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ॥
ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ॥[1]

ਅਸਲ ਵਿਚ ਹਿੰਦੁਸਤਾਨੀ ਹੁਕਮਰਾਨ ਰਾਜ ਦੀ ਖੇਤਰੀ ਅਖੰਡਤਾ ਪ੍ਰਤੀ ਆਪਣਾ ਫਰਜ਼ ਭੁਲ ਚੁੱਕੇ ਸਨ ਜਿਸ ਕਰਕੇ ਦੇਸ਼ ਦੀ ਪ੍ਰਭੁਸੱਤਾ ਵਿਦੇਸ਼ੀ ਹਮਲਾਵਰਾਂ ਦੀ ਰਖੇਲ ਬਣ ਚੁੱਕੀ ਸੀ। ਆਪਣੇ ਸਮਕਾਲੀ ਰਾਜ ਦੀ ਕਾਰ-ਗੁਜ਼ਾਰੀ ਦਾ ਪੂਰੀ ਤਰ੍ਹਾਂ ਵਿਸ਼ਲੇਸ਼ਣ ਕਰਕੇ ਗੁਰੂ ਨਾਨਕ

- - - - - - - - - - - - - - - - - - - - - - - - - - - - - -

1- ਆਦਿ ਗ੍ਰੰਥ, ਪੰਨਾ 417

ਪਾਤਸ਼ਾਹ ਨੇ ਰਾਜ ਦੀ ਪ੍ਰਭੁਸਤਾ ਕਾਇਮ ਰਖਣੀ, ਰਾਜਿਆ ਦਾ ਪ੍ਰਮੁੱਖ ਕਰਤਵ ਦਸਿਆ ਅਤੇ ਉਪਦੇਸ਼ ਕੀਤਾ ਕਿ ਜੇ ਪਹਿਲਾਂ ਤੋਂ ਦੇਸ਼ ਦੀ ਸ਼ਕਤੀ ਨੂੰ ਸੰਚਿਤ ਕੀਤਾ ਜਾਵੇ ਅਤੇ ਸੁਚੇਤ ਰਿਹਾ ਜਾਵੇ ਤਾਂ ਹੀ ਪ੍ਰਭੁਸਤਾ ਕਾਇਮ ਰਖੀ ਜਾ ਸਕਦੀ ਹੈ:-

ਅਗੋ ਦੇ ਜੇ ਚੇਤੀਐ ਤਾਂ ਕਾਇਤ ਮਿਲੈ ਸਜਾਇ॥[1]

ਪ੍ਰੇਮ ਸੁਮਾਰਗ ਗ੍ਰੰਥ ਵਿਚ ਰਾਜ ਦੀ ਪ੍ਰਭੁਸਤਾ ਕਾਇਮ ਰਖਣ ਲਈ ਸੈਨਾ ਨੂੰ ਬਾਕਾਇਦਾ ਸੰਗਠਿਤ ਕਰਨ ਤੇ ਜ਼ੋਰ ਦਿੱਤਾ ਗਿਆ ਹੈ। ਸੈਨਾ ਨੂੰ ਸੰਗਠਿਤ ਕਰਨ ਦੇ ਸਬੰਧ ਵਿਚ ਗ੍ਰੰਥ ਵਿਚ ਲਿਖਿਆ ਹੈ:-

"ਫੇਰ ਦੂਸਰੇ ਸਿਪਹ-ਸਾਲਾਰ ਕਰੇ; ਜਿਨਕੋ ਬਖਸ਼ੀ ਕਹਤੇ ਹੈਂ।
ਜੋ ਸਿਪਾਹ ਕੇ ਮੁਸੱਦੀ ਹੋਵਹਿ। ਕਿਆ ਪਿਆਦੇ, ਕਿਆ
ਤੋਪਖ਼ਾਨੇ, ਤਥਾ ਫਲੈਤ, ਹੋਰ ਜੋ ਪਿਆਦਿਆਂ ਕਾ ਮਸਾਲਾ
ਹੋਵੈ; ਸੁ ਉਸ ਸਿਪਹਦਾਰ-ਸਿਪਹਸਾਲਾਰ ਕੀ ਤਜਵੀਜ਼ ਨਾਲ
ਹੋਵੈ।"[2]

ਪ੍ਰੇਮ ਸੁਮਾਰਗ ਗ੍ਰੰਥ ਨੇ ਰਾਜ ਦੀ ਆਂਤਰਿਕ ਵਿਵਸਥਾ ਵਲ ਵਿਸ਼ੇਸ਼ ਜ਼ੋਰ ਦਿੱਤਾ ਹੈ। ਇਸ ਗ੍ਰੰਥ ਵਿਚ ਕਿਹਾ ਗਿਆ ਹੈ ਕਿ ਰਾਜਾ ਆਪਣੀ ਪ੍ਰਜਾ ਨੂੰ ਇਤਨਾ ਸੁਖੀ ਅਤੇ ਸੰਤੁਸ਼ਟ ਰਖੇ ਕਿ ਉਸਦੇ ਰਾਜ ਵਿਚ ਕਿਸੇ ਦਾ ਮਾਲ ਰੁਪਏ ਅਥਵਾ ਮੁਹਰਾਂ ਕਿਸੇ ਵੀ ਥਾਂ ਤੇ, ਰਾਹ ਵਿਚ, ਜੰਗਲ ਵਿਚ ਦਸ ਵਰ੍ਹਿਆਂ ਤੱਕ ਪਈਆਂ ਰਹਿਣ ਪਰ ਕੋਈ ਉਸ ਵਲ ਦੇਖੇ ਤੱਕ ਨਹੀਂ:

"ਅਤੇ ਅਉਰ ਨੀਅਤ ਮਹਾਰਾਜਾ ਅਪਨੀ ਕਰੈ, ਜੋ ਪ੍ਰਜਾ ਐਸੀ
ਸੁਖੀ ਹੋਵੈ; ਜੋ ਕੋਈ ਅਪਨਾ ਮਾਲ-ਰੁਪਯੇ ਅਥਵਾ ਮੁਹਰਾਂ;
ਅਨੇ ਮੈਦਾਨ ਜੰਗਲ ਪੈ ਡਾਲ ਆਵੈ; ਕੋਈ ਉਸ ਮਾਲ ਵਲ

---

1- ਆਦਿ ਗ੍ਰੰਥ, ਪੰਨਾ 417

2- ਰਣਧੀਰ ਸਿੰਘ (ਸੰਪਾਦਕ); 'ਪ੍ਰੇਮ ਸੁਮਾਰਗ ਗ੍ਰੰਥ'; ਪੰਨਾ 101

ਦੇਖੇ ਨਾਹੀ; ਭਾਵੇਂ ਦਸ ਵਰ੍ਹੇ ਪਇਆ ਰਹੈ।"[1]

ਅਸਲ ਵਿਚ ਰਾਜਾ ਦਾ ਪ੍ਰਮੁੱਖ ਕਰਤਵ ਪ੍ਰਜਾ ਦੀ ਰਖਿਆ ਦਸਿਆ ਗਿਆ ਹੈ। ਇਕ ਆਦਰਸ਼ ਰਾਜਾ ਨਿਤ ਅਕਾਲ ਪੁਰਖ ਅਗੇ ਅਰਦਾਸ ਕਰਦਾ ਹੈ ਕਿ ਉਸਦੀ ਪ੍ਰਜਾ ਦੀ ਰਖਿਆ ਹੋਵੇ ਅਤੇ ਉਸਦੇ ਰਾਜ ਵਿਚ ਪ੍ਰਜਾ ਸੁਖੀ ਹੋਵੇ ਕਿਉਂਕਿ ਪ੍ਰਜਾ ਦੀ ਸੰਤੁਸ਼ਟੀ ਨਾਲ ਹੀ ਰਾਜਾ ਰਬੀ ਦਰਗਾਹ ਵਿਚ ਸੁਰਖਰੂ ਹੋਵੇਗਾ:-

"ਅਰੁ ਮਹਾਰਾਜਾ ਹਰਿ ਸਾਸ ਗਿਰਾਸ ਭੈ ਮਨ-ਪ੍ਰਜਾ ਕੀ ਰਖਯਾ ਕਰਿ, ਰਾਜੀ ਹੋਨੇ ਕਰਿ, ਦਿਲਗੀਰ ਹੋਨੇ ਕਰਿ;- ਰਹੈ। ਅਰੁ ਅਰਦਾਸਿ ਸ੍ਰੀ ਗੁਰੂ ਸੱਚੇ ਪਾਤਸ਼ਾਹ ਸਚੇ ਸਾਹਿਬ - ਜੋ ਸ੍ਰੀ ਅਕਾਲ ਪੁਰਖੁ ਹੈ - ਦੇ ਹਜ਼ੂਰ ਸਾਸ-ਗਿਰਾਸ ਕਰਦਾ ਰਹੈ, ਜੋ- 'ਗਰੀਬ ਨਿਵਾਜ! ਇਸ ਪ੍ਰਜਾ ਦੀ ਰੱਖਿਆ ਹਰੁ ਸੁਖੀ ਹੋਨੇ ਕੀ, ਅਰੁ ਤੇਰੇ ਜਨਵਨੇ ਕੀ ਨਮਿਤ, ਮੁਝ ਕੀਟ-ਪਤੰਗ ਕੋ ਟਹਿਲ ਬਖਸ਼ੀ ਹੈ, ਹਜ਼ੂਰ ਤੇ। ਅੰਤ ਕਾਲਿ ਇਸ ਟਹਿਲ ਤੇ ਸੁਰਖਰੂ ਹੋਵਾਂ! ਬਿਰਦ ਹੈ, ਬਿਰਦ ਹੈ।"[2]

ਇਸ ਪ੍ਰਕਾਰ ਸਿੱਖ ਸਿੱਧਾਂਤ ਅਨੁਸਾਰ ਰਾਜ ਦੇ ਦੋ ਪ੍ਰਮੁੱਖ ਰਾਜਨੀਤਕ ਪ੍ਰਕਾਰਜ ਹਨ। ਇਕ ਰਾਜ ਦੀ ਪ੍ਰਭੁਸੱਤਾ ਨੂੰ ਵਿਦੇਸ਼ੀ ਹਮਲਾਵਰਾਂ ਤੋਂ ਬਚਾਉਣਾ ਅਤੇ ਦੂਜਾ ਰਾਜ ਵਿਚ ਆਂਤਰਿਕ ਵਿਵਸਥਾ ਕਾਇਮ ਰਖਣਾ। ਇਹ ਰਾਜਨੀਤਕ ਪ੍ਰਕਾਰਜ, ਰਾਜ ਦਾ ਅਸਤਿਤਵ ਕਾਇਮ ਰਖਣ ਲਈ ਜ਼ਰੂਰੀ ਹਨ ਅਤੇ ਜਿਹੜਾ ਰਾਜ ਇਹਨਾਂ ਪ੍ਰਕਾਰਜਾਂ ਨੂੰ ਪੂਰਾ ਕਰਨ ਵਿਚ ਅਸਮਰਥ ਹੁੰਦਾ ਹੈ ਉਹ ਆਪਣੀ ਹੋਂਦ ਗਵਾ ਲੈਂਦਾ ਹੈ।

- - - - - - - - - - - - - - - - - - - - - - - - - - - - -

1- ਰਣਧੀਰ ਸਿੰਘ(ਸੰਪਾਦਕ); '<u>ਪ੍ਰੇਮ ਸੁਮਾਰਗ ਗ੍ਰੰਥ</u>'; ਪੰਨਾ 110

2- ਓਹੀ; ਪੰਨਾ 111

2-ਸਮਾਜਿਕ ਅਤੇ ਆਰਥਿਕ ਪ੍ਰਕਾਰਜ:

ਰਾਜ ਦੇ ਸਮਾਜਕ ਅਤੇ ਆਰਥਕ ਪ੍ਰਕਾਰਜ ਵੀ ਬਹੁਤ ਮਹੱਤਵਪੂਰਣ ਹਨ ਅਤੇ ਸਿੱਖ ਧਰਮ ਗ੍ਰੰਥਾਂ ਅਤੇ ਇਤਿਹਾਸ ਗ੍ਰੰਥਾਂ ਵਿਚ ਰਾਜ ਦੇ ਇਹਨਾਂ ਪ੍ਰਕਾਰਜਾਂ ਦਾ ਸਿਧੇ ਅਤੇ ਅਸਿਧੇ ਰੂਪ ਵਿਚ ਜ਼ਿਕਰ ਵੀ ਮਿਲਦਾ ਹੈ। ਸਿੱਖ ਸਿਧਾਂਤ ਰਾਜ ਵਿਚ ਇਕ ਸੁਚੱਜੀ ਸਮਾਜੀ ਵਿਵਸਥਾ ਅਤੇ ਇਕ ਸੰਤੁਲਿਤ ਆਰਥਕ ਢਾਂਚੇ ਦੀ ਉਸਾਰੀ ਲਈ ਯਤਨਸ਼ੀਲ ਹੈ। ਉਸ ਅਨੁਸਾਰ ਇਕ ਆਦਰਸ਼ ਰਾਜ ਉਹੋ ਹੈ ਜਿਸ ਵਿਚ ਇਕ ਆਦਰਸ਼ ਸਮਾਜਿਕ ਅਤੇ ਆਰਥਿਕ ਵਿਵਸਥਾ ਮੌਜੂਦ ਹੈ।

ਗੁਰੂ ਸਾਹਿਬਾਨ ਨੇ ਆਪਣੇ ਸਮਕਾਲੀ ਰਾਜ ਵਿਚਲੀ ਸਮਾਜਕ ਵਿਵਸਥਾ ਅਤੇ ਆਰਥਕ ਢਾਂਚੇ ਦਾ ਵਿਸ਼ਲੇਸ਼ਣ ਉਚੇਚੇ ਤੌਰ ਤੇ ਕੀਤਾ ਹੈ। ਗੁਰੂ ਨਾਨਕ ਸਾਹਿਬ ਦੇ ਅਨੁਸਾਰ ਕਾਬਲ ਵਲੋਂ ਆਉਣ ਵਾਲੇ ਹਮਲਾਵਰਾਂ ਦੇ ਹਲਿਆਂ ਨੇ ਭਾਰਤੀ ਸਮਾਜ ਨੂੰ ਪੂਰੀ ਤਰ੍ਹਾਂ ਲਾਚਾਰ ਬਣਾ ਦਿੱਤਾ ਸੀ ਅਤੇ ਉਹਨਾਂ ਦੀ ਲਗਾਤਾਰ ਲੁੱਟ - ਖਸੁੱਟ ਅਤੇ ਜ਼ੋਰੀ ਮੰਗੇ ਜਾਂਦੇ ਦਾਨ ਨੇ ਭਾਰਤੀ ਅਰਥ - ਵਿਵਸਥਾ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਸਨ। ਧਰਮ ਪੂਰੀ ਤਰ੍ਹਾਂ ਅਲੋਪ ਹੋ ਚੁੱਕਾ ਸੀ ਅਤੇ ਕੂੜ ਦਾ ਬੋਲ ਬਾਲਾ ਸੀ। ਬੁਧੀਜੀਵੀਆਂ, ਭਾਵੇਂ ਉਹ ਕਾਜ਼ੀ ਹੋਣ ਜਾਂ ਬ੍ਰਾਹਮਣ, ਦੀ ਗਲ ਖ਼ਤਮ ਹੋ ਚੁੱਕੀ ਸੀ ਅਤੇ ਖ਼ੂਨ ਅਤੇ ਜ਼ੁਲਮ ਦੇ ਸੋਹਿਲੇ ਗਾਏ ਜਾਂਦੇ ਸਨ। ਗੁਰੂ ਨਾਨਕ ਸਾਹਿਬ ਦੀਆਂ ਇਹ ਪੰਕਤੀਆਂ ਇਸ ਸਮਾਜੀ ਅਤੇ ਆਰਥਕ ਸਥਿਤੀ ਦਾ ਵਰਣਨ ਕਰਦੀਆਂ ਹਨ:-

ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥
ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥
ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ॥
ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ॥
ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ॥

ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ॥[1]

ਭਾਈ ਗੁਰਦਾਸ ਜੀ ਨੇ ਵੀ ਗੁਰੂਆਂ ਦੀ ਸਮਕਾਲੀ ਰਾਜ ਵਿਚਲੀ ਸਮਾਜਕ ਅਤੇ ਆਰਥਕ ਸਥਿਤੀ ਦਾ ਵਰਣਨ ਆਪਣੀਆਂ ਰਚਨਾਵਾਂ ਵਿਚ ਕੀਤਾ ਹੈ। ਆਪਣੀ ਇਕ ਰਚਨਾ ਵਿਚ ਭਾਈ ਗੁਰਦਾਸ ਜੀ ਦਸਦੇ ਹਨ ਕਿ ਲੋਕਾਂ ਵਿਚ ਹਕ ਨਾਹੱਕ ਦੀ ਵਿਚਾਰ ਨਹੀਂ ਰਹੀ, ਰਾਜੇ ਜਿਹੜੇ ਵਾੜ ਹਨ ਉਹੀ ਖੇਤ ਨੂੰ ਖਾਉਣ ਦਾ ਕੰਮ ਕਰਨ ਲਗ ਪਏ ਹਨ, ਪਰਜਾ ਗਿਆਨ ਤੋਂ ਸਖਣੀ ਹੋ ਚੁੱਕੀ ਹੈ, ਧਰਮ ਆਗੂ ਭਟਕ ਗਏ ਹਨ, ਨਿਆਂ ਕਰਨ ਵਾਲੇ ਕਾਜੀ ਰਿਸ਼ਵਤ ਲੈਂਦੇ ਹਨ, ਪਰਿਵਾਰਕ ਰਿਸ਼ਤੇ ਇਥੋਂ ਤਕ ਟੁਟ ਗਏ ਹਨ ਅਤੇ ਇਸਤਰੀ-ਪੁਰਖ ਦਾ ਪਿਆਰ ਪੈਸੇ ਤੇ ਨਿਰਭਰ ਹੋ ਗਿਆ ਹੈ। ਇਸ ਪ੍ਰਕਾਰ ਉਸ ਸਮੇਂ ਸਾਰੀ ਸਮਾਜਕ ਬਣਤਰ ਖੇਰੂੰ ਖੇਰੂੰ ਹੋ ਗਈ ਸੀ:-

ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ॥
ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ॥
ਪਰਜਾ ਅੰਧੀ ਗਿਆਨ ਬਿਨੁ ਕੂੜ ਕੁਸਤਿ ਮੁਖਹੁ ਆਲਾਈ॥
ਚੇਲੇ ਸਾਜ ਵਜਾਇਦੇ ਨਚਨਿ ਗੁਰੂ ਬਹੁਤੁ ਬਿਧਿ ਭਾਈ॥
ਸੇਵਕ ਬੈਠਨਿ ਘਰਾਂ ਵਿਚਿ ਗੁਰ ਉਠਿ ਘਰੀ ਤਿਨਾੜੇ ਜਾਈ॥
ਕਾਜੀ ਹੋਏ ਰਿਸ਼ੁਵਤੀ ਵਢੀ ਲੈ ਕੇ ਹਕ ਗਵਾਈ॥
ਇਸਤ੍ਰੀ ਪੁਰਖੈ ਦਾਮ ਹਿਤ ਭਾਵੈ ਆਇ ਕਿਥਾਊ ਜਾਈ॥
ਵਰਤਿਆ ਪਾਪ ਸਭਸੁ ਜਗ ਮਾਂਹੀ॥[2]

ਰਾਜ ਦੀ ਕਮਜ਼ੋਰੀ ਕਾਰਣ ਸਮਾਜ ਦੇ ਵਿਘਟਨ ਦੇ ਨਾਲ ਨਾਲ ਭਾਰਤ ਦੀ ਸਭਿਅਤਾ ਅਤੇ ਸੰਸਕ੍ਰਿਤੀ ਵੀ ਖ਼ਤਰੇ ਵਿਚ ਪੈ ਗਈ ਸੀ। ਭਾਰਤੀ ਸਭਿਅਤਾ ਅਤੇ ਸੰਸਕ੍ਰਿਤੀ ਉਤੇ ਵਿਦੇਸ਼ੀ

---

1- ਆਦਿ ਗ੍ਰੰਥ, ਪੰਨਾ 722

2- ਵਾਰਾਂ ਭਾਈ ਗੁਰਦਾਸ, ਪੰਨਾ 26

ਸਭਿਅਤਾ, ਸੰਸਕ੍ਰਿਤੀ ਅਤੇ ਬੋਲੀ ਦਾ ਪ੍ਰਭਾਵ ਵਧਦਾ ਜਾ ਰਿਹਾ ਸੀ। ਇਸ ਹਕੀਕਤ ਨੂੰ ਗੁਰੂ ਨਾਨਕ ਦੇਵ ਜੀ ਨੇ ਆਸਾ ਦੀ ਵਾਰ ਵਿਚ ਵੀ ਬੜੇ ਸਪਸ਼ਟ ਅਤੇ ਸੁੰਦਰ ਤਰੀਕੇ ਨਾਲ ਅਪਣੀ ਰਚਨਾ ਵਿਚ ਉਤਾਰਿਆ ਹੈ। ਉਹਨਾਂ ਅਨੁਸਾਰ ਭਾਰਤੀਆਂ ਨੇ ਆਪਣੀ ਰਹੁ-ਰੀਤੀ ਛੱਡ ਕੇ ਮੁਗਲਾਂ ਦੀ ਰਹਿਤ ਅਪਣਾ ਲਈ ਸੀ :

ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ॥
ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ॥
ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ॥[1]

ਇਥੋਂ ਤਕ ਕਿ ਮੁਗਲ ਹਾਕਮਾਂ ਦੀ ਖੁਸ਼ੀ ਹਾਸਲ ਕਰਨ ਲਈ ਲੋਕਾਂ ਨੇ ਅਪਣਾ ਪਰੰਪਰਾਗਤ ਪਹਿਰਾਵਾ ਅਤੇ ਖਾਣਾ ਤਿਆਗ ਦਿਤਾ ਸੀ। ਉਹਨਾਂ ਨੇ ਨੀਲੇ ਰੰਗ ਦੇ ਕਪੜੇ ਪਾਉਣੇ ਸ਼ੁਰੂ ਕਰ ਦਿਤੇ ਸਨ ਅਤੇ ਕਲਮਾ ਪੜ੍ਹ ਕੇ ਹਲਾਲ ਕੀਤਾ ਹੋਇਆ ਬਕਰਾ ਅਪਣੀ ਖੁਰਾਕ ਵਿਚ ਸ਼ਾਮਲ ਕਰ ਲਿਆ ਸੀ:-

ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥
ਮਲੇਛ ਧਾਨੁ ਲੇ ਪੂਜਹਿ ਪੁਰਾਣੁ॥
ਅਭਾਖਿਆ ਕਾ ਕੁਠਾ ਬਕਰਾ ਖਾਣਾ॥
ਚਉਕੇ ਉਪਰਿ ਕਿਸੈ ਨ ਜਾਣਾ॥[2]

ਗੁਰੂ ਸਾਹਿਬ ਅਨੁਸਾਰ ਭਾਰਤੀ ਸਮਾਜ ਦੇ ਵਿਘਟਨ ਅਤੇ ਇਥੋਂ ਦੀ ਸਭਿਅਤਾ ਅਤੇ ਸੰਸਕ੍ਰਿਤੀ ਉਤੇ ਵਿਦੇਸ਼ੀ ਸਭਿਅਤਾ ਅਤੇ ਸੰਸਕ੍ਰਿਤੀ ਦੇ ਭਾਰੂ ਹੋਣ ਦਾ ਮੁੱਖ ਕਾਰਣ ਸਥਾਨੀ ਰਾਜ ਵਿਵਸਥਾ ਦਾ ਕਮਜ਼ੋਰ ਹੋਣਾ ਸੀ। ਰਾਜ ਦੀ ਸਭਿਅਤਾ ਅਤੇ ਸੰਸਕ੍ਰਿਤੀ ਦੀ ਰਖਿਆ ਕਰਨਾ ਰਾਜ ਦਾ ਵਿਸ਼ੇਸ਼ ਪ੍ਰਕਾਰਜ ਹੈ। ਇਸੇ ਲਈ ਸਥਾਨੀ ਰਾਜ ਅਧਿਕਾਰੀਆਂ ਨੂੰ ਭਾਰਤੀ ਵਿਰਸੇ ਦੀ ਰਾਖੀ

---

1- ਆਦਿ ਗ੍ਰੰਥ, ਪੰਨਾ 471

2- ਓਹੀ, ਪੰਨਾ 471

ਕਰਨ ਵਿਚ ਅਸਫ਼ਲ ਹੋਣ ਤੇ ਗੁਰੂ ਨਾਨਕ ਦੇਵ ਜੀ ਨੇ ਸਖ਼ਤ ਤਾੜਨਾ ਕੀਤੀ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ ਰਾਜੇ ਆਪਣੇ ਦੇਸ਼ ਦੀ ਸਭਿਅਤਾ, ਸੰਸਕ੍ਰਿਤੀ ਅਤੇ ਵਿਰਸੇ ਪ੍ਰਤੀ ਆਪਣੀ ਸੁਰਤ ਗਵਾਕੇ ਰੰਗ-ਤਮਾਸ਼ਿਆਂ ਵਿਚ ਆਪਣਾ ਆਪ ਖਚਤ ਕਰ ਰਹੇ ਸਨ ਜਿਸ ਕਰਕੇ ਭਾਰਤੀ ਸਭਿਅਤਾ ਅਤੇ ਸੰਸਕ੍ਰਿਤੀ ਉਤੇ ਵਿਦੇਸ਼ੀ ਪ੍ਰਭਾਵ ਵਧਦਾ ਜਾ ਰਿਹਾ ਸੀ:

ਸਾਹਾਂ ਸੁਰਤਿ ਗਵਾਈਆ ਰੰਗ ਤਮਾਸੈ ਚਾਇ॥[1]

ਇਸ ਤਰ੍ਹਾਂ ਇਹ ਸਪਸ਼ਟ ਰੂਪ ਵਿਚ ਨਿਖਰ ਕੇ ਸਾਹਮਣੇ ਆਉਂਦਾ ਹੈ ਕਿ ਗੁਰੂ ਸਾਹਿਬ ਆਪਣੇ ਸਮਕਾਲੀ ਰਾਜ ਵਿਚਲੀ ਸਮਾਜਿਕ ਸਥਿਤੀ ਤੋਂ ਪੂਰੀ ਤਰ੍ਹਾਂ ਅਸੰਤੁਸ਼ਟ ਸਨ। ਉਹਨਾਂ ਨੇ ਸਮਾਜਕ ਵਿਘਟਨ, ਸਮਾਜਿਕ ਕਦਰਾਂ ਕੀਮਤਾਂ ਦੇ ਹਨਨ ਅਤੇ ਸਭਿਅਤਾ ਤੇ ਸੰਸਕ੍ਰਿਤੀ ਤੇ ਵਿਦੇਸ਼ੀ ਪ੍ਰਭਾਵ ਲਈ ਵੇਲੇ ਦੇ ਰਾਜ ਨੂੰ ਜਿੰਮੇਵਾਰ ਠਹਿਰਾਇਆ। ਭਾਈ ਗੁਰਦਾਸ ਦੀਆਂ ਵਾਰਾਂ ਵਿਚੋਂ ਵੀ ਇਹੋ ਵਿਚਾਰ ਸਪਸ਼ਟ ਉਜਾਗਰ ਹੁੰਦਾ ਹੈ। ਇਹਨਾਂ ਤਥਾਂ ਨੂੰ ਵਿਚਾਰਨ ਉਪਰੰਤ ਇਹ ਸਿੱਟਾ ਨਿਕਲਦਾ ਹੈ ਕਿ ਸਮਾਜਿਕ ਸੰਗਠਨ ਨੂੰ ਮਜਬੂਤ ਕਰਨਾ, ਸਮਾਜਿਕ ਕਦਰਾਂ ਕੀਮਤਾਂ ਨੂੰ ਕਾਇਮ ਰਖਣਾ ਅਤੇ ਆਪਣੀ ਸਭਿਅਤਾ ਤੇ ਸੰਸਕ੍ਰਿਤੀ ਦੀ ਰਖਿਆ ਕਰਨਾ ਆਦਿ ਰਾਜ ਦੇ ਪ੍ਰਮੁਖ ਸਮਾਜਿਕ ਪ੍ਰਕਾਰਜ ਹਨ।

ਆਰਥਕ ਖੇਤਰ ਵਿਚ ਗੁਰਬਾਣੀ ਧਨ ਦੇ ਕੇਂਦ੍ਰੀਕਰਨ ਦੇ ਵਿਰੁੱਧ ਹੈ ਅਤੇ ਸਮਾਜ ਵਿਚੋਂ ਆਰਥਕ ਵਿਸ਼ਮਤਾ ਦੂਰ ਕਰਨਾ ਰਾਜ ਦਾ ਮੁੱਖ ਪ੍ਰਕਾਰਜ ਮੰਨਦੀ ਹੈ। ਸਮਾਜ ਵਿਚ ਧਨ ਦੇ ਕੇਂਦ੍ਰੀਕਰਨ ਦੀ ਪ੍ਰਵਿਰਤੀ ਨੂੰ ਇਕ ਵੱਡਾ ਦੋਸ਼ ਦਸਦਿਆਂ ਗੁਰਬਾਣੀ ਸਪਸ਼ਟ ਕਰਦੀ ਹੈ ਕਿ ਧਨ ਇਕਤ੍ਰ ਕਰਨ ਦੀ ਪ੍ਰਵਿਰਤੀ ਸਮਾਜ ਦੇ ਸਾਰੇ ਤਬਕਿਆਂ ਵਿਚ ਮੌਜੂਦ ਹੈ। ਪਾਤਸ਼ਾਹ, ਰਾਜੇ, ਕੰਗਾਲ ਤੇ ਅਮੀਰ ਸਭ ਵੱਧ ਤੋਂ ਵੱਧ ਧਨ ਜੋੜਨ ਦੀ ਕੋਸ਼ਿਸ਼ ਕਰਦੇ ਹਨ ਅਤੇ ਧਨ ਇਕੱਤ੍ਰ ਕਰਨ ਲਈ ਦੂਜੇ ਦਾ ਧਨ ਚੁਰਾਉਂਦੇ ਹਨ ਅਤੇ ਦੂਜਿਆਂ ਦਾ ਹੱਕ ਮਾਰਦੇ ਹਨ। ਪਰ ਇਹ ਇਕਤ੍ਰਿਤ ਧਨ ਬਹੁਤਾ ਸਮਾਂ ਸਾਥ ਨਹੀਂ ਦਿੰਦਾ ਅਤੇ ਫਿਰ ਪਛਤਾਵਾ ਹੁੰਦਾ ਹੈ:-

---

1- ਆਦਿ ਗ੍ਰੰਥ, ਪੰਨਾ 417

ਭੂਪਤਿ ਰਾਜੇ ਰੰਗ ਰਾਇ ਸੰਚਹਿ ਬਿਖੁ ਮਾਇਆ॥
ਕਰਿ ਕਰਿ ਹੇਤੁ ਵਧਾਇਦੇ ਪਰ ਦਰਬੁ ਚੁਰਾਇਆ॥
ਪੁਤ੍ਰ ਕਲਤ੍ਰ ਨ ਵਿਸਰਹਿ ਬਹੁ ਪ੍ਰੀਤਿ ਲਗਾਇਆ॥
ਵੇਖਦਿਆ ਹੀ ਮਾਇਆ ਧੁਹਿ ਗਈ ਪਛੁਤਹਿ ਪਛੁਤਾਇਆ॥
ਜਮ ਦਰਿ ਬਧੇ ਮਾਰੀਅਹਿ ਨਾਨਕ ਹਰਿ ਭਾਇਆ॥[1]

ਰਾਜਿਆਂ ਦੀ ਧਨ ਜੋੜਨ ਦੀ ਪ੍ਰਵਿਰਤੀ ਵਿਰੁੱਧ ਤਾੜਨਾ ਕਰਦਿਆਂ ਗੁਰਬਾਣੀ ਦਾ ਮਤ ਹੈ ਕਿ ਰਾਜੇ ਵਧੀਕੀਆਂ ਕਰਕੇ (ਪ੍ਰਜਾ ਤੇ ਵਾਧੂ ਟੈਕਸ ਲਾ ਕੇ) ਧਨ ਸੰਚਿਤ ਕਰਦੇ ਹਨ ਅਤੇ ਆਪਣੇ ਖਜ਼ਾਨੇ ਭਰ ਲੈਂਦੇ ਹਨ। ਪਰ ਇਸ ਸੰਚਿਤ ਧਨ ਦਾ ਲਾਭ ਕਿਸੇ ਨੂੰ ਪ੍ਰਾਪਤ ਨਹੀਂ ਹੁੰਦਾ ਅਤੇ ਇਹ ਧਨ ਅਜਾਈਂ ਚਲਾ ਜਾਂਦਾ ਹੈ:-

ਭੂਪਤਿ ਹੋਇਕੈ ਰਾਜ ਕਮਾਇਆ॥
ਕਰਿ ਕਰਿ ਅਨਰਥ ਵਿਹਾਝੀ ਮਾਇਆ॥
ਸੰਚਤ ਸੰਚਤ ਥੈਲੀ ਕੀਨੀ॥
ਪ੍ਰਭਿ ਉਸ ਤੇ ਡਾਰਿ ਅਵਰ ਕਉ ਦੀਨੀ॥[2]

ਆਰਥਿਕ ਦ੍ਰਿਸ਼ਟੀ ਤੋਂ ਗੁਰਬਾਣੀ ਦੀਆਂ ਹੇਠਲੀਆਂ ਤੁੱਕਾਂ ਬਹੁਤ ਮਹੱਤਵਪੂਰਣ ਹਨ। ਇਹਨਾਂ ਤੁੱਕਾਂ ਤੋਂ ਇਕ ਸਿਧਾਂਤ ਦਾ ਪ੍ਰਤੀਪਾਦਨ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਦਾ ਕਥਨ ਹੈ ਕਿ ਇਸ ਧਨ ਕਾਰਣ ਦੁਨੀਆਂ ਬਹੁਤ ਖੁਆਰ ਹੁੰਦੀ ਹੈ ਅਤੇ ਹੁਣ ਤਕ ਇਸ ਧਨ ਨੇ ਬਹੁਤ ਦੁਨੀਆਂ ਖੁਆਰ ਕੀਤੀ ਹੈ। ਅਸਲ ਵਿਚ ਪਾਪਾਂ ਤੋਂ ਬਿਨਾਂ ਇਹ ਧਨ ਇਕਤ੍ਰ ਨਹੀਂ ਹੋ ਸਕਦਾ ਅਤੇ ਮਰਨ ਸਮੇਂ ਇਹ ਨਾਲ ਨਹੀਂ ਜਾਂਦਾ:-

---

1- ਆਦਿ ਗ੍ਰੰਥ, ਪੰਨਾ 1245

2- ਓਹੀ, ਪੰਨਾ 391

ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ॥

ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ॥[1]

ਪ੍ਰੇਮ ਸੁਮਾਰਗ ਗ੍ਰੰਥ ਅਨੁਸਾਰ ਰਾਜਾ ਨੂੰ ਲੋਕਾਂ ਦੀ ਆਵਸ਼ਕਤਾਵਾਂ ਦਾ ਪਤਾ ਹੋਣਾ ਚਾਹੀਦਾ ਹੈ। ਉਸਦੇ ਰਾਜ ਵਿਚ ਕੋਈ ਨੰਗਾ-ਭੁੱਖਾ ਨਾ ਸੋਵੇ। ਸ਼ਹਿਰ - ਸ਼ਹਿਰ, ਪਿੰਡ -ਪਿੰਡ ਹਰ ਪ੍ਰਕਾਰ ਦੇ ਲੋੜੀਂਵੰਦਾਂ ਤੇ ਬੇਰੁਜ਼ਗਾਰਾਂ ਦੀਆਂ ਇਛਾਵਾਂ ਦੀ ਪੂਰਤੀ ਕਰਨਾ ਰਾਜਾ ਦਾ ਪ੍ਰਮੁੱਖ ਕਰਤੱਵ ਹੈ:-

"ਅਬ ਮਹਾਰਾਜੇ ਕੋ ਚਾਹੀਏ, ਜੋ ਐਸੀ ਖਬਰਦਾਰੀ ਲੇਵੈ ਪ੍ਰਜਾ ਕੀ;
ਜੋ ਰਾਤਿ ਕੋ ਕੋਈ ਨੰਗਾ ਭੁੱਖਾ ਨ ਸੋਵੈ। ਸਾਹਿਰ-ਬ-ਸਹਿਰ,
ਗਿਰਾਉਂ - ਗਿਰਾਉਂ, ਮੁਸੱਦੀ ਬਖਸਦਾਨ ਕੇ ਮੁਕਰਰ ਕਰੈ।
ਜੇ ਕੋਈ ਅਰਥੀ ਹੋਵੈ - ਅਕੈ ਨੰਗਾ, ਅਕੈ ਭੁੱਖਾ, ਅਕੈ
ਬੇਰੁਜਗਾਰਾ, ਅਕੈ ਕੰਨਯਾ ਕੇ ਬਿਆਹ ਕਰਨੇ ਕਾ ਅਰਥੀ-ਕੋਈ
ਕਿਸੀ ਤਰਹ ਕਾ ਅਰਥੀ ਹੋਵੈ-ਉਸਕੀ ਮਨਸਾ, ਆਸਾ ਪੂਰਨ ਕਰੈ।"[2]

ਸਮਾਜ ਵਿਚ ਬਰਾਬਰੀ ਕਾਇਮ ਕਰਨਾ ਅਤੇ ਵਖ ਵਖ ਕਿੱਤੇ ਦੇ ਲੋਕਾਂ ਵਿਚ ਪਰਸਪਰ ਭਾਈ-ਚਾਰਾ ਬਣਾਈ ਰਖਣ ਦੀ ਜ਼ਿੰਮੇਵਾਰੀ ਵੀ ਰਾਜੇ ਦੀ ਹੈ। ਕਿਸੇ ਕਿਸਮ ਦੀ ਕਿਰਤ ਪ੍ਰਤੀ ਨਫ਼ਰਤ ਨਹੀਂ ਹੋਣੀ ਚਾਹੀਦੀ ਅਤੇ ਜੇ ਕੋਈ ਕਿਸੇ ਦੇ ਕਿੱਤੇ ਤੇ ਹੱਸੇ ਤਾਂ ਉਸ ਨੂੰ ਰਾਜੇ ਵਲੋਂ ਦੰਡ ਮਿਲਣਾ ਚਾਹੀਦਾ ਹੈ। ਇਕ ਹੋਰ ਤਾਕੀਦ ਹੈ ਕਿ ਕੋਈ ਵੀ ਕਿਸੇ ਦੀ ਕਿਰਤ ਨਾਲ ਸਬੰਧਿਤ ਜਾਤਿ ਦਾ ਨਾਂ ਲੈ ਕੇ ਨਾ ਬੁਲਾਵੇ:-

"ਅਰ ਕੋਈ ਕਿਸੀ ਕਉ ਕਸਬ ਕਰਨੇ ਤੇ ਐਬ ਨ ਰਖੈ। ਕਸਬ
ਕਰਨਾ -ਕਿਆ ਉਤਮ, ਕਿਆ ਮੱਧਮ, ਕਿਆ ਨੀਚ-ਬਡੀ ਭਗਤਿ ਹੈ।

---

1- ਆਦਿ ਗ੍ਰੰਥ, ਪੰਨਾ 417

2- ਰਣਧੀਰ ਸਿੰਘ(ਸੰਪਾਦਕ); '<u>ਪ੍ਰੇਮ ਸੁਮਾਰਗ ਗ੍ਰੰਥ</u>'; ਪੰਨਾ 110

ਇਸ ਬਰਾਬਰ ਅਉਰ ਭਗਤ ਨਾਹੀ; ਜੋ ਕਸਬ ਕਰਕੇ
ਬੰਦਗੀ ਕਰੈ।"

ਅਰ ਮਹਾਰਾਜਾ ਤਾਕੀਦ ਕਰੈ: ਜੋ ਕੋਈ ਕਸਬ ਕਰਨੇ ਕੀ
ਜਾਤਿ ਨਾਮ ਨ ਲੇਵੈ, ਕੋਈ ਕਿਸੀ ਕਉ। ਨ ਕੋਈ ਕਿਸੀ ਕੋ ਕਸਬ
ਰੁਜਗਾਰ ਕਰਿ ਹਸੈ। ਅਰੁ ਕਦਾਚ ਕੋਈ ਹਸੈ, ਨਾਉ ਧਰੈ; ਉਸ
ਕਉ ਡੰਡ ਦੇਇ।।"[1]

ਉਪਰੋਕਤ ਸਾਰੇ ਪਰਮਾਣਾਂ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਸਿਖ ਵਿਚਾਰਧਾਰਾ ਧਨ ਦੇ ਕੇਂਦਰੀਕਰਣ ਨੂੰ ਸਮਾਜ ਲਈ ਹਾਨੀਕਾਰਕ ਮੰਨਦੀ ਹੈ ਅਤੇ ਉਸ ਅਨੁਸਾਰ ਧਨ ਦੇ ਇਕਤ੍ਰੀਕਰਣ ਪਿਛੇ ਪਾਪ ਪ੍ਰਵ੍ਰਿਤੀ ਹੀ ਕਾਰਜਸ਼ੀਲ ਹੁੰਦੀ ਹੈ। ਰਾਜ ਨੂੰ ਸਮਾਜ ਵਿਚ ਆਰਥਿਕ ਸਮਾਨਤਾ ਸਥਾਪਿਤ ਕਰਨ ਲਈ ਕਾਰਜਸ਼ੀਲ ਹੋਣਾ ਚਾਹੀਦਾ ਹੈ। ਪ੍ਰਜਾ ਦੀਆਂ ਆਰਥਿਕ ਲੋੜਾਂ ਨੂੰ ਪੂਰਾ ਕਰਨਾ ਅਤੇ ਉਸਦੀ ਹਰ ਪ੍ਰਕਾਰ ਦੇ ਆਰਥਿਕ ਸ਼ੋਸ਼ਣ ਤੋਂ ਰਖਿਆ ਕਰਨਾ, ਰਾਜ ਦਾ ਪ੍ਰਮੁਖ ਪ੍ਰਕਾਰਜ ਹੈ।

3-ਨਿਆਂਇਕ ਪ੍ਰਕਾਰਜ:

ਸਿੱਖ ਸਿਧਾਂਤ ਵਿਚ ਰਾਜ ਦੇ ਨਿਆਂਇਕ ਪ੍ਰਕਾਰਜ ਉਤੇ ਬਹੁਤ ਜ਼ੋਰ ਦਿੱਤਾ ਗਿਆ ਹੈ। ਆਪਣੀ ਪ੍ਰਜਾ ਨੂੰ ਨਿਆਂ ਉਪਲਬਧ ਕਰਾਉਣਾ ਰਾਜ ਦਾ ਪ੍ਰਮੁੱਖ ਕਰਤਵ ਹੈ। ਗੁਰੂ ਸਾਹਿਬਾਨ ਆਪਣੇ ਸਮਕਾਲੀ ਰਾਜ ਦੀ ਨਿਆਂ ਵਿਵਸਥਾ ਤੇ ਵਿਸ਼ੇਸ਼ ਟਿਪਣੀ ਕੀਤੀ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ ਰਾਜਾ ਉਦੋਂ ਨਿਆਂ ਕਰਦਾ ਹੈ ਜੇ ਉਸ ਨੂੰ ਦੇਣ ਲਈ ਫਰਿਆਦੀ ਦੇ ਹੱਥ ਪੱਲੇ ਮਾਇਆ ਹੋਵੇ, ਜੇ ਕੋਈ ਨਿਰਾ ਰੱਬ ਦਾ ਵਾਸਤਾ ਪਾਏ ਤਾਂ ਉਸ ਦੀ ਪੁਕਾਰ ਕੋਈ ਨਹੀਂ ਸੁਣਦਾ:-

- - - - - - - - - - - - - - - - - - - -

1- ਰਣਧੀਰ ਸਿੰਘ(ਸੰਪਾਦਕ); 'ਪ੍ਰੇਮ ਸੁਮਾਰਗ ਗ੍ਰੰਥ'; ਪੰਨਾ 110

ਰਾਜਾ ਨਿਆਉ ਕਰੇ ਹਥਿ ਹੋਇ॥

ਕਹੈ ਖੁਦਾਇ ਨ ਮਾਨੈ ਕੋਇ॥[1]

ਭਾਈ ਗੁਰਦਾਸ ਜੀ ਨੇ ਵੀ ਗੁਰੂਆਂ ਦੇ ਸਮਕਾਲੀ ਰਾਜ ਵਿਚਲੀ ਨਿਆਂ ਵਿਵਸਥਾ ਦਾ ਜ਼ਿਕਰ ਆਪਣੀਆਂ ਰਚਨਾਵਾਂ ਵਿਚ ਕੀਤਾ ਹੈ। ਭਾਈ ਗੁਰਦਾਸ ਅਨੁਸਾਰ ਨਿਆਂ ਕਰਨਾ ਜਿਨ੍ਹਾਂ ਕਾਜੀਆਂ ਦੇ ਹੱਥ ਹੈ ਉਹ ਰਿਸ਼ਵਤ ਖੋਰੇ ਹੋ ਗਏ ਹਨ ਅਤੇ ਵੱਢੀ ਲੈ ਕੇ ਉਹ ਪਰਾਇਆ ਹੱਕ ਗਵਾ ਦਿੰਦੇ ਹਨ:-

ਕਾਜੀ ਹੋਏ ਰਿਸ਼ਵਤੀ ਵਢੀ ਲੈ ਕੇ ਹਕ ਗਵਾਈ॥[2]

ਆਪਣੇ ਵੇਲੇ ਦੇ ਰਾਜ ਦੀ ਨਿਆਂ ਵਿਵਸਥਾ ਦੀਆਂ ਖ਼ਾਮੀਆਂ ਵਲ ਸੰਕੇਤ ਕਰਦਿਆਂ ਗੁਰੂ ਸਾਹਿਬਾਨ ਨੇ ਰਾਜ ਵਿਚ ਆਦਰਸ਼ ਨਿਆਂ ਵਿਵਸਥਾ ਕਾਇਮ ਕਰਨ ਤੇ ਜ਼ੋਰ ਦਿੱਤਾ ਅਤੇ ਰਾਜ ਦੇ ਨਿਆਇਕ ਪ੍ਰਕਾਰਜ ਦੇ ਮਹੱਤਵ ਨੂੰ ਉਜਾਗਰ ਕੀਤਾ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ ਨਿਰਾ ਪਾਣੀ ਨਾਲ ਚੁੱਲੀਆਂ ਕਰਨ ਨਾਲ ਜੀਵਨ ਵਿਚ ਸੁਚੱਤਾ ਨਹੀਂ ਆਉਂਦੀ। ਮਨੁੱਖ ਨੂੰ ਸੱਚੀ ਚੁੱਲੀ ਭਰਨੀ ਚਾਹੀਦੀ ਹੈ ਅਤੇ ਇਕ ਰਾਜੇ ਲਈ ਸੱਚੀ ਚੁੱਲੀ ਨਿਆਂ ਕਰਨਾ ਹੈ:-

ਰਾਜੇ ਚੁਲੀ ਨਿਆਵ ਕੀ ਪੜਿਆ ਸਚੁ ਧਿਆਨੁ॥[3]

ਕੁਇਰ ਸਿੰਘ ਦੇ ਗੁਰ ਬਿਲਾਸ ਪਾਤਸ਼ਾਹੀ 10 ਵਿਚ ਵੀ ਗੁਰੂ ਗੋਬਿੰਦ ਸਿੰਘ ਵਲੋਂ ਬਹਾਦੁਰ ਸ਼ਾਹ ਨੂੰ ਇਹ ਹਿਦਾਇਤ ਕਰਦਿਆਂ ਦਰਸਾਇਆ ਗਿਆ ਹੈ ਕਿ ਰਾਜੇ ਲਈ ਨਿਆਂ ਹੀ ਬੰਦਗੀ ਹੈ:-

ਰਾਜਨ ਕੋ ਬੰਦਗੀ ਯਹੀ ਨਯਾਇ ਬੀਚ ਪਰਮਾਨ।[4]

---

1- ਆਦਿ ਗ੍ਰੰਥ, ਪੰਨਾ 350

2- ਵਾਰਾਂ ਭਾਈ ਗੁਰਦਾਸ, ਪੰਨਾ 26

3- ਆਦਿ ਗ੍ਰੰਥ, ਪੰਨਾ 1240

4- ਕੁਇਰ ਸਿੰਘ, ਗੁਰ ਬਿਲਾਸ ਪਾਤਸ਼ਾਹੀ 10, ਪੰਨਾ 260

ਬੰਸਾਵਲੀ ਨਾਮੇ ਵਿਚ ਵੀ ਰਾਜੇ ਲਈ ਨਿਆਂਸ਼ੀਲ ਹੋਣਾ ਆਵਸ਼ਕ ਦਸਿਆ ਹੈ ਕਿਉਂਕਿ ਨਿਆਂ ਤੋਂ ਸਖਣਾ ਰਾਜਾ ਨਰਕ ਦਾ ਭਾਗੀ ਬਣਦਾ ਹੈ:-

ਨਿਆਂਓ ਨ ਕਰੇ ਤਾ ਨਰਕੇ ਜਾਏ।
ਰਾਜਾ ਹੋਇ ਕੇ ਨਿਆਇ ਕਮਾਏ।[1]

ਪ੍ਰੇਮ ਸੁਮਾਰਗ ਗ੍ਰੰਥ ਵਿਚ ਨਿਆਂ ਕਰਨਾ ਰਾਜ ਦਾ ਪ੍ਰਮੁੱਖ ਕਾਰਜ ਦਸਿਆ ਗਿਆ ਹੈ ਅਤੇ ਸਪਸ਼ਟ ਕੀਤਾ ਗਿਆ ਹੈ ਕਿ ਰਾਜੇ ਨੂੰ ਰਾਜ ਦੀ ਬਖਸ਼ਿਸ਼ ਨਿਆਂ ਕਰਨ ਵਾਸਤੇ ਹੀ ਹੋਈ ਹੈ:-

ਅਬ ਰਾਜੇ ਕਉ ਚਾਹੀਐ! ਜੋ ਨਿਆਉਂ ਧਰਮ ਕਾ ਕਰੇ!
ਜੋ ਜਾਣੈ ਕਿ ਮੁਝ ਕੋ ਰਾਜ, ਬਖਸ਼ ਹੂਆ ਹੈ, ਸੋ ਨਿਆਂਓ
ਕੇ ਵਾਸਤੇ।[2]

ਰਬ ਦੀ ਦਰਗਾਹ ਵਿਚ ਰਾਜੇ ਪਾਸੋਂ ਇਹ ਨਹੀਂ ਪੁਛਿਆ ਜਾਵੇਗਾ ਕਿ ਉਸਨੇ ਰਬ ਦੀ ਕਿੰਨੀ ਬੰਦਗੀ ਕੀਤੀ ਹੈ ਸਗੋਂ ਇਹ ਪੁਛਿਆ ਜਾਵੇਗਾ ਕਿ ਉਸਦੇ ਰਾਜ ਵਿਚ ਕਿਸ ਨੇ ਆਰਾਮ ਪਾਇਆ ਅਤੇ ਕਿਸਨੇ ਦੁਖ ਪਾਇਆ ਹੈ। ਰਾਜੇ ਦੀ ਜਵਾਬ-ਤਲਬੀ ਨਿਆਂ ਤੋਂ ਸਿਵਾਇ ਹੋਰ ਕਿਸੇ ਗਲ ਦੀ ਨਹੀਂ:-

"ਅਰੁ ਰਾਜੇ ਕਉ ਅਉਰ ਪੁਰਸਿਸ਼; ਦਰਗਾਹਿ ਸਚੇ ਪਾਤਿਸ਼ਾਹ ਕੀ,
ਸਿਵਾਇ ਨਿਆਉਂ ਕੇ, ਕੋਈ ਨਾਹੀ। ਰਾਜੇ ਕੋ-ਜਿਸ ਕੋ ਜਾਮਨੀ
ਭਾਖਿਆ ਮੈ 'ਪਾਤਿਸ਼ਾਹ' ਕਹਤੇ ਹੈਂ,-ਉਸ ਕੋ ਬੰਦਗੀ ਨ ਪੁਛੀਐਗੀ;
ਜੋ ਤੁਧ ਕਿਆ ਕੀਆ ਹੈ? ਯਹੀ ਪੁਛੀਐਗਾ: ਜੋ ਕਿਸ ਨੇ ਤੇਰੇ ਰਾਜ
ਮੈ ਆਰਾਮ ਪਾਇਆ ਹੈ, ਅਰ ਕਿਸ ਨੇ ਦੁਖ ਪਾਇਆ ਹੈ?"[3]

---

1- ਛਿਬਰ, ਕੇਸਰ ਸਿੰਘ, ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, ਪੰਨਾ 174

2- ਰਣਧੀਰ ਸਿੰਘ (ਸੰਪਾਦਕ); 'ਪ੍ਰੇਮ ਸੁਮਾਰਗ ਗ੍ਰੰਥ'; ਪੰਨਾ 95

3- ਓਹੀ, ਪੰਨਾ 95

ਜਿਹੜਾ ਰਾਜਾ ਬੰਦਗੀ ਸਿਮਰਨ ਅਤੇ ਨਿਆਉ ਕਰਦਾ ਹੈ ਉਸ ਨੂੰ ਅਗਲੇ ਜਨਮ ਵਿਚ ਫਿਰ ਰਾਜ ਪ੍ਰਾਪਤ ਹੁੰਦਾ ਹੈ। ਆਮ ਕਹਾਵਤ ਹੈ ਰਾਜਾ ਰਾਜ ਤੋਂ ਨਰਕ ਨੂੰ ਪ੍ਰਾਪਤ ਹੁੰਦਾ ਹੈ। ਐਸਾ ਇਸ ਲਈ ਹੁੰਦਾ ਹੈ ਕਿਉਂਕਿ ਰਾਜਾ ਨਿਆਂ ਛਡ ਕੇ ਜ਼ੁਲਮ ਕਰਦਾ ਹੈ:-

"ਜੋ ਰਾਜਾ ਹੋਇ ਕੈ ਬੰਦਗੀ ਸਿਮਰਨ, ਅਰੁ ਨਿਆਉਂ ਕਰੈ;
ਤਾਂ ਸੁਇਨਾ ਸੁਗੰਧਿਤ ਹੈ। ਮਹਾਂਬਲੀ ਤਪਸਿਆਵਤ ਹੋਵੈ;
ਫੇਰ ਰਾਜ ਅਗਲੇ ਜਨਮ ਪ੍ਰਾਪਤਿ ਹੋਵੈ। ਰਾਜ ਤੇ ਨਰਕ
ਕਹਿੰਦੇ ਹੈ, ਸੋ ਕਿਸ ਵਾਸਤੇ? ਜੋ ਨਿਆਂ ਕਰ ਸਕਦੇ ਨਾਹੀਂ;
ਜ਼ੁਲਮ ਕਰਦੇ ਹੈਂ। ਇਸ ਤੇ ਨਰਕ ਕੋ ਪ੍ਰਾਪਤਿ ਹੋਤੇ ਹੈਂ।"[1]

ਰਾਜੇ ਨੂੰ ਇਲਾਕੇਵਾਰ 'ਨਿਆਉਂਕਾਰ' ਮੁਕਰੱਰ ਕਰਨੇ ਚਾਹੀਦੇ ਹਨ ਜਿਹਨਾਂ ਦਾ ਕੰਮ ਲੋਕਾਂ ਨੂੰ ਨਿਆਂ ਪ੍ਰਾਪਤ ਕਰਾਣਾ ਹੋਵੇ। ਪਰ ਜੇ ਕੋਈ 'ਨਿਆਂਕਾਰ' ਫਰਿਆਦੀ ਨਾਲ ਨਿਆਂ ਨਾ ਕਰੇ ਤਾਂ ਰਾਜੇ ਨੂੰ ਉਸਦੀ ਫਰਿਆਦ ਸੁਨਣੀ ਚਾਹੀਦੀ ਹੈ ਅਤੇ ਨਿਆਂ ਨਾ ਕਰਨ ਵਾਲੇ ਨਿਆਂਕਾਰ ਨੂੰ ਨੌਕਰੀ ਤੋਂ ਵਖ ਕਰਕੇ ਸਜ਼ਾ ਦੇਣੀ ਚਾਹੀਦੀ ਹੈ:-

"ਅਰੁ ਏਕ ਨਿਆਉਂਕਾਰ ਰਖੈ, ਹਿਸਾ ਮੈ। ਜੋ ਕਿਛ ਨਿਆਉਂ
ਹੋਵੈ, ਸੋ 'ਦਿਸਾਵੰਤ', 'ਖ਼ਬਰ ਲਿਖਤਾਂ' ਕੀ ਸਲਾਹ ਮੈ
ਹੋਵੈ। ਜੋ ਕਦਾਚ ਕੋਈ ਹਜ਼ੂਰ ਮਹਾਰਾਜਾ ਕੈ ਫਰਯਾਦ ਕਰੈ।
ਅਰੁ ਕਹੈ, ਜੋ 'ਮੇਰਾ ਨਿਆਉਂ ਫਲਾਣੀ ਦਿਸਾ, ਫੁਲਾਣੀ ਤਰਫ,
ਫੁਲਾਣੇ ਪਰਗਣੇ ਮੈ ਕਿਨੀ ਨਾਹੀ ਕੀਆ; ਮੁਝ ਪਰ ਸਿਤਮ ਹੂਆ
ਹੈ।' ਤਉ ਉਸ ਮਹਾਰਾਜ-ਪਾਤਿਸਾਹਾ ਕੋ ਚਾਹੀਏ ਤਹਕੀਕ ਕਰੈ।
ਜੋ ਜਾਣੈ ਕਿ ਹਕ ਇਸ ਕੋ ਪਹੁੰਚਤਾ ਹੈ; ਅਰੁ ਸੱਚਾ ਹੈ। ਤਓ
ਪਹਿਲੇ ਤੋ ਜਿਸ 'ਫਉਜਦਾਰ', 'ਨਿਆਓਂਕਾਰ' ਪਾਸ ਗਯਾ

---

1- ਰਣਧੀਰ ਸਿੰਘ(ਸੰਪਾਦਕ); 'ਪ੍ਰੇਮ ਸੁਮਾਰਗ' ਪੰਨਾ 96

ਹੋਇਆ। ਅਤੇ ਉਸ ਦਾਦ ਨਾ ਦਈ ਹੋਵੈ; ਤਾਂ ਉਸ ਕੋ ਖਿਦਮਤ
ਤੇ ਦੂਰ ਕਰੈ; ਚਾਕਰੀ ਤੇ ਦੂਰ ਕਰੈ। ਫੇਰ ਜਿਸ ਤਰਫ਼ ਕੇ 'ਫਉਜਦਾਰ,'
ਨਿਆਉਂਕਾਰ,ਪਾਸ ਗਇਆ ਹੋਇਆ, ਉਹਾਂ ਭੀ ਦਾਦ ਨ ਪਾਈ ਹੋਇ।
ਉਨ੍ਹਾਂ ਸਭਨਾਂ ਨੋ ਖਿਜਮਤ ਤੇ ਚਾਕਰੀ ਤੇ ਦੂਰ ਕਰੈ; ਸਜਾਇ ਦੇਇ।
ਰਿਆਇ ਨ ਕਰੈ; ਅਪਨੇ ਬਿਗਾਨੇ ਕੀ। ਅੰਤਕਾਲ ਕੇ ਜਵਾਬ ਪਰ
ਨਦਰਿ ਰੱਖੇ। ਜੋ ਜਬਾਬ ਸ੍ਰੀ ਗੁਰੂ ਅਕਾਲ ਪੁਰਖੁ ਪਰਮ ਰੂਪ ਕੋ ਦੇਣਾ
ਹੈ।"[1]

ਨਿਆਂਕਾਰ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ, ਰਾਜ਼ੇ ਨੂੰ ਨਿਆਂਕਾਰ ਦੀ ਨਿਯੁਕਤੀ ਕਰਦੇ ਸਮੇਂ ਕਿਨ੍ਹਾਂ ਗਲਾਂ ਦਾ ਧਿਆਨ ਰਖਣਾ ਚਾਹੀਦਾ ਹੈ, ਇਸਦਾ ਜ਼ਿਕਰ ਵੀ ਪ੍ਰੇਮ ਸੁਮਾਰਗ ਗ੍ਰੰਥ ਦੇ ਕਰਤਾ ਨੇ ਬੜੇ ਸੁਚਜੇ ਢੰਗ ਨਾਲ ਕੀਤਾ ਹੈ:-

"ਰਾਜਾ ਕੋ ਚਾਹੀਐ; ਏਕ ਨਿਆਂਓਵੰਤ ਕਰੈ; ਜੋ ਗੁਰਮੁਖ ਹੋਵੈ;
ਭੈ ਵਿੱਚ ਰਹੈ, ਲਾਲਚੀ ਨ ਹੋਵੈ, ਪਰਾਏ ਦਰਬ ਕਾ ਅੰਗੀਕਾਰ
ਨ ਕਰੈ, ਬਿਰਾਨੀ ਇਸਤ੍ਰੀ ਕਾ ਅੰਗੀਕਾਰ ਨ ਕਰੈ। ਦਿਆਨਤ
ਬਾ-ਅਮਾਨਤ ਹੋਵੈ। ਅਰ ਏਤਬਾਰੀ ਹੋਵੈ। ਜੋ ਕਿਛ ਨਿਆਂਓ ਕਰੈ;
ਸਮਝ ਕਰ ਕਰੈ।"[2]

ਨਿਆਂ ਕਿਸ ਨੂੰ ਕਹਿੰਦੇ ਹਨ, ਇਸ ਦੀ ਪਰਿਭਾਸ਼ਾ ਵੀ ਪ੍ਰੇਮ ਸੁਮਾਰਗ ਗ੍ਰੰਥ ਵਿਚ ਬੜੇ ਸੁਹਣੇ ਸ਼ਬਦਾਂ ਵਿਚ ਦਿੱਤੀ ਗਈ ਹੈ। ਨਾ ਪਰਾਏ ਹਕ ਨੂੰ ਅੰਗੀਕਾਰ ਕੀਤਾ ਜਾਵੇ ਅਤੇ ਨਾ ਕਿਸੇ ਨੂੰ ਕਰਨ ਦਿਤਾ ਜਾਵੇ। ਨਾ ਕਿਸੇ ਨੂੰ ਦੁਖ ਦੇਵੇ ਨਾ ਕਿਸੇ ਨੂੰ ਦੁਖੀ ਦੇਖ ਸਕੇ। ਇਸੇ ਨੂੰ ਨਿਆਂ ਕਹਿੰਦੇ ਹਨ:-

- - - - - - - - - - - - - - - - - - - - - - - - - - - - - - - -

1- ਰਣਧੀਰ ਸਿੰਘ(ਸੰਪਾਦਕ); '<u>ਪ੍ਰੇਮ ਸੁਮਾਰਗ ਗ੍ਰੰਥ</u>', ਪੰਨਾ 100

2- ਓਹੀ, ਪੰਨਾ 104

"ਨਿਆਓਂ ਬਰਾਬਰ ਬੰਦਗੀ ਭੀ ਨਾਹੀ। ਨਿਆਓਂ ਕਿਸ ਨੂੰ ਕਹੁੰਦੇ
ਹੈਨਿ? ਜੋ ਪਰਾਏ ਹੱਕ ਦਾ ਅੰਗੀਕਾਰ ਨ ਕਰੈ। ਨ ਕਿਸੇ ਸਿਓਂ
ਕਰਾਵੈ। ਕਿਸੇ ਨੂੰ ਅਪਨੇ ਬਸ ਚਲਤੇ, ਦੁੱਖ ਨ ਦੇਇ: ਨ ਦੇਖ
ਸਕੈ। ਨਿਆਓਂ ਇਸੀ ਕਾ ਨਾਉਂ ਹੈ।"[1]

ਪ੍ਰੇਮ ਸੁਮਾਰਗ ਗ੍ਰੰਥ ਅਨੁਸਾਰ ਨਿਆਂ ਕਰਦਿਆਂ ਰਾਜਾ ਸਾਰਿਆਂ ਨੂੰ ਇਕ ਸਮਾਨ ਸਮਝੇ। ਨਿਆਂ ਦੇ ਸਨਮੁੱਖ ਕਿਸੇ ਅਧਾਰ ਤੇ ਵਿਤਕਰਾ ਨਹੀਂ ਹੋਣਾ ਚਾਹੀਦਾ। ਪ੍ਰੇਮ ਸੁਮਾਰਗ ਦੇ ਇਹ ਬਚਨ ਧਿਆਨ ਯੋਗ ਹਨ:-

"ਭਾਵੇਂ ਪੁਤ੍ਰ ਹੋਵੈ, ਭਾਵੇਂ ਪਿਤਾ ਹੋਵੈ; ਭਾਵੇਂ ਭਾਈ ਹੋਵੈ;
ਭਾਵੇਂ ਮਾਤਾ ਹੋਵੈ; ਭਾਵੇਂ ਇਸਤ੍ਰੀ ਹੋਵੈ, ਭਾਵੇਂ ਵਜੀਰ ਹੋਵੈ;
ਕੋਈ ਉਸ ਦਾ ਚਾਕਰ ਹੋਵੈ; ਰਿਆਇਤ ਨ ਕਰੈ। ਬਦਲੇ ਦਾ
ਬਦਲਾ ਦਿਵਾਵੈ; ਨਿਆਓਂ ਦਾ ਇਤਬਾਰ ਕਿਸੇ ਉਪਰਿ ਨ ਕਰੈ।
ਕਿਸ ਵਾਸਤੇ? ਜੋ ਅੰਤਕਾਲ ਰਾਜੇ ਨੂੰ ਪੁਛਣਾ ਨਿਆਉਂ ਦਾ ਹੀ
ਹੋਵੇਗਾ।"[2]

ਇਸ ਤਰ੍ਹਾਂ ਗੁਰੂ ਸਾਹਿਬਾਨ ਦੀ ਬਾਣੀ ਅਤੇ ਪ੍ਰੇਮ ਸੁਮਾਰਗ ਗ੍ਰੰਥ ਵਿਚੋਂ ਵਿਸ਼ੇਸ਼ ਤੌਰ ਤੇ ਰਾਜ ਦੇ ਨਿਆਂਇਕ ਪ੍ਰਕਾਰਜਾਂ ਦਾ ਜ਼ਿਕਰ ਮਿਲਦਾ ਹੈ ਅਤੇ ਰਾਜ ਵਿਚ ਇਕ ਸੁਚੱਜੀ ਨਿਆਂ ਵਿਵਸਥਾ ਕਾਇਮ ਕਰਨ ਦੀ ਪ੍ਰੇਰਨਾ ਮਿਲਦੀ ਹੈ।

ਰਾਜ ਦੇ ਪ੍ਰਕਾਰਜਾਂ ਦੇ ਉਪਰਲੇ ਵਿਵਰਣ ਤੋਂ ਸਪਸ਼ਟ ਹੈ ਕਿ ਸਿਖ ਵਿਚਾਰਧਾਰਾ ਰਾਜ ਦੇ ਰਾਜਨੀਤਕ, ਸਮਾਜਕ, ਆਰਥਿਕ ਅਤੇ ਨਿਆਂਇਕ ਪ੍ਰਕਾਰਜਾਂ ਪ੍ਰਤੀ ਪੂਰੀ ਤਰ੍ਹਾਂ

- - - - - - - - - - - - - - - - - - - - - - - - - - - - - - - - - - -

1- ਰਣਧੀਰ ਸਿੰਘ (ਸੰਪਾਦਕ)'ਪ੍ਰੇਮ ਸੁਮਾਰਗ ਗ੍ਰੰਥ' ਪੰਨਾ 96

2- ਓਹੀ, ਪੰਨਾ 96

ਜਾਗਰੂਕ ਹੈ। ਪਰ, ਜਿਸਤਰਾਂ ਅਸੀਂ ਪਹਿਲਾਂ ਵੀ ਜਿਕਰ ਕਰ ਚੁਕੇ ਹਾਂ, ਸਿਖ ਸਾਹਿਤ ਰਾਜ ਦੇ ਵਿਸਤ੍ਰਤ ਕਾਰਜ ਖੇਤਰ ਦਾ ਹਾਮੀ ਹੈ ਅਤੇ ਰਾਜ ਨੂੰ ਉਹ ਸਾਰੇ ਕਾਰਜ ਕਰਨ ਲਈ ਪ੍ਰੇਰਿਤ ਕਰਦਾ ਹੈ ਜਿਹੜੇ ਮਨੁਖ ਦੇ ਕਲਿਆਣ ਅਤੇ ਉਸਦੇ ਬਹੁਪੱਖੀ ਵਿਕਾਸ ਲਈ ਆਵਸ਼ਕ ਹਨ। ਗੁਰੂ ਅਰਜਨ ਦੇਵ ਜੀ ਦੇ 'ਹਲੇਮੀ ਰਾਜ' ਵਿਚ 'ਸਾਰਿਆਂ ਦੇ ਸੁਖਾਲੇ' ਹੋਣ ਦਾ ਸੰਕਲਪ ਹੈ:

ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ ॥[1]

ਸਾਰਿਆਂ ਦੇ ਸੁਖਾਲੇ ਹੋਣ ਦਾ ਸੰਕਲਪ ਰਾਜ ਦੇ ਵਿਸਤ੍ਰਤ ਕਾਰਜਾਂ ਨਾਲ ਜੁੜਿਆ ਹੋਇਆ ਹੈ। ਵਿਸਤ੍ਰਤ ਖੇਤਰ ਵਿਚ ਰਾਜ ਦੇ ਕਾਰਜਸ਼ੀਲ ਹੋਣ ਨਾਲ ਹੀ ਐਸੀ ਸਥਿਤੀ ਤਕ ਪਹੁੰਚਣਾ ਸੰਭਵ ਹੈ। ਪ੍ਰੇਮ ਸੁਮਾਰਗ ਗ੍ਰੰਥ ਵਿਚ ਵੀ ਪ੍ਰਜਾ ਦੇ ਸੁਖ ਲਈ ਸਾਰੇ ਕਾਰਜਾਂ ਨੂੰ ਰਾਜ ਦੇ ਕਾਰਜ ਖੇਤਰ ਵਿਚ ਮੰਨਿਆ ਹੈ:-

ਅਬ ਇਸ ਮਹਾਂਰਾਜੇ ਕੋ ਚਾਹੀਏ, ਅਪਨੀ ਪ੍ਰਜਾ ਕੋ ਬਹੁਤ ਸੁਖੀ ਰੱਖੈ।[2]

ਇਕ ਹੋਰ ਥਾਂ ਤੇ ਇਸ ਗ੍ਰੰਥ ਵਿਚ ਜਿਕਰ ਹੈ ਪ੍ਰਜਾ ਦੇ ਦੁਖ ਤੇ ਸੁਖ ਦਾ ਰਾਜਾ ਹੀ ਜਿਮੇਵਾਰ ਹੈ ਅਤੇ ਉਸ ਨੂੰ ਇਸ ਦੁਖ ਤੇ ਸੁਖ ਦਾ ਭਾਗੀਦਾਰ ਹੋਣਾ ਪੈਂਦਾ ਹੈ:-

"ਜੋ ਕੋਈ ਜਿਸ ਕੇ ਰਾਜ ਮੈ, ਹੁਕਮ ਮੈ ਸੁਖ ਪਾਵਤਾ ਹੈ।
ਤਾਂ ਉਸ ਰਾਜੇ ਕੋ ਭੀ ਉਸ ਸੁਖ ਕਾ ਹਿੱਸਾ ਪਹੁੰਚਤਾ ਹੈ।
ਅਰ ਜੋ ਕੋਈ ਦੁਖ ਪਾਵਤਾ ਹੈ, ਦੁਖ ਕਾ ਭੀ ਹਿੱਸਾ ਪਹੁੰਚਤਾ ਹੈ।"[3]

---

1- ਆਦਿ ਗ੍ਰੰਥ, ਪੰਨਾ 73

2- ਰਣਧੀਰ ਸਿਘ(ਸੰਪਾਦਕ) 'ਪ੍ਰੇਮ ਸੁਮਾਰਗ ਗ੍ਰੰਥ', ਪੰਨਾ 108

3- ਓਹੀ, ਪੰਨਾ 104

ਸਪਸ਼ਟ ਹੈ ਕਿ ਰਾਜ ਦੇ ਪ੍ਰਕਾਰਜ਼ ਪ੍ਰਜਾ ਦੇ ਸੁਖ ਨਾਲ ਜੁੜੇ ਹੋਏ ਹਨ ਅਤੇ ਪ੍ਰਜਾ ਦੇ ਸੁਖ ਲਈ, ਉਸਦੇ ਕਲਿਆਣ ਲਈ ਅਤੇ ਉਸ ਦੇ ਬਹੁਪੱਖੀ ਵਿਕਾਸ ਲਈ ਆਵਸ਼ਕ ਸਾਰੇ ਪ੍ਰਕਾਰਜ ਰਾਜ ਨੂੰ ਕਰਨੇ ਚਾਹੀਦੇ ਹਨ। ਰਾਜ ਦੇ ਪ੍ਰਕਾਰਜਾਂ ਦਾ ਸਿਖ ਸਿਧਾਂਤ, ਇਸ ਤਰਾਂ ਕਲਿਆਣ ਕਾਰੀ ਰਾਜ ਨਾਲ ਮਿਲਦਾ ਜੁਲਦਾ ਹੈ।

ਇਸ ਪ੍ਰਕਾਰ ਉਪਰੋਕਤ ਸਾਰੇ ਵਿਸਤਾਰ ਵਿਚ ਸਿਖ ਧਰਮ ਗ੍ਰੰਥਾਂ ਅਤੇ ਇਤਿਹਾਸਕ ਲਿਖਤਾਂ ਦੇ ਅਧਾਰ ਤੇ ਰਾਜ ਦੀ ਉਤਪੱਤੀ, ਪ੍ਰਕ੍ਰਿਤੀ ਅਤੇ ਪ੍ਰਕਾਰਜਾਂ ਦਾ ਵਿਵਰਣ ਪ੍ਰਸਤੁਤ ਕੀਤਾ ਗਿਆ ਹੈ। ਸਿਖ ਵਿਚਾਰਧਾਰਾ ਨੇ ਰਬ ਨੂੰ ਦੁਨਿਆਵੀ ਰਾਜਿਆਂ ਉਪਰ ਇਕ ਸਰਵੋਚ ਰਾਜੇ ਦੇ ਰੂਪ ਵਿਚ ਸਥਾਪਿਤ ਕਰਕੇ ਰਾਜ ਦੀ ਉਤਪੱਤੀ ਬਾਰੇ ਦੈਵੀ ਸਿਧਾਂਤ ਦਾ ਪ੍ਰਤੀ-ਪਾਦਨ ਕੀਤਾ ਹੈ। ਨਾਲ ਹੀ ਰਬ ਨੂੰ ਦੁਨਿਆਵੀ ਰਾਜ ਦੇ ਸਥਾਪਨ ਅਤੇ ਵਿਸਥਾਪਨ ਦੀਆਂ ਅਥਾਹ ਸ਼ਕਤੀਆਂ ਦਾ ਧਾਰਣੀ ਵੀ ਮੰਨਿਆ ਹੈ। ਰਾਜ ਦੀ ਪ੍ਰਕ੍ਰਿਤੀ ਦੇ ਸਬੰਧ ਵਿਚ ਸਿਖ ਸਾਹਿਤ ਨੇ ਸਪਸ਼ਟ ਰੂਪ ਵਿਚ ਰਾਜ ਨੂੰ ਰਬ ਅਤੇ ਲੁਕਾਈ ਦੋਹਾਂ ਨਾਲ ਜੋੜਿਆ ਹੈ। ਰਾਜ ਇਕ ਪਾਸੇ ਦੈਵੀ ਸਚ ( Divine truth) ਅਤੇ ਦੂਜੇ ਪਾਸੇ (Human good ) ਨਾਲ ਜੁੜਿਆ ਹੋਇਆ ਹੈ। ਜਿਥੋਂ ਤਕ ਰਾਜਾ ਦੇ ਪ੍ਰਕਾਰਜਾਂ ਦਾ ਸਬੰਧ ਹੈ ਸਿਖ ਸਿਧਾਂਤ ਰਾਜ ਦੇ ਵਿਸਤ੍ਰਿਤ ਪ੍ਰਕਾਰਜਾਂ ਦਾ ਸਮਰਥਕ ਹੈ ਅਤੇ ਉਸ ਵਿਚ ਆਧੁਨਿਕ ਕਲਿਆਣਕਾਰੀ ਰਾਜ ਦੀਆਂ ਖੂਬੀਆਂ ਦਾ ਸਮਾਵੇਸ਼ ਹੈ।

## ਅਧਿਆਇ ਸਤਵਾਂ

### ਰਾਜ ਦਾ ਸਿਖ ਸੰਕਲਪ : ਮੂਲ ਤੱਤ-ਗੁਣ

ਸਿਖ ਧਰਮ ਗ੍ਰੰਥਾਂ ਅਤੇ ਇਤਿਹਾਸਕ ਲਿਖਤਾਂ ਦੇ ਆਧਾਰ ਤੇ ਰਾਜ ਦਾ ਇਕ ਨਿਸ਼ਚਿਤ ਸੰਕਲਪ ਹੋਂਦ ਵਿਚ ਆਉਂਦਾ ਹੈ ਅਤੇ ਇਸ ਸੰਕਲਪ ਦੇ ਕੁਝ ਵਿਲਖਣ ਤੱਤ ਅਤੇ ਗੁਣ ਹਨ। ਰਾਜ ਦੇ ਸਿਖ ਸੰਕਲਪ ਦਾ ਇਕ ਅਹਿਮ ਤੱਤ-ਗੁਣ ਇਹ ਹੈ ਕਿ ਉਸ ਵਿਚ ਸਿਧਾਂਤ ਅਤੇ ਵਿਹਾਰ ਦੋਵੇਂ ਸ਼ਾਮਲ ਹਨ। ਆਮ ਤੌਰ ਤੇ ਗੁਰੂ ਸਾਹਿਬਾਨ ਦੀ ਬਾਣੀ ਸਿਧਾਂਤਕ ਸੇਧ ਦੇਂਦੀ ਹੈ ਅਤੇ ਇਤਿਹਾਸਕ ਲਿਖਤਾਂ ਉਸ ਦੀ ਵਿਹਾਰਕ ਵਰਤੋਂ ਨੂੰ ਸਪਸ਼ਟ ਕਰਦੀਆਂ ਹਨ। ਰਾਜ ਦਾ ਸਿਖ ਸੰਕਲਪ ਇਕ ਪਾਸੇ ਆਦਰਸ਼ ਰਾਜ ਦਾ ਸਿਧਾਂਤਕ ਪੱਖ ਪ੍ਰਸਤੁਤ ਕਰਦਾ ਹੈ ਅਤੇ ਦੂਜੇ ਪਾਸੇ ਗੁਰੂ-ਪਰੰਪਰਾ ਅਤੇ ਸਿਖ ਇਤਿਹਾਸ ਵਿਚ ਵਿਹਾਰਕ ਰੂਪ ਧਾਰਣ ਕਰਦਾ ਸਪਸ਼ਟ ਨਜ਼ਰ ਆਉਂਦਾ ਹੈ। ਇਥੇ ਅਸੀਂ ਸਿਖ ਚਿੰਤਨ ਵਿਚੋਂ ਪ੍ਰਾਪਤ ਆਦਰਸ਼ ਰਾਜ ਦੇ ਤਿੰਨਾਂ ਮਾਡਲਾਂ ਦੇ ਵਿਸ਼ਲੇਸ਼ਣ ਦੇ ਆਧਾਰ ਤੇ ਰਾਜ ਦੇ ਸਿਖ ਸੰਕਲਪ ਦੀ ਬਣਤਰ ਉਸਾਰਨ ਦਾ ਜਤਨ ਕੀਤਾ ਹੈ। ਇਹਨਾਂ ਤਿਨਾਂ ਮਾਡਲਾਂ ਦੀ ਚੋਣ ਵਿਚ, ਪਹਿਲਾ ਮਾਡਲ ਗੁਰੂ ਪਰੰਪਰਾ ਨਾਲ ਜੁੜੇ ਰਬਾਬੀ ਕੀਰਤਨੀਏ ਸਤੇ ਬਲਵੰਡ ਦੀ ਵਾਰ ਵਿਚੋਂ, ਦੂਜਾ ਕੇਸਰ ਸਿੰਘ ਛਿੱਬਰ ਦੇ ਬੰਸਾਵਲੀ-ਨਾਮੇ ਅਤੇ ਤੀਜਾ ਮਾਡਲ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚੋਂ ਲਿਆ ਗਿਆ ਹੈ।

(1) ਸਤੇ ਬਲਵੰਡ ਦੀ ਵਾਰ ਵਿਚ 'ਨਾਨਕ ਰਾਜ' ਦਾ ਵਰਣਨ ਹੈ। ਇਸ ਵਾਰ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਸਚ ਰੂਪੀ ਕਿਲਾ ਉਸਾਰ ਕੇ ਅਤੇ ਪਕੀ ਨੀਂਹ ਰਖ ਕੇ ਰਾਜ ਚਲਾਇਆ ਹੈ:-

ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ॥[1]

ਦ੍ਰਿੜਤਾ ਦੀ ਨੀਂਹ ਉਤੇ ਸਚ ਦਾ ਕਿਲਾ ਉਸਾਰ ਕੇ, ਧਰਮ ਦਾ ਰਾਜ ਕਾਇਮ ਕਰਨਾ ਇਕ ਆਦਰਸ਼ ਰਾਜ ਦੀ ਕਲਪਨਾ ਹੈ। ਪਰ ਇਹ ਵੀ ਸਪਸ਼ਟ ਹੈ ਕਿ ਗੁਰੂ ਨਾਨਕ ਦੁਆਰਾ ਧਰਤੀ ਉਤੇ ਇਸ ਆਦਰਸ਼ ਰਾਜ ਦੀ ਵਿਹਾਰਕ ਰੂਪ ਵਿਚ ਸਿਰਜਨਾ ਵੀ ਹੋ ਰਹੀ ਹੈ।

---

1- ਆਦਿ ਗ੍ਰੰਥ, ਪੰਨਾ 966

ਸੱਤੇ ਬਲਵੰਡ ਦੀ ਵਾਰ ਵਿਚ ਸਿਖ-ਸਿਧਾਂਤ ਦਾ ਅਤੇ ਸਿਖ-ਪਰੰਪਰਾ ਦੇ ਮੁਢਲੇ ਪੜਾਓ ਦਾ ਵਿਹਾਰਕ ਚਿਤਰ ਨਜ਼ਰ ਆਉਂਦਾ ਹੈ। ਨਾਨਕ ਰਾਜ ਸਚ ਉਤੇ ਅਧਾਰਿਤ ਹੈ ਪਰ ਸਚ ਇਕ ਕਿਲੇ ਵਰਗਾ ਮਜ਼ਬੂਤ ਹੈ ਅਤੇ ਬੜੀ ਪੱਕੀ ਨੀਂਹ ਉਤੇ ਖੜਾ ਹੈ। ਸਚ ਉਤੇ ਅਧਾਰਿਤ ਨਾਨਕ ਰਾਜ ਦਾ ਸੰਕਲਪ ਵੇਦਾਂ ਦੇ ਰਾਜ ਸੰਕਲਪ ਨਾਲ ਮੇਲ ਖਾਂਦਾ ਹੈ। ਰਿਗ ਵੇਦ ਅਨੁਸਾਰ ਵੀ ਰਾਜ ਦਾ ਅਧਾਰ 'ਰਿਤ' ਨੂੰ ਮੰਨਿਆ ਗਿਆ ਹੈ ਜਿਸ ਦਾ ਅਰਥ 'ਸਤ' ਹੈ। ਅਸਲ ਵਿਚ 'ਸਤ' ਵਿਅਕਤੀਗਤ ਰਾਸ਼ਟਰੀ ਅਤੇ ਸਮਾਜਿਕ ਜੀਵਨ ਦੇ ਪ੍ਰੇਰਕ ਨੈਤਿਕ ਆਦਰਸ਼ਾਂ ਦਾ ਇਕ ਮਾਤਰ ਆਧਾਰ ਹੈ।[1] ਰਿਗ ਵੇਦ ਦਾ ਮੰਨਣਾ ਹੈ ਕਿ 'ਰਿਤ' ਅਰਥਾਤ 'ਸਤ' ਨੂੰ ਸ੍ਰਿਸ਼ਟੀ ਦੇ ਆਰੰਭ ਵਿਚ ਬ੍ਰਹਮਾ ਜੀ ਨੇ ਤਪ ਨਾਲ ਉਤਪੰਨ ਕੀਤਾ ਅਤੇ ਇਸੇ 'ਸਤ' ਦੁਆਰਾ ਬਾਕੀ ਸ੍ਰਿਸ਼ਟੀ ਦੀ ਰਚਨਾ ਹੋਈ ਹੈ। ਰਿਗ ਵੇਦ ਅਨੁਸਾਰ 'ਸਤ' ਕੇਵਲ ਸ੍ਰਿਸ਼ਟੀ ਦਾ ਕਾਰਣ ਹੀ ਨਹੀਂ ਸਗੋਂ ਸ੍ਰਿਸ਼ਟੀ ਦੀਆਂ ਅਨੇਕਾਂ ਕ੍ਰਿਆਵਾਂ ਦਾ ਪ੍ਰਮੁਖ ਆਧਾਰ ਹੈ।[2] ਅਥਰਵ ਵੇਦ ਅਨੁਸਾਰ ਵੀ ਰਾਜ ਦੀ ਆਧਾਰ ਸ਼ਿਲਾ 'ਸਤ' ਹੈ ਅਤੇ ਇਹੋ ਰਾਜ ਦਾ ਪ੍ਰਮੁਖ ਗੁਣ ਹੈ।[3] ਇਸ ਤਰ੍ਹਾਂ ਇਹ ਰਾਜ ਸੰਕਲਪ ਦਾ ਮਾਡਲ ਵੈਦਿਕ ਸਮੇਂ ਤੋਂ ਹੀ ਕਾਰਜਸ਼ੀਲ ਪਛਾਣਿਆ ਜਾ ਸਕਦਾ ਹੈ।

(2) ਕੇਸਰ ਸਿੰਘ ਛਿਬਰ ਨੇ ਗੁਰੂ ਪਰੰਪਰਾ ਵਲੋਂ ਉਲੀਕੇ ਗਏ ਆਦਰਸ਼ ਰਾਜ ਦੇ ਸੰਕਲਪ ਨੂੰ ਆਪਣੀ ਰਚਨਾ ਬੰਸਾਵਲੀਨਾਮਾ ਵਿਚ ਪ੍ਰਸਤੁਤ ਕੀਤਾ ਹੈ। ਧਰਤੀ ਉਤੇ ਗੁਰੂ ਅਮਰਦਾਸ ਜੀ ਦੇ ਰਾਜ ਦੇ ਰੂਪ ਵਿਚ ਸਿਖ ਵਿਚਾਰਧਾਰਾ ਦੇ ਆਦਰਸ਼ ਰਾਜ ਦਾ ਸੰਕਲਪ

- - - - - - - - - - - - - - - - - - - - - - - - - - - - - - -

1- ਸ਼ਰਮਾ, ਡਾ: ਗਣੇਸ਼ ਦੱਤ, ਰਿਗਵੇਦ ਮੇਂ ਦਾਰਸ਼ਨਿਕ ਤੱਤ, (ਰਿਗ ਵੇਦ 10-190-1) ਪੰਨਾ 166

2- ਓਹੀ, ਪੰਨਾ 171

3- ਗੁਪਤਾ, ਸ਼ੀਲਵਤੀ, ਤੁਲਸੀ ਸਾਹਿਤ ਮੇ ਰਾਜਨੀਤਿਕ ਵਿਚਾਰ (ਅਥਰਵਵੇਦ 6-87) ਪੰਨਾ 75

ਇਹਨਾਂ ਪੰਕਤੀਆਂ ਵਿਚੋਂ ਉਜਾਗਰ ਹੁੰਦਾ ਹੈ:-

ਰਾਜ ਗੁਰੂ ਅਮਰਦਾਸ ਜੀ ਦਾ ਆਹਾ।
ਨਾ ਕੋਈ ਬੈਠੇ ਵਿਧਵਾ ਨਾ ਪਿਤਾ ਅਗੈ ਪੁਤ ਫਨਾਹ।
ਚੋਰ ਧਾੜ ਜਲ ਅਗਨ ਅਉਰ ਕੁਛ ਬਿਘਨ ਨ ਹੋਈ।
ਜਗਤ ਮੈ ਚੈਨ ਆਰਾਮ ਦੁਖ ਰਹੇ ਨ ਕੋਈ॥[1]

ਅਸਲ ਵਿਚ, ਇਹ ਪੰਕਤੀਆਂ ਰਾਜ ਦੇ ਸੰਕਲਪ ਬਾਰੇ ਗੁਰੂ ਅਮਰਦਾਸ ਜੀ ਦੀ ਅੰਤਰੀਵ ਭਾਵਨਾ ਨੂੰ ਪ੍ਰਗਟ ਕਰਦੀਆਂ ਹਨ। ਸਾਰੇ ਵਿਘਨਾਂ ਤੋਂ ਮੁਕਤ ਚੈਨ, ਆਰਾਮ ਅਤੇ ਦੁਖ ਰਹਿਤ ਰਾਜ ਤੇ ਸਮਾਜ ਦੀ ਸਿਰਜਨਾ ਗੁਰੂਆਂ ਦੇ ਅੰਤਹਕਰਣ ਦੀ ਅਭਿਲਾਸ਼ਾ ਹੈ। ਇਥੋਂ ਤਕ ਇਸ ਰਾਜ ਤੇ ਸਮਾਜ ਦੀ ਉਸਾਰੀ ਲਈ ਪ੍ਰਕ੍ਰਿਤੀ ਦੇ ਵਿਘਨਾਂ ਨੂੰ ਵੀ ਟਾਲਣ ਦੀ ਕਾਮਨਾ ਕੀਤੀ ਗਈ ਹੈ। ਕਵੀ ਦਾ ਕਥਨ ਹੈ ਕਿ ਗੁਰੂ ਅਮਰਦਾਸ ਦੇ ਰਾਜ ਵਿਚ ਨਾ ਕੋਈ ਇਸਤਰੀ ਵਿਧਵਾ ਹੋਈ ਹੈ ਅਤੇ ਨਾ ਹੀ ਕਿਸੇ ਪਿਤਾ ਸਾਹਮਣੇ ਪੁਤਰ ਫਨਾਹ ਹੋਇਆ ਹੈ। ਗੁਰੂ ਦੀ ਸਾਰੀ ਪ੍ਰਜਾ ਵਿਘਨ ਅਤੇ ਦੁਖਾਂ ਤੋਂ ਰਹਿਤ ਚੈਨ ਤੇ ਆਰਾਮ ਦਾ ਜੀਵਨ ਬਸਰ ਕਰਦੀ ਹੈ। ਰਾਜ ਦਾ ਇਹ ਸੰਕਲਪ ਬਾਲਮੀਕ ਦੀ ਰਾਮਾਇਣ ਵਿਚ ਅੰਕਿਤ ਰਾਮ ਰਾਜ ਦੇ ਸੰਕਲਪ ਨਾਲ ਇਨ ਬਿਨ ਮਿਲਦਾ ਹੈ। ਰਾਮਾਇਣ ਅਨੁਸਾਰ ਰਾਮ ਰਾਜ ਵਿਚ ਵਿਧਵਾ ਵਿਰਲਾਪ ਨਹੀਂ ਕਰਦੀ ਸੀ, ਰੋਗ ਤੋਂ ਉਤਪੰਨ ਹੋਣ ਵਾਲਾ ਭੈ ਨਹੀਂ ਸੀ, ਸੰਸਾਰ ਮਾੜੀ ਪ੍ਰਵਿਰਤੀ ਦੇ ਲੋਕਾਂ ਤੋਂ ਮੁਕਤ ਸੀ, ਬਿਰਧ ਲੋਕੀਂ ਬਾਲਕਾਂ ਦਾ ਅੰਤਿਮ ਸੰਸਕਾਰ ਨਹੀਂ ਕਰਦੇ ਸਨ, ਸਾਰੇ ਲੋਕੀ ਪ੍ਰਸੰਨ ਰਹਿੰਦੇ ਸਨ, ਧਰਮ ਦਾ ਆਚਰਣ ਕਰਦੇ ਸਨ ਅਤੇ ਪਰਸਪਰ ਹਿੰਸਾ ਨਹੀਂ ਕਰਦੇ ਸਨ।[2]

(3) ਗੁਰੂ ਅਰਜਨ ਦੇਵ ਜੀ ਦੇ ਅੰਤਹਕਰਣ ਵਿਚ ਵੀ ਇਕ ਆਦਰਸ਼ ਰਾਜ ਦਾ ਸੰਕਲਪ ਮੌਜੂਦ ਸੀ ਜਿਸ ਨੂੰ ਉਹਨਾਂ ਨੇ ਆਪਣੀ ਬਾਣੀ ਵਿਚ ਇਸਤਰ੍ਹਾਂ ਉਲੀਕਿਆ ਹੈ:-

- - - - - - - - - - - - - - - - - - - - - - - - - - - - - - - -

1- ਛਿਬਰ, ਕੇਸਰ ਸਿੰਘ, <u>ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ</u>, ਪੰਨਾ 39

2- ਬਾਲਮੀਕ, <u>ਰਾਮਾਇਣ, ਯੁਧ</u> ਕਾਂਡ (ਸਰਗ-131) ਪੰਨਾ 517

ਹੁਣਿ ਹੁਕਮੁ ਹੋਆ ਮਿਹਰਵਾਣ ਦਾ॥

ਪੈ ਕੋਇ ਨ ਕਿਸੈ ਰਞਾਣਦਾ॥

ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ॥[1]

ਇਹਨਾਂ ਪੰਕਤੀਆਂ ਰਾਹੀਂ ਗੁਰੂ ਅਰਜਨ ਦੇਵ ਜੀ ਆਪਣੇ ਅੰਤਰੀਵ ਵਿਚ ਸੰਜੋਏ ਹੋਏ ਰਾਜ ਦੇ ਸੰਕਲਪ ਨੂੰ ਬਾਣੀ ਰੂਪ ਵਿਚ ਦਿਤਾ ਹੈ। ਭਾਵੇਂ ਗੁਰੂ ਸਾਹਿਬ ਅਧਿਆਤਮ ਦੇ ਖੇਤਰ ਵਿਚ ਉਸਰੇ ਰਾਜ ਦੀ ਕਲਪਨਾ ਕਰ ਰਹੇ ਹੋਣ ਪਰ ਉਹਨਾਂ ਦਾ ਅਧਿਆਤਮ ਇਸ ਲੋਕ ਤੋਂ ਵਖਰਾ ਅਤੇ ਯਥਾਰਥ ਤੋਂ ਦੂਰ ਨਹੀਂ ਹੋ ਸਕਦਾ। ਅਸਲ ਵਿਚ ਗੁਰਬਾਣੀ ਦੀ ਹਰ ਅਧਿਆਤਮ ਦੀ ਗਲ ਇਸ ਲੋਕ ਦੇ ਯਥਾਰਥ ਨਾਲ ਜੁੜੀ ਹੋਈ ਹੈ ਅਤੇ ਲੌਕਿਕ ਸਮਸਿਆਵਾਂ ਤੇ ਸੰਸਥਾਵਾਂ ਦੀ ਵਿਆਖਿਆ ਕਰਦੀ ਹੈ।

ਉਪਰੋਕਤ ਪੰਕਤੀਆਂ ਵਿਚ ਜਿਸ ਰਾਜ ਦਾ ਸੰਕਲਪ ਪ੍ਰਸਤੁਤ ਕੀਤਾ ਗਿਆ ਹੈ ਉਸ ਦਾ ਅਧਾਰ ਸ਼ਕਤੀ ਨਹੀਂ ਸਗੋਂ ਹਲੇਮੀ ਹੈ। ਪਿਆਰ ਦੀ ਨੀਂਹ ਉਤੇ ਉਸਰੇ ਇਸ ਰਾਜ ਨੂੰ 'ਹਲੇਮੀ ਰਾਜ' ਕਿਹਾ ਹੈ। ਇਸ ਰਾਜ ਸੰਕਲਪ ਦੀਆਂ ਤਿੰਨ ਵਿਸ਼ੇਸ਼ਤਾਵਾਂ ਸਪਸ਼ਟ ਨਜ਼ਰ ਆਉਂਦੀਆਂ ਹਨ:-

(1) 'ਹੁਣਿ ਹੁਕਮੁ ਹੋਆ ਮਿਹਰਵਾਣ ਦਾ' ਅਰਥਾਤ ਇਹ ਰਾਜ 'ਮਿਹਰਵਾਣ' ਰਬ ਦੇ ਹੁਕਮ ਵਿਚ ਸੰਬੰਧਿਤ ਹੁੰਦਾ ਹੈ। (ਸਿਧਾਂਤ, ਕਾਰਣ)

(2) 'ਕੋਇ ਨ ਕਿਸੈ ਰਞਾਣਦਾ' ਅਰਥਾਤ ਇਸ ਰਾਜ ਵਿਚ ਕੋਈ ਕਿਸੇ ਨੂੰ ਦੁਖ ਨਹੀਂ ਦੇਂਦਾ। (ਵਿਹਾਰ ਪ੍ਰਭਾਵ)

(3) 'ਸਭ ਸੁਖਾਲੀ ਵੁਠੀਆ' ਅਰਥਾਤ ਇਸ ਰਾਜ ਵਿਚ ਸਾਰੇ ਸੁਖਾਲੀ ਸਥਿਤੀ ਵਿਚ ਵਸਦੇ ਹਨ। ਸਾਰਿਆਂ ਲਈ ਸੁਖਾਲੀ ਸਥਿਤੀ ਉਹ ਹੈ ਜਿਸ ਵਿਚ ਵਿਅਕਤੀ ਦੀਆਂ ਬੁਨਿਆਦੀ ਆਵਸ਼ਕਤਾਵਾਂ ਪੂਰੀਆਂ ਹੋਣ ਤੋਂ ਅਲਾਵਾ

---

1- ਆਦਿ ਗ੍ਰੰਥ, ਪੰਨਾ 73

ਉਸ ਦੇ ਵਿਅਕਤਿਤਵ ਦੇ ਪੂਰਣ ਵਿਕਾਸ ਲਈ ਸਾਧਨ ਉਪਲਬਧ ਹੋਣ।ਸਮਾਨਤਾ ਇਸ ਰਾਜ ਦੀ ਮੁਖ ਵਿਸ਼ੇਸ਼ਤਾ ਹੈ।

ਇਹ ਰਾਜ ਸੰਕਲਪ ਆਧੁਨਿਕ 'ਕਲਿਆਣਕਾਰੀ ਰਾਜ'( Welfare State) ਨਾਲ ਕੁਝ ਮੇਲ ਖਾਂਦਾ ਹੈ, ਕਿਉਂਕਿ ਕਲਿਆਣਕਾਰੀ ਰਾਜ ਵਿਅਕਤੀ ਦੇ ਕਲਿਆਣ ਲਈ ਅਤੇ ਉਸ ਦੇ ਸਰਬਪੱਖੀ ਵਿਕਾਸ ਲਈ ਕਾਰਜਸ਼ੀਲ ਹੁੰਦਾ ਹੈ। ਪਰ ਅਸਲ ਵਿਚ ਗੁਰੂ ਅਰਜਨ ਦੇਵ ਜੀ ਦਾ 'ਹਲੇਮੀ ਰਾਜ' ਕਲਿਆਣਕਾਰੀ ਰਾਜ ਨਾਲੋਂ ਵਧੇਰੇ ਉੱਤਮ ਸੰਕਲਪ ਹੈ। 'ਹਲੇਮੀ ਰਾਜ' ਇਕ ਪਾਸੇ 'ਮਿਹਰਵਾਣ' ਰਬ ਨਾਲ ਜੁੜਿਆ ਹੈ, ਦੂਜੇ ਪਾਸੇ 'ਹਲੇਮੀ' ਪਿਆਰ ਦੀ ਨੀਂਹ ਤੇ ਉਸਰਿਆ ਹੋਣ ਕਰਕੇ ਲੋਕਾਂ ਨਾਲ ਜੁੜਿਆ ਹੋਇਆ ਹੈ ਅਤੇ ਐਸੇ ਰਾਜ ਵਿਚ ਸਾਰੀ ਪ੍ਰਜਾ ਸਮਾਨ ਰੂਪ ਵਿਚ ਸੁਖਾਲੀ ਸਥਿਤੀ ਵਿਚ ਵਸਦੀ ਹੈ। ਡਾ:ਹਰਨਾਮ ਸਿੰਘ ਸ਼ਾਨ ਨੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ 'ਹਲੇਮੀ ਰਾਜ' ਦੇ ਸੰਕਲਪ ਦੀਆਂ ਲੀਹਾਂ ਦੇ ਅਨੁਕੂਲ ਮੰਨਿਆ ਹੈ।[1]

ਰਾਜ ਦੇ ਉਪਰੋਕਤ ਤਿਨਾਂ ਮਾਡਲਾਂ ਦੇ ਵਰਣਨ ਦੇ ਆਧਾਰ ਤੇ ਕੁਝ ਅਹਿਮ ਤੱਤ ਨਿਖਰ ਕੇ ਸਾਹਮਣੇ ਆਉਂਦੇ ਹਨ। ਸਿਖ ਸੰਕਲਪ ਦਾ ਰਾਜ ਸਤਿ ਦੇ ਕਿਲੇ ਦੇ ਰੂਪ ਵਿਚ ਦ੍ਰਿੜਤਾ ਦੀ ਨੀਂਹ ਉਤੇ ਉਸਰਿਆ ਹੋਇਆ ਹੈ ਅਤੇ ਇਸ ਰਾਜ ਵਿਚ ਪ੍ਰਜਾ ਵਿਘਨਾਂ ਤੇ ਦੁਖਾਂ ਤੋਂ ਰਹਿਤ, ਸਮਾਨ ਰੂਪ ਵਿਚ ਸੁਖੀ ਜੀਵਨ ਦਾ ਅਨੰਦ ਮਾਣਦੀ ਹੈ। ਇਸ ਤਰ੍ਹਾਂ ਸਪਸ਼ਟ ਹੁੰਦਾ ਹੈ ਕਿ ਆਦਰਸ਼ ਰਾਜ ਦਾ ਕਾਰਣ ਹਾਂ ਮੁਖ (ਸਤਿ) ਹੈ, ਪਰ ਉਸ ਦੇ ਪ੍ਰਭਾਵ ਨੂੰ ਪਰਖਣ ਲਈ ਕਸਵੱਟੀ ਦੁਖਦਾਈ ਨਾਂਹਮੁਖ ਤੱਤਾਂ ਦਾ ਨਿਰਾਕਰਣ ਹੈ।'ਸਤਿ'ਇਸ ਰਾਜ ਸੰਕਲਪ ਦਾ ਸਕਾਰਾਤਮਕ ( Positive) ਪਹਿਲੂ ਹੈ ਅਤੇ ਦੁਖਦਾਈ ਅਸਤਿ ਤੱਤਾਂ ਦਾ ਨਿਰਾਕਰਣ ਇਸਦੇ ਨਕਾਰਾਤਮਕ (Negative ) ਪਹਿਲੂ ਨਾਲ ਸੰਕੇਤ ਕਰਦਾ ਹੈ।

---

1- ਸ਼ਾਨ, ਡਾ:ਹਰਨਾਮ ਸਿੰਘ; ਪੰਜਾਬ ਅਤੇ ਸ਼ੇਰੇ ਪੰਜਾਬ; ਪੰਨਾ 22

ਅਸਲ ਵਿਚ ਸਤਿ ਤੋਂ ਸਤਿ ਵਸਤੂ ਵੀ ਇਤਿਹਾਸਕ ਵਿਹਾਰ ਵਿਚ ਪੈ ਕੇ ਅਸਤਿ ਤੱਤਾਂ ਤੋਂ ਪ੍ਰਭਾਵਿਤ ਹੋ ਸਕਦੀ ਹੈ। ਇਸ ਲਈ ਵਿਹਾਰ ਵਿਚੋਂ ਅਸਤਿ ਤੱਤਾਂ ਦੇ ਨਿਰਾਕਰਣ ਵਲ ਸੁਚੇਤ ਜਤਨ 'ਸਤਿ' ਆਦਰਸ਼ ਦੀ ਰਖਿਆ ਲਈ ਲਾਜ਼ਮੀ ਹੈ। ਇਹੋ ਸਚ ਇਕ ਅਦਿੱਸ ਮਾਡਲ ਬਣ ਕੇ ਮੂਲ ਮੰਤਰ ਵਿਚ ਵੀ ਸਮਾਇਆ ਹੋਇਆ ਹੈ। ਮੂਲ ਮੰਤਰ ਦਾ ਆਰੰਭ ੧ਓ ਸਤਿਨਾਮ ਤੋਂ ਹੁੰਦਾ ਹੈ, ਪਰ ਭੈ ਅਤੇ ਵੈਰ ਦੇ ਨਿਰਾਕਰਣ ਲਈ ਨਿਰਭਉ ਅਤੇ ਨਿਰਵੈਰ ਗੁਣ ਵੀ ਸ਼ਾਮਲ ਕਰ ਦਿਤੇ ਗਏ ਹਨ। ਵਿਹਾਰਕ ਜੀਵਨ ਵਿਚ ਦੁਖਦਾਈ ਨਾਂਹ ਮੁਖ ਤੱਤਾਂ ਦੇ ਨਿਰਾਕਰਣ ਦੀ ਬੜੀ ਮਹੱਤਵਸ਼ਾਲੀ ਭੂਮਿਕਾ ਹੈ। ਬੰਸਾਵਲੀ ਨਾਮਾ ਇਸੇ ਮਹੱਤਵ ਵਲ ਅਚੇਤ ਜਾਂ ਸੁਚੇਤ ਤੌਰ 'ਤੇ ਸੰਕੇਤ ਕਰਦਾ ਹੈ। ਸਤਿ-ਸੰਕਲਪ ਉਪਰ ਟਿਕਿਆ ਰਾਜ ਵਿਹਾਰ ਵਿਚ ਦੁਖਦਾਈ ਤੱਤਾਂ ਤੋਂ ਇਸ ਤਰਾਂ ਰਹਿਤ ਹੋਣਾ ਚਾਹੀਦਾ ਹੈ ਜਿਸ ਤਰ੍ਹਾਂ ਆਪ 'ਸਤਿ', 'ਭਉ' ਅਤੇ 'ਵੈਰ' ਤੋਂ ਨਿਰਲੇਪ ਹੁੰਦਾ ਹੈ।

ਇਹ ਵੀ ਸਪਸ਼ਟ ਹੈ ਕਿ ਸਿਖ ਚਿੰਤਨ ਵਿਚ 'ਸਿਧਾਂਤ' ਅਚੇਤ ਹੀ ਵਿਹਾਰ ਨਾਲ ਜੁੜੇ ਹੋਏ ਹਨ। ਦੋਹਾਂ ਵਿਚਕਾਰ ਰਿਸ਼ਤਾ ਅਨਿਖੜਵਾਂ ਹੈ। ਨਾ ਸਿਧਾਂਤ ਵਿਹਾਰ ਵਿਛੁੰਨਾ ਹੈ ਅਤੇ ਨਾ ਵਿਹਾਰ ਸਿਧਾਂਤ ਤੋਂ ਉਪਰਾ ਤੇ ਆਪਹੁਦਰਾ ਹੈ। ਅਮੂਰਤ ਹੁਕਮ ਨੂੰ ਸਮੂਰਤ ਮਿਹਰਵਾਣ ਜਾਰੀ ਕਰਦਾ ਹੈ ਅਤੇ ਇਸੇ ਕਾਰਣ ਪਰਜਾ ਵਿਚ ਨਾ ਕੋਈ ਰੰਜ ਭੋਗਦਾ ਹੈ ਅਤੇ ਨਾ ਕੋਈ ਰੰਜ ਦੇਂਦਾ ਹੈ। ਸਿਧਾਂਤ ਅਤੇ ਵਿਹਾਰ ਦੀ ਸੁਗਠਿਤ ਅਦਵੈਤ ਸਿਰਜਣਾ ਸਿਖ ਚਿੰਤਨ ਦੀ ਨਿਵੇਕਲੀ ਵਿਸ਼ੇਸ਼ਤਾ ਹੈ।

ਇਕ ਹੋਰ ਤੱਤ ਇਥੇ ਵਿਸ਼ੇਸ਼ ਰੂਪ ਵਿਚ ਵਰਣਨਯੋਗ ਹੈ ਕਿ ਰਾਜ ਦਾ ਸਿਖ ਸੰਕਲਪ ਮੂਲ ਮਾਨਵਤਾ ਉਪਰ ਅਧਾਰਿਤ ਹੈ। ਮਾਨਵਤਾ ਜਿਸ ਨੂੰ ਵਰਣ, ਜਾਤਿ ਤੇ ਵਰਗ ਉਤੇ ਅਧਾਰਿਤ ਵੰਡ ਜਾਂ ਵਿਤਕਰਾ ਸਵੀਕਾਰ ਨਹੀਂ। 'ਕੋਇ ਨ ਕਿਸੈ ਰਵਾਣਦਾ', ਅਰਥਾਤ ਪਰਜਾ ਵਿਚਕਾਰ ਸੋਸ਼ਕ-ਸ਼ੋਸ਼ਿਤ ਸੰਬੰਧ ਨਹੀਂ। 'ਸਭ ਸੁਖਾਲੀ ਵੁਠੀਆ' ਦੀ ਵੀ ਇਹੋ ਧੁਨੀ ਹੈ। ਇਸ ਰਾਜ ਵਿਚ ਸੁਖ-ਸਾਧਨ ਸਭਨਾਂ ਨੂੰ ਸਮਾਨ ਰੂਪ ਵਿਚ ਪ੍ਰਾਪਤ ਹਨ।

ਪੁਰਾਤਨ ਭਾਰਤੀ ਪਰੰਪਰਾ ਦਾ ਰਾਜ ਸਭ ਦੇ ਸੁਖ ਦੀ ਕਾਮਨਾ ਕਰਦਾ ਹੈ। ਪਰ ਉਸ ਵਿਚ ਇਕ ਪਾਸੇ ਵਰਣ-ਜਾਤਿ ਵਿਤਕਰਾ ਮੌਜੂਦ ਸੀ ਅਤੇ ਦੂਜੇ ਪਾਸੇ ਸਿਧਾਂਤ ਤੇ ਵਿਹਾਰ ਦੀ ਇਕਸੁਰਤਾ ਕਾਇਮ ਨਹੀ ਸੀ। ਐਸੇ ਸਪਸ਼ਟ ਸੰਕੇਤ ਪੁਰਾਤਨ ਭਾਰਤੀ ਪਰੰਪਰਾ ਦੇ ਆਦਰਸ਼ ਰਾਜ 'ਰਾਮ ਰਾਜ' ਦੇ ਅਧਿਐਨ ਤੋ ਮਿਲਦੇ ਹਨ। 'ਅਧਿਆਤਮ ਰਾਮਾਇਣ' ਵਿਚ ਰਾਮ ਰਾਜ ਦੀ ਇਕ ਘਟਨਾ ਦਾ ਵਰਣਨ ਇਸ ਪ੍ਰਕਾਰ ਹੈ:-

> "ਉਹਨਾਂ ਨੇ ਸੰਸਾਰ ਵਿਚ ਬਹੁਤ ਸਾਰੀਆਂ ਅਮਾਨਵੀ ਲੀਲਾਵਾਂ ਕੀਤੀਆਂ। ਇਕ ਵਾਰ ਇਕ ਬ੍ਰਹਮਣ ਦੇ ਪੁਤਰ ਨੂੰ ਬਾਲ ਉਮਰੇ ਹੀ ਕੁਵੇਲੇ ਮਰਿਆ ਵੇਖ ਕੇ ਅਤੇ ਉਸ ਬ੍ਰਾਹਮਣ ਨੂੰ ਬਹੁਤ ਸ਼ੋਕ ਕਰਦੇ ਜਾਣ ਕੇ, ਰਘੂ ਸ੍ਰੇਸ਼ਠ, ਪਰਮਾਤਮਾ, ਮਹਾਮਤੀ ਰਾਮ ਨੇ ਬਨ ਵਿਚ ਤਪਸਿਆ ਕਰਦੇ ਸੂਦਰ ਨੂੰ (ਉਸ ਦਾ ਕਾਰਣ ਮੰਨ ਕੇ) ਮਾਰ ਦਿਤਾ ਅਤੇ ਉਸ ਬਾਲਕ ਨੂੰ ਜੀਵਤ ਕੀਤਾ ਅਤੇ ਸੂਦਰ ਨੂੰ ਅਤਿ ਉਤਮ ਸਵਰਗ ਲੋਕ ਦਿਤਾ।[1]"

ਇਸ ਘਟਨਾ ਤੋ ਸਪਸ਼ਟ ਹੈ ਕਿ ਇਸ ਆਦਰਸ਼ ਰਾਜ ਵਿਚ ਵਰਣ-ਜਾਤਿ ਵਿਤਕਰਾ ਸਮਾਜੀ ਬਣਤਰ ਉਤੇ ਭਾਰੂ ਸੀ। ਅਧਿਆਤਮਕ ਸਤਿ ਅਤੇ ਇਤਿਹਾਸ ਦੇ ਦੁਖਦਾਈ ਵਿਹਾਰਕ ਤੱਤਾਂ ਦੇ ਤਨਾਓ ਕਾਰਣ ਰਾਜਾ ਰਾਮ ਨੂੰ ਅਮਾਨਵੀ ਲੀਲਾ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ।

ਰਾਜ ਦਾ ਸਿਖ ਸੰਕਲਪ ਹਰ ਪ੍ਰਕਾਰ ਦੇ ਵਿਤਕਰਿਆਂ ਤੋ ਨਿਰਲੇਪ ਹੈ। ਅਧਿਆਤਮਕ ਸਤਿ ਅਤੇ ਇਤਿਹਾਸਕ ਦੇ ਵਿਹਾਰਕ ਤੱਤਾਂ ਵਿਚ ਤਨਾਓ ਤਾਂ ਹੋ ਸਕਦਾ ਹੈ ਪਰ ਸਿਖ ਚਿੰਤਨ ਇਸ ਤਨਾਓ ਕਾਰਣ ਕੀਤੀ ਗਈ ਕਿਸੇ ਅਮਾਨਵੀ ਕ੍ਰਿਆ ਦਾ ਸਮਰਥਨ ਨਹੀਂ ਕਰਦਾ। ਸਿਖ ਚਿੰਤਨ ਦੇ ਰਾਜ-ਸੰਕਲਪ ਨਾਲ ਸਬੰਧਤ ਹੋਰ ਮਹੱਤਵਪੂਰਣ ਤੱਥ ਵੀ ਹਨ; ਜਿਹੜੇ ਇਸ ਸੰਕਲਪ ਦੀ ਵਿਲਖਣਤਾ ਨੂੰ ਉਜਾਗਰ ਕਰਦੇ ਹਨ। ਰਾਜ ਦੇ ਸਿਖ ਸੰਕਲਪ ਦੇ ਕੁਝ ਪ੍ਰਮੁਖ ਗੁਣ ਲਛਣ ਅਤੇ ਉਸ ਨਾਲ ਜੁੜੇ ਉਪ-ਸੰਕਲਪ ਇਸ ਪ੍ਰਕਾਰ ਹਨ -

---

1- ਅਧਿਆਤਮ ਰਾਮਾਇਣ, (ਸਰਗ-4), ਪੰਨਾ 363

## ਗੁਣੀ ਰਾਜੇ ਦਾ ਸੰਕਲਪ

ਪ੍ਰਸਿਧ ਯੂਨਾਨੀ ਵਿਚਾਰਕ ਪਲੈਟੋ ਨੇ ਆਪਣੇ ਆਦਰਸ਼ ਰਾਜ ਤੇ ਸ਼ਾਸਨ ਲਈ ਦਾਰਸ਼ਨਿਕ ਰਾਜੇ (Philosopher King ) ਦਾ ਸੰਕਲਪ ਦਿਤਾ ਹੈ। ਸਿਖ ਧਰਮ ਗ੍ਰੰਥਾਂ ਅਤੇ ਇਤਿਹਾਸਕ ਲਿਖਤਾਂ ਦੀ ਪਰੰਪਰਾ ਨੇ ਗੁਣੀ ਰਾਜੇ ਦਾ ਸੰਕਲਪ ਪ੍ਰਸਤੁਤ ਕੀਤਾ ਹੈ। ਸਿਖ ਵਿਚਾਰਧਾਰਾ ਦਾ ਰਾਜਾ ਅਧਿਆਤਮਕ ਅਤੇ ਸੰਸਾਰਕ ਗੁਣਾਂ ਦਾ ਮੁਜੱਸਮਾ ਹੈ। ਪੁਰਾਤਨ ਭਾਰਤੀ ਪਰੰਪਰਾ ਦਾ ਰਾਜ ਸੰਕਲਪ ਵੀ ਰਾਜਾ ਦੇ ਗੁਣਵਾਨ ਹੋਣ ਤੇ ਜੋਰ ਦੇਂਦਾ ਹੈ। ਗੁਰਬਾਣੀ ਦੇ ਕਥਨ ਅਨੁਸਾਰ ਰਾਜਾ ਗੁਣਾਂ ਕਰਕੇ ਤਖਤ ਉਤੇ ਟਿਕਦਾ ਹੈ ਅਤੇ ਉਹ ਪੰਚਾਂ ਦੇ ਭੈ ਵਿਚ ਰਤਿਆ ਰਹਿੰਦਾ ਹੈ:-

ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ॥[1]

ਇਕ ਹੋਰ ਥਾਂ ਤੇ ਗੁਰਬਾਣੀ ਦਾ ਸਿਧਾਂਤ ਹੈ ਕਿ ਉਹੋ ਰਾਜਾ ਤਖਤ ਉਤੇ ਬੈਠਣ ਦਾ ਹੱਕਦਾਰ ਹੁੰਦਾ ਹੈ ਜਿਹੜਾ ਤਖਤ ਦੇ ਲਾਇਕ ਹੋਵੇ। ਜਿਹੜੇ ਰਾਜੇ ਸਚ ਦੀ ਪਛਾਣ ਰਖਦੇ ਹਨ ਉਹੋ ਸਚੇ ਰਾਜੇ ਹਨ:-

ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ॥
ਜਿਨੀ ਸਚੁ ਪਛਾਣਿਆ ਸਚੁ ਰਾਜੇ ਸੇਈ॥[2]

ਇਸ ਤਰ੍ਹਾਂ ਗੁਰਬਾਣੀ ਦੇ ਗੁਣਵਾਨ ਰਾਜਾ ਦੇ ਦੁਨਿਆਵੀ ਰੂਪ ਪਰਜਾ ਦੇ ਪ੍ਰਤੀਨਿਧ ਪੰਚਾਂ ਦੇ ਭੈ ਵਿਚ ਵਿਚਰਨਾ ਅਤੇ ਸਚ ਦੀ ਪਛਾਣ ਕਰਨਾ ਹਨ। ਗੁਰਬਾਣੀ ਅਨੁਸਾਰ ਰਾਜਾ ਦਾ ਇਕ ਹੋਰ ਵਿਸ਼ੇਸ਼ ਗੁਣ ਨਿਆਂਸ਼ੀਲ ਹੋਣਾ ਹੈ:

ਰਾਜੇ ਚੁਲੀ ਨਿਆਵ ਕੀ ਪੜਿਆ ਸਚੁ ਧਿਆਨੁ॥[3]

---

1- ਆਦਿ ਗ੍ਰੰਥ, ਪੰਨਾ 992

2- ਓਹੀ, ਪੰਨਾ 1088

3- ਓਹੀ, ਪੰਨਾ 1240

ਬਾਬਰ ਨੂੰ ਉਪਦੇਸ਼ ਕਰਦਿਆਂ ਗੁਰੂ ਨਾਨਕ ਦੇਵ ਜੀ ਨੇ ਆਦਰਸ਼ ਰਾਜੇ ਦੇ ਗੁਣਾਂ ਦਾ ਜ਼ਿਕਰ ਇਸ ਪ੍ਰਕਾਰ ਕੀਤਾ ਹੈ:-

"ਤਾਂ ਬਚਨ ਹੋਇਆ, ਧਰਮ ਦਾ ਨਿਆਉਂ ਕਰਨਾ, ਅਰ ਬਜ਼ੁਰਗਾਂ ਦੀ ਖਿਜਮਤ ਕਰਨੀ, ਅਰ ਗਰੀਬਾਂ ਨਾਲ ਵੰਡ ਖਾਣਾ, ਅਰ ਖੁਦਾਇ ਦੀ ਬੰਦਗੀ ਕਰਨੀ ਤਾਂ ਤੁਸਾਡਾ ਰਾਜ ਥਿਰ ਰਹੇਗਾ।"[1]

ਰਾਜੇ ਸ਼ਿਵਨਾਭ ਨੂੰ ਸਿਖਿਆ ਦੇਂਦਿਆਂ ਗੁਰੂ ਨਾਨਕ ਦੇਵ ਜੀ ਰਾਜੇ ਲਈ ਕੁਝ ਵਿਸ਼ੇਸ਼ ਗੁਣਾਂ ਦਾ ਧਾਰਨੀ ਹੋਣਾ ਆਵਸ਼ਕ ਦਸਿਆ:-

"ਤਬ ਗੁਰੂ ਬਾਬੇ ਨਾਨਕ ਜੀ ਰਾਜੇ ਕਉ ਨਾਮੁ, ਦਾਨੁ, ਇਸਨਾਨੁ, ਦੈਆ, ਧਰਮ, ਸੰਤੋਖ, ਸੀਲ, ਸੰਜਮ, ਬਿਬੇਕ, ਮਤਿ ਦਿੜਾਈ॥"[2]

ਰਾਜੇ ਹਰਿਨਾਥ ਨੂੰ ਰਾਜ ਵਿਚ ਜੋਗ ਦਾ ਗੁਣ ਦ੍ਰਿੜ ਕਰਾਉਂਦਿਆਂ ਗੁਰੂ ਨਾਨਕ ਦੇਵ ਨੇ ਫੁਰਮਾਇਆ:-

"ਏ ਰਾਜਾ! ਮੇਰੇ ਮਿਲਣੈ ਸਉ ਤੁਮ ਕਉ ਇਓ ਨਾ ਹੋਇ ਜਿ-ਰਾਜੁ ਛੋਡਿ ਕਰਿ ਤੂ ਭੀਖ ਮਾਂਗਤਾ ਫਿਰਹਿ, ਨਾ ਹਮਾਰੇ ਮਿਲਣੇ ਦਾ ਬਿਸੇਖ ਤਾਂ ਜਾਂ ਤੂੰ ਰਾਜ ਹੀ ਮਹਿ ਪਰਮੇਸੁਰ ਦਾ ਪਰਮ ਪਦੁ ਪਾਵਹਿ। ਰਾਜ ਮਹਿ ਜੋਗ ਹੋਤਾ ਹੈ।"[3]

ਭਾਈ ਗੁਰਦਾਸ ਜੀ ਨੇ ਚੇਤੰਨਤਾ ਨੂੰ ਰਾਜਾ ਦਾ ਪ੍ਰਮੁਖ ਗੁਣ ਦਸਿਆ ਹੈ। ਉਹਨਾਂ ਅਨੁਸਾਰ ਜਿਹੜਾ ਰਾਜਾ ਰਾਜਨੀਤੀ ਵਿਚ ਚੇਤੰਨ ਰਹਿੰਦਾ ਹੈ ਉਸਦੀ ਪ੍ਰਜਾ ਨਿਰਭੈ ਹੋ ਕੇ

---

1- ਕਿਰਪਾਲ ਸਿੰਘ, ਜਨਮ ਸਾਖੀ ਪਰੰਪਰਾ (ਭਾਈ ਮਨੀ ਸਿੰਘ ਵਾਲੀ ਜਨਮਸਾਖੀ) ਪੰ:366

2- ਕਿਰਪਾਲ ਸਿੰਘ, ਜਨਮ ਸਾਖੀ ਪਰੰਪਰਾ (ਮਿਹਰਬਾਨ ਵਾਲੀ ਜਨਮ ਸਾਖੀ) ਪੰਨਾ 163

3- ਓਹੀ, ਪੰਨਾ 105

ਵਸਦੀ ਹੈ :-

ਜੈਸੇ ਰਾਜਨੀਤ ਰੀਤ ਚੱਕ੍ਰਵੇ ਚੇਤੰਨ ਰੂਪ
ਤਾਂ ਤੇ ਨਿਰਚਿੰਤ ਨ੍ਰਿਭੈ ਬਸਤ ਹੈਂ ਲੋਗ ਜੀ।[1]

ਪ੍ਰੇਮ ਸੁਮਾਰਗ ਗ੍ਰੰਥ ਵਿਚ, ਰਾਜਾ ਦੇ ਗੁਣਾਂ ਦਾ ਵਿਸਤ੍ਰਤ ਵਰਣਨ ਹੈ। ਰਾਜ ਲਛਣ ਮਾਰਗ ਵਾਲੇ ਅਧਿਆਇ ਵਿਚ ਜਿਹੜੇ, ਗੁਣਾਂ ਦੇ ਧਾਰਣੀ, ਗੁਣਵਾਨ ਰਾਜੇ ਦਾ ਸੰਕਲਪ ਹੈ ਉਹ ਨਿਆਂਸ਼ੀਲ, ਹੁਕਮਵਾਨ, ਮਿਹਰਬਾਨ, ਸਮਦਰਸ਼ੀ, ਚਰਿਤਰਵਾਨ, ਚੇਤੰਨ, ਅਤੇ ਵਿਦਵਾਨ ਹੋਣਾ ਜ਼ਰੂਰੀ ਹੈ। ਇਸ ਤੋਂ ਇਲਾਵਾ ਰਾਜਾ, ਰਬ ਦੇ ਭੈ ਵਿਚ ਵਿਚਰਨ ਵਾਲਾ, ਪ੍ਰਜਾ ਦਾ ਰਖਿਅਕ, ਲੋਕ ਹਿਤ ਨੂੰ ਪ੍ਰਾਥਮਿਕਤਾ ਦੇਣ ਵਾਲਾ, ਸੰਜਮ ਵਿਚ ਰਹਿਣ ਵਾਲਾ, ਰਾਜ ਦੀ ਖਬਰਦਾਰੀ ਰਖਣ ਵਾਲਾ ਅਤੇ ਰਾਜਸੀ ਠਾਟ ਬਾਟ ਦਾ ਧਾਰਣੀ ਹੋਣਾ ਚਾਹੀਦਾ ਹੈ।[2]

ਕੁਇਰ ਸਿੰਘ ਨੇ ਗੁਰ ਬਿਲਾਸ ਪਾਤਸ਼ਾਹੀ 10 ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਬਹਾਦੁਰ ਸ਼ਾਹ ਨਾਲ ਮੁਲਾਕਾਤ ਅਤੇ ਉਸ ਮੁਲਾਕਾਤ ਵਿਚ ਗੁਰੂ ਸਾਹਿਬ ਵਲੋਂ ਬਾਦਸ਼ਾਹ ਨੂੰ ਕੀਤੀਆਂ ਹਿਦਾਇਤਾਂ ਦਾ ਜ਼ਿਕਰ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਰਾਜ ਵਿਵਸਥਾ ਨੂੰ ਚੰਗੀ ਤਰਾਂ ਚਲਾਉਣ ਲਈ ਰਾਜੇ ਵਿਚ ਕੁਝ ਵਿਸ਼ੇਸ਼ ਗੁਣਾਂ ਦਾ ਹੋਣਾ ਆਵਸ਼ਕ ਮੰਨਿਆ ਹੈ। ਉਹਨਾਂ ਅਨੁਸਾਰ ਇਕ ਚੰਗੇ ਰਾਜੇ ਦੇ ਗੁਣ ਹਨ ਕਿ ਉਹ ਚੁਗਲ ਦਾ ਸੰਗ ਨਾ ਕਰੇ, ਰੱਯਤ ਦੀ ਸੰਭਾਲ ਕਰੇ, ਸੰਸਾਰ ਦਾ ਮੋਹ ਤਿਆਗੇ, ਰੰਕ ਉਤੇ ਦਇਆ ਕਰੇ, ਨਿਆਂਸੀਲ ਹੋਵੇ, ਦੁਸ਼ਟ ਦੀ ਸੰਗਤ ਨਾ ਕਰੇ, ਅਪਣੇ ਕਾਰਜਾਂ ਵਿਚ ਚਿਤ ਲਾਵੇ, ਚੰਗੇ ਨਾਇਬ ਰਖੇ, ਖੁਦਾ ਨੂੰ ਨਜਦੀਕ ਸਮਝੇ, ਰਯਤ ਨੂੰ ਸੁਖੀ ਰਖੇ, ਰੰਕ ਅਤੇ ਸ਼ਾਹ ਨੂੰ ਸਮਾਨ ਸਮਝੇ, ਸ਼ੁਭ ਕੰਮ ਕਰੇ, ਨਿਰਮਾਣਤਾ ਵਿਚ ਰਹੇ ਅਤੇ ਰਾਜ ਵਿਚ ਜੋਗ ਕਮਾਵੇ:-

---

1- ਕਬਿੱਤ ਸਵੱਯੇ ਭਾਈ ਗੁਰਦਾਸ ਜੀ, ਪੰਨਾ 206

2- ਰਣਧੀਰ ਸਿੰਘ (ਸੰਪਾਦਕ) ਪ੍ਰੇਮ ਸੁਮਾਰਗ ਗ੍ਰੰਥ, ਪੰਨਾ 94 ਤੇ 123

ਪੁਨਿ ਗੁਰ ਕਹਯੋ ਯਹੀ ਬਿਧਿ ਕੀਜੈ॥ ਰਾਜਨੀਤਿ ਬਡਿਅਨ ਕੀ ਲੀਜੈ॥
ਚੁਗਲ ਸੰਗ ਨਹਿ ਕਰੋ ਪਿਆਰਾ॥ ਰੈਯਤ ਫੂਲਨ ਮਾਲ ਸੰਭਾਰਾ॥
ਕੀੜਿਅਨ ਓੜਾ ਦੂਰ ਕਰੀਜੈ॥ ਖੇਤ੍ਰੀ ਫੁਲ ਮਾਲੀ ਸੁਖ ਦੀਜੈ॥
ਗਵਾਲਿਨ ਜਯੋਂ ਨਜਰ ਰਾਖਈ, ਅਪਨ ਮਾਲ ਕੇ ਬੀਚ॥
ਸਿੰਘ ਸਤ੍ਰ ਬ੍ਰਿਕ ਦੁਸਟ ਨਰ, ਤਾਹਿ ਨਿਕਟ ਤੇ ਖੀਚ॥
ਬਾਦਸਾਹ ਕੀ ਚਿੰਤਨ ਕਰੀਐ। ਪਰਾਲਬਧ ਵਸਿ ਦੇਹ ਸੰਜਰੀਐ॥
ਜੋ ਕੋਈ ਛਾਡ ਗਯੋ ਨਹੀਂ ਆਯੋ॥ ਜੋ ਪਾਛੈ ਸੋਈ ਲਲਚਾਯੋ॥
ਰੰਕ ਦੇਖ ਕਰ ਦਯਾ ਕਰੀਜੈ॥ ਪੂਜ ਰਮਾ ਨੀਕੋ ਨਿਰਬੀਜੈ॥
ਜਿਉਂ ਖੇਤੀ ਮੈ ਹੋਇ ਕੀੜਿਆਰੀ॥ ਗਾਈ ਮੈਂ ਜਯੋਂ ਬੈਲ ਸੁ ਭਾਰੀ॥
ਤਯੋਂ ਰੈਯਤ ਕੇ ਬੀਚ ਪਛਾਨੋ॥ ਇਨ ਕੋ ਤਾੜਨ ਅਧਿਕ ਪਛਾਨੋ॥

— - -   - - -   - - -

ਅਪਨੇ ਕਰਮ ਪ੍ਰਤਾਪ ਸੁ ਮਾਨੋ॥ ਐ ਪੂਰਬ ਕੇ ਤਪੇ ਵਖਾਨੋ॥
ਪੂਰਬ ਤਪ ਕਰ ਇਹ ਫਲ ਪਾਯੋ॥ ਅਬ ਕਯੋਂ ਬੁਰਾ ਬੀਜ ਪਛੁਤਾਯੋ॥

- - -   - - -   - - -

ਰਾਜਨ ਕੋ ਬੰਦਗੀ ਯਹੀ, ਨਯਾਇ ਬੀਚ ਪਰਮਾਨ॥
ਰੰਕ ਸਾਹ ਸਭ ਏਕ ਖੁਦ, ਬਾ ਖੁਦਾਇ ਕੋ ਮਾਨ॥
ਐਸਾ ਸਾਹ ਹੋਇ ਅਧਿਕਾਈ॥ ਦੁਸੰਟ ਸੰਗ ਨਹਿ ਕਰੈ ਸੁਭਾਈ॥
ਨੈ ਅਪਨੇ ਕਾਰਜ ਚਿਤ ਲਾਈ॥ ਜੈ ਮੈ ਦੂਖ ਨ ਕੋਈ ਆਹੀ॥
ਨੈਬ ਹੋਇ ਜਾ ਕੋ ਸੋ ਬਿਰਾਗੀ॥ ਬੁਰੇ ਕਾਮ ਮੈ ਦ੍ਰਿਸ਼ਟਿ ਨ ਲਾਗੀ॥
ਆਪਨ ਕੋ ਸਭ ਆਲ ਸੁ ਮਾਨ॥ ਮੁਖ ਸੇ ਐਗ ਸਭੇ ਕਰ ਜਾਨ॥
ਦ੍ਰਿਸ਼ਟਿ ਕਰੇਂ ਆਪੰਨ ਚਿਤ ਲਾਈ॥ ਕਾਹੂ ਗਏ ਨ ਖਿਜ਼ਤ ਸਦਾਈ॥

ਤੈਸੇ ਆਪਨ ਕੋ ਯਹਿ ਮਾਨੋ।।ਨਿਕਟਿ ਖੁਦਾਇ ਨਯਾਇ ਕੈ ਠਾਨੋ।।

ਸੁਨਤ ਬਾਤ ਸਾਹਿਬ ਕੀ ਐਸੀ।। ਮਨ ਮੈ ਭਯੋ ਬਿਰਾਗ ਬਿਸੇਖੀ।।

ਧੰਨ ਸਤਿਗੁਰ ਹੈ ਜੋ ਅਵਤਾਰਾ।। ਰਾਜ ਬੀਚ ਅਰ ਜੋਗ ਉਚਾਰਾ।।[1]

ਕੇਸਰ ਸਿੰਘ ਛਿਬਰ ਦੇ ਬੰਸਾਵਲੀਨਾਮੇ ਵਿਚ ਵੀ ਰਾਜੇ ਦੇ ਗੁਣਾਂ ਉਤੇ ਜੋਰ ਦਿਤਾ ਗਿਆ ਹੈ। ਰਾਜੇ ਦੇ ਜਿਹਨਾਂ ਵਿਸ਼ੇਸ਼ ਗੁਣਾਂ ਦਾ ਜ਼ਿਕਰ ਬੰਸਾਵਲੀਨਾਮੇ ਵਿਚ ਹੈ ਉਹ ਇਸ ਪ੍ਰਕਾਰ ਹਨ:-

ੳ) ਰਾਜੇ ਨੂੰ ਰਾਜ ਭਾਗ ਗੁਰੂ ਦਾਤ ਸਮਝਣਾ ਚਾਹੀਦਾ ਹੈ ਅਤੇ ਰਾਜੇ ਨੂੰ ਸਿਖਾਂ ਨਾਲ ਸਿਖ ਬਣ ਕੇ ਵੰਡ ਛਕਣਾ ਚਾਹੀਦਾ ਹੈ।[2]

ਅ) ਸਿਖ ਰਾਜਾ, ਰਾਜ ਪਾ ਕੇ ਅਹੰਕਾਰ ਨਾ ਕਰੇ ਅਤੇ ਰਾਜ ਤੋਂ ਨਿਰਲੇਪ ਰਹਿ ਕੇ ਕਾਰਜਸ਼ੀਲ ਹੋਵੇ। ਐਸਾ ਰਾਜਾ ਹੀ ਸਤਿਗੁਰੂ ਨੂੰ ਪ੍ਰਵਾਨ ਹੈ।[3]

ੲ) ਰਾਜਾ ਲਈ ਨਿਆਂਸ਼ੀਲ ਹੋਣਾ ਆਵਸ਼ਕ ਹੈ ਕਿਉਂਕਿ ਅਨਿਆਈ ਰਾਜਾ ਨਰਕ ਦਾ ਭਾਗੀ ਹੁੰਦਾ ਹੈ।[4]

---

1- ਕੋਇਰ ਸਿੰਘ, 'ਗੁਰ ਬਿਲਾਸ ਪਾਤਸ਼ਾਹੀ 10', ਪੰਨਾ 259-260

2- ਰਾਜ ਭਾਗ ਦੇਸ ਅਰ ਮਾਇਆ।।
ਦਾਤ ਜਾਣੈ ਗੁਰੂ ਕੀ ਸਿਖਾਂ ਨਾਲ ਬਣਿ ਸਿਖ ਰਲ ਵੰਡ ਖਾਇਆ।।
-ਛਿਬਰ,ਕੇਸਰ ਸਿੰਘ;'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ';ਪੰਨਾ 112

3- ਸੋ ਮੁਰੀਦ ਸਤਿਗੁਰੂ ਕਾ ਜਾਣੈ।।
ਅਤੇ ਰਾਜ ਪਾਏ ਅਹੰਕਾਰੇ ਰਹੇ ਸਿਖੀ ਦੀ ਪਛਾਣੈ।।
ਸੋ ਮਾਇਕੀ ਸਿਖ ਰਾਜਾ ਕਹੀਐ।।
ਰਾਜ ਪਾਇ ਰਹੈ ਨਿਰਲੇਪ ਮੁਰੀਦ ਸੋ ਲਹੀਐ।।
- ਓਹੀ, ਪੰਨਾ 112

4- ਨਿਆਓ ਨ ਕਰੇ ਤਾ ਨਰਕੇ ਜਾਏ।। ਰਾਜਾ ਹੋਇਕੇ ਨਿਆਇ ਕਮਾਏ।।
- ਓਹੀ, ਪੰਨਾ 174

ਸ) ਰਾਜ ਪਾ ਕੇ ਬੁਰਿਆਈ ਨਾ ਕਰੇ ਅਤੇ ਰਬੀ ਸੱਤਾ ਨੂੰ ਨਾ ਵਿਸਾਰੇ ਕਿਉਂਕਿ ਰੱਬੀ ਸੱਤਾ ਨੂੰ ਵਿਸਾਰ ਕੇ ਮਨਭਾਉਂਦੇ ਕੰਮ ਕਰਨ ਵਾਲੇ ਦਾ ਹਾਲ ਮਾੜਾ ਹੁੰਦਾ ਹੈ।[1]

ਹ) ਰਾਜੇ ਨੂੰ ਰਾਜ ਦੀ ਮਾਇਆ ਵਿਚ ਖਚਤ ਹੋ ਕੇ ਰਬ ਨੂੰ ਨਹੀਂ ਭੁਲਣਾ ਚਾਹੀਦਾ ਅਤੇ ਗੁਰੂ ਗ੍ਰੰਥ ਸਾਹਿਬ ਦੇ ਬਚਨਾਂ ਨੂੰ ਸੱਤ ਕਰਕੇ ਮੰਨਣਾ ਚਾਹੀਦਾ ਹੈ।[2]

ਕ) ਰਾਜਾ, ਰਾਜਭਾਗ ਨੂੰ ਅਪਣਾ ਨਾ ਜਾਣੇ, ਵਾਹਿਗੁਰੂ ਦੀ ਦਾਤ ਜਾਣ ਕੇ ਸਿਖਾਂ ਦਾ ਸਾਥ ਕਰੇ ਅਤੇ ਗੁਰੂ ਗ੍ਰੰਥ ਦੇ ਉਪਦੇਸ਼ਾਂ ਦੀ ਪਛਾਣ ਕਰੇ।[3]

ਖ) ਰਾਜਾ, ਰਾਜ ਵੀ ਕਰੇ, ਮਾਇਆ ਵੀ ਰਖੇ ਪਰ ਦੇਵਣ ਵਾਲੇ ਰਬ ਨੂੰ ਨਾ ਵਿਸਾਰੇ।[4]

---

1- ਰਾਜ ਪਾਇ ਜੋ ਕਰੇ ਬੁਰਿਆਈ।
ਤਿਸ ਭਕੂਏ ਅਪਨੀ ਅਕਲ ਗਵਾਈ।
ਸਾਂਈਂ ਵਿਸਾਰ ਕੀਤੇ ਮਨ ਭਾਣੇ।
ਗ੍ਰੰਥ ਵਾਕ "ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੈ ਦਾਣੇ॥"
-ਛਿਬਰ, ਕੇਸਰ ਸਿੰਘ, ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, ਪੰਨਾ 175-176

2- ਰਾਜ ਮਾਇਆ ਦੇਖਕੇ ਭੂਲੇ ਨਾਹੀ।
ਗ੍ਰੰਥ ਸਾਹਿਬ ਦੇ ਬਚਨ ਮਨੇ ਜਾਣੇ ਸਚ ਸਹੀ।
ਓਹੀ, ਪੰਨਾ 190

3- ਜੋ ਰਾਜੁ ਭਾਗ ਮਾਇਆ ਪਾਇ ਅਪਨਾ ਕਰ ਨ ਜਾਣੇ।
ਦਾਤਿ ਵਾਹਿਗੁਰੂ ਦੀ ਸਿਖ ਸੰਤ ਸਾਥ ਗ੍ਰੰਥ ਨੂੰ ਪਛਾਣੇ।
ਓਹੀ, ਪੰਨਾ 200

4- ਰਾਜ ਭੀ ਕਰੇ ਮਾਇਆ ਰਖੇ ਪਰ ਦੇਵਣ ਵਾਲੇ ਨੂੰ ਨਾ ਵਿਸਾਰੇ।
ਓਹੀ, ਪੰਨਾ 200

ਇਸ ਤਰ੍ਹਾਂ ਸਿਖ ਪਰੰਪਰਾ ਅਤੇ ਸਾਹਿਤ ਗੁਣੀ ਰਾਜਾ ਦਾ ਸੰਕਲਪ ਪ੍ਰਸਤੁਤ ਕਰਦਾ ਹੈ ਅਤੇ ਰਾਜਾ ਨੂੰ ਵਿਅਕਤੀਗਤ ਗੁਣਾਂ ਤੋਂ ਲੈ ਕੇ ਮਨੁਖੀ ਕਲਿਆਣ ਅਤੇ ਸਮਾਜੀ ਹਿਤ ਨਾਲ ਸਬੰਧਤ ਵਿਸ਼ੇਸ਼ ਗੁਣਾ ਦਾ ਧਾਰਣੀ ਹੋਣ ਦਾ ਨਿਰਦੇਸ਼ ਦੇਂਦਾ ਹੈ। ਸਿਖ ਵਿਚਾਰਧਾਰਾ ਦਾ ਰਾਜਾ ਧਰਮੀ ਹੈ, ਰਬੀ ਗੁਣਾਂ ਦਾ ਧਾਰਣੀ ਹੈ ਅਤੇ ਰਾਜ ਵਿਚ ਜੋਗ ਕਮਾਉਂਦਾ ਹੈ।

## ਰਾਜ ਵਿਚ ਧਰਮ ਦਾ ਅੰਸ਼

ਸਿਖ ਪਰੰਪਰਾ ਅਨੁਸਾਰ ਰਾਜ ਦੇ ਸੰਕਲਪ ਨੂੰ ਧਰਮ ਤੋਂ ਜੁਦਾ ਨਹੀਂ ਕੀਤਾ ਜਾ ਸਕਦਾ। ਰਾਜ ਅਤੇ ਧਰਮ ਦੋਵੇਂ ਇਕ ਦੂਜੇ ਦੇ ਸਹਿਯੋਗੀ ਅਤੇ ਪੂਰਕ ਹਨ। ਰਾਜ, ਧਰਮ ਪਾਲਨ ਲਈ ਉਪਯੁਕਤ ਵਾਤਾਵਰਣ ਅਤੇ ਪਰਿਸਥਿਤੀਆਂ ਪੈਦਾ ਕਰਦਾ ਹੈ ਅਤੇ ਧਰਮ, ਰਾਜ ਦੇ ਸਾਰਥਕ ਅਤੇ ਰਚਨਾਤਮਕ ਉਦੇਸ਼ਾਂ ਦੀ ਪ੍ਰਾਪਤੀ ਵਿਚ ਇਕ ਮਾਰਗ ਦਰਸ਼ਕ ਦੇ ਰੂਪ ਵਿਚ ਕਾਰਜਸ਼ੀਲ ਰਹਿੰਦਾ ਹੈ। ਅਸਲ ਵਿਚ ਧਰਮ ਬਹੁਤ ਵਿਆਪਕ ਸੰਕਲਪ ਹੈ। ਧਰਮ ਦੇ ਵਿਸਤ੍ਰਿਤ ਖੇਤਰ ਵਿਚ ਲੋਕ ਤੇ ਪਰਲੋਕ ਦੋਵੇਂ ਸ਼ਾਮਲ ਹਨ ਪਰ ਰਾਜ ਦਾ ਦਾਇਰਾ ਸੀਮਤ ਹੈ। ਰਾਜਾ, ਪ੍ਰਜਾ ਅਤੇ ਸੰਸਾਰ ਦੀ ਹਰ ਸ਼ੈ ਵਿਚ ਧਰਮ ਦੀ ਸੱਤਾ ਜਾਂ ਧਰਮ ਦਾ ਅੰਸ਼ ਮੌਜੂਦ ਹੈ। ਗੁਰਬਾਣੀ ਨੇ ਧਰਮ ਦੀ ਵਿਆਪਕ ਅਰਥਾਂ ਵਿਚ ਹੀ ਵਿਆਖਿਆ ਕੀਤੀ ਹੈ:-

ੳ) ਸਰਬ ਧਰਮ ਮਹਿ ਸ੍ਰੇਸਟ ਧਰਮੁ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥[1]

ਅ) ਸਗਲ ਧਰਮ ਮਹਿ ਊਤਮ ਧਰਮ॥
ਕਰਮ ਕਰਤੂਤਿ ਕੈ ਊਪਰਿ ਕਰਮ॥

---

1- ਆਦਿ ਗ੍ਰੰਥ, ਪੰਨਾ 266

ਜਿਸ ਕਉ ਚਾਹਹਿ ਸੁਰਿ ਨਰ ਦੇਵ॥

ਸੰਤ ਸਭਾ ਕੀ ਲਾਗਹੁ ਸੇਵ॥[1]

ਉਪਰਲੀਆਂ ਤੁਕਾਂ ਅਨੁਸਾਰ ਸ੍ਰੇਸ਼ਠ ਅਤੇ ਉਤਮ ਧਰਮ ਦੇ ਗੁਣ ਇਹੋ ਹਨ ਕਿ ਉਹ ਰਬੀ ਸੱਤਾ ਨਾਲ ਜੋੜਦਾ ਹੈ ਅਤੇ ਸ਼ੁਭ ਕਰਮ ਕਰਨ ਲਈ ਨਿਰਤੇਸ਼ਤ ਕਰਦਾ ਹੈ। ਇਹਨਾਂ ਅਰਥਾਂ ਵਿਚ ਧਰਮ ਹਰ ਵਿਅਕਤੀ ਅਤੇ ਸੰਸਥਾ ਵਿਚ ਰੂਪਮਾਨ ਹੁੰਦਾ ਹੈ। ਰਾਜ ਨੂੰ ਰਬੀ ਸੱਤਾ ਨਾਲ ਜੋੜਨਾ ਅਤੇ ਉਸ ਨੂੰ ਪ੍ਰਜਾ ਦੇ ਕਲਿਆਣ ਲਈ ਕਾਰਜਸ਼ੀਲ ਕਰਨਾ, ਸਿਖ ਪਰੰਪਰਾ ਅਨੁਸਾਰ, ਧਰਮ ਦਾ ਰਾਜਸੀ ਪੱਖ ਹੈ।

ਗੁਰੂ ਸਾਹਿਬਾਨ ਨੇ ਤਤਕਾਲੀਨ ਰਾਜ ਦਾ ਵਿਰੋਧ ਜਿਸ ਮੁਖ ਆਧਾਰ ਤੇ ਕੀਤਾ ਉਹ ਇਹੋ ਸੀ ਕਿ ਰਾਜ ਵਿਚੋ ਧਰਮ ਦਾ ਅੰਸ਼ ਅਲੋਪ ਹੋ ਗਿਆ ਹੈ। ਗੁਰੂ ਨਾਨਕ ਦੇਵ ਜੀ ਦੀ ਇਹ ਪੰਕਤੀ ਸਪਸ਼ਟ ਤੌਰ ਤੇ ਇਸ ਤਥ ਦਾ ਪ੍ਰਗਟਾਵਾ ਕਰਦੀ ਹੈ:-

ਕਲਿ ਕਾਤੀ ਰਾਜੇ ਕਾਸਾਈ ਧਰਮ ਪੰਖ ਕਰਿ ਉਡਰਿਆ॥[2]

ਜਫਰਨਾਮੇ ਵਿਚ ਗੁਰੂ ਗੋਬਿੰਦ ਸਿੰਘ ਜੀ ਵੀ ਤਤਕਾਲੀਨ ਰਾਜ ਦੇ ਵਿਰੋਧ ਦਾ ਕਾਰਣ ਇਹੋ ਦਸਦੇ ਹਨ ਕਿ ਰਾਜ ਸੱਤਾ ਵਿਚੋਂ ਧਰਮ ਦਾ ਤੱਤ ਨਿਕਲ ਚੁਕਾ ਹੈ:-

ਨ ਈਮਾਂ ਪਰਸਤੀ ਨ ਅਉਜ਼ਾਇ ਦੀਨ॥

ਨ ਸਾਹਿਬ ਸ਼ਨਾਸੀ ਨ ਮੁਹੰਮਦ ਯਕੀਨ॥[3]

ਭਾਈ ਗੁਰਦਾਸ ਜੀ ਵੀ ਰਾਜ ਲਈ ਧਰਮ ਦਾ ਤੱਤ ਅਵਸ਼ਕ ਮੰਨਦੇ ਹਨ ਅਤੇ ਸਪਸ਼ਟ ਕਰਦੇ ਹਨ ਕਿ ਰਾਜਾ, ਰਾਜਨੀਤੀ ਵਿਚ ਧਰਮ ਦੀ ਮੂਰਤੀ ਹੋਵੇ ਤਾਂ ਉਸ ਦੇ ਦੇਸ਼ ਦੀ

---

1- ਆਦਿ ਗ੍ਰੰਥ, ਪੰਨਾ 1182

2- ਓਹੀ, ਪੰਨਾ 145

3- ਜਫਰਨਾਮਾ, ਦਸਮ ਗ੍ਰੰਥ (ਸੈਂਚੀ ਦੂਜੀ) ਪੰਨਾ 1391

ਪਰਜਾ ਸੁਖੀ ਵਸਦੀ ਹੈ:-

ਜੈਸੇ ਰਾਜਾ ਧਰਮ ਸਰੂਪ ਰਾਜਨੀਤਿ ਬਿਖੈ,
ਤਾਕੇ ਦੇਸ ਪਰਜਾ ਬਸਤ ਸੁਖ ਪਾਇਕੈ।[1]

ਇਸ ਤਰਾਂ ਸਿਖ ਚਿੰਤਨ ਰਾਜ ਵਿਚ ਧਰਮ ਦਾ ਅੰਸ਼ ਅਤਿ ਆਵਸ਼ਕ ਮੰਨਦਾ ਹੈ। ਪਰ ਸਿਖ ਵਿਚਾਰਧਾਰਾ ਰਾਜ ਸੱਤਾ ਉਤੇ ਧਰਮ ਦੇ ਸੰਸਥਾਤਮਕ ਰੂਪ ਦੀ ਸੱਤਾ ਸਥਾਪਿਤ ਕਰਨ ਜਾਂ ਕਿਸੇ ਧਰਮ ਸੰਸਥਾ ਦੇ ਸਿਧੇ ਰੂਪ ਵਿਚ ਰਾਜ ਸੱਤਾ ਹਾਸਲ ਕਰਨਦੀ ਹਿਮਾਇਤੀ ਨਹੀਂ।ਧਰਮ-ਸੰਪ੍ਰਦਾਇਕ ਰਾਜ (Theocratic State ) ਦਾ ਸੰਕਲਪ ਵੀ ਸਿਖ ਚਿੰਤਨ ਵਿਚ ਸਵੀਕਾਰਨਹੀਂ ਕੀਤਾ ਗਿਆ।[2]

ਸਪਸ਼ਟ ਹੈ ਕਿ ਸਿਖ ਰਾਜ ਸੰਕਲਪ ਨਾਂ ਤਾਧਰਮ ਦੇ ਵਿਰੋਧ ਵਿਚ ਹੈ, ਨਾ ਧਰਮ ਤੋਂ ਉਪਰਾਮ ਜਾਂ ਵਖਰਾ ਹੈ ਅਤੇ ਨਾਂ ਹੀ ਧਰਮ ਆਗੂਆਂ ਤੇ ਸੰਸਥਾਵਾਂ ਦੀ ਸੱਤਾ ਦੀ ਅਧੀਨਗੀ ਦਾ ਹਾਮੀ ਹੈ। ਉਸ ਅਨੁਸਾਰ ਆਮ ਪਰਿਸਥਿਤੀਆਂ ਵਿਚ ਧਰਮ ਰਾਜ ਦਾ ਸਹਿਯੋਗ ਕਰਦਾ ਹੈ ਅਤੇ ਉਸ ਨੂੰ ਮਾਰਗ ਦਰਸ਼ਨ ਦੇਂਦਾ ਹੈ ਪਰ ਵਿਸ਼ੇਸ਼ ਪਰਿਸਥਿਤੀਆਂ ਲੋਕ ਹਿਤ ਦੀ ਰਾਖੀ ਲਈ ਧਰਮ ਰਾਜ ਲਈ ਇਕ ਵੰਗਾਰ ਬਣ ਜਾਂਦਾ ਹੈ। ਅਸਲ ਵਿਚ ਸਿਖ ਵਿਚਾਰਧਾਰਾ ਰਬੀ ਪਰਮ ਸੱਤਾ ਦੀ ਸਰਵੋਚਤਾ ਸਵੀਕਾਰਦਿਆਂ, ਇਸ ਪਰਮ ਸੱਤਾ ਦੀ ਇਛਾ ਦੀ ਅਭਿਵਿਅਕਤੀ ਕਰਨ ਵਾਲੇ ਵਿਆਪਕ ਧਰਮ ਦੇ ਅੰਸ਼ ਨੂੰ ਰਾਜ ਲਈ ਅਤਿ ਆਵਸ਼ਕ ਮੰਨਿਦਿਆਂ, ਰਾਜ ਨੂੰ ਧਰਮ ਦੇ ਅਨੁਕੂਲ ਕਰਨ ਵਿਚ ਰੁਚਿਤ ਹੈ ਅਤੇ ਉਸ ਨੂੰ ਧਰਮ ਦਾ ਅਨੁਸਾਰੀ ਹੋ ਕੇ ਕਾਰਜਸ਼ੀਲ ਹੋਣ ਲਈ ਪ੍ਰੇਰਿਤ ਕਰਦਾ ਹੈ। ਇਹਨਾਂ ਸੰਧਰਭਾਂ ਵਿਚੋ ਹੀ ਸਿਖ ਰਾਜ ਸੰਕਲਪ ਦੇ ਧਾਰਮਕ ਸਹਿਨਸ਼ੀਲਤਾ ਅਤੇ ਧਾਰਮਕ ਨਿਰਪੱਖਤਾ ਦੇ ਸਿਧਾਂਤਾਂ ਦਾ ਪ੍ਰਤੀਪਾਦਨ ਹੁੰਦਾ ਹੈ।

---

1- ਕਬਿਤ ਸਵੱਯੇ ਭਾਈ ਗੁਰਦਾਸ ਜੀ, ਪੰਨਾ 236

2- ਇਸ ਵਿਸ਼ੇ ਦਾ ਵਿਸਤਾਰ 'ਮੀਰੀ ਪੀਰੀ ਦੇ ਸੰਕਲਪ' ਵਾਲੇ ਅਧਿਆਇ ਵਿਚ ਪ੍ਰਸਤੁਤ ਕੀਤਾ ਗਿਆ ਹੈ।

## ਰਾਜ ਵਿਵਸਥਾ ਦਾ ਸਰੂਪ

ਸਿਖ ਧਰਮ ਗ੍ਰੰਥਾਂ ਅਤੇ ਇਤਿਹਾਸ ਲਿਖਤਾਂ ਵਿਚੋਂ ਕਿਸੇ ਖਾਸ ਤਰ੍ਹਾਂ ਦੀ ਰਾਜ ਵਿਵਸਥਾ ਦਾ ਸਪਸ਼ਟ ਅਤੇ ਸਿਧੇ ਰੂਪ ਵਿਚ ਜਿਕਰ ਨਹੀਂ ਮਿਲਦਾ। ਪਰ ਰਾਜ ਬਾਰੇ ਪ੍ਰਾਪਤ ਸਾਰੀ ਜਾਣਕਾਰੀ ਵਿਚ ਰਾਜਾ ਇਕ ਵਿਅਕਤੀ ਰੂਪ ਵਿਚ ਕੇਂਦਰ ਵਿਚ ਸਥਿਤ ਹੈ। ਸੰਪੂਰਣ ਰਾਜ ਵਿਵਸਥਾ ਨੂੰ ਸੰਕੇਤਿਤ ਕਰਨ ਲਈ ਰਾਜਾ ਜਾਂ ਉਸ ਦੇ ਪਰਾਇਵਾਚੀ ਸ਼ਬਦਾਂ- ਬਾਦਸ਼ਾਹ, ਸੁਲਤਾਨ, ਨਰਪਤਿ, ਭੂਪਤਿ ਰਾਜਨ ਆਦਿ ਸ਼ਬਦਾਂ ਦਾ ਪਰਯੋਗ ਕੀਤਾ ਗਿਆ ਹੈ। ਚੰਗੇ ਰਾਜ ਪ੍ਰਬੰਧ ਲਈ ਵਡਿਆਈ ਰਾਜੇ ਨੂੰ ਦਿਤੀ ਗਈ ਹੈ ਅਤੇ ਮਾੜੇ ਰਾਜ ਪ੍ਰਬੰਧ ਲਈ ਜਿਮੇਵਾਰ ਵੀ ਰਾਜੇ ਨੂੰ ਠਹਿਰਾਇਆ ਗਿਆ ਹੈ। ਇਕ ਤਰਾਂ ਨਾਲ ਰਾਜੇ ਨੂੰ ਰਾਜ ਦਾ ਸਾਰ ਰੂਪ ਮੰਨਿਆ ਗਿਆ। ਇਹਨਾਂ ਤਥਾਂ ਦੇ ਅਧਾਰ ਤੇ ਇਹ ਸਪਸ਼ਟ ਹੈ ਕਿ ਸਿਖ ਗ੍ਰੰਥ ਕਿਸੇ ਹੋਰ ਰਾਜ ਵਿਵਸਥਾ ਦਾ ਨਹੀਂ ਸਗੋਂ ਤਤਕਾਲੀਨ ਸਮੇਂ ਵਿਚ ਪ੍ਰਚਲਿਤ ਰਾਜਤੰਤ੍ਰੀ ਵਿਵਸਥਾ ਦਾ ਜਿਕਰ ਕਰਦੇ ਹਨ।

ਪਰ ਸਿਖ ਧਰਮ ਗ੍ਰੰਥ ਅਤੇ ਇਤਿਹਾਸਕ ਲਿਖਤਾਂ ਕਿਤੇ ਵੀ ਰਾਜਤੰਤ੍ਰ ਦੇ ਨਿਰੰਕੁਸ਼ ਸਰੂਪ ਨੂੰ ਨਹੀਂ ਸਵੀਕਾਰਦੇ ਸਗੋਂ ਗੁਰੂ ਪਰੰਪਰਾ ਦੁਆਰਾ ਤਤਕਾਲੀਨ ਰਾਜਤੰਤ੍ਰ ਦੇ ਵਿਰੋਧ ਦਾ ਇਕ ਮੁਖ ਕਾਰਣ ਉਸ ਦੀ ਨਿਰੰਕੁਸ਼ਤਾ ਸੀ। ਸਾਰੇ ਮੱਧਕਾਲੀਨ ਰਾਜਨੀਤਿਕ ਇਤਿਹਾਸ ਵਿਚ ਦੈਵੀ ਅਧਿਕਾਰਾਂ ਦੇ ਸਿਧਾਂਤ ਦੀ ਆੜ ਵਿਚ ਰਾਜਤੰਤ੍ਰੀ ਨਿਰੰਕੁਸ਼ਤਾ ਪ੍ਰਫੁਲਿਤ ਹੋ ਰਹੀ ਸੀ। ਸਿਖ ਪਰੰਪਰਾ ਨੇ ਨਾ ਤਾਂ ਰਾਜਾ ਦੇ ਦੈਵੀ ਅਧਿਕਾਰਾਂ ਦੇ ਸਿਧਾਂਤ ਨੂੰ ਮਾਨਤਾ ਦਿਤੀ ਅਤੇ ਨ ਹੀ ਨਿਰੰਕੁਸ਼ ਰਾਜਤੰਤ੍ਰੀ ਵਿਵਸਥਾ ਦਾ ਸਮਰਥਨ ਕੀਤਾ।

ਜਿਥੋਂ ਤਕ ਰਾਜਾ ਦੇ ਅਧਿਕਾਰਾਂ ਅਤੇ ਸ਼ਕਤੀਆਂ ਦਾ ਸਬੰਧ ਹੈ ਸਿਖ ਵਿਚਾਰਧਾਰਾ ਨੇ ਰਾਜਾ ਦੇ ਸੀਮਤ ਅਧਿਕਾਰਾਂ ਦਾ ਸਮਰਥਨ ਕੀਤਾ ਹੈ। ਉਹ ਐਸੀ ਰਾਜ ਵਿਵਸਥਾ ਦੀ ਮੁਦਈ ਹੈ ਜਿਸ ਵਿਚ ਰਾਜਾ 'ਪੰਚਾਇਣ'[1] ਅਰਥਾਤ ਜਨ ਪ੍ਰਤੀਨਿਧੀ-ਪੰਚਾਂ ਦੇ ਭੈ ਵਿਚ ਰਹਿਆ,

---

1- ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ॥ ਆਦਿ ਗ੍ਰੰਥ, ਪੰਨਾ 992

ਸੰਜਮ ਵਿਚ ਵਿਚਰਦਾ ਹੈ। ਦੂਜੇ ਪਾਸੇ ਸਿਖ ਵਿਚਾਰਧਾਰਾ ਰਾਜਾ ਨੂੰ ਹਉਮੈ ਅਤੇ ਸਵਾਰਥ ਤਿਆਗ ਕੇ ਪ੍ਰਜਾ ਦੇ ਹਿਤ ਵਿਚ ਕਾਰਜਸ਼ੀਲ ਹੋਣ ਦੀ ਹਿਦਾਇਤ ਕਰਦੀ ਹੈ। ਗੁਰਬਾਣੀ ਅਨੁਸਾਰ ਜਿਹੜਾ ਰਾਜਾ ਅਹੰਕਾਰ ਅਧੀਨ ਕੰਮ ਕਰਦਾ ਹੈ ਉਹ ਆਪਣੇ ਹੀ ਜਾਲ ਵਿਚ ਇਸਤਰ੍ਹਾਂ ਫਸ ਜਾਂਦਾ ਹੈ ਜਿਸ ਤਰ੍ਹਾਂ ਡੁਬਣ ਤੋਂ ਬਚਣ ਦੇ ਡਰ ਤੇ ਵਹਿਮ ਵਿਚ ਤੋਤਾ ਨਲਨੀ ਨਾਲ ਚੰਬੜਿਆ ਰਹਿੰਦਾ ਹੈ ਅਤੇ ਅੰਤ ਕੈਦ ਹੁੰਦਾ ਹੈ।[1] ਇਕ ਹੋਰ ਥਾਂ ਤੇ ਬਾਣੀ ਵਿਚ ਦਸਿਆ ਗਿਆ ਹੈ ਕਿਹੜਾ ਰਾਜਾ ਅਭਿਮਾਨ ਵਿਚ ਖਚਤ ਰਹਿੰਦਾ ਹੈ ਉਹ ਨਰਕ ਦਾ ਭਾਗੀ ਹੁੰਦਾ ਹੈ।[2] ਪ੍ਰੇਮ ਸੁਮਾਰਗ ਗ੍ਰੰਥ ਨੇ ਰਾਜੇ ਦੇ ਅਧਿਕਾਰਾਂ ਤੋਂ ਜਿਆਦਾ ਉਸ ਦੇ ਪ੍ਰਜਾ ਪ੍ਰਤੀ ਉਤਰਦਾਇਤਵ ਤੇ ਜੋਰ ਦਿਤਾ ਹੈ। ਇਸ ਗ੍ਰੰਥ ਦੀਆਂ ਇਹਨਾਂ ਬਹੁਮੁੱਲੀਆਂ ਪੰਕਤੀਆਂ ਵਿਚ ਸਪਸ਼ਟ ਕੀਤਾ ਗਿਆ ਹੈ ਕਿ ਰਬ ਦੀ ਦਰਗਾਹ ਵਿਚ ਰਾਜੇ ਪਾਸੋਂ ਕਿਸ ਗਲ ਦੀ ਪੁਛ ਪਰਤੀਤ ਹੋਵੇਗੀ:

> "ਉਸ ਕੌ ਬੰਦਗੀ ਨ ਪੁਛੀਐਗੀ; ਜੋ ਤੁਧ ਕਿਆ ਕੀਆ ਹੈ?
> ਯਹੀ ਪੁੱਛੀਐਗਾ; ਜੋ ਕਿਸ ਨੇ ਤੇਰੇ ਰਾਜ ਮੈ ਆਰਾਮ
> ਪਾਇਆ ਹੈ, ਅਰ ਕਿਸ ਨੇ ਦੁਖ ਪਾਇਆ ਹੈ?"[3]

ਇਸ ਤਰ੍ਹਾਂ ਸਿਖ ਧਰਮ ਗ੍ਰੰਥ ਅਤੇ ਇਤਿਹਾਸਕ ਲਿਖਤਾਂ ਜਿਸ ਰਾਜ ਵਿਵਸਥਾ ਦੀ ਗਵਾਹੀ ਭਰਦੀਆਂ ਹਨ ਉਹ ਰਾਜਤੰਤ੍ਰੀ ਵਿਵਸਥਾ ਤਾਂ ਹੈ ਪਰ ਉਹ ਪ੍ਰਜਾ ਦੇ ਭੈ ਦੁਆਰਾ ਸੀਮਿਤ ਹੈ ਅਤੇ ਪ੍ਰਜਾ ਪ੍ਰਤੀ ਉਤਰਦਾਈ ਹੈ। ਅਸੀਂ ਕਹਿ ਸਕਦੇ ਹਾਂ ਕਿ ਇਹ ਰਾਜ ਵਿਵਸਥਾ ਸੀਮਿਤ ਅਤੇ ਲੋਕਤੰਤ੍ਰੀ ਨੁਹਾਰ ਵਾਲੀ ਰਾਜ-ਤੰਤ੍ਰੀ ਵਿਵਸਥਾ ਹੈ।

---

1- ਰਾਜ ਕਹਾਵੈ ਹਉ ਕਰਮ ਕਮਾਵੈ ਬਾਧਿਓ ਨਲਿਨੀ ਭ੍ਰਮਿ ਸੂਆ॥
ਆਦਿ ਗ੍ਰੰਥ, ਪੰਨਾ 407

2- ਜਿਸ ਕੈ ਅੰਤਰਿ ਰਾਜ ਅਭਿਮਾਨੁ॥ ਸੋ ਨਰਕਪਾਤੀ ਹੋਵਤ ਸੁਆਨੁ॥
ਆਦਿ ਗ੍ਰੰਥ, ਪੰਨਾ 278

3- ਰਣਧੀਰ ਸਿੰਘ(ਸੰਪਾਦਕ), ਪ੍ਰੇਮ ਸੁਮਾਰਗ ਗ੍ਰੰਥ, ਪੰਨਾ 95

ਰਾਜ ਦੀ ਪ੍ਰਭੁਸੱਤਾ

ਸਿਖ ਪਰੰਪਰਾ ਵਿਚੋਂ ਰਾਜ ਦੀ ਸੰਪ੍ਰਭੁਤਾ (Sovereignty ) ਦੇ ਸਿਧਾਂਤ ਦਾ ਵੀ ਪ੍ਰਤੀਪਾਦਨ ਹੁੰਦਾ ਹੈ। ਰਾਜ ਦੀ ਸਥਾਈ ਹੋਂਦ ਲਈ ਪ੍ਰਭੁਸੱਤਾ ਇਕ ਅਵਸ਼ਕ ਤੱਤ ਹੈ ਅਤੇ ਇਸੇ ਪ੍ਰਭੁਸੱਤਾ ਨਾਲ ਰਾਜ ਦੀ ਸਾਰਥਕਤਾ ਜੁੜੀ ਹੋਈ ਹੈ। ਗੁਰੂ ਨਾਨਕ ਦੇਵ ਜੀ ਆਪਣੀ ਇਕ ਰਚਨਾ ਵਿਚ ਸੰਕੇਤ ਮਾਤਰ ਇਸ ਤੱਥ ਦੀ ਅਭਿਵਿਅਕਤੀ ਕਰਦਿਆਂ ਫੁਰਮਾਉਂਦੇ ਹਨ ਕਿ ਉਹ ਬਾਦਸ਼ਾਹ ਕਾਹਦਾ ਜਿਸਨੂੰ ਕੋਈ ਸਲਾਮ ਨ ਕਰੇ।[1] ਗੁਰੂ ਅਰਜਨ ਸ਼ਾਹਿਬ ਨੇ ਸਲੋਕ ਸਹਸਕ੍ਰਿਤੀ ਵਿਚ ਰਾਜ ਲਈ ਪ੍ਰਭੁਸੱਤਾ ਨੂੰ ਅਵਸ਼ਕ ਦਸਿਆ ਹੈ:

ਤਿਲਕ ਹੀਣੰ ਜਥਾ ਬਿਪ੍ਰਾ ਅਮਰ ਹੀਣੰ ਜਥਾ ਰਾਜਨਹ॥[2]

ਉਹਨਾਂ ਅਨੁਸਾਰ ਹੁਕਮ ਚਲਣ ਤੋਂ ਬਿਨਾਂ ਅਰਥਾਤ ਸੱਤਾ ਤੋਂ ਬਿਨਾਂ ਰਾਜ ਦੀ ਸਾਰੀ ਸਾਜ ਸੱਜਾ ਕਿਸੇ ਕੰਮ ਨਹੀਂ:-

ਬਿਨ ਅਮਰੈ ਕੈਸੇ ਰਾਜ ਮੰਡਿਤ॥[3]

ਭਾਈ ਗੁਰਦਾਸ ਦੀਆਂ ਵਾਰਾਂ ਚੋਂ ਵੀ ਰਾਜ ਦੀ ਪ੍ਰਭੁਸੱਤਾ ਦੇ ਸਬੰਧ ਵਿਚ ਇਕ ਵਿਸ਼ੇਸ਼ ਤੱਥ ਉਜਾਗਰ ਹੁੰਦਾ ਹੈ। ਭਾਈ ਸਾਹਿਬ ਅਨੁਸਾਰ ਇਕ ਰਾਜ ਵਿਚ ਇਕੋ ਪ੍ਰਭੁਤਾਸੰਪੰਨ ਪਾਤਸ਼ਾਹੀ ਹੁੰਦੀ ਹੈ। ਜਿਸ ਤਰ੍ਹਾਂ ਇਕ ਮਿਆਨ ਵਿਚ ਦੋ ਤਲਵਾਰਾਂ ਨਹੀਂ ਸਮਾ ਸਕਦੀਆਂ ਉਸੇ ਪ੍ਰਕਾਰ ਇਕ ਰਾਜ ਵਿਚ ਇਕੋ ਪ੍ਰਭੁਸੱਤਾ ਟਿਕ ਸਕਦੀ ਹੈ। ਜੇ ਇਕ ਰਾਜ ਵਿਚ ਇਕ ਤੋਂ ਵਧ ਪਾਤਸ਼ਾਹੀਆਂ ਕਿਸੇ ਸਮੇਂ ਇਕਠੀਆਂ ਹੋ ਜਾਣ ਤਾਂ ਜੰਗ ਆਵਸ਼ਕ ਹੋ ਜਾਂਦਾ ਹੈ ਕਿਉਂਕਿ ਅੰਤ ਵਿਚ ਇਕ ਹੀ, ਪ੍ਰਭੁਸੱਤਾ ਵਾਲੀ ਪਾਤਸ਼ਾਹੀ ਰਾਜ ਵਿਚ ਟਿਕ ਸਕਦੀ ਹੈ।

---

1- ਕਿਆ ਸੁਲਤਾਨੁ ਸਲਾਮ ਵਿਹੂਣਾ ਅੰਧੀ ਕੋਠੀ ਤੇਰਾ ਨਾਮੁ ਨਾਹੀ॥ਆਦਿ ਗ੍ਰੰਥ, ਪੰਨਾ 354

2- ਆਦਿ ਗ੍ਰੰਥ, ਪੰਨਾ 1359

3- ਓਹੀ, ਪੰਨਾ 1140

ਭਾਈ ਗੁਰਦਾਸ ਜੀ ਦੀਆਂ ਹੇਠਲੀਆਂ ਸਤਰਾਂ 'ਇਕ ਰਾਜ ਇਕ ਪ੍ਰਭੁਸਤਾ' ਦੇ ਵਿਚਾਰਾਂ ਦਾ ਪ੍ਰਗਟਾਵਾ ਕਰਦੀਆਂ ਹਨ:-

ੳ) ਪਾਤਸ਼ਾਹ ਇਕੁ ਮੁਲਕ ਵਿਚ ਹੋਰ ਪ੍ਰਜਾ ਹਿੰਦੂ ਮੁਸਲਮਾਣਾ॥[1]

ਅ) ਇਕਤੁ ਥੇਕੇ ਦੁਇ ਖੜਗੁ ਦੁਇ ਪਾਤਸ਼ਾਹ ਨ ਮੁਲਕਿ ਸਮਾਣੈ॥[2]

ੲ) ਮੁਲਕ ਅੰਦਰ ਪਾਤਸ਼ਾਹ ਦੁਇ ਜਾਇ ਜੰਗ ਜੁੜੰਦੇ॥[3]

ਇਸਤਰ੍ਹਾਂ ਇਹ ਸਪਸ਼ਟ ਹੈ ਕਿ ਪ੍ਰਭੁਸੱਤਾ ਰਾਜ ਦਾ ਆਵਸ਼ਕ ਤੱਤ ਹੈ ਅਤੇ ਰਾਜ ਇਕ ਪ੍ਰਭੁਸੱਤਾ ਸੰਪੰਨ ਸੰਸਥਾ ਹੈ। ਪਰ ਸਿਖ ਵਿਚਾਰਧਾਰਾ ਵਿਚ ਰਾਜ ਦੀ ਪ੍ਰਭੁਸੱਤਾ ਅਸੀਮ ਤੇ ਨਿਰੰਕੁਸ਼ ਨਹੀਂ। ਰਾਜ ਦੀ ਪ੍ਰਭੁਸੱਤਾ ਪਰਮਾਤਮਾ ਦੀ ਪਰਮ ਸੱਤਾ ਦੇ ਅਧੀਨ ਹੈ ਅਤੇ ਉਸੇ ਤੋਂ ਨਿਰਦੇਸ਼ਤ ਹੁੰਦੀ ਹੈ। ਇਸ ਤਰਾਂ ਲਗਦਾ ਹੈ ਕਿ ਪ੍ਰਭੁਸੱਤਾ ਵਿਚ 'ਪ੍ਰਭੂ' ਸ਼ਬਦ ਇਸੇ ਤਥ ਵਲ ਸੰਕੇਤ ਕਰਦਾ ਹੈ। ਗੁਰੂ ਨਾਨਕ ਦੇਵ ਜੀ ਦਾ ਕਥਨ ਹੈ ਕਿ ਪਰਮਾਤਮਾ ਨੂੰ ਭੁਲਾ ਕੇ ਰਾਜ ਦੀ ਸੱਤਾ ਵਿਅਰਥ ਹੋ ਜਾਂਦੀ ਹੈ:-

ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ॥
ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥[4]

ਇਸ ਤੋਂ ਇਲਾਵਾ ਰਾਜ ਦੀ ਪ੍ਰਭੁਸੱਤਾ ਲੋਕ ਰਾਇ ਦੀ ਪਾਬੰਦ ਹੁੰਦੀ ਹੈ। ਗੁਰਬਾਣੀ ਵਿਚ ਇਹ ਵਿਚਾਰ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਰਾਜ ਦੀ ਸੱਤਾ ਦੇ ਮਧ ਵਿਚ ਲੋਕ ਰਾਇ ਦੀ ਅਵਹੇਲਨਾ ਕਰਦਿਆਂ, ਜਿਹੜੇ ਰਾਜੇ ਲੋਕਾਂ ਉਪਰ ਮਨਭਾਉਂਦੇ ਹੁਕਮ ਚਲਾਉਂਦੇ

---

1- ਵਾਰਾਂ ਭਾਈ ਗੁਰਦਾਸ, ਪੰਨਾ 102

2- ਓਹੀ, ਪੰਨਾ 418

3- ਓਹੀ, ਪੰਨਾ 617

4- ਆਦਿ ਗ੍ਰੰਥ, ਪੰਨਾ 14

ਹਨ ਉਹ ਨਰਕ ਦੇ ਭਾਗੀ ਬਣਦੇ ਹਨ:-

ਰਾਜ ਲੀਲਾ ਰਾਜਨ ਕੀ ਰਚਨਾ ਕਰਿਆ ਹੁਕਮੁ ਅਫਾਰਾ॥

ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ॥[1]

ਪ੍ਰੇਮ ਸੁਮਾਰਗ ਗ੍ਰੰਥ ਵਿਚੋਂ ਵੀ ਰਾਜ ਦੀ ਪ੍ਰਭੁਸੱਤਾ ਦਾ ਜਿਕਰ ਮਿਲਦਾ ਹੈ। ਇਸ ਬਾਰੇ ਗ੍ਰੰਥ ਦੇ ਇਹ ਵਾਕ ਧਿਆਨ ਯੋਗ ਹਨ:-

"ਪ੍ਰਥਮੇ ਕਿਆ ਕਿਆ ਕਰੈ? ਪਹਿਲੇ ਤੋ ਉਹ, ਹੁਕਮ ਅਪਨੇ ਕੀ,
ਐਸੀ ਰਖਿਆ ਕਰੈ; ਜੋ ਕੋਈ ਫੇਰੈ, ਉਸ ਕੋ ਸੂਲੀ ਦੇਇ; ਉਸ ਕਾ
ਘਰ ਬਾਰ ਲੂਟ ਲੇਵੈ। ਤਾਂ ਜੋ ਫੇਰ ਕੋਈ ਐਸੀ ਬੇ-ਹੁਕਮੀ ਨ ਕਰੈ।"[2]

ਇਹ ਠੀਕ ਹੈ ਕਿ ਪ੍ਰੇਮ ਸੁਮਾਰਗ ਗ੍ਰੰਥ ਰਾਜ ਦੀ ਪ੍ਰਭੁਸੱਤਾ ਦੀ ਅਵਹੇਲਨਾ ਕਰਨ ਵਾਲੇ ਨੂੰ ਮੌਤ ਦੀ ਸਜ਼ਾ ਦੇਣ ਦੀ ਗਲ ਕਰਦਾ ਹੈ ਪਰ ਇਸਦਾ ਇਹ ਅਰਥ ਬਿਲਕੁਲ ਨਹੀਂ ਕਿ ਰਾਜ ਦੀ ਪ੍ਰਭੁਸਤਾ ਨੂੰ ਅਸੀਮ ਤੇ ਨਿਰੰਕੁਸ਼ ਹੈ। ਪ੍ਰੇਮ ਸੁਮਾਰਗ ਗ੍ਰੰਥ ਰਾਜ ਦੀ ਪ੍ਰਭੁਸੱਤਾ ਨੂੰ ਲੋਕ ਹਿਤ ਵਿਚ ਵਰਤਣ ਦਾ ਸਮਰਥਕ ਹੈ। ਜਿਹੜਾ ਰਾਜਾ ਲੋਕ ਹਿਤ ਵਿਰੁਧ ਆਚਰਣ ਕਰਦਾ ਹੈ ਅਤੇ ਪ੍ਰਜਾ ਉਤੇ ਜੁਲਮ ਕਰਦਾ ਹੈ, ਉਹ ਨਰਕ ਦਾ ਭਾਗੀ ਹੁੰਦਾ ਹੈ:-

"ਰਾਜ ਤੇ ਨਰਕ ਕਹਦੇ ਹੈਂ, ਸੋ ਕਿਸ ਵਾਸਤੇ? ਜੋ ਨਿਆਂ ਕਰ ਸਕਦੇ ਨਾਹੀਂ;
ਜੁਲਮ ਕਰਦੇ ਹੈਂ। ਇਸ ਤੇ ਨਰਕ ਕੋ ਪ੍ਰਾਪਤਿ ਹੋਤੇ ਹੈਂ।[3]

ਉਪਰੋਕਤ ਹਵਾਲਿਆਂ ਨੂੰ ਵਿਚਾਰਦਿਆਂ ਇਸ ਤਥ ਦੀ ਪ੍ਰੋੜਤਾ ਹੁੰਦੀ ਹੈ ਕਿ ਪ੍ਰਭੁਸਤਾ ਰਾਜ ਦੇ ਸਾਰਥਕ ਅਸਤਿੱਤਵ ਲਈ ਇਕ ਆਵਸ਼ਕ ਤੱਤ ਹੈ ਪਰ ਇਹ ਪ੍ਰਭੁਸੱਤਾ ਰਬੀ ਸੱਤਾ ਦੇ ਅਧੀਨ ਹੈ ਅਤੇ ਪ੍ਰਜਾ ਪ੍ਰਤੀ ਉੱਤਰਦਾਈ ਹੈ।

---

1- ਆਦਿ ਗ੍ਰੰਥ, ਪੰਨਾ 642

2- ਰਣਧੀਰ ਸਿੰਘ (ਸੰਪਾਦਕ); ਪ੍ਰੇਮ ਸੁਮਾਰਗ ਗ੍ਰੰਥ; ਪੰਨਾ 94

3- ਓਹੀ, ਪੰਨਾ 96

ਟੈਕਸ ਵਿਵਸਥਾ

ਟੈਕਸ ਵਿਵਸਥਾ ਪ੍ਰਤੀ ਵੀ ਸਿਖ ਚਿੰਤਨ ਦੀ ਮਾਨਤਾ ਹੈ ਕਿ ਰਾਜ ਵਿਚ ਲੋਕ ਕਲਿਆਣ ਦੇ ਕੰਮਾਂ ਨੂੰ ਨੇਪਰੇ ਚਾੜ੍ਹਨ ਲਈ ਪ੍ਰਜਾ ਤੇ ਟੈਕਸ ਲਾਉਣਾ ਅਤੇ ਰਾਜ ਦੁਆਰਾ ਟੈਕਸ ਇਕਤ੍ਰ ਕਰਨਾ ਆਵਸ਼ਕ ਹੈ। ਰਾਜ ਵਲੋਂ ਲਾਏ ਜਾਂਦੇ ਟੈਕਸਾਂ ਪ੍ਰਤੀ ਆਪਣਾ ਰੁਖ ਸਪਸ਼ਟ ਕਰਦਿਆਂ ਗੁਰੂ ਨਾਨਕ ਦੇਵ ਜੀ ਦਸਦੇ ਹਨ ਕਿ ਰਾਜਾ ਦਾ ਪ੍ਰਜਾ ਪਾਸੋਂ ਟੈਕਸ ਇਕਤ੍ਰ ਕਰਨਾ ਸੁਭਾਵਕ ਹੈ। ਰਾਜਾ, ਪ੍ਰਜਾ ਪਾਸੋਂ ਟੈਕਸ ਮੰਗਦਾ ਹੈ ਅਤੇ ਟੈਕਸ ਅਦਾ ਕਰਨ ਨਾਲ ਹੀ ਰਾਜਾ ਅਤੇ ਪ੍ਰਜਾ ਦਾ ਮੇਲ ਬਣਦਾ ਹੈ:-

ਰਾਜਾ ਮੰਗੈ ਦਿਤੈ ਗੰਢੁ ਪਾਇ॥[1]

ਪਰ ਗੁਰਬਾਣੀ ਰਾਜ ਦੁਆਰਾ ਲਾਏ ਜਾਂਦੇ ਟੈਕਸਾਂ ਬਾਰੇ ਦੋ ਮਹੱਤਵਪੂਰਣ ਨਿਰਦੇਸ਼ ਦੇਂਦੀ ਹੈ। ਪਹਿਲਾ, ਇਹ ਟੈਕਸ ਵਿਹਾਰਕ ਤੇ ਨਿਆਂਪੂਰਕ ਹੋਣੇ ਚਾਹੀਦੇ ਹਨ ਅਤੇ ਦੂਜਾ, ਟੈਕਸ ਲਾਉਣ ਲਗਿਆਂ ਰਾਜ ਨੂੰ ਧਰਮ ਜਾਂ ਕਿਸੇ ਹੋਰ ਆਧਾਰ ਤੇ ਵਿਤਕਰਾ ਨਹੀਂ ਕਰਨਾ ਚਾਹੀਦਾ।

ਗੁਰਬਾਣੀ ਦਾ ਸਪਸ਼ਟ ਮਤ ਹੈ ਕਿ ਰਾਜ ਦੁਆਰਾ ਲਾਏ ਜਾਂਦੇ ਟੈਕਸ ਕਈ ਵਾਰ ਬੰਧਨ ਬਣ ਜਾਂਦੇ ਹਨ ਅਤੇ ਇਕ ਪਾਸੇ ਮਨੁਖ ਨੂੰ ਮਿਹਨਤ ਦੀ ਕਿਰਤ ਕਰਨ ਤੋਂ ਮੁਨਕਰ ਕਰਦੇ ਹਨ ਅਤੇ ਦੂਜੇ ਪਾਸੇ ਰਾਜ ਕਰਨ ਵਾਲਿਆਂ ਲਈ ਦੰਡ ਦਾ ਕਾਰਨ ਬਣਦੇ ਹਨ। ਕਿਸਾਨ ਦਾ ਉਦਾਹਰਣ ਦੇਂਦਿਆਂ ਗੁਰੂ ਨਾਨਕ ਦੇਵ ਜੀ ਦਾ ਕਥਨ ਹੈ ਕਿ ਉਹ ਆਪਣੀ ਅਣਥੱਕ ਮਿਹਨਤ ਨਾਲ ਆਜੀਵਕਾ ਲਈ ਖੇਤੀ ਕਰਦਾ ਹੈ ਪਰ ਇਹ ਖੇਤੀ-ਬਾੜੀ ਉਸ ਲਈ ਬੰਧਨ ਬਣ ਜਾਂਦੀ ਹੈ ਜਦੋਂ ਉਹ ਰਾਜ ਵਲੋਂ ਲਾਏ ਗਏ ਅਵਿਹਾਰਕ ਅਤੇ ਅਨੁਚਿਤ ਟੈਕਸਾਂ ਦਾ ਭੁਗਤਾਨ ਨਹੀਂ ਕਰ ਪਾਉਂਦਾ:-

ਬੰਧਨ ਕਿਰਖੀ ਕਰਹਿ ਕਿਰਸਾਨ॥ਹਉਮੈ ਡੰਨੁ ਸਹੈ ਰਾਜਾ ਮੰਗੈ ਦਾਨ॥[2]

---

1- ਆਦਿ ਗ੍ਰੰਥ, ਪੰਨਾ 143

2- ਓਹੀ, ਪੰਨਾ 416

ਗੁਰਬਾਣੀ ਵਿਚੋਂ ਇਸ ਤੱਥ ਦੀ ਪ੍ਰੋੜਤਾ ਹੁੰਦੀ ਹੈ ਕਿ ਗੁਰੂ ਪਰੰਪਰਾ ਧਰਮ ਜਾਂ ਹੋਰ ਕਿਸੇ ਆਧਾਰ ਤੇ ਵਿਤਕਰੇ ਅਧੀਨ ਲਾਏ ਗਏ ਟੈਕਸਾਂ ਦਾ ਭਰਪੂਰ ਵਿਰੋਧ ਕਰਦੀ ਸੀ। ਜਦੋਂ ਗੁਰੂ ਅਮਰਦਾਸ ਜੀ ਤੀਰਥਾਂ ਦਾ ਭ੍ਰਮਣ ਕਰਦਿਆਂ ਗੰਗਾ ਪੁਜੇ ਤਾਂ ਤੱਤਕਾਲੀਨ ਹਕੂਮਤ ਵਲੋਂ ਤੀਰਥ ਯਾਤਰੀਆਂ ਉਪਰ ਜਬਰੀ ਟੈਕਸ ਲਾਉਣ ਦਾ ਉਹਨਾਂ ਨੇ ਵਿਰੋਧ ਕੀਤਾ ਅਤੇ ਟੈਕਸ ਅਦਾ ਕਰਨ ਤੋਂ ਨਾਂਹ ਕਰ ਦਿੱਤੀ। ਨਤੀਜੇ ਵਜੋਂ ਰਾਜ-ਅਧਿਕਾਰੀਆਂ ਨੂੰ ਕੋਈ ਉਗਰਾਹੀ ਨਾ ਹੋਈ ਅਤੇ ਉਹਨਾਂ ਨੂੰ ਬਿਨਾਂ ਟੈਕਸ ਇਕੱਤ੍ਰ ਕੀਤਿਆਂ ਉਥੋਂ ਖਾਲੀ ਹੱਥ ਵਾਪਸ ਮੁੜਨਾ ਪਿਆ। ਗੁਰੂ ਰਾਮਦਾਸ ਜੀ, ਜਿਹੜੇ ਇਸ ਯਾਤਰਾ ਸਮੇਂ ਗੁਰੂ ਅਮਰਦਾਸ ਜੀ ਦੇ ਹਮਸਫਰ ਸਨ, ਆਪਣੀ ਬਾਣੀ ਵਿੱਚ ਹਕੀਕਤ ਨੂੰ ਦਰਜ ਕੀਤਾ ਹੈ:-

ਆਢੁ ਦਾਮੁ ਕਿਛੁ ਪਇਆ ਨ ਬੋਲਕ ਜਾਗਾਤੀਆ ਮੋਹਣਿ ਮੁੰਦਣਿ ਪਈ॥
ਭਾਈ ਹਮ ਕਰਹ ਕਿਆ ਕਿਸੁ ਪਾਸਿ ਮਾਂਗਹ ਸਭ ਭਾਗਿ ਸਤਿਗੁਰ ਪਿਛੈ ਪਈ॥
ਜਾਗਾਤੀਆ ਉਪਾਵ ਸਿਆਣਪ ਕਰਿ ਵੀਚਾਰੁ ਡਿਠਾ ਭੰਨਿ ਬੋਲਕਾ ਸਭਿ ਉਠਿ ਗਇਆ॥[1]

ਧਰਮ ਦੇ ਆਧਾਰ ਤੇ ਵਿਤਕਰੇ ਅਧੀਨ ਲਾਏ ਜਾਂਦੇ ਟੈਕਸਾਂ ਬਾਰੇ ਗੁਰੂ ਅਰਜਨ ਦੇਵ ਜੀ ਬਾਣੀ ਦੀਆਂ ਇਹ ਤੁੱਕਾਂ ਬਹੁਤ ਮਹੱਤਵਪੂਰਣ ਹਨ-

ਜੇ ਜੀਆ ਡੰਨੁ ਕੋ ਲਏ ਨ ਜਗਾਤਿ॥
ਸਤਿਗੁਰਿ ਕਰਿ ਦੀਨੀ ਧੁਰ ਕੀ ਛਾਪ॥[2]

ਗੁਰੂ ਸਾਹਿਬ ਐਸੀ ਆਦਰਸ਼ ਸਥਿਤੀ ਦੀ ਕਾਮਨਾ ਕਰਦੇ ਹਨ ਜਿਸ ਵਿਚ 'ਜੇਜੀਆ' ਵਸੂਲ ਨਹੀਂ ਕੀਤਾ ਜਾਂਦਾ। ਜੇਜੀਆ ਉਹ ਟੈਕਸ ਹੈ ਜਿਹੜਾ ਮੁਸਲਮਾਨੀ ਰਾਜ ਵਿਚ ਜੋ ਲੋਕ ਇਸਲਾਮ ਮੱਤ ਨਹੀਂ ਰਖਦੇ, ਉਹਨਾਂ ਉਪਰ ਲਗਾਇਆ ਜਾਂਦਾ ਹੈ।[3] ਗੁਰੂ ਸਾਹਿਬ ਨੇ

---

1- <u>ਆਦਿ ਗ੍ਰੰਥ</u>, ਪੰਨਾ 1116

2- ਓਹੀ, ਪੰਨਾ 430

3- ਨਾਭਾ, ਭਾਈ ਕਾਨ੍ਹ ਸਿੰਘ, <u>ਮਹਾਨ ਕੋਸ਼</u>, ਪੰਨਾ 532

ਆਪਣੇ ਸਮਕਾਲੀ ਦੌਰ ਵਿਚ ਰਾਜ ਵਲੋ ਧਾਰਮਿਕ ਵਿਤਕਰੇ ਦੇ ਆਧਾਰ ਤੇ, ਗੈਰ ਮੁਸਲਮਾਨਾਂ ਉਪਰ ਲਾਏ ਜਾਂਦੇ ਟੈਕਸ 'ਜੇਜੀਆਂ' ਨੂੰ ਇਕ ਤਰਾਂ ਦਾ ਦੰਡ ਅਰਥਾਤ ਚੱਟੀ ਦਸਿਆ ਹੈ। ਉਹਨਾਂ ਦੇ ਮਤ ਅਨੁਸਾਰ ਧਾਰਮਿਕ ਵਿਤਕਰਿਆਂ ਤੇ ਅਧਾਰਿਤ ਟੈਕਸ ਨਿਸਚਿਤ ਰੂਪ ਵਿਚ ਅਨੁਚਿਤ ਹੈ ਅਤੇ ਉਹ ਐਸੀ ਟੈਕਸਾਂ ਤੋ ਸਮਾਜ ਨੂੰ ਮੁੱਕਤ ਵੇਖਣਾ ਚਾਹੁੰਦੇ ਹਨ।

ਇਸ ਪ੍ਰਕਾਰ ਸਿਖ ਚਿੰਤਨ ਰਾਜ ਦੁਆਰਾ ਟੈਕਸ ਲੈਣ ਦੀ ਵਿਵਸਥਾ ਨੂੰ ਲੋਕ ਕਲਿਆਣ ਦੇ ਕਾਰਜਾਂ ਲਈ ਆਵਸ਼ਕ ਤਾਂ ਮੰਨਦਾ ਹੈ ਪਰ ਉਸ ਅਨੁਸਾਰ ਇਹ ਟੈਕਸ ਵਿਹਾਰਕ ਤੇ ਨਿਆਂ-ਸੰਗਤ ਹੋਣੇ ਚਾਹੀਦੇ ਹਨ ਅਤੇ ਧਰਮ ਤੇ ਹੋਰ ਹਰ ਪ੍ਰਕਾਰ ਦੇ ਵਿਤਕਰਿਆਂ ਤੋ ਮੁੱਕਤ ਹੋਣੇ ਚਾਹੀਦੇ ਹਨ।

## ਰਾਜ ਵਿਚ ਨੈਤਿਕ ਕਦਰਾਂ-ਕੀਮਤਾਂ

ਰਾਜ ਵਿਚੋਂ ਧਰਮ ਦਾ ਅੰਸ਼ ਨਿਕਲ ਜਾਣ ਨਾਲ ਰਾਜ ਵਿਚੋ ਨੈਤਿਕਤਾ ਦਾ ਅੰਤ ਹੋ ਜਾਂਦਾ ਹੈ। ਨੈਤਿਕਤਾ ਦੇ ਅੰਤ ਨਾਲ ਰਾਜ ਪਤਨ ਵਲ ਤੁਰ ਪੈਂਦਾ ਹੈ ਅਤੇ ਇਕ ਐਸੀ ਸਥਿਤੀ ਆ ਜਾਂਦੀ ਹੈ ਕਿ ਰਾਜ ਸੱਤਾ ਜਾਂ ਤਾਂ ਦਰਿੰਦਗੀ ਦੀਆਂ ਹੱਦਾਂ ਟਪ ਜਾਂਦੀ ਹੈ ਜਾਂ ਉਸਦੀ ਬੁਨਿਆਦੀ ਹੋਂਦ ਹੀ ਖਤਮ ਹੋ ਜਾਂਦੀ ਹੈ। ਰਾਜ ਜਾਂ ਤਾਂ ਨਿਰੰਕੁਸ਼ ਹੋ ਜਾਂਦਾ ਹੈ ਜਾਂ ਉਸ ਵਿਚ ਅਰਾਜਕਤਾ ਦੀ ਸਥਿਤੀ ਉਤਪੰਨ ਹੋ ਜਾਂਦੀ ਹੈ। ਅਸਲ ਵਿਚ ਨੈਤਿਕਤਾ ਇਕ ਐਸਾ ਸੰਤੁਲਨ ਹੈ ਜਿਹੜਾ ਇਕ ਪਾਸੇ ਰਾਜ ਨੂੰ ਨਿਰੰਕੁਸ਼ ਹੋਣ ਤੋ ਰੋਕਦਾ ਹੈ ਅਤੇ ਦੂਜੇ ਪਾਸੇ ਪ੍ਰਜਾ ਨੂੰ ਅਰਾਜਕਤਾ ਤੋ। ਨੈਤਿਕ ਕਦਰਾਂ-ਕੀਮਤਾਂ ਦੀ ਬੁਨਿਆਦ ਤੇ ਉਸਰਿਆ ਰਾਜ ਹੀ ਇਕ ਸੰਤੁਲਿਤ ਰਾਜ ਵਿਵਸਥਾ ਦਾ ਪ੍ਰਤੀਪਾਦਨ ਕਰ ਸਕਦਾ ਹੈ।

ਗੁਰੂ ਸਾਹਿਬਾਨ ਨੇ ਆਪਣੇ ਸਮਕਾਲੀ ਰਾਜ ਵਿਚ ਰਾਜ ਅਧਿਕਾਰੀਆਂ ਦੇ ਨੈਤਿਕ ਪੱਧਰ ਤੋ ਨੀਵੇਂ ਆਚਰਣ ਦਾ ਵਿਸਤਾਰ ਨਾਲ ਵਰਣਨ ਕੀਤਾ ਹੈ। ਗੁਰਬਾਣੀ ਅਨੁਸਾਰ ਲੋਭ

ਰਾਜਾ ਹੈ, ਪਾਪ ਵਜੀਰ ਹੈ ਅਤੇ ਝੂਠ ਚੌਧਰੀ ਬਣਿਆ ਹੋਇਆ ਹੈ।[1] ਇਕ ਥਾਂ ਤੇ ਧਰਮ ਤੋਂ ਸਖਣੇ ਰਾਜੇ ਨੂੰ ਕਸਾਈ ਦਸਿਆ ਹੈ।[2] ਇਕ ਹੋਰ ਥਾਂ ਤੇ ਗੁਰਬਾਣੀ ਰਾਜਿਆਂ ਨੂੰ ਹਿੰਸਕ ਸ਼ੇਰ ਦੀ ਤੁਲਨਾ ਦੇਂਦੀ ਹੈ ਅਤੇ ਉਸਦੇ ਅਹਿਲਕਾਰਾਂ ਨੂੰ ਪ੍ਰਜਾ ਦਾ ਲਹੂ ਪੀਣ ਵਾਲੇ ਦਸਦੀ ਹੈ।[3] ਗੁਰੂ ਨਾਨਕ ਸਾਹਿਬ ਅਨੁਸਾਰ ਐਸ਼ ਪ੍ਰਸਤੀ ਨੇ ਰਾਜਿਆਂ ਦੀ ਸੁਰਤ ਹੀ ਗਵਾ ਦਿਤੀ ਹੈ।[4] ਉਹਨਾਂ ਅਨੁਸਾਰ ਰਾਜਾ ਇਨਸਾਫ ਵੀ ਤਾਂ ਹੀ ਕਰਦਾ ਹੈ ਜੇ ਉਸ ਨੂੰ ਦੇਣ ਲਈ ਸਵਾਲੀ ਦੇ ਹਥ ਪੱਲੇ ਕੁਝ ਹੋਵੇ। ਜੇ ਕੋਈ ਨਿਰਾ ਰਬ ਦਾ ਵਾਸਤਾ ਪਾਏ ਤਾਂ ਉਸ ਦੀ ਪੁਕਾਰ ਕੋਈ ਨਹੀਂ ਸੁਣਦਾ।[5] ਭਾਈ ਗੁਰਦਾਸ ਜੀ ਵੀ ਰਾਜੇ ਅਤੇ ਉਸ ਦੇ ਅਧਿਕਾਰੀਆਂ ਦੇ ਅਨੈਤਿਕ ਆਚਰਣ ਦਾ ਖਾਕਾ ਪ੍ਰਸਤੁਤ ਕਰਦਿਆਂ ਦਸਦੇ ਹਨ ਕਿ ਰਾਜੇ ਪਾਪ ਕਮਾਉਂਦੇ ਹਨ ਅਤੇ ਇਸਤਰ੍ਹਾਂ ਲਗਦਾ ਹੈ ਕਿ ਵਾੜ ਹੀ ਖੇਤ ਨੂੰ ਖਾਣ ਲਗ ਪਈ ਹੈ।[6] ਨਿਆਂ ਪ੍ਰਦਾਨ

- - - - - - - - - - - - - - - - - - - - - - - - - - - - - - - - - - -

1- ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ॥

-ਆਦਿ ਗ੍ਰੰਥ, ਪੰਨਾ 468

2- ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥

-ਆਦਿ ਗ੍ਰੰਥ, ਪੰਨਾ 145

3- ਰਾਜੇ ਸੀਹ ਮੁਕਦਮ ਕੁਤੇ॥ ਜਾਇ ਜਗਾਇਨਿ ਬੈਠੇ ਸੁਤੇ॥
ਚਾਕਰ ਨਹਦਾ ਪਾਇਨਿ ਘਾਉ॥ ਰਤੁ ਪਿਤੁ ਕੁਤਿਹੋ ਚਟਿ ਜਾਹੁ॥

-ਆਦਿ ਗ੍ਰੰਥ, ਪੰਨਾ 1288

4- ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ॥

-ਆਦਿ ਗ੍ਰੰਥ, ਪੰਨਾ 417

5- ਰਾਜਾ ਨਿਆਉ ਕਰੇ ਹਥਿ ਹੋਇ॥ ਕਹੈ ਖੁਦਾਇ ਨ ਮਾਨੈ ਕੋਇ॥

-ਆਦਿ ਗ੍ਰੰਥ, ਪੰਨਾ 349

6- ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ॥

-ਵਾਰਾਂ ਭਾਈ ਗੁਰਦਾਸ, ਪੰਨਾ 26

ਕਰਨ ਵਾਲੇ ਰਾਜ ਅਧਿਕਾਰੀ ਰਿਸ਼ਵਤ ਖੋਰ ਹੋ ਗਏ ਹਨ ਅਤੇ ਰਿਸ਼ਵਤ ਲੈ ਕੇ ਪਰਾਇਆ ਹੱਕ ਗਵਾ ਦੇਂਦੇ ਹਨ।[1] ਇਥੋਂ ਤਕ ਕਿ ਸਮਾਜਕ ਰਿਸ਼ਤਿਆਂ ਦੀ ਨੈਤਿਕਤਾ ਵੀ ਖਤਮ ਹੋ ਚੁਕੀ ਹੈ। ਗ੍ਰਹਿਸਤੀ ਜੀਵਨ ਕਸ਼ਟਪੂਰਣ ਹੋ ਗਿਆ ਹੈ, ਇਸਤਰੀ ਅਤੇ ਉਸ ਦੇ ਪਤੀ ਦਾ ਪਿਆਰ ਪੈਸੇ ਦੇ ਪਿਆਰ ਵਿਚ ਬਦਲ ਗਿਆ ਹੈ।[2] ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਨੂੰ ਲਿਖੇ ਪੱਤਰ, ਜਫਰਨਾਮੇ ਵਿਚ ਵੀ ਉਸਦੀ ਪੂਰੀ ਰਾਜ ਵਿਵਸਥਾ ਨੂੰ ਨੈਤਿਕ ਪੱਧਰ ਤੋਂ ਡਿਗਿਆ ਹੋਇਆ ਦਸਿਆ ਹੈ। ਜਿਸ ਰਾਜ ਵਿਚ ਸਚ ਦੀ ਥਾਂ ਤੇ ਝੂਠ ਦਾ ਬੋਲ ਬਾਲਾ ਹੋਵੇ ਉਸਤੇ ਵਿਸ਼ਵਾਸ਼ ਨਹੀਂ ਕੀਤਾ ਜਾ ਸਕਦਾ। ਉਹਨਾਂ ਅਨੁਸਾਰ ਔਰੰਗਜ਼ੇਬ ਦੇ ਦਰਬਾਰ ਦੇ ਬਖਸ਼ੀ ਅਤੇ ਦੀਵਾਨ ਝੂਠੇ ਹਨ ਇਸ ਲਈ ਉਸ ਉਤੇਰਤਾ ਵੀ ਭਰੋਸਾ ਨਹੀਂ ਕੀਤਾ ਜਾ ਸਕਦਾ।[3]

ਸਿਖ ਵਿਚਾਰਧਾਰਾ ਅਨੁਸਾਰ, ਰਾਜਾ, ਉਸਦੇ ਅਧਿਕਾਰੀਆਂ ਅਤੇ ਆਮ ਪ੍ਰਜਾ ਸਾਰਿਆਂ ਲਈ ਨੈਤਿਕ ਕਦਰਾਂ ਕੀਮਤਾਂ ਦੇ ਪਹਿਰੇ ਵਿਚ ਇਕ ਸੰਤੁਲਿਤ ਵਿਅਕਤੀਗਤ ਅਤੇ ਸਮਾਜੀ ਜੀਵਣ ਜੀਉਣਾ ਆਵਸ਼ਕ ਹੈ। ਧਰਮ ਤੋਂ ਉਪਜੇ ਸਤ, ਸੰਤੋਖ, ਦਇਆ, ਸੰਜਮ, ਪਰਉਪਕਾਰ, ਖਿਮਾਂ, ਪ੍ਰੇਮ, ਸੇਵਾ, ਆਦਿ ਨੈਤਿਕ ਗੁਣ ਇਕ ਚੰਗੇ ਸਮਾਜ ਦੀ ਉਸਾਰੀ ਵਿਚ ਬਹੁਤ ਸਹਾਇਕ ਹਨ। ਇਸ ਸਬੰਧ ਵਿਚ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਇਕ ਵੱਡਮੁੱਲਾ ਸਿਧਾਂਤ ਇਹ ਹੈ ਕਿ ਸਚ ਸਭ ਤੋਂ ਉਚਾ ਹੈ ਪਰ ਉਸ ਤੋਂ ਵੀ ਉਚੇਰਾ ਸਚ ਦਾ ਆਚਰਣ ਹੈ -"ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥"[4]

---

1- ਕਾਜੀ ਹੋਏ ਰਿਸ਼ਵਤੀ ਵਢੀ ਲੈ ਕੇ ਹਕ ਗਵਾਈ॥ ਵਾਰਾਂ ਭਾਈ ਗੁਰਦਾਸ, ਪੰਨਾ 26

2- ਇਸਤ੍ਰੀ ਪੁਰਖੈ ਦਾਮ ਹਿਤ ਭਾਵੈ ਆਇ ਕਿਥਾਊ ਜਾਈ॥ ਓਹੀ, ਪੰਨਾ 26

3- ਨ ਕਤਰਹ ਮਰਾ ਐਤਬਾਰਿ ਬਰੋਸਤ॥ਕਿ ਬਖਸ਼ੀ ਵਾ ਦੀਵਾਂ ਹਮਾਹ ਕਿਜ਼ਬ ਗੋਸ਼ਤ॥
- ਦਸਮ ਗ੍ਰੰਥ (ਸੈਂਚੀ ਦੂਜੀ) ਪੰਨਾ 1389

4- ਆਦਿ ਗ੍ਰੰਥ, ਪੰਨਾ 62

ਇਸ ਤਰ੍ਹਾਂ ਸਚ ਦਾ ਆਚਰਣ ਸਭ ਤੋਂ ਉਤਮ ਹੈ ਅਤੇ ਇਹੀ ਨੈਤਿਕ ਆਚਰਣ ਹੈ। ਜਿਹੜਾ ਨੈਤਿਕ ਆਚਰਣ ਮਨੁੱਖੀ ਹਿਤ ਵਲ ਰੁਚਿਤ ਹੈ ਅਤੇ ਸਮਾਜ ਲਈ ਕਲਿਆਣ-ਕਾਰੀ ਹੈ ਉਹ ਰਾਜ ਦੇ ਸੰਦਰਭ ਵਿਚ ਬਹੁਤ ਉਪਯੋਗੀ ਹੈ।

## ਸ਼ਕਤੀ, ਸ਼ਸਤ੍ਰ ਅਤੇ ਯੁਧ ਦਾ ਸੰਕਲਪ

ਸ਼ਕਤੀ ਪ੍ਰਯੋਗ ਬਾਰੇ ਸਿਖ ਚਿੰਤਨ ਦੀ ਸਪਸ਼ਟ ਮਾਨਤਾ ਹੈ ਕਿ ਧਰਮ ਨੂੰ ਨਿਰੋਲ ਸਾਤਵਿਕ ਅਮਲ ਤਕ ਸੀਮਤ ਸਮਝਣਾ ਵਿਵੇਕਪੂਰਣ ਨਹੀਂ। ਧਰਮ ਭਗਤੀ ਅਤੇ ਸ਼ਕਤੀ ਦਾ ਸੰਜੁਗਤ ਨਿਭਾਉ ਹੈ। ਰਾਜ ਵੀ ਜਦੋਂ ਸ਼ਕਤੀਹੀਨ ਹੋ ਜਾਏ, ਬਹੁਤਾ ਸਮਾਂ ਸਾਰਥਿਕ ਹੋਂਦ ਨਹੀਂ ਰਖ ਪਾਂਦੇ। ਸ਼ਕਤੀ ਤੋਂ ਸਖਣੇ ਧਰਮ ਤੇ ਰਾਜ ਅਪਣੀ ਵਿਲਖਣ ਹੋਂਦ ਗਵਾ ਬਹਿੰਦੇ ਹਨ ਅਤੇ ਦੂਜਿਆਂ ਵਿਚ ਅਲੋਪ ਹੋ ਜਾਂਦੇ ਹਨ।

ਗੁਰਬਾਣੀ ਵਿਚ ਇਸ ਸਬੰਧ ਵਿਚ ਇਕ ਮਹੱਤਵਪੂਰਣ ਸਿਧਾਂਤ ਦਾ ਪ੍ਰਤੀਪਾਦਨ ਹੁੰਦਾ ਹੈ। ਗੁਰੂ ਸਾਹਿਬਾਨ ਐਸੀ ਆਦਰਸ਼ ਸਥਿਤੀ ਦੀ ਕਾਮਨਾ ਕਰਦੇ ਹਨ ਜਿਸ ਵਿਚ ਨਾ ਕੋਈ ਕਿਸੇ ਨੂੰ ਭੈ ਦੇਂਦਾ ਹੈ ਅਤੇ ਨਾ ਹੀ ਕੋਈ ਕਿਸੇ ਤੋਂ ਭੈ ਭੀਤ ਹੁੰਦਾ ਹੈ। ਗੁਰੂ ਤੇਗ ਬਹਾਦੁਰ ਦੇ ਸ਼ਬਦਾਂ "ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥"[1] ਦਾ ਇਹ ਸਿਧਾਂਤ ਇਕ ਸ਼ਕਤੀਸ਼ਾਲੀ ਨਿਰਭੈ ਸਮਾਜ ਉਸਾਰਨ ਵਲ ਰੁਚਿਤ ਹੈ।

ਸਿਖ ਪਰੰਪਰਾ ਵਿਚ ਸ਼ਕਤੀ ਦੇ ਪ੍ਰਤੀਕ ਸ਼ਸਤ੍ਰਾਂ ਦਾ ਵੀ ਅਪਣਾ ਵਿਸ਼ੇਸ਼ ਮਹੱਤਵ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਸ਼ਸਤ੍ਰਾਂ ਨੂੰ 'ਪੀਰ' ਕਹਿ ਕੇ ਸਨਮਾਨਿਆ ਹੈ:-

ਅਸ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ॥
ਸੈਫ ਸਰੋਹੀ ਸੈਹਥੀ ਯਹੈ ਹਮਾਰੈ ਪੀਰ॥[2]

---

1- ਆਦਿ ਗ੍ਰੰਥ, ਪੰਨਾ 1426

2- ਦਸਮ ਗ੍ਰੰਥ, (ਸੈਂਚੀ ਦੂਜੀ) ਪੰਨਾ 717

ਤਲਵਾਰ ਦੀ ਅਰਾਧਨਾ ਵਿਚ ਉਚਾਰੀਆਂ ਗੁਰੂ ਗੋਬਿੰਦ ਸਿੰਘ ਜੀ ਦੀਆਂ ਇਹ ਤੁਕਾਂ ਬੇਮਿਸਾਲ ਹਨ:-

ਖਗ ਖੰਡ ਬਿਹੰਡੰ ਖਲ ਦਲ ਖੰਡੰ ਅਤਿ ਰਣ ਮੰਡੰ ਬਰਬੰਡੰ॥
ਭੁਜ ਦੰਡ ਅਖੰਡੰ ਤੇਜ ਪ੍ਰਚੰਡੰ ਜੋਤਿ ਅਮੰਡੰ ਭਾਨ ਪ੍ਰਭੰ॥
ਸੁਖ ਸੰਤਾ ਕਰਣੰ ਦੁਰਮਤਿ ਦਰਣੰ ਕਿਲਬਿਖ ਹਰਣੰ ਅਸ ਸਰਣੰ॥
ਜੈ ਜੈ ਜਗ ਕਾਰਣ ਸ੍ਰਿਸਟ ਉਬਾਰਣ ਮਮ ਪ੍ਰਤਿਪਾਰਣ ਜੈ ਤੇਗੰ॥[1]

ਦਸਮ ਗ੍ਰੰਥ ਵਿਚ ਅਕਾਲ ਪੁਰਖ ਨੂੰ ਸ਼ਸਤਰਧਾਰੀ ਰੂਪ ਵਿਚ ਮੂਰਤੀਮਾਨ ਕਰਦਿਆਂ 'ਸਸਤ੍ਰਪਾਣੇ', 'ਅਸਤ੍ਰ ਮਾਣੇ', 'ਸ੍ਰੀ ਸਾਹਿਬ ਸ੍ਰੀ', 'ਖੜਗ ਪਾਣੇ', 'ਸ੍ਰੀ ਅਸਪਾਨ' ਆਦਿ ਨਾਵਾਂ ਨਾਲ ਪੁਕਾਰਿਆ ਗਿਆ ਹੈ।[2] ਕਬਯੋ ਬਾਚ ਬੇਨਤੀ ਚੌਪਈ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਪੁਰਖ ਨੂੰ 'ਸ੍ਰੀ ਅਸਿਧੁਜ'[3] ਅਤੇ 'ਖੜਗ ਕੇਤ'[4] ਕਹਿ ਕੇ ਸੰਬੋਧਿਤ ਕੀਤਾ ਹੈ। ਬਹੁਤ ਸਾਰੇ ਸ਼ਸਤ੍ਰਾਂ ਦੇ ਨਾਮ ਗਿਣ ਕੇ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ ਕਿ ਜਿਤਨੇ ਪ੍ਰਕਾਰ ਦੇ ਵੀ ਅਸਤ੍ਰ-ਸ਼ਸਤ੍ਰ ਹਨ, ਮੈਂ ਉਹਨਾਂ ਨੂੰ ਨਮਸਕਾਰ ਕਰਦਾ ਹਾਂ:-

ਨਮੋ ਤੀਰ ਤੋਪੰ॥ ਜਿਨੈ ਸਤ੍ਰੁ ਘੋਪੰ॥
ਨਮੋ ਸੈਫ ਪੱਟੰ॥ ਜਿਨੈ ਦੁਸ਼ਟ ਦੱਟੰ॥
ਜਿਤੇ ਸਸਤ੍ਰ ਨਾਮੰ॥ ਨਮਸਕਾਰ ਤਾਮੰ॥
ਜਿਤੇ ਅਸਤ੍ਰ ਭੇਯੰ॥ ਨਮਸਕਾਰ ਤੇਯੰ॥[5]

---

1- ਦਸਮ ਗ੍ਰੰਥ,(ਸੈਂਚੀ ਪਹਿਲੀ)ਪੰਨਾ 39

2- ਓਹੀ, ਪੰਨਾ 3,14,39,254

3- ਸ੍ਰੀ ਅਸਿਧੁਜ ਜੂ ਕਰਿਯਹੁ ਰੱਛਾ॥ -ਦਸਮ ਗ੍ਰੰਥ,(ਸੈਂਚੀ ਦੂਜੀ);ਪੰਨਾ 1386

4- ਖੜਗ ਕੇਤ ਮੈ ਸਰਨਿ ਤਿਹਾਰੀ॥ ਓਹੀ, ਪੰਨਾ 1388

5- ਦਸਮ ਗ੍ਰੰਥ,(ਸੈਂਚੀ ਪਹਿਲੀ) ਪੰਨਾ 45

ਸ਼ਸਤ੍ਰ ਰਾਜ-ਸ਼ਕਤੀ ਦਾ ਪ੍ਰਗਟਾਵਾ ਕਰਨ ਵਾਲੇ ਚਿਹਨ ਹਨ ਅਤੇ ਸ਼ਸਤ੍ਰਧਾਰੀ ਫੌਜ ਰਾਜ ਦਾ ਇਕ ਆਵਸ਼ਕ ਅੰਗ ਹੁੰਦੀ ਹੈ। ਗੁਰ ਪ੍ਰਤਾਪ ਸੂਰਜ ਗ੍ਰੰਥ ਨੇ ਇਸ ਵਾਸਤਵਿਕਤਾ ਨੂੰ ਬੋਲਾਂ ਵਿਚ ਬੰਨਿਆ ਹੈ। ਇਸ ਗ੍ਰੰਥ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਉਪਦੇਸ਼ ਕਰਦਿਆਂ ਦਸਿਆ ਹੈ ਕਿ ਰਾਜ ਸ਼ਸਤ੍ਰਾਂ ਦੇ ਅਧੀਨ ਹੁੰਦਾ ਹੈ ਅਤੇ ਸ਼ਸਤ੍ਰਹੀਨ ਰਾਜ ਅਪਣੇ ਕਾਰਜਾਂ ਦਾ ਨਿਰਵਾਹ ਵਿਚ ਕਰਨ ਵਿਚ ਅਸਮਰਥ ਹੁੰਦਾ ਹੈ। ਇਸ ਲਈ ਖਾਲਸੇ ਨੂੰ ਸ਼ਸਤ੍ਰਧਾਰੀ ਹੋਣਾ ਚਾਹੀਦਾ ਹੈ।ਗੁਰੂ ਸਾਹਿਬ ਨੇ ਤਾਕੀਦ ਕੀਤੀ ਹੈ ਕਿ ਉਹਨਾਂ ਦੀ ਖੁਸ਼ੀ ਤਾਂ ਖਾਲਸੇ ਨੂੰ ਪ੍ਰਾਪਤ ਹੋ ਸਕਦੀ ਹੈ ਜੇ ਖਾਲਸਾ ਸੁਚੇਤ ਹੋਕੇ ਸ਼ਸਤ੍ਰਧਾਰੀ ਰੂਪ ਵਿਚ ਉਹਨਾਂ ਦੇ ਸਨਮੁਖ ਆਵੇ:-

ਸ਼ਸਤ੍ਰਨਿ ਕੇ ਅਧੀਨ ਹੈ ਰਾਜ।ਜੋ ਨ ਧਰਹਿ ਤਿਸ ਬਿਗਰਤਿ ਕਾਜ।
ਯਾਂ ਤੇ ਸਰਬ ਖਾਲਸਾ ਸੁਨੀਅਹਿ।ਆਯੁਧ ਧਰਿਬੋ ਉਤਮ ਗੁਨੀਅਹਿ।
ਜਬਿ ਹਮਰੇ ਦਰਸ਼ਨ ਕੋ ਆਵਹੁ।ਬਨਿ ਸੁਚੇਤ ਤਨ ਸ਼ਸਤ੍ਰ ਸਜਾਵਹੁ।
ਕਮਰਕਸਾ ਕਰਿ ਦੇਹੁ ਦਿਖਾਈ। ਹਮਰੀ ਖੁਸ਼ੀ ਹੋਇ ਅਧਿਕਾਈ।[1]

ਪਰ ਸ਼ਸਤ੍ਰਾਂ ਦਾ ਪ੍ਰਯੋਗ ਕਦੋਂ ਕਰਨਾ ਚਾਹੀਦਾ ਹੈ? ਇਹ ਇਕ ਅਹਿਮ ਪ੍ਰਸ਼ਨ ਹੈ ਅਤੇ ਸਿਖ ਚਿੰਤਨ ਇਸ ਸਬੰਧ ਵਿਚ ਬਹੁਤ ਸਪਸ਼ਟ ਹੈ। ਜ਼ਫ਼ਰਨਾਮੇ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਇਹ ਲਿਖਤ ਕਿ 'ਜਦੋਂ ਸਾਰੇ ਹੀਲੇ ਬੇਕਾਰ ਸਾਬਤ ਹੋ ਜਾਣ ਓਦੋਂ ਸ਼ਮਸ਼ੀਰ ਦਾ ਪ੍ਰਯੋਗ ਉਚਿਤ ਹੈ', ਸਿਖੀ ਦੇ ਮੁਢਲੇ ਸਿਧਾਂਤ ਦਾ ਪ੍ਰਤੀਪਾਦਨ ਕਰਦਾ ਹੈ:-

ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ॥
ਹਲਾਲ ਅਸਤੁ ਬੁਰਦਨ ਬ ਸ਼ਮਸ਼ੇਰ ਦਸਤ॥[2]

---

1- ਭਾਈ ਸੰਤੋਖ ਸਿੰਘ, ਗੁਰ ਪ੍ਰਤਾਪ ਸੂਰਜ ਗ੍ਰੰਥ, (ਜਿਲਦ 12) ਪੰਨਾ 5057

2- ਜ਼ਫ਼ਰਨਾਮਾ, ਦਸਮ ਗ੍ਰੰਥ, (ਸੈਂਚੀ ਦੂਜੀ) ਪੰਨਾ 1390

ਪ੍ਰੇਮ ਸੁਮਾਰਗ ਗ੍ਰੰਥ ਵਿਚੋਂ ਵੀ ਸ਼ਸਤਰਾਂ ਦੇ ਪਰਯੋਗ ਤੇ ਸਬੰਧ ਵਿਚ ਇਸੇ ਤਰ੍ਹਾਂ ਦੀ ਹਿਦਾਇਤ ਦਾ ਜਿਕਰ ਪ੍ਰਾਪਤ ਹੁੰਦਾ ਹੈ:-

"ਅਰੁ ਸਿੰਘ ਹੋਇ ਕਰਿ ਹਥਿਆਰ ਅਪਸ ਤੇ ਜੁਦਾ ਨ ਕਰੈ।------
ਅਰੁ ਕਦਾਚ ਜਾਵੈ, ਜੇ ਕੋਈ ਦੁਸਟੁ ਖੜਾ ਹੈ, ਪਿੱਛਾ ਛਡਦਾ ਨਾਹੀ।
ਅਰੁ ਧਰਮ ਉਪਰਿ, ਅਰੁ ਅਪਣੀ ਗਰੀਬੀ ਅਬਰੋਈ ਊਪਰਿ ਆਇ
ਬਣੀ ਹੈ। ਅਰੁ ਜਬ ਜਾਣੈ ਜੋ ਕਿਸੀ ਸਬਬੁ ਰਹਂਦਾ ਨਾਹੀ; ਤਾਂ
ਓੜਕ ਨੂੰ ਹਥਿਆਰ ਕਰੈ।"[1]

ਇਤਿਹਾਸਕ ਲਿਖਤਾਂ ਵਿਚ ਸ਼ਸਤਰਾਂ ਦੇ ਪਰਯੋਗ ਨੂੰ ਧਰਮ ਤੇ ਬੁਨਿਆਦੀ ਅਸੂਲਾਂ ਦਾ ਅਨੁਸਾਰੀ ਬਣਾਇਆ ਗਿਆ ਹੈ। ਵਖ ਵਖ ਇਤਿਹਾਸਕ ਲਿਖਤਾਂ ਨੇ ਸ਼ਸਤ੍ਰਾਂ ਦੇ ਉਚਿਤ ਪਰਯੋਗ ਨੂੰ ਨਿਸਚਿਤ ਬਣਾਉਣ ਲਈ ਉਹਨਾਂ ਨੂੰ ਧਰਮ ਅਤੇ ਅਧਿਆਤਮ ਨਾਲ ਜੋੜਿਆ ਹੈ। ਹੇਠਲੇ ਉਦਾਹਰਣ ਇਸ ਤਥ ਦੀ ਪ੍ਰੋੜਤਾ ਕਰਦੇ ਹਨ:-

ੳ) ਸਸਤ੍ਰ ਮੇਲ ਗੁਰਸਬਦ ਸੋ ਕੇਸਨ ਸਦ ਪ੍ਰੇਮ।
ਕਰਦ ਰਾਖਨੀ ਪੰਚ ਏ, ਤਜੈ ਨ ਕਬਹੀ ਨੇਮ।[2]

ਅ) ਸਸਤ੍ਰਧਾਰੀ ਹੋਵੇਗਾ ਗੁਰੂ ਕਾ ਪੰਥ।
ਗੁਰੂ ਕੇ ਸਿਖ ਚਲਨਗੇ ਮਥੇ ਗ੍ਰੰਥ।[3]

ੲ) ਮੁਕਤ ਮਿਲਨ ਕੇ ਸਾਧਨ ਦੋਈ।
ਭਗਤ ਪ੍ਰਭੂ ਕੈ ਤੇਗ ਗਹੋਈ।[4]

---

1- ਰਣਧੀਰ ਸਿੰਘ, (ਸੰਪਾਦਕ) ਪ੍ਰੇਮ ਸੁਮਾਰਗ ਗ੍ਰੰਥ, ਪੰਨਾ 11

2- ਕੁਇਰ ਸਿੰਘ, ਗੁਰ ਬਿਲਾਸ ਪਾਤਸ਼ਾਹੀ 10, ਪੰਨਾ 130

3- ਛਿਬਰ, ਕੇਸਰ ਸਿੰਘ, ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ, ਪੰਨਾ 143

4- ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼, ਪੰਨਾ 225

ਯੁਧ ਦਾ ਵੀ ਸਿਖ ਚਿੰਤਨ ਵਿਚ ਅਪਣਾ ਨਿਵੇਕਲਾ ਸੰਕਲਪ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਬਾਣੀ ਵਿਚ ਯੁਧ ਕਰਨ ਅਤੇ ਯੁਧ-ਭੂਮੀ ਵਿਚ ਜੂਝ ਮਰਨ ਦੀ ਕਾਮਨਾ ਦਾ ਪ੍ਰਗਟਾਵਾ ਕਈ ਥਾਈ ਕੀਤਾ ਹੈ:-

ੳ) ਧੰਨ ਜੀਓ ਤਿਹ ਕੋ ਜਗ ਮੈ
ਮੁਖ ਤੇ ਹਰਿ ਚਿੱਤਮੇ ਜੁਧ ਬਿਚਾਰੈ॥[1]

ਅ) ਜਬ ਆਵ ਕੀ ਅਉਧ ਨਿਧਾਨ ਬਨੈ
ਅਤ ਹੀ ਰਨ ਮੈ ਤਬ ਜੂਝ ਮਰੋ॥[2]

ੲ) ਸਸਤ੍ਰਨ ਸਿਓ ਅਤਿ ਹੀ ਰਨ ਭੀਤਰ
ਜੂਝ ਮਰੋ ਤਉ ਸਾਚ ਪਤੀਜੈ॥[3]

ਸਿਖ ਪਰੰਪਰਾ ਵਿਚ ਯੁਧ ਨੂੰ ਧਰਮ ਨਾਲ ਜੋੜਿਆ ਗਿਆ ਹੈ ਅਤੇ ਉਸ ਨੂੰ 'ਧਰਮ ਯੁਧ' ਦਾ ਨਾਂ ਦਿਤਾ ਗਿਆ ਹੈ। ਸ਼ਸਤ੍ਰ ਧਾਰਣ ਕਰਕੇ ਯੁਧ-ਭੂਮੀ ਵਿਚ ਉਤਰਨਾ ਖਾਸ ਪਰਿਸਥਿਤੀਆਂ ਵਿਚ ਹੀ ਉਚਿਤ ਕਰਾਰ ਦਿਤਾ ਗਿਆ ਹੈ। ਸਿਖ ਚਿੰਤਨ ਵਿਚ ਪ੍ਰਾਥਮਿਕਤਾ ਸਾਂਤੀ ਪੂਰਣ ਵਸੀਲਿਆਂ ਨੂੰ ਦਿਤੀ ਗਈ ਹੈ। ਪਰ ਜਦੋਂ ਸਾਰੇ ਸਾਂਤੀਪੂਰਣ ਵਸੀਲੇ ਕਾਰਗਰ ਸਾਬਤ ਨ ਹੋਣ ਤਾਂ ਯੁਧ ਧਰਮ-ਸੰਗਤ ਹੈ। ਆਪਣੇ ਸਮਕਾਲੀ ਰਾਜ ਦੇ ਨਿਰੰਕੁਸ਼ ਵਤੀਰੇ ਦੇ ਵਿਰੋਧ ਵਿਚ ਗੁਰੂ-ਪਰੰਪਰਾ ਨੇ ਇਸੇ ਸਿਧਾਂਤ ਨੂੰ ਵਿਹਾਰ ਦਾ ਰੂਪ ਦਿਤਾ ਹੈ। ਪਹਿਲਾਂ ਗੁਰੂ ਸਾਹਿਬਾਨ ਨੇ ਸਾਂਤੀਪੂਰਣ ਵਸੀਲਿਆਂ ਨਾਲ ਤੱਤਕਾਲੀਨ ਰਾਜ ਵਿਚ ਬਦਲਾਵ ਲਿਆਉਣ ਲਈ ਭਰਪੂਰ ਜਤਨ ਕੀਤਾ ਪਰ ਜਦੋਂ ਇਹਨਾਂ ਵਸੀਲਿਆਂ ਨਾਲ

---

1- ਦਸਮ ਗ੍ਰੰਥ (ਸੈਂਚੀ ਪਹਿਲੀ), ਪੰਨਾ 570

2- ਓਹੀ, ਪੰਨਾ 99

3- ਓਹੀ, ਪੰਨਾ 495

ਉਚਿਤ ਪਰਿਣਾਮ ਪ੍ਰਾਪਤ ਨਹੀਂ ਹੋਏ ਤਾਂ ਗੁਰੂ ਪਰੰਪਰਾ ਨੂੰ 'ਧਰਮ ਯੁਧ' ਕਰਨਾ ਪਿਆ। ਸਪਸ਼ਟ ਹੈ ਕਿ ਧਰਮ ਯੁਧ ਦਾ ਉਦੇਸ਼ ਕੋਈ ਵਿਅਕਤੀਗਤ ਪ੍ਰਾਪਤੀ ਨਹੀਂ ਸਗੋਂ ਧਰਮ ਦੀਆਂ ਕਦਰਾਂ ਦਾ ਪੁਨਰ-ਸਥਾਪਨ ਹੁੰਦਾ ਹੈ। ਦਸਮ ਗ੍ਰੰਥ ਦਾ ਇਹ ਵਾਕ ਇਸੇ ਤਥ ਨੂੰ ਦ੍ਰਿੜਾਉਂਦਾ ਹੈ:-

ਅਵਰ ਬਾਸਨਾ ਨਾਹਿ ਪ੍ਰਭ ਧਰਮ ਜੁੱਧ ਕੋ ਚਾਇ॥[1]

ਅਸਲ ਵਿਚ ਸਿਖ ਚਿੰਤਨ ਯੁਧ ਭੂਮੀ ਵਿਚ ਸ਼ਸਤ੍ਰਾਂ ਦੇ ਪਰਯੋਗ ਦੇ ਸਬੰਧ ਵਿਚ 'ਸਾਧ ਤੇ ਸਾਧਨ' (Ends and Means) ਦੋਹਾਂ ਦੀ ਸ਼ੁੱਧਤਾ ਕਾਇਮ ਰਖਣ ਦਾ ਸਿਧਾਂਤ ਦੇਂਦਾ ਹੈ। ਉਦੇਸ਼ ਦੇ ਪੱਖੋਂ ਸਿਖ ਪਰੰਪਰਾ ਦੂਜੇ ਨੂੰ ਭੈ ਦੇਣ ਜਾਂ ਆਪਣੇ ਸਵਾਰਥੀ ਵਿਅਕਤੀ ਹਿੱਤਾਂ ਲਈ ਸ਼ਸਤ੍ਰ-ਪਰਯੋਗ ਦੇ ਵਿਰੁਧ ਹੈ ਅਤੇ ਸਿਰਫ ਧਰਮ ਲਈ 'ਧਰਮ ਯੁਧ' ਵਿਚ ਸ਼ਸਤ੍ਰਾਂ ਦੇ ਪਰਯੋਗ ਦੀ ਇਜਾਜ਼ਤ ਦੇਂਦੀ ਹੈ। ਸਾਧਨ ਦੇ ਰੂਪ ਵਿਚ ਯੁਧ-ਭੂਮੀ ਵਿਚ ਸ਼ਸਤ੍ਰਾਂ ਦੀ ਵਰਤੋਂ ਸਮੇਂ ਗੁਰੂ ਸਾਹਿਬ ਨੇ ਕੁਛ ਐਸੇ ਮੁੱਢਲੇ ਅਸੂਲ ਕਾਇਮ ਕੀਤੇ ਹਨ ਜਿਹਨਾਂ ਦੇ ਪਿਛੋਕੜ ਵਿਚ ਮਨੁੱਖੀ ਭਾਵਨਾ ਤੇ ਸਮਾਜੀ ਕਦਰਾਂ ਕੀਮਤਾਂ ਦੀ ਝਲਕ ਪ੍ਰਤੱਖ ਹੈ।

ਕਵਿ ਸੋਹਨ ਨੇ ਆਪਣੇ ਗੁਰ ਬਿਲਾਸ ਵਿਚ ਗੁਰੂ ਹਰਗੋਬਿੰਦ ਸਾਹਿਬ ਅਤੇ ਪੈਂਦੇ ਖਾਂ ਵਿਚਕਾਰ ਯੁਧ ਦਾ ਜਿਕਰ ਕਰਦਿਆਂ ਕੁਛ ਐਸੇ ਦ੍ਰਿਸ਼ਾਂ ਦਾ ਵਰਣਨ ਕੀਤਾ ਹੈ ਜਿਹਨਾਂ ਵਿਚੋਂ ਯੁਧ ਦੀ ਨੈਤਿਕਤਾ ਦਾ ਪ੍ਰਤੀਪਾਦਨ ਹੁੰਦਾ ਹੈ। ਪੈਂਦੇ ਖਾਂ ਦੇ ਤਿੰਨੇ ਵਾਰ ਵਿਅਰਥ ਚਲੇ ਗਏ ਸਨ ਅਤੇ ਜਵਾਬ ਵਿਚ ਗੁਰੂ ਸਾਹਿਬ ਦੇ ਇਕੋ ਵਾਰ ਨਾਲ ਪੈਂਦੇ ਖਾਂ ਧਰਤੀ ਤੇ ਡਿਗ ਪਿਆ ਸੀ। ਇਸ ਸਥਿਤੀ ਵਿਚ ਗੁਰੂ ਸਾਹਿਬ ਨੇ ਯੁਧ ਦੀ ਨੈਤਿਕਤਾ ਨੂੰ ਨਿਭਾਉਂਦਿਆਂ ਪੈਂਦੇ ਖਾਂ ਦੇ ਸਰੀਰ ਦੀ ਪੂਰੀ ਸੰਭਾਲ ਕੀਤੀ ਜਿਸਦਾ ਵਿਸਤ੍ਰਿਤ ਜਿਕਰ ਕਵੀ ਨੇ ਇਸ ਪ੍ਰਕਾਰ ਕੀਤਾ ਹੈ:-

---

1- ਦਸਮ ਗ੍ਰੰਥ, (ਸੈਂਚੀ ਪਹਿਲੀ) ਪੰਨਾ 570

ਕਹਾ ਗੁਰੂ ਕਲਮਾ ਪੜੇ ਪੈਦਾ ਗਿਰਤ ਅਲਾਇ।

ਹੇ ਗੁਰ ਮਿਲੀ ਸੁ ਤੇਗ ਤੁਮ ਕਲਮਾ ਰੂਪ ਸਹਾਇ।

ਐਸ ਸੁਨਤ ਮਨ ਮੋਹ ਉਪਜਾਯੋ।

ਸ੍ਰੀ ਗੁਰੂ ਨੈਨ ਨੀਰ ਬਹਿ ਆਯੋ।

ਛਾਯਾ ਕਰੀ ਢਾਲ ਕੇ ਸਾਥ।

ਗੁਰੁ ਸਮ ਕੋਇ ਨਾ ਦੀਨਾ ਨਾਥ।

ਤਾਂਹਿ ਦ੍ਰਿਗਨ ਤੇ ਜੋਤ ਨਿਕਾਸੀ।

ਦਯਾ ਸਿੰਘ ਦੇ ਮੁਖ ਮੈ ਬਾਸੀ।

ਜਲ ਕਾਸ਼ਟ ਪਾਲਯੋ ਨਿਜ ਜਾਨ।

ਬੋਰਤ ਨਾਹ ਘਨੋ ਹਿਤ ਠਾਨ।

ਤੈਸੇ ਗੁਰੂ ਛਾਯਾ ਕਰੀ ਅਪਨੇ ਰੂਪ ਸਮਾਇ।

ਨਿਜ ਆਸੂੰ ਮੁਖ ਧੋਇ ਤਿਹ ਨਾਮ ਕਰਨ ਸਮ ਗਾਇ।[1]

ਭਾਈ ਘਨੱਈਯੇ ਨੇ ਸ਼ਾਹੀ ਫੌਜਾਂ ਵਿਰੁਧ ਅਨੰਦਪੁਰ ਦੇ ਜੰਗ ਵਿਚ ਦਸਮੇਸ਼ ਜੀ ਦੀ ਸੇਵਾ ਕਰਦਿਆਂ ਜਿਸਤਰਾਂ ਬਿਨਾਂ ਵਿਤਕਰੇ ਦੇ ਸਾਂਝੀਵਾਲਤਾ ਦੀ ਭਾਵਨਾ ਅਧੀਨ ਹਰ ਜ਼ਖ਼ਮੀ ਦੀ ਸੇਵਾ ਕੀਤੀ, ਵੈਰੀਆਂ ਨੂੰ ਵੀ ਪਾਣੀ ਪਿਲਾਇਆ,[2] ਉਹ ਗੁਰੂ ਪਰੰਪਰਾ ਵਲੋਂ ਨਿਸ਼ਚਿਤ ਯੁਧ ਦੇ ਸਿਧਾਂਤਾਂ ਦਾ ਪ੍ਰਤੱਖ ਵਿਹਾਰਕ ਰੂਪ ਸੀ। ਕਾਜ਼ੀ ਨੂਰ ਮੁਹੰਮਦ ਵੀ, ਜਿਹੜਾ ਅਹਿਮਦਸ਼ਾਹ ਦੁਰਾਨੀ ਨਾਲ ਅਠਾਰਵੀਂ ਸਦੀ ਦੇ ਮੱਧ ਵਿਚ ਭਾਰਤ ਆਇਆ ਸੀ, ਸਿਖ ਫੌਜ ਵਲੋਂ ਯੁਧ ਭੂਮੀ ਵਿਚ ਨਿਭਾਏ ਜਾਂਦੇ ਮਨੁੱਖੀ ਅਤੇ ਨੈਤਿਕ ਅਸੂਲਾਂ ਬਾਰੇ ਲਿਖਣ ਤੋਂ ਸੰਕੋਚ

---

1- ਕਵਿ ਸੋਹਨ ਜੀ, ਗੁਰ ਬਿਲਾਸ ਪਾਤਸ਼ਾਹੀ 6, ਪੰਨਾ 457-458

2- ਨਾਭਾ, ਭਾਈ ਕਾਨ੍ਹ ਸਿੰਘ, ਮਹਾਨ ਕੋਸ਼, ਪੰਨਾ 294

ਨਹੀਂ ਕਰ ਸਕਿਆ। ਆਪਣੀ ਸਾਰੀ ਕਿਤਾਬ ਵਿਚ ਸਿਖਾਂ ਨੂੰ ਨਫਰਤ ਨਾਲ 'ਸਗ' ਕਹਿਣ ਵਾਲੇ ਨੂੰ ਵੀ ਅੰਤ ਵਿਚ 'ਬਹਾਦੁਰ ਸ਼ੇਰ' ਕਹਿਣ ਲਈ ਮਜਬੂਰ ਹੋਣਾ ਪਿਆ। ਕਾਜੀ ਨੂਰ ਮੁਹੰਮਦ ਨੇ ਆਪਣੀ ਪੁਸਤਕ ਵਿਚ ਸਿਖ ਫੌਜ ਦੇ ਨੈਤਿਕ ਕਿਰਦਾਰ ਦਾ ਜਿਕਰ ਕਰਦਿਆਂ ਵਿਸ਼ੇਸ਼ ਤੌਰ ਤੇ ਕਿਹਾ ਹੈ ਕਿ ਜੰਗ ਵਿਚ ਬਹਾਦੁਰੀ ਤੋਂ ਇਲਾਵਾ, ਸਿਖ ਕਦੇ ਜੰਗ ਤੋਂ ਭਜੇ ਦੁਸ਼ਮਣ ਜਾਂ ਕਾਇਰ ਉਤੇ ਵਾਰ ਨਹੀਂ ਕਰਦੇ। ਔਰਤ ਚਾਹੇ ਰਾਣੀ ਹੋਵੇ ਜਾਂ ਗੁਲਾਮ, ਉਸ ਨੂੰ ਨਹੀਂ ਲੁਟਦੇ ਅਤੇ ਨਾ ਹੀ ਉਨ੍ਹਾਂ ਵਲ ਮੈਲੀ ਨਿਗਾਹ ਰਖਦੇ ਹਨ। ਨਾ ਹੀ ਇਹ ਚੋਰ ਹਨ ਅਤੇ ਨਾ ਇਹ ਚੋਰਾਂ ਤੇ ਬਦਇਖਲਾਕਾਂ ਦਾ ਸਾਥ ਰਖਦੇ ਹਨ।[1]

ਇਸ ਪ੍ਰਕਾਰ ਸ਼ਕਤੀ ਅਤੇ ਸ਼ਸਤ੍ਰਾਂ ਦੇ ਪਰਯੋਗ ਦੇ ਸਬੰਧ ਵਿਚ ਸਿਖ ਚਿੰਤਨ ਨੇ ਇਕ ਸੰਤੁਲਿਤ ਸਿਧਾਂਤ ਦਾ ਪ੍ਰਤੀਪਾਦਨ ਕੀਤਾ ਹੈ। ਸਾਧ ਅਤੇ ਸਾਧਨ ( Ends and Means )ਦੋਹਾਂ ਦੀ ਸੁੱਚਤਾ ਇਸ ਸਿਧਾਂਤ ਦੇ ਵਿਸ਼ੇਸ਼ ਗੁਣ ਹਨ। ਰਾਜ ਕਰਨ ਵਾਲਿਆਂ ਅਤੇ ਰਾਜ ਅਧੀਨ ਪ੍ਰਜਾ ਦੋਹਾਂ ਲਈ ਸ਼ਕਤੀ ਅਤੇ ਸ਼ਸਤ੍ਰਾਂ ਦਾ ਪਰਯੋਗ ਸਮੁੱਚੇ ਸਮਾਜੀ ਹਿਤ ਲਈ ਹੀ ਉਚਿਤ ਹੈ ਅਤੇ ਇਹਨਾਂ ਦਾ ਪਰਯੋਗ ਬਾਕੀ ਸਾਰੇ ਹੀਲਿਆਂ ਦੇ ਅਸਫਲ ਹੋਣ ਤੇ ਹੀ ਕੀਤਾ ਜਾ ਸਕਦਾ ਹੈ। ਗੁਰੂ ਸਾਹਿਬਾਨ ਦੇ ਸਮਕਾਲੀਨ ਰਾਜ ਦੇ ਅਧਿਐਨ ਤੋਂ ਸਪਸ਼ਟ ਹੈ ਕਿ ਰਾਜ-ਅਧਿਕਾਰੀ ਆਪਣੀ ਸ਼ਕਤੀ ਅਤੇ ਸ਼ਸਤ੍ਰਾਂ ਦਾ ਪਰਯੋਗ ਸਮਾਜੀ ਹਿਤ ਦੀ ਅਵਹੇਲਨਾ ਕਰਕੇ ਆਪਣੇ ਸਵਾਰਥੀ ਹਿਤਾਂ ਦੀ ਪੂਰਤੀ ਲਈ ਕਰ ਰਹੇ ਸਨ। ਪਰ ਗੁਰੂ-ਪਰੰਪਰਾ ਨੇ ਸ਼ਕਤੀ ਤੇ ਸ਼ਸਤ੍ਰਾਂ ਦਾ ਪਰਯੋਗ ਸਮਾਜੀ ਹਿਤ ਲਈ ਕੀਤਾ ਅਤੇ ਲੋਕਾਂ ਨੂੰ ਵੀ ਹਥਿਆਰਬੰਦ ਘੋਲ ਲਈ ਤਿਆਰ ਕੀਤਾ। ਇਹ ਵੀ ਸਪਸ਼ਟ ਹੈ ਕਿ ਯੁਧ ਭੂਮੀ ਵਿਚ ਸ਼ਸਤ੍ਰਾਂ ਦੇ ਪਰਯੋਗ ਤੋਂ ਪਹਿਲਾਂ ਗੁਰੂ ਪਰੰਪਰਾ ਨੇ ਸ਼ਾਂਤੀ ਪੂਰਣ ਸਾਧਨਾਂ ਰਾਹੀ ਤੱਤਕਾਲੀਨ ਰਾਜ ਦੇ ਨਿਰੰਕੁਸ਼

---

1- Gupta, Hari Ram, Soldierly Traditions of the Sikhs, (Macauliffe Memorial Lecture)-P21-22

ਵਤੀਰੇ ਵਿਚ ਬਦਲਾਵ ਲਿਆਉਣ ਦਾ ਪੂਰਾ ਜਤਨ ਕੀਤਾ ਅਤੇ ਇਸ ਜਤਨ ਦੌਰਾਨ ਗੁਰੂ ਅਰਜਨ ਦੇਵ ਨੂੰ ਅਪਣੇ ਸਰੀਰ ਦਾ ਬਲੀਦਾਨ ਵੀ ਦੇਣਾ ਪਿਆ। ਪਰ ਜਦੋਂ ਸਾਰੇ ਸ਼ਾਂਤੀ ਪੂਰਣ ਵਸੀਲੇ ਅਸਫਲ ਸਿੱਧ ਹੋ ਗਏ ਓਦੋਂ ਹੀ ਸ਼ਸਤ੍ਰਾਂ ਦਾ ਪਰਯੋਗ ਗੁਰੂ ਪਰੰਪਰਾ ਨੇ ਅੰਤਿਮ ਵਸੀਲੇ ਵਜੋਂ ਕੀਤਾ। ਇਸੇ ਉਪਰੋਕਤ ਵਿਆਖਿਆ ਦੇ ਆਧਾਰ ਤੇ ਸਿਖ ਪਰੰਪਰਾ ਪ੍ਰਜਾ ਨੂੰ ਨਿਰੰਕੁਸ਼ ਰਾਜ ਦਾ ਵਿਰੋਧ ਕਰਨ ਲਈ ਅੰਤਿਮ ਵਸੀਲੇ ਵਜੋਂ ਸ਼ਸਤ੍ਰਧਾਰੀ ਬਣ ਕੇ ਹਥਿਆਰ ਬੰਦ ਘੋਲ ਦਾ ਅਧਿਕਾਰ ਪ੍ਰਦਾਨ ਕਰਦੀ ਹੈ।

<u>ਗਿਆਨਵਾਨ ਪ੍ਰਜਾ ਦਾ ਸੰਕਲਪ</u>

ਸਿਖ ਧਰਮ ਗ੍ਰੰਥਾਂ ਅਤੇ ਇਤਿਹਾਸਕ ਲਿਖਤਾਂ ਤੇ ਆਧਾਰਿਤ ਰਾਜ ਦੇ ਸੰਕਲਪ ਵਿਚ ਪ੍ਰਜਾ ਦਾ ਗਿਆਨਵਾਨ ਹੋਣਾ ਵੀ ਅਤਿ ਆਵਸ਼ੁਕ ਹੈ। ਗਿਆਨਵਾਨ ਪ੍ਰਜਾ ਹੀ ਰਾਜ ਨੂੰ ਉਸਦੇ ਉਦੇਸ਼ ਦੀ ਪ੍ਰਾਪਤੀ ਵਿਚ ਸਹਾਇਕ ਹੋ ਸਕਦੀ ਹੈ। ਰਾਜਨੀਤੀ ਸ਼ਾਸਤਰ ਵਿਚ ਜਨਸੰਖਿਆ ਨੂੰ ਰਾਜ ਦਾ ਇਕ ਆਵਸ਼ੁਕ ਤੱਤ ਮੰਨਿਆ ਗਿਆ ਹੈ ਪਰ ਸਿਖ ਵਿਚਾਰਧਾਰਾ ਅਨੁਸਾਰ ਗਿਆਨਵਾਨ ਜਨਸੰਖਿਆ ਹੀ ਰਾਜ ਵਿਚ ਕੋਈ ਰਚਨਾਤਮਕ ਭੂਮਿਕਾ ਨਿਭਾ ਸਕਦੀ ਹੈ। ਜਿਥੇ ਇਕ ਪਾਸੇ ਰਾਜ ਦੇ ਚੰਗੇ ਨੇਤ੍ਰਤੱਵ ਲਈ ਰਾਜਾ ਦਾ ਗੁਣਵਾਨ ਹੋਣਾ ਆਵਸ਼ੁਕ ਹੈ ਉਸੇ ਤਰ੍ਹਾਂ ਰਾਜ ਦੇ ਬਹੁਮੁਖੀ ਵਿਕਾਸ ਲਈ ਪਰਜਾ ਦਾ ਗਿਆਨਵਾਨ ਹੋਣਾ ਵੀ ਆਵਸ਼ੁਕ ਹੈ।

ਤਤਕਾਲੀਨ ਰਾਜ ਦੀ ਦੁਰਦਸ਼ਾ ਵਰਣਨ ਕਰਦਿਆਂ ਸਿਖ ਧਰਮ ਗ੍ਰੰਥਾਂ ਅਤੇ ਇਤਿਹਾਸਕ ਲਿਖਤਾਂ ਨੇ ਜਿਥੇ ਰਾਜੇ ਅਤੇ ਉਸਦੀ ਰਾਜਵਿਵਸਥਾ ਨੂੰ ਦੋਸ਼ੀ ਠਹਿਰਾਇਆ ਹੈ ਉਥੇ ਪ੍ਰਜਾ ਦੀ ਗਿਆਨਹੀਨਤਾ ਨੂੰ ਵੀ ਕਸੂਰਵਾਰ ਦਸਿਆ ਹੈ। ਭਾਈ ਗੁਰਦਾਸ ਦੀਆਂ ਹੇਠਲੀਆਂ ਦੋ ਸਤਰਾਂ ਇਸੇ ਤਥ ਨੂੰ ਉਜਾਗਰ ਕਰਦੀਆਂ ਹਨ:-

ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ॥

ਪਰਜਾ ਅੰਧੀ ਗਿਆਨ ਬਿਨੁ ਕੂੜੁ ਕੁਸਤਿ ਮੁਖਹੁ ਅਲਾਈ॥[1]

ਆਸਾ ਦੀ ਵਾਰ ਵਿਚ ਗੁਰੂ ਨਾਨਕ ਦੇਵ ਜੀ ਨੇ ਰਬ ਤੋਂ ਟੁੱਟੇ ਰਾਜੇ ਨੂੰ ਜੇ ਕੂੜ ਕਿਹਾ ਹੈ ਤਾਂ ਨਾਲ ਹੀ ਪਰਜਾ ਨੂੰ ਵੀ ਕੂੜ ਦਸਿਆ ਹੈ।[2] ਆਸਾ ਦੀ ਵਾਰ ਵਿਚ ਹੀ ਇਕ ਹੋਰ ਥਾਂ ਗੁਰੂ ਨਾਨਕ ਦੇਵ ਜੀ ਪੂਰੀ ਰਾਜ ਵਿਵਸਥਾ ਦਾ ਖੁਲਾਸਾ ਕਰਦਿਆਂ ਦਸਦੇ ਹਨ ਕਿ ਲੋਭ ਰਾਜਾ ਹੈ, ਪਾਪ ਵਜ਼ੀਰ ਹੈ, ਝੂਠ ਚੌਧਰੀ ਹੈ ਅਤੇ ਕਾਮ ਨਾਇਬ ਅਤੇ ਸਲਾਹਕਾਰ ਹੈ। ਰਾਜ ਅਧਿਕਾਰੀਆਂ ਦਾ ਕਿਰਦਾਰ ਦਸ ਕੇ ਗੁਰੂ ਸਾਹਿਬ ਪ੍ਰਜਾ ਵਲ ਧਿਆਨ ਦੁਆਉਂਦੇ ਹਨ ਜਿਹੜੀ ਗਿਆਨ ਤੋਂ ਸਖਣੀ ਹੋਣ ਕਰਕੇ ਅੰਨੀ ਹੋ ਗਈ ਹੈ ਅਤੇ ਤ੍ਰਿਸ਼ਨਾ ਦੀ ਅਗ ਵਿਚ ਪਰਾਏ ਹੱਕ ਦੀ ਚੱਟੀ ਭਰ ਰਹੀ ਹੈ:-

ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ॥

ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ॥

ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ॥[3]

ਆਪਣੇ ਸਮਕਾਲੀ ਸਮਾਜ ਵਿਚ ਲੋਕਾਂ ਦੀ ਸਥਿਤੀ ਦਾ ਵਰਣਨ ਕਰਦਿਆਂ ਗੁਰੂ ਨਾਨਕ ਦੇਵ ਜੀ ਦਸਦੇ ਹਨ ਕਿ ਮਨੁਖ ਸ਼ਕਲ ਦਾ, ਨਾਮ ਮਾਤਰ ਦਾ ਮਨੁਖ ਹੈ ਪਰ ਆਚਰਣ ਵਿਚ ਮਨੁਖ ਕੁਤੇ ਵਰਗਾ ਹੈ ਜੋ ਮਾਲਕ ਦੇ ਦਰ ਦੇ ਟੁਕਰ ਖਾਤਰ ਹੁਕਮ ਮੰਨਦਾ ਹੈ:-

ਮਾਣਸ ਮੂਰਤਿ ਨਾਨਕ ਨਾਮੁ॥

ਕਰਣੀ ਕੁਤਾ ਦਰ ਫੁਰਮਾਨੁ॥[4]

---

1- ਵਾਰਾਂ ਭਾਈ ਗੁਰਦਾਸ, ਪੰਨਾ 26

2- ਆਦਿ ਗ੍ਰੰਥ, ਪੰਨਾ 468

3- ਓਹੀ, ਪੰਨਾ 468

4- ਓਹੀ, ਪੰਨਾ 349

ਤਤਕਾਲੀਨ ਰਾਜ ਵਿਚ ਪ੍ਰਜਾ ਅਗਿਆਨ ਵਸ ਆਪਣੀ ਹਿੱਤ-ਅਹਿੱਤ ਪਛਾਣਨ ਵਿਚ ਅਸਮਰਥ ਹੋ ਚੁਕੀ ਸੀ। ਰਾਜ ਦੇ ਭਵਿੱਖ ਤੇ ਪੈਣ ਵਾਲੇ ਪ੍ਰਭਾਵਾਂ ਤੋਂ ਅਣਜਾਨ ਪ੍ਰਜਾ ਆਪਣੇ ਛੋਟੇ ਸਵਾਰਥੀ ਹਿੱਤਾਂ ਦੀ ਪੂਰਤੀ ਲਈ ਆਪਣੀ ਸਭਿਅਤਾ ਸੰਸਕ੍ਰਿਤੀ, ਭਾਸ਼ਾ ਅਤੇ ਪਹਿਰਾਵੇ ਦਾ ਤਿਆਗ ਕਰ ਰਹੀ ਸੀ। ਬਾਣੀ ਵਿਚ ਪ੍ਰਜਾ ਦਾ ਇਸ ਅਗਿਆਨਤਾ ਦਾ ਵਿਸਤ੍ਰਿਤ ਜਿਕਰ ਹੈ। ਸੰਕੇਤ ਮਾਤਰ ਗੁਰਬਾਣੀ ਵਿਚ ਦਰਜ ਇਹ ਪੰਕਤੀਆਂ ਇਸ ਤਥ ਦੀ ਪ੍ਰੋੜਤਾ ਕਰਨ ਲਈ ਕਾਫੀ ਹਨ:-

ੳ) ਨੀਲ ਬਸਤ੍ਰ ਲੈ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ॥[1]

ਅ) ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥
ਮਲੇਛ ਧਾਨੁ ਲੇ ਪੂਜਹਿ ਪੁਰਾਣੁ॥[2]

ੲ) ਕੂਜਾ ਬਾਂਗ ਨਿਵਾਜ ਮੁਸਲਾ ਨੀਲ ਰੂਪ ਬਨਵਾਰੀ॥
ਘਰਿ ਘਰਿ ਮੀਆਂ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ॥[3]

ਗੁਰੂ ਪਰੰਪਰਾ ਆਪਣੇ ਸਾਰੇ ਦੌਰ ਵਿਚ ਪ੍ਰਜਾ ਨੂੰ ਰਾਜ ਅਤੇ ਸਮਾਜ ਪ੍ਰਤੀ ਜਾਗਰੂਕ ਕਰਨ ਅਤੇ ਉਸ ਨੂੰ ਗਿਆਨਵਾਨ ਬਣਾਉਣ ਲਈ ਯਤਨ-ਸ਼ੀਲ ਰਹੀ ਹੈ। ਭਾਈ ਗੁਰਦਾਸ ਦੀਆਂ ਵਾਰਾਂ ਵਿਚ ਗੁਰੂ ਨਾਨਕ ਦੇਵ ਜੀ ਵਲੋਂ ਅਰੰਭੀ ਲੁਕਾਈ ਨੂੰ ਸੋਧਣ ਦੀ ਮੁਹਿੰਮ ਦਾ ਜ਼ਿਕਰ ਮਿਲਦਾ ਹੈ:-

ਬਾਝਹੁ ਗੁਰੂ ਗੁਬਾਰ ਹੈ ਹੈ ਹੈ ਕਰਦੀ ਸੁਣੀ ਲੁਕਾਈ॥
ਬਾਬੇ ਭੇਖ ਬਣਾਇਆ ਉਦਾਸੀ ਦੀ ਰੀਤਿ ਚਲਾਈ॥
ਚੜ੍ਹਿਆ ਸੋਧਣਿ ਧਰਤਿ ਲੁਕਾਈ॥[4]

---

1- ਆਦਿ ਗ੍ਰੰਥ, ਪੰਨਾ 470
2- ਓਹੀ, ਪੰਨਾ 471
3- ਓਹੀ, ਪੰਨਾ 1191
4- ਵਾਰਾਂ ਭਾਈ ਗੁਰਦਾਸ, ਪੰਨਾ 20

ਇਤਿਹਾਸ ਗਵਾਹ ਹੈ ਕਿ ਸਾਰੀ ਗੁਰੂ ਪਰੰਪਰਾ ਦੇ ਯਤਨਾਂ ਨਾਲ ਜਿਸ ਗੁਰੂ ਦੀ ਰਯਤਿ 'ਗੁਰਮੁਖ ਪੰਥ' ਦੀ ਸਿਰਜਨਾ ਹੋਈ ਉਹ ਗਿਆਨਵਾਨ ਸੀ ਅਤੇ ਰਾਜ ਤੇ ਸਮਾਜ ਪ੍ਰਤੀ ਪੂਰੀ ਤਰ੍ਹਾਂ ਜਾਗਰੂਕ ਸੀ। ਗੁਰੂ ਦੀ ਗਿਆਨਵਾਨ ਪ੍ਰਜਾ ਹੀ ਰਾਜ ਵਿਵਸਥਾ ਨੂੰ ਸਹੀ ਲੀਹਾਂ ਤੇ ਲਿਆਉਣ ਲਈ ਕਾਰਜਸ਼ੀਲ ਹੋਈ ਅਤੇ ਹਰ ਪ੍ਰਕਾਰ ਦੇ ਸੰਘਰਸ਼ ਲਈ ਤਤਪਰ ਹੋ ਗਈ।

ਪ੍ਰੇਮ ਸੁਮਾਰਗ ਗ੍ਰੰਥ ਵਿਚ ਰਾਜਾ ਲਈ ਇਹ ਆਵਸ਼ਕ ਦਸਿਆ ਹੈ ਕਿ ਉਹ ਪ੍ਰਜਾ ਨੂੰ ਗਿਆਨ ਵਾਨ ਬਣਾਵੇ ਅਤੇ ਵਿਦਿਆ ਪੜ੍ਹਨ ਲਈ ਉਤਸਾਹਿਤ ਕਰੇ:-

"ਅਰ ਏਹ ਬਿੱਦਿਆ ਕੀ ਤਾਕੀਦ ਕਰੈ, ਜੋ ਖਾਲਸੇ ਸ੍ਰੀ
ਅਕਾਲ ਪੁਰਖੁ ਕੇ ਸਿਖ ਲੜਕੇ ਲੜਕੀਆਂ ਪੜ੍ਹਨ।"[1]

ਇਸਤਰ੍ਹਾਂ ਸਿਖ ਵਿਚਾਰਧਾਰਾ ਰਾਜ ਵਿਚ ਰਚਨਾਤਮਕ ਭੂਮਿਕਾ ਨਿਭਾਉਣ ਲਈ ਗਿਆਨਵਾਨ ਅਤੇ ਜਾਗਰੂਕ ਪ੍ਰਜਾ ਦਾ ਹੋਣਾ ਆਵਸ਼ਕ ਮੰਨਦੀ ਹੈ।

## ਸਮਾਨਤਾ ਤੇ ਸੁਤੰਤਰਤਾ

ਸਿਖ ਪਰੰਪਰਾ ਦੇ ਗ੍ਰੰਥਾਂ ਵਿਚ ਵਿਅਕਤੀ ਦੇ ਅਧਿਕਾਰਾਂ ਬਾਰੇ ਵੀ ਕੁਝ ਮਹੱਤਵਪੂਰਣ ਜਾਣਕਾਰੀ ਉਪਲਬਧ ਹੁੰਦੀ ਹੈ। ਆਮ ਤੌਰ ਤੇ ਰਾਜਨੀਤੀ ਸ਼ਾਸਤਰ ਵਿਚ ਵਿਅਕਤੀ ਦੇ ਜਿਹਨਾਂ ਅਧਿਕਾਰਾਂ ਦੀ ਚਰਚਾ ਹੁੰਦੀ ਹੈ ਉਹਨਾਂ ਵਿਚ ਸਮਾਨਤਾ ਅਤੇ ਸਵਤੰਤਰਤਾ ਦਾ ਅਧਿਕਾਰ ਵਿਸ਼ੇਸ਼ ਮਹੱਤਵ ਰਖਦਾ ਹੈ। ਰਾਜ ਵਿਵਸਥਾ ਕਿਸ ਤਰ੍ਹਾਂ ਦੀ ਹੈ, ਉਸਦਾ ਸਰੂਪ ਨਿਰਧਾਰਣ ਕਰਨ ਲਈ ਵਿਅਕਤੀ ਨੂੰ ਪ੍ਰਾਪਤ ਅਧਿਕਾਰਾਂ ਦਾ ਅਧਿਐਨ ਹੀ ਸਹਾਇਕ ਹੋ ਸਕਦਾ ਹੈ। ਜੇ ਇਓ ਕਿਹਾ ਜਾਵੇ ਤਾਂ ਹੋਰ ਵੀ ਸਪਸ਼ਟ ਹੋਵੇਗਾ ਕਿ ਰਾਜ ਵਿਵਸਥਾ ਦਾ ਸਰੂਪ ਉਸ ਵਿਚ ਰਹਿਣ ਵਾਲੇ ਵਿਅਕਤੀਆਂ ਨੂੰ ਪ੍ਰਾਪਤ ਅਧਿਕਾਰਾਂ ਦੇ ਅਨੁਰੂਪ ਹੁੰਦਾ ਹੈ।

---

1- ਰਣਧੀਰ ਸਿੰਘ(ਸੰਪਾਦਕ), ਪ੍ਰੇਮ ਸੁਮਾਰਗ ਗ੍ਰੰਥ, ਪੰਨਾ 103

ਅਧਿਕਾਰਾਂ ਬਾਰੇ ਇਕ ਤੱਥ ਹੋਰ ਬਹੁਤ ਅਹਿਮ ਹੈ ਕਿ ਸਾਰੇ ਅਧਿਕਾਰਾਂ ਦੀ ਬੁਨਿਆਦ; ਸਮਾਨਤਾ ਹੈ। ਸਮਾਨਤਾ ਦੀ ਅਣਹੋਂਦ ਵਿਚ ਕਿਸੇ ਵੀ ਹੋਰ ਅਧਿਕਾਰ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ।

ਸਿਖ ਗ੍ਰੰਥਾਂ ਵਿਚ ਅਤੇ ਖਾਸ ਤੌਰ ਤੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਸਮਾਨਤਾ ਦਾ ਵਿਚਾਰ ਵਿਆਪਕ ਰੂਪ ਵਿਚ ਪਸਰਿਆ ਹੋਇਆ ਹੈ ਅਤੇ ਸਮਾਨਤਾ ਦੇ ਇਸ ਵਿਚਾਰ ਵਿਚੋਂ ਹੀ ਸਵਤੰਤਰਤਾ ਦਾ ਵੀ ਪ੍ਰਤੀਪਾਦਨ ਹੁੰਦਾ ਹੈ। ਗੁਰਬਾਣੀ ਮਨੁਖ ਨੂੰ ਸਿਰਫ ਇਕ ਮਨੁਖ ਦੇ ਰੂਪ ਵਿਚ ਵੇਖਦੀ ਹੈ ਅਤੇ ਹਰ ਮਨੁਖੀ ਸਰੀਰ ਵਿਚ ਪਰਮਾਤਮਾ ਦੀ ਜੋਤਿ ਨੂੰ ਹੀ ਕਾਰਜਸ਼ੀਲ ਮੰਨਦੀ ਹੈ।[1] ਜਾਤੀ, ਧਰਮ, ਖੇਤਰ, ਲਿੰਗ, ਆਰਥਕ ਜਾਂ ਕਿਸੇ ਵੀ ਹੋਰ ਆਧਾਰ ਤੇ ਵਿਤਕਰਿਆਂ ਦਾ ਬਾਣੀ ਭਰਪੂਰ ਵਿਰੋਧ ਕਰਦੀ ਹੈ ਅਤੇ ਸਮਾਨਤਾ ਦੇ ਆਧਾਰ ਤੇ ਇਕ ਸੁਚਜੇ ਸਮਾਜ ਦੀ ਉਸਾਰੀ ਲਈ ਯਤਨਸ਼ੀਲ ਹੈ। ਜਾਤੀ ਦੇ ਆਧਾਰ ਤੇ ਵਿਤਕਰਿਆਂ ਵਿਰੁਧ ਚੇਤੰਨ ਕਰਦਿਆਂ ਗੁਰਬਾਣੀ ਦਾ ਮਤ ਹੈ ਕਿ ਜਾਤੀ ਦਾ ਮਾਣ ਕਰਨਾ ਮੂਰਖਤਾ ਹੈ ਅਤੇ ਜਾਤੀ ਦੇ ਅਹੰਕਾਰ ਨਾਲ ਸਮਾਜ ਵਿਚ ਕਈ ਵਿਗਾੜ ਚਲ ਪੈਂਦੇ ਹਨ।[2] ਧਰਮ ਦੇ ਆਧਾਰ ਤੇ ਵੀ ਕਿਸੇ ਕਿਸਮ ਦੇ ਵਿਤਕਰੇ ਦਾ ਬਾਣੀ ਸਪਸ਼ਟ ਰੂਪ ਵਿਚ ਵਿਰੋਧ ਕਰਦੀ ਹੈ। ਸਾਰੇ ਧਰਮਾਂ ਨੂੰ ਇਕ ਰਬ ਨਾਲ ਜੁੜਨ ਦੇ ਰਾਹ ਦਸਦਿਆਂ ਬਾਣੀ ਨੇ ਧਾਰਮਿਕ

- - - - - - - - - - - - - - - - - - - - - - - - - - - - - -

1- ਸਭ ਮਹਿ ਜੋਤਿ ਜੋਤਿ ਹੈ ਸੋਇ॥
ਤਿਸ ਦੈ ਚਾਨਣ ਸਭ ਮਹਿ ਚਾਨਣੁ ਹੋਇ॥
-ਆਦਿ ਗ੍ਰੰਥ, ਪੰਨਾ 13

2- ਜਾਤਿ ਕਾ ਗਰਬ ਨ ਕਰਿ ਮੂਰਖ ਗਵਾਰਾ॥
ਇਸ ਗਰਬ ਤੇ ਚਲਹਿ ਬਹੁਤੁ ਵਿਕਾਰਾ॥
-ਆਦਿ ਗ੍ਰੰਥ, ਪੰਨਾ 1128

ਸਮਾਨਤਾ ਦਾ ਭਾਵ ਉਜਾਗਰ ਕੀਤਾ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ ਸਾਰੀ ਲੁਕਾਈ ਰਬ ਨੂੰ ਇਕਸਾਰ ਸਲਾਹੁੰਦੀ ਹੈ ਅਤੇ ਇਸ ਸਿਫਤ ਸਲਾਹ ਲਈ ਰਬ ਦੇ ਕਈ ਨਾਮ ਰਖੇ ਗਏ ਹਨ। ਗੁਰੂ ਨਾਨਕ ਦੇਵ ਜੀ ਦਾ ਕਥਨ ਹੈ ਕਿ ਉਹਨਾਂ ਦਾ ਸਿਰ ਸਾਰੇ ਸਿਫਤ ਸਲਾਹ ਕਰਨ ਵਾਲਿਆਂ ਦੇ ਕਦਮਾਂ ਤੇ ਹੈ ਅਤੇ ਉਹ, ਜਿਤਨੇ ਵੀ ਰਬ ਦੇ ਨਾਮ ਹਨ ਸਾਰਿਆਂ ਤੋਂ ਕੁਰਬਾਨ ਜਾਂਦੇ ਹਨ।[1] ਸਦੀਆਂ ਤੋਂ ਵਿਤਕਰੇ ਦਾ ਸ਼ਿਕਾਰ ਹੁੰਦੀ ਆਈ ਇਸਤਰੀ ਜਾਤੀ ਨੂੰ ਸਮਾਜ ਵਿਚ ਬਰਾਬਰ ਦੇ ਹਕ ਤੇ ਹਿੱਸੇਦਾਰੀ ਦਿਵਾਉਣ ਲਈ ਵੀ ਗੁਰਬਾਣੀ ਵਚਨ ਬੱਧ ਹੈ।[2] ਆਰਥਿਕ ਅਧਾਰ ਤੇ ਵਿਤਕਰੇ ਕਰਨ ਵਾਲਿਆਂ ਨੂੰ ਵੀ ਗੁਰਬਾਣੀ ਸਖਤ ਤਾੜਨਾ ਕਰਦੀ ਹੈ। ਗੁਰੂ ਅਰਜਨ ਦੇਵ ਜੀ ਅਨੁਸਾਰ ਆਰਥਕ ਦ੍ਰਿਸ਼ਟੀ ਤੋਂ ਕਮਜ਼ੋਰ ਵਰਗ ਦਾ ਸ਼ੋਸ਼ਣ ਕਰਨ ਵਾਲਿਆਂ ਨੂੰ ਰਬੀ ਦਰਗਾਹ ਵਿਚ ਕਠੋਰ ਦੰਡ ਮਿਲਦਾ ਹੈ।[3] ਗੁਰੂ ਨਾਨਕ ਦੇਵ ਜੀ ਦਾ ਕਥਨ ਹੈ ਕਿ ਜੇ ਜਾਮੇ ਨੂੰ ਲਹੂ ਲਗ ਜਾਵੇ ਤਾਂ ਜਾਮਾ ਪਲੀਤ ਹੋ ਜਾਂਦਾ ਹੈ, ਪਰ ਜਿਹੜੇ ਲੋਕੀ ਸ਼ੋਸ਼ਣ ਕਰਕੇ ਮਨੁਖਾਂ ਦਾ ਲਹੂ ਪੀਂਦੇ ਹਨ ਉਹ ਕਿਵੇ ਪਾਕ ਕਹਾ ਸਕਦੇ ਹਨ ਅਰਥਾਤ ਸ਼ੋਸ਼ਣ ਕਰਨ ਵਾਲਿਆਂ ਨੂੰ ਮਨੁੱਖਾਂ ਦਾ ਲਹੂ ਪੀਣ ਵਾਲੇ ਦਸਿਆ ਹੈ ਅਤੇ

---

1- ਨਾਨਕ ਵੇਚਾਰਾ ਕਿਆ ਕਹੈ॥ ਸਭੁ ਲੋਕੁ ਸਲਾਹੇ ਏਕਸੈ॥
ਸਿਰ ਨਾਨਕ ਲੋਕਾ ਪਾਵ ਹੈ॥ ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ॥
-ਆਦਿ ਗ੍ਰੰਥ, ਪੰਨਾ 1168

2- ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥
-ਆਦਿ ਗ੍ਰੰਥ, ਪੰਨਾ 473

3- ਗਰੀਬਾਂ ਉਪਰਿ ਜਿ ਖਿੰਜੈ ਦਾੜੀ॥
ਪਾਰਬ੍ਰਹਮਿ ਸਾ ਅਗਨਿ ਮਹਿ ਸਾੜੀ॥
-ਆਦਿ ਗ੍ਰੰਥ, ਪੰਨਾ 199

ਉਹਨਾਂ ਨੂੰ ਪਲੀਤ ਕਿਹਾ ਹੈ।[1]

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਜਾਤੀ, ਧਰਮ ਅਤੇ ਹੋਰ ਅਧਾਰਾਂ ਤੇ ਸਮਾਜ ਵਿਚ ਪਈਆਂ ਵੰਡੀਆਂ ਅਤੇ ਇਹਨਾਂ ਵੰਡੀਆਂ ਕਾਰਣ ਪੈਦਾ ਹੋਏ ਤਨਾਅ, ਖਿਚੋਤਾਣ, ਈਰਖਾ ਅਤੇ ਵਿਘਟਨ ਦਾ ਵਿਸਤ੍ਰਿਤ ਜ਼ਿਕਰ ਹੈ। ਭਾਈ ਸਾਹਿਬ ਨੇ ਆਪਣੀ ਪਹਿਲੀ ਵਾਰ ਵਿਚੋਂ ਖਾਸ ਤੌਰ ਤੇ, ਤਤਕਾਲੀਨ ਰਾਜ ਤੇ ਸਮਾਜ ਦੀ ਸਥਿਤੀ ਅਤੇ ਗੁਰੂ ਪਰੰਪਰਾ ਵਲੋਂ ਸਮਾਜ ਵਿਚ ਸਮਾਨਤਾ ਤੇ ਸਵਤੰਤਰਤਾ ਦੀਆਂ ਕੀਮਤਾਂ ਦੀ ਬਹਾਲੀ ਕਰਨ ਲਈ ਕੀਤੇ ਯਤਨਾਂ ਦੀ ਭਰਪੂਰ ਜਾਣਕਾਰੀ ਪ੍ਰਾਪਤ ਹੁੰਦੀ ਹੈ।[2]

ਦਸਮ ਗ੍ਰੰਥ ਦੀ ਬਾਣੀ ਵਿਚੋਂ ਵੀ ਧਰਮ, ਜਾਤੀ ਅਤੇ ਫਿਰਕਿਆਂ ਤੇ ਅਧਾਰਿਤ ਵਿਤਕਰਿਆਂ ਨੂੰ ਸਮਾਪਤ ਕਰਕੇ ਸੰਪੂਰਣ ਮਾਨਵ ਜਾਤੀ ਵਿਚ ਸਮਾਨਤਾ ਤੇ ਸਵਤੰਤਰਤਾ ਦੀ ਭਾਵਨਾ ਦਾ ਪ੍ਰਤੀਪਾਦਨ ਹੁੰਦਾ ਹੈ।

ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ
ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ॥
ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸ਼ਾਫੀ,
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥[3]

---

1- ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲ ਚੀਤੁ॥
-ਆਦਿ ਗ੍ਰੰਥ, ਪੰਨਾ 140

2- ਵਾਰਾਂ ਭਾਈ ਗੁਰਦਾਸ, ਪੰਨਾ 1 ਤੇ 43

3- ਦਸਮ ਗ੍ਰੰਥ, (ਸੈਂਚੀ ਪਹਿਲੀ) ਪੰਨਾ 19

ਧਰਮ ਦੇ ਕੇਂਦ੍ਰ ਵਖ ਵਖ ਹਨ ਪਰ ਬੁਨਿਆਦੀ ਤੌਰ ਤੇ ਉਹਨਾਂ ਦੇ ਮਕਸਦ ਵਿਚ ਕੋਈ ਭਿੰਨਤਾ ਨਹੀਂ ਹੈ। ਵਖ ਵਖ ਧਰਮ ਤੇ ਜਾਤੀਆਂ ਦੇ ਲੋਕਾਂ ਵਿਚ ਬੁਨਿਆਦੀ ਸਾਂਝ ਹੈ, ਜੇ ਕੋਈ ਭਿੰਨਤਾ ਹੈ ਤਾਂ ਉਹ ਖੇਤਰੀ ਪ੍ਰਭਾਵ ਕਰਕੇ ਹੈ:-

ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ।
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਓ ਹੈ॥
ਦੇਵਤਾ ਅਦੇਵ ਜਛ ਗੰਧ੍ਰਬ ਤੁਰਕ ਹਿੰਦੂ
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਓ ਹੈ।[1]

ਗੁਰੂ ਗੋਬਿੰਦ ਸਿੰਘ ਜੀ ਦੀਆਂ ਹੇਠਲੀਆਂ ਸਤਰਾਂ ਮਨੁਖਾਂ ਵਿਚ ਬੁਨਿਆਦੀ ਸਮਾਨਤਾ ਨੂੰ ਹੋਰ ਪਰਿਪੱਕ ਕਰਦੀਆਂ ਹਨ:-

ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ
ਖਾਕ ਬਾਦ ਆਤਿਸ਼ ਔ ਆਬ ਕੋ ਰਲਾਓ ਹੈ॥[2]

ਪ੍ਰੇਮ ਸੁਮਾਰਗ ਗ੍ਰੰਥ ਵੀ ਰਾਜ ਵਿਚ ਇਕ ਐਸੀ ਵਿਵਸਥਾ ਕਾਇਮ ਕਰਨ ਦਾ ਨਿਰਦੇਸ਼ ਦੇਂਦਾ ਹੈ, ਜਿਹੜੀ ਹਰ ਪ੍ਰਕਾਰ ਦੇ ਵਿਤਕਰਿਆਂ ਤੋਂ ਮੁਕਤ ਹੋਵੇ ਅਤੇ ਜਿਸ ਵਿਚ ਕਿਸੇ ਵੀ ਕਿਸਮ ਦੇ ਸਮਾਜਿਕ ਅਤੇ ਆਰਥਿਕ ਸ਼ੋਸ਼ਣ ਦੀ ਸੰਭਾਵਨਾ ਨਾ ਹੋਵੇ। ਇਸ ਗ੍ਰੰਥ ਦੀਆਂ ਇਹ ਸਤਰਾਂ ਮਹੱਤਵਪੂਰਣ ਹਨ:-

"ਇਸ ਰਾਜੇ ਕੋ ਚਾਹੀਐ - - - -ਜੇ ਕੋਈ ਜੋਰਾਵਰ ਹੋਵੈ, ਅਰ ਗਰੀਬ ਉਪਰਿ ਸਿਤਮ ਕਰੈ। ਤਾਂਉਸ ਜੋਰਾਵਰ ਨੂੰ ਬੰਨ੍ਹ ਕੇ ਹਵਾਲੇ ਉਸ ਗਰੀਬ ਦੇ ਕਰੈ। ਜੋ ਕਿਛੁ ਉਸ ਜੋਰਾਵਰ ਉਸ ਗਰੀਬ ਨੂੰ ਦੁਖ ਦਿਤਾ ਹੋਵੈ। ਸੋ ਉਸ ਤੇ ਬਦਲਾ ਉਸ ਜੋਰਾਵਰਿ ਉਪਰਿ ਕਰਵਾਈਐ॥"[3]

---

1- ਦਸਮ ਗ੍ਰੰਥ;(ਸੈਂਚੀ ਪਹਿਲੀ);ਪੰਨਾ 19

2- ਓਹੀ, ਪੰਨਾ 19

3- ਪ੍ਰੇਮ ਸੁਮਾਰਗ ਗ੍ਰੰਥ, ਪੰਨਾ 95,96

ਸਪਸ਼ਟ ਹੈ ਕਿ ਸਿਖ ਵਿਚਾਰਧਾਰਾ ਧਾਰਮਿਕ, ਸਮਾਜਿਕ ਤੇ ਆਰਥਿਕ ਸਮਾਨਤਾ ਉਤੇ ਅਧਾਰਿਤ ਸਮਾਜ ਦੀ ਉਸਾਰੀ ਵਲ ਰੁਚਿਤ ਹੈ ਅਤੇ ਧਰਮ, ਵਿਸ਼ਵਾਸ ਅਤੇ ਵਿਚਾਰਾਂ ਦੀ ਅਭਿਵਿਅਕਤੀ ਦੀ ਸਵਤੰਤ੍ਰਤਾ ਨੂੰ ਸਮਾਜੀ ਜੀਵਨ ਦੀ ਬੁਨਿਆਦੀ ਆਵਸ਼ਕਤਾ ਮੰਨਦੀ ਹੈ। ਗੁਰੂ ਪਰੰਪਰਾ ਆਪਣੇ ਸਾਰੇ ਦੌਰ ਵਿਚ ਵਿਅਕਤੀ ਦੇ ਸਮਾਨਤਾ ਤੇ ਸਵਤੰਤ੍ਰਤਾ ਦੇ ਅਧਿਕਾਰਾਂ ਲਈ ਸੰਘਰਸ਼-ਰਤ ਰਹੀ ਹੈ ਅਤੇ ਗੁਰੂ ਤੇਗ ਬਹਾਦੁਰ ਸਾਹਿਬ ਨੇ ਇਹਨਾਂ ਅਧਿਕਾਰਾਂ ਨੂੰ ਮੁੜ ਸਥਾਪਿਤ ਕਰਨ ਲਈ ਆਪਣੇ ਸਰੀਰ ਦੀ ਆਹੂਤੀ ਦਿਤੀ ਹੈ।

## ਅੰਤਰਰਾਸ਼ਟਰੀ ਸੱਦਭਾਵ ਅਤੇ ਵਿਸ਼ਵ ਭਾਈਚਾਰਾ

ਸਿਖ ਪਰੰਪਰਾ ਦੇ ਗ੍ਰੰਥਾਂ ਵਿਚੋਂ ਅੰਤਰਰਾਸ਼ਟਰੀ ਸੱਦਭਾਵ ਅਤੇ ਵਿਸ਼ਵ ਭਾਈਚਾਰੇ ਦੀ ਭਾਵਨਾ ਸਪਸ਼ਟ ਰੂਪ ਵਿਚ ਉਜਾਗਰ ਹੁੰਦੀ ਹੈ। ਜਾਤੀ ਤੇ ਧਰਮ ਦੇ ਬੰਧਨਾਂ ਨੂੰ ਤੋੜ ਕੇ, ਰਾਜ ਤੇ ਰਾਸ਼ਟਰੀਅਤਾ ਦੇ ਬੰਧਨਾਂ ਤੋਂ ਮੁਕਤ ਕਰਕੇ ਸਾਰੇ ਵਿਸ਼ਵ ਨੂੰ ਇਕ ਰਬ ਨਾਲ ਜੋੜਨਾ ਸਿਖ ਵਿਚਾਰਧਾਰਾ ਦੀ ਵੱਡਮੁਲੀ ਪ੍ਰਾਪਤੀ ਹੈ। ਗੁਰਬਾਣੀ ਦਾ 'ਏਕੁ ਪਿਤਾ ਏਕਸ ਕੇ ਹਮ ਬਾਰਿਕ'[1] ਦਾ ਸਿਧਾਂਤ ਅੰਤਰਰਾਸ਼ਟਰੀਅਤਾ ਅਤੇ ਵਿਸ਼ਵ ਭਾਈਚਾਰੇ ਦੀ ਸਿਖ ਵਿਚਾਰਧਾਰਾ ਦਾ ਅਧਾਰ ਹੈ।

ਦਸਮ ਗ੍ਰੰਥ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਵਿਸ਼ੇਸ਼ ਰੂਪ ਵਿਚ ਵਖ ਵਖ ਰਾਸ਼ਟਰੀਤਾਵਾਂ ਵਿਚਕਾਰ ਇਕ ਸਮੂਹਤਾ ( Collectiveness )ਦਾ ਅਹਿਸਾਸ ਪੈਦਾ ਕਰਨ ਦਾ ਜਤਨ ਕੀਤਾ ਹੈ। ਆਪਣੀ ਰਚਨਾ ਅਕਾਲ ਉਸਤਤਿ ਵਿਚ, ਗੁਰੂ ਸਾਹਿਬ ਨੇ 50 ਤੋਂ ਵਧ ਰਾਸ਼ਟਰੀਤਾਵਾਂ (Nationalities ) ਦਾ ਜਿਕਰ ਕੀਤਾ ਹੈ ਅਤੇ ਉਹਨਾਂ ਨੂੰ ਇਕ ਸੂਤਰ ਵਿਚ ਪਰੋਣ ਦਾ ਉਪਰਾਲਾ ਕੀਤਾ ਹੈ। ਗੁਰੂ ਸਾਹਿਬ ਸਾਰੀਆਂ ਰਾਸ਼ਟਰੀ ਇਕਾਈਆਂ ਵਿਚ ਰਬ ਦੀ ਪਰਮਸੱਤਾ ਨੂੰ ਕਾਰਜਸ਼ੀਲ ਵੇਖਦੇ ਹਨ ਅਤੇ ਉਹਨਾਂ

---

1- ਆਦਿ ਗ੍ਰੰਥ, ਪੰਨਾ 611

ਵਿਚਰਕਾਰ ਰਬੀ ਜੋਤ ਦੀ ਸਾਂਝ ਉਜਾਗਰ ਕਰਕੇ ਅੰਤਰਰਾਸ਼ਟਰੀ ਸੱਦਭਾਵ ਅਤੇ ਵਿਸ਼ਵ ਭਾਈਚਾਰੇ ਦੀ ਭਾਵਨਾ ਸੁਦ੍ਰਿੜ ਕਰਦੇ ਹਨ।

ਵਖ ਵਖ ਰਾਸ਼ਟਰੀਤਾਵਾਂ ਦੇ ਨਾਮ ਗਿਣਾਉਂਦਿਆਂ, ਗੁਰੂ ਗੋਬਿੰਦ ਸਿੰਘ ਜੀ ਦਾ ਕਥਨ ਹੈ ਕਿ ਪੂਰਬ ਦੇਸ਼ ਦੇ 'ਪੂਰਬੀ', ਸਿੰਧ ਦੇਸ ਦੇ ਇਲਾਕੇ ਹਿੰਗੁਲਾਜ ਵਿਚ ਵਸਣ ਵਾਲੇ 'ਹਿੰਗੋਲੀ', ਹਿਮਾਲਾ ਪਰਬਤ ਦੇ ਵਾਸੀ, ਗੌਰ ਦੇਸ ਦੇ 'ਗੌਰੀ' ਗਰਦੇਜ ਦੇ ਵਾਸੀ 'ਗਰਦੇਜੀ', ਅਰਬ ਦੇ ਦੇ 'ਅਰਬੀ', ਫਰਾਂਸ ਦੇ ਗੋਰੇ 'ਫਰਾਂਸੀਸੀ', ਮੱਕੇ ਦੇ ਇਰਦ ਗਿਰਦ ਵਸਣ ਵਾਲੇ 'ਕੁਰੈਸ਼ੀ', ਪਛਮ ਦੇ 'ਪੱਛਮੀ', ਮਹਾਰਾਸ਼ਟਰ ਦੇ 'ਮਰਾਠੇ', ਦਰਾਵੜ ਦੇਸ਼ ਦੇ 'ਦਰਾਵੜੀ', ਤ੍ਰਿਲੰਗਾਨਾ ਦੇ 'ਤਿਲੰਗੀ', ਬੰਗਾਲ ਦੇ 'ਬੰਗਾਲੀ', ਯੋਰੋਪ ਦੇ ਗੋਰੇ 'ਯੂਰੋਪੀ', 'ਦਿੱਲੀ' ਦੇ ਵਸਨੀਕ, ਰੋਹੇਲ ਖੰਡ ਦੇ 'ਰੁਹੇਲੇ', ਮਘ ਦੇਸ਼ ਦੇ 'ਮਘੇਲੇ', ਬੰਗਸ਼ ਦੇ 'ਕੋਹਾਟੀ', 'ਬੁੰਦੇਲੇ', 'ਗੋਰਖੇ', 'ਚੀਨ' ਅਤੇ ਬ੍ਰਹਮਾ ਦੇ ਨਾਲ ਲਗਦੇ ਪ੍ਰਦੇਸ 'ਮਚੀਨ' ਦੇ ਵਾਸੀ, 'ਤਿੱਬਤੀ' ਆਦਿ ਸਾਰੀਆਂ ਰਾਸ਼ਟਰੀਤਾਵਾਂ ਇਕੋ ਰਬੀ ਹੁਕਮ ਵਿਚ ਵਿਚਰਦੀਆਂ ਹਨ।[1] ਫਿਰ ਦਸਿਆ ਹੈ ਕਿ 'ਫਾਰਸੀ', 'ਯੂਰੋਪੀ', 'ਫਰਾਂਸਿਸਕੋ'

---

1- ਪੂਰਬੀ ਨ ਪਾਰ ਪਾਵੈਂ, ਹਿੰਗੁਲਾ ਹਿਮਾਲੇ ਧਿਆਵੈਂ, ਗੌਰਿ ਗਰਦੇਜੀ ਗੁਨ ਗਾਵੈ ਤੇਰੇ ਨਾਮ ਹੈਂ।
ਜੋਗੀ ਜੋਗ ਸਾਧੈਂ ਪਉਨ ਸਾਧਨਾ ਕਿਤੇਕ ਬਾਧੈਂ ਅਰੱਬ ਕੇ ਆਰੱਬੀ ਅਰਾਧੈ ਤੇਰੇ ਨਾਮ ਹੈਂ।
ਫਰਾਂਸ ਕੇ ਫਿਰੰਗੀ ਮਾਨੈਂ, ਕੰਧਾਰੀ ਕੁਰੈਸ਼ੀ ਜਾਨੈਂ, ਪੱਛਮ ਕੇ ਪੱਛਮੀ ਪਛਾਨੈਂ ਨਿਜ ਕਾਮ ਹੈਂ।
ਮਰਹਟਾ ਮਘੇਲੇ, ਤੇਰੀ ਮਨ ਸੋ ਤਪੱਸਿਆ ਕਰੈਂ, ਦ੍ਰਿੜਵੇ, ਤਿਲੰਗੀ ਪਹਚਾਨੈਂ ਧਰਮ ਧਾਮ ਹੈਂ।
ਬੰਗ ਕੇ ਬੰਗਾਲੀ, ਫਿਰਹੰਗ ਕੇ ਫਿਰੰਗਾ ਵਾਲੀ, ਦਿਲੀ ਕੇ ਦਿਲਵਾਲੀ, ਤੇਰੀ ਆਗਿਆ ਮੈਂ ਚਲਤ ਹੈਂ।
ਰੋਹ ਕੇ ਰੁਹੇਲੇ, ਮਾਘ ਦੇਸ ਕੇ ਮਘੇਲੇ ਬੀਰ, ਬੰਗਸ਼ੀ ਬੁੰਦੇਲੇ, ਪਾਪ ਪੁੰਜ ਕੋ ਮਲਤ ਹੈਂ।
ਗੋਖਾ ਗੁਨ ਗਾਵੈ, ਚੀਨ ਮਚੀਨ ਕੇ ਸੀਸ ਨਿਯਾਵੈਂ, 'ਤਿਬਤੀ' ਧਿਆਇ, ਦੋਖ ਦੇਹ ਕੇ ਦਲਤ ਹੈਂ।

- ਦਸਮ ਗ੍ਰੰਥ (ਸੈਂਚੀ ਪਹਿਲੀ) ਪੰਨਾ 36

ਦੇ ਤੁਰੰਗੀ ਅਰਥਾਤ 'ਲਾਲ ਭਾਰਤੀ' (ਰੈਡ ਇੰਡੀਅਨ), 'ਸਿੰਧ' ਦੇਸ ਦੇ ਵਾਸੀ, 'ਕੰਧਾਰੀ, 'ਗੋਰੀ', 'ਗਖੜਿ' ਦੇ ਵਾਸੀ, 'ਗਰਦੇਜ਼ੀ ਸੱਯਦ', 'ਪੂਰਬੀ', 'ਕਮਾਊ' ਆਦਿ ਰਾਸ਼ਟਰਾਂ ਵਿਚ ਵੀ ਇਕ ਪਰਮਾਤਮਾ ਦਾ ਵਾਸ ਹੈ।[1] ਇਕ ਹੋਰ ਥਾਂ ਤੇ ਗੁਰੂ ਸਾਹਿਬ ਕਹਿੰਦੇ ਹਨ ਕਿ 'ਹਿੰਗੋਲੇ', ਅਫਰੀਕਾ ਦੇ 'ਹਬਸੀ', ਈਰਾਨ ਦੇ 'ਹਲਬੀ' ਅਤੇ 'ਪੂਰਬੀ' ਆਦਿ ਵੀ ਸਾਰਿਆਂ ਵਿਚ ਸਮਾਨ ਰੂਪ ਵਿਚ ਸਮਾਈ ਹੋਈ ਰਬੀ ਸੱਤਾ ਦਾ ਅੰਤ ਨਹੀਂ ਪਾ ਸਕਦੇ।[2]

ਗੁਰੂ ਗੋਬਿੰਦ ਸਿੰਘ ਜੀ ਦੀਆਂ ਉਪਰੋਕਤ ਰਚਨਾਵਾਂ ਤੋਂ ਇਹ ਤਥ ਸਪਸ਼ਟ ਰੂਪ ਵਿਚ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਉਹ ਅਪਣੇ ਸਮੇਂ ਦੀਆਂ ਵਿਸ਼ਵ ਦੀਆਂ ਪ੍ਰਮੁਖ ਰਾਸ਼ਟਰੀਤਾਵਾਂ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਸਨ ਅਤੇ ਇਹਨਾਂ ਰਾਸ਼ਟਰੀ ਇਕਾਈਆਂ ਦੀ ਹੋਂਦ ਤਸੱਵਰ ਕਰਦੇ ਸਨ। ਪਰ ਉਹ ਵਖ ਵਖ ਰਾਸ਼ਟਰਾਂ ਵਿਚਕਾਰ ਏਕਤਾ ਤੇ ਸਾਂਝ ਦਾ ਭਾਵਨਾ ਉਤਪੰਨ ਕਰਕੇ ਇਕ ਅੰਤਰਰਾਸ਼ਟਰੀ ਸਦਭਾਵ ਅਤੇ ਵਿਸ਼ਵ ਭਾਈਚਾਰਾ ਕਾਇਮ ਕਰਨਾ ਚਾਹੁੰਦੇ ਸਨ। ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਦਾ ਇਹ ਅੰਤਰ ਰਾਸ਼ਟਰੀ ਦ੍ਰਿਸ਼ਟੀਕੋਣ ਸਿਖ ਰਾਜ ਸੰਕਲਪ ਦਾ ਮਹੱਤਵਪੂਰਣ ਅੰਗ ਹੈ।

---

1- ਫਾਰਸੀ ਫਿਰੰਗੀ, ਫਰਾਂਸੀਸ ਕੇ ਦੁਰੰਗੀ
'ਮਕਰਾਨ' ਕੇ ਮ੍ਰਿਦੰਗੀ ਤੇਰੇ ਗੀਤ ਗਾਈਅਤੁ ਹੈ।
ਭੱਖਰੀ ਕੰਧਾਰੀ, ਗੋਰ ਗੱਖਰੀ ਗਰਦੇਜਾਚਾਰੀ
ਪਉਨ ਕੇ ਅਹਾਰੀ, ਤੇਰੇ ਨਾਮੁ ਧਿਆਈਅਤੁ ਹੈਂ।
ਪੂਰਬ 'ਪਲਾਊਂ' ਕਾਮਰੂਪ ਅਉ ਕਮਾਊਂ,
ਸਰਬ ਠਉਰ ਮੈਂ ਬਿਰਾਜੈ, ਜਹਾਂ ਜਹਾਂ, ਜਾਈਅਤੁ ਹੈਂ।
- ਦਸਮ ਗ੍ਰੰਥ, (ਸੈਂਚੀ ਪਹਿਲੀ) ਪੰਨਾ 38

2- ਹਿੰਗੁਲਾ ਹਿਮਾਲੈ ਗਾਵੈ, ਹਬਸੀ ਹਲਬੀ ਧਿਆਵੈ,
ਪੂਰਬੀ ਨ ਪਾਰ ਪਾਵੈ, ਆਸਾ ਤੇ ਅਨਾਸ ਹੈ।
-ਦਸਮ ਗ੍ਰੰਥ, (ਸੈਂਚੀ ਪਹਿਲੀ) ਪੰਨਾ 37

ਰਾਜ ਦੇ ਸਿਖ ਸੰਕਲਪ ਨਾਲ ਸਬੰਧਤ ਉਪਰੋਕਤ ਗੁਣ-ਲਛਣ ਅਤੇ ਉਪ-ਸੰਕਲਪਾਂ ਤੋਂ ਇਲਾਵਾ ਹੋਰ ਕਈ ਮਹੱਤਵਪੂਰਣ ਤਥ ਵੀ ਸਿਖ ਸਾਹਿਤ ਵਿਚੋ ਪ੍ਰਾਪਤ ਹੁੰਦੇ ਹਨ। ਪਾਤਸ਼ਾਹ ਅਤੇ ਵਜੀਰਾਂ ਵਿਚਕਾਰ ਦੇ ਸਬੰਧਾਂ ਨੂੰ ਪਰਿਭਾਸ਼ਿਤ ਕਰਦਿਆਂ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਸਪਸ਼ਟ ਕੀਤਾ ਗਿਆ ਹੈ ਕਿ ਪਾਤਸ਼ਾਹ ਅਤੇ ਵਜੀਰਾਂ ਦਾ ਆਪੋ ਵਿਚ ਅਜਿਹਾ ਪ੍ਰੇਮ ਹੋਣਾ ਚਾਹੀਦਾ ਹੈ ਕਿ ਉਹਨਾਂ ਤੀਆਂ ਦੇਹਾਂ ਦੋ ਹੋਣ ਅਤੇ ਜੀਵ ਇਕੋ:-

ਹੇਤ ਵਜੀਰੇ ਪਾਤਿਸਾਹ ਦੁਇ ਥੋੜੀ ਇਕ ਜੀਉ ਸਿਧੰਨੇ।[1]

ਇਸੇ ਤਰ੍ਹਾਂ ਰਾਜਦੂਤਾਂ (Diplomats ) ਦੇ ਜਾਨ-ਮਾਲ ਦੀ ਸੁਰਖਿਆ ਦੇ ਸਿਧਾਂਤ ਦਾ ਪ੍ਰਤੀਪਾਦਨ ਵੀ ਭਾਈ ਗੁਰਦਾਸ ਦੀਆਂ ਵਾਰਾਂ ਵਿਚੋਂ ਹੁੰਦਾ ਹੈ। ਭਾਈ ਸਾਹਿਬ ਨੇ ਬੜੇ ਸਪਸ਼ਟ ਸ਼ਬਦਾਂ ਵਿਚ ਕਿਹਾ ਹੈ ਕਿ ਰਾਜੇ ਆਪੋ ਵਿਚ ਭਾਵੇਂ ਧ੍ਰੋਹ ਕਮਾਉਂਦੇ ਹਨ, ਖੂਨ-ਖਰਾਬਾ ਕਰਦੇ ਹਨ ਪਰ ਸਫੀਰਾਂ ਨੂੰ ਨਹੀਂ ਮਾਰਦੇ:-

ਰਾਜੇ ਧੋਹੁ ਕਮਾਵਦੇ ਰੈਬਾਰ ਸੁਰੰਗੈ।[2]

ਸਾਰੇ ਵਿਸਤਾਰ ਨੂੰ ਵਿਚਾਰਦਿਆਂ ਇਸ ਸਿਟੇ ਤੇ ਪਹੁੰਚਿਆ ਜਾ ਸਕਦਾ ਹੈ ਕਿ ਸਿਖ ਸੰਕਲਪ ਦਾ ਰਾਜ ਦ੍ਰਿੜਤਾ ਦੀ ਨੀਂਹ ਉਪਰ, ਸਚ ਦੇ ਕਿਲੇ ਦੀ ਤਰਾਂ ਉਸਰਿਆ ਹੋਇਆ ਹੈ। ਇਸ ਸੰਕਲਪ ਵਿਚ ਰਾਮ-ਰਾਜ ਦੀ ਝਲਕ ਤਾਂ ਨਜਰ ਆਉਂਦੀ ਹੈ ਪਰ ਅਧਿਆਤਮਕ ਸਚ ਅਤੇ ਵਿਹਾਰਕ ਯਥਾਰਥ ਵਿਚ ਤਨਾਅ ਕਾਰਣ ਕਿਸੇ ਅਮਾਨਵੀ ਕ੍ਰਿਤ ਨੂੰ ਪ੍ਰਵਾਨਗੀ ਨਹੀਂ ਦਿਤੀ ਗਈ। ਇਹ ਰਾਜ ਰਬੀ ਹੁਕਮ ਵਿਚ ਵਿਚਰਦਾ ਹੈ ਅਤੇ ਸਭ ਨੂੰ ਸੁਖਾਲੀ ਸਥਿਤੀ ਵਿਚ ਪਹੁੰਚਾਉਣ ਦੇ ਕਲਿਆਣਕਾਰੀ ਰਾਜ ਦੇ ਨਜਰੀਏ ਦੇ ਅਨੁਕੂਲ ਹੈ। ਸਿਖ ਚਿੰਤਨ ਦੇ ਇਸ ਰਾਜ ਨੂੰ 'ਹਲੇਮੀ ਰਾਜ' ਦਾ ਨਾਂ ਦਿਤਾ ਜਾ ਸਕਦਾ ਹੈ।

ਸਿਖ ਸੰਕਲਪ ਦੇ ਰਾਜ ਵਿਚ ਰਾਜਾ ਗੁਣ ਵਾਨ ਹੈ। ਉਹ ਰਬੀ ਅਤੇ ਨੈਤਿਕ ਗੁਣਾਂ

---

1- ਵਾਰਾਂ ਭਾਈ ਗੁਰਦਾਸ, ਪੰਨਾ 633

2- ਓਹੀ, ਪੰਨਾ 563

ਦਾ ਧਾਰਣੀ ਹੈ ਅਤੇ ਸਮਾਜ ਦੇ ਵਿਆਪਕ ਹਿਤ ਵਿਚ ਕਾਰਜਸ਼ੀਲ ਹੁੰਦਾ ਹੈ। ਧਰਮ ਦਾ ਅੰਸ਼, ਇਸ ਰਾਜ ਦਾ ਇਕ ਜ਼ਰੂਰੀ ਤੱਤ ਹੈ। ਰਾਜ ਧਰਮ ਸੰਸਥਾਵਾਂ ਦੇ ਅਧੀਨ ਤਾਂ ਨਹੀਂ ਪਰ ਧਰਮ ਦਾ ਅਨੁਸਾਰੀ ਜਰੂਰ ਹੈ। ਨੈਤਿਕ ਕਦਰਾਂ ਕੀਮਤਾਂ ਦੀ ਰਾਖੀ ਕਰਨ ਵਾਲਾ ਇਹ ਰਾਜ ਮਨੁਖਾਂ ਦੇ ਨੈਤਿਕ ਵਿਕਾਸ ਦੀਆਂ ਸੁਵਿਧਾਵਾਂ ਉਪਲਬਧ ਕਰਾਉਂਦਾ ਹੈ। ਸਿਖ ਸੰਕਲਪ ਵਿਚ ਰਾਜ ਪ੍ਰਭੂਤਾ ਸੰਪੰਨ ਹੈ ਪਰ ਰਾਜ ਦੀਆਂ ਸ਼ਕਤੀਆਂ ਨਿਰੰਕੁਸ਼ ਨਹੀਂ ਹਨ। ਰਾਜ ਰਬ ਅਤੇ ਪ੍ਰਜਾ ਦੋਹਾਂ ਪ੍ਰਤੀ ਉਤਰਦਾਈ ਹੈ। ਰਾਜ ਵਿਵਸਥਾ ਲੋਕ ਤੰਤ੍ਰੀ ਨੁਹਾਰ ਵਾਲੀ ਅਤੇ ਲੋਕ ਹਿਤ ਨੂੰ ਪ੍ਰਾਥਮਿਕਤਾ ਦੇਣ ਵਾਲੀ ਹੈ। ਇਸ ਰਾਜ ਸੰਕਲਪ ਵਿਚ ਸ਼ਕਤੀ ਤੇ ਸਸਤ੍ਰਾਂ ਦੇ ਪਰਯੋਗ ਬਾਰੇ 'ਸਾਧ ਤੇ ਸ਼ਾਧਨ' ਦੀ ਸੁੱਚਤਾ ਦਾ ਇਕ ਨਿਸਚਿਤ ਸਿਧਾਂਤ ਵੀ ਉਭਰ ਕੇ ਸਾਹਮਣੇ ਆਉਂਦਾ ਹੈ। ਸਿਖ ਚਿੰਤਨ ਦੀ ਇਹ ਵੀ ਸਪਸ਼ਟ ਮਾਨਤਾ ਹੈ ਕਿ ਰਾਜ ਵਿਚ ਪ੍ਰਜਾ ਦਾ ਗਿਆਨਵਾਨ ਹੋਣਾ ਵੀ ਅਤਿ ਜ਼ਰੂਰੀ ਹੈ ਕਿਉਂਕਿ ਗਿਆਨਵਾਨ ਪ੍ਰਜਾ ਹੀ ਰਾਜ ਦੇ ਉਦੇਸ਼ ਦੀ ਪ੍ਰਾਪਤੀ ਵਿਚ ਸਹਾਇਕ ਹੋ ਸਕਦੀ ਹੈ। ਇਹਨਾਂ ਸਾਰਿਆਂ ਨੁਕਤਿਆਂ ਦੇ ਅਧਾਰ ਤੇ ਇਹ ਸਪਸ਼ਟ ਹੈ ਕਿ ਸਿਖ ਚਿੰਤਨ ਵਿਚੋ ਪ੍ਰਾਪਤ ਰਾਜ ਦਾ ਸੰਕਲਪ ਬਹੁਤ ਮਹੱਤਵਪੂਰਣ ਅਤੇ ਆਪਣੇ ਆਪ ਵਿਚ ਵਿਲਖਣ ਹੈ।

## ਨਿਸ਼ਕਰਸ਼

ਸਿਖ ਧਰਮ ਗ੍ਰੰਥਾਂ ਅਤੇ ਇਤਿਹਾਸਕ ਲਿਖਤਾਂ ਵਿਚ ਪ੍ਰਤੀਬਿੰਬਤ ਰਾਜ ਦਾ ਸੰਕਲਪ ਧਰਮ ਤੇ ਰਾਜ ਦੇ ਸੰਜੋਗ ਦੇ ਮੀਰੀ-ਪੀਰੀ ਦੇ ਸਿਖ ਸਿਧਾਂਤ ਉਪਰ ਅਧਾਰਿਤ ਹੈ। ਆਧੁਨਿਕ ਸਮਿਆਂ ਵਿਚ ਪ੍ਰਚਲਿਤ ਧਰਮ ਤੇ ਰਾਜ ਦਾ ਇਕ ਦੂਜੇ ਤੋਂ ਵਿਜੋਗ ਗੁਰੂ ਪਰੰਪਰਾ ਦੇ ਵਿਚਾਰਾਂ ਤੋਂ ਉਲਟ ਹੈ। ਗੁਰੂ ਪਰੰਪਰਾ ਦਾ ਮਤ ਸੀ ਕਿ ਧਰਮ ਤੇ ਰਾਜ ਦੋਵੇ ਮਨੁੱਖ ਨਾਲ ਸੰਬੰਧਤ ਸੰਸਥਾਵਾਂ ਹਨ। ਧਰਮ ਤੇ ਰਾਜ ਦੋਹਾਂ ਨੂੰ ਜੀਉਣ ਵਾਲਾ ਅਤੇ ਦੋਹਾਂ ਦੇ ਖੇਤਰਾਂ ਵਿਚ ਕਾਰਜਸ਼ੀਲ ਮਨੁਖ, ਮੂਲ ਰੂਪ ਵਿਚ ਇਕੋ ਹੈ। ਸਤਹ ਉਪਰ ਧਰਮ ਤੇ ਰਾਜ ਦੇ ਕਾਰਜ ਭਾਵੇਂ ਵਖੋ-ਵਖਰੇ ਮੁਹਾਂਦਰਿਆਂ ਵਾਲੇ ਹੋਣ ਪਰ ਉਹਨਾਂ ਵਿਚਕਾਰ ਬੁਨਿਆਦੀ ਸਾਂਝ ਹੈ। ਦੋਵੇਂ ਇਕ ਸੰਜੁਗਤ ਵਿਵਸਥਾ ਵਲ ਸੰਕੇਤ ਕਰਦੇ ਹਨ।

ਧਰਮ ਤੇ ਰਾਜ ਦੇ ਸੰਜੋਗ ਦੇ ਮੀਰੀ-ਪੀਰੀ ਦੇ ਸਿਧਾਂਤ ਨੇ ਗੁਰੂ ਹਰਗੋਬਿੰਦ ਸਾਹਿਬ ਦੇ ਸਮੇਂ ਪ੍ਰਤੱਖ ਤੌਰ ਤੇ ਸੰਸਥਾਤਮਕ ਰੂਪ ਗ੍ਰਹਿਣ ਕੀਤਾ ਪਰ ਮੂਲ ਰੂਪ ਵਿਚ ਇਹ ਗੁਰੂ ਨਾਨਕ ਦੇਵ ਜੀ ਦੀ ਹੀ ਦੇਣ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚੋਂ ਲੋਕ ਤੇ ਪਰਲੋਕ ਦੋਹਾਂ ਦੀ ਸੰਜੁਗਤੀ ਸਹਿਜੇ ਹੀ ਝਲਕਦੀ ਹੈ। ਉਹਨਾਂ ਦੀ ਅਧਿਆਤਮਕ ਸਾਧਨਾ ਵਿਚ ਇਹਲੌਕਿਕ ਬਣਤਰਾਂ ਸਪਸ਼ਟ ਵਿਖਾਈ ਦੇਂਦੀਆਂ ਹਨ। ਗੁਰੂ ਨਾਨਕ ਦੇਵ ਜੀ ਸਿਖ ਪਰੰਪਰਾ ਦੇ ਮੋਢੀ ਹਨ ਅਤੇ ਸੰਪੂਰਣ ਸਿਖ ਪਰੰਪਰਾ ਗੁਰੂ ਨਾਨਕ ਦੇਵ ਜੀ ਦੇ ਦੱਸੇ ਬੀਜ-ਸਿਧਾਂਤਾਂ ਦਾ ਵਿਸਤਾਰ ਹੈ।

ਅਸਲ ਵਿਚ ਸਿਖ ਧਰਮ ਦਾ ਆਦਿਮ ਰੂਪ ਅਣ-ਨਿਖੜਵਾਂ (Undifferentiated )ਸੀ। ਉਸ ਵਿਚ ਰਾਜ ਦੀ ਗਲ ਨੂੰ ਧਰਮ ਤੋਂ ਵਖਰਾ ਨਹੀਂ ਸੀ ਕੀਤਾ ਗਿਆ ਸਗੋਂ ਧਰਮ ਵਿਚ ਹੀ ਰਾਜ ਸਮਾਇਆ ਹੋਇਆ ਸੀ। ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਗੁਰੂ-ਪਰੰਪਰਾ ਦੇ ਧਰਮ-ਨਿਰਵਾਹ ਵਿਚ ਧਰਮ ਤੇ ਰਾਜ, ਅਧਿਆਤਮਕ ਤੇ ਦੁਨਿਆਵੀ ਖੇਤਰ

ਸੰਜੁਗਤ ਰੂਪ ਵਿਚ ਸੰਜੋਏ ਹੋਏ ਸਨ। ਗੁਰੂ ਹਰਗੋਬਿੰਦ ਸਾਹਿਬ ਨੇ ਧਰਮ ਤੇ ਰਾਜ ਦਾ ਨਿਖੇੜਾ ਕੀਤਾ ਅਤੇ ਅਧਿਆਤਮਕ ਤੇ ਦੁਨਿਆਵੀ ਖੇਤਰ ਨੂੰ ਵਖ ਵਖ ਰੂਪ ਵਿਚ ਸਥਾਪਿਤ ਕੀਤਾ। ਮੀਰੀ-ਪੀਰੀ ਜਿਹੜੀ ਸੰਜੁਗਤ ਰੂਪ ਵਿਚ ਬੀਜ ਦੀ ਤਰ੍ਹਾਂ ਗੁਰੂ ਪਰੰਪਰਾ ਵਿਚ ਪਹਿਲਾਂ ਤੋਂ ਮੌਜੂਦ ਸੀ, ਗੁਰੂ ਹਰਗੋਬਿੰਦ ਸਾਹਿਬ ਨੇ ਨਿਖੇੜ ਕੇ ਦੋ ਕਿਰਪਾਨਾਂ ਦੇ ਰੂਪ ਵਿਚ ਪ੍ਰਤੱਖ ਕੀਤੀ। ਹਰਿਮੰਦਰ ਦੇ ਹੁੰਦਿਆਂ ਅਕਾਲ ਤਖਤ ਦੀ ਉਸਾਰੀ ਇਸੇ ਨਿਖੇੜੇ ਵਲ ਸੰਕੇਤ ਕਰਦੀ ਹੈ।

ਧਰਮ ਤੇ ਰਾਜ, ਮੀਰੀ ਤੇ ਪੀਰੀ ਦਾ ਇਹ ਨਿਖੇੜਾ ਇਕ ਦੀ ਦੂਜੇ ਪਾਸੋਂ ਜੁਦਾਈ ਨਹੀਂ। ਗੁਰੂ ਸਾਹਿਬਾਨ ਮੀਰੀ ਪੀਰੀ ਦਾ ਸੰਜੁਗਤ ਨਿਭਾਓ ਕਰਦੇ ਹਨ। ਅਸਲ ਵਿਚ ਇਥੇ ਸਮਸਿਆ ਪ੍ਰਾਥਮਿਕਤਾ (Priority )ਦੀ ਹੈ। ਮਸਲਾ ਪਹਿਲ ਤੇ ਦੂਜ ਦਾ ਹੈ। ਗੁਰੂ ਜਦੋਂ ਪੀਰੀ ਦਾ ਨਿਭਾਓ ਕਰਦੇ ਹਨ ਤਾਂ ਉਹ ਮੀਰੀ ਤੋਂ ਜੁਦਾ ਨਹੀਂ ਹੁੰਦੇ ਅਤੇ ਜਦੋਂ ਮੀਰੀ ਦਾ ਨਿਭਾਓ ਕਰਦੇ ਹਨ ਤਾਂ ਪੀਰੀ ਨੂੰ ਛਡਦੇ ਨਹੀਂ। ਪੀਰੀ ਦੇ ਨਿਭਾਓ ਸਮੇਂ ਪ੍ਰਾਥਮਿਕਤਾ ਪੀਰੀ ਪਾਸ ਹੁੰਦੀ ਹੈ ਅਤੇ ਮੀਰੀ ਦੇ ਨਿਭਾਓ ਵੇਲੇ ਪ੍ਰਾਥਮਿਕਤਾ ਮੀਰੀ ਪਾਸ ਹੁੰਦੀ ਹੈ। ਹੋਰ ਸਪਸ਼ਟਤਾ ਲਈ ਇਸ ਤੱਥ ਨੂੰ ਇਸ ਤਰਾਂ ਪ੍ਰਸਤੁਤ ਕੀਤਾ ਜਾ ਸਕਦਾ ਹੈ ਕਿ ਹਰਿਮੰਦਰ ਵਿਚ ਪ੍ਰਾਥਮਿਕਤਾ ਪੀਰੀ ਨੂੰ ਹੈ ਪਰ ਇਹ ਪੀਰੀ, ਮੀਰੀ ਤੋਂ ਟੁਟੀ ਹੋਈ ਨਹੀਂ ਅਤੇ ਅਕਾਲ ਤਖਤ ਉਤੇ ਪ੍ਰਾਥਮਿਕਤਾ ਮੀਰੀ ਨੂੰ ਹੈ ਪਰ ਇਹ ਮੀਰੀ, ਪੀਰੀ ਤੋਂ ਸਖਣੀ ਨਹੀਂ।

ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਸੁਨਿਸਚਿਤ ਮਤ ਹੈ ਕਿ ਇਕਾਗਰ ਧਰਮ-ਸਾਧਨਾ ਲਈ ਸੁਖਾਵਾਂ ਰਾਜ ਪ੍ਰਬੰਧ ਜਰੂਰੀ ਹੈ। ਜਦੋਂ ਰਾਜੇ ਕਸਾਈ ਹੋ ਜਾਂਦੇ ਹਨ, ਧਰਮ ਪੰਖ ਲਾ ਕੇ ਉਡ ਜਾਂਦਾ ਹੈ। ਜਦੋਂ ਕੂੜ ਦਾ ਪਸਾਰਾ ਹੁੰਦਾ ਹੈ ਸਚ ਕਿਤੇ ਵਿਖਾਈ ਨਹੀਂ ਦਿੰਦਾ। ਰਾਜ ਵਿਚ ਅਰਾਜਕਤਾ ਦੇ ਹਨੇਰੇ ਵਿਚ ਧਰਮ ਦੇ ਸਾਧਕਾਂ ਨੂੰ ਧਰਮ-ਸਾਧਨਾ ਦਾ ਕੋਈ ਮਾਰਗ ਨਹੀਂ ਦਿਸਦਾ। ਅਧਿਆਤਮਕ ਸਾਧਨਾ ਵਲ ਰੁਚਿਤ ਗੁਰੂ ਨਾਨਕ ਸਾਹਿਬ ਦੇ

ਇਸ ਰੋਸ ਭਰੇ ਬਚਨ ਦੀ ਧੁਨੀ ਇਹੋ ਹੈ ਕਿ ਰਾਜ ਦੀ ਅਣ-ਸੁਖਾਵੀਂ ਅਵਸਥਾ, ਧਰਮ ਸਾਧਨਾ ਵਿਚ ਵਿਘਨਕਾਰੀ ਹੁੰਦੀ ਹੈ। ਗੁਰੂ ਸਾਹਿਬਾਨ ਦੇ ਚਿੰਤਨ ਵਿਚ ਧਰਮ ਤੇ ਰਾਜ ਵਿਚਕਾਰ ਸਬੰਧ ਯਾਂਤ੍ਰਿਕ ( Mechanical )ਨਹੀਂ, ਪ੍ਰਾਣਧਾਰੀ ( Organic ) ਹੈ। ਇਸੇ ਤਥ ਉਤੇ ਧਰਮ ਤੇ ਰਾਜ ਦੇ ਸੰਜੋਗ ਦਾ ਸਿਧਾਂਤ ਟਿਕਿਆ ਹੋਇਆ ਹੈ।

ਧਰਮ ਅਤੇ ਰਾਜ ਦੇ ਸੰਜੋਗ ਦੇ ਸਿਧਾਂਤ ਦੇ ਨਾਲ ਸਿਖ ਧਰਮ-ਗ੍ਰੰਥਾਂ ਅਤੇ ਇਤਿਹਾਸਕ ਲਿਖਤਾਂ ਵਿਚੋਂ ਗੁਰੂ ਪਰੰਪਰਾ ਨਾਲ ਜੁੜਦੇ ਜਾ ਰਹੇ ਵਿਕਲਪਿਕ ਰਾਜ ਦੇ ਸੰਕਲਪ ਦਾ ਵੀ ਪ੍ਰਤੀਪਾਦਨ ਹੁੰਦਾ ਹੈ। ਗੁਰੂ ਪਰੰਪਰਾ ਇਕ ਕੁਲ ਦੀ ਤਰ੍ਹਾਂ ਕਾਰਜਸ਼ੀਲ ਰਹੀ ਹੈ। ਗੁਰੂਆਂ ਦੀ 'ਨਾਨਕ-ਕੁਲਿ' ਸਿਰਫ ਇਕ ਅਧਿਆਤਮਕ ਪਰੰਪਰਾ ਹੀ ਨਹੀਂ ਸੀ ਸਗੋਂ ਰਾਜਸੀ ਗੁਣਾਂ ਅਤੇ ਰਾਜਸੀ ਚਿਹਨਾਂ ਦੀ ਧਾਰਨੀ ਬਣ ਕੇ ਲੋਕ ਵਿਸ਼ਵਾਸ਼ ਵਿਚ ਵਿਕਲਪਿਕ ਰਾਜ ਦੀ ਪਰੰਪਰਾ ਵਜੋਂ ਸਵੀਕ੍ਰਿਤ ਹੋ ਚੁਕੀ ਸੀ। ਇਸ ਵਿਕਲਪਿਕ ਰਾਜ ਦੀ ਉਸਾਰੀ ਵਿਚ ਦੋ ਤੱਤ ਸਹਾਇਕ ਸਨ - ਇਕ ਤਾਂ ਤਤਕਾਲੀਨ ਰਾਜ ਦੇ ਨਿਰੰਕੁਸ਼ ਵਤੀਰੇ ਤੋਂ ਅਸੰਤੁਸ਼ਟ ਲੋਕਾਈ ਨੇ ਗੁਰੂ - ਪਰੰਪਰਾ ਨੂੰ ਇਕ ਵਿਕਲਪਿਕ ਰਾਜ ਦੇ ਰੂਪ ਵਿਚ ਵੇਖਣਾ ਸ਼ੁਰੂ ਕਰ ਦਿਤਾ ਸੀ ਅਤੇ ਦੂਜਾ ਗੁਰੂ ਪਰੰਪਰਾ ਨੇ ਚੇਤੰਨ ਰੂਪ ਵਿਚ ਰਾਜਸੀ ਗੁਣਾਂ, ਚਿਹਨਾਂ ਅਤੇ ਸੰਸਥਾਵਾਂ ਨੂੰ ਅਪਣਾ ਲਿਆ ਸੀ। ਗੁਰੂ ਪਰੰਪਰਾ ਦਿੱਖ ਵਿਚ ਪੂਰੀ ਤਰ੍ਹਾਂ ਰਾਜਸੀ ਸੀ ਅਤੇ ਵਿਹਾਰ ਵਿਚ ਪੂਰੀ ਤਰ੍ਹਾਂ ਰਾਜਸੀ ਗੁਣਾਂ ਦੀ ਧਾਰਨੀ ਸੀ।

ਵਿਕਲਪਿਕ ਰਾਜ ਦੇ ਇਸ ਸੰਕਲਪ ਤੋਂ ਇਲਾਵਾ ਕੁਝ ਮਹੱਤਵਪੂਰਣ ਰਾਜਨੀਤਿਕ ਸੰਸਥਾਵਾਂ ਵੀ ਹੋਂਦ ਵਿਚ ਆਈਆਂ। ਖਾਲਸਾ ਪੰਥ, ਅਕਾਲ ਤਖਤ, ਗੁਰਮਤਾ ਆਦਿ ਸਿਖਾਂ ਦੀਆਂ ਪ੍ਰਮੁਖ ਰਾਜਨੀਤਿਕ ਸੰਸਥਾਵਾਂ ਹਨ। ਇਹਨਾਂ ਸੰਸਥਾਵਾਂ ਦੀ ਨਿਵੇਕਲੀ ਸਿਫਤ ਇਹੋ ਹੈ ਕਿ ਇਹਨਾਂ ਨੇ ਆਪਣੇ (ਰਾਜਨੀਤਿਕ) ਵਿਹਾਰ ਨੂੰ (ਧਾਰਮਿਕ) ਸਿਧਾਂਤ ਤੋਂ ਨਿਖੜਣ ਨਹੀਂ ਦਿਤਾ। 'ਖਾਲਸਾ ਪੰਥ' ਸਿਧਾਂਤ ਵਿਚ ਅਕਾਲ ਪੁਰਖ ਨਾਲ ਜੁੜੀ ਹੋਈ

ਅਤੇ ਵਿਹਾਰ ਵਿਚ ਰਾਜਨੀਤਿਕ ਪ੍ਰਕ੍ਰਿਤੀ ਵਾਲੀ ਜਥੇਬੰਦੀ ਹੈ। 'ਅਕਾਲ ਤਖਤ' ਵਿਚ ਤਖਤ, (ਰਾਜ) ਵਿਹਾਰ ਦਾ ਪ੍ਰਤੀਕ ਹੈ ਜਿਹੜਾ ਅਕਾਲ ਰਾਹੀਂ(ਧਰਮ) ਸਿਧਾਂਤ ਨਾਲ ਜੁੜਿਆ ਹੋਇਆ ਹੈ। ਇਸੇ ਤਰ੍ਹਾਂ 'ਗੁਰਮਤਾ' ਵਿਚ ਗੁਰੂ ਅਤੇ ਮਤਾ ਦੀ ਸੰਧੀ ਧਰਮ ਅਤੇ ਰਾਜ, ਸਿਧਾਂਤ ਅਤੇ ਵਿਹਾਰ ਦੀ ਏਕਤਾ ਵਲ ਸੰਕੇਤ ਕਰਦੀ ਹੈ। ਇਕ ਹੋਰ ਮਹੱਤਵਪੂਰਣ ਨੁਕਤਾ ਇਹ ਹੈ ਕਿ ਰਾਜਨੀਤਿਕ ਸੰਸਥਾਵਾਂ ਦਾ ਉਦੈ ਇਕ ਇਤਿਹਾਸਕ ਦਬਾਓ ਅਧੀਨ ਹੋਇਆ ਹੈ, ਪਰ ਸਿਖ ਪਰੰਪਰਾ ਦੀ ਸਿਧਾਂਤਕ ਦ੍ਰਿੜਤਾ ਨੇ ਇਹਨਾਂ ਸੰਸਥਾਵਾਂ ਦੇ ਵਿਹਾਰ ਦੀ ਸੁੱਚਤਾ ਨੂੰ ਕਾਇਮ ਰਖਿਆ ਹੈ। ਸਿਧਾਂਤ ਦੀ ਪਰਿਪੱਕਤਾ ਨੇ ਵਿਹਾਰ ਦੀ ਦਿਸ਼ਾ ਇਕਾਗਰਤਾ ਨਾਲ ਨਿਸਚਿਤ ਕੀਤੀ ਰਖੀ ਹੈ।

ਪਰ ਧਰਮ ਅਤੇ ਰਾਜ ਦੇ ਸੰਜੋਗ ਦਾ ਮੀਰੀ-ਪੀਰੀ ਦਾ ਸਿਧਾਂਤ, ਗੁਰੂ ਪਰੰਪਰਾ ਨਾਲ ਜੁੜਿਆ ਵਿਕਲਪਿਕ ਰਾਜ ਦਾ ਸੰਕਲਪ ਅਤੇ ਸਿਖ ਰਾਜਨੀਤਿਕ ਸੰਸਥਾਵਾਂ, ਕਿਸੇ ਧਰਮ-ਸੰਪ੍ਰਦਾਇਕ ਰਾਜ ( Theocratic State ) ਦੀ ਉਸਾਰੀ ਵਲ ਰੁਚਿਤ ਨਹੀਂ ਅਤੇ ਨਾਂ ਹੀ ਸਿਖ ਚਿੰਤਨ ਵਿਚ ਐਸੇ ਰਾਜ ਦੀ ਸਥਾਪਨਾ ਲਈ ਆਵਸ਼ਕ ਤੱਤ-ਇਲਾਹੀ ਕਾਨੂੰਨ ( Sacred Laws ), ਇਲਾਹੀ ਕਾਨੂੰਨ ਲਾਗੂ ਕਰਨ ਲਈ ਸੰਪ੍ਰਭੂ ਸ਼ਕਤੀ ( Sovereign to enforce Sacred Laws), ਅਤੇ ਧਰਮ ਨੇਤਾਵਾਂ ਦਾ ਵਰਗ (Preisthood )ਦੀ ਹੋਂਦ ਹੈ। ਇਸ ਤੱਥ ਦੀ ਪ੍ਰੋੜਤਾ ਲਈ ਰਤਾ ਵਿਸਤਾਰ ਵਿਚ ਜਾਣ ਦੀ ਲੋੜ ਹੈ। ਮਹੱਤਵਪੂਰਣ ਗਵਾਹੀ ਇਸ ਸਬੰਧ ਵਿਚ ਇਹ ਹੈ ਕਿ ਗੁਰੂ ਪਰੰਪਰਾ ਦੇ ਵਿਕਲਪਿਕ ਰਾਜ ਦੀ ਕੋਈ ਖੇਤਰੀ ਹਦਬੰਦੀ ਨਹੀਂ ਅਤੇ ਨਾ ਹੀ ਇਹ ਰਾਜ ਖੇਤਰੀ ਹਦਬੰਦੀ ਦਾ ਪਾਬੰਦ ਹੋ ਸਕਦਾ ਹੈ। ਇਸ ਰਾਜ ਵਿਚ, ਗੁਰੂ ਰਾਜਾ ਹੈ ਅਤੇ ਸਮੂਚੀ ਸਿਖ ਸੰਗਤ ਉਸਦੀ ਪ੍ਰਜਾ ਹੈ। ਗੁਰੂ ਅਤੇ ਸੰਗਤ ਵਿਚ ਰਿਸ਼ਤਾ ਦੋ-ਪਖੀ ਹੈ। ਸੰਗਤ ਆਪਣੀ ਤਨ, ਮਨ, ਧਨ ਗੁਰੂ ਨੂੰ ਸਮਰਪਿਤ ਕਰਦੀ ਹੈ ਅਤੇ ਗੁਰੂ ਆਪਣਾ ਸਭ ਕੁਝ ਸਿਖਾਂ ਤੋਂ ਵਾਰ ਦੇਂਦਾ ਹੈ। ਸਿਖ ਸੰਗਤ ਗੁਰੂ ਨੂੰ ਸਾਰੀ ਸੱਤਾ ਸੌਂਪਦੀ ਹੈ ਅਤੇ ਗੁਰੂ

ਵਿਚ ਹੀ ਸਾਰੀ ਸੱਤਾ ਦਾ ਸਮਾਵੇਸ਼ ਹੁੰਦਾ ਹੈ ਪਰ ਗੁਰੂ ਮੁੜ ਸਾਰੀ ਸੱਤਾ ਸਿੱਖ ਸੰਗਤ (ਜਿਹੜੀ ਸਮਾਂ ਪਾ ਕੇ ਖਾਲਸਾ ਪੰਥ ਦਾ ਰੂਪ ਧਾਰਣ ਕਰ ਲੈਂਦੀ ਹੈ) ਨੂੰ ਸਮਰਪਿਤ ਕਰ ਦੇਂਦਾ ਹੈ। ਸਿਖ ਆਪਣੇ ਆਪ ਨੂੰ ਗੁਰੂ ਹੋਇਆ ਮਹਿਸੂਸ ਕਰਦਾ ਹੈ। 'ਨਾਨਕ ਗੁਰੁ ਤੇ ਗੁਰੁ ਹੋਇਆ ਵੇਖਹੁ ਤਿਸ ਕੀ ਰਜਾਇ' (ਆਦਿ ਗ੍ਰੰਥ ਪੰਨਾ 490) । ਖਾਲਸਾ ਪੰਥ ਵੀ 'ਗੁਰੂ ਖਾਲਸਾ' ਦੀ ਪਦਵੀ ਪ੍ਰਾਪਤ ਕਰ ਜਾਂਦਾ ਹੈ। ਇਸੇ ਤਰ੍ਹਾਂ ਸਿਖ ਰਾਜਨੀਤਿਕ ਸੰਸਥਾਵਾਂ ਬਾਰੇ ਵੀ ਇਹ ਸਪਸ਼ਟ ਰੂਪ ਵਿਚ ਸਮਝ ਲੈਣਾ ਚਾਹੀਦਾ ਹੈ ਕਿ ਇਹ ਖੇਤਰੀ ਹਦਬੰਦੀ ਦੀਆਂ ਪਾਬੰਦ ਨਹੀਂ ਹਨ। ਖਾਲਸਾ ਪੰਥ ਇਕ ਰਾਜਸੀ ਜਥੇਬੰਦੀ ਹੈ। ਉਸਦਾ ਆਪਣਾ ਰਾਜਨੀਤਿਕ ਵਿਅਕਤਿਤਵ ਹੈ। ਉਸ ਦੀ ਆਪਣੀ ਰਾਜਨੀਤਿਕ ਇੱਛਾ ( Political will ) ਹੈ। ਇਤਿਹਾਸਕ ਲਿਖਤਾਂ ਵਿਚ ਕਈ ਥਾਈਂ ਖਾਲਸਾ ਰਾਜ ਸਥਾਪਿਤ ਕਰਨ ਦਾ ਇਰਾਦਾ ਵੀ ਪ੍ਰਗਟਾਇਆ ਗਿਆ ਹੈ। ਗੁਰੂ ਸਾਹਿਬਾਨ ਵਲੋਂ ਖਾਲਸੇ ਨੂੰ ਰਾਜ ਕਰਨ ਦੇ ਵਰ ਦੇਣ ਦਾ ਜ਼ਿਕਰ ਵੀ ਇਤਿਹਾਸਕ ਲਿਖਤਾਂ ਵਿਚ ਮਿਲਦਾ ਹੈ। ਇਥੇ ਬਾਰੀਕੀ ਨਾਲ ਸਮਝਣ ਦੀ ਲੋੜ ਹੈ ਕਿ ਖਾਲਸਾ ਪੰਥ ਕਿਸੇ ਖੇਤਰੀ ਹੱਦਬੰਦੀ ਉਪਰ ਰਾਜ ਕਾਇਮ ਕਰਨ ਦੀ ਇੱਛਾ ਪ੍ਰਗਟ ਕਰ ਸਕਦਾ ਹੈ ਅਤੇ ਉਸ ਉਪਰ ਰਾਜ ਕਾਇਮ ਵੀ ਕਰ ਸਕਦਾ ਹੈ, ਪਰ ਖਾਲਸਾ ਪੰਥ ਉਸ ਰਾਜ ਦੀ ਹੱਦਬੰਦੀ ਤਕ ਮਹਿਦੂਦ ਨਹੀਂ ਰਹਿ ਸਕਦਾ ਕਿਉਂਕਿ ਖਾਲਸਾ ਪੰਥ ਦੀ ਮੈਂਬਰਸ਼ਿਪ ਕਿਸੇ ਖੇਤਰ ਤਕ ਸੀਮਿਤ ਨਹੀਂ ਹੋ ਸਕਦੀ। ਅਕਾਲ ਤਖਤ, ਤੇ ਗੁਰਮਤਾ ਵੀ ਕਿਸੇ ਖੇਤਰੀ ਹੱਦਬੰਦੀ ਦੇ ਪਾਬੰਦ ਨਹੀਂ ਅਤੇ ਨਾਂ ਹੀ ਇਹਨਾਂ ਦਾ ਕਿਸੇ ਖੇਤਰੀ ਪ੍ਰਭੁਸੱਤਾ ਨਾਲ ਆਮ ਹਾਲਾਤ ਵਿਚ ਟਕਰਾਅ ਹੁੰਦਾ ਹੈ। ਅਕਾਲ ਤਖਤ ਸਮੁੱਚੇ ਖਾਲਸੇ ਦਾ ਤਖਤ ਹੈ ਅਤੇ ਗੁਰਮਤਾ ਸਮੁੱਚੇ ਖਾਲਸੇ (ਸਰਬਤ ਖਾਲਸੇ ) ਦੇ ਮਤ ਦਾ ਪ੍ਰਗਟਾਵਾ ਹੈ। ਇਸ ਲਈ ਇਹਨਾਂ ਦੀਆਂ ਖੇਤਰੀ ਸੀਮਾਵਾਂ ਨਿਰਧਾਰਿਤ ਕਰਨੀਆਂ ਅਸੰਭਵ ਹਨ।

ਇਕ ਹੋਰ ਤੱਥ ਬਹੁਤ ਮਹੱਤਵਪੂਰਣ ਹੈ ਕਿ ਖਾਲਸਾ ਰਾਜ ਦਾ ਸੰਕਲਪ ਵੀ ਧਰਮ-ਸੰਪ੍ਰਦਾਇਕ ਰਾਜ (Theocratic State ) ਦੇ ਸੰਕਲਪ ਨਾਲੋਂ ਵਖਰਾ ਹੈ। ਪਹਿਲੀ ਗਲ ਤਾਂ ਇਹ ਹੈ ਕਿ ਖਾਲਸਾ ਰਾਜ ਦੀ ਸਥਾਪਨਾ ਦਾ ਸੰਕਲਪ ਸਿਰਫ ਇਤਿਹਾਸਕ ਲਿਖਤਾਂ ਵਿਚੋਂ ਪ੍ਰਾਪਤ ਹੁੰਦਾ ਹੈ, ਗੁਰੂ ਗ੍ਰੰਥ ਸਾਹਿਬ ਵਿਚ ਇਸ ਕਿਸਮ ਦਾ ਕੋਈ ਸੰਕਲਪ ਉਪਲਬਧ ਨਹੀਂ। ਗੁਰੂ ਗ੍ਰੰਥ ਸਾਹਿਬ ਵਿਚ ਇਕ ਆਦਰਸ਼ ਰਾਜ ਦੇ ਸੰਕਲਪ ਦੇ ਤੱਤ ਤਾਂ ਬੀਜ ਰੂਪ ਵਿਚ ਪਏ ਹੋਏ ਹਨ ਪਰ ਉਸਦਾ ਖਾਲਸਾ ਪੰਥ ਦੇ ਰਾਜ ਸਥਾਪਿਤ ਕਰਨ ਦੇ ਇਰਾਦੇ ਨਾਲ ਕੋਈ ਸਰੋਕਾਰ ਨਹੀਂ। ਅਸਲ ਵਿਚ ਗੁਰੂ ਗ੍ਰੰਥ ਸਾਹਿਬ ਸ੍ਰੁਤੀ ਹੈ ਅਤੇ ਉਹ ਸਮੇਂ ਤੇ ਸਥਿਤੀ ਦੇ ਬੰਧਨਾਂ ਤੋਂ ਮੁਕਤ ਹੈ। ਪਰ ਸ੍ਰੁਤੀ ਦੇ ਮੰਨਣ ਵਾਲਿਆਂ ਦਾ ਆਪਣਾ ਇਤਿਹਾਸ ਅਤੇ ਲੋਕ - ਸਾਹਿਤ ਹੁੰਦਾ ਹੈ ਜਿਹੜਾ ਸਮੇਂ ਅਤੇ ਪਰਸਥਿਤੀਆਂ ਦਾ ਮੁਹਤਾਜ ਹੁੰਦਾ ਹੈ। ਇਤਿਹਾਸ ਦੇ ਸਾਰੇ ਫੈਸਲੇ ਸਥਿਤੀ (Situation) ਦੇ ਅਧੀਨ ਹੁੰਦੇ ਹਨ। ਖਾਲਸਾ ਰਾਜ ਦਾ ਸੰਕਲਪ ਵੀ ਤੱਤਕਾਲੀਨ ਸਥਿਤੀ ਦਾ ਪਰਿਣਾਮ ਹੈ ਅਤੇ ਇਤਿਹਾਸਕ ਲਿਖਤਾਂ ਵਿਚ ਉਕਰਿਆ ਇਹ ਸੰਕਲਪ ਇਤਿਹਾਸ ਦੇ ਉਸ ਦੌਰ ਦੇ ਯਥਾਰਥ ਤੋਂ ਪੂਰੀ ਤਰ੍ਹਾਂ ਪ੍ਰਭਾਵਿਤ ਹੈ।

ਖਾਲਸਾ ਪੰਥ ਦੇ ਰਾਜ ਦੀ ਪ੍ਰਕ੍ਰਿਤੀ ਨੂੰ ਸਮਝਣ ਲਈ ਖਾਲਸਾ ਪੰਥ ਦੀ ਸਿਰਜਣਾ ਦੀ ਪ੍ਰਕ੍ਰਿਆ ਨੂੰ ਸਮਝਣਾ ਆਵਸ਼ਕ ਹੈ। ਆਪਣੀ ਆਤਮ ਕਥਾ ਵਿਚ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਪੰਥ ਦੀ ਸਿਰਜਣਾ ਬਾਰੇ ਦਸਿਆ ਹੈ ਕਿ ਗੁਰੂ - ਪਰੰਪਰਾ ਤੋਂ ਪਹਿਲਾਂ ਜਿਤਨੇ ਵੀ ਅਵਤਾਰ ਹੋਏ ਹਨ, ਉਹਨਾਂ ਨੇ ਲੋਕਾਈ ਨੂੰ ਅਕਾਲਪੁਰਖ ਨਾਲ ਜੋੜਨ ਦੀ ਥਾਂ ਤੇ ਆਪਣੇ ਆਪ ਨਾਲ ਜੋੜਿਆ ਅਤੇ ਆਪਣੇ ਨਾਂ ਤੇ ਸੰਪ੍ਰਦਾਇਕ ਪੰਥ ਕਾਇਮ ਕੀਤੇ। ਪਰ ਗੁਰੂ ਪਰੰਪਰਾ ਨੇ ਜਿਸ ਖਾਲਸਾ ਪੰਥ ਦੀ ਸਿਰਜਣਾ ਕੀਤੀ, ਉਹ ਇਕ ਅਕਾਲਪੁਰਖ ਨਾਲ ਜੁੜਿਆ ਹੋਇਆ ਅਸੰਪ੍ਰਦਾਇਕ ਪੰਥ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਖਾਲਸਾ ਪੰਥ

ਵਿਚ ਸਮਾਜ ਦੇ ਸਾਰੇ ਵਰਗਾਂ, ਜਾਤੀਆਂ ਅਤੇ ਅਕੀਦਿਆਂ ਦੇ ਲੋਕਾਂ ਨੂੰ ਸ਼ਾਮਲ ਕੀਤਾ ਹੈ। ਇਸ ਤਰ੍ਹਾਂ ਖਾਲਸਾ ਪੰਥ ਕਿਸੇ ਵੀ ਤਰਾਂ ਸੰਪ੍ਰਦਾਇਕ ਜਥੇਬੰਦੀ ਨਹੀਂ ਸਗੋਂ ਇਕ ਵਿਆਪਕ ਧਾਰਮਕ, ਸਮਾਜਕ ਅਤੇ ਰਾਜਨੀਤਿਕ ਜਥੇਬੰਦੀ ਹੈ। ਇਸ ਤੋਂ ਅਲਾਵਾ ਗੁਰੂ ਗੋਬਿੰਦ ਸਿੰਘ ਜੀ ਦਾ ਇਹ ਸੰਕਲਪ ਕਿ ਜਿਹਨਾਂ ਦੀ ਜਾਤਿ ਅਤੇ ਕੁਲਿ ਨੇ ਕਦੇ ਰਾਜ ਸ਼ਕਤੀ ਦੀ ਛੁਹ ਪ੍ਰਾਪਤ ਨਹੀਂ ਕੀਤੀ, ਉਹਨਾਂ ਨੂੰ ਰਾਜਸ਼ਕਤੀ ਦਾ ਮਾਲਕ ਬਣਾਉਣਾ ਹੈ, ਇਸ ਤੱਥ ਦੀ ਸੌ ਫੀ ਸਦੀ ਗਵਾਹੀ ਭਰਦਾ ਹੈ ਕਿ ਖਾਲਸਾ ਪੰਥ ਦੇ ਰਾਜ ਦੇ ਸੰਕਲਪ ਦਾ ਆਧਾਰ ਅਤੇ ਮੰਤਵ ਸੰਪ੍ਰਦਾਇਕ ਨਹੀਂ, ਸਗੋਂ ਪੂਰੀ ਤਰ੍ਹਾਂ ਅਸੰਪ੍ਰਦਾਇਕ ਅਤੇ ਲੋਕਤੰਤ੍ਰੀ ਹੈ।

ਅਸਲ ਵਿਚ ਸਿਖ ਚਿੰਤਨ ਰਾਜ ਵਿਚ ਧਰਮ ਦੇ ਅਧਿਆਤਮਕ(Spiritual) ਅੰਸ਼ ਨੂੰ ਹੀ ਸਮਾਵਿਸ਼ਟ ਕਰਨ ਲਈ ਯਤਨਸ਼ੀਲ ਹੈ ਅਤੇ ਧਰਮ ਦੇ ਸੰਪ੍ਰਦਾਇਕ ਪਹਿਲੂ ਨੂੰ ਰਾਜ ਉਪਰ ਭਾਰੂ ਨਹੀਂ ਹੋਣ ਦੇਂਦਾ। ਧਰਮ ਸੰਪ੍ਰਦਾਇਕ ਰਾਜ (Theocratic State ) ਦੀ ਸਭ ਤੋ ਵਡੀ ਖਾਮੀ ਇਹੋ ਹੈ ਕਿ ਉਸ ਵਿਚ ਧਰਮ, ਸੰਪ੍ਰਦਾਇਕਤਾ ਦਾ ਰੂਪ ਧਾਰ ਲੈਂਦਾ ਹੈ ਅਤੇ ਸੰਪ੍ਰਦਾਇਕ ਹਿਤ ਨੂੰ ਲੋਕ ਹਿਤ ਦੀ ਤੁਲਨਾ ਵਿਚ ਪ੍ਰਾਥਮਿਕਤਾ ਮਿਲ ਜਾਂਦੀ ਹੈ। ਹਕੀਕਤ ਇਹ ਹੈ ਕਿ ਜਦੋਂ ਸੰਪ੍ਰਦਾਇਕਤਾ ਰਾਜ ਉਪਰ ਭਾਰੂ ਹੋ ਜਾਵੇ ਤਾਂ ਰਾਜ, ਧਰਮ ਦੇ ਖੇਤਰ ਵਿਚ ਦਖਲ ਅੰਦਾਜ਼ ਹੋ ਜਾਂਦਾ ਹੈ ਅਤੇ ਐਸੀ ਸਥਿਤੀ ਵਿਚ ਲੋਕਾਂ ਦੀ ਧਾਰਮਕ ਆਜ਼ਾਦੀ ਖੁਸ ਜਾਂਦੀ ਹੈ। ਇਤਿਹਾਸ ਗਵਾਹ ਹੈ ਕਿ ਗੁਰੂ ਪਰੰਪਰਾ ਰਾਜ ਦੇ ਸੰਪ੍ਰਦਾਇਕ ਰੂਪ ਵਿਰੁਧ ਸੰਘਰਸ਼ ਕਰਦੀ ਰਹੀ ਅਤੇ ਉਸ ਨੇ ਸੰਪ੍ਰਦਾਇਕਤਾ ਤੋ ਮੁਕਤ ਰਾਜ ਵਿਵਸਥਾ ਦੀ ਕਾਇਮੀ ਲਈ ਭਰਪੂਰ ਉਪਰਾਲਾ ਕੀਤਾ। ਇਥੇ ਇਹ ਵੀ ਸਪਸ਼ਟ ਰੂਪ ਵਿਚ ਉਜਾਗਰ ਕਰਨਾ ਆਵਸ਼ਕ ਹੈ ਕਿ ਜਿਸ ਅਧਿਆਤਮਿਕਤਾ ਨੂੰ ਰਾਜ ਵਿਚ ਸਮਾਵਿਸ਼ਟ ਕਰਨ ਲਈ ਸਿਖ ਚਿੰਤਨ ਰੁਚਿਤ ਹੈ ਉਸ ਦੇ ਦੋ ਪਹਿਲੂ ਹਨ। ਇਕ ਪਾਸੇ ਅਧਿਆਤਮਿਕਤਾ ਰਬ ਨਾਲ ਜੁੜਨਾ ਹੈ, ਉਸਦੀ ਹੋਂਦ ਪ੍ਰਤੀ ਵਫਾਦਾਰ ਹੋਣਾ

ਹੈ ਅਤੇ ਉਸ ਦੀ ਸੱਤਾ ਦੀ ਸਰਵੋਚਤਾ ਨੂੰ ਸਵੀਕਾਰਨਾ ਹੈ। ਪਰ ਦੂਜੇ ਪਾਸੇ, ਕਿਉਂਕਿ ਸਿਖ ਚਿੰਤਨ ਖਾਲਕ ਤੇ ਖਲਕ ਨੂੰ ਇਕ ਦੂਜੇ ਵਿਚ ਅਭੇਦ ਮੰਨਦਾ ਹੈ ਅਤੇ ਰਬ ਨੂੰ ਲੋਕਾਈ ਵਿਚ ਸਮਾਇਆ ਹੋਇਆ ਤਸੱਵਰ ਕਰਦਾ ਹੈ ਇਸ ਲਈ ਲੋਕਾਈ ਨਾਲ ਜੁੜਨਾ, ਰਬ ਨਾਲ ਜੁੜਨਾ ਹੈ; ਲੋਕਾਈ ਨਾਲ ਵਫਾਦਾਰੀ, ਰਬ ਨਾਲ ਵਫਾਦਾਰੀ ਹੈ; ਅਤੇ ਲੋਕਾਈ ਦੀ ਸਰਵੋਚਤਾ ਸਵੀਕਾਰਨਾ, ਰਬ ਦੀ ਸਰਵੋਚਤਾ ਸਵੀਕਾਰਨ ਦੇ ਤੁਲ ਹੈ। ਜੇ ਲੋਕਾਈ ਵਿਚ ਸੰਪ੍ਰਦਾਇਕ ਅਧਾਰ ਤੇ ਵੰਡੀਆ ਪਾ ਕੇ ਇਕ ਸੰਪ੍ਰਦਾਇ ਦੇ ਹਿਤਾਂ ਲਈ ਦੂਜੇ ਸੰਪ੍ਰਦਾਇ ਦੇ ਹਿਤਾਂ ਦੀ ਅਵਹੇਲਨਾ ਕੀਤੀ ਜਾਵੇ ਤਾਂ ਇਹ ਅਧਿਆਤਮਿਕਤਾ ਤੋਂ ਟੁਟੇ ਹੋਣ ਦਾ ਪ੍ਰਤੀਕ ਹੋਵੇਗਾ। ਪਰ ਸਿਖ ਚਿੰਤਨ ਦੇ ਰਾਜ ਵਿਚ ਅਧਿਆਤਮਿਕਤਾ ਸਮਾਈ ਹੋਈ ਹੈ ਇਸ ਲਈ ਉਹ ਲੋਕਾਈ ਨਾਲ ਜੁੜਿਆ, ਲੋਕਾਈ ਦਾ ਵਫਾਦਾਰ ਅਤੇ ਲੋਕਾਈ ਦੀ ਸਰਵੋਚਤਾ ਦਾ ਮੁਦਈ ਹੈ ਅਤੇ ਇਸ ਤਰ੍ਹਾਂ ਉਹ ਧਰਮ-ਸੰਪ੍ਰਦਾਇਕ ਰਾਜ (Theocratic State) ਦੇ ਸੰਕਲਪ ਦਾ ਵਿਰੋਧੀ ਹੈ।

ਸਿਖ ਚਿੰਤਨ ਵਿਚ ਜਿਸ ਰਾਜ ਸੰਕਲਪ ਦੀ ਗਲ ਹੈ ਉਹ ਤੱਤਕਾਲੀਨ ਧਰਮ-ਸੰਪ੍ਰਦਾਇਕ ਰਾਜ (Theocratic State) ਦੇ ਵਿਰੋਧ ਵਿਚ ਉਭਰ ਰਿਹਾ ਸੀ। ਅਸਲ ਵਿਚ ਗੁਰੂ ਪਰੰਪਰਾ ਨਾਲ ਜੁੜਿਆ ਵਿਕਲਪਿਕ ਰਾਜ, ਸਿਖ ਰਾਜਨੀਤਕ ਸੰਸਥਾਵਾਂ ਅਤੇ ਰਾਜ ਦੇ ਸਿਖ ਸੰਕਲਪ ਦਾ ਪ੍ਰਤੀਪਾਦਨਕਾਫੀ ਹੱਦ ਤਕ ਹੀਗਲ ਦੇ ਦ੍ਵੰਦਾਤਮਕ ਪ੍ਰਕ੍ਰਿਆ ਦੇ ਸਿਧਾਂਤ ਅਨੁਸਾਰ ਹੋਇਆ ਹੈ। ਹੀਗਲ ਅਨੁਸਾਰ ਵਾਦ (Thesis) ਦੇ ਵਿਰੋਧ ਵਿਚ ਪ੍ਰਤੀਵਾਦ (Antithesis) ਹੋਂਦ ਵਿਚ ਆਉਂਦਾ ਹੈ ਅਤੇ ਫਿਰ ਦੋਹਾਂ ਦੇ ਟਕਰਾਅ ਨਾਲ ਸੰਵਾਦ (Synthesis) ਦਾ ਜਨਮ ਹੁੰਦਾ ਹੈ। ਇਸ ਅਧਾਰ ਤੇ ਤੱਤਕਾਲੀਨ ਨਿਰੰਕੁਸ਼ ਅਤੇ ਧਰਮ-ਸੰਪ੍ਰਦਾਇਕ ਰਾਜ ਵਾਦ (Thesis) ਹੈ ਅਤੇ ਗੁਰੂ ਪਰੰਪਰਾ ਦਾ ਪ੍ਰਤੀਕਰਮ ਅਤੇ ਉਸ ਵਲੋਂ ਮੀਰੀ-ਪੀਰੀ ਦਾ ਸੰਯੁਗਤ ਨਿਭਾਉ ਪ੍ਰਤੀਵਾਦ (Antithesis)। ਦੋਹਾਂ ਦੇ ਟਕਰਾਅ ਨਾਲ ਗੁਰੂ ਪਰੰਪਰਾ ਦਾ ਵਿਕਲਪਿਕ ਰਾਜ ਅਤੇ

ਸਿਖ ਰਾਜਨੀਤਕ ਸੰਸਥਾਵਾਂ, ਅਤੇ ਰਾਜ ਦੇ ਸਿਖ ਸੰਕਲਪ ਸੰਵਾਦ ( Synthesis) ਰੂਪ ਵਿਚ ਹੋਂਦ ਵਿਚ ਆਇਆ ਹੈ:

| | |
|---|---|
| ਤੱਤਕਾਲੀਨ ਨਿਰੰਕੁਸ਼(Absolute )ਅਤੇ ਧਰਮ-ਸੰਪ੍ਰਦਾਇਕ(Theocratic )ਰਾਜ | ਗੁਰੂ ਪਰੰਪਰਾ ਦਾ ਪ੍ਰਤੀਕਰਮ ਅਤੇ ਮੀਰੀ-ਪੀਰੀ ਦਾ ਸੰਜੁਗਤ ਨਿਭਾਉ |
| (THESIS ) | ( ANTITHESIS) |

(SYNTHESIS)

1) ਗੁਰੂ ਪਰੰਪਰਾ ਦਾ ਵਿਕਲਪਿਕ ਰਾਜ ਅਤੇ ਸਿਖ ਰਾਜਨੀਤਕ ਸੰਸਥਾਵਾਂ

2) ਰਾਜ ਦਾ ਸਿਖ ਸੰਕਲਪ

ਇਥੇ ਇਕ ਮਹੱਤਵਪੂਰਣ ਤੱਥ ਦਾ ਜਿਕਰ ਕਰਨਾ ਅਤਿ ਆਵਸ਼ਕ ਹੈ ਕਿ ਗੁਰੂ ਪਰੰਪਰਾ ਜਦੋਂ ਤੱਤਕਾਲੀਨ ਧਰਮ-ਸੰਪ੍ਰਦਾਇਕ ਰਾਜ ਦਾ ਵਿਰੋਧ ਕਰਦੀ ਹੈ ਉਦੋਂ ਉਸਦੇ ਅੰਤਹਕਰਣ ਵਿਚ ਇਕ ਸੁਚੱਜੇ ਰਾਜ ਦਾ ਸੰਕਲਪ ਪਹਿਲਾਂ ਤੋਂ ਮੌਜੂਦ ਹੁੰਦਾ ਹੈ। ਪ੍ਰਤੀਕਰਮ ਵਜੋਂ ਇਹੋ ਅੰਤਹਕਰਣ ਵਿਚ ਸਮਾਇਆ ਰਾਜ ਸੰਕਲਪ ਪ੍ਰਤੱਖ ਰੂਪ ਵਿਚ ਉਜਾਗਰ ਹੋ ਕੇ ਸਾਹਮਣੇ ਆਉਂਦਾ ਹੈ।

ਰਾਜ ਦੇ ਸਿਖ ਸੰਕਲਪ ਵਿਚ ਰਬ ਨੂੰ ਦੁਨਿਆਵੀ ਰਾਜਿਆਂ ਉਪਰ ਸਰਵੋਚ ਰਾਜੇ ਦੇ ਰੂਪ ਵਿਚ ਪ੍ਰਸਤੁਤ ਕੀਤਾ ਗਿਆ ਹੈ ਅਤੇ ਦੁਨਿਆਵੀ ਰਾਜ ਨੂੰ ਰਬੀ ਰਾਜ ਦੇ ਹੁਕਮ ਦੀ ਪਾਬੰਦ ਸੰਸਥਾ ਮੰਨਿਆ ਗਿਆ ਹੈ। ਦੁਨਿਆਵੀ ਰਾਜ ਦੀ ਸਥਾਪਨਾ ਅਤੇ ਵਿਸਥਾਪਨਾ ਰਬ-ਰਾਜੇ ਦੇ ਹੱਥ ਹੈ ਅਤੇ ਸੰਪੂਰਣ ਸ੍ਰਿਸ਼ਟੀ ਰਬ ਦੇ ਨਿਹਚਲ ਰਾਜ ਦੇ ਅਧਿਕਾਰ ਖੇਤਰ ਵਿਚ ਹੈ। ਅਸਲ ਵਿਚ ਸਿਖ ਚਿੰਤਨ ਅਨੁਸਾਰ ਰਬ ਇਕ ਸਿਧਾਂਤ ਪੁਰਖ ਹੈ ਅਤੇ ਉਹ ਅਮੂਰਤ ਸਿਧਾਂਤ (Abstract Principle ) ਦੀ ਤਰ੍ਹਾਂ ਸ੍ਰਿਸ਼ਟੀ ਦੀ ਸੰਪੂਰਣ ਰਚਨਾ ਵਿਚ ਸਮਾਇਆ ਹੋਇਆ ਹੈ। ਰਬ-ਰਾਜਾ, ਅਮੂਰਤ ਰਾਜਤੰਤ੍ਰ ( Abstract Kingship)

ਦੇ ਰੂਪ ਵਿਚ ਲੋਕ - ਪਰਲੋਕ ਦੋਵੇਂ ਖੇਤਰਾਂ ਵਿਚ ਕਾਰਜਸ਼ੀਲ ਹੈ। ਸਿਖ ਵਿਚਾਰਧਾਰਾ ਦਾ ਰਾਜ, ਅਮੂਰਤ ਦੈਵੀ ਸਿਧਾਂਤਾਂ (Abstract Divine Principles ) ਦੁਆਰਾ ਨਿਰਦੇਸ਼ਤ ਹੁੰਦਾ ਹੈ ਅਤੇ ਹਮੇਸ਼ਾਂ ਹੀ ਸ਼ਕਤੀ ਦੇ ਮੂਲ ਸ੍ਰੋਤ ਰਬ ਰਾਜੇ ਨਾਲ ਜੁੜਿਆ ਰਹਿੰਦਾ ਹੈ।

ਰਾਜ ਦੇ ਪ੍ਰਕਾਰਜਾਂ ਬਾਰੇ ਸਿਖ ਸਾਹਿਤ ਦੀ ਸਪਸ਼ਟ ਰਾਇ ਹੈ ਕਿ ਰਾਜ ਨੂੰ ਉਹ ਸਾਰੇ ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਨਿਆਇਕ ਪ੍ਰਕਾਰਜ ਕਰਨੇ ਚਾਹੀਦੇ ਹਨ ਜਿਹੜੇ ਮਨੁਖੀ ਕਲਿਆਣ ਅਤੇ ਉਸਦੇ ਬਹੁਪੱਖੀ ਵਿਕਾਸ ਲਈ ਆਵਸ਼ਕ ਹਨ। ਅਸਲ ਵਿਚ ਸਿਖ ਸੰਕਲਪ ਰਾਜ ਦੇ ਵਿਸਤ੍ਰਤ ਕਾਰਜ ਖੇਤਰ ਦਾ ਹਾਮੀ ਹੈ ਅਤੇ ਇਸ ਤਰ੍ਹਾਂ ਉਹ ਕਲਿਆਣਕਾਰੀ ਰਾਜ ( Welfare State ) ਦੇ ਸੰਕਲਪ ਨਾਲ ਮੇਲ ਖਾਂਦਾ ਹੈ। ਰਾਜ ਆਪਣੇ ਕਾਰਜਾਂ ਲਈ ਰਬ ਪ੍ਰਤੀ ਉਤਰਦਾਈ ਹੁੰਦਾ ਹੈ, ਪਰ ਨਾਲ ਹੀ ਇਸੇ ਲੋਕ ਵਿਚ ਅਮੂਰਤ ਰਬ ਦੇ ਸਮੂਰਤ ਰੂਪ ਲੋਕਾਈ ਨੂੰ ਉਸਦੇ ਉਤਰਦਾਇਤੱਵ ਨੂੰ ਪਰਖਣ ਦਾ ਪੂਰਾ ਅਧਿਕਾਰ ਹੈ। ਰਾਜ ਇਕ ਦੈਵੀ ਸੰਸਥਾ ਹੈ, ਰਾਜ ਦੀ ਉਤਪਤੀ ਦੈਵੀ ਹੁਕਮ ਵਿਚ ਹੋਈ ਹੈ ਪਰ ਰਾਜ ਦੇ ਅਧਿਕਾਰੀ ਦੈਵੀ ਨਹੀਂ ਹਨ, ਸਗੋਂ ਲੋਕ ਪਰਵਾਨਗੀ ਵਿਚੋਂ ਪ੍ਰਾਪਤ ਅਧਿਕਾਰਾਂ ਦਾ ਪਰਯੋਗ ਹੀ ਰਾਜ ਲਈ ਉਚਿਤ ਹੈ। 'ਦੁਨੀਆਂ' ਵਿਚ ਸੇਵ ਕਮਾਉਣ ਨਾਲ ਹੀ 'ਦਰਗਾਹ' ਵਿਚ ਪਰਵਾਨਗੀ ਮਿਲਦੀ ਹੈ। "ਵਿਚਿ ਦੁਨੀਆਂ ਸੇਵ ਕਮਾਈਐ॥ ਤਾਂ ਦਰਗਹ ਬੈਸਣੁ ਪਾਈਐ॥" (ਆਦਿ ਗ੍ਰੰਥ ਪੰਨਾ 26)। ਦੁਨੀਆਂ ਅਤੇ ਦਰਗਾਹ ਵਿਚ ਪੂਰਕ ਸਬੰਧ ਹੈ। ਇਹੋ ਸਿਖ ਸਿਧਾਂਤ ਅਤੇ ਵਿਹਾਰ ਦਾ ਬੁਨਿਆਦੀ ਨੁਕਤਾ ਹੈ। ਆਪਣੇ ਅਧਿਕਾਰ ਖੇਤਰ ਦਾ ਉਲੰਘਣ ਕਰਕੇ ਲੋਕ ਹਿਤ ਦੀ ਅਵਹੇਲਨਾ ਕਰਨ ਵਾਲੇ ਅਤੇ ਆਪਣੇ ਪ੍ਰਕਾਰਜਾਂ ਨੂੰ ਨਾ ਨਿਭਾਉਣ ਵਾਲੇ ਰਾਜ ਦਾ ਵਿਰੋਧ ਸਿਖ ਚਿੰਤਨ ਅਨੁਸਾਰ ਪੂਰੀ ਤਰ੍ਹਾਂ ਉਚਿਤ ਅਤੇ ਜਰੂਰੀ ਕਰਾਰ ਦਿਤਾ ਗਿਆ ਹੈ।

ਰਾਜ ਦੇ ਸਿਖ ਸੰਕਲਪ ਵਿਚੋਂ ਰਿਗ ਵੇਦ ਦੇ 'ਸਚ ਦੇ ਰਾਜ', ਰਮਾਇਣ ਦੇ

'ਰਾਮ ਰਾਜ' ਅਤੇ ਆਧੁਨਿਕ ਰਾਜਨੀਤਿਕ ਵਿਚਾਰਧਾਰਾ ਦੇ 'ਕਲਿਆਣਕਾਰੀ ਰਾਜ' ਦੀ ਝਲਕ ਨਜ਼ਰ ਆਉਂਦੀ ਹੈ। ਇਹ ਰਾਜ ਸੰਕਲਪ ਦ੍ਰਿੜਤਾ ਅਤੇ ਸਚ ਉਪਰ ਟਿਕਿਆ ਹੋਇਆ ਹੈ। ਇਸ ਵਿਚ ਅਧਿਆਤਮਕ ਸਚ ਅਤੇ ਵਿਹਾਰਕ ਯਥਾਰਥ ਵਿਚ ਏਕਤਾ ਕਾਇਮ ਰਖੀ ਗਈ ਹੈ। ਰਬੀ ਹੁਕਮ ਵਿਚ ਵਿਚਰਨ ਵਾਲਾ ਇਹ ਹਲੇਮੀ ਰਾਜ ਸਭ ਨੂੰ ਸੁਖਾਲੀ ਸਥਿਤੀ ਵਿਚ ਪਹੁੰਚਾਉਣ ਦੇ ਉਦੇਸ਼ ਦਾ ਧਾਰਣੀ ਹੈ। ਇਸ ਰਾਜ ਸੰਕਲਪ ਵਿਚ ਰਾਜਾ ਗੁਣਵਾਨ ਹੈ ਅਤੇ ਪ੍ਰਜਾ ਗਿਆਨਵਾਨ। ਨੈਤਿਕ ਕਦਰਾਂ ਕੀਮਤਾਂ ਨੂੰ ਕਾਇਮ ਕਰਨਾ, ਸਮਾਨਤਾ ਅਤੇ ਸੁਤੰਤ੍ਰਤਾ ਦੇ ਮਨੁਖੀ ਅਧਿਕਾਰਾਂ ਦੀ ਰਾਖੀ ਕਰਨਾ, ਸ਼ਕਤੀ ਤੇ ਸ਼ਸਤ੍ਰਾਂ ਦੇ ਪਰਯੋਗ ਵਿਚ ਸਾਧ ਅਤੇ ਸਾਧਨ ਦੀ ਸੁੱਚਤਾ ਬਣਾਈ ਰਖਣਾ ਆਦਿ ਇਸ ਰਾਜ ਸੰਕਲਪ ਦੇ ਪ੍ਰਮੁਖ ਗੁਣ ਹਨ। ਸਿਖ ਚਿੰਤਨ ਦਾ ਰਾਜ ਪ੍ਰਭੁਤਾ ਸੰਪੰਨ ਹੈ ਪਰ ਨਿਰੰਕੁਸ਼ ਨਹੀਂ। ਰਬ ਅਤੇ ਲੋਕਾਈ ਪ੍ਰਤੀ ਉਤਰਦਾਈ ਇਹ ਰਾਜ ਲੋਕਤੰਤ੍ਰੀ ਨੁਹਾਰ ਵਾਲੀ ਰਾਜ ਵਿਵਸਥਾ ਦਾ ਹਿਮਾਇਤੀ ਹੈ। ਇਸ ਤੋਂ ਅਲਾਵਾ ਇਸ ਰਾਜ ਸੰਕਲਪ ਦੀਆਂ ਦੋ ਸਭ ਤੋਂ ਮਹੱਤਵਪੂਰਣ ਵਿਸ਼ੇਸ਼ਤਾਵਾਂ ਇਹ ਹਨ-ਇਕ ਤਾਂ ਇਸ ਵਿਚ ਧਰਮ ਦਾ ਅੰਸ਼ ਇਕ ਅਤਿ ਜ਼ਰੂਰੀ ਤਤ ਹੈ। ਇਹ ਰਾਜ ਧਰਮ ਦੇ ਅਧੀਨ ਤਾਂ ਨਹੀਂ ਪਰ ਧਰਮ ਦਾ ਅਨੁਸਾਰੀ ਹੋਣਾ ਇਸ ਲਈ ਅਤਿ ਜ਼ਰੂਰੀ ਹੈ। ਦੂਜਾ, ਇਸ ਰਾਜ ਸੰਕਲਪ ਵਿਚ ਵਿਅਕਤੀ ਦੀ ਸੁਤੰਤ੍ਰਤਾ ਅਤੇ ਰਾਜ ਦੇ ਅਧਿਕਾਰਾਂ ਵਿਚਕਾਰ ਇਕ ਸਮਨਵੈ ਸਥਾਪਿਤ ਕੀਤਾ ਗਿਆ ਹੈ। ਅਸਲ ਰਾਜ ਦਾ ਸਿਖ ਸੰਕਲਪ ਵਿਅਕਤੀ ਦੀ ਸੁਤੰਤ੍ਰਤਾ ਦਾ ਮੁਦਈ ਤਾਂ ਹੈ ਪਰ ਇਸ ਵਿਚ ਕਿਤੇ ਵੀ ਵਿਅਕਤੀਵਾਦ (Individualism) ਜਾਂ ਅਰਾਜਕਤਾਵਾਦ (Anarchism) ਦੀ ਗੱਲ ਨਹੀਂ, ਸਗੋਂ ਰਾਜ ਦੇ ਵਿਸਤ੍ਰਤ ਕਾਰਜ ਖੇਤਰ ਵਿਚ ਹੀ ਵਿਅਕਤੀ ਦੇ ਸੰਪੂਰਣ ਵਿਕਾਸ ਦਾ ਸੰਕਲਪ ਦਿਤਾ ਗਿਆ ਹੈ।

ਇਸ ਤਰ੍ਹਾਂ ਸਿਖ ਧਰਮ ਗ੍ਰੰਥਾਂ ਅਤੇ ਇਤਿਹਾਸਕ ਲਿਖਤਾਂ ਵਿਚੋਂ ਪ੍ਰਤਿਬਿੰਬਤ ਰਾਜ ਦੈਵੀ ਸਚ (Divine Truth) ਅਤੇ ਮਨੁਖੀ ਭਲਾਈ (Human Good) ਨਾਲ ਜੁੜਿਆ ਹੋਇਆ ਹੈ। ਰਬ ਅਤੇ ਵਿਅਕਤੀ, ਅਤੇ ਉਹਨਾਂ ਨਾਲ ਜੁੜੀ ਸਚਾਈ ਅਤੇ ਭਲਾਈ ਵਾਲਾ ਰਾਜ ਹੀ ਸਿਖ ਚਿੰਤਨ ਦਾ ਰਾਜ ਹੈ।

## ਮੂਲ ਸ੍ਰੋਤ


ਗੁਰੂ ਅਰਜਨ ਦੇਵ,(ਸੰਪਾਦਕ),ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ(1604)

ਗੁਰੂ ਗੋਬਿੰਦ ਸਿੰਘ, ਸ੍ਰੀ ਦਸਮ ਗ੍ਰੰਥ ਸਾਹਿਬ ਜੀ,(ਅੰਮ੍ਰਿਤਸਰ, ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੋ, ਬਜਾਰ ਮਾਈ ਸੇਵਾਂ, 1979)

ਵੀਰ ਸਿੰਘ ਭਾਈ(ਸੰਪਾਦਕ), ਵਾਰਾਂ ਭਾਈ ਗੁਰਦਾਸ,(ਟੀਕਾਕਾਰ-ਗਿਆਨੀ ਹਜਾਰਾ ਸਿੰਘ ਪੰਡਿਤ);(ਅੰਮ੍ਰਿਤਸਰ, ਖਾਲਸਾ ਸਮਾਚਾਰ,ਹਾਲ ਬਜਾਰ 1972)

ਕਵਿ ਸੈਨਾਪਤਿ,ਸ੍ਰੀ ਗੁਰ ਸੋਭਾ,ਸੰਪਾਦਕ -ਸ਼ਮਸ਼ੇਰ ਸਿੰਘ ਅਸ਼ੋਕ,(ਸ੍ਰੀ ਅੰਮ੍ਰਿਤਸਰ,ਸਿਖ ਸਿਖ ਹਿਸਟਰੀ ਰਿਸਰਚ ਬੋਰਡ,ਸ਼੍ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ, 1967)

ਕਵਿ ਸੋਹਨ ਜੀ, ਸ੍ਰੀ ਗੁਰ ਬਿਲਾਸ ਪਾਤਸ਼ਾਹੀ 6, ਸੰਪਾਦਕ ਗਿਆਨੀ ਇੰਦਰ ਸਿੰਘ ਗਿਲ, (ਅੰਮ੍ਰਿਤਸਰ, ਵਜੀਰ ਹਿੰਦ ਪ੍ਰੈਸ, 1968)

ਕੋਇਰ ਸਿੰਘ, ਗੁਰਬਿਲਾਸ ਪਾਤਸ਼ਾਹੀ 10,ਸੰਪਾਦਕ-ਸ਼ਮਸ਼ੇਰ ਸਿੰਘ ਅਸ਼ੋਕ,(ਪਟਿਆਲਾ ਪੰਜਾਬੀ ਯੂਨੀਵਰਸਿਟੀ,1968)

ਰਣਧੀਰ ਸਿੰਘ (ਸੰਪਾਦਕ) ਪ੍ਰੇਮ ਸੁਮਾਰਗ ਗ੍ਰੰਥ, (ਜਲੰਧਰ, ਨਿਊ ਬੁਕ ਕੰਪਨੀ, ਮਾਈ ਹੀਰਾਂ ਗੇਟ 1965)

ਛਿਬਰ, ਕੇਸਰ ਸਿੰਘ, ਬੰਸਾਵਲੀਨਾਮਾ ਦਸ ਪਾਤਸ਼ਾਹੀਆਂ ਕਾ, ਸੰਪਾਦਕ ਡਾ:ਰਤਨ ਸਿੰਘ ਜੱਗੀ,(ਪਰਖ-ਰਿਸਰਚ ਬੁਲਿਟਨ-II 1972,ਪੰਜਾਬ ਯੂਨੀਵਰਸਿਟੀ ਚੰਡੀਗੜ੍ਹ)

ਭੰਗੂ, ਭਾਈ ਰਤਨ ਸਿੰਘ, ਸ੍ਰੀ ਗੁਰ ਪੰਥ ਪ੍ਰਕਾਸ਼, ਸੰਪਾਦਕ ਡਾ:ਜੀਤ ਸਿੰਘ ਸੀਤਲ, (ਅੰਮ੍ਰਿਤਸਰ,ਸਿਖ ਇਤਿਹਾਸ ਰੀਸਰਚ ਬੋਰਡ,ਸ਼੍ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ, 1984)

ਗਿਆਨੀ ਗਿਆਨ ਸਿੰਘ, ਸ੍ਰੀ ਗੁਰੂ ਪੰਥ ਪ੍ਰਕਾਸ਼, (ਪਟਿਆਲਾ, ਭਾਸ਼ਾ ਵਿਭਾਗ ਪੰਜਾਬ 1970)

ਨਾਭਾ, ਭਾਈ ਕਾਨ੍ਹ ਸਿੰਘ, ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, (ਪਟਿਆਲਾ, ਭਾਸ਼ਾ ਵਿਭਾਗ ਪੰਜਾਬ, 1981)

ਹੋਰ ਪੁਸਤਕਾਂ:

ਅਸ਼ੋਕ, ਸ਼ਮਸ਼ੇਰ ਸਿੰਘ, (ਸੰਪਾਦਕ) ਪ੍ਰਾਚੀਨ ਵਾਰਾਂ ਤੇ ਜੰਗ ਨਾਮੇ; ( ਸ੍ਰੀ ਅੰਮ੍ਰਿਤਸਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 1983)

ਸਾਹਿਬ ਸਿੰਘ ਪ੍ਰੋ:, ਆਦਿ ਬੀੜ ਬਾਰੇ, (ਅੰਮ੍ਰਿਤਸਰ, ਸਿੰਘ ਬ੍ਰਦਰਜ਼, ਮਾਈ ਸੇਵਾਂ, 1970)

" (ਟੀਕਾਕਾਰ) ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਦਸ ਪੋਥੀਆਂ) (ਜਲੰਧਰ, ਰਾਜ ਪਬਲਿਸ਼ਰ, 1969)

ਸੰਤੋਖ ਸਿੰਘ, ਭਾਈ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, 14 ਜਿਲਦਾਂ, (ਅੰਮ੍ਰਿਤਸਰ, ਵਜੀਰ ਹਿੰਦ ਪ੍ਰੈਸ, 1930-1936)

ਕਿਰਪਾਲ ਸਿੰਘ (ਸੰਪਾਦਕ) ਜਨਮ ਸਾਖੀ ਪਰੰਪਰਾ, (ਪਟਿਆਲਾ, ਪੰਜਾਬੀ ਯੂਨੀਵਰਸਿਟੀ, 1969)

ਗਿਆਨੀ ਗਿਆਨ ਸਿੰਘ, ਤਵਾਰੀਖ ਗੁਰੂ ਖਾਲਸਾ; (ਪਟਿਆਲਾ, ਭਾਸ਼ਾ ਵਿਭਾਗ, ਪੰਜਾਬ 1970)

" ਸ਼ਮਸ਼ੇਰ ਖਾਲਸਾ, (ਪਟਿਆਲਾ ਭਾਸ਼ਾ ਵਿਭਾਗ ਪੰਜਾਬ, 1970)

ਗਿਲ, ਡਾ: ਮਹਿੰਦਰ ਕੌਰ, ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਕਲਾ, ( ਅੰਮ੍ਰਿਤਸਰ ਨਿਊ ਬੁਕ ਬੁਕ ਸੈਂਟਰ, 1982)

ਜੱਗੀ, ਰਤਨ ਸਿੰਘ, ਦਸਮ ਗ੍ਰੰਥ ਦਾ ਕਰਤਿਤਵ (ਨਵੀਂ ਦਿਲੀ, ਪੰਜਾਬੀ ਸਾਹਿਤ ਸਭਾ 1966)

ਦਰਸ਼ਨ ਸਿੰਘ, ਗੁਰੂ ਗ੍ਰੰਥ ਬਾਣੀ ਵਿਚ ਗੁਰੂ ਦਾ ਸੰਕਲਪ, (ਪਟਿਆਲਾ, ਪੰਜਾਬੀ ਯੂਨੀਵਰਸਿਟੀ, 1976)

ਨਾਭਾ, ਭਾਈ ਕਾਨ੍ਹ ਸਿੰਘ, ਗੁਰਮਤ ਸੁਧਾਕਰ (ਸ੍ਰੀ ਅੰਮ੍ਰਿਤਸਰ, ਸ੍ਰੀ ਗੁਰਮਤ ਪ੍ਰੈਸ, 1922)

" ਗੁਰਮਤ ਮਾਰਤੰਡ (ਦੋ ਭਾਗ) (ਅੰਮ੍ਰਿਤਸਰ, ਸ਼੍ਰੋਮਣੀ ਗੁ: ਪ੍ਰ: ਕਮੇਟੀ, 1983)

ਨਾਰੰਗ, ਗੋਕਲ ਚੰਦ, ਸਿਖ ਮਤ ਦਾ ਪਰਿਵਰਤਨ, ਅਨੁਵਾਦਕ - ਗੁਰਚਰਨ ਸਿੰਘ, (ਪਟਿਆਲਾ, ਪੰਜਾਬੀ ਯੂਨੀਵਰਸਿਟੀ, 1973)

ਪਦਮ, ਪਿਆਰਾ ਸਿੰਘ, ਦਸਮ ਗ੍ਰੰਥ ਦਰਸ਼ਨ, (ਪਟਿਆਲਾ, ਸਰਦਾਰ ਸਾਹਿਤ ਭਵਨ 1968)

" ਰਹਿਤਨਾਮੇ, (ਪਟਿਆਲਾ, ਕਲਮ ਮੰਦਿਰ ਲੋਅਰ ਮਾਲ, 1984)

ਬਿਸ਼ਨ ਸਿੰਘ ਗਿਆਨੀ (ਟੀਕਾਕਾਰ) ਕਬਿੱਤ ਸਵੱਯੇ ਭਾਈ ਗੁਰਦਾਸ ਜੀ, (ਸ੍ਰੀ ਅੰਮ੍ਰਿਤਸਰ ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਬਜ਼ਾਰ ਮਾਈ ਸੇਵਾਂ, 1952)

ਭੱਲਾ, ਸਰੂਪ ਦਾਸ, ਮਹਿਮਾ ਪ੍ਰਕਾਸ਼ (ਦੋ ਭਾਗ), (ਪਟਿਆਲਾ ਭਾਸ਼ਾ ਵਿਭਾਗ ਪੰਜਾਬ 1971)

ਰਣਧੀਰ ਸਿੰਘ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਬਦ-ਮੂਰਤਿ, ਦਸਵੇਂ ਪਾਤਿਸ਼ਾਹ ਕੇ ਗ੍ਰੰਥ ਦਾ ਇਤਿਹਾਸ (ਅੰਮ੍ਰਿਤਸਰ, ਸਿਖ ਹਿਸਟਰੀ ਸੋਸਾਇਟੀ, 1953)

ਰਣਧੀਰ ਸਿੰਘ ਭਾਈ, (ਸੰਪਾਦਕ), ਸ਼ਬਦਾਰਥ ਦਸਮ ਗ੍ਰੰਥ ਸਾਹਿਬ (ਪੋਥੀ ਪਹਿਲੀ ਅਤੇ ਦੂਜੀ), (ਪਟਿਆਲਾ, ਪੰਜਾਬੀ ਯੂਨੀਵਰਸਿਟੀ, 1982-85)

ਲਾਲ ਸਿੰਘ (ਸੰਪਾਦਕ) ਚੋਣਵੀਂ ਬਾਣੀ ਦਸਮ ਗ੍ਰੰਥ, (ਚੰਡੀਗੜ੍ਹ, ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ, 1967)

ਵੀਰ ਸਿੰਘ, ਭਾਈ, ਸ੍ਰੀ ਮਤੀ ਸਤਵੰਤ ਕੌਰ, (ਅੰਮ੍ਰਿਤਸਰ, ਖਾਲਸਾ ਸਮਾਚਾਰ, ਹਾਲ ਬਾਜ਼ਾਰ 1973)

ਸ਼ਾਨ, ਡਾ: ਹਰਨਾਮ ਸਿੰਘ, ਪੰਜਾਬ ਅਤੇ ਸ਼ੇਰੇ ਪੰਜਾਬ, (ਚੰਡੀਗੜ੍ਹ, ਡਿਪਾਰਟਮੈਂਟ ਆਫ ਗੁਰੂ ਨਾਨਕ ਸਿਖ ਸਟੱਡੀਜ਼, ਪੰਜਾਬ ਯੂਨੀਵਰਸਿਟੀ, 1983)

" ਸਿਖੀ ਵਿਚ ਮੀਰੀ ਤੇ ਪੀਰੀ ਦੀ ਪਰੰਪਰਾ, (4-5 ਮਈ 1975 ਨੂੰ ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ ਵਲੋਂ ਪਾਉਂਟਾ ਸਾਹਿਬ ਵਿਖੇ ਹੋਏ ਸੈਮੀਨਾਰ ਵਿਚ ਵਿਚ ਪੜ੍ਹਿਆ ਗਿਆ ਖੋਜ-ਪੱਤਰ)

ਸ਼ਾਂਤ, ਗੁਰਬਖਸ਼ ਸਿੰਘ, ਭਾਈ ਗੁਰਦਾਸ ਦੀਆਂ ਵਾਰਾਂ ਦਾ ਆਲੋਚਨਾਤਮਕ ਅਧਿਐਨ, (ਪਟਿਆਲਾ, ਭਾਸ਼ਾ ਵਿਭਾਗ ਪੰਜਾਬ, 1984)

ਜਨਮ ਸਾਖੀ ਭਾਈ ਬਾਲੇ ਵਾਲੀ, (ਅੰਮ੍ਰਿਤਸਰ ਭਾਈ ਚਤਰ ਸਿੰਘ ਜੀਵਨ ਸਿੰਘ ਬਜ਼ਾਰ ਮਾਈਸੇਵਾਂ)

ਸ੍ਰੀ ਸੋਢੀ ਚਮਤਕਾਰ,(ਅੰਮ੍ਰਿਤਸਰ ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੋ:ਬਜਾਰ ਮਾਈ ਸੇਵਾਂ,1985)

ਭਾਈ ਗੁਰਦਾਸ ਜੀਵਨ ਤੇ ਰਚਨਾ,(ਪਟਿਆਲਾ,ਭਾਸ਼ਾ ਵਿਭਾਗ, ਪੰਜਾਬ,1983)

ਹਿੰਦੀ

ਕੌਟਿਲਯ,ਅਰਥ ਸ਼ਾਸਤਰ, ਵਿਆਖਿਆਕਾਰ ਵਾਚਸਪਤਿ ਗੈਰੋਲਾ, (ਵਾਰਾਣਸੀ, ਚੋਖੰਬਾ ਵਿਦਿਆ ਭਵਨ, 1962)

ਗੁਪਤਾ, ਡਾ.ਸ਼ੀਲਵਤੀ, ਤੁਲਸੀ ਸਾਹਿਤ ਮੇਂ ਰਾਜਨੀਤਕ ਵਿਚਾਰ,(ਦਿਲੀ, ਸਾਹਿਤ ਪ੍ਰਕਾਸ਼ਨ ਮਾਲੀਵਾੜਾ 1977)

ਪਰਮਾਤਮਾ ਸ਼ਰਣ, ਪ੍ਰਾਚੀਨ ਭਾਰਤ ਮੇਂ ਰਾਜਨੀਤਿਕ ਵਿਚਾਰ ਏਵੰ ਸੰਸਥਾਏ, (ਦਿਲੀ, ਮੀਨਾਛੀ ਪ੍ਰਕਾਸ਼ਨ, 1975)

ਬਾਲਮੀਕ, ਰਾਮਾਇਣ,(ਅੰਮ੍ਰਿਤਸਰ, ਸ੍ਰੀ ਰਾਮ ਲਾਲ ਕਪੂਰ ਟ੍ਰਸਟ, 1962)

ਮੁਨਿ ਲਾਲ(ਅਨੁਵਾਦਕ),ਅਧਿਆਤਮ ਰਮਾਇਣ (ਗੋਰਖ ਪੁਰ,ਗੀਤਾ ਪ੍ਰੈਸ,1955)

ਰੇਓ, ਪੰਡਿਤ ਵਿਸ਼ਵੇਸ਼ਵਰ ਨਾਥ, ਰਿਗ ਵੇਦ ਏਕ ਇਤਿਹਾਸਕ ਦ੍ਰਿਸ਼ਟੀ,( ਦਿਲੀ, ਮੋਤੀ ਲਾਲ ਬਨਾਰਸੀ ਦਾਸ, 1967)

ਵਿਦਿਆਲੰਕਾਰ,ਸੁਮੇਧਾ, ਮਹਾਭਾਰਤ ਮੇਂ ਸ਼ਾਂਤੀਪਰਵ ਕਾ ਆਲੋਚਨਾਤਮਕ ਅਧਿਐਨ, (ਦਿਲੀ, ਈਸਟਰ ਬੁਕ ਲਿੰਕਰਜ਼,1984)

ਵਰਮਾ, ਸ਼ਾਮ ਲਾਲ, ਸਮਕਾਲੀਨ ਰਾਜਨੀਤਿਕ ਚਿੰਤਨ ਏਵੰ ਵਿਸ਼ਲੇਸ਼ਣ (ਦਿਲੀ, ਦੀ ਮੈਕਮਿਲਨ ਕੰਪਨੀ ਆਫ ਇੰਡੀਆ ਲਿਮਟਿਡ,1976)

ਸ਼ਰਮਾ, ਡਾ:ਗਣੇਸ਼ ਦੱਤ, ਰਿਗ ਵੇਦ ਮੇਂ ਦਾਰਸ਼ਨਿਕ ਤੱਤ, (ਗਾਜੀਆਬਾਦ, ਵਿਮਲ ਪ੍ਰਕਾਸ਼ਨ 1977)

ਸ਼ਰਮਾ,ਡਾ:ਰਾਮਸ਼ਰਣ, ਪ੍ਰਾਚੀਨ ਭਾਰਤੀ ਰਾਜਨੀਤਿਕ ਵਿਚਾਰ ਏਵੰ ਸੰਸਥਾਏਂ(ਨਵੀ ਦਿਲੀ, ਦੀ ਮੈਕਮਿਲਨ ਕੰਪਨੀ ਆਫਿ ਇੰਡੀਆ ਲਿਮਟਿਡ,1977)

ਮਹਾਭਾਰਤ,ਤੀਜਾ ਖੰਡ(ਪੂਨਾ,ਭੰਡਾਰਕਰ ਓਰੀਐਂਟਲ ਰਿਸਰਚ ਇੰਸਟੀਚਿਊਟ,1974

ENGLISH

Aiyangar, K.V. Rangaswami, Aspects of the Social and Political System of Manusmrti, (Lucknow University, 1949)

Aristotle, Politics (New York, Random House, The Modern Library, 1943)

Askari, Hasan, Society and State in Islam an Introduction, (New Delhi, Islam and the Modern Age Society, Jamia Nagar 1978)

Bains J.S. and Jain, R.B.(Editor) Contemporary Political Theory(New Delhi, Radiant Publishers 1980)

Bakshi, Om, The Crises of Political Theory, (Delhi, Oxford University Press, 1987)

Baradat, Leon P, Political Ideologies, their origins and impact (U.S.A., Prentice Hall, 1979)

Barker, Ernest, Greek Political Theory (London, Methuen & Co Ltd., 1970)

Barker, Ernest, Principles of Social and Political Theory, (London Oxford University Press, 1967)

Bhagat Singh, Sikh Polity in the Eighteenth and Ninteenth centuries (New Delhi, Oriental Publishers and Distributors, 1978)

Bhandari, D.R. 'History of Euorpean Political Philosophy' (Bangalore, the Bangalore Printing & Publishing Co.Ltd, 1950)

Bluhm, William, T, Theories of the Political System, (U.S.A., Prentice Hall, 1971.)

Bukhsh, S. Khuda, Essays-Indian and Islamic, (Delhi, Idarah-I Adabiyat-I, 1977)

Cassirar, Ernst, The Myth of the State, (London, Yale University Press 1973)

Cole, W. Owen and Sambhi, Piara Singh, The Sikhs-their Religious Beliefs and Practices (New Delhi, Vikas Publishing House Pvt Ltd, 1978)

Commins, Saxe and Linscott, Robert N, Editor, Man and the State-The Political Philosophers, (New York, Modern Rocket Library, 1953).

Das, Abinas Chandra, RG Vedic Culture, (Delhi, Bhatiya Publishing House 1979)

Doctor, Adi H., Issues in PoliticalTheory (New Delhi, Sterling Publishers Pvt Ltd., 1985)

Dunning, William Archibald, A History of PoliticalTheories, 2 parts, (Allahabad, Central Book Depot 1976)

Ebenstein, William, 'Great Political Thinkers' (New Delhi, Oxford & IBH Publishing Co, 1969)

Ebenstein, William, Modern Political Thought-The great issues (New Delhi Oxford & IBH Publishing Co. 1960)

Garner, James Wilford, Political Science and Government, (Calcutta, the World Press Pvt Ltd, 1951)

Gettell, History of Political Thought, by Lawrence L. Wanlass; (Delhi Surjeet Publications, 1981)

Gokhale, B.K., A Study of Political Theory (Bombay, Himalaya Publishing House, 1982)

Gupta, Hari Ram, History of the Sikhs(Vol.IV),(NewDelhi, Munshi Ram Manoharlal Pvt.Ltd.,1982)

Joad, CEM, Introduction to Modern Political Theory,(Delhi Oxford University Press 1974)

Kaegi, Adolf, life in Ancient India-Studies in Rig Vedic India (Calcutta, Sushil Gupta India Ltd.1950)

Khushwant Singh, A History of Sikhs, 2 Volumes,(New Jersey, Princenton University Press, 1966)

Kohli, Surinder Singh, A Critical Study of Adi Granth, (Delhi, Motilal Banarsidass, 1976)

Kohli, Surinder Singh, Outlines of Sikh thought,(NewDelhi Punjabi Prakashak Dev Nagar, Karol Bagh 1966)

Laski, Harold, J, A Grammar of Politics, (London, George Allen & Unwin Ltd., 1977)

Loehlin, C.H., The Sikhs and their scriptures,(Delhi ISPCK-LPH, Kashmere Gate, 1974)

Majoomdar, B.B., The Rise and Development of the English Constitution.(Calcutta, BookLand Pvt.Ltd.1961)

Mulgan, R.G., Aristotles Political Theory (Oxford, Clarendon Press, 1977)

Parmar, Aradhana, Techniques of State Craft -A study of Kautilya's Arthasastra (Delhi, Atma Ram & Sons, 1987)

Patwardhan, Dr.M.V., Manusmrti-The Ideal Democratic Republic of Manu,(Delhi, Motilal Banarasi Das, 1968)

Patwardhan, M.V., The Hindu Socialistic Democracy-Manuwada, (Poona, Sangam Press Limited, 1973)

Pickles, Dorothy M, Introduction to Politics, (Great Britain, Methuen & Co Ltd 1976)

Plato, Translated by Desmondlee, The Republic, (England, Penquin Books, 1987)

Prakash, Om, Political Ideas in the Puranas (Allahabad, Panchananada Publications, 1977)

Quinton, Anthony (Editor) Political Philosophy, (London, Oxford University Press, 1973)

Ray, Niharrajan, The Sikh Gurus and the Sikh Society-A Study in Social Analysis((Munshi Ram Manoharlal Publishers Pvt Ltd, 1975)

Rogers, Alexander & Beveridge, Henry, (Translator) Tuzuk-I-Jahangir (memories of Jahangir) (Munshi Ram Manohar LalPublishers Pvt Ltd 1968 )

Rousseau, Jean-Jecques, The Social Contract, (Translated by Maurice Cranston), (England, Penquin Books 1975)

Rousseau, Jean Jecques, Translated by Maurice Cranston, The Social Contract, (England Penquin Books, 1975).

Sabine, George H, A History of Political Theory, (NewDelhi, Oxford & IBH Publishing Co.1973)

Sharma, Mukunda Madhava, The Mahabharata Ideal of welfare State. Paper presented of International Seminar Sahity a Akadami, New Delhi, Feb, 17-20, 1987.

Shende, N.J., The Religion and Philosophy of the Atharvaveda, (Poona, Oriental Research Institute, 1952).

Smith, Wilfred Cantwell, Islam in Modern History, (New Jersey, Princeton University Press, 1977)

Syed, Ameer Ali, Islamic History and Culture, (Delhi, Amar Prakashan, 1978)

Talib, Gurbachan Singh, Selection from the Holy Granth, (New Delhi, Guru Nanak Foundation).

The Sukraniti, Translated by Prof. Benoy Kumar Sarkar, (Allahabad, Bhuvaneswari Ashram Bahadur Ganj, 1923)

Social Contract, Esseys by Locke, Hume, Rousseau (London, Oxford University Press, 1971)